ਮਾਸਟਰ ਤਾਰਾ ਸਿੰਘ ਜੀ ਦੇ ਲੇਖ-2

ਸੰਪਾਦਕ

ਡਾ. ਹਰਜਿੰਦਰ ਸਿੰਘ ਦਿਲਗੀਰ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ।

2

ਮਾਸਟਰ ਤਾਰਾ ਸਿੰਘ ਜੀ ਦੇ ਲੇਖ (੧੯੨੮ ਤੋਂ ੧੯੩੧)

ਐਡੀਟਰ :

ਡਾ: ਹਰਜਿੰਦਰ ਸਿੰਘ ਦਿਲਗੀਰ

ਪ੍ਰਕਾਸ਼ਕ

ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ ।

ਪਹਿਲੀ ਵਾਰ: ਫਰਵਰੀ 1999 5000

ਛਾਪਣ ਵਾਲੇ

ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁ: ਪ੍ਰ: ਕਮੇਟੀ)

ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ। ਪ੍ਰਿੰਟਰ ਸੁਰਜੀਤ ਸਿੰਘ,

3

ਤਤਕਰਾ

ਮਾਸਟਰ ਤਾਰਾ ਸਿੰਘ ਜੀ

ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਸਿੱਖ ਪੰਥ ਵਿਚ ਇਕ ਅਹਿਮ ਥਾਂ ਰਖਦੇ ਹਨ। ਉਨ੍ਹਾਂ ਨੇ ਅੱਧੀ ਸਦੀ ਸਿੱਖ ਕੌਮ ਦੀ ਅਗਵਾਈ ਕੀਤੀ। ਤਕਰੀਬਨ 40 ਸਾਲ ਦੀ ਸਿੱਖ ਤਵਾਰੀਖ਼ ਸਿਰਫ਼ ਉਨ੍ਹਾਂ ਦੀ ਸ਼ਖ਼ਸੀਅਤ ਦੇ ਦੁਆਲੇ ਹੀ ਘੁੰਮਦੀ ਹੈ। ਮਾਸਟਰ ਤਾਰਾ ਸਿੰਘ ਸਿਰਫ਼ ਇਕ ਸ਼ਖ਼ਸੀਅਤ ਹੀ ਨਹੀਂ ਬਲਕਿ ਪੂਰੀ ਦੀ ਪੂਰੀ ਜਮਾਤ ਸਨ। ਉਨ੍ਹਾਂ ਦੇ ਬੋਲ ਦਿੱਲੀ ਅਤੇ ਲੰਡਨ ਦੇ ਤਖ਼ਤ ਨੂੰ ਹਿਲਾ ਦਿੰਦੇ ਸਨ। ਸੱਚੀ ਗੱਲ ਤਾਂ ਇਹ ਹੈ ਕਿ 1926 ਤੋਂ 1966 ਤਕ ਚਾਲੀ ਸਾਲ ਦੀ ਪੰਜਾਬ ਦੀ ਤਵਾਰੀਖ਼ ਮਾਸਟਰ ਤਾਰਾ ਸਿੰਘ ਜੀ ਦੀ ਜ਼ਿੰਦਗੀ ਦੀ ਕਹਾਣੀ ਹੈ।

ਮਾਸਟਰ ਤਾਰਾ ਸਿੰਘ ਜੀ ਦਾ ਜਨਮ 24 ਜੂਨ 1885 ਦੇ ਦਿਨ ਬਖ਼ਸ਼ੀ ਗੋਪੀ ਚੰਦ ਦੇ ਘਰ ਪਿੰਡ ਹਰਿਆਲ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਚ ਹੋਇਆ ਸੀ। ਆਪ ਦਾ ਪਰਿਵਾਰ ਭਾਵੇਂ ਹਿੰਦੂ ਧਰਮ ਨਾਲ ਸਬੰਧ ਰਖਦਾ ਸੀ ਪਰ ਉਨ੍ਹਾਂ ਦਾ ਝੁਕਾਅ ਸਿੱਖ ਧਰਮ ਵੱਲ ਵਧੇਰੇ ਸੀ। ਇਸ ਪਰਿਵਾਰ ਦੇ ਸਾਰੇ ਰਸਮੋ-ਰਿਵਾਜ਼ ਸਿੱਖ ਮਰਿਆਦਾ ਅਨੁਸਾਰ ਹੀ ਹੋਇਆ ਕਰਦੇ ਸਨ।

ਮਾਸਟਰ ਤਾਰਾ ਸਿੰਘ ਜੀ ਦਾ ਬਚਪਨ ਦਾ ਨਾਂ ਨਾਨਕ ਚੰਦ ਸੀ। ਨਾਨਕ ਚੰਦ ਨੇ ਆਪਣਾ ਬਚਪਨ ਆਪਣੇ ਪਿੰਡ ਵਿਚ ਹੀ ਬਿਤਾਇਆ ਅਤੇ ਮੁੱਢਲੀ ਪੜ੍ਹਾਈ ਨੇੜੇ ਦੇ ਪਿੰਡ ਹਰਨਾਲ ਵਿਚ ਕੀਤੀ। ਸਕੂਲ ਦੀ ਪੜ੍ਹਾਈ ਦੇ ਦੌਰਾਨ ਉਨ੍ਹਾਂ ਨੇ ਭਾਈ ਰਤਨ ਸਿੰਘ ਭੰਗੂ ਦੀ ਕਿਤਾਬ "ਪ੍ਰਾਚੀਨ ਪੰਥ ਪ੍ਰਕਾਸ਼" ਪੜ੍ਹੀ। ਇਸ ਕਿਤਾਬ ਵਿਚ ਸਿੱਖ ਤਵਾਰੀਖ਼ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੋਇਆ ਹੈ। ਇਸ ਕਿਤਾਬ ਨੇ ਨਾਨਕ ਚੰਦ ਨੂੰ ਬੜਾ ਅਸਰ-ਅੰਦਾਜ਼ ਕੀਤਾ। ਉਨ੍ਹਾਂ ਦੇ ਦਿਲ ਵਿਚ ਸਿੱਖ ਧਰਮ ਵਾਸਤੇ ਬੜੀ ਸ਼ਰਧਾ ਪੈਦਾ ਹੋ ਗਈ। ਉਨ੍ਹਾਂ ਦਾ ਦਿਲ ਕਈ ਵਾਰੀ ਕਰਦਾ ਸੀ ਕਿ ਮੈਂ ਅੰਮ੍ਰਿਤ ਛਕ ਕੇ ਸਿੰਘ ਸਜ ਜਾਵਾਂ।

ਉਨ੍ਹੀਂ ਦਿਨੀਂ ਬਾਬਾ ਅਤਰ ਸਿੰਘ ਮਸਤੂਆਣਾ ਵਾਲੇ ਰਾਵਲਪਿੰਡੀ ਵਿਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਕਰ ਰਹੇ ਸਨ। ਇਕ ਦਿਨ ਨਾਨਕ ਚੰਦ ਆਪਣੇ ਪਿੰਡੋਂ ਰਾਵਲਪਿੰਡੀ ਜਾ ਰਹੇ ਸੀ ਤਾਂ ਰਸਤੇ ਵਿਚ ਉਨ੍ਹਾਂ ਦਾ ਮੇਲ ਕੁਝ ਨੌਜਵਾਨਾਂ ਨਾਲ ਹੋਇਆ ਜੋ ਬਾਬਾ ਅਤਰ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਰਾਵਲਪਿੰਡੀ ਜਾ ਰਹੇ ਸਨ। ਨਾਨਕ ਚੰਦ ਵੀ ਉਨ੍ਹਾਂ ਦੇ ਨਾਲ ਚਲੇ ਗਏ। ਰਾਵਲਪਿੰਡੀ ਵਿਚ ਨਾਨਕ ਚੰਦ ਨੇ ਬਾਬਾ ਅਤਰ ਸਿੰਘ ਜੀ ਦੇ ਵਿਚਾਰ ਸੁਣੇ ਅਤੇ ਉਨ੍ਹਾਂ ਨੇ ਫ਼ੈਸਲਾ ਕੀਤਾ ਕੇ ਉਹ ਅੰਮ੍ਰਿਤ ਛਕ ਕੇ ਹੀ ਘਰ ਮੁੜਨਗੇ।

ਜਦ ਨਾਨਕ ਚੰਦ ਤਾਰਾ ਸਿੰਘ ਬਣ ਕੇ, ਸਿਰ 'ਤੇ ਦਸਤਾਰ ਸਜਾਈ ਅਤੇ ਗਲ ਵਿਚ ਕਿਰਪਾਨ ਪਾਈ, ਆਪਣੇ ਪਿੰਡ ਪੁੱਜੇ ਤਾਂ ਉਨ੍ਹਾਂ ਦੇ ਪਿਤਾ ਅਤੇ ਵੱਡੇ ਭਾਈ ਨਾਰਾਜ਼ ਹੋਏ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਸਿੱਖ ਨਾ ਬਣਨ ਵਾਸਤੇ ਬੜੇ ਵਾਸਤੇ ਪਾਏ ਪਰ ਜਦ ਤਾਰਾ ਸਿੰਘ 'ਤੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ ਤਾਂ ਪਿਤਾ ਜੀ ਨੇ ਧਮਕੀ ਦੇਂਦਿਆਂ ਉਨ੍ਹਾਂ ਨੂੰ ਕਿਹਾ ਕਿ ਜੇ ਤੂੰ ਸਿੱਖ ਬਣਨਾ ਚਾਹੁੰਦਾ ਹੈ ਤਾਂ ਤੈਨੂੰ ਘਰ ਛੱਡਣਾ ਪਵੇਗਾ। ਇਸ ਗੱਲ ਦਾ ਮਾਸਟਰ ਤਾਰਾ ਸਿੰਘ 'ਤੇ ਕੋਈ ਅਸਰ ਨਾ ਹੋਇਆ ਅਤੇ ਉਹ ਉਸੇ ਵੇਲੇ ਘਰੋਂ ਟੁਰ ਪਏ। ਜਦੋਂ ਉਹ ਘਰ ਛੱਡ ਕੇ ਚਲੇ ਗਏ ਤਾਂ ਉਨ੍ਹਾਂ ਦੀ ਮਾਂ ਨੇ ਉਨ੍ਹਾਂ ਦੇ ਵੱਡੇ ਭਰਾ ਗੰਗਾ ਰਾਮ ਨੂੰ ਉਨ੍ਹਾਂ ਦੇ ਪਿੱਛੇ ਭੇਜਿਆ ਅਤੇ ਉਨ੍ਹਾਂ ਨੂੰ ਮਨਾ ਕੇ ਘਰ ਵਾਪਸ ਲੈ ਆਂਦਾ। ਇੰਞ ਮਾਸਟਰ ਜੀ ਦੇ ਸਿਰੜ ਨੇ ਉਨ੍ਹਾਂ ਦੀ ਸਿੱਖੀ ਕਾਇਮ ਰੱਖੀ।

ਰਾਵਲਪਿੰਡੀ ਵਿਚ ਪੜ੍ਹਾਈ ਖਤਮ ਕਰ ਕੇ ਉਨ੍ਹਾਂ ਨੇ ਅੰਮ੍ਰਿਤਸਰ ਖਾਲਸਾ ਕਾਲਜ ਵਿਚ ਦਾਖ਼ਲਾ ਲੈ ਲਿਆ। ਮਾਸਟਰ ਤਾਰਾ ਸਿੰਘ ਆਪਣੇ ਕਾਲਜ ਦੀ ਪੜ੍ਹਾਈ ਦੇ ਵੇਲੇ ਤੋਂ ਹੀ ਬੜੇ ਅਗਾਂਹਵਧੂ ਖ਼ਿਆਲਾਂ ਦੇ ਸਨ। ਸਕੂਲ ਦੇ ਬਹੁਤੇ ਵਿਦਿਆਰਥੀ ਉਨ੍ਹਾਂ ਨੂੰ ਆਪਣਾ ਆਗੂ ਮੰਨਦੇ ਸਨ। 1907 ਵਿਚ ਮਾਸਟਰ ਜੀ ਵਿਦਿਆਰਥੀਆਂ ਦੀ ਜਥੇਬੰਦੀ ਦੇ ਪ੍ਰਧਾਨ ਸਨ। ਇਸ ਸਾਲ ਸ: ਧਰਮ ਸਿੰਘ ਇੰਜੀਨੀਅਰ, ਜੋ ਕਾਲਜ ਵਿਚ ਨਿਸ਼ਕਾਮ ਸੇਵਾ ਕਰਿਆ ਕਰਦੇ ਸਨ, ਬਾਰੇ ਅੰਗਰੇਜ਼ ਇੰਜੀਨੀਅਰ ਮਿਸਟਰ ਹਿੱਲ ਵੱਲੋਂ ਕੁਝ ਮਾੜੇ ਬੋਲ ਬੋਲੇ ਜਾਣ ਦੇ ਖ਼ਿਲਾਫ਼ ਆਪ ਨੇ ਆਪਣਾ ਰੋਸ ਜ਼ਾਹਿਰ ਕੀਤਾ। ਭਾਵੇਂ ਮਹਾਰਾਜਾ ਹੀਰਾ ਸਿੰਘ ਨਾਭਾ ਦੀਆਂ ਕੋਸ਼ਿਸ਼ਾਂ ਸਦਕਾ ਇਹ ਮਸਲਾ ਇਕ ਵਾਰ ਤਾਂ ਹੱਲ ਹੋ ਗਿਆ ਪਰ ਮਗਰੋਂ ਸਰਕਾਰ ਨੇ ਪ੍ਰੋ: ਜੋਧ ਸਿੰਘ ਅਤੇ ਹੈੱਡਮਾਸਟਰ ਨਰਾਇਣ ਸਿੰਘ ਨੂੰ ਨੌਕਰੀ ਤੋਂ ਕੱਢ ਦਿੱਤਾ ਕਿਉਂਕਿ ਸਰਕਾਰ ਸਮਝਦੀ ਸੀ ਕਿ ਮਾਸਟਰ ਤਾਰਾ ਸਿੰਘ ਅਤੇ ਬਾਕੀ ਵਿਦਿਆਰਥੀਆਂ ਨੂੰ ਭੜਕਾਉਣ ਵਿਚ ਉਨ੍ਹਾਂ ਦਾ ਹੱਥ ਸੀ। 1907 ਵਿਚ ਮਾਸਟਰ ਜੀ ਨੇ ਬੀ. ਏ. ਪਾਸ ਕਰ ਲਈ ਅਗਲੇ ਸਾਲ ਉਨ੍ਹਾਂ ਨੇ ਐਸ. ਵੀ. ਦਾ ਟੀਚਰ-ਟਰੇਨਿੰਗ ਕੋਰਸ ਵੀ ਪਾਸ ਕਰ ਲਿਆ। ਉਨ੍ਹੀਂ ਦਿਨੀਂ ਲਾਇਲਪੁਰ ਵਿਚ ਖਾਲਸਾ ਸਕੂਲ ਬਣਾਏ ਜਾਣ ਦੀ ਤਿਆਰੀ ਹੋ ਰਹੀ ਸੀ। ਮਾਸਟਰ ਜੀ ਨੇ ਨਵੇਂ ਸਕੂਲ ਵਿਚ 15 ਰੁਪਏ ਮਹੀਨੇ 'ਤੇ ਹੈੱਡਮਾਸਟਰ ਵਜੋਂ ਸੇਵਾ ਕਰਨਾ ਮੰਨ ਲਿਆ।

ਹੈੱਡਮਾਸਟਰ ਬਣਨ ਦੇ ਬਾਅਦ ਮਾਸਟਰ ਤਾਰਾ ਸਿੰਘ ਲਾਇਲਪੁਰ ਦੇ ਸਿਆਸੀ ਆਗੂਆਂ ਦੇ ਬਹੁਤ ਨੇੜੇ ਆ ਗਏ। ਸ: ਹਰਚੰਦ ਸਿੰਘ ਲਾਇਲਪੁਰੀ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ: ਤੇਜਾ ਸਿੰਘ ਸਮੁੰਦਰੀ ਅਤੇ ਉਨ੍ਹਾਂ ਦੇ ਸਾਥੀ ਮਾਸਟਰ ਜੀ ਦੇ ਗੂੜ੍ਹੇ ਦੋਸਤ ਬਣ ਗਏ। ਇਹ 'ਲਾਇਲਪੁਰੀ ਗਰੁੱਪ' ਮਗਰੋਂ ਸਿੱਖ ਕੌਮ ਦੀ ਸਿਆਸੀ ਅਗਵਾਈ ਵਿਚ ਬਹੁਤ ਅੱਗੇ ਆਇਆ। ਮਾਸਟਰ ਤਾਰਾ ਸਿੰਘ ਜੀ ਨੇ ਖਾਲਸਾ ਸਕੂਲ ਲਾਇਲਪੁਰ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਇਆ ਪਰ ਹੈੱਡਮਾਸਟਰ ਹੁੰਦਿਆਂ ਉਹ ਕਦੇ ਵੀ ਅੰਗਰੇਜ਼ ਅਫ਼ਸਰਾਂ ਦੀ ਚਾਪਲੂਸੀ ਨਹੀਂ ਕਰਿਆ ਕਰਦੇ

ਜੀ। ਇਸ ਕਰ ਕੇ ਸਰਕਾਰ ਵੱਲੋਂ ਸਕੂਲ ਨੂੰ ਮਾਲੀ ਮਦਦ ਨਹੀਂ ਸੀ ਮਿਲਿਆ ਕਰਦੀ। ਅੰਗਰੇਜ਼ ਚਾਹੁੰਦੇ ਸਨ ਕਿ ਮਾਸਟਰ ਜੀ ਇਸ ਸਕੂਲ ਨੂੰ ਛੱਡ ਦੇਣ ਤੇ ਜਾਂ ਫਿਰ ਸਰਕਾਰ ਦੇ ਜੀ ਹਜ਼ੂਰੀਏ ਬਣ ਜਾਣ। ਉਨ੍ਹਾਂ ਦਿਨਾਂ ਵਿਚ ਹੀ ਦਿੱਲੀ ਦੇ ਰਕਾਬ-ਗੰਜ ਗੁਰਦੁਆਰੇ ਦੀ ਦੀਵਾਰ ਸਰਕਾਰ ਨੇ ਢਾਹ ਦਿੱਤੀ ਤਾਂ ਜੋ ਵਾਇਸਰਾਏ ਦੀ ਨਵੀਂ ਕੋਠੀ ਦੀ ਖ਼ੂਬਸੂਰਤੀ ਕਾਇਮ ਰਹਿ ਸਕੇ। ਇਸ ਹਰਕਤ ਦੇ ਖ਼ਿਲਾਫ਼ ਸਿੱਖਾਂ ਨੇ ਜ਼ਬਰਦਸਤ ਰੋਸ ਜ਼ਾਹਿਰ ਕੀਤਾ। ਲਾਇਲਪੁਰ ਦੇ ਸ: ਹਰਚੰਦ ਸਿੰਘ ਅਤੇ ਹੋਰ ਆਗੂਆਂ ਨੇ ਇਸ ਦੇ ਖ਼ਿਲਾਫ਼ ਜਦੋ-ਜਹਿਦ ਸ਼ੁਰੂ ਕਰ ਦਿੱਤੀ। ਪਹਿਲੀ ਵੱਡੀ ਜੰਗ ਸ਼ੁਰੂ ਹੋਣ ਕਰ ਕੇ ਇਕ ਵਾਰ ਤਾਂ ਇਹ ਮਸਲਾ ਪਿੱਛੇ ਪਾ ਦਿੱਤਾ ਗਿਆ ਕਿਉਂਕਿ ਅੰਗਰੇਜ਼ਾਂ ਨੇ ਵਾਇਦਾ ਕੀਤਾ ਸੀ ਕਿ ਜੰਗ ਮੁਕਦਿਆਂ ਹੀ ਉਹ ਰਕਾਬ-ਗੰਜ ਗੁਰਦੁਆਰੇ ਦੀ ਦੀਵਾਰ ਬਣਾ ਦੇਣਗੇ। ਦੂਜੇ ਪਾਸੇ ਸਰਕਾਰ ਨੇ ਲਾਇਲਪੁਰੀ ਗਰੁੱਪ ਨੂੰ ਮਜਬੂਰ ਕਰਨਾ ਸ਼ੁਰੂ ਕਰ ਦਿੱਤਾ ਕਿ ਮਾਸਟਰ ਤਾਰਾ ਸਿੰਘ ਜੀ ਨੂੰ ਸਕੂਲ ਤੋਂ ਅਲਹਿਦਾ ਕਰ ਦਿੱਤਾ ਜਾਵੇ। ਅਖ਼ੀਰ ਸਕੂਲ ਦੀ ਭਲਾਈ ਨੂੰ ਸਾਹਵੇਂ ਰੱਖ ਕੇ ਮਾਸਟਰ ਜੀ ਨੇ ਸਕੂਲ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦਿਨਾਂ ਵਿਚ ਹੀ ਮਾਸਟਰ ਜੀ ਨੂੰ ਲੰਡਨ ਦੇ ਗੁਰਦੁਆਰੇ ਦਾ ਮੈਨੇਜਰ ਬਣਾ ਕੇ ਭੇਜਣ ਦੀ ਸਕੀਮ ਚੱਲ ਰਹੀ ਸੀ ਪਰ ਜੰਗ ਸ਼ੁਰੂ ਹੋਣ ਕਰ ਕੇ ਸਕੀਮ ਸਿਰੇ ਨਾ ਚੜ੍ਹ ਸਕੀ। ਇਸ ਦੇ ਬਾਅਦ ਲਾਇਲਪੁਰ ਦੇ ਆਗੂਆਂ ਨੇ ਮਾਸਟਰ ਜੀ ਨੂੰ ਇਕ 'ਕਮਿਸ਼ਨ ਏਜੰਸੀ' (ਆੜ੍ਹਤ ਦੀ ਦੁਕਾਨ) ਸ਼ੁਰੂ ਕਰਵਾ ਦਿੱਤੀ ਪਰ ਮਾਸਟਰ ਤਾਰਾ ਸਿੰਘ ਦੁਕਾਨਦਾਰੀ ਵਾਸਤੇ ਨਹੀਂ ਸਨ ਬਣੇ ਹੋਏ, ਇਸ ਕਰ ਕੇ ਦੁਕਾਨ ਕਾਮਯਾਬ ਨਾ ਹੋ ਸਕੀ। ਕੁਝ ਚਿਰ ਮਗਰੋਂ ਦੁਕਾਨ ਬੰਦ ਕਰ ਦਿੱਤੀ ਗਈ ਅਤੇ ਮਾਸਟਰ ਜੀ ਲਾਇਲਪੁਰ ਚੱਕ ਨੰਬਰ 41 ਦੇ ਸਕੂਲ ਦੇ ਹੈੱਡਮਾਸਟਰ ਬਣ ਗਏ।

ਕੁਝ ਚਿਰ ਆਪ ਹੈੱਡਮਾਸਟਰ ਵਜੋਂ ਨੌਕਰੀ ਕਰਦੇ ਰਹੇ। ਉਨ੍ਹਾਂ ਦਿਨਾਂ ਵਿਚ ਹੀ ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ। 21 ਮਈ 1920 ਦੇ ਦਿਨ ਲਾਹੌਰ ਤੋਂ ਪੰਜਾਬੀ ਵਿਚ ਰੋਜ਼ਾਨਾ ਅਖ਼ਬਾਰ "ਅਕਾਲੀ" ਛਪਣੀ ਸ਼ੁਰੂ ਹੋ ਗਈ। ਇਸ ਅਖ਼ਬਾਰ ਨੇ ਸਾਰੇ ਪੰਥ-ਦਰਦੀਆਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ। ਇਸ ਅਖ਼ਬਾਰ ਵਿਚ ਗੁਰਦੁਆਰਿਆਂ ਦੀ ਹਾਲਤ ਅਤੇ ਸਿੱਖ ਸਿਆਸਤ ਬਾਰੇ ਪੂਰੀ ਜਾਣਕਾਰੀ ਛਪਣੀ ਸ਼ੁਰੂ ਹੋ ਗਈ। ਇਸ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਇਕ ਜ਼ਬਰਦਸਤ ਮੁਹਿੰਮ ਬਣਾ ਦਿੱਤਾ। ਅਜਿਹਾ ਜਾਪਦਾ ਸੀ ਕਿ ਕਿਸੇ ਦਿਨ ਗੁਰਦੁਆਰਾ ਸੁਧਾਰ ਲਹਿਰ ਬੜੀ ਤੇਜ਼ੀ ਨਾਲ ਸ਼ੁਰੂ ਹੋ ਜਾਵੇਗੀ। ਇਸ ਨੂੰ ਸਿਰਫ਼ ਇਕ ਚਿੰਗਾੜੀ ਦੀ ਜ਼ਰੂਰਤ ਸੀ।

ਅਖ਼ੀਰ ਇਹ ਚੰਗਿਆੜੀ 12 ਅਕਤੂਬਰ 1920 ਦੇ ਦਿਨ ਅਖੌਤੀ ਪਛੜੀਆਂ ਜ਼ਾਤਾਂ ਦੇ ਸਿੱਖਾਂ ਵੱਲੋਂ ਦਰਬਾਰ ਸਾਹਿਬ ਤੇ ਕੜਾਹ ਪ੍ਰਸਾਦ ਭੇਂਟ ਕਰਨ ਤੇ ਮਹੰਤਾਂ ਵੱਲੋਂ ਇਨਕਾਰ ਕੀਤੇ ਜਾਣ ਨਾਲ ਭੜਕ ਪਈ। ਇਸੇ ਦਿਨ ਅਕਾਲ ਤਖ਼ਤ ਸਾਹਿਬ ਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਅਤੇ ਸਿੱਖਾਂ ਨੇ ਹੌਲੀ-ਹੌਲੀ ਹੋਰ ਬਹੁਤ ਸਾਰੇ

ਗੁਰਦੁਆਰਿਆਂ ਨੂੰ ਆਪਣੇ ਕੰਟਰੋਲ ਹੇਠ ਲਿਆਉਣ ਵਾਸਤੇ ਬੜੀ ਤੇਜ਼ੀ ਨਾਲ ਜੱਦੋਜਹਿਦ ਸ਼ੁਰੂ ਕਰ ਦਿੱਤੀ।

15 ਨਵੰਬਰ 1920 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਇਮ ਹੋ ਗਈ। ਇਸ ਦੀ 175 ਮੈਂਬਰੀ ਕਮੇਟੀ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਸ਼ਾਮਿਲ ਸਨ। 14 ਦਸੰਬਰ 1920 ਦੇ ਦਿਨ (ਸ਼੍ਰੋਮਣੀ) ਅਕਾਲੀ ਦਲ ਵੀ ਕਾਇਮ ਹੋ ਗਿਆ। ਇਸ ਦੀ ਪਹਿਲੀ ਬੈਠਕ 24 ਜਨਵਰੀ 1921 ਦੇ ਦਿਨ ਹੋਈ। ਸ: ਸਰਮੁਖ ਸਿੰਘ ਝਬਾਲ ਇਸ ਦੇ ਜਥੇਦਾਰ ਚੁਣੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਦੀ ਆਜ਼ਾਦੀ ਵਾਸਤੇ ਜ਼ੋਰ-ਸ਼ੋਰ ਨਾਲ ਜੱਦੋਜਹਿਦ ਸ਼ੁਰੂ ਕਰ ਦਿੱਤੀ।

20 ਫਰਵਰੀ 1921 ਦੇ ਦਿਨ ਜਦੋਂ 200 ਦੇ ਕਰੀਬ ਸਿੱਖਾਂ ਦਾ ਇਕ ਜਥਾ ਗੁਰਦੁਆਰਾ ਜਨਮ ਅਸਥਾਨ ਨਾਨਕਾਣਾ ਸਾਹਿਬ ਵਿਚ ਗਿਆ ਤਾਂ ਉੱਥੋਂ ਦੇ ਮਹੰਤ ਨੇ 130 ਤੋਂ ਵਧ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਇਸ ਸ਼ਹੀਦੀ ਸਾਕੇ ਤੋਂ ਬਾਅਦ ਮਾਸਟਰ ਤਾਰਾ ਸਿੰਘ ਅਕਾਲੀ ਲਹਿਰ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋ ਗਏ। 7 ਨਵੰਬਰ 1921 ਦੇ ਦਿਨ ਜਦੋਂ ਅੰਗਰੇਜ਼ ਸਰਕਾਰ ਨੇ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਤੋਂ ਖੋਹ ਲਈਆਂ ਤਾਂ ਸਿੱਖਾਂ ਨੇ ਇਸ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਇਸ ਸਬੰਧ ਵਿਚ ਹੋਰ ਆਗੂਆਂ ਦੇ ਨਾਲ ਮਾਸਟਰ ਤਾਰਾ ਸਿੰਘ ਜੀ ਵੀ ਗ੍ਰਿਫ਼ਤਾਰ ਕੀਤੇ ਗਏ। ਇਹ ਮਾਸਟਰ ਜੀ ਦੀ ਪਹਿਲੀ ਗ੍ਰਿਫ਼ਤਾਰੀ ਸੀ। ਅਕਾਲੀ ਲਹਿਰ 1925 ਤਕ ਚਲਦੀ ਰਹੀ। ਇਸ ਦੌਰਾਨ ਕਈ ਮੋਰਚੇ ਲੱਗੇ। ਹਜ਼ਾਰਾਂ ਸਿੰਘ ਜੇਲ੍ਹਾਂ ਵਿਚ ਗਏ, ਸੈਂਕੜੇ ਸ਼ਹੀਦ ਹੋਏ। ਮੋਰਚਿਆਂ ਦੌਰਾਨ ਅੰਗਰੇਜ਼ ਸਰਕਾਰ ਨੇ 12 ਅਕਤੂਬਰ 1923 ਦੇ ਦਿਨ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਅਤੇ ਨਾਲ ਹੀ ਸਾਰੇ ਸੀਨੀਅਰ ਅਕਾਲੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਆਗੂਆਂ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਸਨ। ਸਾਰੇ ਅਕਾਲੀ ਆਗੂ 1925 ਤਕ ਜੇਲ੍ਹ ਵਿਚ ਰਹੇ। ਗੁਰਦੁਆਰਾ ਐਕਟ ਪਾਸ ਹੋਣ ਤੋਂ ਬਾਅਦ ਜਨਵਰੀ 1926 ਵਿਚ ਸਰਕਾਰ ਨੇ ਕੁਝ ਅਕਾਲੀ ਆਗੂ ਇਸ ਸ਼ਰਤ ’ਤੇ ਰਿਹਾ ਕਰ ਦਿਤੇ ਕਿ ਉਹ ਗੁਰਦੁਆਰਾ ਐਕਟ ’ਤੇ ਅਮਲ ਕਰਨਗੇ ਪਰ ਮਾਸਟਰ ਤਾਰਾ ਸਿੰਘ ਜੀ ਤੇ ਕੁਝ ਹੋਰ ਅਕਾਲੀ ਆਗੂਆਂ ਨੇ ਇਹ ਮਾਮੂਲੀ ਜਿਹੀ ਵੀ ਸ਼ਰਤ ਮੰਨ ਕੇ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਜੇਲ੍ਹ ਵਿਚ ਹੀ ਸ: ਤੇਜਾ ਸਿੰਘ ਸਮੁੰਦਰੀ, ਜੋ ਰਿਹਾ ਨਾ ਹੋਣ ਵਾਲੇ ਗਰੁੱਪ ਦੇ ਆਗੂ ਸਨ, 17 ਜੁਲਾਈ 1926 ਦੇ ਦਿਨ ਚੜ੍ਹਾਈ ਕਰ ਗਏ। ਪਿੱਛੇ ਰਹਿ ਗਏ ਅਕਾਲੀ ਆਗੂਆਂ ਨੇ ਮਾਸਟਰ ਜੀ ਨੂੰ ਆਪਣਾ ਲੀਡਰ ਚੁਣ ਲਿਆ। ਮਾਸਟਰ ਜੀ ਸਤੰਬਰ 1926 ਵਿਚ ਰਿਹਾ ਹੋਏ ਇਸ ਤੋਂ ਬਾਅਦ ਦੀ ਅਕਾਲੀ ਸਿਆਸਤ ਅਤੇ ਸਿੱਖ ਸਿਆਸਤ ਮਾਸਟਰ ਜੀ ਦੇ ਦੁਆਲੇ ਹੀ ਘੁੰਮਦੀ ਹੈ।

ਗੁਰਦੁਆਰਾ ਐਕਟ ਬਣਨ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਕਟ

ਮੁਤਾਬਿਕ "ਸੈਂਟਰਲ ਬੋਰਡ") ਦੀਆਂ ਚੋਣਾਂ 18 ਜੂਨ 1926 ਨੂੰ ਕਰਵਾਈਆਂ ਗਈਆਂ। ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਕਿਸੇ ਕਾਨੂੰਨੀ ਨੁਕਤੇ ਦੀ ਬਿਨਾ ਤੇ ਮਾਸਟਰ ਤਾਰਾ ਸਿੰਘ ਅਤੇ ਸ: ਅਮਰ ਸਿੰਘ ਵਾਸੂ ਦੇ ਨਾਮਜ਼ਦਗੀ ਕਾਗ਼ਜ਼ ਰੱਦ ਕਰਵਾ ਦਿੱਤੇ। ਇਸ ਨਾਲ ਮਾਸਟਰ ਜੀ ਦੀ ਸੀਟ ਤੋਂ ਗਿਆਨੀ ਸ਼ੇਰ ਸਿੰਘ ਬਿਨਾ ਮੁਕਾਬਲਾ ਚੁਣੇ ਗਏ। ਸ: ਬ: ਮਹਿਤਾਬ ਸਿੰਘ ਧੜੇ ਦੇ ਤਿੰਨ ਹੋਰ ਉਮੀਦਵਾਰ ਵੀ ਬਿਨਾ ਮੁਕਾਬਲਾ ਚੁਣੇ ਗਏ। ਇਸ ਦੇ ਬਾਵਜੂਦ ਚੋਣਾਂ ਵਿਚ ਮਹਿਤਾਬ ਸਿੰਘ ਧੜੇ ਨੂੰ 120 ਸੀਟਾਂ ਵਿੱਚੋਂ ਸਿਰਫ਼ 26 ਸੀਟਾਂ ਹੀ ਮਿਲੀਆਂ। 'ਸੈਂਟਰਲ ਬੋਰਡ' ਦੀ ਪਹਿਲੀ ਮੀਟਿੰਗ 14 ਸਤੰਬਰ 1926 ਦੇ ਦਿਨ ਹੋਈ। ਅਕਾਲੀ ਦਲ ਦੇ ਸ: ਮੰਗਲ ਸਿੰਘ 82 ਵੋਟਾਂ ਲੈ ਕੇ ਸ: ਬ: ਮਹਿਤਾਬ ਸਿੰਘ ਗਰੁੱਪ ਦੇ ਸ: ਜੋਗਿੰਦਰ ਸਿੰਘ ਨੂੰ 29 ਵੋਟਾਂ 'ਤੇ ਹਰਾ ਕੇ 'ਸੈਂਟਰਲ ਬੋਰਡ' ਦੇ ਪ੍ਰਧਾਨ ਚੁਣੇ ਗਏ।

27 ਸਤੰਬਰ 1926 ਨੂੰ ਮਾਸਟਰ ਤਾਰਾ ਸਿੰਘ ਅਤੇ ਬਾਕੀ ਲੀਡਰ, ਜੋ ਲਾਹੌਰ ਕਿਲ੍ਹੇ ਵਿਚ ਨਜ਼ਰਬੰਦ ਸਨ, ਨੂੰ ਵੀ ਰਿਹਾ ਕਰ ਦਿੱਤਾ ਗਿਆ। 'ਸੈਂਟਰਲ ਬੋਰਡ' ਦੀ ਅਗਲੀ ਮੀਟਿੰਗ 2 ਅਕਤੂਬਰ 1926 ਦੇ ਦਿਨ ਹੋਈ। ਇਸ ਦਿਨ ਨਾਮਜ਼ਦ ਮੈਂਬਰ ਸ: ਹਜ਼ਾਰਾ ਸਿੰਘ ਜਾਮਾਰਾਏ ਨੇ ਅਸਤੀਫ਼ਾ ਦੇ ਕੇ ਮਾਸਟਰ ਤਾਰਾ ਸਿੰਘ ਵਾਸਤੇ ਆਪਣੀ ਸੀਟ ਖ਼ਾਲੀ ਕਰ ਦਿੱਤੀ। ਇਸ ਮਗਰੋਂ ਪ੍ਰਧਾਨ ਦੀ ਚੋਣ ਹੋਈ। ਬਾਬਾ ਖੜਕ ਸਿੰਘ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਚੁਣੇ ਗਏ। ਇਸੇ ਦਿਨ 'ਸੈਂਟਰਲ ਬੋਰਡ' ਨੇ ਇਕ ਮਤੇ ਰਾਹੀਂ ਆਪਣਾ ਨਾਂ 'ਸੈਂਟਰਲ ਬੋਰਡ' ਤੋਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖ ਲਿਆ। ਸਰਕਾਰ ਨੇ 17 ਫਰਵਰੀ 1927 ਦੇ ਦਿਨ ਇਹ ਨਾਂ ਮਨਜ਼ੂਰ ਕਰ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਾਲੇ ਗਰੁੱਪ ਦੇ ਕਾਬਜ਼ ਹੋਣ ਨਾਲ ਸਿੱਖ ਸਿਆਸਤ ਵਿਚ ਬੜਾ ਵੱਡਾ ਇਨਕਲਾਬ ਆਇਆ। 1919 ਵਿਚ ਬਣੀ ਸਿੱਖ ਲੀਗ, ਜੋ 1920 ਦੇ ਅਖ਼ੀਰ ਵਿਚ ਆਪਣੀ ਥਾਂ ਸਿੱਖਾਂ ਵਿੱਚੋਂ ਗਵਾ ਚੁੱਕੀ ਸੀ, ਦੀ ਥਾਂ ਅਕਾਲੀ ਦਲ ਨੇ ਲੈ ਲਈ। 1920 ਤੋਂ 1925 ਤੱਕ ਗੁਰਦੁਆਰਾ ਸੁਧਾਰ ਲਹਿਰ ਚਲਦੀ ਰਹੀ। ਇਸ ਦੌਰਾਨ ਸਿੱਖਾਂ ਦੀ ਸਿਆਸੀ ਕਾਰਵਾਈ ਗੁਰਦੁਆਰਾ ਸੁਧਾਰ ਤਕ ਹੀ ਮਹਿਦੂਦ ਰਹੀ 1926 ਤੋਂ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਅਕਾਲੀ ਗਰੁੱਪ ਸਿਆਸੀ ਤੌਰ 'ਤੇ ਵੀ ਜਥੇਬੰਦ ਹੋਣ ਲੱਗ ਪਿਆ।

1927 ਵਿਚ ਸਿੱਖ ਸਿਆਸਤ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਨੇ ਸੰਭਾਲ ਲਈ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਸਨ, ਕਿਉਂਕਿ ਉਹ ਜੇਲ੍ਹ ਵਿਚ ਸਨ ਇਸ ਕਰ ਕੇ ਸਿੱਖ ਕੌਮ ਦੀ ਵਾਗਡੋਰ ਮਾਸਟਰ ਤਾਰਾ ਸਿੰਘ ਦੇ ਹੱਥ ਵਿਚ ਹੀ ਸੀ।

ਮਾਸਟਰ ਜੀ 1927 ਤੋਂ 1967 ਤੱਕ ਸਿੱਖ ਕੌਮ ਦੇ ਸਭ ਤੋਂ ਵੱਧ ਮਕਬੂਲ ਆਗੂ ਰਹੇ। 1928 ਵਿਚ ਜਦੋਂ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਉਸ

ਦੇ ਖ਼ਿਲਾਫ਼ ਮੁਜ਼ਾਹਰੇ ਕਰਨ ਵਾਲਿਆਂ ਵਿਚ ਮਾਸਟਰ ਤਾਰਾ ਸਿੰਘ ਸਭ ਤੋਂ ਅੱਗੇ ਸਨ। ਉਸ ਵਕਤ ਪੰਜਾਬ ਦੀ ਸਾਰੀ ਸਿਆਸੀ ਕਾਰਵਾਈ ਵਧੇਰੇ ਕਰ ਕੇ ਸਿੱਖ ਹੀ ਚਲਾ ਰਹੇ ਸਨ। ਪਰ 1928 ਵਿਚ, ਜਦੋਂ ਮੋਤੀ ਲਾਲ ਨਹਿਰੂ ਦੀ ਅਗਵਾਈ ਵਾਲੀ ਕਮੇਟੀ ਦੇ ਪਾਰਲੀਮੈਂਟ ਅਤੇ ਅਸੈਬਲੀਆਂ ਦੀਆਂ ਚੋਣਾਂ ਵਿਚ ਵੱਖ ਵੱਖ ਫ਼ਿਰਕਿਆਂ ਵਾਸਤੇ ਸੀਟਾਂ ਦੀ ਵੰਡ ਦਾ ਫ਼ੈਸਲਾ ਕਰਨ ਵਾਸਤੇ ਰਿਪੋਰਟ ਪੇਸ਼ ਕੀਤੀ, ਤਾਂ ਉਸ ਵਿਚ ਸਿੱਖਾਂ ਨਾਲ ਜ਼ਿਆਦਤੀ ਹੋਈ। ਇਸ ਨਾਲ ਪੰਜਾਬ ਦੀ ਸਿਆਸਤ ਵਿਚ ਇਕ ਨਵਾਂ ਧਮਾਕਾ ਹੋਇਆ। ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਅਕਾਲੀ ਦਲ ਤੇ ਹੋਰ ਸਿੱਖ ਜਥੇਬੰਦੀਆਂ ਨੇ ਨਹਿਰੂ ਰਿਪੋਰਟ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਮਾਸਟਰ ਤਾਰਾ ਸਿੰਘ ਉਸ ਵੇਲੇ ਕਾਂਗਰਸ ਪਾਰਟੀ ਦੇ ਵੱਡੇ ਹਮਦਰਦ ਗਿਣੇ ਜਾਂਦੇ ਸਨ ਤੇ ਉਹੀ ਮੋਤੀ ਲਾਲ ਨਹਿਰੂ ਰਿਪੋਰਟ ਦੇ ਸਭ ਤੋਂ ਵੱਧ ਖ਼ਿਲਾਫ਼ ਸਨ। 1928 ਦਾ ਸਾਰਾ ਸਾਲ ਨਹਿਰੂ ਰਿਪੋਰਟ ਵਿਚ ਸਿੱਖਾਂ ਨਾਲ ਕੀਤੇ ਧੱਕੇ ਦੇ ਖ਼ਿਲਾਫ਼ ਸਰਗਰਮੀਆਂ ਚਲਦੀਆਂ ਰਹੀਆਂ। ਦਸੰਬਰ 1928 ਵਿਚ ਕਲਕੱਤੇ ਵਿਚ ਹੋਈ ਆਲ ਪਾਰਟੀ ਕਨਵੈਨਸ਼ਨ ਵੀ ਜਦੋਂ ਸਿੱਖਾਂ ਨੂੰ ਇਨਸਾਫ਼ ਨਾ ਦੇ ਸਕੀ ਤਾਂ ਅਕਾਲੀ ਆਗੂਆਂ ਨੇ ਕਾਂਗਰਸ ਨਾਲੋਂ ਸਬੰਧ ਤੋੜ ਲੈਣ ਦਾ ਐਲਾਨ ਕਰ ਦਿੱਤਾ। 1929 ਦੇ ਆਖ਼ਰੀ ਦਿਨਾਂ ਵਿਚ ਕਾਂਗਰਸ ਪਾਰਟੀ ਨੇ ਆਪਣਾ ਇਜਲਾਸ ਲਾਹੌਰ ਵਿਚ ਰੱਖ ਲਿਆ। ਉਨ੍ਹਾਂ ਦਿਨਾਂ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੀ ਕਾਨਫ਼ਰੰਸ ਲਾਹੌਰ ਵਿਚ ਹੀ ਰੱਖ ਲਈ। ਕਾਂਗਰਸ ਦੇ ਮੁਕਾਬਲੇ ਵਿਚ ਅਕਾਲੀ ਕਾਨਫ਼ਰੰਸ ਵਿਚ ਕਈ ਗੁਣਾ ਜ਼ਿਆਦਾ ਲੋਕ ਸ਼ਾਮਲ ਹੋਏ। ਇਸ ਇਕੱਠ ਨੂੰ ਵੇਖ ਕੇ ਮੋਤੀ ਲਾਲ ਨਹਿਰੂ ਅਤੇ ਗਾਂਧੀ ਘਬਰਾ ਗਏ। ਮੋਤੀ ਲਾਲ, ਗਾਂਧੀ ਤੇ ਕਈ ਹੋਰ ਹਿੰਦੂ ਆਗੂ ਅਕਾਲੀ ਦਲ ਦੇ ਦਫ਼ਤਰ ਪੁੱਜੇ ਅਤੇ ਉਨ੍ਹਾਂ ਨੇ ਅਕਾਲੀਆਂ ਨਾਲ ਸਮਝੌਤਾ ਕਰ ਲਿਆ। ਕਾਂਗਰਸ ਪਾਰਟੀ ਨੇ ਸਿੱਖਾਂ ਨੂੰ ਯਕੀਨ ਦਿਵਾਇਆ ਕਿ ਕਾਂਗਰਸ ਅੱਗੇ ਤੋਂ ਕੋਈ ਐਸਾ ਫ਼ੈਸਲਾ ਨਹੀਂ ਕਰੇਗੀ ਜਿਹੜਾ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ।

1930 ਵਿਚ ਕਾਂਗਰਸ ਨੇ ਸਿਵਲ ਨਾ-ਫੁਰਮਾਨੀ ਲਹਿਰ ਚਲਾਈ। ਇਸ ਲਹਿਰ ਦੌਰਾਨ ਪਿਸ਼ਾਵਰ ਵਿਚ ਇਕ ਜਲੂਸ ਨਿਕਲਿਆ। ਜਲੂਸ ਵਾਲੇ ਦਿਨ ਪੁਲਿਸ ਨੇ ਪਿਸ਼ਾਵਰ ਦੇ ਇਕ ਬਜ਼ਾਰ ਵਿਚ ਟਾਂਗੇ ਵਿਚ ਜਾ ਰਹੇ ਇਕ ਬੇਗੁਨਾਹ ਸਿੱਖ ਪਰਿਵਾਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਪਿਸ਼ਾਵਰ ਦੇ ਪਠਾਣਾਂ ਨੇ ਪੁਲਿਸ ਵੱਲੋਂ ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਦਾ ਜਲੂਸ ਕੱਢਿਆ। ਪੁਲਿਸ ਨੇ ਇਸ ਜਲੂਸ 'ਤੇ ਗੋਲੀਆਂ ਚਲਾਈਆਂ ਅਤੇ ਕਈ ਪਠਾਣ ਮਾਰ ਦਿਤੇ। ਜਦੋਂ ਇਸ ਦੀ ਖ਼ਬਰ ਅੰਮ੍ਰਿਤਸਰ ਪੁੱਜੀ ਤਾਂ ਮਾਸਟਰ ਤਾਰਾ ਸਿੰਘ ਨੇ ਪਠਾਣਾਂ ਦੀ ਹਮਦਰਦੀ ਵਿਚ ਇਕ ਜਥਾ ਪਿਸ਼ਾਵਰ ਲੈ ਕੇ ਜਾਣ ਦਾ ਐਲਾਨ ਕਰ ਦਿੱਤਾ। ਇਹ ਜਥਾ 10 ਮਈ 1930 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਟੁਰਿਆ। ਪਿਸ਼ਾਵਰ ਜਾਂਦਿਆਂ ਰਸਤੇ ਵਿਚ ਜੇਹਲਮ ਦੇ ਨੇੜੇ ਦੀਨਾ ਪਿੰਡ ਕੋਲ ਪੁਲਿਸ ਨੇ ਜਥੇ ਨੂੰ ਰੋਕ ਕੇ ਮਾਸਟਰ

ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਮਾਸਟਰ ਜੀ ਦੇ ਇਸ ਕਦਮ ਨੇ ਸਿੱਖਾਂ ਅਤੇ ਪਠਾਣਾਂ ਵਿਚਕਾਰ ਸੌ ਸਾਲ ਪੁਰਾਣੀ ਨਫ਼ਰਤ ਖ਼ਤਮ ਕਰਨ ਵਿਚ ਰੋਲ ਅਦਾ ਕੀਤਾ।

1930 ਵਿਚ ਬਰਤਾਨਵੀ ਸਰਕਾਰ ਨੇ ਭਾਰਤੀਆਂ ਦੇ ਮਸਲਿਆਂ 'ਤੇ ਵਿਚਾਰ ਕਰਨ ਵਾਸਤੇ ਲੰਡਨ ਵਿਚ ਇਕ 'ਰਾਊਂਡ ਟੇਬਲ' ਕਾਨਫ਼ਰੰਸ ਬੁਲਾਈ। ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੇ ਇਸ ਕਾਨਫ਼ਰੰਸ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ। ਬਰਤਾਨਵੀ ਸਰਕਾਰ ਨੇ ਮਾਸਟਰ ਜੀ ਦੇ ਨਾਂ ਵਾਲੇ, ਪਟਿਆਲਾ ਹਾਈ ਕੋਰਟ ਦੇ ਇਕ ਜੱਜ, ਤਾਰਾ ਸਿੰਘ ਨੂੰ ਲੰਡਨ ਲਿਜਾ ਕੇ ਸਿੱਖਾਂ ਦੀ ਨੁਮਾਇੰਦਗੀ ਕਰਵਾਉਣ ਦੀ ਕੋਸ਼ਿਸ਼ ਕੀਤੀ। ਮਾਰਚ 1931 ਵਿਚ ਗਾਂਧੀ ਅਤੇ ਅੰਗਰੇਜ਼ਾਂ ਵਿਚ ਸਮਝੌਤਾ ਹੋ ਗਿਆ। ਇਸ ਮਗਰੋਂ ਇਕ ਹੋਰ ਗੋਲਮੇਜ਼ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ ਗਿਆ। ਸਿੱਖਾਂ ਵੱਲੋਂ ਮਾਸਟਰ ਤਾਰਾ ਸਿੰਘ ਨੂੰ ਇਸ ਕਾਨਫ਼ਰੰਸ ਵਿਚ ਨੁਮਾਇੰਦਾ ਬਣਾਇਆ ਗਿਆ।

1932 ਵਿਚ ਬਰਤਾਨਵੀ ਸਰਕਾਰ ਨੇ ਲੈਜਿਸਲੇਟਿਵ ਕੌਂਸਲਾਂ ਵਿਚ ਵੱਖ-ਵੱਖ ਕੌਮਾਂ ਦੀਆਂ ਸੀਟਾਂ ਦਾ ਫ਼ੈਸਲਾ ਕਰਨ ਵਾਸਤੇ ਇਕ ਐਲਾਨ ਜਾਰੀ ਕੀਤਾ (ਜਿਸ ਨੂੰ ਮਗਰੋਂ "ਫ਼ਿਰਕੂ ਫ਼ੈਸਲੇ" ਦੇ ਤੌਰ 'ਤੇ ਜਾਣਿਆ ਗਿਆ) ਇਸ 'ਫਿਰਕੂ ਫ਼ੈਸਲੇ' ਵਿਚ ਸਿੱਖ ਹੱਕਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਸੀ। ਸਿੱਖਾਂ ਨੇ ਇਸ 'ਫ਼ੈਸਲੇ' ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਇਸ ਮੁਹਿੰਮ ਦੀ ਅਗਵਾਈ ਮਾਸਟਰ ਤਾਰਾ ਸਿੰਘ ਨੇ ਕੀਤੀ ਪਰ, ਸਿੱਖ ਇਸ "ਫ਼ੈਸਲੇ" ਵਿਚ ਕੋਈ ਤਬਦੀਲੀ ਨਾ ਲਿਆ ਸਕੇ। ਇਸ ਮਗਰੋਂ ਅਕਾਲੀ ਦਲ ਵਿਚ ਜ਼ਬਰਦਸਤ ਫੁੱਟ ਪੈ ਗਈ। ਸਿੱਖਾਂ ਦੇ ਵੱਖ-ਵੱਖ ਧੜੇ ਇਕ ਦੂਜੇ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਨ ਲੱਗ ਪਏ। ਇਸ ਹਾਲਤ ਨੂੰ ਸਾਹਮਣੇ ਰੱਖ ਕੇ ਕੁਝ ਸਿੱਖ ਆਗੂਆਂ ਨੇ "ਗੁਰਸੇਵਕ ਸਭਾ" ਨਾਂ ਦੀ ਜਥੇਬੰਦੀ ਬਣਾ ਲਈ। "ਗੁਰਸੇਵਕ ਸਭਾ" ਨੇ ਵੱਖ-ਵੱਖ ਧੜਿਆਂ ਵਿਚ ਏਕਤਾ ਕਰਵਾਉਣ ਦੀ ਸੰਜੀਦਾ ਕੋਸ਼ਿਸ਼ ਕੀਤੀ ਪਰ ਬਹੁਤੀ ਕਾਮਯਾਬੀ ਹਾਸਿਲ ਨਾ ਕਰ ਸਕੇ। 1935 ਵਿਚ ਬਾਬਾ ਵਿਸਾਖਾ ਸਿੰਘ ਦਦੇਹਰ ਨੇ ਸਾਲਸੀ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਕੋਸ਼ਿਸ਼ ਦੇ ਰਾਹ ਵਿਚ ਵੀ ਰੁਕਾਵਟਾਂ ਖੜ੍ਹੀਆਂ ਹੋ ਗਈਆਂ। 1936 ਵਿਚ ਗੁਰਦੁਆਰਾ ਚੋਣਾਂ ਹੋਣ ਵਾਲੀਆਂ ਸਨ। ਦੋਹਾਂ ਮੁੱਖ ਧੜਿਆਂ ਨੇ ਬਾਬਾ ਵਿਸਾਖਾ ਸਿੰਘ ਅਤੇ ਬਾਬਾ ਸੋਹਨ ਸਿੰਘ ਭਕਨਾ ਨੂੰ ਹੱਕ ਦੇ ਦਿੱਤਾ ਕਿ ਆਉਣ ਵਾਲੀਆਂ ਚੋਣਾਂ ਵਿਚ ਉਮੀਦਵਾਰਾਂ ਦਾ ਐਲਾਨ ਕਰਨ। ਬਾਬਾ ਜੀ ਨੇ ਦੋਹਾਂ ਧੜਿਆਂ ਦੇ ਜਿਨ੍ਹਾਂ ਦੋ ਦਰਜਨ ਆਗੂਆਂ ਨੂੰ ਟਿਕਟਾਂ ਨਾ ਦਿੱਤੀਆਂ, ਉਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਸ਼ਾਮਿਲ ਸਨ। ਚੋਣਾਂ ਮਗਰੋਂ ਮਾਸਟਰ ਜੀ ਨੂੰ ਨਾਮਜ਼ਦ ਮੈਂਬਰ ਵਜੋਂ ਚੁਣ ਲਿਆ ਗਿਆ। ਮਾਸਟਰ ਜੀ ਫੇਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ।

ਇਸੇ ਦੌਰਾਨ ਗੁਰਦੁਆਰਾ ਸ਼ਹੀਦ-ਗੰਜ ਦਾ ਮਸਲਾ ਵੀ ਉਠ ਪਿਆ। ਮੁਸਲਮਾਨ ਗੁਰਦੁਆਰਾ ਸ਼ਹੀਦ-ਗੰਜ ਨੂੰ ਮਸਜਿਦ ਕਰਾਰ ਦਿਵਾ ਕੇ ਉਸ ਉੱਤੇ ਕਬਜ਼ਾ ਕਰਨਾ ਚਾਹੁੰਦੇ ਸਨ ਪਰ ਸ਼੍ਰੋਮਣੀ ਅਕਾਲੀ ਦਲ ਅਤੇ ਬਾਕੀ ਸਿੱਖ

ਜਥੇਬੰਦੀਆਂ ਨੇ ਮੁਸਲਮਾਨਾਂ ਦੀ ਇਹ ਚਾਲ ਕਾਮਯਾਬ ਨਾ ਹੋਣ ਦਿੱਤੀ। ਜਦੋਂ ਮੁਸਲਮਾਨਾਂ ਨੇ ਇਸ ਸਵਾਲ 'ਤੇ ਐਜੀਟੇਸ਼ਨ ਸ਼ੁਰੂ ਕੀਤੀ ਤਾਂ ਅਕਾਲੀ ਦਲ ਨੇ ਵੀ ਇਸ ਦੇ ਮੁਕਾਬਲੇ 'ਤੇ ਐਜੀਟੇਸ਼ਨ ਕਰਨ ਦਾ ਐਲਾਨ ਕਰ ਦਿੱਤਾ। ਇਸ ਦੌਰਾਨ ਸਰਕਾਰ ਨੇ "ਕਿਰਪਾਨ" 'ਤੇ ਪਾਬੰਦੀ ਲਾ ਦਿੱਤੀ। ਸਿੱਖਾਂ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਕਿਰਪਾਨ 'ਤੇ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾ ਦਿੱਤਾ। ਅਖ਼ੀਰ ਇਕ ਮਹੀਨੇ ਮਗਰੋਂ ਇਹ ਮੋਰਚਾ ਜਿੱਤਿਆ ਗਿਆ।

ਇਨ੍ਹਾਂ ਦਿਨਾਂ ਵਿਚ ਭਾਰਤੀਆਂ ਨੂੰ ਵਧੇਰੇ ਸਿਆਸੀ ਹੱਕ ਦੇਣ ਵਾਸਤੇ ਚਰਚਾ ਸ਼ੁਰੂ ਹੋ ਗਈ। ਇਸ ਸਬੰਧ ਵਿਚ ਬਰਤਾਨੀਆਂ ਤੋਂ ਸਰ ਸਟੈਫ਼ਰਡ ਕਰਿਪਸ ਨਾਂ ਦਾ ਵਜ਼ੀਰ ਆਪਣੇ ਸਾਥੀਆਂ ਨਾਲ ਭਾਰਤ ਪੁੱਜਿਆ ਅਤੇ ਸਾਰੀਆਂ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ। ਉਹ ਮਾਸਟਰ ਜੀ ਅਤੇ ਹੋਰ ਸਿੱਖ ਆਗੂਆਂ ਨੂੰ ਵੀ ਮਿਲਿਆ। ਮਾਸਟਰ ਜੀ ਨੇ ਸਿੱਖਾਂ ਦੇ ਹੱਕਾਂ ਦੇ ਕੇਸ ਨੂੰ ਬੜੀ ਸੂਝ ਨਾਲ ਪੇਸ਼ ਕੀਤਾ। ਕਰਿਪਸ ਮਿਸ਼ਨ ਭਾਵੇਂ ਕੋਈ ਵਧੀਆ ਫੈਸਲਾ ਨਾ ਦੇ ਸਕਿਆ ਪਰ ਇਸ ਤੋਂ ਇਹ ਭਾਸਣ ਲੱਗ ਪਿਆ ਸੀ ਕਿ ਕਿਸੇ ਵੇਲੇ ਬਰਤਾਨੀਆਂ ਭਾਰਤ ਨੂੰ ਆਜ਼ਾਦ ਕਰ ਦੇਵੇਗਾ। ਇਸ ਗੱਲ ਨੂੰ ਭਾਂਪਦਿਆਂ ਮਾਸਟਰ ਜੀ ਨੇ "ਆਜ਼ਾਦ ਪੰਜਾਬ" ਦਾ ਨਾਅਰਾ ਲਾਇਆ। "ਆਜ਼ਾਦ ਪੰਜਾਬ" ਦਾ ਮਤਲਬ ਇਹ ਸੀ ਕਿ ਪੰਜਾਬ ਵਿਚਲੇ ਕੁਝ ਜ਼ਿਲ੍ਹੇ ਵੱਖਰੇ ਕਰ ਕੇ ਇਸ ਨੂੰ ਇਕ ਆਜ਼ਾਦ ਸੂਬਾ ਬਣਾ ਦਿੱਤਾ ਜਾਵੇ। ਇਸ ਨਵੇਂ ਸੂਬੇ ਵਿਚ 40 ਫ਼ੀਸਦੀ ਮੁਸਲਮਾਨ, 40 ਫ਼ੀਸਦੀ ਹਿੰਦੂ ਅਤੇ 20 ਫ਼ੀਸਦੀ ਸਿੱਖ ਹੋਣੇ ਸਨ। ਇਸ ਤੋਂ ਮਾਸਟਰ ਜੀ ਦਾ ਮਕਸਦ ਇਹੀ ਸੀ ਕਿ ਪਾਸਕੂ ਹਮੇਸ਼ਾਂ ਸਿੱਖਾਂ ਦਾ ਹੋਵੇਗਾ ਅਤੇ ਹਿੰਦੂ ਜਾਂ ਮੁਸਲਮਾਨ ਸਿੱਖਾਂ ਨਾਲ ਜ਼ਿਆਦਤੀ ਨਹੀਂ ਕਰ ਸਕਣਗੇ। ਮਾਸਟਰ ਜੀ ਦੀ ਇਹ ਸਕੀਮ ਸਿੱਖ ਕੌਮ ਦੇ ਭਲੇ ਵਿਚ ਸੀ। ਇਸ ਦੀ ਮੁਖ਼ਾਲਫ਼ਤ ਮੁਸਲਮਾਨਾਂ ਨੇ ਤਾਂ ਕਰਨੀ ਹੀ ਸੀ ਪਰ ਕੁਝ ਸਿੱਖਾਂ ਨੇ ਵੀ ਇਸ ਦੀ ਬਹੁਤ ਮੁਖ਼ਾਲਫਤ ਕੀਤੀ। ਇਸ ਦਾ ਨਤੀਜਾ ਇਹ ਹੋਇਆ ਕਿ ਸਿੱਖਾਂ ਵਿਚ ਬੜੀ ਜ਼ਬਰਦਸਤ ਫੁੱਟ ਪੈ ਗਈ, ਜਿਸ ਨਾਲ ਅਕਾਲੀ ਦਲ ਅਤੇ ਸਮੁੱਚੀ ਕੌਮ ਦਾ ਬੜਾ ਨੁਕਸਾਨ ਹੋਇਆ। ਭਾਵੇਂ ਆਜ਼ਾਦ ਪੰਜਾਬ ਸਕੀਮ ਕਾਮਯਾਬ ਨਾ ਹੋਈ ਪਰ ਇਹ ਯਕੀਨੀ ਹੋ ਗਿਆ ਸੀ ਕਿ ਸਿੱਖਾਂ ਦਾ ਮਸਲਾ ਹੱਲ ਕੀਤੇ ਬਿਨਾਂ ਭਾਰਤ ਦੇ ਭਵਿੱਖ ਬਾਰੇ ਕੋਈ ਫ਼ੈਸਲਾ ਨਹੀਂ ਕੀਤਾ ਜਾ ਸਕੇਗਾ।

1946 ਵਿਚ ਬਰਤਾਨਵੀ ਸਰਕਾਰ ਨੇ ਭਾਰਤ ਨੂੰ ਆਜ਼ਾਦੀ ਦੇਣ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਸਬੰਧ ਵਿਚ ਵੱਖ-ਵੱਖ ਪਾਰਟੀਆਂ ਦੀਆਂ ਕਈ ਮੀਟਿੰਗਾਂ ਹੋਣੀਆਂ ਸ਼ੁਰੂ ਹੋ ਗਈਆਂ। ਇਨ੍ਹੀਂ ਦਿਨੀਂ ਸਰਕਾਰ ਵੱਲੋਂ ਇਕ ਸਾਂਝੀ ਮੀਟਿੰਗ ਸ਼ਿਮਲੇ ਵਿਚ ਵੀ ਕਰਨ ਦਾ ਐਲਾਨ ਕੀਤਾ ਗਿਆ। ਇਸ "ਸ਼ਿਮਲਾ ਕਾਨਫ਼ਰੰਸ" ਵਿਚ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਸਤੇ ਮਾਸਟਰ ਤਾਰਾ ਸਿੰਘ ਜੀ ਨੂੰ ਚੁਣਿਆ ਗਿਆ।

ਭਾਵੇਂ ਸਾਰੀਆਂ ਪਾਰਟੀਆਂ ਆਪਸ ਵਿਚ ਮਿਲ ਕੇ ਕੋਈ ਫ਼ੈਸਲਾ ਨਾ ਕਰ

ਸਕੀਆਂ ਪਰ ਬਰਤਾਨਵੀ ਸਰਕਾਰ ਨੇ ਹਿੰਦੂਸਤਾਨ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਭਾਰਤ ਛੱਡ ਜਾਣ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਵਿਚ ਸਿੱਖਾਂ ਵਾਸਤੇ ਕੋਈ ਜਗ੍ਹਾ ਨਹੀਂ ਸੀ। ਸਿੱਖਾਂ ਦੀ ਅੱਧੀ ਆਬਾਦੀ ਹਿੰਦੂਸਤਾਨ ਵਿਚ ਅਤੇ ਅੱਧੀ ਪਾਕਿਸਤਾਨ ਵਿਚ ਰਹਿ ਜਾਂਦੀ ਸੀ। ਮਾਸਟਰ ਜੀ ਨੇ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ। ਇਸ ਸਬੰਧ ਵਿਚ ਇਕ "ਕੌਂਸਲ ਆਫ਼ ਐਕਸ਼ਨ" ਬਣਾਈ ਗਈ, ਜਿਸ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਆਗੂ ਸ਼ਾਮਿਲ ਕੀਤੇ ਗਏ ਸਨ। ਇਸ ਮੌਕੇ 'ਤੇ ਕਾਂਗਰਸ ਪਾਰਟੀ ਨੇ ਸਿੱਖਾਂ ਨੂੰ ਲਾਲਚ ਦੇਣੇ ਸ਼ੁਰੂ ਕਰ ਦਿਤੇ ਅਤੇ ਵਾਇਦਾ ਕੀਤਾ ਕਿ ਜੇ ਸਿੱਖ ਭਾਰਤ ਨਾਲ ਰਹਿਣਾ ਮਨਜ਼ੂਰ ਕਰਨਗੇ ਤਾਂ ਉਨ੍ਹਾਂ ਨੂੰ "ਭਾਰਤ ਦੇ ਉਤਰ ਵਿਚ ਇਕ ਅਜਿਹਾ ਇਲਾਕਾ ਦਿੱਤਾ ਜਾਵੇਗਾ, ਜਿਸ ਵਿਚ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣਗੇ।"

15 ਅਗਸਤ 1947 ਨੂੰ ਭਾਰਤ ਆਜ਼ਾਦ ਹੋ ਗਿਆ। ਅਜ਼ਾਦੀ ਤੋਂ ਪੌਣੇ ਦੋ ਮਹੀਨੇ ਬਾਅਦ ਪੰਜਾਬ ਦੇ ਗਵਰਨਰ ਨੇ ਇਕ ਸਰਕੂਲਰ ਜਾਰੀ ਕਰ ਕੇ ਸਿੱਖਾਂ ਨੂੰ "ਜਰਾਇਮ ਪੇਸ਼ਾ" ਕਰਾਰ ਦੇ ਦਿੱਤਾ। ਜਦੋਂ ਇਸ ਸਰਕੂਲਰ ਦਾ ਪਤਾ ਮਾਸਟਰ ਤਾਰਾ ਸਿੰਘ ਜੀ ਨੂੰ ਲੱਗਾ ਤਾਂ ਉਨ੍ਹਾਂ ਨੇ ਇਸ ਦੇ ਖ਼ਿਲਾਫ਼ ਬਹੁਤ ਰੌਲਾ ਪਾਇਆ।

ਇਹ ਸਾਰਾ ਕੁਝ ਵੇਖ ਕੇ ਮਾਸਟਰ ਜੀ ਨੇ ਭਾਂਪ ਲਿਆ ਸੀ ਕਿ ਭਾਰਤ ਦੇ ਹਿੰਦੂ ਆਗੂ ਸਿੱਖਾਂ ਦਾ ਵਜੂਦ ਤੇ ਪਛਾਣ ਖ਼ਤਮ ਕਰਨਾ ਚਾਹੁੰਦੇ ਸਨ। ਮਾਸਟਰ ਜੀ ਨੇ ਸਿੱਖੀ ਨੂੰ ਬਚਾਉਣ ਲਈ ਜਦੋਜਹਿਦ ਕਰਨ ਦਾ ਤਹੱਈਆ ਕਰ ਲਿਆ। ਇਸ ਮਕਸਦ ਵਾਸਤੇ ਉਨ੍ਹਾਂ ਨੇ ਸਭ ਤੋਂ ਪਹਿਲਾ ਕਦਮ ਦਿੱਲੀ ਵਿਚ ਇਕ ਕਾਨਫ਼ਰੰਸ ਕਰਨ ਦਾ ਸੋਚਿਆ। ਉਨ੍ਹਾਂ ਨੇ 20 ਫਰਵਰੀ 1949 ਦੇ ਦਿਨ ਦਿੱਲੀ ਵਿਚ ਇਕ ਪੰਥਕ ਕਾਨਫ਼ਰੰਸ ਕਰਨ ਦਾ ਐਲਾਨ ਕੀਤਾ। ਭਾਰਤ ਸਰਕਾਰ ਨੇ ਇਸ ਕਾਨਫ਼ਰੰਸ 'ਤੇ ਪਾਬੰਦੀ ਲਾ ਦਿੱਤੀ। ਮਾਸਟਰ ਜੀ ਨੇ ਐਲਾਨ ਕੀਤਾ ਕਿ ਅਸੀਂ ਕਾਨਫ਼ਰੰਸ ਜ਼ਰੂਰ ਕਰਾਂਗੇ। ਅਖ਼ੀਰ ਮਾਸਟਰ ਜੀ ਸਿਆਸੀ ਕਾਨਫ਼ਰੰਸ ਦੀ ਬਜਾਏ ਨਾਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਧਾਰਮਿਕ ਦੀਵਾਨ ਕਰਨਾ ਮੰਨ ਗਏ। ਇਸ ਦੇ ਬਾਵਜੂਦ ਸਰਕਾਰ ਨੇ ਇਸ ਦੀਵਾਨ 'ਤੇ ਪਾਬੰਦੀ ਲਾ ਦਿੱਤੀ। ਮਾਸਟਰ ਜੀ ਨੂੰ ਦਿੱਲੀ ਜਾਂਦਿਆਂ, ਪੰਜਾਬ ਦੀ ਸਰਹੱਦ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਅਜ਼ਾਦ ਭਾਰਤ ਵਿਚ ਇਹ ਮਾਸਟਰ ਜੀ ਦੀ ਪਹਿਲੀ ਗ੍ਰਿਫ਼ਤਾਰੀ ਸੀ।

26 ਫਰਵਰੀ 1949 ਨੂੰ ਭਾਰਤ ਦਾ ਨਵਾਂ ਆਈਨ ਪਾਸ ਕਰ ਦਿੱਤਾ ਗਿਆ। ਇਹ ਆਈਨ ਸਿੱਖਾਂ ਨੂੰ ਖ਼ਾਸ ਵੱਖਰੇ ਹਕੂਕ ਨਹੀਂ ਸੀ ਦੇਂਦਾ। ਕਾਂਗਰਸ ਪਾਰਟੀ ਨੇ ਅਜ਼ਾਦੀ ਤੋਂ ਪਹਿਲਾਂ ਸਿੱਖਾਂ ਨਾਲ ਜੋ ਵਾਇਦੇ ਕੀਤੇ ਸਨ, ਉਨ੍ਹਾਂ ਸਾਰਿਆਂ ਵਾਇਦਿਆਂ ਨੂੰ ਇਸ ਆਈਨ ਵਿਚ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਸੀ। ਮਾਸਟਰ ਤਾਰਾ ਸਿੰਘ ਜੀ ਨੇ ਆਈਨੀ ਅਸੈਂਬਲੀ ਦੇ ਸਿੱਖ ਨੁਮਾਇੰਦਿਆਂ ਨੂੰ ਆਖਿਆ ਕਿ ਉਹ ਇਸ ਆਈਨ 'ਤੇ ਦਸਤਖ਼ਤ ਨਾ ਕਰਨ।

ਇਨ੍ਹੀਂ ਦਿਨੀਂ ਭਾਰਤ ਸਰਕਾਰ ਨੇ ਐਲਾਨ ਕੀਤਾ ਗਿਆ ਹੈ ਆਈਨ ਵਿਚ

ਲਿਖੇ ਪਛੜੀਆਂ ਜ਼ਾਤਾਂ ਨੂੰ ਮਿਲਣ ਵਾਲੇ ਹੱਕ ਸਿਰਫ਼ ਹਿੰਦੂ ਪਛੜੀਆਂ ਜ਼ਾਤਾਂ ਨੂੰ ਹੀ ਮਿਲਣਗੇ। ਇਸ ਨਾਲ ਲੱਖਾਂ ਸਿੱਖਾਂ, ਜੋ ਪਛੜੀਆਂ ਜ਼ਾਤਾਂ ਨਾਲ ਸਬੰਧਿਤ ਸਨ, ਦੇ ਸਿੱਖੀ ਛੱਡ ਕੇ ਹਿੰਦੂ ਬਣ ਜਾਣ ਦਾ ਖ਼ਤਰਾ ਸੀ। ਮਾਸਟਰ ਜੀ ਨੇ ਇਸ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਭਾਰਤ ਸਰਕਾਰ ਜਾਣਦੀ ਸੀ ਕਿ ਮਾਸਟਰ ਤਾਰਾ ਸਿੰਘ ਇਸ ਮੋਰਚੇ ਨਾਲ ਸਾਰੇ ਸਿੱਖ ਪੰਥ ਨੂੰ ਇਕੱਠਾ ਕਰ ਲੈਣਗੇ। ਇਸ ਕਰ ਕੇ ਇਸ ਤੋਂ ਪਹਿਲਾਂ ਕਿ ਮਾਸਟਰ ਜੀ ਜਥਾ ਲੈ ਕੇ ਦਿੱਲੀ ਪਹੁੰਚਦੇ, ਭਾਰਤ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਪੱਛੜੀਆਂ ਜ਼ਾਤਾਂ ਵਾਲਾ ਕਾਨੂੰਨ ਸਿਰਫ਼ ਹਿੰਦੂਆਂ 'ਤੇ ਹੀ ਨਹੀਂ ਹੋਰਨਾਂ ਤੇ ਵੀ ਲਾਗੂ ਹੋਵੇਗਾ।

ਸਿੱਖੀ ਬਚਾਉਣ ਦੀ ਜਦੋਜਹਿਦ ਦੇ ਇਕ ਪੜਾਅ ਵਜੋਂ ਮਾਸਟਰ ਜੀ ਨੇ 1950 ਵਿਚ "ਪੰਜਾਬੀ ਸੂਬਾ" ਬਣਾਉਣ ਦੀ ਮੰਗ ਕੀਤੀ। ਉਹ ਮਹਿਸੂਸ ਕਰਦੇ ਸਨ ਕਿ ਪੰਜਾਬੀ ਸੂਬਾ ਬਣਨ ਨਾਲ ਇਸ ਖਿੱਤੇ ਵਿਚ ਸਿੱਖਾਂ ਦੀ ਬਹੁਗਿਣਤੀ ਹੋ ਜਾਵੇਗੀ ਅਤੇ ਇੰਵ ਸਿੱਖ ਆਪਣੀ ਹੋਂਦ ਤੇ ਪਛਾਣ ਬਚਾ ਸਕਣ ਦੀਆਂ ਕੋਸ਼ਿਸ਼ਾਂ ਕਰ ਸਕਣਗੇ। ਮਾਸਟਰ ਜੀ ਨੇ 1954 ਦੀਆਂ ਗੁਰਦੁਆਰਾ ਚੋਣਾਂ ਪੰਜਾਬੀ ਸੂਬੇ ਦੇ ਨਾਅਰੇ 'ਤੇ ਲੜੀਆਂ। ਉਨ੍ਹਾਂ ਨੇ 112 ਸੀਟਾਂ ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਅਤੇ ਸਾਰਿਆਂ 'ਤੇ ਹੀ ਜਿੱਤ ਹਾਸਿਲ ਕੀਤੀ। ਜਨਵਰੀ 1955 ਵਿਚ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ਇਨ੍ਹਾਂ ਦਿਨਾਂ ਵਿਚ ਪੰਜਾਬ ਸਰਕਾਰ ਨੇ "ਪੰਜਾਬੀ ਸੂਬਾ ਜ਼ਿੰਦਾਬਾਦ" ਦੇ ਨਾਅਰੇ 'ਤੇ ਪਾਬੰਦੀ ਲਾ ਦਿੱਤੀ ਸੀ। ਮਾਸਟਰ ਜੀ ਨੇ ਇਸ ਪਾਬੰਦੀ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। 10 ਮਈ 1955 ਦੇ ਦਿਨ ਮਾਸਟਰ ਜੀ ਪਹਿਲਾਂ ਜਥਾ ਲੈ ਕੇ ਜੇਲ੍ਹ ਗਏ। ਇਹ ਮੋਰਚਾ 12 ਜੁਲਾਈ ਤਕ ਚੱਲਿਆ। ਅਖ਼ੀਰ ਪੰਜਾਬ ਸਰਕਾਰ ਨੇ ਹਥਿਆਰ ਸੁੱਟ ਦਿੱਤੇ।

ਭਾਰਤ ਸਰਕਾਰ ਵੱਲੋਂ ਸੂਬਿਆਂ ਦੀ ਹੱਦਬੰਦੀ ਬਾਰੇ ਬਣਾਏ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਪੰਜਾਬੀ ਸੂਬੇ ਦੀ ਮੰਗ ਨੂੰ ਰੱਦ ਕਰ ਦਿੱਤਾ। ਮਾਸਟਰ ਜੀ ਨੇ ਮਹਿਸੂਸ ਕੀਤਾ ਕਿ ਭਾਰਤ ਦੇ ਹਾਕਮ ਸਿੱਖਾਂ ਤਾਂ ਕੀ ਪੰਜਾਬ ਦੀ ਵੀ ਕੋਈ ਹੱਕੀ ਮੰਗ ਤਕ ਮੰਨਣ ਵਾਸਤੇ ਤਿਆਰ ਨਹੀਂ। ਇਸ ਕਰ ਕੇ ਉਨ੍ਹਾਂ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਪਹਿਲਾਂ ਨਿਸ਼ਾਨਾ ਬਣਾ ਲਿਆ। 1956 ਵਿਚ ਭਾਰਤ ਸਰਕਾਰ ਨੇ, ਸ: ਹੁਕਮ ਸਿੰਘ ਰਾਹੀਂ, ਸਕੀਮ ਤਿਆਰ ਕਰ ਕੇ ਇਕ "ਰੀਜਨਲ ਫਾਰਮੂਲਾ" ਲਾਗੂ ਕਰਨ ਦਾ ਐਲਾਨ ਕੀਤਾ। ਇਸ ਫ਼ਾਰਮੂਲੇ ਮੁਤਾਬਿਕ ਪੰਜਾਬ ਵਿਚ ਹਿੰਦੀ ਅਤੇ ਪੰਜਾਬੀ ਦੇ ਜ਼ੋਨ ਵੱਖਰੇ ਕਰ ਕੇ ਉਨ੍ਹਾਂ ਜ਼ੋਨਾਂ ਵਿਚ ਦੋਹਾਂ ਬੋਲੀਆਂ ਦੀ ਤਰੱਕੀ ਵਾਸਤੇ ਪ੍ਰਾਜੈਕਟ ਉਲੀਕੇ ਜਾਣੇ ਸਨ। ਮਾਸਟਰ ਜੀ ਜਾਣਦੇ ਸਨ ਕਿ ਸਰਕਾਰ ਨੇ ਇਸ ਫ਼ਾਰਮੂਲੇ 'ਤੇ ਅਮਲ ਨਹੀਂ ਕਰਨਾ। ਇਸ ਕਰ ਕੇ ਉਨ੍ਹਾਂ ਨੇ ਇਸ ਨੂੰ "ਵਕਤੀ ਤੌਰ 'ਤੇ" ਕਬੂਲ ਕਰ ਲਿਆ। ਇਸ ਨਾਲ ਘੱਟੋ-ਘੱਟ ਇਹ ਗੱਲ ਤਾਂ ਜ਼ਰੂਰ ਹੋ ਗਈ ਕਿ ਪੰਜਾਬ ਨੂੰ ਦੋ ਬੋਲੀਆਂ ਦਾ ਸੂਬਾ ਮੰਨ ਲਿਆ ਗਿਆ। "ਰੀਜਨਲ ਫ਼ਾਰਮੂਲਾ" ਮੰਨੇ ਜਾਣ ਤੋਂ ਬਾਅਦ ਅਕਾਲੀ ਦਲ ਅਤੇ ਕਾਂਗਰਸ ਸਿਆਸੀ ਤੌਰ

ਤੇ ਇਕੱਠੇ ਹੋ ਗਏ ਪਰ ਇਹ ਇਕੱਠ ਥੋੜ੍ਹਾ ਚਿਰ ਹੀ ਚੱਲਿਆ। ਇਸ ਦੌਰਾਨ 1957 ਦੀਆਂ ਚੋਣਾਂ ਹੋਈਆਂ ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਨੇ ਬਹੁਤ ਸਾਰੀਆਂ ਵੋਟਾਂ ਹਾਸਲ ਕੀਤੀਆਂ ਪਰ ਉਨ੍ਹਾਂ ਦਾ ਕੋਈ ਵੀ ਉਮੀਦਵਾਰ ਨਾ ਜਿੱਤ ਸਕਿਆ। ਜਿਹੜੇ ਅਕਾਲੀਆਂ ਨੇ ਕਾਂਗਰਸ ਦੀ ਟਿਕਟ 'ਤੇ ਚੋਣਾਂ ਲੜੀਆਂ ਸਨ, ਉਨ੍ਹਾਂ ਵਿੱਚੋਂ ਕੁਝ ਇਕ ਅਕਾਲੀ ਐਮ. ਐਲ. ਏ. ਬਣ ਗਏ। 1958 ਵਿਚ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਲਾਲਚ, ਸਹੂਲਤਾਂ, ਅਹੁਦੇ ਦੇ ਕੇ ਅਤੇ ਹੋਰ ਹਥਕੰਡੇ ਵਰਤ ਕੇ ਮਾਸਟਰ ਜੀ ਦੇ ਖ਼ਿਲਾਫ਼ ਬੇਵਿਸਾਹੀ ਦਾ ਮਤਾ ਪਾਸ ਕਰਵਾ ਲਿਆ। ਮਾਸਟਰ ਜੀ ਨੇ ਸਰਕਾਰੀ ਸਾਜਿਸ਼ ਦੇ ਖ਼ਿਲਾਫ਼ ਜ਼ਬਰਦਸਤ ਪ੍ਰੋਟੈਸਟ ਕੀਤਾ। ਇਸ ਸਿਲਸਿਲੇ ਵਿਚ ਮਾਸਟਰ ਜੀ ਨੇ 15 ਮਾਰਚ 1959 ਦੇ ਦਿਨ ਦਿੱਲੀ ਵਿਚ ਇਕ ਰੋਸ ਜਲੂਸ ਕੱਢਣ ਦਾ ਐਲਾਨ ਕੀਤਾ। ਇਸ ਮੌਕੇ ਤੇ ਸਰਕਾਰ ਨੇ ਬਹੁਤ ਸਾਰੀਆਂ ਬੱਸਾਂ, ਗੱਡੀਆਂ ਕੈਂਸਲ ਕਰ ਦਿੱਤੀਆਂ। ਇਸ ਦੇ ਬਾਵਜੂਦ ਬਹੁੱਤ ਵੱਡੀ ਗਿਣਤੀ ਵਿਚ ਸਿੱਖ ਦਿੱਲੀ ਪੁੱਜੇ ਅਤੇ ਇਕ ਬੜਾ ਵੱਡਾ ਜਲੂਸ ਕੱਢਿਆ। ਸਰਕਾਰ ਨੇ ਫਿਰ ਵੀ ਮਾਸਟਰ ਜੀ ਦੀ ਕੋਈ ਗੱਲ ਨਾ ਮੰਨੀ ਤਾਂ ਉਨ੍ਹਾਂ ਨੇ ਐਲਾਨ ਕੀਤਾ ਮੈਂ 16 ਅਪ੍ਰੈਲ 1959 ਤੋਂ ਮਰਨ ਵਰਤ ਰੱਖ ਦਿਆਂਗਾ। 12 ਅਪ੍ਰੈਲ 1959 ਦੇ ਦਿਨ ਮਾਸਟਰ ਜੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਵਿਚਕਾਰ ਇਕ ਮੀਟਿੰਗ ਹੋਈ ਜਿਸ ਵਿਚ ਨਹਿਰੂ ਨੇ ਵਾਇਦਾ ਕੀਤਾ ਕਿ ਉਹ ਅਤੇ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਮਾਮਲੇ ਵਿਚ ਦਖ਼ਲ ਨਹੀਂ ਦੇਣਗੇ। ਥੋੜ੍ਹੇ ਹੀ ਦਿਨਾਂ ਬਾਅਦ ਮਾਸਟਰ ਜੀ ਨੇ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ "ਪੰਜਾਬੀ ਸੂਬੇ" ਦੇ ਨਾਅਰੇ 'ਤੇ ਲੜਨ ਦਾ ਐਲਾਨ ਕਰ ਦਿੱਤਾ। 17 ਜਨਵਰੀ 1960 ਦੇ ਦਿਨ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ। ਅਕਾਲੀ ਦਲ ਨੇ 140 ਵਿੱਚੋਂ 136 ਸੀਟਾਂ ਜਿੱਤ ਕੇ ਰਿਕਾਰਡ ਕਾਇਮ ਕਰ ਦਿੱਤਾ। ਇਸ ਤੋਂ ਬਾਅਦ ਮਾਸਟਰ ਜੀ ਨੇ ਪੰਜਾਬੀ ਸੂਬੇ ਵਾਸਤੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਫਰਵਰੀ ਤੋਂ ਮਈ ਤੱਕ ਪੰਜਾਬੀ ਸੂਬੇ ਦੇ ਹੱਕ ਵਿਚ ਬਹੁਤ ਸਾਰੀਆਂ ਕਾਨਫ਼ਰੰਸਾਂ ਹੁੰਦੀਆਂ ਰਹੀਆਂ।

30 ਅਪ੍ਰੈਲ 1960 ਨੂੰ ਮਾਸਟਰ ਜੀ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਤਾਂ ਜੋ ਉਹ ਪੰਜਾਬੀ ਸੂਬਾ ਮੋਰਚਾ ਵਾਸਤੇ ਸਮਾਂ ਲਾ ਸਕਣ। 22 ਮਈ 1960 ਦੇ ਦਿਨ ਅੰਮ੍ਰਿਤਸਰ ਵਿਚ ਹੋਈ ਕਨਵੈਂਸ਼ਨ ਨੇ ਪੰਜਾਬੀ ਸੂਬੇ ਦੀ ਮੰਗ ਦਾ ਮਤਾ ਪਾਸ ਕੀਤਾ। ਇਸ ਕਾਨਫ਼ਰੰਸ ਵਿਚ ਬਹੁਤ ਸਾਰੇ ਗੈਰ-ਸਿੱਖ ਅਤੇ ਗ਼ੈਰ-ਅਕਾਲੀ ਪਾਰਟੀਆਂ ਦੇ ਲੀਡਰ ਵੀ ਸ਼ਾਮਿਲ ਹੋਏ। ਇਸੇ ਦਿਨ ਮਾਸਟਰ ਜੀ ਨੇ ਐਲਾਨ ਕੀਤਾ ਕਿ ਉਹ ਪੰਜਾਬੀ ਸੂਬਾ ਮੋਰਚਾ ਦੇ ਪਹਿਲੇ ਐਕਸ਼ਨ ਵਜੋਂ 12 ਜੂਨ 1960 ਦੇ ਦਿਨ ਦਿੱਲੀ ਵਿਚ ਜਲੂਸ ਕੱਢਣਗੇ ਅਤੇ ਇਸ ਵਾਸਤੇ 29 ਮਈ ਨੂੰ ਅੰਮ੍ਰਿਤਸਰ ਤੋਂ ਇਕ ਜਥਾ ਲੈ ਕੇ ਚਲਣਗੇ। 24-25 ਮਈ ਦੀ ਰਾਤ ਨੂੰ ਮਾਸਟਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮਾਸਟਰ ਜੀ ਦੀ ਗ੍ਰਿਫ਼ਤਾਰੀ ਦੇ ਬਾਵਜੂਦ 29 ਮਈ ਵਾਲੇ ਦਿਨ ਜਥਾ ਟੁਰਿਆ ਤੇ ਇੰਞ ਪੰਜਾਬੀ ਸੂਬਾ ਮੋਰਚਾ

ਸ਼ੁਰੂ ਹੋ ਗਿਆ।

ਪੰਜਾਬੀ ਸੂਬਾ ਮੋਰਚਾ ਕਈ ਮਹੀਨੇ ਚਲਿਆ। ਇਸ ਦੌਰਾਨ ਬਾਬਾ ਫਤਹਿ ਸਿੰਘ ਨੇ 18 ਦਸੰਬਰ 1960 ਤੋਂ ਮਰਨ ਵਰਤ ਵੀ ਸ਼ੁਰੂ ਕਰ ਦਿੱਤਾ। ਜਦੋਂ 15 ਦਿਨ ਤਕ ਹਾਲਾਤ ਵਿਚ ਤਬਦੀਲੀ ਨਾ ਆਈ ਤਾਂ ਸਰਕਾਰ ਨੇ 3-4 ਫਰਵਰੀ 1961 ਦੀ ਰਾਤ ਨੂੰ ਮਾਸਟਰ ਜੀ ਨੂੰ ਰਿਹਾ ਕਰ ਦਿੱਤਾ। ਮਾਸਟਰ ਜੀ ਰਿਹਾ ਹੋ ਕੇ ਸਿੱਧਾ ਅੰਮ੍ਰਿਤਸਰ ਪੁੱਜੇ ਤਾਂ ਪੰਜਾਬੀ ਸੂਬਾ ਮੋਰਚਾ ਕਮੇਟੀ ਨੇ ਉਨ੍ਹਾਂ ਨੂੰ ਨਹਿਰੂ ਨਾਲ ਗੱਲਬਾਤ ਲਈ ਭੇਜ ਦਿੱਤਾ। ਮਾਸਟਰ ਜੀ ਨਹਿਰੂ ਨੂੰ ਮਿਲੇ ਪਰ ਨਹਿਰੂ ਨੇ ਕੋਈ ਗੱਲ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਅਗਲੇ ਦਿਨ ਨਹਿਰੂ ਨੇ ਇਕ ਬਿਆਨ ਵਿਚ ਆਖ ਦਿੱਤਾ ਕਿ "ਪੰਜਾਬ ਇਕ ਬੋਲੀ ਦਾ ਸੂਬਾ ਹੈ ਇਸ ਦੀ ਬੋਲੀ ਸਿਰਫ਼ ਪੰਜਾਬੀ ਹੈ।" ਮੋਰਚਾ ਕਮੇਟੀ ਨੇ ਮਾਸਟਰ ਜੀ ਕੋਲੋਂ ਇਸ ਬਿਆਨ ਦੇ ਪਿਛੋਕੜ ਵਿਚ ਬਾਬਾ ਫਤਹਿ ਸਿੰਘ ਦਾ ਮਰਨ ਵਰਤ ਖੁਲ੍ਹਣ ਵਾਸਤੇ ਅਖਵਾ ਦਿੱਤਾ। 9 ਜਨਵਰੀ ਨੂੰ ਐਂਟੀ-ਮਾਸਟਰ ਤਾਰਾ ਸਿੰਘ ਧੜੇ ਨੂੰ ਬਾਬਾ ਫਤਹਿ ਸਿੰਘ ਦਾ ਮਰਨ ਵਰਤ ਤੁੜਵਾਉਣ ਤੇ ਪੰਜਾਬੀ ਸੂਬਾ ਮੋਰਚਾ ਫੇਲ੍ਹ ਕਰਨ ਦਾ ਜ਼ਿੰਮੇਂਵਾਰੀ ਮਾਸਟਰ ਜੀ ਤੇ ਪਾਉਣੀ ਸ਼ੁਰੂ ਕਰ ਦਿੱਤੀ। ਪ੍ਰਤਾਪ ਸਿੰਘ ਕੈਰੋਂ, ਜਵਾਹਰ ਲਾਲ ਨਹਿਰੂ ਤੇ ਉਨ੍ਹਾਂ ਦੇ ਸਾਥੀਆਂ ਮਾਸਟਰ ਜੀ ਦੇ ਖ਼ਿਲਾਫ਼ ਸਾਜਿਸ਼ਾਂ ਵਿਚ ਖ਼ਾਸ ਹਿੱਸਾ ਲਿਆ। ਕੁਝ ਚਿਰ ਇਹੀ ਮਾਹੌਲ ਜਾਰੀ ਰਿਹਾ। ਇਸ ਦੌਰਾਨ ਬਾਬਾ ਫ਼ਤਹਿ ਸਿੰਘ ਤੇ ਜਵਾਹਰ ਲਾਲ ਨਹਿਰੂ ਵਿਚਕਾਰ ਗੱਲਬਾਤ ਸ਼ੁਰੂ ਹੋ ਗਈ। ਇਸ ਗੱਲਬਾਤ ਦਾ ਕੋਈ ਨਤੀਜਾ ਨਾ ਨਿਕਲਿਆ। ਅਖ਼ੀਰ ਮਾਸਟਰ ਜੀ ਨੇ ਪੰਜਾਬੀ ਸੂਬਾ ਨਾਅਰੇ ਤੇ ਆਪ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ।

ਐਲਾਨ ਮੁਤਾਬਿਕ ਮਾਸਟਰ ਜੀ ਨੇ 15 ਅਗਸਤ 1961 ਤੋਂ ਮਰਨ ਵਰਤ ਸ਼ੁਰੂ ਕਰ ਦਿੱਤਾ। ਇਸ ਦੌਰਾਨ ਅਕਾਲੀਆਂ ਅਤੇ ਸਰਕਾਰ ਵਿਚਕਾਰ ਗੱਲਬਾਤ ਚਲਦੀ ਰਹੀ ਪਰ ਕੋਈ ਨਤੀਜਾ ਨਾ ਨਿਕਲਿਆ। ਅਖ਼ੀਰ ਕੁਝ ਸਿੱਖ ਆਗੂ ਅਤੇ ਹੋਰ ਲੀਡਰ ਵਿਚੋਲੇ ਬਣ ਕੇ ਮਾਸਟਰ ਜੀ ਦਾ ਮਰਨ ਵਰਤ ਤੁੜਵਾਉਣ ਵਿਚ ਕਾਮਯਾਬ ਹੋ ਗਏ। ਮਾਸਟਰ ਜੀ ਨੇ ਪਹਿਲੀ ਅਕਤੂਬਰ 1961 ਦੇ ਦਿਨ ਮਰਨ ਵਰਤ ਖੋਲ੍ਹਿਆ। ਇਸ ਤੋਂ ਬਾਅਦ ਮਾਸਟਰ ਜੀ ਦੇ ਖ਼ਿਲਾਫ਼ ਬਹੁਤ ਪ੍ਰਚਾਰ ਹੋਇਆ। ਮਾਸਟਰ ਜੀ ਵੱਲੋਂ ਮਰਨ ਵਰਤ ਛੱਡੇ ਜਾਣ ਸਬੰਧੀ 23 ਨਵੰਬਰ 1961 ਦੇ ਦਿਨ ਅਕਾਲ ਤਖ਼ਤ ਸਾਹਿਬ ਤੇ ਇਕ ਪਟੀਸ਼ਨ ਪੇਸ਼ ਕੀਤੀ ਗਈ। 29 ਨਵੰਬਰ ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਫ਼ੈਸਲਾ ਸੁਣਾਇਆ ਗਿਆ। ਅਕਾਲ ਤਖ਼ਤ ਸਾਹਿਬ ਨੇ ਮਾਸਟਰ ਜੀ, ਬਾਬਾ ਫਤਿਹ ਸਿੰਘ ਅਤੇ ਅਕਾਲੀ ਦਲ ਦੀ ਪੂਰੀ ਵਰਕਿੰਗ ਕਮੇਟੀ ਨੂੰ ਸਜ਼ਾ ਲਾਈ। ਇਸ ਤੋਂ ਬਾਅਦ ਭਾਵੇਂ ਕੁਝ ਚਿਰ ਅਕਾਲੀ ਦਲ ਵਿਚ ਏਕਤਾ ਕਾਇਮ ਰਹੀ ਪਰ ਅੰਦਰੋਂ-ਅੰਦਰੀਂ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਸਾਜਿਸ਼ਾਂ ਹੁੰਦੀਆਂ ਰਹੀਆਂ। ਅਖ਼ੀਰ ਜੁਲਾਈ 1962 ਵਿਚ ਸ਼੍ਰੋਮਣੀ ਅਕਾਲੀ ਦਲ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਕ ਦੇ ਪ੍ਰਧਾਨ ਬਾਬਾ ਫਤਹਿ ਸਿੰਘ ਅਤੇ ਦੂਜੇ ਦੇ ਪ੍ਰਧਾਨ

ਜਥੇਦਾਰ ਅੱਛਰ ਸਿੰਘ ਬਣੇ। ਮਾਸਟਰ ਅਕਾਲੀ ਦਲ ਅਤੇ ਫਤਹਿ ਸਿੰਘ ਅਕਾਲੀ ਦਲ ਇਕ ਦੂਜੇ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕਰਦੇ ਰਹੇ। ਇਸ ਵਕਤ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਬਾ ਫਤਹਿ ਸਿੰਘ ਦੇ ਕਬਜ਼ੇ ਵਿਚ ਆ ਚੁੱਕੀ ਸੀ। ਇਸ ਦੀਆਂ ਅਗਲੀਆਂ ਚੋਣਾਂ ਤਕ ਦੋਵੇਂ ਅਕਾਲੀ ਦਲ ਸਿੱਖਾਂ ਵਿਚ "ਵੱਡੀ ਜਥੇਬੰਦੀ" ਬਣਨ ਵਾਸਤੇ ਜਦੋਜਹਿਦ ਕਰਦੇ ਰਹੇ। 1965 ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਫਤਹਿ ਸਿੰਘ ਧੜੇ ਨੂੰ 90 ਸੀਟਾਂ ਅਤੇ ਮਾਸਟਰ ਧੜੇ ਨੂੰ 45 ਸੀਟਾਂ ਹਾਸਿਲ ਹੋਈਆਂ। ਆਪਣੀ ਹਾਰ ਮਗਰੋਂ ਮਾਸਟਰ ਜੀ ਨੇ ਸਿੱਖ ਸਿਆਸਤ ਤੋਂ ਕਿਨਾਰਾ ਕਰ ਲਿਆ ਅਤੇ ਉਹ 25 ਜਨਵਰੀ 1965 ਦੇ ਦਿਨ ਕਿਸੇ ਅਣਦੱਸੀ ਜਗ੍ਹਾ 'ਤੇ ਚਲੇ ਗਏ। ਕੁਝ ਮਹੀਨੇ ਮਾਸਟਰ ਜੀ ਰੂਪੋਸ਼ ਰਹੇ। 4 ਜੁਲਾਈ 1965 ਦੇ ਦਿਨ ਲੁਧਿਆਣਾ ਵਿਚ ਸ: ਹਰੀ ਸਿੰਘ ਨਲੂਆ ਦੀ ਯਾਦ ਵਿਚ ਇਕ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਵਿਚ ਸਿੱਖਾਂ ਨੂੰ "ਆਤਮ ਨਿਰਣੈ ਦਾ ਹੱਕ" ਦੇਣ ਬਾਰੇ ਸਿਆਸੀ ਮਤਾ ਪੇਸ਼ ਕੀਤਾ ਗਿਆ। ਇਸ ਮਤੇ ਦੇ ਹੱਕ ਵਿਚ ਮਾਸਟਰ ਧੜੇ ਤੇ ਫਤਹਿ ਸਿੰਘ ਧੜੇ ਨੇ ਸਾਂਝਾ ਰੋਲ ਅਦਾ ਕੀਤਾ। ਇਸ ਮਤੇ ਦੇ ਪਾਸ ਹੋਣ ਤੋਂ ਬਾਅਦ ਮਾਸਟਰ ਜੀ ਘਰ ਵਾਪਿਸ ਮੁੜ ਆਏ ਅਤੇ ਸਿਆਸਤ ਵਿਚ ਫਿਰ ਹਿੱਸਾ ਲੈਣ ਲੱਗ ਪਏ। 1966 ਵਿਚ ਪੰਜਾਬੀ ਸੂਬਾ ਬਣ ਗਿਆ ਅਤੇ 1967 ਵਿਚ ਹੋਈਆਂ ਚੋਣਾਂ ਤੋਂ ਬਾਅਦ ਅਕਾਲੀ ਦਲ ਦੀ ਅਗਵਾਈ ਹੇਠ ਸਾਂਝੀ ਸਰਕਾਰ ਬਣ ਗਈ। ਇਹ ਸਰਕਾਰ ਸਿਰਫ਼ 8 ਮਹੀਨੇ ਚੱਲੀ। ਜਿਸ ਦਿਨ ਇਹ ਸਰਕਾਰ ਟੁੱਟੀ, ਉਸੇ ਦਿਨ, 22 ਨਵੰਬਰ 1967 ਨੂੰ, ਚੰਡੀਗੜ੍ਹ ਵਿਚ, ਮਾਸਟਰ ਜੀ ਚੜ੍ਹਾਈ ਕਰ ਗਏ। ਮਾਸਟਰ ਜੀ ਦੀ ਮੌਤ ਨਾਲ ਪੰਜਾਬ ਦੀ ਸਿਆਸਤ ਦਾ ਇਕ ਵੱਡਾ ਚੈਪਟਰ ਖ਼ਤਮ ਹੋ ਗਿਆ।

ਮਾਸਟਰ ਤਾਰਾ ਸਿੰਘ ਇਕ ਨਿਸ਼ਕਾਮ ਆਗੂ ਸਨ। ਉਨ੍ਹਾਂ ਦੇ ਦਿਲ ਵਿਚ ਅਹੁਦਾ, ਸ਼ੁਹਰਤ ਅਤੇ ਤਾਕਤ ਦੀ ਭੁੱਖ ਨਹੀਂ ਸੀ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਉਨ੍ਹਾਂ ਨੇ ਕਦੇ ਵੀ ਅਸੈਂਬਲੀ ਜਾਂ ਪਾਰਲੀਮੈਂਟ ਦੀ ਚੋਣ ਨਹੀਂ ਲੜੀ ਸੀ ਕਿਉਂਕਿ ਉਹ ਕਦੇ ਵੀ ਮੁੱਖ ਮੰਤਰੀ ਜਾਂ ਰਾਸ਼ਟਰਪਤੀ ਜਾਂ ਕਿਸੇ ਹੋਰ ਸਿਆਸੀ ਅਹੁਦੇ ਦੀ ਖ਼ਾਹਿਸ਼ ਨਹੀਂ ਰੱਖਦੇ ਸਨ। ਮਾਸਟਰ ਜੀ ਨੇ ਆਪਣੀ ਉਮਰ ਦਾ 10 ਸਾਲ ਤੋਂ ਵੱਧ ਸਮਾਂ ਭਾਰਤ ਅਤੇ ਅੰਗਰੇਜ਼ ਸਰਕਾਰ ਦੀਆਂ ਜੇਲ੍ਹਾਂ ਵਿਚ ਬਿਤਾਇਆ। ਉਹ ਸਾਰੀ ਉਮਰ ਪੰਥ ਵਾਸਤੇ ਜੀਂਦੇ ਰਹੇ। ਉਨ੍ਹਾਂ ਦਾ ਨਾਅਰਾ ਸੀ : "ਮੈਂ ਮਰਾ ਪੰਥ ਜੀਵੇ"। ਮਾਸਟਰ ਤਾਰਾ ਸਿੰਘ ਜੀ ਦੀ ਪੰਥ ਨੂੰ ਦੇਣ ਲਾਸਾਨੀ ਹੈ। ਉਨ੍ਹਾਂ ਦਾ ਨਾਂ ਸਿੱਖ ਤਵਾਰੀਖ਼ ਵਿਚ ਬੜੇ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਰਹੇਗਾ। ਉਹ ਇਕ ਬੇਲਾਗ, ਈਮਾਨਦਾਰ, ਸੱਚੇ-ਸੁਚੇ ਅਤੇ ਸੁਚੱਜੇ ਆਗੂ ਸਨ।

ਮਾਸਟਰ ਤਾਰਾ ਸਿੰਘ ਜੀ ਸਿਰਫ਼ ਇਕ ਆਗੂ ਹੀ ਨਹੀਂ ਬਲਕਿ ਇਕ ਕਾਮਯਾਬ ਅਖ਼ਬਾਰ-ਨਵੀਸ ਅਤੇ ਲੇਖਕ ਵੀ ਸਨ। 1909 ਵਿਚ ਉਨ੍ਹਾਂ ਨੇ "ਸੱਚਾ ਢੰਡੋਰਾ" ਨਾਂ ਦਾ ਅਖ਼ਬਾਰ ਸ਼ੁਰੂ ਕੀਤਾ ਜੋ ਕਈ ਸਾਲ ਕਾਮਯਾਬੀ ਨਾਲ ਚਲਦਾ ਰਿਹਾ।

ਮਗਰੋਂ ਉਨ੍ਹਾਂ ਨੇ ਪ੍ਰਦੇਸਾਂ ਵਿਚ ਰਹਿੰਦੇ ਸਿੱਖਾਂ ਵਾਸਤੇ "ਪ੍ਰਦੇਸੀ ਖਾਲਸਾ" ਅਖ਼ਬਾਰ ਸ਼ੁਰੂ ਕੀਤਾ। ਇੰਜ ਹੀ ਮਾਸਕ ਪੰਥਕ ਰਸਾਲਾ "ਸੰਤ ਸਿਪਾਹੀ" ਵੀ ਉਨ੍ਹਾਂ ਨੇ ਹੀ ਸ਼ੁਰੂ ਕੀਤਾ ਸੀ। ਇਨ੍ਹਾਂ ਸਾਰੀਆਂ ਅਖ਼ਬਾਰਾਂ ਵਿਚ ਉਨ੍ਹਾਂ ਨੇ ਬਹੁਤ ਸਾਰੇ ਲੇਖ, ਐਡੀਟੋਰੀਅਲ ਅਤੇ ਟਿੱਪਣੀਆਂ ਲਿਖੀਆਂ। ਉਨ੍ਹਾਂ ਨੇ ਬਹੁਤ ਸਾਰੇ ਟ੍ਰੈਕਟ ਵੀ ਲਿਖੇ। ਇਨ੍ਹਾਂ ਵਿਚ ਉਨ੍ਹਾਂ ਨੇ ਸਿੱਖ ਸਿਆਸਤ, ਧਰਮ, ਇਤਿਹਾਸ, ਕਲਚਰ ਅਤੇ ਹੋਰ ਬਹੁਤ ਸਾਰੇ ਨੁਕਤਿਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਦੇ ਲੇਖ ਦਲੀਲ ਭਰਪੂਰ ਸਾਦੀ ਬੋਲੀ ਵਿਚ ਅਤੇ ਵਾਕਫ਼ੀ ਨਾਲ ਭਰੇ ਹੁੰਦੇ ਸਨ।

ਮਾਸਟਰ ਤਾਰਾ ਸਿੰਘ ਪੰਜਾਬ ਦੇ ਪਹਿਲੇ ਜੀਵਨੀ-ਲੇਖਕ ਸਨ। ਉਨ੍ਹਾਂ ਦੀ ਜੀਵਨੀ "ਮੇਰੀ ਯਾਦ" 1945 ਵਿਚ ਛਪੀ ਸੀ। ਇਹ ਪੰਜਾਬੀ ਦੀ ਪਹਿਲੀ ਸਵੈ-ਜੀਵਨੀ ਹੈ। 1934-35 ਵਿਚ ਉਨ੍ਹਾਂ ਨੇ ਇਕ ਸਫ਼ਰਨਾਮਾ ਵੀ ਲਿਖਿਆ ਸੀ ਜਿਹੜਾ ਉਨ੍ਹਾਂ ਦੇ ਚੜ੍ਹਾਈ ਕਰਨ ਤੋਂ ਪਿੱਛੋਂ ਉਨ੍ਹਾਂ ਦੀ ਬੇਟੀ ਡਾਕਟਰ ਰਾਜਿੰਦਰ ਕੌਰ ਵੱਲੋਂ ਛਾਪਿਆ ਗਿਆ। ਮਾਸਟਰ ਤਾਰਾ ਸਿੰਘ ਪੰਜਾਬੀ ਦੇ ਪਹਿਲੇ ਕਾਮਯਾਬ ਨਾਵਲ ਲੇਖਕ ਸਨ। ਉਨ੍ਹਾਂ ਦਾ ਨਾਵਲ "ਪ੍ਰੇਮ ਲਗਨ" ਪੰਜਾਬੀ ਦੇ ਕਲਚਰ ਦੀ ਵਧੀਆ ਤਸਵੀਰ ਪੇਸ਼ ਕਰਦਾ ਹੈ। ਉਨ੍ਹਾਂ ਨੇ ਆਪਣੇ ਨਾਵਲਾਂ ਵਿਚ ਅਣਦਿਸਦੇ ਸੰਸਾਰ ਅਤੇ ਮਸਨੂਹੀ ਕਹਾਣੀਆਂ ਨੂੰ ਪੇਸ਼ ਕਰਨ ਦੀ ਬਜਾਇ ਉਸ ਵਿਚ ਆਮ ਲੋਕਾਂ ਦੀ ਜ਼ਿੰਦਗੀ ਅਤੇ ਕਲਚਰ ਨੂੰ ਪੇਸ਼ ਕੀਤਾ ਹੈ। ਪ੍ਰੇਮ ਲਗਨ ਪੰਜਾਬੀ ਨਾਵਲ ਦੀ ਤਵਾਰੀਖ਼ ਵਿਚ ਇਕ ਮੀਲ ਪੱਥਰ ਸੀ। ਜੇ ਕਰ ਮਾਸਟਰ ਤਾਰਾ ਸਿੰਘ ਇਕ ਸਿਆਸੀ ਆਗੂ ਨਾ ਹੁੰਦੇ ਤਾਂ ਇਕ ਵਧੀਆ ਨਾਵਲਿਸਟ ਸਾਬਿਤ ਹੋਣੇ ਸਨ। ਉਨ੍ਹਾਂ ਦਾ ਦੂਜਾ ਨਾਵਲ ਬਾਬਾ ਤੇਗਾ ਸਿੰਘ ਇਕ ਤਵਾਰੀਖ਼ੀ ਨਾਵਲ ਹੈ। ਇਸ ਵਿਚ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਲੜਾਈਆਂ ਦਾ ਬੜੀ ਤਫ਼ਸੀਲ ਨਾਲ ਜ਼ਿਕਰ ਕੀਤਾ ਗਿਆ ਹੈ। ਇਸ ਨਾਵਲ ਵਿਚ ਬਹੁਤ ਸਾਰੀ ਕੀਮਤੀ ਤਵਾਰੀਖ਼ੀ ਸਮੱਗਰੀ ਦਿੱਤੀ ਹੋਈ ਹੈ। ਇਸ ਤੋਂ ਇਹ ਵੀ ਸਾਬਿਤ ਹੁੰਦਾ ਹੈ ਕਿ ਮਾਸਟਰ ਜੀ ਸਿੱਖ ਤਵਾਰੀਖ਼ ਬਾਰੇ ਸੁਚੱਜੀ ਪਕੜ ਰੱਖਦੇ ਸਨ।

ਸਮੁੱਚੇ ਤੌਰ 'ਤੇ ਮਾਸਟਰ ਤਾਰਾ ਸਿੰਘ ਜੀ ਇਕ ਉੱਚੇ ਦਰਜੇ ਦੇ ਪੰਜਾਬੀ ਲੇਖਕ ਸਨ। ਉਨ੍ਹਾਂ ਦੀਆਂ ਲਿਖਤਾਂ ਨੇ ਸਿੱਖਾਂ ਅਤੇ ਗ਼ੈਰ-ਸਿੱਖਾਂ ਨੂੰ ਬਹੁਤ ਅਸਰ-ਅੰਦਾਜ਼ ਕੀਤਾ। ਉਨ੍ਹਾਂ ਦੀ ਕਲਮ ਵਿਚ ਰਵਾਨਗੀ ਸੀ। ਉਹ ਆਪਣੀ ਗੱਲ ਅਜਿਹੇ ਤਰੀਕੇ ਨਾਲ ਪੇਸ਼ ਕਰਦੇ ਸਨ ਕਿ ਪੜ੍ਹਨ ਵਾਲਾ ਕਾਇਲ ਹੋਏ ਬਿਨਾਂ ਨਹੀਂ ਰਹਿ ਸਕਦਾ ਸੀ। ਉਨ੍ਹਾਂ ਦੇ ਲੇਖ ਪੰਜਾਬੀ ਦੇ ਸਭ ਤੋਂ ਵਧੀਆਂ ਲੇਖਾਂ ਵਿਚ ਸ਼ਾਮਿਲ ਕੀਤੇ ਜਾ ਸਕਦੇ ਹਨ। ਮਾਸਟਰ ਜੀ ਨੇ ਸਿੱਖ ਸਿਆਸਤ, ਸਿੱਖ ਤਵਾਰੀਖ਼, ਸਿੱਖ ਕਲਚਰ, ਸਿੱਖ ਧਰਮ ਅਤੇ ਚਲਦੇ ਮਾਮਲਿਆਂ ਬਾਰੇ ਸੈਂਕੜੇ ਲੇਖ ਲਿਖੇ ਸਨ। ਇਨ੍ਹਾਂ ਲੇਖਾਂ ਵਿੱਚੋਂ ਬਹੁਤਿਆਂ ਦੀ ਮਹਾਨਤਾ ਵਕਤ ਦੇ ਨਾਲ ਬਦਲੀ ਨਹੀਂ ਤੇ ਉਹ ਅੱਜ ਵੀ ਨਵੇਂ ਤੇ ਤਾਜ਼ਾ ਜਾਪਦੇ ਹਨ।

ਮਾਸਟਰ ਜੀ ਦੀਆਂ ਲਿਖਤਾਂ ਵਿਚ ਕੁਝ ਕੁ ਕਿਤਾਬੀ ਰੂਪ ਵਿਚ ਛੱਪ ਚੁੱਕੀਆਂ

ਸਨ ਪਰ ਬਹੁਤੀਆਂ ਲਿਖਤਾਂ ਅਜੇ ਅਣਛਪੀਆਂ ਸਨ। ਉਨ੍ਹਾਂ ਦੀਆਂ ਛਪੀਆਂ ਕਿਤਾਬਾਂ ਵੀ ਖ਼ਤਮ ਹੋ ਚੁੱਕੀਆਂ ਸਨ ਅਤੇ ਨਵੇਂ ਐਡੀਸ਼ਨ ਨਹੀਂ ਆ ਰਹੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਮਤੇ ਰਾਹੀਂ ਮਾਸਟਰ ਜੀ ਦੀਆਂ ਲਿਖਤਾਂ ਛਾਪਣ ਦਾ ਫੈਸਲਾ ਕੀਤਾ ਸੀ। ਹਥਲੀ ਕਿਤਾਬ ਇਸ "ਮਾਸਟਰ ਤਾਰਾ ਸਿੰਘ ਲੜੀ" ਦਾ ਇਕ ਹਿੱਸਾ ਹੈ।

ਅਸੀਂ ਵਿੰਗ-ਕਮਾਂਡਰ ਸ: ਕਮਲਜੀਤ ਸਿੰਘ (ਮਾਸਿਕ "ਸੰਤ ਸਿਪਾਹੀ") ਦੇ ਖ਼ਾਸ ਤੌਰ 'ਤੇ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਸਾਨੂੰ ਮਾਸਟਰ ਜੀ ਦੇ ਲੇਖਾਂ ਦੀਆਂ ਫ਼ਾਈਲਾਂ ਦੇ ਕੇ ਸਾਡਾ ਕੰਮ ਹੋਰ ਵੀ ਆਸਾਨ ਕਰ ਦਿੱਤਾ।

ਹਰਜਿੰਦਰ ਸਿੰਘ ਦਿਲਗੀਰ
ਡਾਇਰੈਕਟਰ
ਸਿੱਖ ਇਤਿਹਾਸ ਰੀਸਰਚ ਬੋਰਡ
ਅਤੇ ਸਿੱਖ ਰੈਫਰੈਂਸ ਲਾਇਬਰੇਰੀ

ਸਮਰਪਣ !

ਸਰਦਾਰਨੀ ਤੇਜ ਕੌਰ
ਦੇ ਨਾਂ

ਬਹਾਦਰ ਮਾਈ ਕਿਸ਼ਨ ਕੌਰ ਜੀ

ਅਜੇ ਤਕ ਆਮ ਲੋਕਾਂ ਨੂੰ ਪਤਾ ਨਹੀਂ ਹੈ ਕਿ ਮਾਈ ਕਿਸ਼ਨ ਕੌਰ ਜੀ ਕਿਸ ਤਰ੍ਹਾਂ ਦੇ ਬਹਾਦਰ ਹਨ। ਕਈਆਂ ਲੋਕਾਂ ਦਾ ਖ਼ਿਆਲ ਹੈ ਕਿ ਸ਼ਹੀਦੀ ਜਥੇ ਵੇਲੇ ਹੀ ਇਨ੍ਹਾਂ ਨੇ ਬਹਾਦਰੀ ਕੀਤੀ ਹੈ। ਇਸ ਵਾਸਤੇ ਅਸੀਂ ਕੁਝ ਮੋਟੇ-ਮੋਟੇ ਕਾਰਨਾਮੇ, ਜੋ ਸਾਨੂੰ ਪਤਾ ਲੱਗ ਸਕੇ ਹਨ, ਮਾਈ ਜੀ ਦੇ ਲਿਖਦੇ ਹਾਂ—

ਮਾਈ ਕਿਸ਼ਨ ਕੌਰ ਜੀ ਦੇ ਪਿਤਾ ਦਾ ਨਾਮ ਸ: ਸੋਭਾ ਸਿੰਘ ਸੀ ਤੇ ਮਾਈ ਜੀ ਦਾ ਜਨਮ ਦੌਂਦਰ ਤਹਿਸੀਲ ਮੋਗਾ ਦਾ ਹੈ। ਆਪ ਕਾਓਂਕੇ ਜ਼ਿਲ੍ਹਾ ਲੁਧਿਆਣਾ ਵਿਚ ਵਿਆਹੇ ਗਏ ਸਨ। ਆਪ ਦੇ ਪਤੀ ਦਾ ਨਾਮ ਸ: ਹਰਨਾਮ ਸਿੰਘ ਸੀ, ਜੋ 36 ਰਸਾਲੇ ਵਿਚ ਦਫ਼ੇਦਾਰ ਸਨ। ਆਪ ਦੇ ਤਿੰਨ ਭੁਝੰਗੀ ਤੇ ਇਕ ਭੁਝੰਗਣ ਹੋਈ ਪਰ ਉਹ ਸਾਰੇ ਹੀ ਚੜ੍ਹਾਈ ਕਰ ਗਏ ਹਨ। ਇਸ ਵੇਲੇ ਮਾਈ ਜੀ ਇਕੱਲੇ ਹੀ ਹਨ ਤੇ ਆਪ ਦੀ ਉਮਰ ਲਗਭਗ 68 ਸਾਲ ਹੈ।

ਜਦ ਮਾਈ ਕਿਸ਼ਨ ਕੌਰ ਜੀ ਜਵਾਨ ਸਨ ਤਾਂ ਇਕ ਵੇਰਾਂ ਇਨ੍ਹਾਂ ਨੂੰ ਆਪਣੇ ਪਤੀ ਜੀ ਕੋਲ ਡੇਰਾ ਇਸਮਾਈਲ ਖਾਨ ਤੋਂ ਅਪਾਜ਼ਈ ਤਕ ਟੁਰ ਕੇ ਜਾਣਾ ਪਿਆ। ਉਸ ਪਠਾਣਾਂ ਦੇ ਸਖ਼ਤ ਇਲਾਕੇ ਵਿਚ ਆਪ ਦੇ ਦਿਨ ਪੈਦਲ ਟੁਰ ਕੇ ਅਪਾਜ਼ਈ ਪੁੱਜੇ, ਹਾਲਾਂ ਕਿ ਉਹ ਇਲਾਕਾ ਅਜਿਹਾ ਸਖ਼ਤ ਹੈ ਕਿ ਉਥੇ ਦੋ ਕੋਹ ਇਸ ਤਰ੍ਹਾਂ ਟੁਰਨਾ ਭੀ ਔਖਾ ਹੈ। ਉਥੇ ਵੀਹ-ਵੀਹ ਕੋਹ ਤਕ ਪਾਣੀ ਨਹੀਂ ਲੱਭਦਾ।

ਇਕ ਵੇਰਾਂ ਦੀ ਗੱਲ ਹੈ ਕਿ ਆਪ ਕਾਓਂਕੇ ਪਿੰਡ ਵਿਚ ਰਹਿੰਦੇ ਸਨ ਤੇ ਆਪ ਦੇ ਪਤੀ ਜੀ ਬਾਹਰ ਨੌਕਰ ਸਨ। ਇਕ ਜੁਲਾਹਾ ਆਪ ਉੱਤੇ ਬਦਨਜ਼ਰ ਹੋ ਗਿਆ। ਆਪ ਨੇ ਉਸ ਨੂੰ ਘਰ ਸਦ ਕੇ ਬਿਠਾ ਲਿਆ ਤੇ ਦਾੜ੍ਹੀਓਂ ਫੜ ਲਿਆ। ਇਕ ਹੱਥ ਨਾਲ ਦਾੜ੍ਹੀ ਫੜੀ ਤੇ ਦੂਜੇ ਨਾਲ ਛਿੱਤਰ ਲਾਹ ਕੇ ਦਿਹ ਸਿਰ ਵਿਚ ਕਾੜ ਕਾੜ ਮਾਰਨੇ ਸ਼ੁਰੂ ਕਰ ਦਿੱਤੇ। ਰੌਲਾ ਪੈ ਗਿਆ ਤੇ ਲੋਕਾਂ ਨੇ ਉਸ ਕਾਇਰ ਜੁਲਾਹੇ ਨੂੰ ਆ ਕੇ ਛੁਡਾਇਆ। ਇਸ ਸਾਕੇ ਦੀਆਂ ਉਸ ਇਲਾਕੇ ਵਿਚ ਲੋਕਾਂ ਨੇ ਆਪਣੇ ਮਕਾਨਾਂ ਉੱਤੇ ਤਸਵੀਰਾਂ ਬਣਾਈਆਂ। ਕਈ ਥਾਈਂ ਅਜੇ ਤਕ ਤਸਵੀਰਾਂ ਹਨ, ਜਿਨ੍ਹਾਂ ਵਿਚ ਮਾਈ ਕਿਸ਼ਨ ਕੌਰ ਰਹਿਮਤ ਜੁਲਾਹੇ ਨੂੰ ਦਾੜ੍ਹੀਓਂ ਫੜ ਕੇ ਛਿੱਤਰ ਮਾਰਦੀ ਦਸੀ ਹੋਈ ਹੈ।

ਕਾਓਂਕੇ ਪਿੰਡ ਦੇ ਬਾਹਰ ਗੁਰਦੁਆਰਾ ਗੁਰੂ ਸਰ ਹੈ। ਉਥੇ ਮਾਈ ਜੀ ਰੋਜ਼ ਜਾਇਆ ਕਰਦੇ ਸਨ। ਇਕ ਦਿਨ ਮੀਂਹ ਹਨ੍ਹੇਰੀ ਵਿਚ ਨਿਸ਼ਾਨ ਸਾਹਿਬ ਡਿੱਗ ਪਿਆ। ਜਦ ਮਾਈ ਜੀ ਗੁਰਦੁਆਰੇ ਪੁੱਜੇ ਤਾਂ ਨਿਹੰਗ ਅੰਦਰ ਹੀ ਵੜੇ ਹੋਏ ਸਨ ਤੇ ਨਿਸ਼ਾਨ

ਸਾਹਿਬ ਚੜ੍ਹਾਉਣ ਲਈ ਮੀਂਹ ਹਨ੍ਹੇਰੀ ਵਿਚ ਬਾਹਰ ਨਾ ਨਿਕਲਣ। ਮਾਈ ਜੀ ਨੇ ਨਿਸ਼ਾਨ ਸਾਹਿਬ ਫੜਿਆ ਤੇ ਆਪ ਦਰਖ਼ਤ ਉੱਤੇ ਉਸੇ ਮੀਂਹ ਹਨ੍ਹੇਰੀ ਵਿਚ ਚੜ੍ਹ ਗਏ ਤੇ ਨਿਸ਼ਾਨ ਸਾਹਿਬ ਉੱਤੇ ਚੜ੍ਹਾ ਦਿੱਤਾ। ਇਸ ਪੁਰ ਨਿਹੰਗਾਂ ਨੂੰ ਬੜੀ ਸ਼ਰਮ ਆਈ।

ਜਦ ਤੋਂ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਹੈ, ਮਾਈ ਕਿਸ਼ਨ ਕੌਰ ਜੀ ਕਰੀਬਨ ਹਰ ਮੋਰਚੇ ਵਿਚ ਸਿੰਘਾਂ ਦੀ ਸੇਵਾ ਲਈ ਪੁੱਜਦੇ ਰਹੇ ਹਨ। ਆਪ ਦੀ ਸਾਥਨ ਇਕ ਹੋਰ ਮਾਈ ਤੇਜ ਕੌਰ ਸੀ। ਇਹ ਦੋਵੇਂ ਮਾਈਆਂ ਬਾਬੇ ਦੀ ਬੇਰ ਮੋਰਚੇ ਵਿਚ ਭੀ ਪੁੱਜੀਆਂ ਹੋਈਆਂ ਸਨ। ਜਦ ਨਨਕਾਣੇ ਸਾਹਿਬ ਦੇ ਸਾਕੇ ਮਗਰੋਂ ਪੁਲਿਸ ਨੇ ਸਿੰਘਾਂ ਉੱਤੇ ਸਖ਼ਤੀ ਸ਼ੁਰੂ ਕੀਤੀ ਤਾਂ ਮਾਈ ਜੀ ਨੇ ਉਥੇ ਗ੍ਰਿਫ਼ਤਾਰ ਹੋਏ ਸਿੰਘਾਂ ਦੀ ਸੇਵਾ ਆਪ ਸਾਂਭੀ। ਮਾਈ ਜੀ ਪ੍ਰਸ਼ਾਦੇ ਲੈ ਕੇ ਹਵਾਲਾਤ ਵਿਚ ਪੁੱਜਦੇ ਸਨ ਤੇ ਉਥੇ ਪਾਣੀ ਲਿਜਾ ਕੇ ਸਿੰਘਾਂ ਨੂੰ ਇਸ਼ਨਾਨ ਵੀ ਕਰਾ ਆਉਂਦੇ ਹਨ। ਪੁਲਿਸ ਘੋੜਿਆਂ ਉੱਤੇ ਚੜ੍ਹੀ ਹਰਲ-ਹਰਲ ਕਰਦੀ ਫਿਰਦੀ ਸੀ। ਕਈ ਵੇਰਾਂ ਪੁਲਿਸ ਨੇ ਮਾਈ ਜੀ ਨੂੰ ਰੋਕਿਆ ਪਰ ਮਾਈ ਜੀ ਨੇ ਕੱਖ ਪ੍ਰਵਾਹ ਨਾ ਕੀਤੀ। ਉਥੇ ਹੀ ਮਾਈ ਜੀ ਨੇ ਮਾਲ ਜੀ ਸਾਹਿਬ ਕੋਈ ਮਹੀਨਾ ਭਰ ਲੰਗਰ ਦੀ ਸੇਵਾ ਕੀਤੀ।

ਗੁਰੂ ਕੇ ਬਾਗ਼ ਦੇ ਮੋਰਚੇ ਵੇਲੇ ਮਾਈ ਜੀ ਗੁਰੂ ਕੇ ਬਾਗ਼ ਪੁੱਜੇ ਤੇ ਕਈ ਵੇਰਾਂ ਆਪ ਨੇ ਸਿੰਘਾਂ ਨੂੰ ਰਸਦ ਪੁਚਾਈ। ਆਪ ਗੁਰੂ ਕੇ ਬਾਗ਼ ਦੇ ਫੱਟੜਾਂ ਨੂੰ ਲਿਆਉਣ ਲਈ ਰੋਜ਼ ਮੋਟਰ ਲਾਰੀਆਂ ਨਾਲ ਜਾਇਆ ਕਰਦੇ ਸਨ ਤੇ ਬੇਹੋਸ਼ ਪਏ ਵੀਰਾਂ ਦੇ ਮੂੰਹ ਵਿਚ ਪਾਣੀ ਪਾ ਕੇ ਉਹਨਾਂ ਨੂੰ ਲਾਰੀਆਂ ਵਿਚ ਪਾਉਣ ਵਿਚ ਸਹਾਇਤਾ ਕਰਦੇ ਸਨ। ਮਾਈ ਜੀ ਦੀ ਤਬੀਅਤ ਵਿਚ ਬਹਾਦਰੀ ਬਹੁਤ ਹੈ। ਇਕ ਵੇਰਾਂ ਆਪ ਨੇ ਵੇਖਿਆ ਕਿ ਇਕ ਜ਼ੈਲਦਾਰ ਪਿੰਡ ਵਿੱਚੋਂ ਕੁਰਸੀਆਂ ਗੁਰੂ ਕੇ ਬਾਗ਼ ਵਾਲੀ ਪੁਲਿਸ ਵਾਸਤੇ ਲਿਆ ਰਿਹਾ ਹੈ। ਆਪ ਨੇ ਉਸ ਤੋਂ ਦੋ ਕੁਰਸੀਆਂ ਖੋਹ ਲਈਆਂ ਤੇ ਉਸ ਦੇ ਸਾਹਮਣੇ ਹੀ ਫੂਕ ਸੁੱਟੀਆਂ। ਜ਼ੈਲਦਾਰ ਨੇ ਬੀਟੀ ਕੋਲ ਜਾ ਕੇ ਸ਼ਿਕਾਇਤ ਲਾਈ, ਪਰ ਬੀਟੀ ਨੇ ਅੱਗੋਂ ਕਿਹਾ ਕਿ ਇਕ ਤੀਵੀਂ ਤੈਥੋਂ ਕੁਰਸੀਆਂ ਖੋਹ ਕੇ ਲੈ ਗਈ ਹੈ ! ਇਸ ਗੱਲ ਨੂੰ ਚੁੱਪ ਹੀ ਕਰ ਰਹੋ।

ਮੁਕਤਸਰ ਮੋਰਚੇ ਵਿਚ ਭੀ ਮਾਈ ਜੀ ਪੁੱਜੇ ਸਨ। ਉਥੇ ਭੀ ਆਪ ਨੇ ਬੜੀ ਸੇਵਾ ਕੀਤੀ ਸੀ। ਸਿਖਾਇਆ ਤੇ ਉਸ ਮਹਿਰੀ ਨੇ ਕੁਝ ਸਿੰਘਾਂ ਦੇ ਕੋਲ ਜਾ ਕੇ ਘੜਾ ਸੁੱਟ ਦਿੱਤਾ ਤੇ ਚੁਹਾਈ ਮਚਾ ਦਿੱਤੀ। ਮਾਈ ਜੀ ਝਟ ਉੱਥੇ ਪੁੱਜੇ ਤੇ ਉਸ ਮਹਿਰੀ ਨੂੰ ਕਹਿਣ ਲੱਗੇ ਕਿ ਤੂੰ ਸਿੱਖੀ ਸਿਖਾਈ ਆਈ ਹੈਂ, ਮਰਦ ਆਪੋ ਵਿਚ ਨਿਬੜਨਗੇ, ਪਰ ਜੇ ਤੂੰ ਹੱਥ ਵੇਖਣੇ ਹਨ ਤਾਂ ਸਾਰੇ ਹੀ ਸ਼ਹਿਰ ਦੀਆਂ ਤੀਵੀਆਂ ਇਕੱਠੀਆਂ ਕਰ ਲਿਆ ਤੇ ਮੇਰੇ ਨਾਲ ਦੋ-ਦੋ ਹੱਥ ਕਰ ਲੈ।

ਜਦ ਸ੍ਰੀ ਅਕਾਲ ਤਖ਼ਤ ਸਾਹਿਬ ਸਾਧਾਂ ਨੇ ਹਮਲਾ ਕੀਤਾ ਸੀ ਤਾਂ ਪਾਠਕਾਂ ਨੂੰ ਯਾਦ ਹੋਵੇਗਾ ਕਿ ਦੋ ਮਾਈਆਂ ਨੇ ਹੀ ਪਹਿਲਾਂ ਸਾਧਾਂ ਦਾ ਟਾਕਰਾ ਕੀਤਾ ਸੀ ਤੇ ਉਨ੍ਹਾਂ ਨੂੰ ਸ਼ਸਤ੍ਰਾਂ ਵਾਲੀ ਅਲਮਾਰੀ ਨਹੀਂ, ਤੋੜਨ ਦਿੱਤੀ ਸੀ। ਦੋਹਾਂ ਮਾਈਆਂ

ਨੂੰ ਬਹੁਤ ਜ਼ਖ਼ਮ ਆਏ ਸਨ, ਪਰ ਇਤਨੇ ਚਿਰ ਨੂੰ ਸਿੰਘ ਅਪੜ ਪਏ ਸਨ ਤੇ ਇਹਨਾਂ ਦੋਹਾਂ ਮਾਈਆਂ ਵਿਚ ਭੀ ਇਕ ਮਾਈ ਕਿਸ਼ਨ ਕੌਰ ਹੀ ਸੀ।

ਜਦ ਪਹਿਲਾ ਸ਼ਹੀਦੀ ਜਥਾ ਜੈਤੋ ਨੂੰ ਤੁਰਿਆ ਤਾਂ ਮਾਈ ਜੀ ਪਹਿਲਾਂ ਭਾਈ ਫੇਰੂ ਅੱਪੜੇ, ਕਿਉਂਕਿ ਉਸ ਗੁਰਦੁਆਰੇ ਦੇ ਆਪ ਨੇ ਦਰਸ਼ਨ ਨਹੀਂ ਕੀਤੇ ਹੋਏ ਸਨ। ਉਥੇ ਆਪ ਨੇ ਸਿੰਘਾਂ ਨੂੰ ਕਿਹਾ ਕਿ ਅਰਦਾਸਾ ਕਰੋ ਕਿ ਮੈਂ ਜੈਤੋ ਹੀ ਸ਼ਹੀਦ ਹੋ ਜਾਵਾਂ ਜਾਂ ਗ੍ਰਿਫ਼ਤਾਰ ਹੋ ਜਾਵਾਂ। ਇਹ ਅਰਦਾਸਾ ਸੁਧਾ ਕੇ ਆਪ ਮਾਈ ਤੇਜ ਕੌਰ ਸਣੇ ਸ਼ਹੀਦੀ ਜਥੇ ਵੱਲ ਤੁਰੇ ਤੇ ਸ਼ਹੀਦੀ ਜਥੇ ਨੂੰ ਜੀਰੇ ਜਾ ਮਿਲੇ। ਮਾਈ ਤੇਜ ਕੌਰ ਬਾਹੀਏ ਦੀ ਰਹਿਣ ਵਾਲੀ ਹੈ। ਇਹ ਦੋਵੇ ਮਾਈਆਂ ਜ਼ੀਰੇ ਤੋਂ ਬਗਰਾੜੀ ਤਕ ਜਥੇ ਨਾਲ ਗਈਆਂ ਤੇ ਰਾਹ ਵਿਚ ਉਪਦੇਸ਼ ਦੇਂਦੀਆਂ ਗਈਆਂ ਕਿ ਸ਼ਹੀਦੀ ਰੁੱਤ ਆ ਗਈ ਹੈ, ਲੋਕਾਂ ਨੂੰ ਸ਼ਹੀਦੀ ਲਈ ਤਿਆਰ ਹੋ ਜਾਣਾ ਚਾਹੀਦਾ ਹੈ।

ਭੇਸ ਬਦਲਾ ਲਿਆ

ਤਰ੍ਹਾਂ ਤਰ੍ਹਾਂ ਦੀਆਂ ਅਫ਼ਵਾਹਾਂ ਉੱਡ ਰਹੀਆਂ ਸਨ ਕਿ ਜੈਤੋ ਪੁੱਜ ਕੇ ਜਥੇ ਨਾਲ ਕੀ ਬੀਤੇਗਾ। ਇਸ ਵਾਸਤੇ ਮਾਈ ਕਿਸ਼ਨ ਕੌਰ ਤੇ ਮਾਈ ਤੇਜ ਕੌਰ ਨੇ ਸਲਾਹ ਕਰਕੇ ਉਥੇ ਭੇਸ ਵਟਾ ਲਿਆ ਤੇ ਜੈਤੋ ਭੇਦ ਲੈਣ ਲਈ ਤੁਰ ਪਈਆਂ। ਬਾਣੀਏ ਇਸਤਰੀਆਂ ਦਾ ਦੋਹਾਂ ਨੇ ਭੇਸ ਕਰ ਲਿਆ ਤੇ ਮਾਈ ਕਿਸ਼ਨ ਕੌਰ ਸੱਸ ਬਣੀ ਤੇ ਮਾਈ ਤੇਜ ਕੌਰ ਨੂੰਹ ਬਣੀ। ਇਹ ਦੋਵੇ ਨੂੰਹ ਸੱਸ ਜੈਤੋ ਪੁੱਜੀਆਂ। ਰਾਹ 'ਚ ਕਈ 'ਤੇ ਥਾਂ ਫ਼ੌਜ ਨੇ ਇਨ੍ਹਾਂ ਨੂੰ ਰੋਕਿਆ ਪਰ ਇਹ ਜੈਤੋ ਅੱਪੜ ਹੀ ਪਈਆਂ। ਜੈਤੋ ਜਾ ਕੇ ਸਾਰਾ ਹਾਲ ਪਤਾ ਕੀਤਾ ਤੇ ਫ਼ੌਜ ਦੀ ਸਾਰੀ ਤਿਆਰੀ ਵੇਖੀ। ਉਥੇ ਪਿੰਡਾਂ ਦੇ ਲੋਕਾਂ ਲਈ ਰਿਆਸਤ ਵੱਲੋਂ ਕੜਾਹ ਪੂੜੀ ਦਾ ਲੰਗਰ ਤਿਆਰ ਸੀ। ਉਥੋਂ ਪੂੜੀਆਂ ਲਈਆਂ ਤੇ ਜਿਸ ਰਸਤੇ ਜਥੇ ਨੇ ਪੁੱਜਣਾ ਸੀ ਉਸੇ ਰਸਤਿਓਂ ਪਿਛਾਂਹ ਨੂੰ ਮੁੜੇ। ਤਾਰਾਂ ਦੇ ਘੇਰੇ ਅਦਿਕ ਸਭ ਵੇਖਦੇ ਆਏ। ਫ਼ੌਜੀਆਂ ਨੇ ਕਈ ਥਾਂਈ ਕਿਹਾ ਕਿ ਮਾਈ ਇਧਰੋ ਨਾ ਜਾਓ, ਇਧਰ ਅਕਾਲੀਆਂ ਤੇ ਫ਼ੌਜ ਦਾ ਟਾਕਰਾ ਹੋਣਾ ਹੈ ਪਰ ਮਾਈ ਜੀ ਇਹੋਂ ਜਵਾਬ ਦੇਣ ਕਿ ਭਾਈ ਸਾਨੂੰ ਫ਼ੌਜ ਨਾਲ ਕੀ ਤੇ ਅਕਾਲੀਆਂ ਨਾਲ ਕੀ, ਅਸਾਂ ਤਾਂ ਪਿੰਡ ਰਣ ਸਿੰਘ ਵਾਲੇ ਜਾਣਾ ਹੈ। ਇਸ ਤਰ੍ਹਾਂ ਨਾਲ ਆਪ ਉਥੋਂ ਨਿਕਲ ਕੇ ਜਥੇ ਨੂੰ ਆ ਮਿਲੇ ਤੇ ਸਾਰਾ ਹਾਲ ਆ ਸੁਣਾਇਆ ਕਿ ਮੁਰਦਿਆਂ ਲਈ ਸੰਦੂਕ ਤਿਆਰ ਹਨ, ਕੰਡੇਦਾਰ ਤਾਰਾਂ ਫੇਰ ਕੇ ਜਥੇ ਨੂੰ ਘੇਰ ਕੇ ਮਾਰਨ ਦੀ ਤਿਆਰੀ ਹੈ, ਪਿੰਡਾਂ ਤੋਂ ਗੱਡੇ ਲਿਆ ਕੇ ਰਸਤਾ ਬੰਦ ਕੀਤਾ ਹੋਇਆ ਹੈ, ਆਦਿਕ। ਇਕ ਗੱਲ ਅਸੀਂ ਭੁੱਲ ਗਏ। ਜਦ ਮਾਈ ਜੀ ਜੈਤੋ ਤੋਂ ਮੁੜਨ ਲੱਗੇ ਤਾਂ ਆਪ ਨੇ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਤੇ ਉਥੋਂ ਵਾਕ ਨਿਕਲਿਆ :-

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥(ਪੰਨਾ ੭੨੨)

ਉਥੋਂ ਜਥੇ ਨਾਲ ਰਲ ਕੇ ਮਾਈ ਜੀ ਜੈਤੋ ਦੇ ਲਾਗੇ ਪੁੱਜੇ ਤੇ ਵਿਲਸਨ ਜਾਨਸਨ ਦੇ ਇਸ਼ਾਰਾ ਕਰਨ ਉੱਤੇ ਗੋਲੀ ਚਲਣੀ ਸ਼ੁਰੂ ਹੋਈ। ਮਾਈ ਜੀ ਨੇ ਇਕ ਸਿਪਾਹੀ ਨੂੰ ਕਿਹਾ ਕਿ ਮੈਨੂੰ ਭੀ ਗੋਲੀ ਮਾਰੋ ਪਰ ਉਸ ਸਿਪਾਹੀ ਨੇ ਮਾਈ ਜੀ ਨੂੰ ਪਕੜ ਕੇ ਲਾਂਭੇ ਕਰ ਦਿੱਤਾ। ਮਾਈ ਜੀ ਫਿਰ ਜਥੇ ਵਿਚ ਆ ਗਏ ਤੇ ਸਿੰਘਾਂ ਨੂੰ ਦਲੇਰੀ ਦੇਣ ਲੱਗ ਪਏ। ਜਦ ਜਥਾ ਟਿੱਬੀ ਸਾਹਿਬ ਪੁੱਜਾ ਤਾਂ ਉਥੇ ਮਾਈ ਜੀ ਜ਼ਖ਼ਮੀ ਸਿੰਘਾਂ ਦੇ ਮੂੰਹ 'ਚ ਖੂਹ ਵਿੱਚੋਂ ਪਾਣੀ ਕੱਢ ਕੇ ਪਾਉਣ ਲੱਗ ਪਏ। ਨੌਕਰਸ਼ਾਹੀ ਅਫ਼ਸਰਾਂ ਨੇ ਮਨਾਂ ਕੀਤਾ, ਪਰ ਮਾਈ ਜੀ ਨੇ ਕਿਹਾ ਕਿ ਮੈਂ ਤਾਂ ਆਪਣੇ ਬੱਚਿਆਂ ਨਾਲ ਇਥੇ ਹੀ ਮਰਾਂਗੀ। ਇਸ ਉੱਤੇ ਮਾਈ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਨਾਭਾ ਜੇਲ੍ਹ ਵਿਚ ਚਾਰ ਸਾਲ ਪੰਜ ਮਹੀਨੇ ਇਕ ਅੱਡਰੀ ਕੋਠੀ ਵਿਚ ਬੰਦ ਰੱਖਿਆ ਗਿਆ। ਹੁਣ ਮਾਈ ਜੀ ਵਾਪਸ ਆਏ ਹਨ, ਪਰ ਆਪ ਦਾ ਸਰੀਰ ਇਤਨਾ ਦੁਬਲਾ ਹੋ ਗਿਆ ਹੈ ਕਿ ਆਪ ਸਹਾਰੇ ਬਿਨਾਂ ਸਟੇਸ਼ਨ ਦਾ ਪੁਲ ਭੀ ਨਾ ਚੜ੍ਹ ਸਕੇ। ਨੌਕਰਸ਼ਾਹੀ ਨੇ ਭੀ ਜ਼ੁਲਮ ਦੀ ਕੋਈ ਹੱਦ ਨਹੀਂ ਰੱਖੀ।

✲ ✲ ✲

ਧਰਮ ਨੂੰ ਸ਼ਕਲ ਦੀ ਲੋੜ

ਅੱਜ-ਕਲ੍ਹ ਕਈ ਸੱਜਣ ਅਜੇਹੇ ਹਨ ਜੋ ਕਹਿੰਦੇ ਹਨ ਕਿ ਕਿਸੇ ਧਰਮ ਚੱਲਣ ਲਈ ਕਿਸੇ ਖ਼ਾਸ ਸ਼ਕਲ ਦੀ ਲੋੜ ਨਹੀਂ ਹੈ। ਉਹ ਕਹਿੰਦੇ ਹਨ ਕਿ ਧਰਮ ਦਾ ਵਾਸਤਾ ਸਾਡੇ ਮਨ ਤੇ ਆਤਮਾ ਨਾਲ ਹੈ। ਇਸ ਦਾ ਕੋਈ ਸਬੰਧ ਸਾਡੇ ਸਰੀਰ ਨਾਲ ਨਹੀਂ ਹੋਣਾ ਚਾਹੀਦਾ ਹੈ। ਇਸ ਗੱਲ ਵਿਚ ਉਹ ਠੀਕ ਭੀ ਹਨ ਤੇ ਗਲਤ ਭੀ। ਇਤਨੀ ਗੱਲ ਵਿਚ ਤਾਂ ਠੀਕ ਹਨ ਕਿ ਧਰਮ ਤਾਂ ਸਾਨੂੰ ਆਤਮਕ ਜੀਵਨ ਦੇਣ ਵਾਲੀ ਚੀਜ਼ ਹੈ ਤੇ ਇਸ ਦਾ ਅਸਲ ਸਬੰਧ ਆਤਮਾ ਨਾਲ ਹੈ : ਪਰ ਇਹ ਉਨ੍ਹਾਂ ਦੀ ਗ਼ਲਤੀ ਹੈ, ਜਦ ਉਹ ਕਹਿੰਦੇ ਹਨ ਕਿ ਧਰਮ ਦਾ ਸਬੰਧ ਸਰੀਰ ਨਾਲ ਕੋਈ ਨਹੀਂ ਹੈ। ਕੀ ਆਤਮਾ ਦਾ ਸਬੰਧ ਸਰੀਰ ਨਾਲ ਨਹੀਂ ਹੈ ? ਫਿਰ ਜੇ ਆਤਮਾ ਦਾ ਸਬੰਧ ਸਰੀਰ ਨਾਲ ਹੋ ਸਕਦਾ ਹੈ ਤੇ ਧਰਮ ਦਾ ਸਬੰਧ ਆਤਮਾ ਨਾਲ ਹੈ ਤਾਂ ਆਪੇ ਧਰਮ ਦਾ ਸਬੰਧ ਸਰੀਰ ਨਾਲ ਬਣ ਗਿਆ।

ਧਰਮ ਦਾ ਸਬੰਧ ਬਾਹਰ ਦੇ ਚਿੰਨ੍ਹਾਂ ਨਾਲ ਉਹੋ ਹੀ ਹੈ ਜੋ ਆਤਮਾ ਦਾ ਇਸ ਸਰੀਰ ਨਾਲ ਹੈ। ਅਸਲ ਵਸਤੂ ਆਤਮਾ ਹੈ, ਪਰ ਆਤਮਾ ਨੂੰ ਆਪਣਾ ਕੰਮ ਸਾਰਨ ਲਈ ਤੇ ਆਪਣੇ ਖ਼ਿਆਲਾਤ ਪ੍ਰਗਟ ਕਰਨ ਲਈ ਸਰੀਰ ਤੇ ਸਰੀਰਕ ਇੰਦ੍ਰੀਆਂ ਦੀ ਲੋੜ ਪੈਂਦੀ ਹੈ। ਕਈ ਧਾਰਮਿਕ ਲੋਕੀਂ ਤਾਂ ਇਹ ਨਿਸ਼ਚਾ ਕਰਦੇ ਹਨ ਕਿ ਆਤਮਾ ਸਦਾ ਹੀ ਕਿਸੇ ਨਾ ਕਿਸੇ ਕਿਸਮ ਦੇ ਸਰੀਰ ਵਿਚ ਨਿਵਾਸ ਕਰਦੀ ਹੈ। ਸਰੀਰ ਬਿਨਾਂ ਆਤਮਾ ਦਾ ਕੋਈ ਟਿਕਾਣਾ ਨਹੀਂ ਹੈ। ਇਸ ਭਾਵ ਵਿਚ ਤਾਂ ਅਸੀਂ ਕਹਿ ਸਕਦੇ ਹਾਂ ਕਿ ਧਰਮ ਹੀ ਕੇਵਲ ਸਰੀਰਕ ਕੰਮਾਂ ਦੇ ਆਸਰੇ ਹੈ। ਜੇਕਰ ਆਤਮਾ ਵਿਚ ਪ੍ਰੇਮ ਹੈ ਤਾਂ ਜ਼ਰੂਰੀ ਗੱਲ ਹੈ ਕਿ ਉਸ ਦਾ ਉਹ ਪ੍ਰੇਮ ਆਪਣੀ ਬਾਹਰਲੀ ਸ਼ਕਲ ਸੇਵਾ ਤੇ ਪਰਉਪਕਾਰ ਵਿਚ ਪ੍ਰਗਟ ਹੋਵੇ। ਇਸੇ ਤਰ੍ਹਾਂ ਆਤਮਾ ਦੇ ਗੁਣ-ਔਗੁਣ ਆਖਰ ਸਰੀਰਕ ਕੰਮਾਂ ਦੁਆਰਾ ਪ੍ਰਗਟ ਹੁੰਦੇ ਹਨ। ਇਹ ਹੋ ਨਹੀਂ ਸਕਦਾ ਕਿ ਆਤਮਾ ਵਿਚ ਕੋਈ ਗੁਣ ਯਾ ਔਗੁਣ ਹੋਵੇ ਤੇ ਉਹ ਕੋਈ ਸਰੀਰ ਦੀ ਸ਼ਕਲ ਨਾ ਧਾਰਨ ਕਰੇ। ਇਥੇ ਤਕ ਹਾਲਤ ਹੈ ਕਿ ਆਮ ਕਰ ਕੇ ਆਤਮਾ ਦੇ ਮੋਟੇ-ਮੋਟੇ ਗੁਣ ਤੇ ਔਗੁਣ ਤਾਂ ਕਿਸੇ ਆਦਮੀ 'ਚ ਸ਼ਕਲ ਵੇਖ ਕੇ ਹੀ ਪਛਾਣੇ ਜਾ ਸਕਦੇ ਹਨ। ਸੱਚ ਤਾਂ ਇਹ ਹੈ ਕਿ ਸਰੀਰ ਸਾਰਾ ਹੀ ਆਤਮਾ ਦੀ ਘਾੜਤ ਹੈ। ਜਿਸ ਤਰ੍ਹਾਂ ਦਾ ਆਤਮਾ ਹੈ, ਉਸੇ ਤਰ੍ਹਾਂ ਉਹ ਆਪਣਾ ਦੁਆਲੇ ਬਣਾ ਲੈਂਦਾ ਹੈ।

ਠੀਕ ਇਹੋ ਹੀ ਹਾਲਤ ਕਿਸੇ ਭੀ ਧਰਮ ਦੀ ਇਕੱਠੇ ਤੌਰ 'ਤੇ ਹੈ। ਜੋ ਆਦਮੀ ਭੀ ਕਿਸੇ ਧਰਮ ਵਿਚ ਨਿਸ਼ਚਾ ਰੱਖਦਾ ਹੈ, ਉਸ ਧਰਮ ਦੇ ਉਪਦੇਸ਼ ਉਸ

ਉੱਤੇ ਅਸਰ ਕਰਦੇ ਹਨ ਤੇ ਇਹ ਅਸਰ ਸਰੀਰਕ ਕੰਮਾਂ ਦੁਆਰਾ ਪ੍ਰਗਟ ਹੁੰਦੇ ਹਨ। ਜੋ ਖ਼ਾਸ ਗੱਲਾਂ ਕਿਸੇ ਧਰਮ ਵਿਚ ਹੁੰਦੀਆਂ ਹਨ, ਉਹ ਖ਼ਾਸ ਚਿੰਨ੍ਹਾਂ ਰਾਹੀਂ ਪ੍ਰਗਟ ਹੋ ਜਾਂਦੀ ਹੈ। ਜਿਸ ਤਰ੍ਹਾਂ ਆਤਮਾ ਦੇ ਕੰਮ ਕਰਨ ਲਈ ਸਰੀਰ ਜ਼ਰੂਰੀ ਹੈ, ਇਸੇ ਤਰ੍ਹਾਂ ਕਿਸੇ ਧਰਮ ਨੂੰ ਜ਼ਿੰਦਾਂ ਰੱਖਣ ਲਈ ਕੌਮੀਅਤ ਤੇ ਇਸ ਕਰਕੇ ਕੌਮੀਅਤ ਦੇ ਚਿੰਨ੍ਹ ਜ਼ਰੂਰੀ ਹਨ। ਅਸਲ ਗੱਲ ਇਹ ਹੈ ਕਿ ਜਿਸ ਤਰ੍ਹਾਂ ਆਤਮਾ ਆਪਣੇ ਦੁਆਲੇ ਸਰੀਰ ਨੂੰ ਬਣਾਂਦਾ ਹੈ, ਠੀਕ ਉਸੇ ਤਰ੍ਹਾਂ ਧਾਰਮਿਕ ਅਸੂਲ ਆਪਣੇ ਦੁਆਲੇ ਚਿੰਨ੍ਹ ਬਣਾ ਲੈਂਦੇ ਹਨ। ਜੇਕਰ ਕਿਸੇ ਧਰਮ ਦਾ ਕੋਈ ਚਿੰਨ੍ਹ ਬਿਨਾਂ ਕਾਰਨ ਹੀ ਬਣਾ ਲਿਆ ਜਾਵੇ ਤਾਂ ਉਹ ਵਾਧੂ ਮਾਪ ਬਣ ਕੇ ਸਗੋਂ ਬੀਮਾਰੀਆਂ ਪੈਦਾ ਕਰੇਗਾ ਪਰ ਨਾਲ ਹੀ ਇਹ ਭੀ ਹੋਇਆ ਕਰਦਾ ਹੈ ਕਿ ਕਈ ਵੇਰਾਂ ਧਾਰਮਿਕ ਚਿੰਨ੍ਹ ਅਸਲ ਰੂਹ ਤੋਂ ਖ਼ਾਲੀ ਹੁੰਦੇ ਹਨ। ਉਸ ਵੇਲੇ ਇਨ੍ਹਾਂ ਧਾਰਮਿਕ ਚਿੰਨ੍ਹਾਂ ਦੀ ਉਹੋ ਹਾਲਤ ਹੁੰਦੀ ਹੈ ਜੋ ਸਰੀਰ ਦੀ ਬਿਨਾਂ ਆਤਮਾ ਦੀ ਹੁੰਦੀ ਹੈ। ਜਿਸ ਤਰ੍ਹਾਂ ਆਤਮਾਹੀਣਾਂ ਸਰੀਰ ਬੋ ਛੱਡਦਾ ਹੈ ਤੇ ਉਸ ਨੂੰ ਜਲਾ ਦੇਣਾ ਹੀ ਚੰਗਾ ਹੋਇਆ ਕਰਦਾ ਹੈ, ਇਸੇ ਤਰ੍ਹਾਂ ਧਾਰਮਿਕ ਚਿੰਨ੍ਹ ਅਸਲ ਧਾਰਮਿਕ ਰੂਹ ਬਿਨਾਂ ਨਿਰਾ ਪਖੰਡ ਹੀ ਹਨ ਤੇ ਅਜੇਹੀ ਹਾਲਤ ਵਿਚ ਉਨ੍ਹਾਂ ਨੂੰ ਜਲਾ ਦੇਣਾ ਹੀ ਚੰਗਾ ਹੈ।

ਇਹ ਕਿਹਾ ਜਾਂਦਾ ਹੈ ਕਿ ਈਸਾਈ ਧਰਮ ਦੇ ਕੋਈ ਚਿੰਨ੍ਹ ਨਹੀਂ ਹਨ। ਇਹ ਗੱਲ ਗਲਤ ਹੈ। ਜਦ ਕਿਸੇ ਹਿੰਦੂ ਨੂੰ ਈਸਾਈ ਬਣਾਇਆ ਜਾਂਦਾ ਹੈ ਤਾਂ ਉਸ ਦੀ ਬੋਦੀ ਕੱਟੀ ਜਾਂਦੀ ਹੈ ਤੇ ਜੰਞੂ ਉਤਾਰ ਲਿਆ ਜਾਂਦਾ ਹੈ। ਇਸੇ ਤਰ੍ਹਾਂ ਜੇ ਕਿਸੇ ਸਿੱਖ ਨੂੰ ਈਸਾਈ ਬਣਾਇਆ ਜਾਏ ਤਾਂ ਉਸ ਦੇ ਕੇਸ ਦਾੜ੍ਹੀ ਮੁੰਨ ਦਿੱਤੇ ਜਾਂਦੇ ਹਨ। ਜੇ ਉਹ ਈਸਾਈ ਧਰਮ ਦੀ ਕੋਈ ਸ਼ਕਲ ਨਾ ਹੋਵੇ, ਤਾਂ ਦੂਜੇ ਧਰਮਾਂ ਦੇ ਚਿੰਨ੍ਹਾਂ ਨੂੰ ਉਤਾਰਨ ਦੀ ਕੀ ਲੋੜ ਹੈ? ਫਿਰ ਵੇਖੋ, ਗਿਰਜੇ ਦੀ ਵੱਖਰੀ ਹੀ ਸ਼ਕਲ ਹੁੰਦੀ ਹੈ ਤੇ ਜੋ ਭੀ ਈਸਾਈਆਂ ਦੀ ਥਾਂ ਹੈ, ਉਥੇ ਸਲੀਬ ਹੁੰਦੀ ਹੈ। ਕਿਹਾ ਜਾ ਸਕਦਾ ਹੈ ਕਿ ਇਹ ਸਲੀਬ ਤਾਂ ਈਸਾ ਦੇ ਸੂਲੀ ਦਿੱਤੇ ਜਾਣ ਦੀ ਨਿਸ਼ਾਨੀ ਹੈ। ਇਹੋ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਬਾਹਿਰ ਦੇ ਚਿੰਨ੍ਹ, ਬਿਨਾਂ ਕਾਰਨ ਨਹੀਂ ਬਣਦੇ। ਇਹ ਕਿਸੇ ਨਾ ਕਿਸੇ ਧਰਮ ਭਾਵ ਦਾ ਬਾਹਰਲਾ ਨਿਸ਼ਾਨ ਹੀ ਹੋਇਆ ਕਰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਈਸਾਈ ਧਰਮ ਦੇ ਕੋਈ ਖ਼ਾਸ ਮੁਕਰਰ ਕੀਤੇ ਚਿੰਨ੍ਹ ਹਰ ਇਕ ਈਸਾਈ ਵਾਸਤੇ ਨਹੀਂ ਹਨ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਅੱਡੋ-ਅੱਡਰੇ ਦੇਸ਼ਾਂ ਵਿਚ ਅੱਡੋ-ਅੱਡਰੀ ਸ਼ਕਲ ਧਾਰਨ ਕੀਤੀ ਹੈ ਪਰ ਕੋਈ ਨਾ ਕੋਈ ਸ਼ਕਲ ਧਾਰਨ ਜ਼ਰੂਰ ਕੀਤੀ ਹੈ। ਸਾਡੇ ਹਿੰਦੁਸਤਾਨ ਵਿਚ ਪਤਲੂਣ ਤੇ ਟੋਪੀ ਈਸਾਈ ਧਰਮ ਦੀ ਸ਼ਕਲ ਬਣ ਗਈ ਹੈ। ਇਥੇ ਤਕ ਕਿ ਜੇ ਕਿਸੇ ਪਿੰਡ ਦਾ ਚੂਹੜਾ ਭੀ ਈਸਾਈ ਹੁੰਦਾ ਹੈ ਤਾਂ ਉਹ ਕਿਸੇ ਨੀਲਾਮੀ ਵਿੱਚੋਂ ਟੋਪੀ ਲੈਣ ਦਾ ਜਤਨ ਕਰਦਾ ਹੈ। ਇਸ ਟੋਪੀ ਦਾ ਨਾਮ ਹੀ ਕ੍ਰਿਸਟੀ ਟੋਪੀ ਪੈ ਗਿਆ ਹੈ। ਬੇਸ਼ੱਕ ਈਸਾਈ ਧਰਮ ਦੇ ਚਿੰਨ੍ਹਾਂ ਉੱਤੇ ਕੋਈ ਖ਼ਾਸ ਜ਼ੋਰ ਨਹੀਂ ਦਿੱਤਾ ਜਾਂਦਾ; ਪਰ ਇਹ ਕੋਈ ਈਸਾਈ ਮਤ ਦਾ ਵਾਧਾ ਨਹੀਂ ਹੈ। ਅਸਲ ਗੱਲ ਇਹ ਹੈ ਕਿ ਚੂੰਕਿ ਈਸਾਈ

ਲੋਕ ਈਸਾਈਤ ਦੇ ਧਰਮ ਵੱਲ ਧਿਆਨ ਹੀ ਘੱਟ ਦੇਂਦੇ ਹਨ ਤੇ ਇਸੇ ਕਰਕੇ ਉਨ੍ਹਾਂ ਦੇ ਚਿੰਨ੍ਹ ਭੀ ਢਿੱਲੇ ਹਨ। ਚਿੰਨ੍ਹਾਂ ਦੇ ਢਿੱਲਾ ਹੋਣ ਦੇ ਕਾਰਨ ਈਸਾਈ ਮਤ ਵਿਚ ਕਮਜ਼ੋਰੀ ਹੈ। ਥੋੜ੍ਹੇ ਅੱਖਰਾਂ ਵਿਚ ਸਾਡਾ ਭਾਵ ਇਹ ਹੈ ਕਿ ਕਿਸੇ ਕੌਮ ਧਰਮ ਦੇ ਕਾਇਮ ਰਹਿਣ ਲਈ ਕੋਈ ਕੌਮ ਯ ਸੁਸਾਇਟੀ ਉਸ ਧਰਮ ਨੂੰ ਮੰਨਣ ਵਾਲੀ ਜ਼ਰੂਰੀ ਹੈ। ਧਰਮ ਦੀ ਕਾਇਮੀ ਲਈ ਕੌਮ ਜਾਂ ਸੁਸਾਇਟੀ ਦੀ ਲੋੜ ਹੈ ਤੇ ਕੌਮ ਜਾਂ ਸੁਸਾਇਟੀ ਨੂੰ ਬਾਕਾਇਦਗੀ ਵਿਚ ਰੱਖਣ ਲਈ ਕੋਈ ਨਾ ਕੋਈ ਕਾਇਦੇ ਬਣਾਨੇ ਜ਼ਰੂਰੀ ਹਨ।

ਬੇਸ਼ੱਕ ਨਾਲ ਹੀ ਅਸੀਂ ਇਹ ਕਹਿਣੋਂ ਭੀ ਨਹੀਂ ਰਹਿ ਸਕਦੇ ਕਿ ਜੋ ਇਨ੍ਹਾਂ ਕਾਇਦਿਆਂ ਜਾਂ ਬਾਹਰਲੇ ਨਿਸ਼ਾਨਾਂ ਨੂੰ ਹੀ ਕੇਵਲ ਧਰਮ ਸਮਝ ਲੈਂਦੇ ਹਨ। ਉਹ ਧਾਰਮਿਕ ਆਤਮਾ ਨੂੰ ਵਿੱਚੋਂ ਗਵਾ ਕੇ ਇਨ੍ਹਾਂ ਚਿੰਨ੍ਹਾਂ ਨੂੰ ਕੇਵਲ ਪਖੰਡ ਲਈ ਵਰਤਦੇ ਹਨ। ਅਜਿਹੀ ਹਾਲਤ ਵਿਚ ਇਹ ਆਤਮਾ ਮੁਰਦਾ ਹੋ ਕੇ ਬੋ ਹੀ ਛੱਡਦੇ ਹਨ ਤੇ ਉਸ ਵੇਲੇ ਇਨ੍ਹਾਂ ਨੂੰ ਦੂਰ ਕਰਨਾ ਹੀ ਚੰਗਾ ਹੈ।

ਜੇਕਰ ਕਿਸੇ ਪਾਠਕ ਨੂੰ ਸਾਡੇ ਇਸ ਲੇਖ ਵਿਚ ਕੋਈ ਸ਼ੰਕਾ ਰਹਿ ਜਾਵੇ ਤਾਂ ਉਹ ਬੇਸ਼ੱਕ ਕਰੇ ਤੇ ਅਸੀਂ ਜਵਾਬ ਦੇਣ ਨੂੰ ਤਿਆਰ ਹਾਂ ਪਰ ਅਸੀਂ ਹਾਲਾਂ ਖਾਸ ਖਾਸ ਚਿੰਨ੍ਹਾਂ ਉੱਤੇ ਬਹਿਸ ਨਹੀਂ ਕਰ ਰਹੇ ਹਾਂ। ਅਸੀਂ ਤਾਂ ਇਹ ਕਹਿ ਰਹੇ ਹਾਂ ਕਿ ਧਰਮ ਦੀ ਕਾਇਮੀ ਲਈ ਧਰਮ ਕੋਈ ਨਾ ਕੋਈ ਕਾਇਦੇ, ਬਾਹਰਲੀ ਸ਼ਕਲ ਤੇ ਚਿੰਨ੍ਹ ਬਣਾ ਲੈਂਦਾ ਹੈ ਤੇ ਧਰਮ ਦੀ ਕਾਇਮੀ ਲਈ ਇਨ੍ਹਾਂ ਦਾ ਬਣਨਾ ਲਾਭਦਾਇਕ ਹੈ। ਬਸ ਸਾਡੇ ਇਸ ਦਾਵੇ ਉੱਤੇ ਜੇ ਕਿਸੇ ਨੂੰ ਸ਼ੱਕ ਹੋਵੇ, ਤਾਂ ਅਸੀਂ ਹਰ ਸਮੇਂ ਜਵਾਬ ਦੇਣ ਨੂੰ ਤਿਆਰ ਹਾਂ। ਇਸ ਦੇ ਬਾਰੇ ਫਿਰ ਕਦੀ ਖੁਲ੍ਹ ਕੇ ਲਿਖਾਂਗੇ।

✲ ✲ ✲

ਪੂਜਾ ਦਾ ਧਾਨ

ਅੱਗੇ ਪੁਰਾਣੇ ਲੋਕਾਂ ਵਿਚ ਇਹ ਬੜਾ ਖ਼ਿਆਲ ਸੀ ਕਿ ਪੂਜਾ ਦਾ ਧਾਨ ਹੱਡਾਂ ਵਿਚ ਲਹਿ ਜਾਂਦਾ ਹੈ। ਕਈ ਕਹਿੰਦੇ ਹਨ ਕਿ ਇਹ ਪਾਰਾ ਹੈ, ਹੱਡਾਂ ਵਿਚ ਵੜ ਜਾਏਗਾ ਤੇ ਆਦਮੀ ਨੂੰ ਨਕਾਰਾ ਕਰ ਦੇਵੇਗਾ ਪਰ ਇਸ ਗੱਲ ਨੂੰ ਨਵੇਂ ਲੋਕਾਂ ਨੇ ਵਹਿਮ ਸਮਝ ਕੇ ਹਟਾ ਦਿੱਤਾ ਹੈ। ਅਸਲ ਗੱਲ ਨੂੰ ਕਿਸੇ ਵਿਚਾਰਿਆ ਹੀ ਨਹੀਂ ਹੈ ਕਿ ਇਸ ਵਿਚ ਕੁਝ ਸਚਾਈ ਭੀ ਹੈ ਕਿ ਨਹੀਂ। ਜ਼ਰਾ ਪੂਜਾ ਦਾ ਧਾਨ ਖਾਣ ਵਾਲਿਆਂ ਵੱਲ ਨਜ਼ਰ ਮਾਰ ਕੇ ਵੇਖੋ ਤਾਂ ਆਪ ਨੂੰ ਨਿਸ਼ਚਾ ਹੋ ਜਾਵੇਗਾ ਕਿ ਇਸ ਵਿਚ ਬਹੁਤ ਕੁਝ ਸਚਾਈ ਹੈ ਪਰ ਅਸਾਂ ਇਹ ਵੇਖਣਾ ਹੈ ਕਿ ਪੂਜਾ ਦਾ ਧਾਨ ਕਹਿੰਦੇ ਕਿਸ ਨੂੰ ਹਨ ? ਸਾਧ, ਸੰਤ, ਪ੍ਰਚਾਰਕ, ਗ੍ਰੰਥੀ ਤੇ ਕੌਮੀ ਸਕੂਲ ਦੇ ਪੜ੍ਹਾਉਣ ਵਾਲੇ ਸਭ ਦੂਜੇ ਲੋਕਾਂ ਦਾ ਦਿੱਤਾ ਧਨ ਹੀ ਖਾਂਦੇ ਹਨ ਪਰ ਇਸ ਸਾਰੇ ਨੂੰ ਪੂਜਾ ਦਾ ਧਾਨ ਕਹਿਣਾ ਯੋਗ ਨਹੀਂ ਹੈ। ਜੇਕਰ ਇਹ ਸਾਰੇ ਹੀ ਪੂਜਾ ਦਾ ਧਾਨ ਖਾਣ ਵਾਲੇ ਹੁੰਦੇ ਤਾਂ ਇਹ ਸਾਰੇ ਹੀ ਨਕਾਰੇ ਹੋ ਜਾਣੇ ਸਨ। ਅਸਲ ਵਿਚ ਪੂਜਾ ਦਾ ਧਾਨ ਉਹ ਆਦਮੀ ਖਾਂਦਾ ਹੈ ਜੋ ਗੁਰਦੁਆਰੇ ਜਾਂ ਕਿਸੇ ਧਰਮ ਦੇ ਕੰਮ ਵਿੱਚੋਂ ਜਾਂ ਕਿਸੇ ਦਾ ਦਾਨ, ਬਿਨਾਂ ਕੰਮ ਕੀਤੇ ਖਾਂਦਾ ਹੈ। ਇਸ ਤਰ੍ਹਾਂ ਦੀ ਇਕ ਕੌਡੀ ਭੀ ਨਹੀਂ ਪਚ ਸਕਦੀ। ਬੇਸ਼ਕ ਬੇਈਮਾਨੀ ਹਰ ਥਾਂ ਹੀ ਬੇਈਮਾਨੀ ਹੈ, ਪਰ ਧਰਮ ਦੇ ਪੈਸੇ ਵਿਚ ਬੇਈਮਾਨੀ ਕਰਨੀ ਉੱਕਾ ਹੀ ਪਵਿੱਤਰਤਾ ਦੇ ਖ਼ਿਆਲ ਉਡਾ ਦੇਂਦੀ ਹੈ। ਇਸੇ ਕਰਕੇ ਇਸ ਨੂੰ ਪੂਜਾ ਦਾ ਧਾਨ ਤੇ ਪਾਰਾ ਆਦਿ ਕਹਿੰਦੇ ਹਨ। ਅਸੀਂ ਸਮਝਦੇ ਹਾਂ ਕਿ ਇਕ ਗ੍ਰੰਥੀ ਜਾਂ ਪ੍ਰਚਾਰਕ ਜਾਂ ਉਸਤਾਦ ਜੋ ਆਪਣੀ ਕਮਾਈ ਤੋਂ ਵੱਧ ਇਕ ਪੈਸਾ ਭੀ ਗ੍ਰਹਿਣ ਨਹੀਂ ਕਰਦਾ ਉਸ ਦਾ ਮਨ ਸਗੋਂ ਧਰਮ ਦੀ ਸੇਵਾ ਵਿਚ ਪਵਿੱਤਰ ਹੁੰਦਾ ਜਾਂਦਾ ਹੈ ਪਰ ਜੋ ਪੈਸੇ ਦੀ ਜਾਂ ਕੰਮ ਦੀ ਚੋਰੀ ਧਾਰਮਿਕ ਕੰਮਾਂ ਵਿਚ ਕਰਦਾ ਹੈ, ਉਸ ਦੇ ਮਨ ਵਿਚ ਦੱਸੋ ਕੋਈ ਵਸਤੂ ਪਵਿੱਤਰ ਰਹਿ ਸਕਦੀ ਹੈ ? ਜਿਸ ਆਦਮੀ ਦੇ ਮਨ ਵਿੱਚੋਂ ਪਵਿੱਤਰਤਾ ਦਾ ਖ਼ਿਆਲ ਉੱਕਾ ਹੀ ਉਡ ਗਿਆ ਹੈ, ਉਸ ਨੂੰ ਆਪ ਕਾਫਰ ਕਹੋ, ਪੂਜਾ ਦਾ ਧਾਨ ਖਾਣ ਵਾਲਾ ਕਾਇਰ ਕਹੋ, ਸਭ ਕੁਝ ਜਾਇਜ਼ ਹੈ। ਸਰਕਾਰੀ ਨੌਕਰਾਂ, ਦੁਕਾਨਦਾਰੀ ਤੇ ਹੋਰ ਪੇਸ਼ਿਆਂ ਵਿਚ ਬਹੁਤ ਲੋਕੀਂ ਬੇਈਮਾਨੀਆਂ ਕਰਦੇ ਹਨ ਪਰ ਇਹੋ ਬੇਈਮਾਨੀ ਲੋਕੀਂ ਧਰਮ ਅਸਥਾਨਾਂ ਤੇ ਧਰਮ ਦੇ ਕੰਮਾਂ ਵਿਚ ਦਾਨ ਦੇਂਦੇ ਹਨ ਤੇ ਜੇ ਧਰਮ ਦਾ ਪੈਸਾ ਉਨ੍ਹਾਂ ਦੇ ਹੱਥ ਆਵੇ ਤਾਂ ਬਹੁਤ ਅਜੇਹੇ ਨਿਕਲ ਆਵਣਗੇ ਜੋ ਉੱਕੀ ਬੇਈਮਾਨੀ ਨਹੀਂ ਕਰਨਗੇ। ਇਸ ਕਰਕੇ ਇਹ ਤਾਂ ਹੋ ਸਕਦਾ ਹੈ ਕਿ ਕੋਈ ਆਦਮੀ ਹੋਰ ਥਾਂ ਬੇਈਮਾਨੀ ਕਰੇ ਪਰ ਧਾਰਮਿਕ ਕੰਮਾਂ ਵਿਚ

ਬੇਈਮਾਨੀ ਉੱਕੀ ਨਾ ਕਰੇ ਪਰ ਇਹ ਨਹੀਂ ਹੋ ਸਕਦਾ ਕਿ ਕੋਈ ਆਦਮੀ ਗੁਰਦੁਆਰੇ ਦੀ ਚੋਰੀ ਕਰੇ ਤੇ ਕਿਸੇ ਹੋਰ ਦੁਨਿਆਵੀ ਕੰਮ ਵਿਚ ਚੋਰੀ ਕਰਨੋਂ ਟਲ ਜਾਵੇ। ਗੁਰਦੁਆਰੇ ਜਾਂ ਧਰਮ ਦੇ ਚੋਰ ਵਾਸਤੇ ਤਾਂ ਇਸ ਦੁਨੀਆਂ ਵਿਚ ਕੋਈ ਪਵਿੱਤਰ ਵਸਤੂ ਨਹੀਂ ਹੈ ਤੇ ਇਸ ਤਰ੍ਹਾਂ ਨਾਲ ਉਸ ਦੇ ਮਨ ਵਿੱਚੋਂ ਪਵਿੱਤਰਤਾ ਦਾ ਖ਼ਿਆਲ ਹਟ ਜਾਣ ਕਰਕੇ ਉਹ ਸ਼ਖ਼ਸ ਕਮੀਨਾ ਤੇ ਕੁਧਰਮੀ ਹੋ ਜਾਂਦਾ ਹੈ।

ਹੁਣ ਜੋ ਲੋਕੀਂ ਗੁਰਦੁਆਰਿਆਂ ਜਾਂ ਧਰਮ ਦੀ ਸੇਵਾ ਵਿਚ ਕੇਵਲ ਵਪਾਰ ਦੇ ਖ਼ਿਆਲ ਨਾਲ ਆਉਂਦੇ ਹਨ, ਉਹ ਦੂਜੇ ਵਪਾਰਾਂ ਵਾਂਗੂੰ ਹੀ ਧਰਮ ਅਸਥਾਨਾਂ ਤੇ ਧਾਰਮਿਕ ਕੰਮਾਂ ਨਾਲ ਵਰਤਾਰਾ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੀ ਨੀਯਤ ਕਠੋਰ ਹੋ ਜਾਂਦੀ ਹੈ ਤੇ ਜਿਸ ਤਰ੍ਹਾਂ ਉਹ ਦੂਜੇ ਲੋਕੀਂ ਆਪਣੇ ਕੰਮ ਵਿਚ ਬੇਈਮਾਨੀ ਕਰਦੇ ਹਨ, ਇਸੇ ਤਰ੍ਹਾਂ ਧਾਰਮਿਕ ਕੰਮ ਕਰਨ ਵਾਲੇ ਧਰਮ ਦੇ ਕੰਮ ਵਿਚ ਬੇਈਮਾਨੀ ਕਰਦੇ ਹਨ ਪਰ ਦੂਜੇ ਲੋਕਾਂ ਲਈ ਇਤਨੀ ਬੇਈਮਾਨੀ ਕਰਦਿਆਂ ਭੀ ਇਕ ਪਵਿੱਤਰ ਸਥਾਨ ਬਾਕੀ ਰਹਿ ਜਾਂਦਾ ਹੈ ਜੋ ਮੁੜ ਉਨ੍ਹਾਂ ਦੇ ਮਨ ਨੂੰ ਪਵਿੱਤਰ ਕਰ ਸਕਦਾ ਹੈ ਪਰ ਸਾਡੇ ਧਾਰਮਿਕ ਕੰਮਾਂ ਵਿਚ ਬੇਈਮਾਨੀ ਕਰਨ ਵਾਲਿਆਂ ਦਾ ਕੋਈ ਨਰਕ ਭੀ ਬਾਕੀ ਨਹੀਂ ਰਹਿ ਜਾਂਦਾ। ਇਸ ਵਾਸਤੇ ਇਨ੍ਹਾਂ ਧਰਮ ਦੇ ਕੰਮਾਂ ਵਿਚ ਕੇਵਲ ਉਨ੍ਹਾਂ ਨੂੰ ਹੀ ਪੈਣਾ ਚਾਹੀਦਾ ਹੈ ਜੋ ਘਟ ਤੋਂ ਘਟ ਬੇਈਮਾਨ ਤਾਂ ਨਾ ਹੋਣ। ਅੱਵਲ ਤਾਂ ਸੇਵਾ ਦਾ ਭਾਵ ਰੱਖਣ ਵਾਲਿਆਂ ਲਈ ਇਹ ਸਥਾਨ ਹਨ।

ਸਾਨੂੰ ਸ਼ੋਕ ਨਾਲ ਕਹਿਣਾ ਪੈਂਦਾ ਹੈ ਕਿ ਗੁਰਦੁਆਰਿਆਂ ਵਿਚ ਸੇਵਾ ਕਰਨ ਵਾਲਿਆਂ ਵਿਚ ਬਥੇਰੇ ਅਜਿਹੇ ਹਨ, ਜਿਨ੍ਹਾਂ ਦੇ ਮਨ ਵਿਚ ਸੇਵਾ ਜਾਂ ਕੁਰਬਾਨੀ ਦਾ ਅੰਸ਼ ਵੀ ਨਹੀਂ ਹੈ; ਉਹ ਗੁਰਦੁਆਰਿਆਂ ਦੀ ਸੇਵਾ ਕੇਵਲ ਮਾਇਕ ਲਾਭ ਲਈ ਹੀ ਕਰਦੇ ਹਨ। ਅਜੇਹੇ ਆਦਮੀ ਕੁਝ ਨਾ ਕੁਝ ਗੁਰਦੁਆਰਿਆਂ ਵਿਚ ਬੇਦਰਦੀ ਵਰਤਦੇ ਹਨ, ਜਿਸ ਕਰਕੇ ਉਨ੍ਹਾਂ ਦੇ ਮਨ ਸ਼ਰਧਾ, ਪ੍ਰੇਮ ਤੇ ਪਵਿੱਤਰਤਾ ਤੋਂ ਖਾਲੀ ਹੁੰਦੇ ਜਾਂਦੇ ਹਨ। ਇਹ ਹਨ ਆਦਮੀ ਜੋ ਪੂਜਾ ਦਾ ਧਾਨ ਖਾ ਰਹੇ ਹਨ ਤੇ ਜੋ ਉਸੇ ਤਰ੍ਹਾਂ ਨਸ਼ਟ ਹੋਣਗੇ, ਜਿਸ ਤਰ੍ਹਾਂ ਦੂਜੇ ਅੱਗੇ ਸਦਾ ਪੂਜਾ ਦਾ ਧਾਨ ਖਾਣ ਵਾਲੇ ਨਸ਼ਟ ਹੁੰਦੇ ਰਹੇ ਹਨ।

ਇਸ ਗੱਲ ਨੂੰ ਛੱਡ ਕੇ ਇਹ ਭੀ ਅਸੀਂ ਵੇਖ ਰਹੇ ਹਾਂ ਕਿ ਕਦੀ ਸਮਾਂ ਸੀ ਕਿ ਸਾਡੇ ਲੋਕੀਂ ਲੰਗਰ ਵਿਚ ਪ੍ਰਸ਼ਾਦਾ ਤਦ ਛਕਦੇ ਸਨ ਜੇ ਉਸ ਤੋਂ ਵਧ ਰਸਦ ਪਾ ਦਿੱਤਾ ਕਰਦੇ ਸਨ। ਕੇਵਲ ਅਪਾਹਜ ਤੇ ਉੱਕਾ ਹੀ ਨਕਾਰੇ ਆਦਮੀ ਲੰਗਰ ਵਿਚ ਮੁਫ਼ਤ ਪ੍ਰਸ਼ਾਦਾ ਛਕਿਆ ਕਰਦੇ ਹਨ। ਦੂਜੇ ਲੋਕੀਂ ਤਾਂ ਕੇਵਲ ਸ਼ਰਧਾ ਤੇ ਪ੍ਰੇਮ ਲਈ ਲੰਗਰ ਵਿਚ ਦੂਣੀ ਚੌਣੀ ਰਸਦ ਪਾ ਕੇ ਪ੍ਰਸ਼ਾਦ ਛਕਦੇ ਹੁੰਦੇ ਸਨ। ਲੰਗਰ ਅਸਲ ਵਿਚ ਗੁਰਦੁਆਰਿਆਂ ਵਿਚ ਭਰਾਤਰੀ ਭਾਵ ਪੈਦਾ ਕਰਨ ਵਾਸਤੇ ਸਨ। ਉਥੋਂ ਅਮੀਰ ਗਰੀਬ ਆਪਣੀ ਤੌਫ਼ੀਕ ਅਨੁਸਾਰ ਰਸਦ ਪਾ ਦੇਂਦੇ ਸੀ ਤੇ ਫਿਰ ਸਾਰੇ ਇਕੱਠੇ ਹੋ ਕੇ ਤੇ ਇਕੋ ਜਿਹੇ ਬਣ ਕੇ ਏਕਤਾ ਤੇ ਸਮਾਨਤਾ ਉੱਤੇ ਚੱਲ ਕੇ ਇਕੱਠੇ ਪ੍ਰਸ਼ਾਦ ਛਕਿਆ ਕਰਦੇ ਸਨ। ਲੰਗਰ ਤਾਂ ਗੁਰੂ ਸਾਹਿਬ ਨੇ ਗੁਰਦੁਆਰਿਆਂ ਨਾਲ ਅਮਲੀ

ਧਰਮ ਸਿੱਖਣ ਲਈ ਖੋਲ੍ਹੇ ਸਨ ਪਰ ਸ਼ੋਕ ਹੈ ਕਿ ਸਾਡਾ ਇਹ ਕੰਮ ਹੁਣ ਪੁੱਠੀ ਤਰ੍ਹਾਂ ਵਰਤਿਆ ਜਾ ਰਿਹਾ ਹੈ। ਸਾਡੇ ਵਿਚ ਮੁਫ਼ਤ ਖੋਰੇ ਅਜੇਹੇ ਹੋ ਗਏ ਹਨ ਜੋ ਕੇਵਲ ਗੁਰਦੁਆਰਿਆਂ ਦੇ ਪੈਸੇ ਨੂੰ ਖਾਣ ਲਈ ਹੀ ਲੰਗਰ ਵਿਚ ਪ੍ਰਸ਼ਾਦ ਛਕਦੇ ਹਨ। ਅਜਿਹੇ ਲੋਕਾਂ ਨਾਲੋਂ ਤਾਂ ਉਹ ਚੋਰ ਚੰਗੇ ਹਨ ਜੋ ਭਾਵੇਂ ਦੂਜੀ ਥਾਂ ਚੋਰੀ ਕਰ ਆਉਣ ਪਰ ਲੰਗਰ ਵਿਚ ਆ ਕੇ ਰਸਦ ਹੀ ਪਾਂਦੇ ਹਨ ਤੇ ਮੁਫ਼ਤ ਪ੍ਰਸ਼ਾਦ ਨਹੀਂ ਛਕਦੇ। ਅਕਾਲੀ ਲਹਿਰ ਨੇ ਜਿਥੇ ਕਈ ਫ਼ਾਇਦੇ ਕੀਤੇ ਹਨ, ਉਥੇ ਇਹ ਘਾਟਾ ਭੀ ਹੋਇਆ ਹੈ। ਜਥਿਆਂ ਦੇ ਆਉਣ ਜਾਣ ਵੇਲੇ ਉਨ੍ਹਾਂ ਨੂੰ ਲੰਗਰ ਵਿਚ ਪ੍ਰਸ਼ਾਦਾ ਛਕਣਾ ਪੈਂਦਾ ਸੀ ਤੇ ਇਹ ਹੈ ਭੀ ਜਾਇਜ਼ ਸੀ। ਉਨ੍ਹਾਂ ਨੂੰ ਵੇਖ ਕੇ ਹੋਰ ਲੋਕੀਂ ਮੁਫ਼ਤ-ਖੋਰੇ ਬਣਨ ਲੱਗ ਪਏ ਤੇ ਅੱਜ ਇਹ ਹਾਲਤ ਹੈ ਕਿ ਸਿੱਖਾਂ ਵਿਚ ਬਥੇਰੇ ਆਦਮੀ ਅਜਿਹੇ ਹੋ ਗਏ ਹਨ ਜੋ ਪੂਜਾ ਦਾ ਧਾਨ ਲੰਗਰ ਦੇ ਰਾਹੀਂ ਖਾ ਰਹੇ ਹਨ।

ਜੇ ਹੁਣ ਵਾਲੀ ਹਾਲਤ ਰਹੀ ਤਾਂ ਸਾਨੂੰ ਦੋ ਘਾਟੇ ਹੋਣਗੇ—ਇਕ ਤਾਂ ਲੰਗਰ ਬੰਦ ਹੋ ਜਾਣਗੇ ਤੇ ਦੂਜੀ ਸਾਡੀ ਕੌਮ ਵਿਚ ਇਸ ਤਰ੍ਹਾਂ ਦਾ ਪੂਜਾ ਦਾ ਧਾਨ ਖਿੱਲਰ ਜਾਵੇਗਾ ਤੇ ਸਿੱਖ ਕੌਮ ਗਿਰ ਜਾਵੇਗੀ। ਅੱਗੇ ਅਸੀਂ ਫ਼ਖਰ ਕੀਤਾ ਕਰਦੇ ਹਾਂ ਕਿ ਸਾਡੇ ਵਿਚ ਮੰਗਤੇ ਨਹੀਂ ਹਨ ਪਰ ਇਸ ਨਵੀਂ ਬੇ-ਹਯਾਈ ਨੇ ਮੰਗਤਿਆਂ ਦੀ ਗਿਣਤੀ ਭੀ ਸਾਡੇ ਵਿਚ ਬਹੁਤ ਵਧਾ ਦੇਣੀ ਹੈ। ਇਸ ਵਾਸਤੇ ਹੁਣ ਸੰਭਲਣ ਦਾ ਸਮਾਂ ਹੈ ਤੇ ਸਾਨੂੰ ਕੋਈ ਉਪਰਾਲਾ ਸੋਚਣਾ ਚਾਹੀਦਾ ਹੈ। ਜਿਸ ਤਰ੍ਹਾਂ ਲੋਕਾਂ ਨੂੰ ਪੂਜਾ ਦਾ ਧਾਨ ਖਾਣ ਦੀ ਵਾਦੀ ਨਾ ਪਵੇ। ਜੇਕਰ ਇਹ ਹੋਰ ਪ੍ਰਬੰਧ ਨਾ ਹੋ ਸਕੇ ਤਾਂ ਲੰਗਰਾਂ ਦਾ ਪ੍ਰਬੰਧ ਹੀ ਅਜਿਹਾ ਕਰ ਦੇਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਮੁਫ਼ਤ ਖੋਰੇ ਸਾਡੇ ਵਿਚ ਪੈਦਾ ਨਾ ਹੋਣ। ਚੋਰ ਡਾਕੂ ਸਾਡੇ ਵਿਚ ਪੈਦਾ ਹੋ ਜਾਣ ਦਾ ਕੌਮ ਨੂੰ ਇਤਨਾ ਖਤਰਾ ਨਹੀਂ ਹੈ, ਜਿਤਨਾ ਕਿ ਇਨ੍ਹਾਂ ਪੂਜਾ ਦੇ ਧਾਨ ਖਾਣ ਵਾਲਿਆਂ ਤੋਂ ਹੈ। ਇਹ ਤਾਂ ਜ਼ਹਿਰ ਹੈ ਜੋ ਹੱਡਾਂ ਵਿਚ ਧਸ ਜਾਂਦਾ ਹੈ ਤੇ ਕੌਮ ਦੀ ਕੌਮ ਨੂੰ ਹੀ ਨਾਕਾਰਾ ਬਣਾ ਦੇਂਦਾ ਹੈ।

ਜੇਕਰ ਮਹੰਤ ਪੂਜਾ ਦਾ ਧਾਨ ਖਾਣ ਕਰ ਕੇ ਗਿਰ ਗਏ ਸਨ, ਤਾਂ ਤੁਸੀਂ ਉਨ੍ਹਾਂ ਵਾਂਗੂ ਹੀ ਮਹੰਤ ਨਾ ਬਣੋ। ਇਸ ਤੋਂ ਚੰਗਾ ਇਹ ਹੈ ਕਿ ਇਹ ਜ਼ਹਿਰ ਉਹਨਾਂ ਲੋਕਾਂ ਵਿਚ ਹੀ ਰਹਿਣ ਦੇਵੋ। ਜੋ ਸਾਰੀ ਕੌਮ ਵਿਚ ਤਾਂ ਨਾ ਖਿਲਾਰਨ।

✲ ✲ ✲

ਪੱਛਮੀ ਤਾਜ਼ੀਬ ਦਾ ਭੈੜਾ ਅਸਰ

ਜਿਸ ਤਰ੍ਹਾਂ ਹਰ ਇਕ ਚੰਗੇ ਆਦਮੀ ਵਿਚ ਭੀ ਕੋਈ ਨਾ ਕੋਈ ਔਗੁਣ ਹੁੰਦਾ ਹੈ, ਇਸੇ ਤਰ੍ਹਾਂ ਤਾਜ਼ੀਬਾਂ ਦਾ ਭੀ ਹਾਲ ਹੈ। ਕੋਈ ਤਾਜ਼ੀਬ ਭੀ ਔਗੁਣਾਂ ਤੋਂ ਖ਼ਾਲੀ ਨਹੀਂ ਹੈ। ਜਿਥੇ ਪੱਛਮੀ ਤਾਜ਼ੀਬ ਵਿਚ ਕਈ ਗੁਣ ਹਨ ਉਥੇ ਇਕ ਵੱਡਾ ਔਗੁਣ ਇਸ ਵਿਚ ਇਹ ਹੈ ਕਿ ਇਹ ਬਦਮਾਸ਼ੀ ਦਾ ਭਲੇਮਾਣਸੀ ਦੇ ਪਰਦੇ ਹੇਠ ਪ੍ਰਚਾਰ ਕਰਦੀ ਹੈ। ਪੱਛਮੀ ਤਾਜ਼ੀਬ ਵਿਚ ਨਾਚ ਰੰਗ, ਥੀਏਟਰ ਅਰ ਹੋਰ ਮਨ ਵਿਚ ਕਾਮ ਪੈਦਾ ਕਰਨ ਵਾਲੀਆਂ ਗੱਲਾਂ ਨੂੰ ਬੁਰਾ ਨਹੀਂ ਸਮਝਿਆ ਜਾਂਦਾ। ਹਾਲਤ ਇਥੇ ਤਕ ਵਿਗੜ ਗਈ ਹੈ ਕਿ ਸਾਡੇ ਨੌਜਵਾਨ ਤੇ ਅੰਜਾਣੇ ਮੁੰਡੇ ਕਾਲਜਾਂ ਤੇ ਸਕੂਲਾਂ ਵਿਚ ਵਿੱਦਿਆ ਪਾਂਦੇ ਕਾਮ ਪੈਦਾ ਕਰਨ ਵਾਲੀਆਂ ਨਜ਼ਮਾਂ ਪੜ੍ਹਦੇ ਤੇ ਸੁਣਦੇ ਹਨ। ਇਸ ਗੱਲ ਨੂੰ ਉਹਨਾਂ ਦੇ ਪ੍ਰੋਫ਼ੈਸਰ ਤੇ ਉਸਤਾਦ ਬੁਰਾ ਹੀ ਨਹੀਂ ਮਨਾਂਦੇ। ਉਹ ਕਹਿ ਦੇਂਦੇ ਹਨ ਕਿ ਜੇ ਮੁੰਡਿਆਂ ਨੂੰ ਇਹਨਾਂ ਖ਼ਿਆਲਾਂ ਤੋਂ ਰੋਕੀਏ ਤਾਂ ਉਨ੍ਹਾਂ ਵਿਚ ਸਗੋਂ ਵਧੀਕ ਖ਼ਿਆਲ ਦੌੜਦੇ ਹਨ। ਉਹ ਕਹਿੰਦੇ ਹਨ ਕਿ ਅੰਜਾਣੇ ਮੁੰਡਿਆਂ ਵਿਚ ਹਰ ਗੱਲ ਦੇ ਪਤਾ ਕਰਨ ਦੀ ਬਹੁਤ ਇੱਛਾ ਹੋਇਆ ਕਰਦੀ ਹੈ। ਅਰ ਇਸ ਵਾਸਤੇ ਉਨ੍ਹਾਂ ਨੂੰ ਇਹਨਾਂ ਗੱਲਾਂ ਤੋਂ ਰੋਕਣ ਨਾਲ ਸਗੋਂ ਹੋਰ ਖ਼ਿਆਲ ਵਧਦੇ ਹਨ। ਕਈ ਪ੍ਰੋਫ਼ੈਸਰ ਅਰ ਉਸਤਾਦ ਤਾਂ ਕਹਿੰਦੇ ਹਨ ਕਿ ਥੀਏਟਰ ਵੇਖਣ ਨਾਲ ਆਮ ਵਾਕਫ਼ੀ ਵਧਦੀ ਹੈ ਤੇ ਕੋਈ ਨੁਕਸਾਨ ਨਹੀਂ ਹੁੰਦਾ। ਅਸੀਂ ਹੈਰਾਨ ਹਾਂ ਕਿ ਇਹ ਦੋਵੇਂ ਦਲੀਲਾਂ ਕਿੰਨੀਆਂ ਭੱਦੀਆਂ ਹਨ। ਜੋ ਲੋਕੀਂ ਕਹਿੰਦੇ ਹਨ ਕਿ ਅਸੀਂ ਵਾਕਫ਼ੀ ਤੇ ਇਲਮ ਵਧਾਣ ਦੀ ਖ਼ਾਤਰ ਬੱਚਿਆਂ ਨੂੰ ਥੀਏਟਰ ਤੇ ਹੋਰ ਨਾਚ-ਰੰਗ ਵਿਖਾਂਦੇ ਹਾਂ, ਉਨ੍ਹਾਂ ਨੂੰ ਪੁੱਛੋਂ ਕਿ ਇਨ੍ਹਾਂ ਸਾਰੀਆਂ ਗੱਲਾਂ ਵਿਚ ਇਸ਼ਕ ਦਾ ਟੰਟਾ ਕਿਉਂ ਹੁੰਦਾ ਹੈ ? ਜਦ ਮੁੰਡਿਆਂ ਨੂੰ ਇਸ਼ਕ ਦੀਆਂ ਗੱਲਾਂ ਸੁਣਨ ਵਿਚ ਸਵਾਦ ਆਉਂਦਾ ਹੈ ਤੇ ਉਨ੍ਹਾਂ ਦੇ ਇਸ਼ਕੀਆ ਖ਼ਿਆਲ ਕਿਸ ਤਰ੍ਹਾਂ ਨਹੀਂ ਵਧਦੇ। ਵੱਡੀ ਉਮਰ ਦੇ ਆਦਮੀਆਂ ਵਿੱਚੋਂ ਸ਼ਾਇਦ ਅਜੇਹੇ ਹੋਣਗੇ ਜੋ ਥੀਏਟਰ ਤੇ ਤਮਾਸ਼ੇ ਵੇਖ ਕੇ ਉਨ੍ਹਾਂ ਵਿੱਚੋਂ ਨਸੀਹਤਾਂ ਲੈਣ, ਪਰ ਮੁੰਡਿਆਂ ਉੱਤੇ ਤਾਂ ਇਸ਼ਕੀਆ ਖ਼ਿਆਲ ਬਹੁਤ ਅਸਰ ਕਰਦੇ ਹਨ ਤੇ ਉਨ੍ਹਾਂ ਦੇ ਚਾਲ-ਚਲਨ ਨੂੰ ਵਿਗਾੜ ਦੇਂਦੇ ਹਨ। ਅਸੀਂ ਵੇਖਿਆ ਹੈ ਕਿ ਨੌਜਵਾਨ ਜਿਤਨਾ ਥੀਏਟਰ ਨੂੰ ਪਸੰਦ ਕਰਦੇ ਹਨ ਉਤਨਾਂ ਸਰਕਸ ਨੂੰ ਨਹੀਂ ਕਰਦੇ। ਕਿਉਂ ਕਿ ਇਸ ਦਾ ਭਾਵ ਹੈ ਕਿ ਥੀਏਟਰ ਉਨ੍ਹਾਂ ਦੇ ਕਾਮ ਖ਼ਿਆਲਾਂ ਨੂੰ ਜੋਸ਼ ਦੇਂਦਾ ਹੈ ਤੇ ਇਸ ਵਿਚ ਉਨ੍ਹਾਂ ਨੂੰ ਸਵਾਦ ਆਉਂਦਾ ਹੈ।

ਦੂਜੀ ਦਲੀਲ ਇਸ ਤੋਂ ਭੀ ਵੱਧ ਭੱਦੀ ਹੈ। ਇਹ ਕਹਿਣਾ ਹੈ ਕਿ ਅਸੀਂ ਮੁੰਡਿਆਂ

ਨੂੰ ਗੰਦੇ ਖ਼ਿਆਲਾਂ ਤੋਂ ਇਸ ਵਾਸਤੇ ਨਹੀਂ ਰੋਕਦੇ ਕਿ ਇਸ ਰੋਕ ਨਾਲ ਸਗੋਂ ਹੋਰ ਗੰਦੇ ਖ਼ਿਆਲ ਵਧਣਗੇ, ਕਿਸੇ ਤਰ੍ਹਾਂ ਭੀ ਦਲੀਲ ਅਨੁਸਾਰ ਨਹੀਂ ਹੈ। ਜੇਕਰ ਕਿਸੇ ਖ਼ਿਆਲ ਵਿਚ ਰੋਕ ਪਾਣ ਨਾਲ ਉਹ ਖ਼ਿਆਲ ਵਧਦਾ ਹੈ ਤਾਂ ਕਿਸੇ ਖ਼ਿਆਲ ਨੂੰ ਰੋਕਣਾ ਹੀ ਨਹੀਂ ਚਾਹੀਦਾ। ਇਸ ਦਾ ਮਤਲਬ ਇਹ ਨਿਕਲਿਆ ਕਿ ਚੋਰੀ ਜਾਂ ਬਦਮਾਸ਼ੀ ਆਦਿ ਨੂੰ ਰੋਕਣਾ ਉਨ੍ਹਾਂ ਨੂੰ ਵਧਾਣਾ ਹੈ ਤੇ ਜੇ ਇਹ ਠੀਕ ਹੈ ਤਾਂ ਦੱਸੋ ਕਿ ਇਨ੍ਹਾਂ ਔਗੁਣਾਂ ਦੇ ਘਟਾਣ ਲਈ ਕੋਈ ਜਤਨ ਹੈ ਭੀ ਕਿ ਨਹੀਂ ? ਅਸਲ ਗੱਲ ਇਹੋ ਹੈ ਕਿ ਕਈ ਵੇਰਾਂ ਕੁਢੰਗੇ ਢੰਗ ਨਾਲ ਰੋਕਿਆਂ ਸਗੋਂ ਉਹ ਖ਼ਿਆਲ ਵਧਿਆ ਕਰਦੇ ਹਨ। ਇਸ ਦਾ ਤਾਂ ਕੇਵਲ ਇਤਨਾ ਮਤਲਬ ਨਿਕਲਦਾ ਹੈ ਕਿ ਭੈੜੇ ਖ਼ਿਆਲਾਂ ਨੂੰ ਰੋਕਣ ਲਈ ਭੀ ਚੰਗਾ ਢੰਗ ਵਰਤਣਾ ਚਾਹੀਦਾ ਹੈ ਨਾ ਕਿ ਭੈੜੇ ਖਿਆਲਾਂ ਨੂੰ ਰੋਕਣਾ ਹੀ ਨਹੀਂ ਚਾਹੀਦਾ।

ਇਸ ਤਰ੍ਹਾਂ ਪੱਛਮੀ ਤਾਜ਼ੀਬ ਦਾ ਅਸਰ ਸਾਡੇ ਸਕੂਲਾਂ ਕਾਲਜਾਂ ਵਿੱਚੋਂ ਨਿਕਲ ਕੇ ਆਮ ਲੋਕਾਂ ਵਿਚ ਅੱਪੜ ਰਿਹਾ ਹੈ ਤੇ ਸਾਨੂੰ ਸ਼ੋਕ ਹੈ ਕਿ ਜਿਨ੍ਹਾਂ ਅਖ਼ਬਾਰਾਂ ਨੇ ਸੋਸਾਇਟੀ ਨੂੰ ਗੰਦ ਤੋਂ ਬਚਾਣਾ ਸੀ, ਉਹ ਆਪ ਇਸ ਦਾ ਸ਼ਿਕਾਰ ਹੋ ਰਹੀਆਂ ਹਨ। ਲੋਕੀਂ ਤਾਂ ਏਹੋ ਜੇਹੀਆਂ ਗੱਲਾਂ ਪਸੰਦ ਕਰਦੇ ਹਨ ਤੇ ਇਨ੍ਹਾਂ ਐਬਾਂ ਤੋਂ ਛੁੱਟਣ ਵਿਚ ਭੀ ਤਦ ਹੀ ਬਹਾਦਰੀ ਹੈ ਕਿ ਇਨ੍ਹਾਂ ਤੋਂ ਹਿੰਮਤ ਨਾਲ ਛੁੱਟਣਾ ਪੈਂਦਾ ਹੈ। ਦਰੱਖ਼ਤ ਉੱਤੇ ਚੜ੍ਹਨਾ ਔਖਾ ਹੈ, ਹੇਠਾਂ ਆਵਣ ਲਈ ਤਾਂ ਸਾਹ ਸੱਤ ਛੱਡ ਦੇਣਾ ਹੀ ਕਾਫ਼ੀ ਹੈ। ਇਸੇ ਤਰ੍ਹਾਂ ਨੇਕੀ ਵੱਲ ਵਧਣਾ ਹਿੰਮਤ ਲੈਂਦਾ ਹੈ, ਪਰ ਬੁਰਾਈ ਵਿਚ ਪੈਣ ਲਈ ਤਾਂ ਇਤਨਾ ਹੀ ਕਾਫ਼ੀ ਹੈ ਕਿ ਜੋ ਮਾੜਾ ਚੰਗਾ ਖ਼ਿਆਲ ਦਿਲ ਵਿਚ ਆਇਆ ਉਸੇ ਦੇ ਮਗਰ ਲੱਗ ਤੁਰੇ। ਇਸ ਕਰਕੇ ਲੋਕਾਂ ਦੇ ਪਸੰਦ ਕਰਨ ਦੇ ਮਗਰ ਲੱਗ ਤੁਰਨਾ ਆਪਣੇ ਫ਼ਰਜ਼ ਨੂੰ ਭੁਲਾ ਦੇਣਾ ਹੈ। ਅਸੀਂ ਹੈਰਾਨ ਹਾਂ ਕਿ ਬਦਮਾਸ਼ ਤੀਵੀਆਂ ਦੀ ਕਿਸ ਤਰ੍ਹਾਂ ਨਾਲ ਮਸ਼ਹੂਰੀ ਕੀਤੀ ਜਾ ਰਹੀ ਹੈ। ਕੁਝ ਚਿਰ ਹੋਇਆ ਮੁਮਤਾਜ਼ ਬੇਗਮ ਹੀ ਸਾਰੇ ਅਖ਼ਬਾਰਾਂ ਵਿਚ ਘੁੰਮਦੀ ਸੀ। ਉਸੇ ਉੱਤੇ ਲੇਖ ਤੇ ਉਸੇ ਦੀਆਂ ਤਸਵੀਰਾਂ। ਅੱਜ-ਕਲ੍ਹ ਲਾਹੌਰ ਦੀ ਇਕ ਬਦਮਾਸ਼ ਤੀਵੀਂ ਕੰਸੋ ਹੀ ਕੰਸੋ ਸਭ ਅਖ਼ਬਾਰਾਂ ਵਿਚ ਮੋਹਰੇ ਨਜ਼ਰ ਆ ਰਹੀ ਹੈ। ਕਈ ਅਖ਼ਬਾਰਾਂ ਨੇ ਤਾਂ ਇਹ ਵੇਖ ਕੇ ਕਿ ਇਸ ਗੱਲ ਨੂੰ ਲੋਕੀਂ ਪਸੰਦ ਕਰਦੇ ਹਨ ਹੋਰ ਬਦਮਾਸ਼ ਤੀਵੀਆਂ ਤੇ ਬਦਮਾਸ਼ ਲੋਕਾਂ ਦੀਆਂ ਕਥਾ ਹੀ ਛੇੜ ਦਿੱਤੀਆਂ ਹਨ। ਇਹ ਬੜੇ ਸ਼ਰਮ ਦੀ ਗੱਲ ਹੈ, ਅਸੀਂ ਆਦਮੀ ਹਾਂ। ਬਦਮਾਸ਼ੀ ਤੇ ਬਦਮਾਸ਼ਾਂ ਦੀਆਂ ਕਥਾ ਕਰਨ ਸੁਣਨ ਨਾਲ ਸਾਡੇ ਉੱਤੇ ਬਦਮਾਸ਼ੀ ਦਾ ਹੀ ਅਸਰ ਹੁੰਦਾ ਹੈ। ਅੱਜ-ਕਲ੍ਹ ਜਿਨ੍ਹਾਂ ਬਦਮਾਸ਼ੀਆਂ ਨੂੰ ਅਖ਼ਬਾਰਾਂ ਵਿਚ ਮੋਟੇ ਮੋਟੇ ਅੱਖਰਾਂ ਵਿਚ ਲਿਖਿਆ ਜਾ ਰਿਹਾ ਹੈ। ਉਸ ਦੇ ਅਸਰ ਦੇ ਸਬੂਤ ਲੱਭਣ ਦਾ ਕੋਈ ਔਖ ਨਹੀਂ ਹੈ। ਉਨ੍ਹਾਂ ਕਹਾਣੀਆਂ ਦਾ ਪਸੰਦ ਕੀਤਾ ਜਾਣਾ ਭੀ ਉਨ੍ਹਾਂ ਦੇ ਭੈੜੇ ਅਸਰ ਦਾ ਸਬੂਤ ਹੈ। ਦੱਸੋ ਕੰਸੋ ਦੀ ਕਿਹੜੀ ਬਹਾਦਰੀ ਜਾਂ ਕਿਹੜੀ ਖ਼ੂਬੀ ਹੈ ਜਿਸ ਨੂੰ ਇਤਨੇ ਚਾਅ ਨਾਲ ਲੋਕੀਂ ਸੁਣਦੇ ਹਨ। ਗੱਲ ਸਾਫ਼ ਹੈ ਕਿ ਉਸ ਦੀ ਬਦਮਾਸ਼ੀ ਦਾ ਜ਼ਿਕਰ ਤੇ ਹਾਲ ਲੋਕਾਂ ਦੇ ਦਿਲਾਂ ਵਿਚ ਬਦਮਾਸ਼ੀ

ਦੇ ਖ਼ਿਆਲ ਭਰਦਾ ਹੈ ਜੋ ਲੋਕਾਂ ਦੇ ਮਨ ਵਿਚ ਕਾਮ ਪੈਦਾ ਕਰਦੇ ਹਨ ਤੇ ਇਸ ਗੱਲ ਨੂੰ ਉਹ ਪਸੰਦ ਕਰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਸਿਆਣੇ ਆਦਮੀ ਇਸ ਗੱਲ ਵੱਲ ਜ਼ਿਆਦਾ ਧਿਆਨ ਦੇਣ। ਇਸ ਤਰ੍ਹਾਂ ਦੇ ਖ਼ਿਆਲਾਂ ਨੂੰ ਰੋਕਣਾ ਹੀ ਧਰਮ ਹੈ। ਇਸ ਵਾਸਤੇ ਅਸੀਂ ਸਭ ਸਿਆਣੇ ਲੋਕਾਂ ਅੱਗੇ ਬੇਨਤੀ ਕਰਾਂਗੇ ਕਿ ਅੰਗ੍ਰੇਜ਼ਾਂ ਦੀਆਂ ਭੈੜੀਆਂ ਗੱਲਾਂ ਨੂੰ ਭੀ ਚੰਗੀਆਂ ਬਣਾ ਕੇ ਗ੍ਰਹਿਣ ਨਾ ਕਰੋ। ਨਾਚ ਰੰਗਾਂ, ਥੀਏਟਰਾਂ ਆਦਿ ਵਿਚ ਸ਼ਾਮਲ ਹੋਣਾ ਭੈੜੀਆਂ ਪੁਸਤਕਾਂ ਪੜ੍ਹਨਾ ਤੇ ਭੈੜੇ ਲੋਕਾਂ ਦੀਆਂ ਕਹਾਣੀਆਂ ਵਿਚ ਸਵਾਦ ਲੈਣਾ ਸਖ਼ਤ ਹਾਨੀਕਾਰਕ ਹੈ ਤੇ ਇਸ ਤਰ੍ਹਾਂ ਨਾਲ ਸਾਰੀ ਕੌਮ ਦਾ ਚਾਲ ਚਲਣ ਹੀ ਗਿਰ ਜਾਂਦਾ ਹੈ।

* * *

ਖਾਲਸਾ ਜੀ ਮਰੋ ਯਾ ਜੀਵੋ!

ਇਸ ਸਿਸਕਣ ਦਾ ਕੀ ਲਾਭ ?

ਇਸ ਵੇਲੇ ਨੌਕਰਸ਼ਾਹੀ ਨੇ ਹਰ ਪਾਸਿਓਂ ਸਾਡੇ ਉੱਤੇ ਹਮਲਾ ਸ਼ੁਰੂ ਕੀਤਾ ਹੋਇਆ ਹੈ। ਅਸੀਂ ਬਥੇਰਾ ਜ਼ੋਰ ਲਾਇਆ ਕਿ ਅਸੀਂ ਮੁੜ ਇਸ ਨੌਕਰਸ਼ਾਹੀ ਨਾਲ ਧਾਰਮਿਕ ਕੰਮਾਂ ਵਿਚ ਟੱਕਰ ਨਾ ਲਈਏ, ਗੁਰਦੁਆਰਾ ਐਕਟ ਦੀ ਵਰਤੋਂ ਇਸ ਤਰ੍ਹਾਂ ਨਾਲ ਹੋ ਰਹੀ ਹੈ ਕਿ ਗੁਰਦੁਆਰਿਆਂ ਦੀਆਂ ਜਾਇਦਾਦਾਂ ਤੇ ਗੁਰਦੁਆਰੇ ਪੰਥ ਦੇ ਹੱਥੋਂ ਨਿਕਲੇ ਜਾ ਰਹੇ ਹਨ। ਆਮ ਕਰਕੇ ਸਰਕਾਰੀ ਅਫ਼ਸਰਾਂ ਨੇ ਰਵੱਈਆ ਹੀ ਬਣਾਇਆ ਹੋਇਆ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਦੀ ਹਰ ਜਾਇਜ਼, ਨਾਜਾਇਜ਼ ਤਰੀਕੇ ਨਾਲ ਮੁਖਾਲਫ਼ਤ ਕੀਤੀ ਜਾਵੇ। ਅਸਾਂ ਇਹ ਸਭ ਕੁਝ ਸਹਾਰਿਆ। ਸਾਨੂੰ ਤਾਨ੍ਹੇ ਮਾਰੇ ਗਏ, ਸਾਡੇ ਗੁਰਦੁਆਰੇ ਉਜਾੜੇ ਗਏ, ਸਾਨੂੰ ਬੇ-ਇੱਜ਼ਤ ਕੀਤਾ ਗਿਆ ਤੇ ਸਾਡੇ ਵੀਰ ਅਜੇ ਤਕ ਜੇਲ੍ਹਾਂ ਵਿਚ ਡੱਕੇ ਪਏ ਹਨ। ਅਸੀਂ ਇਹ ਸਭ ਕੁਝ ਸਹਾਰ ਰਹੇ ਹਾਂ ਕਿ ਉਪਰੋਂ ਸਾਡੇ ਗੁਰੂ ਗ੍ਰੰਥ ਸਾਹਿਬ ਦੀ ਬੇਇੱਜ਼ਤੀ ਕਰਨ ਲਈ ਲੋਕਾਂ ਦੇ ਹੌਂਸਲੇ ਵਧਾਏ ਜਾਣ ਲੱਗ ਗਏ ਹਨ। ਇਹ ਹੁਣ ਅਸੀਂ ਕਿਸ ਤਰ੍ਹਾਂ ਸਹਾਰੀਏ! ਅਸੀਂ ਨੱਕ ਦਮ ਆ ਗਏ ਤੇ ਸਖ਼ਤ ਤੰਗ ਆ ਕੇ ਪੰਥ ਪਾਸ ਅਪੀਲ ਕਰਦੇ ਹਾਂ ਕਿ ਇਸ ਜੀਵਨ ਨਾਲੋਂ ਤਾਂ ਮਰ ਜਾਣਾ ਹੀ ਚੰਗਾ ਹੈ। ਜੇ ਕਰ ਤੁਸੀਂ ਆਪਣੇ ਧਰਮ ਦੀ ਰੱਖਿਆ ਨਹੀਂ ਕਰ ਸਕਦੇ ਤਾਂ ਤੁਹਾਡਾ ਇਸ ਧਰਮ ਵਿਚ ਰਹਿਣ ਦਾ ਕੀ ਪ੍ਰਯੋਜਨ ਹੈ? ਪਾਠਕਾਂ ਨੂੰ ਯਾਦ ਹੋਵੇਗਾ ਕਿ ਸ਼ਹਿਰ ਅੰਮ੍ਰਿਤਸਰ ਵਿਚ ਇਕ ਧਰਮਸ਼ਾਲ ਰਹੀ ਹੈ, ਜਿਹਦੇ ਵਿਚ ਇਕ ਹਿੱਸੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪੂਜਾ-ਪਾਠ ਹੁੰਦਾ ਸੀ ਤੇ ਦੂਜੇ ਮਕਾਨ ਵਿਚ ਦੇਵੀ ਦਵਾਰਾ ਸੀ। ਇਸ ਦੇ ਪ੍ਰਬੰਧ ਲਈ ਛੇ ਹਿੰਦੂ ਤੇ ਛੇ ਸਿੱਖਾਂ ਦੀ ਕਮੇਟੀ ਬਣੀ ਹੋਈ ਸੀ। ਕੁਝ ਮਹੀਨੇ ਹੋਏ ਹਨ ਕਿ ਇਕ ਅਫ਼ਸਰ ਪੰਜਾਬ ਸਰਕਾਰ ਵੱਲੋਂ ਇਸ ਥਾਂ ਨੂੰ ਸਰਸਰੀ ਤੌਰ ਉੱਤੇ ਵੇਖਣ ਲਈ ਆਇਆ ਤੇ ਹਿੰਦੂਆਂ ਨੇ ਉਸ ਦੇ ਆਵਣ 'ਤੇ ਪਹਿਲੇ ਦਿਨ, ਉਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਉਠਾ ਦਿੱਤਾ ਤੇ ਨਿਸ਼ਾਨ ਸਾਹਿਬ ਵੱਢ ਦਿੱਤਾ। ਇਸ ਗੱਲ ਦੀ ਰਿਪੋਰਟ ਪੁਲਿਸ ਵਿਚ ਹੋਈ ਤੇ ਪੁਲਿਸ ਨੇ ਤਾਕੀਕਾਤ ਕਰਕੇ ਕਹਿ ਦਿੱਤਾ ਕਿ ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਹੀ ਸਿੱਧ ਨਹੀਂ ਹੈ। ਇਸ ਦੇ ਮਗਰੋਂ ਉਹ ਤਿੰਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਜੋ ਉਥੋਂ ਉਠਾਈਆਂ ਗਈਆਂ ਸਨ, ਇਕ ਰੂੜੀ ਦੇ ਢੇਰ ਤੋਂ ਮਿਲੀਆਂ। ਇਸ ਗੱਲ ਦੀ ਫਿਰ ਰਿਪੋਰਟ ਹੋਈ ਤੇ ਸਰਕਾਰੀ ਅਫ਼ਸਰਾਂ ਨੇ ਇਸ ਗੱਲ ਨੂੰ ਸਿੱਧ ਨਾ ਹੋਇਆ ਕਹਿ ਦਿੱਤਾ। ਇਸ ਤੋਂ ਤੰਗ ਆ ਕੇ ਕੁਝ

ਸਿੰਘਾਂ ਨੇ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ। ਇਸ ਉੱਤੇ ਉਨ੍ਹਾਂ ਹਿੰਦੂਆਂ ਨੇ ਉਨ੍ਹਾਂ ਸਿੰਘਾਂ ਦੇ ਵਿਰੁੱਧ ਦਾਵਾ ਕਰ ਦਿੱਤਾ। ਦਾਵੇ ਦਾ ਫ਼ੈਸਲਾ ਹੋਇਆ ਕਿ ਉਥੇ ਕਬਜ਼ਾ ਹਿੰਦੂਆਂ ਦਾ ਹੈ। ਇਸ ਫ਼ੈਸਲੇ ਵਿਚ ਸਾਡੇ ਲਾਇਕ ਮੈਜਿਸਟਰੇਟ ਲਿਖਦੇ ਹਨ ਕਿ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਸੀ, ਕਿਉਂਕਿ ਜੇ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਤਾਂ ਸਿੱਖ ਜ਼ਰੂਰ ਸਖ਼ਤ ਕਾਰਵਾਈ ਕਰਦੇ, ਜਿਹਾ ਕਿ ਉਨ੍ਹਾਂ ਦਾ ਸੁਭਾ ਹੈ। ਬਸ ਹੁਣ ਸਚਾਈ ਸਾਬਤ ਕਰਨ ਦੀ ਭੀ ਇਕ ਢੰਗ ਹੈ ਤੇ ਉਹ ਸਖ਼ਤ ਕਾਰਵਾਈ ਕਰਨਾ ਹੈ।

ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਇਜ਼ਤੀ ਤੋਂ ਆਪਣੇ ਤਪੇ ਹੋਏ ਦਿਲ ਕੇਵਲ ਇਸੇ ਤਰ੍ਹਾਂ ਹੀ ਠੰਡੇ ਕੀਤੇ ਸਨ ਕਿ ਉਥੇ ਮੁੜ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਸੀ। ਇਸ ਕਾਰਵਾਈ ਨੂੰ ਮੈਜਿਸਟਰੇਟ ਨੇ ਨਰਮ ਸਮਝਿਆ ਹੈ ਤੇ ਉਹ ਸਾਥੋਂ ਆਪਣੀ ਸਚਾਈ ਸਾਬਤ ਕਰਨ ਲਈ ਕੋਈ ਵਧੇਰੇ ਸਖ਼ਤ ਕਾਰਵਾਈ ਦੀ ਆਸ ਰੱਖਦਾ ਹੈ। ਹੁਣ ਇਸ ਮੈਜਿਸਟਰੇਟ ਨੇ ਹੁਕਮ ਦਿੱਤਾ ਹੈ ਕਿ ਜੇ ਹਿੰਦੂਆਂ ਨੂੰ ਕਬਜ਼ਾ ਦਿਵਾਇਆ ਜਾਵੇ, ਜਿਸ ਦੇ ਅਰਥ ਇਹ ਹਨ ਕਿ ਉਥੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬੰਦ ਕੀਤਾ ਜਾਵੇ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬੇਇਜ਼ਤੀ ਦਾ ਕਾਰਨ ਇਹ ਸਿੱਖ ਗੁਰਦੁਆਰਾ ਐਕਟ ਤੇ ਇਸ ਤਰ੍ਹਾਂ ਦੇ ਮੈਜਿਸਟਰੇਟ ਹੋ ਰਹੇ ਹਨ। ਥਾਂ-ਥਾਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਬੇਇੱਜ਼ਤੀ ਦੀਆਂ ਖ਼ਬਰਾਂ ਆਉਣ ਲੱਗ ਗਈਆਂ ਹਨ। ਆਖ਼ਰ ਇਹ ਅਸੀਂ ਕਦ ਤਕ ਸਹਾਰਾਂਗੇ। ਹੁਣ ਜਦ ਖ਼ਾਸ ਅੰਮ੍ਰਿਤਸਰ ਵਿਚ ਸਾਡੀਆਂ ਅੱਖਾਂ ਦੇ ਸਾਹਮਣੇ ਇਹ ਹਾਲਤ ਹੋ ਰਹੀ ਹੈ ਤਾਂ ਦਸੋ ਕਿ ਇਹ ਸਾਡੀ ਜ਼ਿੰਦਗੀ ਦੀ ਆਜ਼ਮਾਇਸ਼ ਹੈ ਕਿ ਕੁਝ ਹੋਰ। ਨੌਕਰਸ਼ਾਹੀ ਇਥੇ ਸਾਫ਼ ਤੌਰ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਬੇਇੱਜ਼ਤੀ ਤੋਂ ਬਚਾਣ ਲਈ ਇਸ ਨੌਕਰਸ਼ਾਹੀ ਨੂੰ ਅਮਲੀ ਤੌਰ ਉੱਤੇ ਪ੍ਰਗਟ ਕਰ ਦਿੱਤਾ ਜਾਵੇ ਕਿ ਅਸੀਂ ਇਹ ਬੇਇੱਜ਼ਤੀ ਨਹੀਂ ਸਹਾਰਾਂਗੇ। ਸਾਨੂੰ ਅੱਗੇ ਹੀ ਸ਼ਕ ਸੀ ਕਿ ਇਹ ਜੋ ਗੁਰੂ ਗ੍ਰੰਥ ਸਾਹਿਬ ਦੀ ਬੇਇੱਜ਼ਤੀ ਦੀਆਂ ਵਾਰਦਾਤਾਂ ਵੱਧ ਰਹੀਆਂ ਹਨ, ਇਸ ਦੇ ਪਿੱਛੇ ਕਈ ਨੌਕਰਸ਼ਾਹੀ ਅਫ਼ਸਰਾਂ ਦਾ ਹੱਥ ਹੈ। ਹੁਣ ਦੀ ਹਾਲਤ ਵਿਚ ਤਾਂ ਮੈਜਿਸ਼ਟਰੇਟ ਦਾ ਫ਼ੈਸਲਾ ਪੜ੍ਹ ਕੇ ਹੀ ਵੇਖ ਲਵੋ ਕਿ ਕਿਸ ਤਰ੍ਹਾਂ ਦਾ ਬੁਗ਼ਜ਼ ਭਰਿਆ ਹੋਇਆ ਹੈ ਤੇ ਕਿਸ ਤਰ੍ਹਾਂ ਤੇ ਫ਼ਜ਼ੂਲ ਗੱਲਾਂ ਕੇਵਲ ਸਾਨੂੰ ਬੇਇੱਜ਼ਤ ਕਰਨ ਲਈ ਹੀ ਭਰੀਆਂ ਗਈਆਂ ਹਨ।

ਹੁਣ ਹਾਲਤ ਇਥੇ ਤਕ ਪੁੱਜ ਗਈ ਹੈ ਕਿ ਜਾਂ ਖਾਲਸਾ ਜੀ, ਤਲੀ ਉੱਤੇ ਸਿਰ ਰੱਖ ਕੇ ਨਿੱਤਰੋ ਤੇ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਹਿਣਾ ਛੱਡ ਦਿਓ। ਹੁਣ ਅੰਤ ਉੱਤੇ ਗੱਲ ਪੁੱਜ ਗਈ ਹੈ। ਸਾਡੇ ਵਾਸਤੇ ਹੋਰ ਪਿੱਛੇ ਹਟਣ ਨੂੰ ਥਾਂ ਨਹੀਂ ਹੈ। ਹੋਰ ਪਿੱਛੇ ਤਾਂ ਹੁਣ ਖੂਹ ਹੀ ਪੁੱਟਿਆ ਹੋਇਆ ਹੈ। ਇਸ ਵਾਸਤੇ ਹੁਣ ਵਕਤ ਆ ਗਿਆ ਹੈ ਕਿ ਇਸ ਜੀਵਨ ਨਾਲੋਂ ਅਸੀਂ ਮਰ ਹੀ ਜਾਈਏ ਤਾਂ ਚੰਗਾ ਹੈ। ਇਸ ਤਰ੍ਹਾਂ ਸਿਸਕ ਸਿਸਕ ਕੇ ਕੀ ਜਾਨ ਦੇਣੀ ਹੈ ? ਜੇ ਮਰਨਾ ਹੈ ਤਾਂ ਸਨਮੁਖ ਹੋ ਕੇ ਬਹਾਦਰਾਂ ਵਾਂਗੂ ਮੂਹ ਉੱਤੇ ਵਾਰ ਖਾਂਦੇ ਮਰੋ। ਕਾਇਰਾਂ ਵਾਂਗੂ ਹੁਣ ਪਿੱਛੇ

ਭਜਦੇ ਹੋਏ ਪਿੱਠ ਉੱਤੇ ਵਾਰ ਨਾ ਖਾਓ। ਖ਼ਾਲਸਾ ਜੀ, ਸਿੱਖੀ ਅਣਖ ਦੀ ਇਕ ਵੇਰਾਂ ਅਜ਼ਮਾਇਸ਼ ਇਹ ਨੌਕਰਸ਼ਾਹੀ ਕਰਨਾ ਚਾਹੁੰਦੀ ਹੈ ਤੇ ਹੁਣ ਗੀਦੀ ਬਣ ਕੇ ਘਰਾਂ ਵਿਚ ਨਹੀਂ ਲੁਕ ਸਕਦੇ। ਨਿੱਤਰੋ, ਆਪਣੇ ਘਰ ਬਾਹਰ ਨੂੰ ਫੂਕੋ ਤੇ ਕੌਮੀ ਪ੍ਰਵਾਨਿਓਂ, ਕੌਮ ਦੀ ਹਸਤੀ ਤੇ ਗੁਰੂ ਦੀ ਹਸਤੀ ਤੇ ਇੱਜ਼ਤ ਲਈ ਮਰ ਮਿਟਣ ਲਈ 'ਚ ਮੈਦਾਨ ਵਿਚ ਨਿੱਤਰੋ। ਜੋ ਸੱਜਣ ਮੋਰਚੇ ਲਈ ਬੇਤਾਬ ਸਨ ਉਹ ਤਯਾਰ ਰਹਿਣ, ਥੋੜ੍ਹੇ ਹੀ ਦਿਨਾਂ ਲਈ ਨੌਕਰਸ਼ਾਹੀ ਹਮਲਾ ਸ਼ੁਰੂ ਹੋਣ ਵਾਲਾ ਹੈ। ਇਕ ਵੇਰਾਂ ਤਾਂ ਸਿੰਘ ਕਬਜ਼ਾ ਦੇਣੋਂ ਨਾਂਹ ਕਰ ਚੁੱਕੇ ਹਨ ਤੇ ਹੁਣ ਨੌਕਰਸ਼ਾਹੀ ਲਸ਼ਕਰ ਇਥੇ ਸਾਡੇ ਉੱਤੇ ਧਾਵਾ ਬੋਲਣ ਵਾਲਾ ਹੈ। ਅਸੀਂ ਇਥੇ ਪੂਰੀ ਸਚਾਈ ਉਤੇ ਹਾਂ ਤੇ ਸਾਡੇ ਪਾਸ ਲਿਖਤੀ ਸਬੂਤ ਹਨ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਇਥੇ ਹੁੰਦਾ ਰਿਹਾ ਹੈ ਤੇ ਸਾਰੇ ਲੋਕੀਂ ਇਸ ਗੱਲ ਤੋਂ ਜਾਣੂ ਹਨ। ਇਹ ਤਾਂ ਨੌਕਰਸ਼ਾਹੀ ਨੇ ਕੇਵਲ ਸਾਨੂੰ ਬੇਇੱਜ਼ਤ ਕਰਨ ਦੀ ਵਿਓਂਤ ਕੱਢੀ ਹੈ ਤੇ ਫ਼ੈਸਲਾ ਪੜ੍ਹ ਕੇ ਵੇਖ ਲਵੋ ਕਿ ਕਿਸ ਤਰ੍ਹਾਂ ਦਾ ਪ੍ਰਗਟ ਧੱਕਾ ਤੇ ਫ਼ਜ਼ੂਲ ਦਲੀਲਾਂ ਦਾ ਵਰਤਾਵਾ ਕੀਤਾ ਗਿਆ ਹੈ! ਅਕਾਲੀ ਸਿੰਘੋ ਤੇ ਹੋਰ ਖਾਲਸਾ ਜੀਓ, ਤਿਆਰ ਰਹੋ ਤੇ ਇਕ ਵਾਰੀ ਫਿਰ ਵੈਰੀਆਂ ਨੂੰ ਦਸ ਦੇਵੋ ਕਿ ਸਿੱਖ ਪੰਥ ਇਸ ਤਰ੍ਹਾਂ ਮਰ ਨਹੀਂ ਸਕਦਾ ਹੈ।

☆ ☆ ☆

ਸਿੱਖਾਂ ਦੀ ਸਿੱਖਾਂ ਨਾਲ ਵਿਰੋਧਤਾ :

ਯੂਰਪ ਦੇ ਦੇਸ਼ਾਂ ਵਿਚ ਆਮ ਕਰ ਕੇ ਦੋ ਰਾਜਸੀ ਪਾਰਟੀਆਂ ਹੁੰਦੀਆਂ ਹਨ। ਉਂਜ ਤਾਂ ਦੋ ਤੋਂ ਵਧ ਭੀ ਪਾਰਟੀਆਂ ਹੁੰਦੀਆਂ ਹਨ, ਪਰ ਜ਼ੋਰ ਵਾਲੀਆਂ ਦੋ ਹੀ ਆਮ ਕਰਕੇ ਹੁੰਦੀਆਂ ਹਨ। ਸਭ ਤੋਂ ਵੱਡੀ ਪਾਰਟੀ ਦੇ ਹੱਥ ਰਾਜ ਹੁੰਦਾ ਹੈ ਤੇ ਦੂਜੀ ਪਾਰਟੀ ਉਸ ਦੀ ਨੁਕਤਾਚੀਨੀ ਕਰਦੀ ਹੈ। ਇਸ ਤਰ੍ਹਾਂ ਨਾਲ ਵੱਡੀ ਪਾਰਟੀ ਭੀ ਸਦਾ ਇਹ ਜਤਨ ਕਰਦੀ ਹੈ ਕਿ ਉਸ ਦੇ ਵਿਰੁੱਧ ਕੋਈ ਖ਼ਾਸ ਇਲਜ਼ਾਮ ਨਾ ਲੱਗੇ ਤੇ ਕੰਮ ਸੂਤ ਚਲਦਾ ਹੈ। ਇਸੇ ਤਰ੍ਹਾਂ ਅੰਗਰੇਜ਼ਾਂ ਦੀ ਕੌਮ ਦਾ ਕੰਮ ਚਲ ਰਿਹਾ ਹੈ। ਇਸ ਕੰਮ ਨੂੰ ਚਲਦੇ ਵੇਖ ਕੇ ਕਈ ਸੱਜਣ ਇਹ ਖ਼ਿਆਲ ਕਰਦੇ ਹਨ ਕਿ ਸਾਡਾ ਕੰਮ ਭੀ ਉਸੇ ਤਰ੍ਹਾਂ ਚੰਗਾ ਚਲ ਸਕਦਾ ਹੈ ਪਰ ਇਹ ਠੀਕ ਨਹੀਂ ਹੈ ਕਿਉਂਕਿ ਸਾਡੇ ਦੇਸ਼ ਤੇ ਅੰਗਰੇਜ਼ਾਂ ਦੇ ਹਾਲਤ ਵਿਚ ਬਹੁਤ ਫਰਕ ਹੈ। ਅੰਗਰੇਜ਼ ਆਜ਼ਾਦ ਕੌਮ ਹੈ ਤੇ ਉਨ੍ਹਾਂ ਦੇ ਦੇਸ਼ ਵਿਚ ਕੋਈ ਪੜਾ ਕੌਮ ਦਾ ਵੈਰੀ ਨਹੀਂ ਹੈ। ਦੋਵੇਂ ਧੜੇ ਆਪਸ ਵਿਚ ਦੂਜੇ ਨੂੰ ਗਿਰਾਣ ਲਈ ਜ਼ੋਰ ਲਾਂਦੇ ਹਨ ਪਰ ਇਸ ਝਗੜੇ ਵਿਚ ਕੌਮ ਦਾ ਕੋਈ ਨੁਕਸਾਨ ਨਹੀਂ ਹੁੰਦਾ, ਸਗੋਂ ਕੌਮ ਦਾ ਕੰਮ ਵਧੇਰੇ ਧਿਆਨ, ਲਿਆਕਤ ਤੇ ਈਮਾਨਦਾਰੀ ਨਾਲ ਚਲਦਾ ਹੈ। ਸਾਡਾ ਸਿੱਖਾਂ ਦਾ ਹਾਲ ਇਹ ਹੈ ਕਿ ਇਥੇ ਸਾਡੇ ਦੇਸ਼ ਵਿਚ ਹੀ ਕਈ ਹੋਰ ਕੌਮਾਂ ਤੇ ਸਰਕਾਰ ਹਨ ਜੋ ਹਰ ਵੇਲੇ ਹਰ ਘੜੀ ਸਾਡੀ ਆਪਸ ਵਿਚ ਦੀ ਧੜੇਬੰਦੀ ਦਾ ਲਾਭ ਉਠਾਣ ਲਈ ਤਿਆਰ ਰਹਿੰਦੀਆਂ ਹਨ। ਅੰਗਰੇਜ਼ ਲੋਕ ਆਪਣੇ ਦੇਸ਼ ਵਿਚ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਤੇ ਇਸ ਦੇ ਅਨੁਸਾਰ ਕੰਮ ਕਰਦੇ ਹਨ। ਉਹ ਸਮਝਦੇ ਹਨ ਕਿ ਜਦ ਕਿਸੇ ਬਦੇਸ਼ੀ ਧੜੇ ਨਾਲ ਝਗੜਾ ਹੋਵੇ ਤਾਂ ਘਰੋਗੀ ਧੜੇ ਸਖ਼ਤ ਨੁਕਸਾਨ ਕਰਦੇ ਹਨ। ਅੰਗਰੇਜ਼ਾਂ ਦੀ ਘਰੋਗੀ ਧੜੇਬਾਜ਼ੀ ਭੀ ਬੜੇ ਜ਼ਿੰਮੇਂਵਾਰ ਢੰਗ ਨਾਲ ਹੁੰਦੀ ਹੈ। ਰਾਜ ਕਰਨ ਵਾਲੇ ਧੜੇ ਦਾ ਵਿਰੋਧੀ ਧੜਾ ਉਨ੍ਹਾਂ ਦੀ ਨੁਕਤਾਚੀਨੀ ਤਾਂ ਕਰੇਗਾ ਪਰ ਰਾਜ ਪ੍ਰਬੰਧ ਨੂੰ ਵਿਗਾੜਨ ਦਾ ਜਤਨ ਉੱਕਾ ਨਹੀਂ ਕਰੇਗਾ, ਕਿਉਂਕਿ ਇਸ ਵਿਚ ਸਾਰੇ ਮੁਲਕ ਦਾ ਨੁਕਸਾਨ ਹੁੰਦਾ ਹੈ। ਫਿਰ ਅੰਗਰੇਜ਼ ਕੌਮ ਭੀ ਬੜੀ ਜ਼ਿੰਮੇਵਾਰ ਕੌਮ ਹੈ। ਜੇਕਰ ਕੋਈ ਧੜਾ ਦੂਜੇ ਧੜੇ ਨੂੰ ਗਿਰਾਣ ਲਈ ਕਿਸੇ ਤਰ੍ਹਾਂ ਰਾਜ ਪ੍ਰਬੰਧ ਵਿਚ ਵਿਘਣ ਪਾਣ ਦਾ ਜਤਨ ਕਰੇ ਤਾਂ ਉਹ ਹੋਰ ਸਗੋਂ ਬਦਨਾਮ ਹੋ ਜਾਂਦੇ ਹਨ ਤੇ ਉਨ੍ਹਾਂ ਦਾ ਬੁਰਾ ਹਾਲ ਹੁੰਦਾ ਹੈ। ਅਸਾਂ ਇਕ ਗੱਲ ਤਾਂ ਇਹ ਸਿੱਖਣੀ ਹੈ ਜੇਕਰ ਆਪਸ ਵਿਚ ਕੋਈ ਧੜੇਬਾਜ਼ੀ ਹੋਵੇ ਜਾਂ ਕਿਸੇ ਹੋਰ ਤਰ੍ਹਾਂ ਦਾ ਸੰਮਤੀ-ਭੇਦ ਹੋਵੇ, ਤਾਂ ਅਸੀਂ ਇਸ ਤਰ੍ਹਾਂ ਦੇ ਅਰਦਾਸੇ ਨਹੀਂ ਕਰ ਸਕਦੇ ਹਾਂ ਕਿ "ਹੇ ਵਾਹਿਗੁਰੂ, ਫਲਾਣਾ ਗੁਰਦੁਆਰਾ

ਢਾਹ ਦੇਹ।" ਇਸ ਤਰ੍ਹਾਂ ਦੀ ਇੱਛਾ ਕਰਨਾ ਹੀ ਗ਼ੈਰ-ਜ਼ਿੰਮੇਵਾਰੀ ਹੈ ਤੇ ਕੌਮ ਨੂੰ ਨੁਕਸਾਨ ਪੁੱਜਦਾ ਹੈ।

ਦੂਜੀ ਗੱਲ ਜੋ ਅਸਾਂ ਸਿੱਖਣੀ ਹੈ, ਇਹ ਹੈ ਕਿ ਅਸੀਂ ਸਿੱਖ ਬਿਲਕੁਲ ਇਸ ਤਰ੍ਹਾਂ ਧੜੇਬਾਜ਼ੀ ਨਾਲ ਕੰਮ ਨਹੀਂ ਕਰ ਸਕਦੇ ਹਾਂ। ਉਂਜ ਤਾਂ ਸਾਰੇ ਹਿੰਦੁਸਤਾਨੀ ਹੀ ਧੜੇਬਾਜ਼ੀ ਬਣਾ ਕੇ ਕੰਮ ਕਰਨਾ ਕੇਵਲ ਉਨ੍ਹਾਂ ਕੌਮਾਂ ਦਾ ਹੀ ਕੰਮ ਹੈ, ਜਿਨ੍ਹਾਂ ਨੂੰ ਬਾਹਰ ਦੀ ਬਲਾ ਕੋਈ ਨਹੀਂ ਚੰਬੜੀ ਹੈ। ਹਿੰਦੁਸਤਾਨ ਨੂੰ ਤਾਂ ਬਦੇਸ਼ੀ ਰਾਜ ਇਕ ਅਜੇਹੀ ਬਲਾ ਚੰਬੜੀ ਹੈ ਕਿ ਇਸ ਨੂੰ ਜੇ ਜਰਾ ਭੀ ਉਂਗਲ ਪਾਣ ਦੀ ਵਿੱਥ ਲੱਭੀਏ ਤਾਂ ਇਹ ਚੀਰ-ਪਾੜ ਸੁੱਟਦੀ ਹੈ। ਇਹ ਤਾਂ ਹਾਲਤ ਹੈ ਸਾਰੇ ਹਿੰਦੁਸਤਾਨੀਆਂ ਦੀ ਪਰ ਸਿੱਖਾਂ ਦੀ ਹਾਲਤ ਵਿਚ ਤਾਂ ਧੜੇਬਾਜ਼ੀ ਹੋਰ ਭੀ ਖ਼ਤਰਨਾਕ ਹੈ। ਸਿੱਖ ਇਕ ਛੋਟੀ ਜਿਹੀ ਕੌਮ ਹੈ ਜਿਸ ਦੇ ਵਿਰੋਧੀ ਵੈਰੀ ਤੇ ਅਸੰਮਤੀ ਰੱਖਣ ਵਾਲੀਆਂ ਕੌਮਾਂ ਬਥੇਰੀਆਂ ਹਨ। ਇਸ ਵੇਲੇ ਸਿੱਖਾਂ ਦਾ ਹਿੰਦੂਆਂ ਮੁਲਸਮਾਨਾਂ, ਆਰੀਆਂ, ਈਸਾਈਆਂ, ਸਰਕਾਰ ਆਦਿ ਸਭ ਨਾਲ ਮੁਕਾਬਲਾ ਹੈ ਤੇ ਸਦਾ ਹੀ ਰਹੇਗਾ। ਇਸ ਤਰ੍ਹਾਂ ਦੀਆਂ ਵੱਡੀਆਂ ਭਾਰੀਆਂ ਤਾਕਤਾਂ ਦੇ ਮੁਕਾਬਲੇ ਵਿਚ ਸਿੱਖਾਂ ਵਰਗੀ ਕੌਮ ਤਦ ਹੀ ਜਿੰਦਾਂ ਰਹਿ ਸਕਦੀ ਹੈ ਜੇਕਰ ਇਹ ਪੂਰਨ ਜਥੇਬੰਦ ਤੇ ਇਕ ਜਾਨ ਬਣੀ ਰਹੇ। ਜਿਤਨੀ ਤਾਕਤ ਸਾਡੀ ਘੱਟ ਹੈ, ਉਤਨਾ ਹੀ ਸਾਨੂੰ ਸੰਭਲ ਕੇ ਇਸ ਤਾਕਤ ਨੂੰ ਵਰਤਣਾ ਚਾਹੀਦਾ ਹੈ। ਇਕ ਛੋਟੀ ਜਿਹੀ ਕੌਮ ਆਪੋ ਵਿਚ ਲੜ-ਝਗੜ ਕੇ ਜੇ ਤਾਕਤ ਗਵਾਂਦੀ ਰਹੇ ਤੇ ਫਿਰ ਜੀਵਨ ਦੀ ਆਸ ਰੱਖੇ ਤਾਂ ਡਾਢੀ ਭੁੱਲ ਹੈ। ਸਾਡੇ ਸੱਜਣ ਕਿਹਾ ਕਰਦੇ ਹਨ ਕਿਸੇ ਸਿੱਖ ਧਰਮ ਵਿਚ ਸਚਾਈ ਹੈ ਤੇ ਜ਼ਰੂਰ ਜ਼ਿੰਦਾ ਰਹੇਗਾ। ਉਨ੍ਹਾਂ ਦੀ ਇਹ ਭੁੱਲ ਹੈ ਕਿ ਉਹ ਸਚਾਈ ਨੂੰ ਹੀ ਮਾਦੂਦ ਸਮਝਦੇ ਹਨ। ਅੱਜ ਤਕ ਦੁਨੀਆਂ ਵਿਚ ਚੰਗੇ-ਚੰਗੇ ਧਰਮ ਹੋ ਚੁੱਕੇ ਹਨ ਤੇ ਵਾਮ ਮਾਰਗ ਵਰਗੇ ਮਾੜੇ ਭੀ ਹੋ ਚੁੱਕੇ ਹਨ। ਚੰਗੇ ਧਰਮ ਕਿਉਂ ਤਬਾਹ ਹੋਏ ? ਕਿਉਂਕਿ ਉਨ੍ਹਾਂ ਦੇ ਮੰਨਣ ਵਾਲਿਆਂ ਵਿਚ ਕਈ ਤਰ੍ਹਾਂ ਦੀ ਕਮਜ਼ੋਰੀ ਆ ਗਈ ਸੀ। ਸਚਾਈ ਕਈ ਸ਼ਕਲਾਂ ਵਿਚ ਹੈ। ਆਪਸ ਵਿਚ ਲੜਨਾ, ਬੁਗਜ਼, ਹਸਦ, ਖ਼ੁਦਗਰਜ਼ੀ ਆਦਿ ਭੀ ਤਾਂ ਸਚਾਈ ਦੇ ਵਿਰੋਧੀ ਹਨ ਤੇ ਆਪੋ ਵਿਚ ਲੜਾਈ ਦਾ ਕਾਰਨ ਕੋਈ ਨ ਕੋਈ ਐਬ ਹੀ ਹੋ ਸਕਦਾ ਹੈ। ਇਸ ਕਰਕੇ ਅਸੀਂ ਕਹਿੰਦੇ ਹਾਂ ਕਿ ਸਿੱਖਾਂ ਵਰਗੀ ਇਕ ਛੋਟੀ ਜੇਹੀ ਕੌਮ ਨੂੰ ਭੀ ਮੌਜੂਦਾ ਝੰਬੇਲਿਆਂ ਵਿਚ ਫਸਿਆਂ ਹੋਇਆਂ ਕਦੇ ਕਿਸੇ ਤਰ੍ਹਾਂ ਦੀ ਧੜੇਬਾਜ਼ੀ ਨੁਕਸਾਨ ਪੁਚਾਣੋਂ ਨਹੀਂ ਰੁਕ ਸਕਦੀ। ਇਸ ਵੇਲੇ ਹਰ ਪਾਸਿਓਂ ਸਾਨੂੰ ਹਾਨੀ ਪੁੱਜ ਰਹੀ ਹੈ ਤੇ ਹਰ ਪਾਸੇ ਹੀ ਅਸੀਂ ਆਪੋ ਵਿਚ ਝਗੜ ਰਹੇ ਹਾਂ। ਸਿੱਖ ਕੌਮ ਉੱਤੇ ਸਮਾਂ ਬਹੁਤ ਨਾਜ਼ਕ ਆ ਰਿਹਾ ਹੈ ਤੇ ਅਸੀਂ ਬਿਲਕੁਲ ਲਾਪ੍ਰਵਾਹ ਹੋ ਕੇ ਸਿੱਧੇ ਖੱਡ ਵਿਚ ਡਿੱਗਣ ਨੂੰ ਭੱਜੇ ਜਾ ਰਹੇ ਹਾਂ। ਖਾਲਸਾ ਜੀ, ਹੁਣ ਤਾਂ ਵੇਲਾ ਹੈ। ਤੁਸੀਂ ਇਕ ਛੋਟੀ ਜਿਹੀ ਕੌਮ ਹੋ ਤੇ ਇਕ ਮੁੱਠ ਹੋ ਕੇ ਡਟ ਜਾਓ, ਨਹੀਂ ਤਾਂ ਤੁਹਾਡੀ ਤਬਾਹੀ ਨੇੜੇ ਆ ਗਈ ਹੈ ;

ਸਿੱਖਾਂ ਵਿਚ ਕੁਰਬਾਨੀ ਤੇ ਬੇ-ਗ਼ਰਜ਼ੀ ਅਜਿਹੀ ਹੈ ਕਿ ਅਸੀਂ ਅਜੇ ਭੀ ਆਸ

ਕਰਦੇ ਹਾਂ ਕਿ ਹਰ ਥਾਂ ਏਕਤਾ ਹੋ ਜਾਵੇਗੀ। ਚੰਗੀ ਗੱਲ ਤਾਂ ਇਹੋ ਹੈ ਕਿ ਘਟ ਵਧ ਕਰਕੇ ਹਰ ਥਾਂ ਸਭ ਸੱਜਣਾਂ ਨੂੰ ਨਾਲ ਲੈਣ ਦਾ ਜਤਨ ਕੀਤਾ ਜਾਵੇ, ਅਸੀਂ ਇਹ ਨਹੀਂ ਕਹਿੰਦੇ ਕਿ ਸਾਰੇ ਫ਼ੈਸਲੇ ਸਰਵ-ਸੰਮਤੀ ਨਾਲ ਹੋਣ ਪਰ ਇਤਨਾ ਜ਼ਰੂਰ ਕਹਿੰਦੇ ਹਾਂ ਕਿ ਹਰ ਫ਼ੈਸਲੇ ਦੇ ਮਾਗਰ ਸਮੁੱਚੇ ਪੰਥ ਦੀ ਰਾਏ ਹੋਣੀ ਚਾਹੀਦੀ ਹੈ। ਜੇਕਰ ਕਿਸੇ ਵੇਲੇ ਥੋੜ੍ਹੀ ਬਹੁ-ਸੰਮਤੀ ਨਾਲ ਭੀ ਫ਼ੈਸਲਾ ਕੀਤਾ ਜਾਵੇ ਤਾਂ ਘੱਟ-ਸੰਮਤੀ ਦਾ ਫ਼ਰਜ਼ ਹੈ ਕਿ ਉਹ ਸਿਰ ਝੁਕਾ ਦੇਵੇ ਕਿਉਂਕਿ ਆਪਾਂ ਇਤਨੀ ਛੋਟੀ ਕੌਮ ਹਾਂ ਕਿ ਅਸੀਂ ਆਪੋ ਵਿਚ ਦਾ ਝਗੜਾ ਸਹਾਰ ਨਹੀਂ ਸਕਦੇ ਪਰ ਜੇਕਰ ਕਦੇ ਕਿਸੇ ਗੱਲ ਉੱਤੇ ਘੱਟ-ਸੰਮਤੀ ਡਟ ਜਾਏ ਤਾਂ ਬਹੁਤ-ਸੰਮਤੀ ਦਾ ਫ਼ਰਜ਼ ਹੈ ਕਿ ਉਸ ਨੂੰ ਮੰਨਾਣ ਦਾ ਜਤਨ ਕਰੇ ਪਰ ਜੇ ਘੱਟ-ਸੰਮਤੀ ਜ਼ਿੱਦੀ ਸਾਬਤ ਹੋਵੇ ਤਾਂ ਬਹੁ-ਸੰਮਤੀ ਜੇਕਰ ਇਥੋਂ ਤਕ ਭੀ ਕਰੇ ਕਿ ਸਾਰਾ ਫ਼ੈਸਲਾ ਉਨ੍ਹਾਂ ਦੇ ਹੱਥ ਦੇ ਦੇਵੇ ਤਾਂ ਭੀ ਖ਼ਾਸ-ਖ਼ਾਸ ਹਾਲਤਾਂ ਵਿਚ ਮਾੜਾ ਨਹੀਂ ਹੈ ਤੇ ਇਹ ਭੀ ਬਹੁ-ਸੰਮਤੀ ਦੀ ਕੁਰਬਾਨੀ ਹੈ।

ਅਸੀਂ ਮੰਨ ਸਕਦੇ ਹਾਂ ਕਿ ਕੋਈ ਖ਼ਾਸ-ਖ਼ਾਸ ਸੱਜਣ ਕਿਸੇ ਕੰਮ ਜਾਂ ਉਸ ਕੰਮ ਦੇ ਕਰਨ ਵਾਲਿਆਂ ਨਾਲ ਇਤਨਾ ਮਤਭੇਦ ਰੱਖਦੇ ਹੋਣ ਕਿ ਉਸ ਵਿਚ ਮਦਦ ਦੇਣਾ ਯੋਗ ਨਾ ਸਮਝੇ ਪਰ ਇਹ ਕਿਸੇ ਤਰ੍ਹਾਂ ਨਹੀਂ ਮੰਨ ਸਕਦੇ ਕਿ ਕੋਈ ਸਿੱਖ ਕਿਸੇ ਸਿੱਖਾਂ ਦੇ ਕੰਮ ਨੂੰ ਹੀ ਢਾਹੁਣਾ ਸ਼ੁਰੂ ਕਰ ਦੇਵੇ। ਅਜੇਹੀ ਹਾਲਤ ਵਿਚ ਕੋਈ ਸੱਜਣ ਵਧ ਤੋਂ ਵਧ ਇਹੋ ਹੀ ਕਰ ਸਕਦਾ ਹੈ ਕਿ ਉਹ ਰੁਸ ਕੇ ਅੱਡਰਾ ਹੋ ਬੈਠੇ। ਇਸ ਤਰ੍ਹਾਂ ਰੁਸ ਬੈਠਣਾ ਭੀ ਕਿਸੇ ਖ਼ਾਸ ਵੇਲੇ ਹੀ ਹੋ ਸਕਦਾ ਹੈ ਤੇ ਰੁੱਸੇ ਹੋਏ ਨੂੰ ਮਨਾਣਾ ਦੂਜਿਆਂ ਦਾ ਫ਼ਰਜ਼ ਹੋ ਜਾਂਦਾ ਹੈ। ਜੇਕਰ ਇਕ ਬੰਨਾ ਰੁਸਿਆ ਹੋਇਆ ਹੈ ਤੇ ਦੂਜਾ ਉਸ ਨੂੰ ਮਨਾ ਨਹੀਂ ਸਕਦਾ ਤਾਂ ਇਕ ਪਾਸੇ ਦੀ ਤਾਂ ਜ਼ਰੂਰ ਗਲਤੀ ਹੈ ਤੇ ਦੋਹਾਂ ਦੀ ਭੀ ਹੋ ਸਕਦੀ ਹੈ। ਅਜੇਹੀ ਹਾਲਤ ਵਿਚ ਝਗੜਾ ਨਾਜ਼ਕ ਸ਼ਕਲ ਪਕੜ ਜਾਂਦਾ ਹੈ ਪਰ ਉਸ ਵਿਚ ਭੀ ਰੁਸਣ ਤੋਂ ਵਧ ਕਿਸੇ ਸਿੱਖ ਨੂੰ ਕੋਈ ਕੰਮ ਨਹੀਂ ਕਰਨਾ ਚਾਹੀਦਾ ਜ਼ਦ ਅਜੇਹੀ ਹਾਲਤ ਪੈਦਾ ਹੋ ਜਾਵੇ, ਤਾਂ ਕੋਈ ਪੰਥ-ਦਰਦੀ ਪੰਥ ਦੇ ਪਿਆਰ ਵਿਚ ਆ ਕੇ ਹੀ ਇਸ ਨੂੰ ਸੰਭਾਲ ਸਕਦਾ ਹੈ। ਇਸ ਦਾ ਸੰਭਾਲਨਾ ਕੋਈ ਨਾਮੁਮਕਨ ਨਹੀਂ ਹੋਇਆ ਕਰਦਾ ਹੈ। ਕੇਵਲ ਕੁਰਬਾਨੀ ਤੇ ਬੇਗ਼ਰਜ਼ੀ ਦੀ ਹੀ ਲੋੜ ਹੈ। ਜੇ ਦੂਜੇ ਸਾਡਾ ਕਿਹਾ ਮੰਨਦੇ ਹਨ ਤਾਂ ਅਸੀਂ ਉਨ੍ਹਾਂ ਦਾ ਮੰਨ ਲਈਏ ਤੇ ਜੇ ਅਸੀਂ ਭੀ ਨਹੀਂ ਮੰਨ ਸਕਦੇ ਤਾਂ ਦੂਜਿਆਂ ਦੇ ਹੱਥ ਵਾਗਡੋਰ ਦੇ ਦੇਵੀਏ। ਆਪੇ ਝਗੜਾ ਮੁਕ ਜ਼ਾਂਦਾ ਹੈ। ਜੇ ਇਤਨਾ ਕਰਨ 'ਤੇ ਭੀ ਦੂਜਾ ਧੜਾ ਅੜੀਅਲ ਸਾਬਤ ਹੁੰਦਾ ਹੈ ਤਾਂ ਉਹ ਸਖ਼ਤ ਪੰਥ-ਘਾਤੀ ਹਨ ਤੇ ਪੰਥ ਅੱਗੇ ਉਹ ਨੰਗੇ ਹੋ ਜਾਣਗੇ।

ਇਨ੍ਹਾਂ ਦਲੀਲਾਂ ਅਨੁਸਾਰ ਅਸੀਂ ਕਹਿੰਦੇ ਹਾਂ ਕਿ ਸਾਨੂੰ ਇਕ ਜਾਨ ਹੋ ਕੇ ਜ਼ਬਤ ਨਾਲ ਕੰਮ ਕਰਨੇ ਚਾਹੀਦੇ ਹਨ। ਛੋਟੀਆਂ ਕੌਮਾਂ ਜਥੇਬੰਦੀ ਤੇ ਜ਼ਬਤ ਨਾਲ ਹੀ ਕਾਮਯਾਬ ਹੋ ਸਕਦੀਆਂ ਹਨ। ਜੇਕਰ ਇਸ ਜਥੇਬੰਦੀ ਤੇ ਜ਼ਬਤ ਵਿਚ ਵਿਘਨ

ਪੈਦਾ ਜਾਪੇ ਤਾਂ ਬੜੀ ਕੁਰਬਾਨੀ ਤੇ ਸਿਆਣਪ ਦੀ ਲੋੜ ਹੈ। ਜੋ ਅਸੀਂ ਗੁਰਸਿੱਖਾਂ ਤੋਂ ਆਸ ਕਰ ਸਕਦੇ ਹਾਂ। ਅਸੀਂ ਇਥੇ ਨਾਲ ਲੱਗਦੇ ਬਾਬੂ ਤੇਜਾ ਸਿੰਘ ਜੀ ਅੱਗੇ ਬੇਨਤੀ ਕਰਾਂਗੇ ਕਿ ਉਹ ਪੰਥ ਦਾ ਜ਼ਬਤ ਜਥੇਬੰਦੀ ਤੇ ਹਸਤੀ ਦਾ ਖ਼ਿਆਲ ਕਰਕੇ ਆਪਣੀ ਜ਼ਿਦ ਛੱਡ ਦੇਣ। ਜੇ ਉਨ੍ਹਾਂ ਨੇ ਕੇਵਲ ਕੋਰਸ ਹੀ ਛਾਪੇ ਹਨ ਤਾਂ ਉਨ੍ਹਾਂ ਲਈ ਕਿਸੇ ਅਸੂਲ ਦਾ ਤਾ ਸਵਾਲ ਹੀ ਨਹੀਂ ਹੈ। ਫਿਰ ਉਹ ਅੜਦੇ ਕਿਉਂ ਹਨ ਤੇ ਕਿਉਂ ਉਨ੍ਹਾਂ ਭਰਾਵਾਂ ਨਾਲ ਵਿਰੋਧ ਪਾਂਦੇ ਹਨ ਜੋ ਇਸ ਨੂੰ ਸਿੱਖੀ ਦਾ ਮੁੱਢਲਾ ਅਸੂਲ ਸਮਝਦੇ ਹਨ। ਅਸੀਂ ਇਸ ਗੱਲ ਉੱਤੇ ਫਿਰ ਕਦੀ ਖੋਲ੍ਹ ਕੇ ਵਿਚਾਰ ਕਰਾਂਗੇ ਕਿ ਹੁਣ ਪੰਥ ਦੀ ਜਥੇਬੰਦੀ ਤੇ ਪੰਥ ਦੀ ਏਕਤਾ ਕਿਸ ਤਰ੍ਹਾਂ ਹੋਵੇ।

✲ ✲ ✲

ਕਿਸੇ ਖ਼ਾਸ ਮਜ਼੍ਹਬ ਜਾਂ ਪੰਥ ਦੀ ਕੀ ਲੋੜ ਹੈ ?

ਹਵਾ ਦੇ ਹਰ ਝੋਕੇ ਨਾਲ ਨਾ ਬਦਲੋ :

ਅਸੀਂ ਅੱਗੇ ਲਿਖਿਆ ਸੀ ਕਿਸੇ ਧਰਮ ਦੇ ਕਾਇਮ ਰਹਿਣ ਲਈ ਖ਼ਾਸ ਤਰ੍ਹਾਂ ਦੇ ਫ਼ਿਰਕੇ, ਕੌਮ ਜਾਂ ਮਜ਼੍ਹਬ ਦਾ ਬਣ ਜਾਣਾ ਜ਼ਰੂਰੀ ਹੈ ਤੇ ਇਹ ਫ਼ਿਰਕਾ ਜਾਂ ਕੌਮ ਕੋਈ ਨਾ ਕੋਈ ਖ਼ਾਸ ਸ਼ਕਲ ਧਾਰਨ ਕਰ ਲੈਂਦੇ ਹੈਨ, ਜਿਸ ਨੂੰ ਉਸ ਮਜ਼੍ਹਬ ਦੀ ਰਹਿਣ ਜਾਂ ਸਰ੍ਹਾਂ ਕਹਿੰਦੇ ਹਨ। ਇਹ ਰਹਿਤ ਜਾਂ ਧਰਮ ਦੀ ਬਾਹਰਲੀ ਸ਼ਕਲ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੋਇਆ ਕਰਦੀ ਹੈ। ਜੇ ਅੱਜ-ਕਲ੍ਹ ਜਿਤਨੇ ਭੀ ਮਜ਼੍ਹਬ ਦੁਨੀਆਂ ਵਿਚ ਨਜ਼ਰ ਆ ਰਹੇ ਹਨ, ਉਨ੍ਹਾਂ ਸਭ ਨੇ ਕੋਈ ਨਾ ਕੋਈ ਸ਼ਕਲ ਧਾਰਨ ਕੀਤੀ ਹੋਈ ਹੈ। ਜੇਕਰ ਕਿਸੇ ਮਜ਼੍ਹਬ ਵਾਲੇ ਉਸ ਆਪਣੇ ਮਜ਼੍ਹਬ ਦੀ ਬਾਹਰਲੀ ਸ਼ਕਲ ਨੂੰ ਕਾਇਮ ਰੱਖਣ ਵਿਚ ਢਿਲਿਆਈ ਕਰਦੇ ਹਨ ਤਾਂ ਉਸ ਦਾ ਅਸਰ ਉਸ ਮਜ਼੍ਹਬ ਉੱਤੇ ਮਾੜਾ ਪੈਂਦਾ ਹੈ ਤੇ ਉਹ ਮਜ਼੍ਹਬ ਦੇ ਕਾਇਮ ਰਹਿਣ ਲਈ ਇਕ ਵੱਡੀ ਕਮਜ਼ੋਰੀ ਸਾਬਤ ਹੁੰਦਾ ਹੈ। ਆਤਮਕ ਦਸ਼ਾ ਤੇ ਧਾਰਮਿਕ ਰਹਿਤ ਮਰਯਾਦਾ ਦਾ ਉਹੋ ਹੀ ਸਬੰਧ ਹੈ ਜੋ ਆਤਮਾ ਤੇ ਸਰੀਰ ਦਾ ਹੈ। ਬੇਸ਼ੱਕ ਰਹਿਤ ਮਰਯਾਦਾ ਨੂੰ ਲੋਕੀ ਪਖੰਡ ਲਈ ਵੀ ਵਰਤ ਲੈਂਦੇ ਹਨ। ਬਾਹਰਲੀ ਸ਼ਕਲ ਧਰਮ ਦੀ ਪੂਰੀ ਕਰ ਲੈਂਦੇ ਹਨ ਤੇ ਅੰਦਰ ਆਤਮਾ ਵਿਚ ਧਰਮ ਦਾ ਉੱਕਾ ਹੀ ਭਾਵ ਨਹੀਂ ਹੁੰਦਾ। ਅਜੇਹੀ ਹਾਲਤ ਵਿਚ ਉਹ ਰਹਿਤ ਮਰਯਾਦਾ ਇਕ ਆਤਮਾਹੀਨ ਸਰੀਰ ਵਾਂਗੂੰ ਹੋਇਆ ਕਰਦੀ ਹੈ ਤੇ ਇਸ ਵਿੱਚੋਂ ਸਿਵਾਏ ਬਦਵੋ ਦੇ ਸਿਵਾ ਹੋਰ ਕੁਝ ਨਹੀਂ ਨਿਕਲਦਾ। ਸਰੀਰ ਆਤਮਾ ਬਿਨਾਂ ਕਿਸੇ ਲਾਭ ਦਾ ਨਹੀਂ ਹੈ, ਪਰ ਆਤਮਾ ਭੀ ਸਰੀਰ ਦੇ ਆਸਰੇ ਬਿਨਾਂ ਇਸ ਦੁਨੀਆਂ ਵਿਚ ਨਹੀਂ ਰਹਿ ਸਕਦਾ। ਇਸੇ ਤਰ੍ਹਾਂ ਆਤਮਕ ਭਾਵ ਬਿਨਾਂ ਰਹਿਤ ਮਰਯਾਦਾ ਕਿਸੇ ਕੰਮ ਦੀ ਨਹੀਂ ਹੈ ਪਰ ਆਤਮਕ ਭਾਵ ਰਹਿਤ ਮਰਯਾਦਾ ਬਿਨਾਂ ਕਾਇਮ ਨਹੀਂ ਰਹਿ ਸਕਦਾ।

ਇਸ ਗੱਲ ਨੂੰ ਅਸੀ ਬੜੇ ਵਿਸਥਾਰ ਨਾਲ ਅੱਗੇ ਲਿਖ ਚੁੱਕੇ ਹਾਂ। ਸਾਡੇ ਉਸ ਲੇਖ ਉਤੇ ਇਕ ਸੱਜਣ ਜੀ ਸਾਡੇ ਨਾਲ ਸੰਮਤੀ ਪਰਗਟ ਕਰਦਿਆਂ ਹੋਇਆ ਕਹਿੰਦੇ ਹਨ ਕਿ "ਇਹ ਠੀਕ ਹੈ ਕਿ ਜੇ ਖ਼ਾਸ ਧਰਮ ਦੇ ਕਾਇਮ ਰਹਿਣ ਲਈ ਉਸ ਦੀ ਰਹਿਤ ਮਰਯਾਦਾ ਯਾ ਬਾਹਰਲੀ ਸ਼ਕਲ ਨੂੰ ਕਾਇਮ ਰੱਖਣ ਦੀ ਲੋੜ ਹੈ; ਕਿਉਂ ਰਹਿਤ ਮਰਯਾਦਾ ਬਿਨਾਂ ਉਸ ਧਰਮ ਦਾ ਕੋਈ ਜ਼ਬਤ ਨਹੀਂ ਰਹਿੰਦਾ ਹੈ ਤੇ ਉਸ ਧਰਮ ਦੇ ਆਤਮਕ ਭਾਵ ਨਾਲੋਂ ਸਾਡਾ ਸਬੰਧ ਟੁੱਟ ਜਾਂਦਾ ਹੈ ਪਰ ਕਿਸੇ ਖਾਸ ਧਰਮ ਤੇ ਧਾਰਨ ਕਰਨ ਦੀ ਲੋੜ ਕੀ ਹੈ ? ਕਿਉਂ ਨਾ ਜੋ ਕੁਝ ਸਮਝ ਪਵੇ, ਉਸੇ

ਉੱਤੇ ਚੱਲ ਪਏ ਤੇ ਆਪਣੇ ਅਸੂਲ ਆਪ ਬਣਾ ਲਏ।

ਇਸ ਦੇ ਉੱਤਰ ਵਿਚ ਅਸੀਂ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਸਾਡੇ ਸੱਜਣ ਜੀ ਸਖ਼ਤ ਭੁੱਲ ਕਰ ਰਹੇ ਹਨ। ਇਸ ਤਰ੍ਹਾਂ ਹਰ ਹਵਾ ਦੇ ਝੋਕੇ ਨਾਲ ਬਦਲਣ ਵਾਲਾ ਆਦਮੀ ਕਦੀ ਭੀ ਕਿਸੇ ਟਿਕਾਣੇ ਉੱਤੇ ਪੁੱਜਣ ਦੀ ਆਸ ਨਹੀਂ ਕਰ ਸਕਦਾ। ਬਿਨਾਂ ਕੋਈ ਅਸੂਲ ਕਾਇਮ ਕੀਤੇ ਦੁਨੀਆਂ ਦੇ ਘੁੰਮਣਘੇਰ ਵਿਚ ਪੈਣਾ ਉਸੇ ਤਰ੍ਹਾਂ ਦੀ ਗ਼ਲਤੀ ਹੈ, ਜਿਸ ਤਰ੍ਹਾਂ ਕਿ ਕੋਈ ਜ਼ਹਾਜ਼ ਬਿਨਾਂ ਚੱਪੂ ਦੇ ਡੂੰਘੇ ਖੁਲ੍ਹੇ ਸਮੁੰਦਰ ਵਿਚ ਠਿਲ੍ਹ ਪਵੇ। ਸਾਡੇ ਇਸ ਕਥਨ ਦਾ ਇਹ ਉੱਤਰ ਹੋ ਸਕਦਾ ਹੈ ਕਿ ਜੇ ਇਹ ਗੱਲ ਹੈ ਤਾਂ ਹਰ ਕੋਈ ਆਪਣਾ ਅਸੂਲ ਕਾਇਮ ਕਰ ਸਕਦਾ ਹੈ। ਇਹ ਠੀਕ ਹੈ ਤੇ ਇਸੇ ਤਰ੍ਹਾਂ ਹਰ ਕਿਸੇ ਨੇ ਆਪਣਾ ਆਪਣਾ ਅਸੂਲ ਕਾਇਮ ਕੀਤਾ ਹੋਇਆ ਹੈ। ਜਿਨ੍ਹਾਂ ਦੇ ਅਸੂਲ ਮਿਲ ਜਾਂਦੇ ਹਨ, ਉਹ ਇਕ ਧਰਮ ਦੇ ਅਖਵਾਣ ਲੱਗ ਜਾਂਦੇ ਹਨ ਤੇ ਇਸੇ ਤਰ੍ਹਾਂ ਸਾਰੇ ਧਰਮ ਕਾਇਮ ਹੋਏ ਹਨ। ਬੇਸ਼ੱਕ ਕੋਈ ਭੀ ਉੱਚੀ ਸਮਝ ਵਾਲਾ ਤੇ ਉੱਤਮ ਆਤਮਾ ਵਾਲਾ ਪਿਛਲੇ ਧਰਮਾਂ ਤੋਂ ਅੱਗੇ ਹੋ ਨਿਕਲਦਾ ਤੇ ਨਵਾਂ ਧਰਮ ਕਾਇਮ ਹੋਣ ਦਾ ਮੁੱਢ ਬਣ ਜਾਂਦਾ ਹੈ ਪਰ ਹਰ ਕੋਈ ਪਿਛਲੇ ਧਰਮ ਨੂੰ ਅਥਵਾ ਪਿਛਲੇ ਰਸਤਿਆਂ ਨਾਲੋਂ ਅੱਡਰਾ ਰਸਤਾ ਨਹੀਂ ਕੱਢ ਸਕਦਾ। ਆਖਰ ਜਿਸ ਨੇ ਨਵਾਂ ਅਸੂਲ ਭੀ ਕੱਢਣਾ ਹੈ, ਉਸ ਨੇ ਭੀ ਤਾਂ ਇਕ ਅਸੂਲ, ਪੰਥ ਜਾਂ ਧਰਮ ਉੱਤੇ ਹੀ ਡਟਣਾ ਹੈ। ਜੋ ਆਦਮੀ ਕਿਸੇ ਖਾਸ ਅਸੂਲ ਉਤੇ ਕਾਇਮ ਨਹੀਂ ਹੁੰਦਾ, ਉਹ ਹਰ ਹਵਾ ਦੇ ਝੋਕੇ ਨਾਲ ਬਦਲਦਾ ਹੈ ਤੇ ਕਿਸੇ ਟਿਕਾਣੇ ਨਹੀਂ ਪੁੱਜ ਸਕਦਾ। ਇਸ ਤਰ੍ਹਾਂ ਅੱਗੇ ਪਿੱਛੇ ਭੰਬਲ-ਭੂਸੇ ਖਾਣ ਨਾਲੋਂ ਤਾਂ ਇਹ ਚੰਗਾ ਹੈ ਕਿ ਕੋਈ ਗਲਤ ਰਾਹ ਟੁਰ ਪਵੇ ਕਿਉਂਕਿ ਕੁਝ ਦੂਰ ਜਾ ਕੇ ਉਸ ਨੂੰ ਪਤਾ ਤਾਂ ਲੱਗ ਹੀ ਜਾਵੇਗਾ ਕਿ ਜਿਸ ਰਾਹ ਉਹ ਟੁਰ ਰਿਹਾ ਹੈ, ਉਹ ਉਸ ਸ਼ਹਿਰ ਨਹੀਂ ਪੁਚਾਵੇਗਾ, ਜਿਥੇ ਉਹ ਜਾਣਾ ਚਾਹੁੰਦਾ ਹੈ; ਪਰ ਜੋ ਦੋ ਮੀਲ ਲਹਿੰਦੇ ਵੱਲ ਜਾਂਦਾ ਹੈ ਤੇ ਫਿਰ ਦੋ ਮੀਲ ਚੜ੍ਹਦੇ ਵੱਲ ਜਾਂਦਾ ਹੈ ਤੇ ਇਸੇ ਤਰ੍ਹਾਂ ਕਰਦਾ ਰਹਿੰਦਾ ਹੈ, ਉਸ ਨੂੰ ਕਿਸ ਤਰ੍ਹਾਂ ਪਤਾ ਲੱਗ ਸਕਦਾ ਹੈ ਕਿ ਉਸ ਦੇ ਪੁੱਜਣ ਦਾ ਰਸਤਾ ਗਲਤ ਹੈ। ਗ਼ਲਤ ਰਸਤੇ ਤੁਰਨ ਵਾਲਾ ਤਾਂ ਆਪਣੀਆਂ ਗ਼ਲਤੀਆਂ ਸਮਝ ਕੇ ਮੁੜ ਠੀਕ ਰਸਤੇ ਪੈ ਸਕਦਾ ਹੈ, ਪਰ ਜੋ ਅੰਨੇ-ਵਾਹ ਦੌੜਿਆਂ ਫਿਰੇ ਇਸ ਦੇ ਠੀਕ ਨਿਸ਼ਾਨੇ ਉੱਤੇ ਪੁੱਜਣ ਦੀ ਤਾਂ ਉੱਕੀ ਹੀ ਕੋਈ ਆਸ ਨਹੀਂ ਹੈ। ਇਹ ਹਾਲਤ ਉਸ ਆਦਮੀ ਦੀ ਜੋ ਕੋਈ ਇਕ ਅਸੂਲ ਕਾਇਮ ਕਰਕੇ ਦ੍ਰਿੜ੍ਹਤਾ ਨਾਲ ਉਸ ਉੱਤੇ ਨਹੀਂ ਟੁਰਦਾ ਹੈ। ਇਕ ਦਲੀਲ ਬਾਜ ਆਦਮੀ ਕੋਲ ਪੁੱਜ ਕੇ ਉਸ ਨੂੰ ਨਿਸ਼ਚਾ ਕਰਾ ਦੇਂਦਾ ਹੈ ਕਿ ਰੱਬ-ਰੁਬ ਹੈ ਕੋਈ ਨਹੀਂ; ਖਾਉ ਪੀਉ ਤੇ ਮੌਜਾਂ ਕਰੋ। ਉਹ ਉਧਰ ਹੀ ਤੁਰ ਪੈਂਦਾ ਹੈ। ਦੂਜੇ ਦਿਨ ਇਕ ਹੋਰ ਉਸ ਤੋਂ ਵਧ ਦਲੀਲਬਾਜ਼ ਉਸ ਨੂੰ ਆ ਦਸਦਾ ਹੈ ਕਿ ਰੱਬ ਹੈ ਤੇ ਨੇਕ ਕੰਮ ਕਰੋ। ਉਹ ਉਧਰ ਤੁਰਦਾ ਹੈ ਤੇ ਇਕ ਹੋਰ ਉਸ ਨੂੰ ਪੁੱਜ ਕੇ ਸਮਝਾਂਦਾ ਹੈ ਕਿ ਉੱਤਮ ਕੰਮ ਦੇਸ਼ ਸੇਵਾ ਹੈ, ਉਹ ਦੇਸ਼ ਸੇਵਾ ਸ਼ੁਰੂ ਕਰਦਾ ਹੈ ਤੇ ਇਕ ਹੋਰ ਸਿਆਣਾ ਆਦਮੀ ਉਸ ਨੂੰ ਆ ਦਸਦਾ ਹੈ ਕਿ ਸਭ ਦੁਨੀਆਂ ਇਕੋ ਜੇਹੀ ਹੈ, ਇਕ ਦੇਸ਼ ਦੀ ਭਲਾਈ ਕਰਨਾ ਪਾਪ ਹੈ। ਬਸ ਉਹ ਇਧਰ ਹੀ ਲੱਗ ਜਾਂਦਾ ਹੈ। ਇਸ ਤਰ੍ਹਾਂ ਨਾਲ ਜਿਸ ਨੇ ਕੋਈ ਆਪਣਾ ਅਸੂਲ ਨਹੀਂ

ਬਣਾਇਆ ਉਹ ਭੰਬਲ-ਭੂਸੇ ਹੀ ਖਾਂਦਾ ਰਹੇਗਾ। ਸਾਡਾ ਇਹ ਭਾਵ ਨਹੀਂ ਕਿ ਦਲੀਲ ਦੇ ਮਗਰ ਨਾ ਚੱਲੋ। ਸਾਡਾ ਭਾਵ ਇਹ ਹੈ ਕਿ ਹਵਾ ਦੇ ਝੋਕੇ ਨਾਲ ਨਾ ਬਦਲੋ। ਕੋਈ ਖਾਸ ਅਸੂਲ ਕਾਇਮ ਕਰਕੇ ਉਨ੍ਹਾਂ ਉੱਤੇ ਚੱਲੋ ਤੇ ਉਨ੍ਹਾਂ ਅਸੂਲਾਂ ਨੂੰ ਤਦ ਛੱਡੋ ਜਦ ਤੁਹਾਨੂੰ ਨਿਸ਼ਚਾ ਹੋ ਜਾਵੇ ਕਿ ਤੁਸੀਂ ਗ਼ਲਤ ਰਾਹ 'ਤੇ ਜਾ ਰਹੇ ਹੋ। ਰੋਜ ਬਦਲਣ ਨਾਲ ਤੁਸੀਂ ਟਿਕਾਣੇ ਨਹੀਂ ਪੁੱਜ ਸਕਦੇ। ਬੇਸ਼ੱਕ ਤੁਸਾਂ ਕੋਈ ਖਾਸ ਅਸੂਲ, ਕਾਇਮ ਕੀਤਾ ਤੇ ਤੁਹਾਨੂੰ ਨਿਸ਼ਚਾ ਹੋ ਗਿਆ ਕਿ ਉਹ ਅਸੂਲ ਠੀਕ ਹੈ, ਤਾਂ ਤੁਸੀਂ ਉਨ੍ਹਾਂ ਲੋਕਾਂ ਦੇ ਧਰਮ ਵਿਚ ਹੋ ਗਏ। ਜੋ ਇਸੇ ਅਸੂਲ ਦੇ ਮੰਨਣ ਵਾਲੇ ਹਨ। ਹੁਣ ਤੁਸੀਂ ਸਾਰੇ ਇਕ ਅਸੂਲ ਵਾਲੇ ਇਸ ਅਸੂਲ ਦੀ ਕਾਇਮੀ ਲਈ ਜਥੇਬੰਦੀ ਬਣਾਂਦੇ ਹੋ ਤੇ ਉਸ ਜਥੇਬੰਦੀ ਦਾ ਕੋਈ ਜਬਤ ਭੀ ਬਣਾਂਦੇ ਹੋ। ਬਸ ਇਹ ਇਕ ਮਜ਼੍ਹਬ ਤੇ ਖਾਸ ਮਜਹਬ ਬਣ ਗਿਆ। ਇਸ ਵਾਸਤੇ ਅਸੀਂ ਕਹਿੰਦੇ ਹਾਂ ਕਿ ਕਿਸੇ ਧਰਮ ਉੱਤੇ ਹੋ ਤੁਰੋ, ਭਾਵੇਂ ਉਹ ਧਰਮ ਬਹੁਤ ਉੱਚਾ ਨਾ ਹੀ ਹੋਵੇ, ਕਿਉਂਕਿ ਉਸ ਉੱਤੇ ਤੁਰਨ ਨਾਲ ਹੀ ਤੁਹਾਨੂੰ ਹੋਰ ਉੱਚੇ ਧਰਮ ਨਜ਼ਰ ਆਵਣਗੇ। ਨਾਮਦੇਵ ਭਗਤ ਪੱਥਰ ਪੂਜਦਾ ਸੀ, ਪਰ ਉਸ ਅਸੂਲ ਨੂੰ ਪੱਕੀ ਤਰ੍ਹਾਂ ਪਕੜਿਆਂ ਹੀ ਉਸ ਨੂੰ ਇਸ ਤੋਂ ਉਤਮ ਧਰਮ ਸਮਝ ਪੈ ਗਿਆ ਤੇ ਉਸ ਉੱਤੇ ਤੁਰ ਪਿਆ। ਅਸੀਂ ਸਮਝਦੇ ਹਾਂ ਕਿ ਪੱਥਰ-ਪੂਜ ਇਕ ਲਾਮਜ਼ਹਬ ਨਾਲੋਂ ਬਹੁਤ ਚੰਗਾ ਹੈ ਕਿਉਂਕਿ ਨਿਸ਼ਚੇ ਤੇ ਦ੍ਰਿੜ੍ਹਤਾ ਨਾਲ ਪੱਥਰ ਪੂਜਣ ਨਾਲ ਆਤਮਾ ਵਿਚ ਪ੍ਰੇਮ ਤੇ ਦ੍ਰਿੜ੍ਹਤਾ ਆ ਕੇ ਉਸ ਨੂੰ ਹੋਰ ਅੱਗੇ ਦਾ ਚਾਨਣਾ ਦੱਸ ਦੇਣਗੇ ਤੇ ਉਹ ਇਹ ਮੰਜ਼ਿਲ ਕੱਟ ਕੇ ਉਹ ਅਗਲੀ ਮੰਜ਼ਿਲ ਉੱਤੇ ਟੁਰਨ ਵਾਲਾ ਬਣੇਗਾ ਪਰ ਇਕ ਲਾਮਜ਼ਹਬ ਤਾਂ ਕਿਸੇ ਪਾਸੇ ਵੱਲ ਤੁਰਨ ਦੀ ਇੱਛਾ ਹੀ ਨਹੀਂ ਰੱਖਦਾ।

ਇਸ ਵਾਸਤੇ ਜੋ ਆਦਮੀ ਹਰ ਹਵਾ ਦੇ ਝੋਕੇ ਨਾਲ ਬਦਲਦਾ ਹੈ, ਉਹ ਗ਼ਲਤੀ ਕਰਦਾ ਹੈ। ਜੇਕਰ ਕਲ੍ਹ ਅਕਾਲੀ ਲਹਿਰ ਚੱਲੀ ਤਾਂ ਕਿਰਪਾਨ ਨੂੰ ਇਕ ਮਿੰਟ ਭੀ ਅੰਗ ਨਾਲੋਂ ਅੱਡਰਾ ਨਾ ਕੀਤਾ, ਜੇ ਅੱਜ ਰਾਜਸੀ ਲਹਿਰ ਚੱਲ ਪਈ ਤਾਂ ਕੂਕਣ ਲੱਗ ਪਏ ਕਿ ਸਾਡਾ ਤਾਂ ਧਰਮ-ਕਰਮ ਸਭ ਕੁਝ ਦੇਸ਼ ਦੀ ਸੇਵਾ ਹੀ ਹੈ। ਫਿਰ ਜੇ ਭਲਕੇ ਰੱਬ ਦੀ ਵਿਰੋਧਤਾ ਦੀ ਲਹਿਰ ਚੱਲ ਪਈ ਤਾਂ ਕਹਿਣ ਲੱਗ ਪਏ ਕਿ ਕੌਣ ਰੱਬ ਹੈ, ਕਿਥੇ ਹੈ ? ਆ ਕੇ ਮੇਰੀ ਲੱਤ ਤੋੜ ਦੇਵੇ। ਇਸ ਤਰ੍ਹਾਂ ਨਾਲ ਹਰ ਇਕ ਲਹਿਰ ਵਿਚ ਵਹਿ ਜਾਣ ਵਾਲੇ ਕਦ ਕਿਸੇ ਟਿਕਾਣੇ ਉੱਤੇ ਲੱਗ ਸਕਦੇ ਹਨ, ਉਹ ਤਾਂ ਜਿੱਧਰ ਲਹਿਰ ਦਾ ਰੌ ਹੋਇਆ, ਉਧਰ ਹੀ ਵਹਿ ਗਏ ਤੇ ਜਿੱਧਰ ਦੀ ਹਵਾ ਚੱਲੀ ਉੱਧਰ ਹੀ ਮੂੰਹ ਕਰ ਲਿਆ।

ਇਸ ਵਾਸਤੇ ਅਸੀਂ ਕਹਿੰਦੇ ਹਾਂ ਕਿ ਧਰਮ ਦੀ ਤੇ ਇਕ ਖ਼ਾਸ ਧਰਮ ਦੀ ਲੋੜ ਹੈ ਤੇ ਕੋਈ ਸਿੱਖ, ਕੋਈ ਜਵਾਨ ਮਰਦ, ਕੋਈ ਬਾਅਸੂਲ ਆਦਮੀ ਇਸ ਤਰ੍ਹਾਂ ਹਰ ਲਹਿਰ ਵਿਚ ਵਹਿ ਜਾਣ ਤੋਂ ਇਨਕਾਰ ਕਰ ਸਕਦਾ ਹੈ ਤੇ ਇਸ ਤਰ੍ਹਾਂ ਦੇ ਬੇ ਅਸੂਲੇ ਤਿਨਕੇ ਵਾਂਗੂੰ ਲਹਿਰ ਦੇ ਨਾਲ ਹੀ ਤੁਰ ਜਾਣ ਵਾਲੀ ਲੰਡੀ-ਬੁਚੀ ਦੀ ਕੱਖ ਪ੍ਰਵਾਹ ਨਹੀਂ ਕਰੇਗਾ।

* * *

ਇਹ ਮੌਕਾ ਹੱਥੋਂ ਨਾ ਜਾਣ ਦਿਓ !

ਕੁਰਬਾਨੀ ਨਾਲ ਆਜ਼ਾਦੀ ਲੈਣ ਵਾਲਿਓ, ਹੋਰ ਕਾਹਦੀ ਉਡੀਕ ਹੈ ?

ਬਾਰਦੌਲੀ ਦੇ ਮਾਮਲੇ ਵਿਚ ਜਿਤਨੀ ਏਕਤਾ ਹਿੰਦੁਸਤਾਨ ਵਿਚ ਹੈ, ਇਤਨੀ ਕੇਵਲ ਇਕ ਵੇਰਾਂ ਹੀ ਪਹਿਲਾਂ ਹੋਈ ਸੀ ਤੇ ਉਹ ਮਾਰਸ਼ਲਲਾਅ ਵੇਲੇ ਸੀ ਜਦ ਕਿ ਇਕ ਮੈਂਬਰ ਬਿਨਾਂ, ਸਾਰੇ ਹੀ ਹਿੰਦੁਸਤਾਨ, ਵਾਇਸਰਾਏ ਦੀ ਕੌਂਸਲ ਦੇ ਮੈਂਬਰ ਇਕ ਜ਼ਬਾਨ ਸਨ। ਹੁਣ ਤਾਂ ਵਾਇਸਰਾਏ ਦੀ ਕੌਂਸਲ ਦੇ ਹਿੰਦੁਸਤਾਨੀ ਮੈਂਬਰਾਂ ਦੀ ਗਿਣਤੀ ਅੱਗੇ ਨਾਲੋਂ ਪੰਜ ਗੁਣੀ ਹੈ ਤੇ ਫਿਰ ਵੀ ਅਜੇ ਤੱਕ ਇਕ ਮੈਂਬਰ ਭੀ ਬਾਰਦੌਲੀ ਸਤਿਆਗ੍ਰਹਿ ਦੇ ਵਿਰੁੱਧ ਨਹੀਂ ਨਿਕਲਿਆ। 1921 ਵਿਚ ਨਾ-ਮਿਲਵਰਤਨ ਲਹਿਰ ਦਾ ਜ਼ੋਰ ਹੋਇਆ ਸੀ ਪਰ ਉਸ ਵੇਲੇ ਭੀ ਮਾਡਰੇਟ ਤੇ ਹੋਰ ਝਕਣ ਵਾਲੇ ਲੋਕੀਂ ਬਰਖਲਾਫ਼ ਸਨ ਪਰ ਅੱਜ ਕੀ ਪੰਡਤ ਮਾਲਵੀਆ, ਕੀ ਡਾਕਟਰ ਬਸੰਤ ਤੇ ਕੀ ਸਪਰੂ ਸਭ ਇਕ ਜ਼ਬਾਨ ਹਨ। ਇਸ ਵੇਲੇ ਕੋਈ ਇਕ ਭੀ ਹਿੰਦੁਸਤਾਨੀ ਆਗੂ ਅਜਿਹਾ ਨਹੀਂ ਹੈ ਜੋ ਭਾਵੇ ਕਿਸੇ ਧੜੇ ਦਾ ਭੀ ਹੈ, ਜੋ ਇਸ ਸਤਯਾਗ੍ਰਹਿ ਦੇ ਵਿਰੁੱਧ ਹੋਵੇ। ਜਦ ਭੀ ਹਿੰਦੁਸਤਾਨ ਨੂੰ ਕਾਮਯਾਬੀ ਹੋਣੀ ਹੈ, ਇਸੇ ਹਾਲਤ ਵਿਚ ਹੀ ਹੋਣੀ ਹੈ, ਜਿਸ ਉੱਤੇ ਸਭ ਇਕ ਜ਼ਬਾਨ ਹੋਣ, ਕਿਸੇ ਐਸੇ ਸਵਾਲ ਦੀ ਛੇੜ ਤੋਂ ਹੀ ਹੋਣੀ ਹੈ। ਅਸੀਂ ਜਾਣਦੇ ਹਾਂ ਕਿ ਆਮ ਪਬਲਿਕ ਵਿਚ ਕੁਝ ਢਿਲਿਆਈ ਹੈ ਪਰ ਆਗੂਆਂ ਦੇ ਲੱਕ ਬੰਨ੍ਹ ਕੇ ਅੱਗੇ ਹੋਣ ਨਾਲ ਸਭ ਢਿਲਿਆਈ ਨਿਕਲ ਜਾਵੇਗੀ, ਅਸੀਂ ਪ੍ਰਸੰਨ ਹਾਂ ਕਿ ਪੰਡਤ ਮਾਲਵੀਆ ਜੀ ਨੇ ਆਪਣੇ ਆਪ ਨੂੰ ਇਸ ਸਤਿਆਗ੍ਰਹਿ ਲਈ ਪੇਸ਼ ਕਰ ਦਿੱਤਾ ਹੈ। ਅਸੀਂ ਇੱਛਾ ਕਰਦੇ ਹਾਂ ਕਿ ਡਾਕਟਰ ਸਪਰੂ ਤੇ ਡਾਕਟਰ ਬਸੰਤ ਭੀ ਬਹੁਤ ਛੇਤੀ ਆਪਣੇ ਆਪ ਨੂੰ ਪੇਸ਼ ਕਰਨਗੇ। ਬਾਰਦੌਲੀ ਦਾ ਜੰਗ ਹਿੰਦੁਸਤਾਨ ਦੀ ਜ਼ਿੰਦਗੀ ਤੇ ਮੌਤ ਤਾਂ ਜੰਗ ਹੈ ਤੇ ਜੇ ਚੰਗੀ ਤਰ੍ਹਾਂ ਜ਼ੋਰ ਲਾਇਆ ਗਿਆ ਤਾਂ ਸਵਰਾਜ ਦਾ ਫ਼ੈਸਲਾ ਬਾਰਦੌਲੀ ਹੀ ਹੋਵੇਗਾ। ਮਾਡਰੇਟ ਆਗੂਆਂ ਨੂੰ ਸਭ ਤੋਂ ਪਹਿਲਾਂ ਕੈਦ ਹੋਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਕੈਦ ਨਾਲ ਵਧੇਰਾ ਉਤਸ਼ਾਹ ਤੇ ਹੌਸਲਾ ਮੁਲਕ ਵਿਚ ਵਧੇਗਾ। ਸਾਨੂੰ ਸਿੰਘਾਂ ਦੇ ਖ਼ਿਆਲਾਂ ਦਾ ਪਤਾ ਹੈ ਹਰ ਥਾਂ ਸਿੰਘ ਉਡੀਕ ਰਹੇ ਹਨ ਕਿ ਕਦ ਇਸ ਨੌਕਰਸ਼ਾਹੀ ਨਾਲ ਦੋ ਹੱਥ ਕਰੀਏ ਤੇ ਅਸੀਂ ਕਹਿੰਦੇ ਕਿ ਇਸ ਸਮੇਂ ਤੇ ਚੰਗਾ ਸਮਾਂ ਮੁੜ ਹੱਥ ਨਹੀਂ ਆਵੇਗਾ। ਨੌਕਰਸ਼ਾਹੀ ਪੂਰੀ ਡਟੀ ਹੋਈ ਹੈ ਤੇ ਜ਼ਰੂਰ ਬਹੁਤ ਚਿਰ ਡਟੀ ਰਹੇਗੀ। ਨੌਕਰਸ਼ਾਹੀ ਨੇ ਤਾਂ ਆਪਣੇ ਜ਼ੁਲਮੀ ਹਥਿਆਰ ਤੇਜ਼ ਕਰ ਲਏ ਹਨ। ਗਵਰਨਰ ਬੰਬੇ ਤੇ ਵਜ਼ੀਰ ਹਿੰਦ ਦੀਆਂ ਤਕਰੀਰਾਂ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਵਲੈਤ ਤੇ ਹਿੰਦੁਸਤਾਨ ਦੇ ਅਫ਼ਸਰਾਂ ਨੇ

ਸਲਾਹ ਕਰਕੇ ਬਾਰਦੌਲੀ ਨੂੰ ਕੁਚਲਣ ਦਾ ਫ਼ੈਸਲਾ ਕੀਤਾ ਹੈ । ਕੀ ਤੁਸੀਂ ਹਿੰਦੁਸਤਾਨੀਓਂ, ਅੱਗੇ ਵਾਂਗੂ ਪਾਟੇ ਹੀ ਰਹੋਗੇ ਤੇ ਇਸੇ ਤਰ੍ਹਾਂ ਬਾਰਦੌਲ ਨੂੰ ਇਕੱਲਿਆ ਹੀ ਤਬਾਹ ਹੋਣ ਦਿਓਗੇ!

ਸੱਚੀ ਗੱਲ ਤਾਂ ਇਹ ਹੈ ਕਿ ਸਾਨੂੰ ਇਸ ਗੱਲ ਉੱਤੇ ਨਿਸ਼ਚਾ ਨਹੀਂ ਹੈ ਕਿ ਕੇਵਲ ਸਾਂਤਮਈ ਨਾਲ ਹੀ ਅਖ਼ੀਰਲੀ ਮੰਜ਼ਿਲ ਨੂੰ ਭੀ ਲੰਘਿਆ ਜਾ ਸਕਦਾ ਹੈ। ਸਾਂਤਮਈ ਨਾਲ ਤਾਂ ਅਖ਼ੀਰ ਕੋਈ ਸਮਝੌਤਾ ਹੀ ਹੋ ਸਕਦਾ ਹੈ ਪਰ ਜਦੋਂ ਅੰਗ੍ਰੇਜ਼ਾਂ ਨੂੰ ਇਥੋਂ ਕੱਢਣ ਦਾ ਹੋਵੇ ਤਾਂ ਸਮਝੌਤਾ ਕੀ ? ਇਸ ਨੂੰ ਕੌਣ ਸਮਝੌਤਾ ਕਹੇਗਾ ਤੇ ਅੰਗ੍ਰੇਜ਼ ਇਸ ਨੂੰ ਕਿਸ ਬਦਲੇ ਮੰਨਣਗੇ ? ਸ਼ਾਂਤਮਈ ਨਾਲ ਤਾਂ ਕੇਵਲ ਅਜਿਹਾ ਸਮਝੌਤਾ ਹੋ ਸਕਦਾ ਹੈ, ਜਿਸ ਵਿਚ ਅੰਗ੍ਰੇਜ਼ਾਂ ਨੂੰ ਇਹ ਡਰ ਨਾ ਪਵੇ ਕਿ ਹਿੰਦੁਸਤਾਨ ਇਨ੍ਹਾਂ ਦੇ ਹੱਥੋਂ ਨਿਕਲ ਚੁੱਕਾ ਹੈ ਤੇ ਜਦ ਤੱਕ ਹਿੰਦੁਸਤਾਨ ਨੂੰ ਆਜ਼ਾਦੀ ਨਹੀਂ ਹੈ ਕਿ ਜੇ ਉਹ ਚਾਹੇ ਤਾਂ ਅੰਗ੍ਰੇਜ਼ਾਂ ਨਾਲ ਕੋਈ ਵਾਸਤਾ ਰੱਖੇ ਤੇ ਜੇ ਉਹ ਚਾਹੇ ਤੇ ਤੋੜ ਦੇਵੇ, ਤਦ ਇਕ ਬਨਾਵਟੀ ਜਿਹੀ ਹੀ ਆਜ਼ਾਦੀ ਹੋ ਸਕਦੀ ਹੈ । ਮਿਸ਼ਰ ਦਾ ਹਾਲ ਵੇਖ ਲਵੋ । ਉਥੇ ਅੰਗ੍ਰੇਜ਼ੀ ਆਜ਼ਾਦੀ ਦਿੱਤੀ ਗਈ ਸੀ ਤੇ ਹੁਣ ਖੋਹ ਲਈ ਗਈ ਹੈ । ਉਹ ਆਜ਼ਾਦੀ ਹੀ ਕੀ ਹੋਈ, ਜਿਸ ਨੂੰ ਜਦ ਅੰਗ੍ਰੇਜ਼ ਚਾਹੁਣ ਬਿਨਾਂ ਡਰ ਦੇ ਹੀ ਖੋਹ ਲੈਣ। ਅਸੀਂ ਇਹ ਜਾਣਦੇ-ਬੁਝਦੇ ਹਾਂ ਕਿ ਆਖ਼ਰ ਤਾਂ ਉਸੇ ਤਰ੍ਹਾਂ ਹੀ ਆਜ਼ਾਦੀ ਮਿਲਣੀ ਹੈ, ਜਿਸ ਤਰ੍ਹਾਂ ਪਿੱਛੇ ਗ਼ੁਲਾਮ ਦੇਸ਼ਾਂ ਨੂੰ ਮਿਲਦੀ ਰਹੀ ਹੈ । ਅਸੀਂ ਬਾਰਦੌਲੀ ਸ਼ਾਂਤਮਈ ਜੰਗ ਵਿਚ ਸ਼ਾਮਲ ਹੋਣ ਲਈ ਸਭ ਸੱਜਣਾਂ ਨੂੰ ਵੰਗਾਰਦੇ ਹਾਂ । ਤਲਵਾਰ ਚੁੱਕਣ ਤੋਂ ਪਹਿਲਾਂ ਸ਼ਾਂਤਮਈ ਰਹਿ ਕੇ ਦੁੱਖ ਸਹਿਨ ਦੇ ਦੋ ਲਾਭ ਹੁੰਦੇ ਹਨ। ਇਕ ਤਾਂ ਰਾਜ ਦਾ ਪਾਜ ਖੁਲ੍ਹ ਜਾਂਦਾ ਹੈ ਤੇ ਦੁਨੀਆਂ ਦੀ ਹਮਦਰਦੀ ਮਜ਼ਲੂਮਾਂ ਨਾਲ ਹੋ ਜਾਂਦੀ ਹੈ ਤੇ ਦੁਨੀਆਂ ਵਿਚ ਫਿਟਕਾਰਾਂ ਜ਼ਾਲਮਾਂ ਦੇ ਦਿਲ ਤੋੜ ਦੇਂਦੀਆਂ ਹਨ । ਦੂਜਾ ਲਾਭ ਇਹ ਹੈ ਕਿ ਸ਼ਾਂਤਮਈ ਰਹਿ ਕੇ ਜ਼ੁਲਮ ਸਹਿਨ ਨਾਲ ਚੋਣਵੇਂ ਆਦਮੀਆਂ ਦੀ ਜਥੇਬੰਦੀ ਹੈ ਜੋ ਮਗਰੋਂ ਤਲਵਾਰ ਚੁੱਕਣ ਵੇਲੇ ਕੰਮ ਆਉਂਦੀ ਹੈ। ਅਜੇ ਬਥੇਰੇ ਹਿੰਦੁਸਤਾਨੀ ਅਜਿਹੇ ਹਨ ਜੋ ਅੰਗ੍ਰੇਜ਼ਾਂ ਦੀ ਬਾਦਸ਼ਾਹੀ ਨੂੰ ਉਖੇੜਨ ਲਈ ਕੋਈ ਜ਼ੋਰ ਨਹੀਂ ਲਾ ਰਹੇ । ਸ਼ਾਂਤਮਈ ਕੁਰਬਾਨੀ ਹੀ ਉਨ੍ਹਾਂ ਸੁੱਤਿਆਂ ਨੂੰ ਜਗਾਏਗੀ। ਇਸ ਵਾਸਤੇ ਅਸੀਂ ਕਹਿੰਦੇ ਹਾਂ ਕਿ ਨਿੱਤਰੋ ਤੇ ਸ਼ਾਂਤਮਈ ਰਹਿ ਕੇ ਅਜਿਹੀ ਕੁਰਬਾਨੀ ਕਰੋ ਕਿ ਹਿੰਦੁਸਤਾਨ ਦਾ ਕੋਨਾ-ਕੋਨਾ ਕੰਬ ਉਠੇ । ਆਜ਼ਾਦੀ ਦੀ ਲਹਿਰ ਇਕ ਵੇਰਾਂ ਉਠ ਕੇ ਕਦੀ ਕਿਸੇ ਦੇਸ਼ ਵਿਚ ਨਾ-ਕਾਮਯਾਬੀ ਨਹੀਂ ਹੋਈ ਹੈ। ਲੋੜ ਕੇਵਲ ਦ੍ਰਿੜ੍ਹ ਇਰਾਦੇ ਦੀ ਹੈ 1920-21 ਦੀ ਨਾ-ਮਿਲਵਰਤਨ ਲਹਿਰ ਤਾਂ ਭਾਵੇਂ ਇਕ ਭਾਵ ਵਿਚ ਨਾ-ਕਾਮਯਾਬ ਹੋਈ ਹੈ ਪਰ ਉਸ ਦੇ ਹੇਠਾਂ ਵਾਲੀ ਅਸਲ ਲਹਿਰ, ਜਿਸ ਨੂੰ ਆਜ਼ਾਦੀ ਲਹਿਰ ਕਹਿੰਦੇ ਹਨ, ਨਾ-ਕਾਮਯਾਬ ਹੋਈ ਹੈ ਤੇ ਨਾ ਹੋ ਹੀ ਸਕਦੀ ਹੈ ।

ਖਾਲਸਾ ਜੀ, ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਉੱਤੇ ਪੂਰੀ ਤਰ੍ਹਾਂ ਨਹੀਂ ਚਲ ਰਹੇ । ਖਾਲਸਾ ਤਾਂ ਮਜ਼ਲੂਮਾਂ ਦੀ ਸੇਵਾ ਲਈ ਤੇ ਜ਼ੁਲਮ ਦਾ ਨਾਸ਼ ਕਰਨ

ਲਈ ਸਜਿਆ ਸੀ। ਫਿਰ ਇਹ ਮਹਾਂ ਉਤਮ ਕੰਮ ਦੂਜੇ ਲੋਕਾਂ ਦੇ ਹੱਥ ਕਿਉਂ ਛੱਡ ਦੇ ਹੋ ? ਨਿੱਤਰੋ ਤੇ ਸਾਰਾ ਕੰਮ ਆਪ ਕਰੋ। ਸਾਡੀ ਹਸਤੀ ਹੀ ਇਸੇ ਗੱਲ ਵਿਚ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਪੂਰਾ ਕਰੀਏ। ਇਸ ਵੇਲੇ ਨੌਕਰਸ਼ਾਹੀ ਵੱਲੋਂ ਬਾਰਦੌਲੀ ਨੂੰ ਦੋਜ਼ਖ ਬਨਾਣ ਦਾ ਐਲਾਨ ਹੋ ਚੁੱਕਾ ਹੈ ਤੇ ਉਥੇ ਬਹੁਤ ਛੇਤੀ ਹੋਲੀ-ਗਰਦੀ ਮਚੇਗੀ। ਇਸ ਤਰ੍ਹਾਂ ਦੀ ਹੋਲੀ-ਗਰਦੀ ਵਾਸਤੇ ਤੁਸੀਂ ਖ਼ਾਸ ਤੌਰ 'ਤੇ ਬਣਾਏ ਗਏ ਹੋ ਤੇ ਇਹ ਮੋਰਚਾ ਤੁਸਾਂ ਹੀ ਸਰ ਕਰਨਾ ਹੈ। ਨਿੱਤਰੋ ਤੇ ਉਡੀਕ ਰੱਖੋ ਕਿ ਕਦ ਤੁਹਾਨੂੰ ਸੱਦਾ ਆਉਂਦਾ ਹੈ।

☆ ☆ ☆

ਗੁਰੂ ਤੇ ਦੇਹਧਾਰੀ ਗੁਰੂ

ਅੱਜ-ਕਲ੍ਹ ਰਾਧਾ ਸਵਾਮੀਆਂ ਦਾ ਗੁਰੂ ਦੌਰੇ ਚੜ੍ਹਿਆ ਹੋਇਆ ਹੈ ਤੇ ਹੋਰ ਭੀ ਸਿੱਖਾਂ ਵਿਚ ਕਈ ਗੁਰੂ ਬਣੇ ਹੋਏ ਹਨ, ਜੋ ਆਪਣਾ ਜਾਲ ਅਨ੍ਹੇਰੇ ਵਿਚ ਖਲਾਰੀ ਬੈਠੇ ਹਨ। ਇਨ੍ਹਾਂ ਸਾਰਿਆਂ ਦਾ ਅਧਾਰ ਉਹ ਲੋਕੀਂ ਹਨ, ਜਿਨ੍ਹਾਂ ਦੇ ਸੁਭਾ ਵਿਚ ਹੀ ਆਪਣੀ ਅਕਲ ਉੱਤੇ ਭਰੋਸਾ ਨਾ ਕਰਨਾ ਹੈ। ਸਾਨੂੰ ਇਕ ਮਿੱਤਰ ਦਾ ਪਤਾ ਹੈ ਜੋ ਬਹੁਤ ਲਾਇਕ ਤੇ ਵੱਡੀ ਪੋਜ਼ੀਸ਼ਨ ਵਾਲੇ ਹਨ ਪਰ ਕਿਸੇ ਨਾ ਕਿਸੇ ਦੇ ਮਗਰ ਹੀ ਲਗਣਾ ਜਾਣਦੇ ਹਨ। ਕਦੇ ਉਨ੍ਹਾਂ ਦਾ ਕੋਈ ਗੁਰੂ ਬਣ ਜਾਂਦਾ ਹੈ ਤੇ ਕਦੀ ਕੋਈ।

ਪਹਿਲੀ ਗੱਲ ਤਾਂ ਅਸਾਂ ਇਹ ਵੇਖਣੀ ਹੈ ਕਿ ਗੁਰੂ ਕਹਿੰਦੇ ਕਿਸ ਨੂੰ ਹਨ। ਕਈ ਸੱਜਣ ਤਾਂ ਇਹ ਕਹਿੰਦੇ ਹਨ ਕਿ ਜੋ ਭੀ ਕੁਝ ਸਿਖਾਵੇ ਉਹ ਗੁਰੂ ਹੀ ਹੈ। ਇਸ ਹਿਸਾਬ ਤਾਂ ਸਾਡੇ ਬੇਅੰਤ ਗੁਰੂ ਹੋ ਜਾਣਗੇ ਸਗੋਂ ਸਾਰੀ ਸ੍ਰਿਸਟੀ ਹੀ ਗੁਰੂ ਹੋ ਜਾਵੇਗੀ, ਕਿਉਂਕਿ ਆਦਮੀ ਜੋ ਕੁਝ ਹੁਣ ਜਾਣਦਾ ਹੈ, ਉਹ ਜਨਮ ਵੇਲੇ ਨਹੀਂ ਸੀ ਜਾਣਦਾ। ਜਨਮ ਤੋਂ ਮਗਰੋਂ ਹੀ ਉਸ ਨੇ ਰੰਗਾਂ ਦੀ ਪਛਾਣ, ਜਾਨਵਰਾਂ ਦੀ ਪਛਾਣ, ਬੂਟਿਆਂ ਦੀ ਪਛਾਣ, ਦੂਰ ਨੇੜੇ ਦਾ ਭੇਦ ਆਦਿ ਸਭ ਕੁਝ ਸਿੱਖਿਆ ਹੈ। ਕਈ ਲੋਕੀਂ ਇਤਨੇ ਗੁਰਡੰਮ ਦੇ ਘੇਰੇ ਨੂੰ ਤੰਗ ਕਰ ਲੈਂਦੇ ਹਨ ਤੇ ਕਹਿੰਦੇ ਹਨ ਕਿ ਜਿਸ ਤੋਂ ਆਤਮਿਕ ਸਿੱਖਿਆ ਮਿਲੇ, ਉਹ ਗੁਰੂ ਹੈ, ਹੁਣ ਆਤਮਿਕ ਸਿੱਖਿਆ ਭੀ ਹਰ ਇਕ ਦੁਨੀਆਂ ਦੀ ਵਸਤੂ ਤੋਂ ਲੈਂਦੇ ਹਾਂ ਤੇ ਜੇ ਉਹ ਆਦਮੀ ਹੀ ਗਿਣਨ ਲੱਗ ਪਈਏ, ਜਿਨ੍ਹਾਂ ਤੋਂ ਆਤਮਿਕ ਸਿੱਖਿਆ ਲਈ ਜਾਂਦੀ ਹੈ ਤਾਂ ਭੀ ਕਿਤਨੇ ਹੀ ਜਾਣਗੇ। ਇਕ ਆਦਮੀ ਨੂੰ ਸਿੱਖਿਆ ਲੈਣ ਲਈ ਮੁਕਰਰ ਕਰ ਲੈਣਾ ਤੇ ਹੋਰ ਕਿਸੇ ਤੋਂ ਸਿੱਖਿਆ ਨਾਲ ਲੈਣਾ, ਆਪਣੇ ਹੱਥ ਪੈਰ ਖਾਹ-ਮਖਾਹ ਬੰਨ੍ਹ ਲੈਣੇ ਹਨ। ਫਿਰ ਜੇ ਇਹ ਭਾਵ ਕੱਢੋ ਕਿ ਇਕ ਆਦਮੀ ਤਾਂ ਖ਼ਾਸ ਸਿੱਖਿਆ ਲਈ ਮੁੱਕਰਰ ਕਰਦੇ ਹਾਂ ਤੇ ਹੋਰਾਂ ਕੋਲੋਂ ਲੋੜ ਅਨੁਸਾਰ ਥੋੜ੍ਹੀ ਬਾਹਲੀ ਸਿੱਖਿਆ ਲੈ ਲਈਦੀ ਹੈ।

ਉਹ ਖ਼ਾਸ ਆਦਮੀ ਹੀ ਗੁਰੂ ਹੈ ਜੇ ਇਹ ਮੰਨ ਲਈਏ ਤਾਂ ਉਹ ਇਕ ਆਦਮੀ ਅਜਿਹਾ ਚਾਹੀਦਾ ਹੈ, ਉਸ ਤੋਂ ਸਾਰੀ ਸਿੱਖਿਆ ਜੋ ਜਾਣਦਾ ਹੈ, ਉਹ ਲੈ ਚੁੱਕਣ ਮਗਰੋਂ ਕਿਸੇ ਹੋਰ ਦੀ ਲੋੜ ਨਾ ਪਵੇ। ਅਥਵਾ ਉਹ ਆਦਮੀ ਮੁਕੰਮਲ ਹੋਣਾ ਚਾਹੀਦਾ ਹੈ। ਇਸ ਵਾਸਤੇ ਨਤੀਜਾ ਇਹ ਨਿਕਲਿਆ ਕਿ ਇਕ ਮੁਕੰਮਲ ਆਦਮੀ ਮੁਕੰਮਲ ਸਿੱਖਿਆ ਦੇਣ ਵਾਲਾ ਗੁਰੂ ਹੋਇਆ। ਇਕ ਮੁਕੰਮਲ ਆਦਮੀ ਹੈ ਪਰ ਉਹ ਸਿੱਖਿਆ ਨਹੀਂ ਦੇਂਦਾ, ਉਹ ਗੁਰੂ ਨਹੀਂ ਹੈ; ਕਿਉਂਕਿ ਸਾਨੂੰ ਸਿੱਖਿਆ ਨਹੀਂ ਦੇ ਰਿਹਾ ਹੈ।

ਇਸ ਵਾਸਤੇ ਅਸਲ ਗੁਰੂਪੁਣਾ ਮੁਕੰਮਲ ਸਿੱਖਿਆ ਹੈ, ਨਾਲ ਹੀ ਮੁਕੰਮਲ ਆਦਮੀ ਦੇ ਗੁਰੂ ਹੋਣ ਦੀ ਲੋੜ ਕੇਵਲ ਇਸ ਲਈ ਕਿ ਮੁਕੰਮਲ ਸਿੱਖਿਆ ਅਧੂਰਾ ਆਦਮੀ ਦੇ ਨਹੀਂ ਸਕਦਾ। ਹੁਣ ਇਸ ਤਰ੍ਹਾਂ ਮੁਕੰਮਲ ਸਿੱਖਿਆ ਕਿਸੇ ਮੁਕੰਮਲ ਆਤਮਾ ਵਿੱਚੋਂ ਹੀ ਨਿਕਲਦੀ ਹੈ ਨਾ ਕਿ ਸੋਹਣੇ ਸਰੀਰ ਵਿੱਚੋਂ। ਆਦਮੀ ਦੇ ਸਰੀਰ ਤੇ ਆਤਮਾ ਵਿੱਚੋਂ ਕੇਵਲ ਆਤਮਾ ਹੀ ਸਿੱਖਿਆ ਦੇ ਸਕਣ ਵਾਲਾ ਹੈ। ਇਸ ਵਾਸਤੇ ਅਸਲ ਗੁਰੂ ਇਕ ਮੁਕੰਮਲ ਆਤਮਾ ਹੈ, ਜੋ ਮੁਕੰਮਲ ਸਿੱਖਿਆ ਦਾ ਕੇਂਦਰ ਹੈ। ਮੁਕੰਮਲ ਆਤਮਾ ਤੇ ਮੁਕੰਮਲ ਸਿੱਖਿਆ ਵਿਚ ਉਹੋ ਕੁਝ ਤਲਕ ਹੈ ਜੋ ਸੂਰਜ ਦੇ ਚਾਨਣੇ ਵਿਚ ਹੈ ਪਰ ਇਥੇ ਇਕ ਇਤਰਾਜ ਹੋ ਸਕਦਾ ਹੈ ਕਿ ਅਸਲ ਗੁਰੂ ਤਾਂ ਬੇਸ਼ੱਕ ਆਤਮਾ ਹੈ, ਪਰ ਇਹ ਆਤਮਾ ਸਰੀਰ ਰਾਹੀਂ ਹੀ ਸਰੀਰ ਵਾਲਿਆਂ ਨੂੰ ਉਪਦੇਸ਼ ਕਰ ਸਕਦਾ ਹੈ। ਇਹ ਠੀਕ ਹੈ, ਪਰ ਇਸ ਦਾ ਮਤਲਬ ਤਾਂ ਕੇਵਲ ਇਤਨਾ ਹੀ ਹੋਇਆ ਕਿ ਸਰੀਰ ਭੀ ਉਪਦੇਸ਼ ਦਾ ਇਕ ਵਸੀਲਾ ਹੈ ਤੇ ਜਿਸ ਤਰ੍ਹਾਂ ਆਮ ਸਿੱਖਿਆ ਦੇਣ ਵਾਲਿਆਂ ਤੋਂ ਸਿੱਖਿਆ ਲੈ ਕੇ ਭੀ ਤੁਸੀਂ ਉਨ੍ਹਾਂ ਨੂੰ ਗੁਰੂ ਨਹੀਂ ਮੰਨ ਸਕਦੇ। ਇਸੇ ਤਰ੍ਹਾਂ ਸਿੱਖਿਆ ਦੇਣ ਦੇ ਵਸੀਲੇ ਨੂੰ ਅਸੀਂ ਗੁਰੂ ਨਹੀਂ ਮੰਨ ਸਕਦੇ। ਫਿਰ ਸਰੀਰ ਬਿਨਾਂ ਹੋਰ ਭੀ ਵਸੀਲੇ ਆਤਮਾ ਦੀ ਸਿੱਖਿਆ ਦੂਜੀ ਆਤਮਾ ਤੱਕ ਪਹੁੰਚਾਉਣ ਦੇ ਹਨ। ਕੀ ਜੋ ਗੁਰੂ ਦਾ ਸਰੀਰ ਬੋਲੇ, ਉਹ ਠੀਕ ਹੈ ਤੇ ਜੋ ਗੁਰੂ ਦਾ ਸਰੀਰ ਲਿਖੇ ਉਹ ਠੀਕ ਨਹੀਂ ਹੈ ? ਜੇ ਕਰ ਗੁਰੂ ਬੋਲ ਕੇ ਉਪਦੇਸ਼ ਦੇ ਸਕਦਾ ਹੈ ਤਾਂ ਲਿਖ ਕੇ ਭੀ ਦੇ ਸਕਦਾ ਹੈ ਪਰ ਕਈ ਸੱਜਣ ਕਹਿਣਗੇ ਕਿ ਬੋਲਣ ਵਿਚ ਤਾਂ ਫਿਰ ਸ਼ੰਕਾ ਕਰ ਸਕੀਦਾ ਹੈ ਤੇ ਇਸ ਤਰ੍ਹਾਂ ਆਪਣਾ ਸ਼ੱਕ ਦੂਰ ਕਰ ਲਈਦਾ ਹੈ। ਇਹ ਠੀਕ ਹੈ ਪਰ ਮੁਕੰਮਲ ਤੇ ਅਸਲ ਸਿੱਖਿਆ ਤਾਂ ਪਹਿਲਾਂ ਗੁਰੂ ਦੇ ਬਚਨ ਨੇ ਹੀ ਦਿੱਤੀ ਹੈ। ਉਸ ਨੂੰ ਸਮਝਾਣਾ ਕੋਈ ਮੁਕੰਮਲ ਸਿੱਖਿਆ ਦਾ ਹਿੱਸਾ ਤਾਂ ਨਹੀਂ ਹੈ, ਇਹ ਕੰਮ ਮੁਕੰਮਲ ਗੁਰੂਪੁਣੇ ਦਾ ਨਹੀਂ ਹੈ। ਇਹ ਇਕ ਉਸਤਾਦ ਦਾ ਹੈ।

ਅਸੀਂ ਇਹ ਨਹੀਂ ਕਹਿੰਦੇ ਕਿ ਜੋ ਸਰੀਰ ਵਿਚ ਹੈ, ਉਹ ਗੁਰੂ ਹੋ ਹੀ ਨਹੀਂ ਸਕਦਾ। ਗੁਰੂ ਦਾ ਸਾਡਾ ਅੰਦਾਜ਼ਾ ਤਾਂ ਇਹ ਹੈ ਕਿ ਜੋ ਆਪ ਮੁਕੰਮਲ ਹੋਵੇ ਤੇ ਮੁਕੰਮਲ ਉਪਦੇਸ਼ ਕਰੇ। ਮੋਟੇ ਲਫ਼ਜ਼ਾਂ ਵਿਚ ਜੋ ਕੁਝ ਗੁਰੂ ਨਾਨਕ ਸਾਹਿਬ ਸਨ, ਉਹੋ ਤੇ ਕੇਵਲ ਉਹੋ ਕੁਝ ਗੁਰੂ ਹੋ ਸਕਦਾ ਹੈ। ਉਸ ਤੋਂ ਘੱਟ ਨੂੰ ਅਸੀਂ ਗੁਰੂ ਨਹੀਂ ਮੰਨਾਂਗੇ, ਭਾਵੇਂ ਉਸ ਤੋਂ ਧਰਮ ਉਪਦੇਸ਼ ਤੇ ਆਤਮਿਕ ਸਿਖਾਣ ਵਾਲੇ ਨੂੰ ਲੈ ਲਵਾਂਗੇ। ਅਸੀਂ ਜਪੁ ਜੀ ਦੇ ਅਰਥ ਸਿਖਾਣ ਵਾਲੇ ਨੂੰ ਗੁਰੂ ਨਹੀਂ ਮੰਨ ਸਕਦੇ ਪਰ ਇਸ ਧਰਮ ਉਪਦੇਸ਼ ਤੇ ਆਤਮਿਕ ਸਿੱਖਿਆ ਨੂੰ ਗੁਰੂ ਨਾਨਕ ਦੇ ਬਚਨਾਂ ਦੀ ਕਸੌਟੀ ਉਤੋਂ ਪਰਖ ਲਵਾਂਗੇ। ਇਸ ਤਰ੍ਹਾਂ ਆਤਮਿਕ ਸਿੱਖਿਆ ਦੇਣ ਵਾਲੇ ਨੂੰ ਅਸੀਂ ਗੁਰੂ ਇਸ ਵਾਸਤੇ ਨਹੀਂ ਕਹਾਂਗੇ ਕਿ ਉਹ ਮੁਕੰਮਲ ਨਹੀਂ ਹੈ ਪਰ ਕੋਈ ਪੁੱਛ ਸਕਦਾ ਹੈ ਕਿ ਜੇਕਰ ਸਾਨੂੰ ਕੋਈ ਮੁਕੰਮਲ ਸਿੱਖਿਆ ਦੇਣ ਵਲਾ ਮਿਲ ਜਾਏ ਤਾਂ ਉਸ ਨੂੰ ਕਿਉਂ ਗੁਰੂ ਨਾ ਮੰਨੀਏ ? ਭਲਾ ਇਹ ਸਿੱਖਿਆ ਦੇਣ ਵਾਲਾ ਹੈ ਕਿ ਅਧੂਰੀ ? ਤੁਸੀਂ ਉਸ ਸਿੱਖਿਆ ਨੂੰ ਪ੍ਰਖਣ ਵਾਲੇ ਅਧੂਰੇ ਹੋ ਤੇ ਇਸ ਕਰ ਕੇ ਤੁਹਾਡੀ ਪਰਖ ਭੀ ਅਧੂਰੀ ਹੈ ਤੇ ਇਸ ਕਰ ਕੇ

ਤੁਸੀਂ ਮੁਕੰਮਲ ਗੁਰੂ ਦੀ ਭਾਲ ਵਿਚ ਜ਼ਰੂਰ ਗ਼ਲਤੀ ਖਾ ਸਕਦੇ ਹੋ। ਜੇ ਕਰ ਤੁਸਾਂ ਉਸ ਮੁਕੰਮਲ ਗੁਰੂ ਦੇ ਬਚਨਾਂ ਦੀ ਪਰਖ ਫਿਰ ਗੁਰੂ ਨਾਨਕ ਸਾਹਿਬ ਦੇ ਬਚਨਾਂ ਨਾਲ ਹੀ ਕਰਨੀ ਹੈ ਤਾਂ ਅਸਲ ਵਿਚ ਤੁਸੀਂ ਉਸ ਨੂੰ ਗੁਰੂ ਨਾਹੀ ਮੰਨਦੇ। ਅਸਲ ਵਿਚ ਤਾਂ ਤੁਸੀਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਮੰਨ ਰਹੇ ਹੋ ਕਿਉਂਕਿ ਗੁਰੂ ਨਾਨਕ ਹੀ ਕੇਵਲ ਤੁਸੀਂ ਮੁਕੰਮਲ ਮੰਨ ਰਹੇ ਹੋ ਬਾਕੀ ਜਿਸ ਦੀ ਪਰਖ ਕਰਦੇ ਹੋ, ਗੁਰੂ ਨਾਨਕ ਜੀ ਦੇ ਬਚਨਾਂ ਨਾਲ ਹੀ ਕਰਦੇ ਹੋ।

ਪਰ ਹੈਰਾਨੀ ਦੀ ਗੱਲ ਹੈ ਕਿ ਜਦ ਤੁਸੀਂ ਮੁਕੰਮਲ ਮੰਨਦੇ ਹੀ ਗੁਰੂ ਨਾਨਕ ਸਾਹਿਬ ਨੂੰ ਹੋ, ਤਾਂ ਕੀ ਉਨ੍ਹਾਂ ਦਾ ਅਸਲ ਗੁਰੂਪੁਣਾ ਅਥਵਾ ਮੁਕੰਮਲ ਉਪਦੇਸ਼ ਸਾਡੇ ਵਿਚ ਮੌਜੂਦ ਨਹੀਂ ਹੈ ਜੋ ਕਿਸੇ ਹੋਰ ਮੁਕੰਮਲ ਉਪਦੇਸ਼ ਦੇਣ ਵਾਲੇ ਦੀ ਭਾਲ ਕਰੋ? ਜਦ ਤੱਕ ਗੁਰੂ ਗ੍ਰੰਥ ਸਾਹਿਬ ਮੌਜੂਦ ਹਨ, ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝਣ ਲਈ ਕਈ ਪੁਸਤਕਾਂ ਜਾਂ ਸੱਜਣਾਂ ਮਹਾਤਮਾ ਦੀ ਮਦਦ ਦੀ ਲੋੜ ਪੈ ਸਕਦੀ ਹੈ, ਪਰ ਕਿਸੇ ਨਵੇਂ, ਉਪਦੇਸ਼ ਦੀ ਲੋੜ ਨਹੀਂ ਪੈ ਸਕਦੀ।

ਇਸ ਵਾਸਤੇ ਕਿਸੇ ਗੁਰੂ ਦੇ ਧਾਰਨ ਦੀ ਲੋੜ ਨਹੀਂ ਹੈ। ਜੇ ਕਰ ਅੱਜ ਕਈ ਮੁਕੰਮਲ ਆਦਮੀ ਭਾਵੇਂ ਕੋਈ ਜਾਮਾ ਧਾਰ ਕੇ ਆ ਜਾਵੇ ਤਾਂ ਸਾਨੂੰ ਉਸ ਦੇ ਉਪਦੇਸ਼ ਦੀ ਲੋੜ ਨਹੀਂ ਹੈ, ਕਿਉਂਕਿ ਮੁਕੰਮਲ ਉਪਦੇਸ਼ ਸਾਡੇ ਪਾਸ ਹੈ ਤੇ ਅਸੀਂ ਵਾਧੂ ਖੱਤੇ ਕਿਉਂ ਪਈਏ। ਇਕ ਆਦਮੀ ਆ ਕੇ ਸਾਡਾ ਗੁਰੂ, ਰੱਬ ਬਣਨਾ ਚਾਹੁੰਦਾ ਹੈ, ਹੁਣ ਅੱਵਲ ਤਾਂ ਉਹ ਮੁਕੰਮਲ ਹੈ ਨਹੀਂ ਤੇ ਇਸ ਵਾਸਤੇ ਉਹ ਗੁਰੂ ਹੋ ਹੀ ਨਹੀਂ ਸਕਦਾ, ਪਰ ਜੇ ਉਹ ਮੁਕੰਮਲ ਭੀ ਹੋਵੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆ ਸਾਨੂੰ ਉਸ ਦੀ ਲੋੜ ਨਹੀਂ ਹੈ।

ਸੱਚ ਤਾਂ ਇਹ ਹੈ ਕਿ ਵਾਹਿਗੁਰੂ ਦਾ ਰਸਤਾ ਅਗਮ ਹੈ ਤੇ ਇਸ ਕਰਕੇ ਬਹੁਤ ਪਖੰਡੀ ਲੋਕਾਂ ਨੂੰ ਧੋਖਾ ਦੇਣ ਦਾ ਸਮਾਂ ਮਿਲਦਾ ਹੈ। ਅਸੀਂ ਹਰ ਇਕ ਗੁਰੂ ਬਣਨ ਵਾਲੈ ਨੂੰ ਖਾਲਸ ਪਖੰਡੀ ਨਹੀਂ ਕਹਿੰਦੇ, ਪਰ ਇਤਨਾ ਜ਼ਰੂਰ ਕਹਿੰਦੇ ਹਾਂ ਕਿ ਸਾਨੂੰ ਜਿਤਨਿਆਂ ਦਾ ਭੀ ਦੇਹਧਾਰੀ ਗੁਰੂਆਂ ਦਾ ਪਤਾ ਹੈ, ਉਨ੍ਹਾਂ ਵਿਚ ਹਰ ਇਕ ਵਿਚ ਪਖੰਡ ਦਾ ਵੱਡਾ ਹਿੱਸਾ ਹੈ। ਉਹ ਮੁਕੰਮਲ ਨਹੀਂ ਹਨ ਤੇ ਫਿਰ ਲੋਕਾਂ ਨੂੰ ਉਪਦੇਸ਼ ਕਰਨ ਲੱਗਿਆ ਆਪਾ ਮੁਕੰਮਲ ਪ੍ਰਗਟ ਕਰਦੇ ਹਨ। ਇਹ ਭੀ ਅਸਾਂ ਵੇਖਿਆ ਹੈ ਕਿ ਕਈ ਤਾਂ ਕਿਸੇ ਵਹਿਮ ਵਿਚ ਪਏ ਦੂਜਿਆਂ ਨੂੰ ਵਹਿਮ ਵਿਚ ਪਾਉਣ ਦਾ ਯਤਨ ਕਰਦੇ ਹਨ। ਰਾਧਾ ਸਵਾਮੀਆਂ ਨੂੰ ਲੈ ਲਵੋ। ਉਹ ਵਧੇਰੇ ਝੰਬੇਲਾ ਪਾਂਦੇ ਹਨ। ਉਹ ਕਹਿੰਦੇ ਹਨ ਕਿ ਸੁਰਤ ਇਸ ਤਰ੍ਹਾਂ ਉਤਾਂਹ ਵੱਲ ਇਤਨੇ ਕਰੋੜ ਯੋਜਨ ਚੜ੍ਹਦੀ ਹੈ ਤੇ ਅੱਗੋਂ ਹੋਰ ਇਸ ਤਰ੍ਹਾਂ ਦੇ ਬਥੇਰੇ ਇੰਦਰਜਾਲ ਦੱਸਦੇ ਹਨ। ਉਨ੍ਹਾਂ ਦੇ ਖ਼ਿਆਲ ਵਿਚ ਸੂਰਤ ਤੇ ਆਤਮਾ ਭੀ ਸਰੀਰ ਵਾਂਗੂੰ ਹੀ ਵਾਸਤੇ ਦੇ ਬੰਧਨਾਂ ਵਿਚ ਹਨ। ਇਹ ਉਪਦੇਸ਼ ਕੇਵਲ ਉਨ੍ਹਾਂ ਥੋੜ੍ਹੀ ਸਮਝ ਵਾਲਿਆਂ ਨੂੰ ਹੀ ਚਕਰਾ ਸਕਦਾ ਹੈ ਜੋ ਇਹ ਨਹੀਂ ਜਾਣਦਾ ਕਿ ਫ਼ਾਸਲੇ ਦੇ ਬੰਧਨ ਤਾਂ ਕੇਵਲ ਸਰੀਰ ਲਈ ਹੀ ਹਨ। ਖ਼ਿਆਲ, ਸੁਰਤ ਜਾਂ ਆਤਮਾ ਲਈ ਕੋਲ ਪਈ ਵਸਤੂ ਕਾਬਲ ਪਈ, ਅਮਰੀਕਾ

ਪਈ, ਸੂਰਜ ਵਿਚ ਪਈ ਜਾਂ ਹੋਰ ਦੂਰ ਪਈ ਦਾ ਕੋਈ ਫ਼ਰਕ ਨਹੀਂ ਹੈ। ਖ਼ਿਆਲ ਲਈ ਕਰੋੜਾਂ ਯੋਜਨ ਤੇ ਇਕ ਇੰਚ ਵਿਚ ਕੋਈ ਫ਼ਰਕ ਨਹੀਂ ਹੈ। ਇਸ ਮੋਟੀ ਇੰਚ ਵਿਚ ਕੋਈ ਫ਼ਰਕ ਨਹੀਂ ਹੈ। ਇਸ ਮੋਟੀ ਗੱਲ ਨੂੰ ਨਾ ਸਮਝ ਸਕਣ ਵਾਲੇ ਭੋਲੇ ਲੋਕਾਂ ਨੂੰ ਹੀ ਇਹ ਭੁਲੇਖਾ ਲੱਗ ਸਕਦਾ ਹੈ ਕਿ ਸੁਰਤ ਕਿਤਨੇ ਯੋਜਨ ਚੜ੍ਹ ਗਈ ਹੈ।

ਅਸਲ ਗੱਲ ਤਾਂ ਇਹ ਹੈ ਕਿ ਸਾਨੂੰ ਚਾਨਣੇ ਦੀ ਲੋੜ ਹੈ, ਨਾ ਕਿਸੇ ਸੂਰਜ ਦੀ। ਸੂਰਜ ਦੀ ਲੋੜ ਕੇਵਲ ਇਸ ਵਾਸਤੇ ਹੈ ਕਿ ਉਹ ਨਾ ਤੇ ਗਰਮੀ ਦੇਂਦਾ ਹੈ। ਜੇ ਸੂਰਜ ਗਰਮੀ ਤੇ ਚਾਨਣਾ ਦੇਣੋਂ ਹਟ ਜਾਏ ਜਾਂ ਸਾਨੂੰ ਚਾਨਣਾ ਤੇ ਗਰਮੀ ਸੂਰਜ ਬਿਨਾਂ ਮਿਲ ਜਾਣ ਤਾਂ ਸੂਰਜ ਦੀ ਲੋੜ ਨਹੀਂ ਹੈ। ਇਸੇ ਤਰ੍ਹਾਂ ਸਾਨੂੰ ਆਤਮਕ ਉਪਦੇਸ਼ ਦੀ ਲੋੜ ਹੈ ਨਾ ਕਿ ਗੁਰੂ ਦੇ ਆਤਮਾ ਦੀ। (ਗੁਰੂ ਦੇ ਸਰੀਰ ਨੂੰ ਅਸੀਂ ਸੂਰਜ ਦੀ ਪਦਵੀਂ ਨਹੀਂ ਦੇ ਸਕਦੇ। ਗੁਰੂ ਦੇ ਸਰੀਰ ਵਿਚ ਤਾਂ ਕੋਈ ਖ਼ਾਸ ਗੁਣ ਨਹੀਂ ਹੈ। ਚਾਨਣਾ ਤੇ ਗਰਮੀ ਦੇਣ ਦਾ ਗੁਣ ਤਾਂ ਆਤਮਾ ਵਿਚ ਹੈ) ਹੋਰ ਚੰਨ ਤੇ ਤਾਰੇ ਚਾਨਣ ਦੇਂਦੇ ਹਨ, ਪਰ ਇਹ ਸਭ ਚਾਨਣਾ ਤੇ ਗਰਮੀ ਉਸ ਨੇ ਸੂਰਜ ਤੋਂ ਲਏ ਹੋਏ ਹਨ। ਇਸ ਕਰਕੇ ਇਹਨਾਂ ਸੂਰਜ ਦੇ ਆਸਰਾ ਲੈਣ ਵਾਲਿਆਂ ਨੂੰ ਸੂਰਜ ਨਾ ਸਮਝੋ ਤੇ ਜੋ ਆਪਣੇ ਆਪ ਨੂੰ ਸੂਰਜ ਸਮਝ ਕੇ ਸੂਰਜ ਦਾ ਚਾਨਣਾ ਲੈਣੋਂ ਹਟ ਜਾਂਦੇ ਹਨ, ਉਹ ਤਾਂ ਅਨ੍ਹੇਰੀ ਰਾਤ ਵਰਗੇ ਹੀ ਚਾਨਣਾਹੀਣ ਤਾਂ ਹਨ। ਉਨ੍ਹਾਂ ਦੇ ਜਾਲ ਵਿਚ ਨਾ ਫ਼ਸੋ।

* * *

ਸਿੱਖ ਰਹਿਤ ਬਹਿਤ

ਅਸੀਂ ਅੱਗੇ ਲਿਖ ਚੁੱਕੇ ਹਾਂ ਕਿ ਕਿਸੇ ਧਰਮ ਜਾਂ ਅਸੂਲ ਦੇ ਕਾਇਮ ਰਹਿਣ ਲਈ ਬਾਹਰਲੀ ਸ਼ਕਲ ਦੀ ਲੋੜ ਹੈ। ਸਗੋਂ ਅਸਾਂ ਇਹ ਸਿੱਧ ਕੀਤਾ ਸੀ ਕਿ ਧਰਮ ਜਾਂ ਅਸੂਲ ਦੀ ਕਾਇਮੀ ਲਈ ਫਿਰਕੇ ਜਾਂ ਸੁਸਾਇਟੀ ਦੀ ਲੋੜ ਹੈ ਤੇ ਫਿਰਕੇ ਜਾਂ ਸੁਸਾਇਟੀ ਦੀ ਕਾਇਮੀ ਲਈ ਕੋਈ ਨਾ ਕੋਈ ਚਿੰਨ੍ਹ ਰੱਖਣੇ ਅਵੱਸ਼ ਹਨ। ਫਿਰ ਅਸਾਂ ਖੋਲ੍ਹ ਕੇ ਦੱਸਿਆ ਸੀ ਕਿ ਜਿਤਨੇ ਭੀ ਮਜ਼ਹਬ ਹਨ, ਉਨ੍ਹਾਂ ਦੇ ਬਾਹਰਲੇ ਚਿੰਨ੍ਹ ਹਨ। ਇਹ ਚਿੰਨ੍ਹ ਜ਼ਰੂਰੀ ਹਨ, ਪਰ ਗ਼ਲਤੀ ਇਹ ਹੁੰਦੀ ਹੈ ਕਿ ਅਸਲ ਗੱਲ ਨੂੰ ਭੁੱਲ ਕੇ ਲੋਕੀਂ ਕੇਵਲ ਬਾਹਰਲੇ ਚਿੰਨ੍ਹਾਂ ਉੱਤੇ ਹੀ ਜ਼ੋਰ ਦੇਣ ਲੱਗ ਜਾਂਦੇ ਹਨ, ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਇਹ ਚਿੰਨ੍ਹ ਪਖੰਡ ਬਣ ਜਾਂਦੇ ਹਨ ਤੇ ਅਸਲ ਰੂਹ ਮਰ ਜਾਂਦਾ ਹੈ।

ਅੱਜ ਅਸਾਂ ਇਸ ਗੱਲ ਉੱਤੇ ਵਿਚਾਰ ਕਰਨੀ ਹੈ ਕਿ ਸਿੱਖੀ ਦੇ ਚਿੰਨ੍ਹ ਯੋਗ ਹਨ ਕਿ ਨਹੀਂ। ਅਸਲ ਗੱਲ ਤਾਂ ਇਹ ਹੈ ਕਿ ਸਿੱਖੀ ਰਹਿਤ ਬਹਿਤ ਜਾਂ ਕਿਸੇ ਹੋਰ ਧਰਮ ਦੀ ਰਹਿਤ ਬਹਿਤ ਕਣੇ ਮਿੱਥ ਕੇ ਨਹੀਂ ਬਣਦੀ। ਕੋਈ ਧਾਰਮਿਕ ਆਗੂ ਇਸ ਖ਼ਿਆਲ ਉੱਤੇ ਕੋਈ ਰਹਿਤ ਮਰਯਾਦਾ ਕਾਇਮ ਨਹੀਂ ਕਰਦਾ ਕਿ ਇਸ ਦਾ ਅਮਕਾ ਲਾਭ ਹੋਵੇਗਾ। ਰਹਿਤ ਮਰਯਾਦਾ ਤਾਂ ਧਰਮ ਦੇ ਉਪਦੇਸ਼ਾਂ ਉਸ ਸਮੇਂ ਦੀ ਲੋੜ, ਸੁਸਾਇਟੀ ਦੇ ਖ਼ਿਆਲਾਂ ਦਾ ਵਿਸਭ ਦਾ ਨਿਚੋੜ ਹੋਇਆ ਕਰਦਾ ਹੈ। ਕੋਈ ਰਹਿਤ ਮਰਯਾਦਾ ਬਣ ਨਹੀਂ ਸਕਦੀ ਜਦ ਤਕ ਕਿ ਇਹ ਉਸ਼ ਧਰਮ ਦੀ ਅਸਲ ਰੂਹ ਨੂੰ ਪ੍ਰਗਟ ਨਾ ਕਰੇ। ਫਿਰ ਹਰ ਇਕ ਇਸ ਤਰ੍ਹਾਂ ਬਣਨ ਵਾਲੀ ਰਹਿਤ ਮਰਯਾਦਾ ਉੱਤੇ ਸਮੇਂ ਦੀ ਲੋੜ ਤੇ ਸੁਸਾਇਟੀ ਦੇ ਰਿਵਾਜ਼ਾਂ ਦਾ ਅਸਰ ਭੀ ਹੋਇਆ ਕਰਦਾ ਹੈ ਪਰ ਅਸਲ ਵਸਤੂ ਜਿਸ ਉੱਤੇ ਇਹ ਮਰਯਾਦਾ ਬਣਦੀ ਹੈ ਤੇ ਜਿਸ ਦੇ ਆਸਰੇ ਇਹ ਰਹਿਤ ਮਰਯਾਦਾ ਕਾਇਮ ਰਹਿੰਦੀ ਹੈ ਉਹ ਧਰਮ ਦੀ ਰੂਹ ਹੈ। ਫਿਰ ਇਸ ਤਰ੍ਹਾਂ ਬਣੀ ਰਹਿਤ ਮਰਯਾਦਾ ਇਕ ਉਜਾੜ ਵਿਚ ਬਣੇ ਮਹਲ ਵਾਂਗੂੰ ਹੈ। ਜਿਸ ਵੇਲੇ ਉਹ ਮਹਲ ਬਣਦਾ ਹੈ, ਉਸ ਦੀ ਕੀਮਤ ਉਸ ਮਹਲ ਉੱਤੇ ਲੱਗੇ ਮਸਾਲੇ ਮਜ਼ਦੂਰੀ ਦੇ ਬਰਾਬਰ ਹੁੰਦੀ ਹੈ ਪਰ ਜਦ ਇਸ ਮਹਲ ਦੇ ਦੁਆਲੇ ਸ਼ਹਿਰ ਵਸ ਜਾਂਦਾ ਹੈ ਤਾਂ ਇਸ ਦੀ ਕੀਮਤ ਇਸ ਦੇ ਦੁਆਲੇ ਬਣੇ ਮਕਾਨਾਂ ਸੜਕਾਂ ਤੇ ਦੁਕਾਨਾਂ ਦੇ ਕਾਰਨ ਇਤਨੀ ਵੱਧ ਜਾਂਦੀ ਹੈ ਕਿ ਅਸਲ ਲੱਗੇ ਮਸਾਲੇ ਦੀ ਕੀਮਤ ਵੱਲ ਕੋਈ ਧਿਆਨ ਹੀ ਨਹੀਂ ਦੇਂਦਾ। ਠੀਕ ਇਹੋ ਹੀ ਹਾਲ ਕਿਸੇ ਧਰਮ ਦੀ ਰਹਿਤ ਮਰਯਾਦਾ ਦਾ ਹੈ। ਜਦ ਇਹ ਰਹਿਤ ਮਰਯਾਦਾ ਬਣਦੀ ਹੈ, ਤਾਂ ਇਸ ਦੀ ਕਦਰ ਉਸ ਅਸੂਲ ਦੇ ਮੁਤਾਬਕ

ਹੀ ਹੁੰਦੀ ਹੈ, ਜਿਸ ਨੂੰ ਪ੍ਰਗਟ ਇਹ ਰਹਿਤ ਮਰਯਾਦਾ ਕਰਦੀ ਹੈ ਪਰ ਮਗਰੋਂ ਉਸ ਦੇ ਦੁਆਲੇ ਉਹ ਰਹਿਤ ਮਰਯਾਦਾ ਨੂੰ ਕਾਇਮ ਰੱਖਣ ਲਈ ਹੋਈ ਕੁਰਬਾਨੀ ਉਸ ਰਹਿਤ ਮਰਯਾਦਾ ਦੀ ਕਦਰ ਨੂੰ ਬਹੁਤ ਵਧਾ ਦੇਂਦੀ ਹੈ। ਇਹੋ ਹਾਲ ਇਸ ਵੇਲੇ ਪੰਜ ਕਕਾਰ ਦੀ ਰਹਿਤ ਦਾ ਹੈ। ਪੰਜ ਕਕਾਰ ਦੀ ਰਹਿਤ ਉਸ ਸਿੱਖੀ ਭਾਵ ਨੂੰ ਪ੍ਰਗਟ ਕਰਨ ਲਈ ਤੇ ਉਸ ਸਿੱਖੀ ਅਸੂਲ ਦੇ ਦੁਆਲੇ ਵਾੜ ਦਾ ਕੰਮ ਕਰਨ ਲਈ ਬਣਾਈ ਗਈ ਸੀ, ਜਿਸ ਸਿੱਖੀ ਅਸੂਲ ਦਾ ਪ੍ਰਚਾਰ ਦਸਾਂ ਗੁਰੂ ਸਾਹਿਬਾਨ ਨੇ ਕੀਤਾ ਸੀ। ਕੱਛਹਿਰਾ ਤਾਂ ਕੇਵਲ ਜੰਗੀ ਲੋਕਾਂ ਲਈ ਵਧੀਆਂ ਪਹਿਰਾਵਾ ਹੀ ਹੈ, ਸਗੋਂ ਉਸ ਅਸੂਲ ਦਾ ਨਿਸ਼ਾਨ ਹੈ, ਜਿਸ ਉੱਤੇ ਗੁਰੂ ਸਾਹਿਬ ਨੇ ਤੇ ਖ਼ਾਸ ਕਰ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਜ਼ੋਰ ਦਿੱਤਾ ਸੀ ਤੇ ਜੋ ਇਸ ਤੁਕ ਵਿਚ ਪ੍ਰਗਟ ਹੁੰਦਾ ਹੈ "ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢਈਓ ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨਾ ਜਈਓ॥" ਇਸ ਤਰ੍ਹਾਂ ਕਿਰਪਾਨ ਕੇਵਲ ਜੰਗੀ ਲੋਕਾਂ ਦਾ ਨਿਸ਼ਾਨ ਹੀ ਨਹੀਂ ਹੈ, ਸਗੋਂ ਜ਼ੁਲਮ ਨੂੰ ਨਾਸ਼ ਕਰਨ ਤੇ ਧਰਮ ਦੀ ਰੱਖਿਆ ਦਾ ਚਿੰਨ੍ਹ ਭੀ ਹੈ। ਕੜਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਹਰ ਵੇਲੇ ਹਰ ਕੰਮ ਕਰਨ ਲੱਗਿਆਂ ਸਾਨੂੰ ਯਾਦ ਕਰਵਾਉਂਦਾ ਹੈ ਕਿ ਅਸੀਂ ਸਿੱਖ ਹਾਂ ਤੇ ਅਸਾਂ ਹਰ ਕੰਮ ਤੇ ਹਰ ਗੱਲ ਵਿਚ ਸਿੱਖੀ ਨੂੰ ਚੇਤੇ ਰੱਖਣਾ ਹੈ। ਕਿਸੇ ਖਾਸ ਇਕ ਅਸੂਲ ਦਾ ਚਿਨ੍ਹ ਇਹ ਕੜਾ ਨਹੀਂ ਭਾਸਦਾ ਹੈ। ਇਹ ਤਾਂ ਸਾਰੀ ਸਿੱਖੀ ਦਾ ਹੀ ਚਿਨ੍ਹ ਹੀ ਹੈ। ਕੇਸ ਸਿੱਖੀ ਵਿਚ ਸਭ ਤੋਂ ਜ਼ਰੂਰੀ ਹਨ ਤੇ ਇਹ ਗੁਰੂ ਨਾਨਕ ਸਾਹਿਬ ਤੋਂ ਹੀ ਸ਼ੁਰੂ ਹੋ ਗਏ ਸਨ। ਕੇਸਾਂ ਦਾ ਭਾਵ ਉਸ ਕਾਦਰ ਦੀ ਰਿਆਸਤ ਉੱਤੇ ਭਰੋਸਾ ਕਰਨਾ ਤੇ ਗੁਣਾਂ ਨੂੰ ਰੋਮ-ਰੋਮ ਵਿਚ ਥਾਂ ਦੇਣੀ ਹੈ। ਅੱਜ-ਕਲ੍ਹ ਕਈ ਲੋਕੀਂ ਕੇਸਾਂ ਉੱਤੇ ਇਹ ਇਤਰਾਜ਼ ਕਰਦੇ ਹਨ ਕਿ ਇਨ੍ਹਾਂ ਦੀ ਕੀ ਲੋੜ ਹੈ ਤੇ ਇਹ ਕਿਉਂ ਰੱਖੇ ਜਾਂਦੇ ਹਨ, ਇਹ ਨਾਲ ਹੀ ਹੈ। ਅਸਾਂ ਤਾਂ ਕੇਸਾਂ ਨੂੰ ਨਹੀ ਰੱਖਿਆ ਹੋਇਆ ਇਹ ਤਾਂ ਆਪੇ ਰਹੇ ਹੋਏ ਹਨ, ਅਸਾਂ ਕੇਵਲ ਇਨ੍ਹਾਂ ਨੂੰ ਉਤਾਰਿਆ ਨਹੀਂ ਹੈ। ਕੇਸ ਆਪੇ ਸਾਡੇ ਸਰੀਰ ਉੱਤੇ ਉੱਗੇ ਹਨ ਤੇ ਆਪੇ ਕਾਇਮ ਹਨ। ਅਸਾਂ ਨਾ ਇਨ੍ਹਾਂ ਨੂੰ ਉਗਾਣ ਲਈ ਕੋਈ ਤਰਦਦ ਕੀਤਾ ਹੈ ਤੇ ਨਾ ਇਨ੍ਹਾਂ ਨੂੰ ਕਾਇਮ ਰੱਖਣ ਲਈ ਕੋਈ ਵਸੀਲਾ ਕੱਢਿਆ ਹੈ। ਤਰਦਦ ਤਾਂ ਉਹ ਕਰਦੇ ਹਨ, ਜੋ ਕੇਸਾਂ ਨੂੰ ਕਟਵਾਂਦੇ ਹਨ ਤੇ ਸਵਾਲ ਉਨ੍ਹਾਂ ਉੱਤੇ ਹੋਣਾ ਚਾਹੀਦਾ ਹੈ ਕਿ ਤੁਸੀਂ ਕਿਸ ਲਾਭ ਯਾ ਭਲੇ ਲਈ ਕੇਸਾਂ ਨੂੰ ਕਟਵਾਨ ਦਾ ਤਰਦਦ ਕਰਦੇ ਹੋ। ਇਸ ਸਵਾਲ ਵਿਚ ਕਈ ਲੋਕੀਂ ਕਹਿ ਦਿੰਦੇ ਹਨ, ਕੇਸ਼ ਰੱਖਣਾ ਔਖ ਹੁੰਦਾ ਹੈ। ਇਹ ਬਿਲਕੁਲ ਗ਼ਲਤ ਹੈ। ਕੇਸ਼ ਰੱਖਣ ਦਾ ਉਤਨਾਂ ਔਖ ਨਹੀਂ ਹੈ, ਜਿਤਨਾ ਕਟਵਾਨ ਦਾ ਹੈ। ਕੇਸਾਂ ਨੂੰ ਸਾਫ਼ ਰੱਖਣ ਲਈ ਇਤਨਾ ਉਦਮ ਨਹੀਂ ਕਰਨਾ ਪੈਂਦਾ। ਜਿਤਨਾ ਕੇਸ਼ਾ ਨੂੰ ਕਟਵਾਈ ਰੱਖਣ ਲਈ ਲੋੜੀਂਦਾ ਹੈ। ਅਸਲ ਗੱਲ ਇਹ ਹੈ ਕਿ ਅੱਜ ਕਲ੍ਹ ਪੱਛਮੀ ਤਾਜ਼ੀਬ ਦਾ ਜ਼ੋਰ ਪੈ ਰਿਹਾ ਹੈ ਤੇ ਅਸੀਂ ਅੰਨ੍ਹੇਵਾਹ ਭੱਜੇ ਜਾ ਰਹੇ ਹਾਂ। ਪੱਛਮੀ ਫੈਸ਼ਨ ਕੇਸਾਂ ਦੇ ਵਿਰੁੱਧ ਹੈ ਤੇ ਇਸ ਕਰਕੇ ਲੋਕੀਂ ਫੈਸ਼ਨ ਦੀ ਖਾਤਰ ਹੀ ਸਿਰ ਦਾੜ੍ਹੀ ਮੁੰਨਦੇ ਹਨ। ਅਸੀਂ ਜਾਣਦੇ ਹਾਂ ਕਿ ਫੈਸ਼ਨ ਇਕ ਬੜੀ ਤਾਕਤ

ਹੈ, ਪਰ ਨਾਲ ਹੀ ਅਸੀਂ ਧਰਮ ਨੂੰ ਉਸ ਤੋਂ ਵੱਡੀ ਤਾਕਤ ਮੰਨਦੇ ਹਾਂ। ਜੋ ਲੋਕੀਂ ਧਰਮ ਦੀ ਪ੍ਰਵਾਹ ਨਹੀਂ ਕਰਦੇ ਤੇ ਇਸ ਗੱਲ ਵਿਚ ਔਖ ਮਹਿਸੂਸ ਕਰਦੇ ਹਨ ਕਿ ਕੇਸ ਉਨ੍ਹਾਂ ਦੀ ਬਦਮਾਸ਼ੀ ਦੇ ਰਾਹ ਵਿਚ ਰੋਕ ਹਨ, ਉਨ੍ਹਾਂ ਨੂੰ ਅਸੀ ਇਹ ਕਹਿਣਾ ਚਾਹੁੰਦੇ ਹਾਂ ਕਿ ਇਹੋ ਤਾਂ ਇਕ ਲਾਭ ਕੇਸਾਂ ਦਾ ਇਸ ਵੇਲੇ ਸਾਬਤ ਹੋ ਰਿਹਾ ਹੈ। ਜੋ ਵਸਤੂ ਬਦਮਾਸ਼ੀ ਦੇ ਰਾਹ ਵਿਚ ਰੋਕ ਪਾਂਦੀ ਹੈ, ਉਹ ਜ਼ਰੂਰ ਸਾਨੂੰ ਕੁਧਰਮ ਵੱਲੋ ਰੋਕ ਕੇ ਧਰਮ ਵੱਲ ਲਾਂਦੀ ਹੈ। ਜਾਂ ਜ਼ੇਕਰ ਤੁਹਾਡੇ ਵਿੱਚੋਂ ਧਰਮ ਉਕਾ ਹੀ ਉੱਡ ਚੁੱਕਾ ਹੈ ਤਾਂ ਕਰੋ ਮੌਜਾਂ ਪਰ ਜਿਸ ਵਿਚ ਧਰਮ ਉੱਤੇ ਚਲਣ ਦੀ ਕੋਈ ਇੱਛਾ ਭੀ ਬਾਕੀ ਹੈ, ਉਹ ਤਾਂ ਕੇਸਾਂ ਵਿਚ ਇਹ ਇਕ ਹੋਰ ਵਾਧੂ ਫਾਇਦਾ ਸੋਚੇਗਾ ਕਿ ਇਹ ਬਦਮਾਸ਼ਾਂ ਦੇ ਰਾਹ ਵਿਚ ਰੋਕ ਸਾਬਤ ਹੋ ਰਹੇ ਹਨ।

ਭਾਵ ਸਾਨੂੰ ਆਪਣੇ ਇਸ ਕਥਨ ਉੱਤੇ ਪੂਰਾ ਭਰੋਸਾ ਨਹੀਂ ਹੈ ਕਿ ਕੇਸਾਂ ਦਾ ਇਤਨਾ ਜ਼ਰੂਰੀ ਅੰਗ ਬਣਾਣ ਦਾ ਭਾਵ ਗੁਰੂ ਮਹਾਰਾਜ ਦਾ ਕੇਵਲ ਉਹੋ ਸੀ ਜੋ ਅਸੀਂ ਪਹਿਲਾਂ ਦਸ ਆਏ ਹਾਂ, ਪਰ ਇਹ ਗੱਲ ਸਪਸ਼ਟ ਹੈ ਕਿ ਇਸ ਰਹਿਤ ਦੇ ਦੁਆਲੇ ਮਗਰੋਂ ਇਤਨੀਆਂ ਕੁਰਬਾਨੀਆਂ ਹੋਈਆਂ ਹਨ ਕਿ ਸਾਰੇ ਸਿੱਖ ਇਤਹਾਸ ਦੀ ਰੂਹ ਹੀ ਇਹ ਕੇਸ ਹਨ। ਲੱਖਾਂ ਸਿੱਖ ਇਨ੍ਹਾਂ ਕੇਸਾਂ ਦੀ ਖ਼ਾਤਰ ਸ਼ਹੀਦ ਹੋਏ, ਲੱਖਾਂ ਚਰਖੜੀਆਂ ਉੱਤੇ ਚੜ੍ਹ ਗਏ ਤੇ ਭਾਈ ਤਾਰੂ ਸਿੰਘ ਜੀ ਵਰਗਿਆਂ ਨੇ ਖੋਪਰੀ ਉਤਰਵਾ ਲਈ। ਬਾਦਸ਼ਾਹ ਦਾ ਹੁਕਮ ਹੁੰਦਾ ਹੈ ਕਿ ਕੇਸਾਂ ਵਾਲਾ ਕੋਈ ਬੰਦਾ ਜੀਉਂਦਾ ਨਾ ਰਹੇ। ਲੱਖਾਂ ਇਨ੍ਹਾਂ ਕੇਸਾਂ ਦੀ ਖ਼ਾਤਰ ਸ਼ਹੀਦ ਹੋ ਜਾਂਦੇ ਹਨ ਤੇ ਰਹਿੰਦੇ-ਖੂਹਦੇ ਪਹਾੜਾਂ ਵਿਚ ਲੁਕ ਕੇ ਗੁਜ਼ਾਰਾ ਕਰਦੇ ਹਨ। ਇਸ ਤਰ੍ਹਾਂ ਨਾਲ ਪਿਛਲਾ ਸਾਰਾ ਸਿੱਖ ਇਤਿਹਾਸ ਤੇ ਸਾਰੀ ਸਿੱਖ ਬਹਾਦਰੀ ਦੀਆਂ ਰਵਾਇਤਾਂ ਹੀ ਇਨ੍ਹਾਂ ਕੇਸਾਂ ਦੇ ਦਵਾਲੇ ਹੀ ਹਨ। ਅਜੇ ਕੇਸਾਂ ਦਾ ਖਾਤਮਾ ਕਰੋ ਤੇ ਪਿਛਲਾ ਸਾਰਾ ਇਤਿਹਾਸ ਤੇ ਸਾਰੀਆਂ ਰਵਾਇਤਾਂ ਫੂਕ ਸੁੱਟੀਆਂ ਸਮਝੋ। ਸਿੱਖ ਰਵਾਇਤਾਂ ਤੇ ਸਿੱਖ ਇਤਿਹਾਸ ਵਿਚ ਸਿੱਖ ਧਰਮ ਦੇ ਕਾਇਮ ਰਹਿਣ ਦੀ ਆਸ ਕਰਨਾ ਕੇਵਲ ਪਾਗਲਾਂ ਦਾ ਕੰਮ ਹੋ ਸ਼ਕਦਾ ਹੈ।

ਜੇਕਰ ਕੇਸਾਂ ਦਾ ਦੱਸਿਆਂ ਸਾਡਾ ਭਾਵ ਠੀਕ ਹੈ ਤੇ ਇਹ ਸਰਬ ਗੁਣਾਂ ਨੂੰ ਰੋਮ-ਰੋਮ ਵਿਚ ਧਾਰਨ ਦਾ ਚਿੰਨ੍ਹ ਹਨ, ਤਾਂ ਕੰਘਾਂ ਸਭ ਗੁਣਾਂ ਨੂੰ ਇਕ ਕਾਇਦੇ ਤੇ ਜਥੇਬੰਦੀ ਵਿਚ ਰੱਖਣ ਦਾ ਚਿੰਨ੍ਹ ਹੈ।

ਅਸੀਂ ਇਹ ਦਾਹਵਾ ਨਹੀਂ ਕਰਦੇ ਜੋ ਭਾਵ ਤੇ ਜੋ ਲਾਭ ਅਸਾਂ ਪੰਜਾਂ ਕਕਾਰਾਂ ਦੇ ਦੱਸੇ ਹਨ, ਕੇਵਲ ਉਤਨੇ ਹੀ ਹਨ ਪਰ ਅਸੀਂ ਇਤਨਾਂ ਜ਼ਰੂਰ ਕਹਿੰਦੇ ਹਾਂ ਕਿ ਜਿਤਨਾਂ ਲਾਭ ਅਸਾਂ ਦੱਸਿਆ ਹੈ ਉਤਨਾ ਤਾਂ ਜ਼ਰੂਰ ਹੈ ਤੇ ਵਧ ਸਮਝ ਰੱਖਣ ਵਾਲੇ ਵਧ ਲਾਹ ਲੈ ਸਕਦੇ ਹਨ। ਕਈ ਸੱਜਣ ਗੁਰੂ ਸਾਹਿਬ ਦੇ ਉਪਰ ਦੱਸੇ ਭਾਵਾਂ ਤੋ ਕੋਈ ਉੱਚਾ ਆਦਰਸ਼ ਭੀ ਪ੍ਰਗਟ ਕਰ ਸਕਦੇ ਹਨ ਤੇ ਜੋ ਉਹ ਪ੍ਰਗਟ ਕਰਨ ਤਾਂ ਉਸ ਦੀ ਅੱਜ-ਕਲ੍ਹ ਬਹੁਤ ਲੋੜ ਭਾਸ ਰਹੀ ਹੈ।

ਇਕ ਗੱਲ ਅਸੀਂ ਭੁੱਲ ਗਏ। ਕਈ ਸੱਜਣ ਨਹੁੰ ਕਟਾਣ ਨੂੰ ਕੇਸ ਕਟਾਣ ਨਾਲ

ਤਸ਼ਬੀਹ ਦੇਂਦੇ ਹਨ। ਇਹ ਗ਼ਲਤ ਹੈ। ਨਹੁੰਆਂ ਦਾ ਅਗਲਾ ਹਿੱਸਾ ਤੇ ਪੈਲ ਸਾਡੇ ਸਰੀਰ ਦਾ ਹਿੱਸਾ ਨਹੀਂ ਹਨ, ਕਿਉਂਕਿ ਇਹ ਮੁਰਦਾ ਹਨ, ਪਰ ਕੇਸ ਜ਼ਿੰਦਾ ਵਸਤੂ ਹਨ ਤੇ ਸਾਡੇ ਸਰੀਰ ਦਾ ਹਿੱਸਾ ਹਨ। ਇਹ ਜ਼ਿੰਦਗੀ ਦੀ ਨਿਸ਼ਾਨੀ ਹੈ ਕਿ ਕਾਲੇ ਤੋਂ ਰੰਗ ਬਦਲਦੇ ਚਿੱਟੇ ਤੇ ਚਿੱਟੇ ਤੋਂ ਰੰਗ ਬਦਲ ਕੇ ਲਾਲ ਜਾਂ ਕਾਲੇ ਹੋ ਜਾਂਦੇ ਹਨ ਪਰ ਇਹ ਦਲੀਲ ਅਸੀਂ ਕੇਵਲ ਓਪਰੀ ਜੇਹੀ ਢੁੱਚਰਵਾਜ਼ੀ ਕਰਨ ਵਾਲਿਆਂ ਲਈ ਹੀ ਦਿੱਤੀ ਹੈ।

***

ਮੰਤਕੀ ਟੋਟਕੇ

(ਡੂੰਘੀ ਵਿਚਾਰ ਨਾਲ ਹੀ ਸਮਝ ਪਵੇਗੀ)

ਇਹ ਬੂਟਾ ਜੋ ਮੈ ਸਾਹਮਣੇ ਵੇਖਦਾ ਹਾਂ, ਇਸ ਦਾ ਰੰਗ ਮੈਂ ਹਰਾ ਕਹਿੰਦਾ ਹਾਂ ਕਿਉਂਕਿ ਮੈਂ ਜਦ ਦੁਨੀਆਂ ਵਿਚ ਆਵਣ ਮਗਰੋਂ ਹੋਸ਼ ਸੰਭਾਲੀ ਤਾਂ ਮੈਨੂੰ ਇਹੋ ਹੀ ਨਾਮ ਦੱਸਿਆ ਗਿਆ। ਹੋਰ ਭੀ ਸਾਰੇ ਮੇਰੇ ਦਵਾਲੇ ਰਹਿਣ ਵਾਲੇ ਅਜੇ ਭੀ ਇਸ ਨੂੰ ਹਰਾ ਹੀ ਕਹਿੰਦੇ ਹਨ। ਮੈਨੂੰ ਇਹ ਹਰਾ ਰੰਗ ਪਸੰਦ ਹੈ ਪਰ ਮੇਰੇ ਦੋਸਤ ਨੂੰ ਪਸੰਦ ਨਹੀਂ ਹੈ। ਇਸ ਕਰਕੇ ਇਹ ਸ਼ਕ ਪੈਂਦਾ ਹੈ ਕਿ ਸ਼ਾਇਦ ਉਸ ਨੂੰ ਕੋਈ ਹੋਰ ਰੰਗ ਪਸੰਦ ਆਉਦਾ ਹੋਵੇ। ਇਕ ਦੂਜੇ ਤੋਂ ਸੁਣ-ਸੁਣਾ ਕੇ ਸਭ ਇਸ ਰੰਗ ਨੂੰ ਹਰਾ ਹੀ ਕਹਿੰਦੇ ਹਨ ਪਰ ਇਸ ਗੱਲ ਦਾ ਕੀ ਸਬੂਤ ਹੈ ਕਿ ਸਭ ਨੂੰ ਇਕੋ ਜਿਹਾ ਹੀ ਨਜ਼ਰ ਆਉਂਦਾ ਹੈ। ਮੈਂ ਹਰਾ ਇਸ ਵਾਸਤੇ ਕਹਿੰਦਾ ਹਾਂ ਕਿ ਮੈਂ ਦੂਜਿਆਂ ਤੋਂ ਸੁਣਿਆਂ ਹੈ ਪਰ ਕੀ ਪਤਾ ਹੈ ਕਿ ਮੈਂ ਉਹੋ ਰੰਗ ਵੇਖ ਰਿਹਾ ਹਾਂ, ਜੋ ਮੇਰੇ ਦੱਸਣ ਵਾਲਾ ਵੇਖ ਰਿਹਾ ਸੀ। ਉਹ ਤਾਂ ਉਸ ਨੂੰ ਹਰਾ ਕਹਿੰਦਾ ਸੀ ਜੋ ਉਹ ਵੇਖਦਾ ਸੀ। ਮੈਂ ਸਮਝਿਆ ਕਿ ਉਸ ਬੂਟੇ ਦਾ ਮੈਨੂੰ ਭੀ ਉਹੋ ਹੀ ਰੰਗ ਨਜ਼ਰ ਆਵਣਾ ਚਾਹੀਦਾ ਹੈ। ਇਸ ਕਰਕੇ ਜੋ ਮੈਨੂੰ ਨਜ਼ਰ ਪੈਂਦਾ ਸੀ, ਮੈਂ ਉਸ ਨੂੰ ਹਰਾ ਕਹਿਣ ਲੱਗ ਪਿਆ ਹਾਂ। ਇਹ ਸ਼ੱਕ ਮੈਨੂੰ ਇਸ ਕਰਕੇ ਪੈ ਗਿਆ ਕਿ ਮੈਂ ਇਕ ਆਦਮੀ ਵੇਖਿਆ ਹੈ, ਜਿਸ ਨੂੰ "ਰੰਗ ਦਾ ਅੰਨ੍ਹਾਂ" ਕਹਿੰਦੇ ਸਨ। ਉਹ ਹਰੇ ਰੰਗ ਨੂੰ ਕਾਲਾ ਹੀ ਕਹਿੰਦਾ ਸੀ। ਹੋਰ ਸਾਰੇ ਰੰਗਾਂ ਦੇ ਨਾਮ ਉਹ ਮੇਰੇ ਵਾਲੇ ਲੈਂਦਾ ਸੀ, ਪਰ ਕਾਲੇ ਤੇ ਹਰੇ ਵਿਚ ਕੋਈ ਭੇਦ ਨਜ਼ਰ ਨਹੀਂ ਆਉਂਦਾ ਸੀ। ਜਿਸ ਤਰ੍ਹਾਂ ਉਸ ਨੂੰ ਇਹ ਹਰਾ ਰੰਗ ਵੱਖਰੀ ਸ਼ਕਲ ਵਿਚ ਹੀ ਨਜ਼ਰ ਆਉਂਦਾ ਸੀ, ਇਸੇ ਤਰ੍ਹਾਂ ਹੋ ਸਕਦਾ ਹੈ ਕਿ ਹਰ ਇਕ ਨੂੰ ਵੱਖੋ ਵੱਖਰਾ ਹੀ ਨਜ਼ਰ ਆਉਂਦਾ ਹੋਵੇ, ਪਰ ਸਭ ਦੇ ਦਿਲ ਵਿਚ ਨਿਸ਼ਚਾ ਇਹੋ ਹੀ ਹੋਣ ਕਰਕੇ ਕਿ "ਇਕ ਚੀਜ਼ ਸਭ ਨੂੰ ਇਕੋ ਤਰ੍ਹਾਂ ਦੀ ਨਜ਼ਰ ਹੀ ਆਇਆ ਕਰਦੀ ਹੈ, ਸਭ ਹੀ ਇਕ ਦੂਜੇ ਤੋਂ ਸੁਣ ਕੇ ਸੁਣਾ ਕੇ ਆਪੋ ਆਪ ਨੂੰ ਨਜ਼ਰ ਆਉਂਦੇ ਰੰਗ ਦਾ ਨਾਮ ਉਨ੍ਹਾਂ ਹਰਾ ਰੰਗ ਰੱਖ ਲਿਆ ਹੋਵੇ।"

ਹੁਣ ਇਹ ਸ਼ੱਕ ਮੈ ਅਜੇਹਾ ਪਾਇਆ ਹੈ ਜੋ ਅਸਲ ਵਿਚ ਬਿਲਕੁਲ ਠੀਕ ਹੈ ਪਰ ਜਿਸ ਦਾ ਨਬੇੜਾ ਹੋਣਾ ਅਸੰਭਵ ਹੈ। ਸਾਨੂੰ ਨਜ਼ਰ ਤਾਂ ਉਹ ਰੰਗ ਆਉਂਦਾ ਹੈ, ਜੋ ਸਾਡੇ ਦਿਮਾਗ ਉੱਤੇ ਅਸਰ ਪਾਵੇ। ਹੁਣ ਆਪਣੇ ਦਿਮਾਗ ਉੱਤੇ ਪਿਆ ਅਸਰ ਹਰ ਕੋਈ ਆਪ ਹੀ ਮਹਿਸੂਸ ਕਰ ਸਕਦਾ ਹੈ ਤੇ ਦੂਜੇ ਨੂੰ ਦੱਸਣ ਦਾ ਕੋਈ ਤਰੀਕਾ ਹੀ ਨਹੀਂ ਹੈ। ਵਾਹਿਗੁਰੂ ਕੋਈ ਨਵੀਂ ਤਾਕਤ ਆਦਮੀ ਨੂੰ ਬਖਸ਼ੇ ਤਾਂ ਇਹ ਨਿਬੇੜਾ ਹੋ ਸਕਦਾ ਹੈ। ਵਾਹਿਗੁਰੂ ਬੇਅੰਤ ਹੈ।

ਲਾਲਾ ਮੂੰਨਾ ਲਾਲ ਮੁਤਅੱਸਬ ਜੱਜ ਹੈ

ਲਾਲਾ ਮੂੰਨਾ ਲਾਲ ਜੀ ਇਕ ਹੋਰ ਮੰਤਕ ਛਾਂਟਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ ਕਿ ਮਸੰਦਾਂ ਨਾਲ ਨਾ ਵਰਤੋ, ਇਸ ਦਾ ਭਾਵ ਇਹ ਹੈ ਕਿ ਮਸੰਦ ਕਦੀ ਸਿੱਖੀ ਦੇ ਪ੍ਰਚਾਰਕ ਸਨ ਹੀ ਨਹੀਂ। ਇਸ ਦਲੀਲ ਅਨੁਸਾਰ ਬਾਬਾ ਪ੍ਰਿਥੀਚੰਦ ਜੀ ਨੂੰ ਗੁਰੂ ਰਾਮ ਦਾਸ ਜੀ ਨੇ ਘਰੋਂ ਕੱਢ ਦਿੱਤਾ ਸੀ, ਇਸ ਵਾਸਤੇ ਉਹ ਨਾ ਕਦੀ ਗੁਰੂ ਸਾਹਿਬ ਦੇ ਪੁੱਤਰ ਤੇ ਨਾ ਸਿੱਖ ਸਨ। ਅੱਜ ਪੰਥ ਨੇ ਬਾਬੂ ਤੇਜਾ ਸਿੰਘ ਜੀ ਨੂੰ ਖਾਰਜ ਕਰ ਦਿੱਤਾ ਹੈ, ਲਾਲਾ ਮੂੰਨਾ ਲਾਲ ਜੀ ਦੀ ਦਲੀਲ ਅਨੁਸਾਰ ਬਾਬੂ ਤੇਜਾ ਸਿੰਘ ਕਦੇ ਸਿੱਖ ਸਨ ਹੀ ਨਹੀਂ। ਅਸਲ ਗੱਲ ਇਤਨੀ ਪ੍ਰਗਟ ਹੈ ਕਿ ਜੋ ਲਾਲਾ ਮੂੰਨਾ ਲਾਲ ਵਾਂਗੂੰ ਤਅੱਸਬ ਦੀ ਪੱਟੀ ਨਾ ਬੰਨ੍ਹ ਲਵੇ, ਉਸ ਬਿਨਾਂ ਹਰ ਇਕ ਕਿਸੇ ਨੂੰ ਪਤਾ ਹੈ। ਸਿੱਖ ਤਾਂ ਕਿ ਅਸਿੱਖਾਂ ਨੂੰ ਵੀ ਪਤਾ ਹੈ ਕਿ ਗੁਰੂ ਸਾਹਿਬ ਨੇ ਮਸੰਦਾਂ ਨੂੰ ਸਿੱਖੀ ਪ੍ਰਚਾਰ ਲਈ ਅੱਡੋ-ਅੱਡਰੇ ਦੇਸ਼ਾਂ ਵਿਚ ਘੱਲਿਆ ਸੀ, ਪਰ ਜਦ ਉਹ ਖ਼ਰਾਬ ਹੋ ਗਏ ਤਾਂ ਉਨ੍ਹਾਂ ਨੂੰ ਸਜ਼ਾ ਦਿੱਤੀ ਗਈ ਸੀ ਤੇ ਪੰਥ ਵਿੱਚੋਂ ਖ਼ਾਰਜ ਕੀਤਾ ਗਿਆ ਸੀ। ਇਸ ਗੱਲ ਨੂੰ ਗਵਾਹੀਆਂ ਵਿਚ ਸਪੱਸ਼ਟ ਕੀਤਾ ਗਿਆ ਸੀ, ਪਰ ਲਾਲਾ ਜੀ ਦਾ ਮਤਲਬ ਉਨ੍ਹਾਂ ਗਵਾਹੀਆਂ ਨਾਲ ਕੋਈ ਨਹੀਂ ਹੈ।

ਲਾਲਾ ਮੂੰਨਾ ਲਾਲ ਕਹਿੰਦਾ ਹੈ ਕਿ ਇਸ ਦੇ ਨਾਮ ਗੁਰਦੁਆਰਾ ਹੋਣਾ ਕੋਈ ਇਸ ਦੇ ਸਿੱਖ ਹੋਣ ਦਾ ਸਬੂਤ ਨਹੀਂ ਹੈ, ਕਿਉਂਕਿ ਮਹੰਤਾਂ ਨੂੰ ਲੋਕੀਂ ਗੁਰੂ ਕਹਿੰਦੇ ਹਨ ਤੇ ਉਨ੍ਹਾਂ ਦਾ ਥਾਂ ਭੀ ਗੁਰਦੁਆਰਾ ਕਿਹਾ ਜਾ ਸਕਦਾ ਹੈ। ਇਸ ਦਲੀਲ ਅਨੁਸਾਰ ਸਿੱਖ ਵੀ ਚੇਲੇ ਨੂੰ ਕਹਿੰਦੇ ਹਨ ਤੇ ਇਸ ਕਰਕੇ ਸਿੱਖ ਲਫ਼ਜ਼ ਕੋਈ ਸਿੱਖੀ ਦਾ ਸਬੂਤ ਨਹੀਂ ਹੈ ਤੇ ਨਾ ਹੀ ਸਿੰਘ ਨਾ ਸਿੱਖੀ ਦਾ ਸਬੂਤ ਹੈ ਕਿਉਂਕਿ ਸਿੰਘ ਤਾਂ ਸ਼ੇਰ ਨੂੰ ਕਹਿੰਦੇ ਹਨ। ਸਵਾਲ ਤਾਂ ਇਹ ਕਿ ਇਸ ਦੇ ਅਰਥ ਹੋਰ ਥਾਂ ਭੀ ਲੱਗ ਸਕਦੇ ਹਨ ਕਿ ਨਹੀਂ। ਪੰਜਾਬ ਵਿਚ ਗੁਰਦੁਆਰਾ ਲਫ਼ਜ਼ ਸਿੱਖਾਂ ਬਿਨਾਂ ਕੋਈ ਨਹੀਂ ਵਰਤਦਾ। ਇਸ ਕਰਕੇ ਇਹ ਕੇਵਲ ਸਬੂਤ ਹੀ ਹੈ, ਸਗੋਂ ਪੱਕਾ ਸਬੂਤ ਹੈ।

ਲਾਲਾ ਮੂੰਨਾ ਲਾਲ ਕਹਿੰਦੇ ਹਨ ਕਿ ਉਦਾਸੀ ਦੇਹਧਾਰੀ ਗੁਰੂ ਨੂੰ ਮੰਨਦੇ ਹਨ ਤੇ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇਹ ਮਗਰੋਂ ਕਿਸੇ ਦੇਹਧਾਰੀ ਗੁਰੂ ਨੂੰ ਨਹੀਂ ਮੰਨਦੇ। ਇਹ ਠੀਕ ਹੈ ਕਿ ਦੇਹਧਾਰੀ ਗੁਰੂ ਨੂੰ ਮੰਨਦੇ ਹਨ ਤੇ ਇਹ ਭੀ ਠੀਕ ਹੈ ਕਿ ਅਸਲ ਸਿੱਖੀ, ਅਸਲ ਅਨੁਸਾਰ ਦੇਹਧਾਰੀ ਗੁਰੂ ਨਹੀਂ ਮੰਨਣਾ ਚਾਹੁੰਦਾ ਪਰ ਸਿੱਖਾਂ ਵਿਚ ਕਈ ਫ਼ਿਰਕੇ ਹਨ ਜੋ ਦੇਹਧਾਰੀ ਗੁਰੂ ਨੂੰ ਮੰਨਦੇ ਹਨ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਮੰਨ ਕੇ ਭੀ ਫਿਰ ਦੇਹਧਾਰੀ ਗੁਰੂ ਮੰਨਦੇ ਹਨ। ਉਹ ਕਹਿੰਦੇ ਹਨ ਕਿ ਗੁਰੂ

ਗੋਬਿੰਦ ਸਿੰਘ ਜੀ ਸੋਲ੍ਹਾਂ ਕਲਾਂ ਸੰਪੂਰਨ ਗੁਰੂ ਸਨ, ਪਰ ਸਾਨੂੰ ਧਰਮ ਦਾ ਰਾਹ ਦੱਸਣ ਵਾਲਾ ਭੀ ਸਾਡਾ ਗੁਰੂ ਹੈ। ਭਾਵੇਂ ਉਹ ਪੂਰਨ ਗੁਰੂ ਦੀ ਥਾਂ ਨਹੀਂ ਲੈਂਦਾ। ਇਸ ਤਰ੍ਹਾਂ ਦੇ ਨਿਰਮਲੇ ਸੰਤ ਤੇ ਬੇਦੀਆਂ ਸੋਢੀਆਂ ਦੇ ਚੇਲੇ ਹਨ ਪਰ ਅਸੀਂ ਪ੍ਰਸੰਨ ਹਾਂ ਕਿ ਲਾਲਾ ਮੁੰਨਾ ਲਾਲ ਨੇ ਆਪਣੇ ਗੁਰੂ ਸਾਵਣ ਸਿੰਘ ਨੂੰ ਤਾਂ ਸਿੱਖੀਓਂ ਖਾਰਜ ਕੀਤਾ ਹੈ। ਚੂੰਕਿ ਸਰਦਾਰ ਸਾਵਣ ਸਿੰਘ ਜੀ ਦੇਹਧਾਰੀ ਗੁਰੂ ਨੂੰ ਮੰਨਦੇ ਹਨ ਤੇ ਆਪ ਦੇਹਧਾਰੀ ਗੁਰੂ ਹਨ, ਪਰ ਸਿੱਖ ਦੇਹਧਾਰੀ ਗੁਰੂ ਨਹੀਂ ਮੰਨਦੇ; ਇਸ ਕਰਕੇ ਸਰਦਾਰ ਸਾਵਣ ਸਿੰਘ ਜੀ ਸਿੱਖ ਨਹੀਂ ਹਨ। ਅਸੀਂ ਤਾਂ ਝਿਜਕਦੇ ਸਾਂ ਕਿ ਰਾਧਾ ਸਵਾਮੀਆਂ ਨੂੰ ਸਿੱਖੀ ਵਿਚ ਕੀ ਦਰਜਾ ਦੇਈਏ, ਪਰ ਲਾਲਾ ਮੁੰਨਾ ਲਾਲ ਨੇ ਆਪ ਉਨ੍ਹਾਂ ਨੂੰ ਸਿੱਖੀ ਵਿੱਚੋਂ ਖਾਰਜ਼ ਕਰ ਦਿੱਤਾ ਹੈ।

ਜਦ ਪੁਰਾਣੇ ਬਿਆਨਾਂ ਦਾ ਜਿਕਰ ਆਉਂਦਾ ਹੈ ਜੋ ਪਿਛਲੇ ਹੋਏ ਮੁਕੱਦਮਿਆਂ ਵਿਚ ਹੋਏ ਸਨ ਤਾਂ ਮੁੰਨਾ ਲਾਲ ਅਜਬ ਮੰਤਕ ਛਾਂਟਦੇ ਹਨ। ਜੱਟਾਂ ਦੇ ਭੀ ਬਿਆਨ ਹਨ ਕਿ ਗੁਰਦੁਆਰਾ ਸਿੱਖਾਂ ਦਾ ਹੈ ਤੇ ਮਹੰਤਾਂ ਦੇ ਭੀ ਬਿਆਨ ਹਨ ਕਿ ਗੁਰਦੁਆਰਾ ਸਿੱਖਾਂ ਦਾ ਹੈ। ਲਾਲ ਮੁੰਨਾ ਲਾਲ ਜੀ ਕਹਿੰਦੇ ਹਨ ਕਿ ਜੱਟਾਂ ਦੇ ਬਿਆਨ ਨਹੀਂ ਮੰਨੇ ਜਾ ਸਕਦੇ ਕਿਉਂਕਿ ਉਹਨਾਂ ਨੇ ਆਪਣੇ ਹੱਕ ਵਿਚ ਬਿਆਨ ਦਿੱਤੇ ਹਨ। ਮਹੰਤਾਂ ਦੇ ਬਿਆਨ ਭੀ ਮੰਨੇ ਜਾ ਸਕਦੇ ਕਿਉਂਕਿ ਉਸ ਵੇਲੇ ਕਿਸੇ ਮਤਲਬ ਲਈ ਦਿੱਤੇ ਗਏ ਹਨ। ਬਸ ਲਾਲਾ ਮੁੰਨਾ ਲਾਲ ਇਕੋ ਗੱਲ ਸਮਝਦੇ ਹਨ ਕਿ ਗੁਰਦੁਆਰਾ ਸਿੱਖਾਂ ਦਾ ਨਹੀਂ ਹੈ ਤੇ ਜੋ ਦਲੀਲ ਇਸ ਦੇ ਉਲਟ ਹੈ ਉਹ ਝੂਠੀ ਹੈ ਤੇ ਜੋ ਇਸ ਦੇ ਹੱਕ ਵਿਚ ਹੈ ਉਹ ਸੱਚੀ ਹੈ।

ਇਕ ਮੁਕੱਦਮੇ ਵਿਚ ਮਹੰਤ ਦੇ ਬਿਆਨ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਉਦਾਸੀਆਂ ਦੇ ਗੁਰੂ ਸਨ, ਭਾਵੇਂ ਆਪ ਉਦਾਸੀ ਨਹੀਂ ਸਨ। ਲਾਲਾ ਮੁੰਨਾ ਲਾਲ ਜੀ ਕਹਿੰਦੇ ਹਨ ਕਿ ਇਹ ਮੁਮਕਨ ਨਹੀਂ ਹੈ। ਸਾਰੀ ਦੁਨੀਆਂ ਜਾਣਦੀ ਹੈ ਕਿ ਉਦਾਸੀ ਦਸਾਂ ਗੁਰੂਆਂ ਨੂੰ ਗੁਰੂ ਮੰਨਦੇ ਹਨ ਤੇ ਗਵਾਹੀ ਵਿਚ ਭੀ ਇਹ ਸਿੱਧ ਹੋ ਗਿਆ ਹੈ ਪਰ ਲਾਲਾ ਮੁੰਨਾ ਲਾਲ ਕਿਉਂ ਮੰਨਣ ? ਉਹ ਤਾਂ ਕਹਿੰਦੇ ਹਨ ਕਿ ਇਹ ਮੁਮਕਨ ਨਹੀਂ। ਕਲ੍ਹ ਕਿਤੇ ਗਵਾਹੀ ਵਿਚ ਆਵੇਗਾ ਕਿ ਦਸਾਂ ਗੁਰੂ ਵਿੱਚੋਂ ਕੋਈ ਭੀ ਨਿਰਮਲਾ ਨਹੀਂ ਪਰ ਉਹ ਨਿਰਮਲਿਆਂ ਦੇ ਗੁਰੂ ਹਨ ਤਾਂ ਲਾਲਾ ਮੁੰਨਾ ਲਾਲ ਇਤਨਾ ਕਹਿ ਕੇ ਦਲੀਲ ਨੂੰ ਪਰ੍ਹੇ ਸੁੱਟ ਦੇਵੇਗਾ ਕਿ ਇਹ ਮੁਮਕਨ ਨਹੀਂ ਹੈ।

ਲਾਲਾ ਮੁੰਨਾ ਲਾਲ ਜੀ ਦੇ ਇਕ ਇਕ ਫਿਕਰੇ ਉੱਤੇ ਇਕ ਇਕ ਮਜ਼ਮੂਨ ਲਿਖਣ ਦੀ ਲੋੜ ਹੈ, ਪਰ ਅੱਗੇ ਹੀ ਮਜ਼ਮੂਨ ਬਹੁਤ ਲੰਬਾ ਹੋ ਗਿਆ ਹੈ। ਇਸ ਵਾਸਤੇ ਅਸੀਂ ਕਈ ਛੋਟੀਆਂ-ਮੋਟੀਆਂ ਦਲੀਲਾਂ ਦਾ ਜਵਾਬ ਦੇਣੋਂ ਸੰਕੋਚ ਕਰ ਗਏ ਹਾਂ। ਇਤਨਾ ਕਹਿਣਾ ਕਾਫ਼ੀ ਹੈ ਕਿ ਲਾਲਾ ਮੁੰਨਾ ਲਾਲ ਨੇ ਬਿਲਕੁਲ ਜੱਜਾਂ ਵਾਲਾ ਕੰਮ ਨਹੀਂ ਕੀਤਾ, ਹਰ ਇਕ ਗੱਲ ਨੂੰ ਹਰ ਤਰ੍ਹਾਂ ਮਰੋੜਿਆ ਹੈ। ਇਸ ਤਰ੍ਹਾਂ ਦੀ ਦਿਮਾਗੀ ਦਸ਼ਾ ਵਾਲੇ ਨੂੰ ਸਿੱਖ ਗੁਰਦੁਆਰਾ ਟ੍ਰਿਬਿਊਨਲ ਦਾ ਜੱਜ ਬਣਾ ਦੇਣਾ ਸਰਕਾਰ ਦੀ ਸਖ਼ਤ ਗਲਤੀ ਹੈ।

ਅਸੀਂ ਖ਼ਾਲਸਾ ਜੀ ਨੂੰ ਸਾਫ਼-ਸਾਫ਼ ਕਹਿ ਦੇਣਾ ਚਾਹੁੰਦੇ ਹਾਂ ਕਿ ਮੁੰਨਾ ਮਾਣਕ ਦਾ ਫ਼ੈਸਲਾ ਲਾਲਾ ਮੁੰਨਾ ਲਾਲ ਦਾ ਪੜ੍ਹ ਕੇ ਸਾਨੂੰ ਜ਼ਰਾ ਭੀ ਸ਼ੱਕ ਨਹੀਂ ਰਹਿ ਗਿਆ ਕਿ ਲਾਲਾ ਮੁੰਨਾ ਲਾਲ ਹਿੰਦੂ ਤੁਅੱਸਬ ਵਿਚ ਗੁੱਝਾ ਪਿਆ ਹੈ ਤੇ ਗੁਰਦੁਆਰਿਆਂ ਨੂੰ ਸਾਥੋਂ ਖੋਹਣ ਦਾ ਹਰ ਯਤਨ ਕਰੇਗਾ। ਹੁਣ ਇਸ ਗੱਲ ਉੱਤੇ ਚੁੱਪ ਕਰ ਰਹਿਣਾ ਬਿਲਕੁਲ ਅਣਗਹਿਲੀ ਤੇ ਕਾਇਰਤਾ ਹੈ। ਅਸੀਂ ਫਿਰ ਲਿਖਾਂਗੇ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ ਪਰ ਸਭ ਸਭਾ ਸੁਸਾਇਟੀਆਂ ਨੂੰ ਵਿਚਾਰ ਕਰਕੇ ਆਪਣੀ ਰਾਏ ਜ਼ਰੂਰ ਪ੍ਰਗਟ ਕਰਨੀ ਚਾਹੀਦੀ ਹੈ। ਉਸ ਰਾਏ ਦੇ ਮਗਰੋਂ ਅਸੀਂ ਦਸਾਂਗੇ ਕਿ ਹੁਣ ਕੀ ਕਦਮ ਚੁੱਕਣਾ ਚਾਹੀਦਾ ਹੈ। ਜੇਕਰ ਸਾਡੇ ਜਥਿਆਂ ਤੇ ਸਭਾਵਾਂ ਨੇ ਹੁਣ ਇਧਰ ਧਿਆਨ ਨਾ ਦਿੱਤਾ ਤਾਂ ਸਖ਼ਤ ਨੁਕਸਾਨ ਦਾ ਡਰ ਹੈ। ਸਾਰੇ ਹੀ ਮੁਕੱਦਮਿਆਂ ਵਿਚ ਲਾਲਾ ਮੁੰਨਾ ਲਾਲ ਹੀ ਇਸੇ ਤਰ੍ਹਾਂ ਕਰ ਰਿਹਾ ਹੈ, ਇਹ ਤਾਂ ਹੁਣ ਅਤਿ ਹੋ ਗਈ ਹੈ ਤੇ ਅਸੀਂ ਹੋਰ ਨਹੀਂ ਝੱਲ ਸਕਦੇ।

☆ ☆ ☆

ਅਧਰਮ ਦੀ ਲਹਿਰ ਚੱਲ ਰਹੀ ਹੈ

ਇਸ ਵੇਲੇ ਸਾਰੇ ਦੇਸ਼ ਦੇ ਨੌਜਵਾਨਾਂ ਵਿਚ ਅਧਰਮ ਦੀ ਲਹਿਰ ਚੱਲ ਰਹੀ ਹੈ ਤੇ ਇਸ ਤੋਂ ਸਿੱਖ ਨੌਜਵਾਨ ਭੀ ਨਹੀਂ ਬਚੇ ਹਨ। ਇਸ ਦਾ ਇਕ ਕਾਰਣ ਤਾਂ ਮਜ਼ਹਬੀ ਝਗੜੇ ਹਨ, ਜਿਨ੍ਹਾਂ ਤੋਂ ਨੌਜਵਾਨ ਤੰਗ ਆ ਗਏ ਹਨ ਪਰ ਵੱਡਾ ਕਾਰਣ ਇਹ ਹੈ ਕਿ ਦੁਨੀਆਂ ਸਾਰੀ ਵਿਚ ਹੀ ਇਹ ਲਹਿਰ ਚੱਲ ਰਹੀ ਹੈ। ਸੱਚ ਪੁੱਛੋ ਤਾਂ ਦੁਨੀਆਂ ਵਿਚ ਬਹੁਤ ਥੋੜ੍ਹੇ ਲੋਕੀਂ ਆਸਤਕ ਜਾਂ ਨਾਸਤਕ ਹੋਇਆ ਕਰਦੇ ਹਨ। ਆਮ ਤੌਰ 'ਤੇ ਲੋਕੀਂ ਜਿਧਰ ਦੀ ਹਵਾ ਚੱਲੇ ਉਧਰ ਹੀ ਉਡ ਜਾਂਦੇ ਹਨ। ਕਿਸੇ ਤਕੜੀ ਲਹਿਰ ਅੱਗੇ ਕੋਈ ਉਹ ਹੀ ਟਿਕ ਸਕਦਾ ਹੈ ਕਿ ਜੋ ਕਿਸੇ ਅਸੂਲ ਉੱਤੇ ਕਿਲੇ ਗੱਡੀ ਬੈਠਾ ਹੈ। ਜੇਕਰ ਕੋਈ ਕਹਿੰਦਾ ਹੈ ਕਿ ਮੈਂ ਆਸਤਕ ਹਾਂ ਤਾਂ ਉਹ ਭੀ ਕਹਿਣ ਮਾਤਰ ਹੀ ਆਸਤਕ ਹੈ। ਜੇ ਉਸ ਨੂੰ ਪ੍ਰਮੇਸ਼ਰ ਉੱਤੇ ਪੱਕਾ ਭਰੋਸਾ ਹੋਵੇ, ਤਾਂ ਦੁਨੀਆਂ ਦੀਆਂ ਤੁਛ ਵਸਤੂਆਂ ਦੇ ਲਾਲਚ ਵਿਚ ਨਹੀਂ ਫਸ ਸਕਦਾ ਤੇ ਨਾ ਹੀ ਇਸ ਜੀਵਨ ਨੂੰ ਉਹ ਧਰਮ ਦੇ ਮੁਕਾਬਲੇ ਵਿਚ ਕੋਈ ਵਸਤੂ ਸਮਝ ਸਕਦਾ ਹੈ। ਆਸਤਕਾਂ ਵਿਚ ਭੀ ਅਜੇਹੇ ਵਿਰਲੇ ਹੀ ਹਨ, ਜੋ ਦੁਨੀਆਂ ਦੀਆਂ ਚੀਜ਼ਾਂ ਨੂੰ ਤੁੱਛ ਸਮਝਦੇ ਹੋਣ। ਇਸ ਕਰਕੇ ਅਸੀਂ ਕਹਿੰਦੇ ਹਾਂ ਕਿ ਉਹ ਆਸਤਕ ਨਹੀਂ ਹਨ। ਉਹ ਪ੍ਰਮੇਸ਼ਰ ਨੂੰ ਮੰਨਦੇ ਨਹੀਂ ਹਨ, ਉਨ੍ਹਾਂ ਨੂੰ ਖ਼ਾਲੀ ਇਹ ਖ਼ਿਆਲ ਬੈਠਾ ਹੋਇਆ ਹੈ ਕਿ ਉਹ ਪ੍ਰਮੇਸ਼ਰ ਨੂੰ ਮੰਨਦੇ ਹਨ। ਅਸਲ ਵਿਚ ਉਹ ਕੇਵਲ ਭਰਮ ਵਿਚ ਹੀ ਹਨ। ਨਾ ਉਹ ਪ੍ਰਮੇਸ਼ਰ ਨੂੰ ਮੰਨਦੇ ਹਨ ਤੇ ਨਾਂ ਉਸ ਤੋਂ ਇਨਕਾਰੀ ਹੀ ਹਨ। ਇਸੇ ਤਰ੍ਹਾਂ ਜੋ ਨਾਸਤਕ ਦੁਨੀਆਂ ਵਿਚ ਹਨ, ਉਨ੍ਹਾਂ ਵਿੱਚੋਂ ਤਾਂ ਕੋਈ ਇਕ ਭੀ ਅਜਿਹਾ ਨਹੀਂ ਜੋ ਪੱਕਾ ਨਾਸਤਕ ਹੋਵੇ ਕਿਉਂਕਿ ਜੋ ਪੱਕਾ ਨਾਸਤਕ ਹੈ, ਉਸ ਨੂੰ ਇਸ ਜੀਵਨ ਵਿਚ ਰਹਿਣ ਦੀ ਲੋੜ ਕੀ ਹੈ ? ਉਹ ਕਿਉਂ ਜੀਵਨ ਦੇ ਸੁੱਖ ਤੇ ਦੁੱਖ ਝੱਲੇ ! ਆਖ਼ਰ ਇਹ ਜੀਵਨ ਉਸ ਲਈ ਇਕ ਟਿਚਕਰ ਹੀ ਹੈ, ਜੋ ਕਿਸੇ ਦੁਸ਼ਮਣ ਨੇ ਕਰ ਦਿੱਤੀ ਹੈ ਪਰ ਹਰ ਕਿਸੇ ਦੇ ਦਿਲ ਦੀ ਤਹਿ ਵਿਚ ਇਹ ਨਿਸ਼ਚਾ ਹੈ ਕਿ ਜੀਵਨ ਵਿਚ ਕੋਈ ਫਲ ਨਿਕਲੇਗਾ। ਜਿਸ ਕਰਕੇ ਉਹ ਜੀਉਂਦਾ ਹੈ। ਇਸ ਵਾਸਤੇ ਨਾਸਤਕਾਂ ਨੂੰ ਭੀ ਕੋਈ ਆਸ ਹੈ ਤੇ ਇਸ ਕਰਕੇ ਉਹ ਭੀ ਪ੍ਰਮੇਸ਼ਰ ਤੋਂ ਇਨਕਾਰੀ ਨਹੀਂ ਹਨ। ਨਾਸਤਕਾਂ ਨੂੰ ਕੇਵਲ ਖ਼ਿਆਲ ਹੀ ਹੈ ਕਿ ਉਹ ਪ੍ਰਮੇਸ਼ਰ ਨੂੰ ਨਹੀਂ ਮੰਨਦੇ। ਅਸਲ ਵਿਚ ਉਹ ਭੀ ਨਾਂ ਤਾਂ ਪ੍ਰਮੇਸ਼ਰ ਨੂੰ ਮੰਨਦੇ ਹੀ ਹਨ ਤੇ ਨਾਂ ਉਸ ਤੋਂ ਇਨਕਾਰੀ ਹੀ ਹੋ ਸਕਦੇ ਹਨ।

ਇਸ ਵਾਸਤੇ ਅਸੀਂ ਕਹਿੰਦੇ ਹਾਂ ਕਿ ਆਮ ਕਰਕੇ ਦੁਨੀਆਂ ਵਿਚ ਨਾਸਤਕ

ਜਾਂ ਆਸਤਕ ਤਾਂ ਨਾਮ ਮਾਤਰ ਹੀ ਹਨ। ਅਸਲ ਵਿਚ ਕੋਈ ਵਿਰਲਾ-ਵਿਰਲਾ ਆਸਤਕ ਹੈ ਤੇ ਬਾਕੀ ਸਾਰੀ ਦੁਨੀਆਂ ਆਉਂਦੀ ਲਹਿਰ ਵਿਚ ਮੁਰਦਾ ਮੱਛੀਆਂ ਵਾਂਗੂ ਬਹਿ ਜਾਣ ਵਾਲੀ ਹੈ ਪਰ ਨਿਰਾ ਆਸਤਕ ਤੇ ਨਾਸਤਕ ਨਾਮ ਰਖਵਾਣ ਨਾਲ ਭੀ ਜੀਵਨ ਉੱਤੇ ਬਹੁਤ ਅਸਰ ਪੈਂਦਾ ਹੈ। ਜੋ ਆਸਤਕ ਅਖਵਾਂਦਾ ਹੈ, ਉਹ ਕੁਝ ਨਾ ਕੁਝ ਜ਼ਰੂਰ ਆਪਣੇ ਆਪ ਨੂੰ ਪ੍ਰਮੇਸ਼ਰ ਦੇ ਨੇੜੇ ਮਹਿਸੂਸ ਕਰਦਾ ਹੈ ਤੇ ਉਸ ਦੇ ਖ਼ਿਆਲਾਂ ਤੇ ਕੰਮਾਂ ਉੱਤੇ ਪ੍ਰਮੇਸ਼ਰ ਦੀ ਹਸਤੀ ਦ਼ਾ ਵੀ ਅਸਰ ਹੁੰਦਾ ਹੈ। ਇਸ ਵਾਸਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਇਸ ਵੇਲੇ ਹਿੰਦੁਸਤਾਨ ਵਿਚ ਧਰਮ ਪ੍ਰਚਾਰ ਦੀ ਸਖ਼ਤ ਲੋੜ ਹੈ ਪਰ ਪ੍ਰਮੇਸ਼ਰ ਨੂੰ ਮੰਨਣ ਵਾਲੇ ਆਸਤਕੋ ! ਜੇ ਸੱਚਮੁਚ ਤੁਸੀਂ ਆਸਤਕ ਹੋ ਤਾਂ ਹੁਣ ਸਮਾਂ ਜੇ, ਲੋਕਾਂ ਨੂੰ ਨਾਸਤਕ ਬਣਨੋਂ ਬਚਾਓ।

✡ ✡ ✡

ਸਿੱਖ ਕੀ ਕੁਰਬਾਨੀ ਕਰ ਸਕਦੇ ਹਨ ?

ਸਿੱਖਾਂ ਨੂੰ ਸਭ ਤੋਂ ਪਿਆਰੀ ਕੋਈ ਚੀਜ਼ ਹੈ ਤਾਂ ਉਹ ਧਰਮ ਹੈ ਤੇ ਸਿੱਖ ਧਰਮ ਦਾ ਆਸਰਾ ਸਿੱਖ ਕੌਮ ਹੈ। ਕੋਈ ਧਰਮ ਭੀ ਕੌਮ ਦੀ ਸ਼ਕਲ ਬਿਨਾਂ ਰਹਿਣਾ ਔਖਾ ਹੈ ਪਰ ਹਿੰਦੁਸਤਾਨ ਦੀ ਹਾਲਤ ਤਾਂ ਬਹੁਤ ਖ਼ਾਸ ਹੈ। ਸਿੱਖ ਧਰਮ ਦੁਨੀਆਂ ਦੇ ਲਾਭ ਲਈ ਇਕ ਬਹੁਤ ਵਸਤੂ ਹੈ ਤੇ ਇਸ ਦੇ ਕਾਇਮ ਰਹਿਣ ਲਈ ਸਿੱਖ ਕੌਮ ਦਾ ਕਾਇਮ ਰਹਿਣਾ ਭੀ ਜ਼ਰੂਰੀ ਹੈ। ਇਸ ਕਰਕੇ ਕੌਮੀ ਹਸਤੀ ਨੂੰ ਕਾਇਮ ਰਖਦੇ ਹੋਏ, ਸਿੱਖ ਹਰ ਇਕ ਕੁਰਬਾਨੀ ਦੇਸ਼ ਲਈ ਕਰ ਸਕਦੇ ਹਨ। ਸਿੱਖ ਕੌਮ ਨੂੰ ਦੇਸ਼ ਲਈ ਕੁਰਬਾਨ ਕਰਨਾ ਤੇ ਉਨ੍ਹਾਂ ਲਈ ਕੁਰਬਾਨ ਕਰਨਾ ਜੋ ਸਿੱਖ ਧਰਮ ਨੂੰ ਮੇਟਣਾ ਚਾਹੁੰਦੇ ਹਨ, ਨਾ ਕੇਵਲ ਗਲਤੀ ਹੀ ਸਗੋਂ ਸਖ਼ਤ ਬੇਵਕੂਫ਼ੀ ਭੀ ਹੈ। ਸਿੱਖ ਨੂੰ ਆਪਣਾ ਤਨ, ਮਨ, ਧਨ ਕੁਰਬਾਣ ਕਰ ਦੇਣਾ ਚਾਹੀਦਾ ਹੈ। ਅੰਮ੍ਰਿਤ ਛਕਣ ਵੇਲੇ ਸਿੱਖ ਏਹੋ ਪ੍ਰਣ ਕਰਦਾ ਹੈ ਪਰ ਇਹ ਕੁਰਬਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨਿਆਂ ਉੱਤੇ ਚੱਲ ਕੇ ਹੀ ਕੀਤੀ ਜਾ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਪ੍ਰਚਾਰ ਤੇ ਮਜ਼ਲੂਮਾਂ ਦੀ ਰੱਖਿਆ ਲਈ ਕੁਰਬਾਨੀ ਕੀਤੀ ਤੇ ਸਿੱਖਾਂ ਨੂੰ ਕੁਰਬਾਨੀ ਕਰਨ ਦਾ ਉਪਦੇਸ਼ ਦਿੱਤਾ। ਦਸਮ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ :

> ਜਾਹਿ ਤਹਾਂ ਤੈ ਧਰਮੁ ਚਲਾਇ ॥
> ਕਬੁਧਿ ਕਰਨ ਤੇ ਲੋਕ ਹਟਾਇ ॥੨੯॥
> ਹਮ ਇਹ ਕਾਜ ਜਗਤ ਮੋ ਆਏ ॥
> ਧਰਮ ਹੇਤ ਗੁਰਦੇਵ ਪਠਾਏ ॥ (੪੨) (ਪੰਨਾ ੫੭)

ਇਸ ਲਈ ਸਿੱਖ ਤਨ, ਮਨ, ਧਨ ਕੁਰਬਾਨ ਕਰੇ, ਪਰ ਇਹ ਧਰਮ ਖ਼ਾਤਰ ਕਰੇ ਤੇ ਲੋਕਾਂ ਨੂੰ ਪਾਪ ਤੋਂ ਹਟਾਣ ਖ਼ਾਤਰ ਕਰੇ। ਨਾ ਕਿ ਪਾਪ ਦੀ ਰੁਕਾਵਟ ਨੂੰ ਦੂਰ ਕਰਨ ਲਈ ਕਰੇ। ਇਸ ਵੇਲੇ ਜੋ ਕੁਝ ਮੁਸਲਮਾਨ ਮੰਗ ਕਰ ਰਹੇ ਹਨ, ਉਹ ਇਹ ਹੈ ਕਿ ਉਨ੍ਹਾਂ ਨੂੰ ਪੰਜਾਬ ਦਾ ਰਾਜ ਦਿੱਤਾ ਜਾਵੇ। ਇਹ ਨੀਅਤ ਹੀ ਸਖ਼ਤ ਪਾਪ ਭਰੀ ਹੈ ਤੇ ਇਸ ਪਾਪ ਵਿਚ ਸਹਾਇਤਾ ਕਰਨਾ ਪਾਪ ਹੈ। ਮੁਸਲਮਾਨਾਂ ਦੀ ਇਸ ਨੀਅਤ ਅੱਗੇ ਝੁੱਕਣਾ ਜਾਂ ਇਸ ਨੀਅਤ ਵਿਚ ਇਸ ਤਰ੍ਹਾਂ ਨਾਲ ਉਨ੍ਹਾਂ ਦੀ ਮਦਦ ਕਰਨਾ ਸਖ਼ਤ ਪਾਪ ਹੈ। ਇਸ ਤਰ੍ਹਾਂ ਨਾਲ ਅਸੀਂ ਉਨ੍ਹਾਂ ਨੂੰ ਕੁਬੱਧ ਕਰਨ ਤੋਂ ਰੋਕਾਂਗੇ ਨਹੀਂ, ਸਗੋਂ ਕੁਬੱਧ ਕਰਨ ਵਿਚ ਮਦਦ ਦੇਵਾਂਗੇ। ਗੁਰੂ ਗੋਬਿੰਦ ਸਿੰਘ ਜੀ ਜੇ ਇਸ ਤਰ੍ਹਾਂ ਕਰਦੇ ਤਾਂ ਉਹ ਆਪਣਾ ਸਭ ਕੁਝ ਮੁਸਲਮਾਨਾਂ ਦੇ ਹਵਾਲੇ ਕਰ ਦਿੰਦੇ, ਇਸ ਦੀ ਖਾਤਰ ਕੁਰਬਾਨ ਹੋ ਜਾਂਦੇ, ਗੁਰੂ ਸਾਹਿਬ ਨੇ ਕੁਰਬਾਨੀ ਲਈ ਕਿਹਾ ਹੈ ਪਰ

ਇਹ ਕੁਰਬਾਨੀ ਜ਼ੁਲਮ ਨੂੰ ਦੂਰ ਕਰਨ ਲਈ ਹੋਣੀ ਚਾਹੀਦੀ ਹੈ ਨਾ ਕਿ ਜ਼ੁਲਮ ਨੂੰ ਪੱਕਾ ਕਰਨ ਲਈ। ਇਸ ਵਾਸਤੇ ਅਸੀਂ ਕਹਿੰਦੇ ਹਾਂ ਕਿ ਸਿੱਖਾਂ ਨੂੰ ਕੁਰਬਾਨੀ ਕਰਨੀ ਚਾਹੀਦੀ ਹੈ। ਇਕ ਤਾਂ ਧਰਮ ਪ੍ਰਚਾਰ ਲਈ ਕੁਰਬਾਨੀ ਕਰਨੀ ਚਾਹੀਦੀ ਹੈ ਤੇ ਦੂਜੇ ਜ਼ੁਲਮ ਦਾ ਨਾਸ਼ ਕਰਨ ਲਈ ਕਰਨੀ ਚਾਹੀਦੀ ਹੈ। ਇਸ ਵੇਲੇ ਮੁਸਲਮਾਨ ਪੰਜਾਬ ਨੂੰ ਗੁਲਾਮ ਬਣਾ ਕੇ ਜ਼ੁਲਮ ਦੀ ਨੀਂਹ ਰੱਖਣਾ ਚਾਹੁੰਦੇ ਹਨ। ਕਾਂਗਰਸ ਉਹਨਾਂ ਦੇ ਇਸ ਕੰਮ ਵਿਚ ਸਹਾਇਤਾ ਦੇ ਰਹੀ ਹੈ, ਕਿਉਂਕਿ ਉਹ ਇਸੇ ਗੱਲ ਨੂੰ ਸਮੇਂ ਦੀ ਚਾਲ ਸਮਝਦੇ ਹਨ। ਸਾਨੂੰ ਇਸ ਵੇਲੇ ਪੰਜਾਬ ਨੂੰ ਜ਼ੁਲਮ ਵਿਚ ਫਸਣੋਂ ਬਚਾਣਾ ਚਾਹੀਦਾ ਹੈ ਤੇ ਇਸੇ ਮਤਲਬ ਲਈ ਕੁਰਬਾਨੀ ਕਰਨੀ ਚਾਹੀਦੀ ਹੈ ਪਰ ਨਾਲ ਹੀ ਅਸੀਂ ਇਹ ਭੀ ਕਹਿੰਦੇ ਹਾਂ ਕਿਸੇ ਨੂੰ ਕਿਸੇ ਲਾਲਚ ਵਿਚ ਫਸ ਕੇ ਆਪ ਭੀ ਦੇਸ਼ ਦੀ ਉੱਨਤੀ ਲਈ ਕੋਈ ਰੋਕ ਨਹੀਂ ਪਾਣੀ ਚਾਹੀਦੀ। ਅਸੀਂ ਦੇਸ਼ ਦੀ ਉੱਨਤੀ ਲਈ ਕੁਰਬਾਨੀ ਕਰਨ ਨੂੰ ਤਿਆਰ ਹਾਂ, ਪਰ ਜ਼ੁਲਮ ਨੂੰ ਮਦਦ ਦੇਣ ਲਈ ਤਿਆਰ ਨਹੀਂ ਹਾਂ। ਇਸ ਵਾਸਤੇ ਅਸੀਂ ਇਹ ਕੁਰਬਾਨੀ ਕਰ ਸਕਦੇ ਹਾਂ ਕਿ ਅਸੀਂ ਇਸ ਵੇਲੇ ਸਾਰੀ ਫਿਰਕੇਦਾਰਾਨਾਂ ਪ੍ਰਤੀਨਿਧਤਾ ਨੂੰ ਹਟਾਇਆ ਜਾਣਾ ਮੰਨ ਲਈਏ। ਹਿੰਦੂ ਬਹੁਤ ਸਾਰੇ ਹਿੰਦੁਸਤਾਨ ਵਿਚ ਬਹੁਗਿਣਤੀ ਵਿਚ ਹਨ, ਮੁਸਲਮਾਨ ਕਈ ਥਾਂ ਬਹੁਗਿਣਤੀ ਵਿਚ ਹਨ, ਪਰ ਅਸੀਂ ਪੰਜਾਬ ਵਿਚ ਹੀ ਹਾਂ ਤੇ ਇਥੇ ਭੀ ਸਾਡੀ ਥੋੜ੍ਹੀ ਗਿਣਤੀ ਹੈ। ਇਤਨੀ ਥੋੜ੍ਹੀ ਗਿਣਤੀ ਦੇ ਹੁੰਦਿਆਂ ਸਾਨੂੰ ਕਈ ਤਰ੍ਹਾਂ ਦੇ ਡਰ ਹੋ ਸਕਦੇ ਹਨ ਪਰ ਅਸੀਂ ਇਹ ਸਾਰੇ ਖਤਰੇ ਸਹਾਰਨ ਲਈ ਤਿਆਰ ਹੁੰਦੇ ਹਾਂ। ਹਿੰਦੁਸਤਾਨ ਵਿੱਚੋਂ ਫ਼ਿਰਕੇਦਾਰਾਨਾ ਤੁਅੱਸਬ ਨੂੰ ਕੱਢਣ ਵਾਸਤੇ ਇਹ ਜ਼ਰੂਰੀ ਹੈ ਕਿ ਜਾਂ ਤਾਂ ਫ਼ਿਰਕੇਦਾਰਾਨਾ ਚੋਣਾਂ ਬਿਲਕੁਲ ਨਾ ਹੋਣ ਅਤੇ ਜੇ ਹੋਣ ਤਾਂ ਸਿੱਖਾਂ ਨੂੰ ਵੀ ਮੁਨਾਸਿਬ ਸੀਟਾਂ ਦਿੱਤੀਆਂ ਜਾਣ।

✡ ✡ ✡

ਮੰਤਕੀ ਟੋਟਕੇ

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਤੁਹਾਨੂੰ ਇਸ ਗੱਲ ਦਾ ਪਤਾ ਹੋਵੇ ਕਿ ਤੁਹਾਨੂੰ ਕਿਸ ਗੱਲ ਦੀ ਸਮਝ ਹੈ ਤੇ ਕਿਸ ਦੀ ਸਮਝ ਨਹੀਂ ਹੈ।

--- --- ---

ਜਿਸ ਆਦਮੀ ਨੂੰ ਆਪਣੀ ਕਮਜ਼ੋਰੀ ਜਾਂ ਬੇ-ਸਮਝੀ ਦਾ ਪਤਾ ਨਹੀਂ ਹੈ, ਉਹ ਕਮਜ਼ੋਰੀ ਤੇ ਬੇ-ਸਮਝੀ ਤੋਂ ਛੁਟਕਾਰਾ ਨਹੀਂ ਪਾ ਸਕਦਾ।

--- --- ---

ਜੋ ਆਦਮੀ ਗੱਪੀ ਹੈ ਤੇ ਆਪਣੀ ਤਾਰੀਫ਼ ਕਰਦਾ ਫਿਰਦਾ ਹੈ, ਉਹ ਲੋਕਾਂ ਨੂੰ ਮੂਰਖ ਸਮਝਣ ਵਾਲੀ ਮੂਰਖਤਾ ਦਾ ਭਾਗੀ ਹੈ। ਉਹ ਸਮਝਦਾ ਹੈ ਕਿ ਉਹ ਲੋਕਾਂ ਨੂੰ ਧੋਖਾ ਦੇ ਰਿਹਾ ਹੈ, ਪਰ ਅਸਲ ਵਿਚ ਉਹ ਆਪ ਇਹ ਧੋਖਾ ਖਾ ਰਿਹਾ ਹੈ ਕਿ ਲੋਕੀਂ ਉਸ ਦੇ ਧੋਖੇ ਵਿਚ ਆ ਰਹੇ ਹਨ।

--- --- ---

ਜੋ ਆਦਮੀ ਆਪਣੀ ਤਾਰੀਫ਼ ਸੁਣਨ ਦਾ ਚਾਹਵਾਨ ਹੈ, ਉਹ ਤਾਰੀਫ਼ ਦੇ ਲਾਇਕ ਹੀ ਨਹੀਂ।

--- --- ---

ਜੋ ਆਦਮੀ ਆਪਣੇ ਆਪ ਨੂੰ ਵੱਡਾ ਪ੍ਰਗਟ ਕਰਨਾ ਚਾਹੁੰਦਾ ਹੈ, ਉਹ ਦਿਲ ਦਾ ਛੋਟਾ ਹੈ ਤੇ ਅਜੇਹੇ ਆਦਮੀ ਤੋਂ ਬਚੇ ਰਹਿਣਾ ਹੀ ਯੋਗ ਹੈ।

ਜੋ ਆਦਮੀ ਸਭ ਨੂੰ ਰਾਜ਼ੀ ਰੱਖਣ ਦਾ ਯਤਨ ਕਰਦਾ ਹੈ, ਉਹ ਕਿਸੇ ਨੂੰ ਭੀ ਰਾਜ਼ੀ ਨਹੀਂ ਰੱਖ ਸਕਦਾ।

--- --- ---

ਜੋ ਆਦਮੀ ਕਿਸੇ ਦਾ ਭੀ ਲਿਹਾਜ਼ ਨਹੀਂ ਗਵਾ ਸਕਦਾ ਉਸ ਦਾ ਲਿਹਾਜ਼ ਕੋਈ ਭੀ ਨਹੀਂ ਕਰੇਗਾ, ਕਿਉਂਕਿ ਉਸ ਦਾ ਆਪਣਾ ਮੁੱਲ ਇਕ ਬਿੰਦੀ ਤੋਂ ਵਧ ਕੇ ਨਹੀਂ ਹੈ।

--- --- ---

ਜੋ ਆਦਮੀ ਦੋ ਮਤਲਬ ਵਾਲੀ ਗੱਲ ਕਰਦਾ ਹੈ, ਉਹ ਕਾਇਰ ਹੈ ਤੇ ਉਸ ਦੀ ਗੱਲ ਨੂੰ ਕੇਵਲ ਕਾਇਰਤਾ ਰੂਪ ਹੀ ਸਮਝ ਕੇ ਛੱਡ ਦੇਵੋ।

ਜੋ ਆਦਮੀ ਵਿੰਗੀ ਗੱਲ ਕਰਦਾ ਹੈ, ਉਸ ਦੀ ਨੀਅਤ ਭੀ ਵਿੰਗੀ ਹੈ।

ਜੋ ਆਦਮੀ ਸੱਚ ਵਿਚ ਲਾਭ ਸਮਝ ਕੇ ਸੱਚ ਬੋਲਦਾ, ਉਹ ਝੂਠ ਵਿਚ ਲਾਭ ਵੇਖ ਕੇ ਝੂਠ ਭੀ ਬੋਲ ਸਕਦਾ ਹੈ।

--- --- ---

ਜੋ ਆਦਮੀ ਆਪਣੀ ਗਲਤੀ ਨੂੰ ਸਮਝ ਨਹੀਂ ਸਕਦਾ ਹੈ, ਉਹ ਗ਼ਲਤੀ ਤੋਂ ਹੱਟ ਨਹੀਂ ਸਕਦਾ ਤੇ ਜੋ ਆਦਮੀ ਆਪਣੀ ਗ਼ਲਤੀ ਸਮਝ ਕੇ ਭੀ ਮੰਨ ਨਹੀਂ ਸਕਦਾ, ਉਸ ਦਾ ਮਨ ਅਪਵਿਤ੍ਰਤਾ ਦੀ ਮੈਲ ਨਾਲ ਭਰ ਜਾਂਦਾ ਹੈ।

☆ ☆ ☆

ਕੁਰਬਾਨੀ ਕਿ ਕਾਇਰਤਾ

ਅਸਲ ਵਸਤੂ ਨੀਅਤ ਹੈ ਨਾ ਕਿ ਕੰਮ। ਕੋਈ ਕੰਮ ਚੰਗਾ ਮੰਦਾ ਨਹੀਂ ਕਿਹਾ ਜਾ ਸਕਦਾ। ਜੋ ਕੰਮ ਭੀ ਨੇਕ ਨੀਅਤੀ ਨਾਲ ਕੀਤਾ ਜਾਂਦਾ ਹੈ, ਉਹ ਨੇਕ ਹੈ ਤੇ ਜੋ ਭੈੜੀ ਨੀਅਤ ਨਾਲ ਕੀਤਾ ਜਾਂਦਾ ਹੈ ਉਹ ਭੈੜਾ ਹੈ। ਮਹਾਤਮਾ ਗਾਂਧੀ ਜੀ ਨੇ ਸ਼ਾਂਤਮਈ ਚਲਾਈ ਤੇ ਕਈ ਸੱਜਣ ਸ਼ਾਂਤਮਈ ਰਹਿੰਦੇ ਹੋਏ, ਖੁਸ਼ੀ ਨਾਲ ਜੇਹਲੀਂ ਗਏ ਤੇ ਹਰ ਤਰ੍ਹਾਂ ਦੇ ਤਸੀਹੇ ਉਨ੍ਹਾਂ ਝੱਲੇ ਪਰ ਕਈਆਂ ਕਾਇਰਾਂ ਨੂੰ ਆਪਣੀ ਕਾਇਰਤਾ ਲੁਕਾਣ ਲਈ ਇਹੋ ਸ਼ਾਂਤਮਈ ਦਾ ਬਹਾਨਾ ਮਿਲ ਗਿਆ। ਉਹ ਸ਼ਾਂਤਮਈ ਨਹੀਂ ਸੀ, ਸਗੋਂ ਕਾਇਰਤਾ ਹੈ। ਇਕ ਹਿੰਦੂ ਅਖ਼ਬਾਰ ਨੇ ਸਹਾਰਨਪੁਰ ਵਿਚ ਹਿੰਦੂ ਮੁਸਲਮਾਨ ਫ਼ਸਾਦ ਦਾ ਵਰਣਨ ਕਰਦੇ ਹੋਏ ਲਿਖਿਆ ਸੀ ਕਿ ਮੁਸਲਮਾਨਾਂ ਨੇ ਸ਼ਾਂਤਮਈ ਰਹਿੰਦੇ ਹੋਏ ਹਿੰਦੂਆਂ ਉੱਤੇ ਬਹੁਤ ਜ਼ੁਲਮ ਕੀਤੇ। ਉਥੇ ਹਿੰਦੂ ਕਮਜ਼ੋਰ ਸਨ ਤੇ ਡਰਦੇ ਲੁਕਦੇ ਫਿਰਦੇ ਸਨ, ਪਰ ਇਸ ਕਾਇਰਤਾ ਦਾ ਨਾਮ ਉਹਨਾਂ ਸ਼ਾਂਤਮਈ ਰੱਖ ਲਿਆ ਤੇ ਇਸ ਤਰ੍ਹਾਂ ਸ਼ਾਂਤਮਈ ਨੂੰ ਇਕ ਆੜ ਬਣਾ ਲਿਆ ਹੈ। ਇਸੇ ਤਰ੍ਹਾਂ ਜੈਤੋ ਵਿਚ ਸਿੰਘ ਗੁਰਦੁਆਰਾ ਗੰਗਸਰ ਵਿਚ ਘੇਰੇ ਹੋਏ ਸਨ ਤਾਂ ਸਿੰਘਾਂ ਦੇ ਇਕ ਡੁਰਲੀ ਜਥੇ ਨੇ ਰਾਤ ਸਮੇਂ ਪਹਿਰੇਦਾਰਾਂ ਵਿੱਚੋਂ ਬਦੋਬਦੀ ਨਿਕਲ ਕੇ ਗੁਰਦੁਆਰੇ ਵਿਚ ਰਸਦ ਪੁਚਾਈ। ਰਸਦ ਪੁਚਾ ਕੇ ਮੁੜਦੇ ਡੁਰਲੀ ਜਥੇ ਦਾ ਪੁਲਸੀਆਂ ਨੇ ਇਕੱਠੇ ਹੋ ਕੇ ਪਿੱਛਾ ਕੀਤਾ। ਖੇਤਾਂ ਵਿਚ ਪੁੱਜਣ ਉੱਤੇ ਡੁਰਲੀ ਜਥੇ ਦੇ ਸਿੰਘਾਂ ਨੇ ਪੁਲਸੀਆਂ ਨੂੰ ਚੰਗਾ ਫਾਂਡਾ ਚਾੜ੍ਹਿਆ ਤੇ ਪੁਲਸੀਏ ਭੱਜ ਗਏ। ਜਦ ਇਸ ਸਾਕੇ ਦੀ ਗਵਾਈ ਇਕ ਪੁਲਸੀਆਂ ਅਕਾਲੀ ਲੀਡਰਾਂ ਵਿਰੁੱਧ ਦੇਣ ਗਿਆ ਤਾਂ ਕਹਿਣ ਲੱਗਾ ਕਿ ਪੁਲਿਸ ਵਾਲੇ ਸ਼ਾਂਤਮਈ ਰਹੇ। ਇਸ ਉੱਤੇ ਕਚਹਿਰੀ ਵਿਚ ਹਾਸਾ ਮੱਚ ਗਿਆ। ਇਸ ਤਰ੍ਹਾਂ ਨਾਲ ਇਹ ਸ਼ਾਂਤਮਈ ਭੀ ਕਾਇਰ ਲੋਕਾਂ ਨੇ ਆਪਣੀ ਕਾਇਰਤਾ ਨੂੰ ਲੁਕਾਣ ਲਈ ਪੜਦਾ ਬਣਾ ਲਿਆ ਹੈ। ਸ਼ਾਂਤਮਈ ਉਹ ਹੈ ਜੋ ਬਿਨਾਂ ਡਰ ਦੇ ਸ਼ਾਂਤੀ ਨਾਲ ਹੌਂਸਲਾ ਧਾਰ ਕੇ ਜਾਣ ਬੁੱਝ ਕੇ ਦੁੱਖ ਵਿਚ ਪੈਂਦਾ ਹੈ ਨਾ ਕਿ ਉਹ ਜੋ ਡਰਦੇ ਮਾਰੇ ਹੱਥ ਨਹੀਂ ਚੁੱਕ ਸਕਦਾ। ਠੀਕ ਇਸੇ ਤਰ੍ਹਾਂ ਦਾ ਪਰਦਾ ਕਈਆਂ ਸੱਜਣਾਂ ਨੇ ਕੁਰਬਾਨੀ ਨੂੰ ਬਣਾਇਆ ਹੈ ਤੇ ਕਈ ਸੱਜਣ ਇਹ ਸੱਚ-ਮੁਚ ਭੁਲੇਖਾ ਖਾ ਰਹੇ ਹਨ। ਕੁਰਬਾਨੀ ਉਹ ਹੈ ਜੋ ਇਨਸਾਫ਼ ਸਚਾਈ, ਧਰਮ ਜਾਂ ਮਜ਼ਲੂਮ ਲਈ ਕੀਤੀ ਜਾਵੇ, ਨਾ ਕਿ ਉਹ ਕੁਰਬਾਨੀ ਹੈ ਜੋ ਬੇਇਨਸਾਫ਼ੀ, ਝੂਠ, ਕੁਧਰਮ ਜਾਂ ਜ਼ੁਲਮ ਲਈ ਕੀਤੀ ਜਾਵੇ।

ਇਸ ਨਹਿਰੂ ਰਿਪੋਰਟ ਵਿਚ ਸਿੱਖਾਂ ਉੱਤੇ ਜ਼ੁਲਮ ਕੀਤਾ ਗਿਆ ਹੈ ਤੇ ਬਿਲਕੁਲ ਬੇਇਨਸਾਫ਼ੀ ਹੋਈ ਹੈ। ਹੋਰ ਸੂਬਿਆਂ ਵਿਚ ਤਾਂ ਘੱਟ ਸੰਮਤੀ ਦੀਆਂ ਕੌਮਾਂ ਦੀ ਰੱਖਿਆ ਦਾ ਪ੍ਰਬੰਧ ਕੀਤਾ ਗਿਆ ਤੇ ਪੰਜਾਬ ਉਲਟਾ ਬਹੁਸੰਮਤੀ ਦੀ ਕੌਮ ਦਾ ਰਾਜ ਪੱਕੀ ਤਰ੍ਹਾਂ

ਕਾਇਮ ਕਰਨ ਦੇ ਖ਼ਾਸ ਤੌਰ 'ਤੇ ਸਾਧਨ ਬਣਾਏ ਗਏ ਹਨ। ਕੀ ਇਸ ਨੂੰ ਇਨਸਾਫ਼ ਜਾਂ ਸੱਚਾਈ, ਜਾਂ ਧਰਮ ਕਿਹਾ ਜਾ ਸਕਦਾ ਹੈ ? ਕੀ ਇਹ ਜ਼ੁਲਮ ਨਹੀਂ ਹੈ ? ਤੇ ਜੇ ਜ਼ੁਲਮ ਹੈ ਤਾਂ ਕਿਸ ਉੱਤੇ। ਸਾਫ਼ ਜਵਾਬ ਦਿੱਤਾ ਹੈ ਕਿ ਨਹਿਰੂ ਕਮੇਟੀ ਨੇ ਸਿੱਖਾਂ ਨਾਲ ਬੇਇਨਸਾਫ਼ੀ ਕੀਤੀ ਹੈ ਤੇ ਸਿੱਖਾਂ ਉੱਤੇ ਜ਼ੁਲਮ ਕਰਨ ਦੀਆਂ ਗੋਂਦਾਂ ਗੁੰਦੀਆਂ ਹਨ। ਹਰ ਇਕ ਸਿੱਖ ਦਾ ਧਰਮ ਹੈ ਕਿ ਕੁਰਬਾਨੀ ਕਰੇ, ਪਰ ਇਹ ਕੁਰਬਾਨੀ ਇਸ ਜ਼ੁਲਮ ਤੇ ਬੇਇਨਸਾਫ਼ੀ ਨੂੰ ਹਟਾਣ ਲਈ ਕੀਤੀ ਜਾਵੇ ਤਾਂ ਹੀ ਕੁਰਬਾਨੀ ਕਹੀ ਜਾ ਸਕਦੀ ਹੈ। ਸਾਨੂੰ ਅੱਜ-ਕਲ੍ਹ ਕਿਹਾ ਜਾਂਦਾ ਹੈ ਕਿ ਦੇਸ਼ ਲਈ ਕੁਰਬਾਨੀ ਕਰੋ, ਪਰ ਉਹ ਤੇ ਸਿੱਖ ਨਹੀਂ ਹੈ ਜੋ ਬੇਇਨਸਾਫ਼ੀ ਅੱਗੇ ਝੁਕ ਜਾਂਦਾ ਹੈ। ਸਿੱਖ ਦਾ ਕੰਮ ਹੈ ਨਾ ਬੇਇਨਸਾਫ਼ੀ ਕਰੇ ਤੇ ਨਾ ਬੇਇਨਸਾਫ਼ੀ ਅੱਗੇ ਝੁਕੇ। ਇਸ ਵੇਲੇ ਮੁਸਲਮਾਨ ਬੇਇਨਸਾਫ਼ੀ ਤੇ ਜ਼ੁਲਮ ਉੱਤੇ ਤੁਲੇ ਹੋਏ ਹਨ। ਇਸ ਕਰਕੇ ਉਨ੍ਹਾਂ ਅੱਗੇ ਝੁਕਣਾ ਕੁਰਬਾਨੀ ਨਹੀਂ ਹੈ, ਸਗੋਂ ਕਾਇਰਤਾ ਹੈ। ਮੁਸਲਮਾਨਾਂ ਦੀ ਬੇਇਨਸਾਫ਼ੀ ਤੇ ਜ਼ਿਦ ਅੱਗੇ ਝੁੱਕਣਾ ਤੇ ਇਸ ਨੂੰ ਕਤਲ ਕਰਨਾ ਕਿਉਂਕਿ ਇਸ ਤਰ੍ਹਾਂ ਨਾਲ ਬੇਇਨਸਾਫ਼ੀ ਤੇ ਜ਼ਿੱਦ ਲਈ ਲੋਕਾਂ ਨੂੰ ਸ਼ਹਿ ਦੇਣਾ ਹੈ। ਕਈ ਸੱਜਣ ਖ਼ਿਆਲ ਕਰਦੇ ਹਨ ਕਿ ਜੇ ਇਸ ਵੇਲੇ ਮੁਸਲਮਾਨਾਂ ਦੀ ਜ਼ਿੱਦ ਅੱਗੇ ਝੁੱਕ ਜਾਵੇ ਤਾਂ ਆਪੇ ਉਨ੍ਹਾਂ ਨੂੰ ਸਮਝ ਆ ਜਾਵੇਗੀ ਤੇ ਉਹ ਆਪੇ ਹੀ ਕੁਝ ਚਿਰ ਮਗਰੋਂ ਇਸ ਜ਼ਿੱਦ ਤੋਂ ਟਲ ਜਾਣਗੇ। ਇਹ ਬਿਲਕੁਲ ਗ਼ਲਤ ਹੈ। ਕਿਸੇ ਵਿਸ਼ੇ ਨੂੰ ਰੋਕਣ ਦਾ ਤਰੀਕਾ ਉਸ ਨੂੰ ਰੋਕਣਾ ਹੋਇਆ ਕਰਦਾ ਹੈ ਨਾ ਕਿ ਉਸ ਅੱਗੇ ਝੁੱਕ ਜਾਣਾ। ਜੇ ਮੁਸਲਮਾਨਾਂ ਦੇ ਲਾਲਚ ਤੇ ਰਾਜ ਕਰਨ ਦੀ ਇੱਛਾ ਅੱਗੇ ਤੁਸੀਂ ਹੁਣ ਝੁਕਦੇ ਹੋ ਤਾਂ ਇੱਛਾ ਪੂਰੀ ਹੋਣ ਨਾਲ ਸਗੋਂ ਹੋਰ ਵਧੇਗੀ ਨਾ ਕਿ ਹਟ ਜਾਏਗੀ। ਇਸ ਤਰ੍ਹਾਂ ਦਾ ਖ਼ਿਆਲ ਕਰਨ ਵਾਲੇ ਸੱਜਣ ਸੱਚ ਗ਼ਲਤੀ ਖਾ ਰਹੇ ਹਨ। ਕਿਸੇ ਵਿਸ਼ੇ ਨੂੰ ਭੀ ਖੁਲ੍ਹੀਆਂ ਵਾਗਾਂ ਦੇਣ ਨਾਲ ਉਹ ਵੱਧਦਾ ਹੈ। ਇਸ ਵਾਸਤੇ ਇਸ ਵੇਲੇ ਮੁਸਲਮਾਨਾਂ ਦੇ ਮਨ ਨੂੰ ਭੀ ਪਵਿੱਤਰ ਕਰਨ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੇ ਇਸ ਲਾਲਚ ਤੇ ਰਾਜ ਕਰਨ ਦੀ ਇੱਛਾ ਨੂੰ ਰੋਕਿਆ ਜਾਵੇ। ਇਸੇ ਵਿਚ ਦੇਸ਼ ਦਾ ਭਲਾ ਹੈ, ਇਸੇ ਵਿਚ ਮੁਸਲਮਾਨਾਂ ਦਾ ਭਲਾ ਹੈ, ਇਸੇ ਵਿਚ ਸਿੱਖਾਂ ਦਾ ਭਲਾ ਹੈ, ਇਸੇ ਵਿਚ ਦੇਸ਼ ਵਿਚ ਵਸਣ ਵਾਲੀਆਂ ਹੋਰ ਕੌਮਾਂ ਦਾ ਭਲਾ ਹੈ ਤੇ ਇਸੇ ਵਿਚ ਸੱਚਾਈ ਤੇ ਇਨਸਾਫ਼ ਦਾ ਭਲਾ ਹੈ।

ਕੁਰਬਾਨੀ ਮਜ਼ਲੂਮ ਵਾਸਤੇ ਹੁੰਦੀ ਹੈ ਨਾ ਕਿ ਜ਼ਾਲਮ ਵਾਸਤੇ। ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਲਈ ਕੁਰਬਾਨੀ ਕੀਤੀ ਸੀ। ਉਨ੍ਹਾਂ ਨੇ ਹਿੰਦੂਆਂ ਨੂੰ ਇਹ ਉਪਦੇਸ਼ ਨਹੀਂ ਦਿੱਤਾ ਸੀ ਕਿ ਜਾਉ ਮੁਸਲਮਾਨ ਜ਼ਾਲਮਾਂ ਦੇ ਭਲੇ ਲਈ ਕੁਰਬਾਨੀ ਕਰ ਦਿਉ। ਜ਼ਾਲਮ ਦੇ ਧੱਕੇ ਅੱਗੇ ਝੁਕਣ ਨੂੰ ਕੁਰਬਾਨੀ ਨਹੀਂ, ਸਗੋਂ ਕਾਇਰਤਾ ਕਿਹਾ ਜਾਂਦਾ ਹੈ। ਇਸ ਵਾਸਤੇ ਕੁਰਬਾਨੀ ਕਰਨ ਦੀ ਇੱਛਾ ਵਾਲਿਆਂ ਵਾਸਤੇ ਇਹ ਸਮਾਂ ਮਜ਼ਲੂਮ ਸਿੱਖਾਂ ਲਈ ਕੁਰਬਾਨੀ ਦਾ ਹੈ, ਮੁਸਲਮਾਨਾਂ ਅੱਗੇ ਝੁਕਣਾਂ ਨਹੀਂ ਚਾਹੀਦਾ।

ਇਕ ਗੱਲ ਅਸੀਂ ਇਹ ਵੀ ਕਹਿ ਦੇਵੀਏ ਕਿ ਸਿੱਖਾਂ ਨੂੰ ਭੀ ਕਿਸੇ ਬੇ-ਦਲੀਲ ਜ਼ਿੱਦ ਜਾਂ ਬੇਇਨਸਾਫ਼ੀ ਉੱਤੇ ਨਹੀਂ ਡਟਣਾ ਚਾਹੀਦਾ। ਦੂਜੇ ਦਾ ਜ਼ੁਲਮ ਦੂਰ ਕਰਨ ਲਈ ਡਰੋ ਨਾ ਕਿ ਆਪ ਜ਼ਾਲਮ ਜਾਂ ਬੇਇਨਸਾਫ਼ ਬਣਨ ਉੱਤੇ ਤੁਲ ਜਾਉ।

ਨਹਿਰੂ ਰਿਪੋਰਟ

ਇਹ ਕਹਿਣਾ ਗ਼ਲਤ ਹੈ ਕਿ ਪੰਜਾਬ ਵਿਚ ਫ਼ਿਰਕੇਦਾਰਾਨਾ ਪ੍ਰਤੀਨਿਧਤਾ ਉੱਡ ਗਈ ਹੈ। ਮੁਸਲਮਾਨਾਂ ਨੇ ਸਾਂਝੀ ਪ੍ਰਤੀਨਿਧਤਾ ਸ਼ਰਤਾਂ ਪੁਰ ਕਿਉਂ ਪ੍ਰਵਾਨ ਕੀਤੀ ਹੈ ? ਉਹ ਇਹ ਕਿਉਂ ਕਹਿੰਦੇ ਹਨ ਕਿ ਉਹ ਸਾਂਝੀ ਪ੍ਰਤੀਨਿਧਤਾ ਨੂੰ ਤਾਂ ਹੀ ਪ੍ਰਵਾਨ ਕਰਨਗੇ ਜੇਕਰ ਹਰ ਬਾਲਕ ਨੂੰ ਵੋਟ ਦਾ ਹੱਕ, ਤਰੀਕਾ ਪ੍ਰਚਲਿਤ ਕੀਤਾ ਜਾਵੇ ? ਹਰ ਬਾਲਕ ਨੂੰ ਵੋਟ ਦੇ ਹੱਕ ਦਾ ਅਸੂਲ ਇਸ ਦੇ ਆਪਣੇ ਗੁਣਾਂ ਔਗੁਣਾਂ ਨੂੰ ਮੁੱਖ ਰੱਖ ਕੇ ਪ੍ਰਚਲਿਤ ਕੀਤਾ ਜਾ ਸਕਦਾ ਹੈ, ਪਰੰਤੂ ਇਹ ਕਹਿਣਾ ਰਤਾ ਜਿੰਨੀ ਵੀ ਦਲੀਲ ਨਹੀਂ ਜਾਪਦੀ ਕਿ ਜੇਕਰ ਕੁਝ ਕਾਰਨਾਂ ਕਰਕੇ ਇਹ ਵਰਤੋਂ ਵਿਚ ਨਾ ਆ ਸਕਦਾ ਜਾਪੇ ਤਾਂ ਤਜਵੀਜ਼ ਕੀਤੀ ਗਈ 'ਸਾਂਝੀ ਪ੍ਰਤੀਨਿਧਤਾ' ਹਟਾ ਦਿੱਤੀ ਜਾਵੇ। ਇਸ ਦਾ ਕਾਰਨ ਇਹ ਹੈ ਕਿ ਮੁਸਲਮਾਨ ਕੇਵਲ ਅਜਿਹੀਆਂ ਹਾਲਤਾਂ ਨੂੰ ਹੀ ਮੰਨਣ ਲਈ ਤਿਆਰ ਹਨ, ਜਿੰਨ੍ਹਾਂ ਤੋਂ ਕਿ ਉਨ੍ਹਾਂ ਨੂੰ ਆਪਣੇ ਫ਼ਿਰਕੇਦਾਰਾਨਾ ਰਾਜ ਦਾ ਪੱਕਾ ਯਕੀਨ ਹੋਵੇ। ਮੈਂ, ਇਸ ਲਈ ਕਹਿੰਦਾ ਹਾਂ ਕਿ ਸਾਨੂੰ ਕੌਮੀ ਰਾਜ ਦੀ ਥਾਵੇਂ ਬੁਰਕੇ ਵਿਚ ਛੁਪਿਆ ਹੋਇਆ ਫ਼ਿਰਕੇਦਾਰੀ ਰਾਜ ਦਿੱਤਾ ਗਿਆ ਹੈ। ਹੋਰ ਸੂਬਿਆਂ ਵਿਚ ਘੱਟ ਗਿਣਤੀਆਂ ਦੇ ਹੱਕਾਂ ਦੀ ਰੱਖਿਆ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ ਪਰੰਤੂ ਪੰਜਾਬ ਵਿਚ ਬਹੁਗਿਣਤੀ ਵਾਲੀ ਕੌਮ ਦੀ ਦੂਜਿਆਂ ਪੁਰ ਪੰਜਾਲੀ ਕਾਇਮ ਕਰਨ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਇਹ ਸਿੱਖਾਂ ਲਈ ਨਾ ਸਹਾਰੇ ਜਾਣ ਵਾਲੀ ਗੱਲ ਹੈ ਅਤੇ ਇਹ ਨਰੋਈ ਕੌਮੀਅਤ ਦੇ ਵੱਧਣ ਫੁਲਣ ਲਈ ਵੀ ਅਨੁਕੂਲ ਨਹੀਂ। ਹਿੰਦੂ ਇਸ ਨੂੰ ਸੌਦੇ ਵਜੋਂ ਪ੍ਰਵਾਨ ਕਰ ਸਕਦੇ ਹਨ, ਕਿਉਂਕਿ ਉਨ੍ਹਾਂ ਦੀ ਪੋਜ਼ੀਸ਼ਨ ਹੋਰ ਸੂਬਿਆਂ ਵਿਚ ਪੱਕੀ ਕਰ ਦਿੱਤੀ ਗਈ ਹੈ ਪਰੰਤੂ ਇਸ ਗੱਲ ਦੀ ਦੁਨੀਆਂ ਦੇ ਤਖ਼ਤੇ ਪੁਰ ਕਿਤੇ ਕੋਈ ਦਲੀਲ ਹੈ ਕਿ ਸਿੱਖ ਛੋਟੀ ਪਰ ਅਹਿਮ ਘੱਟ ਗਿਣਤੀ ਹੋਣ ਕਰ ਕੇ ਇਕ ਕੌਮ ਦੀ ਪੰਜਾਲੀ ਕਬੂਲ ਕਰ ਲੈਣ, ਜਿਹੜੀ ਕੌਮ ਕਿ ਅਜਿਹੀ ਪੰਜਾਲੀ ਕਾਇਮ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀ ਹੈ। ਜਿਤਨਾਂ ਚਿਰ ਮੁਸਲਮਾਨਾਂ ਦੀ ਰੁਚੀ (ਜ਼ਿਹਨੀਅਤ) ਇਹ ਹੈ ਸਿੱਖ ਮੌਜੂਦਾ ਪਰਲੇ ਦਰਜੇ ਦੀ ਫ਼ਿਰਕੇਦਾਰੀ– ਜੋ ਫ਼ਿਰਕੇਦਾਰਨਾ ਪ੍ਰਤੀਨਿਧਤਾ ਦੇ ਅਖਾਉਤੀ ਉਡਾਏ ਜਾਣ ਵਾਲੇ ਨਾਲ ਲੱਗਦੀਆਂ ਤਖਸ਼ੀਸਾਂ ਤੇ ਸ਼ਰਤਾਂ ਦੇ ਰੂਪ ਵਿਚ ਪ੍ਰਤੱਖ ਪ੍ਰਗਟ ਹੋ ਰਹੀ ਹੈ–ਤੋਂ ਬਚਾ ਜ਼ਰੂਰੀ ਚਾਹੁੰਦੇ ਹਨ। ਜੇਕਰ ਮੁਸਲਮਾਨ ਸਾਂਝੀ ਕੌਮ ਬਣਾਉਣ ਦੇ ਚਾਹਵਾਨ ਹਨ, ਤਾਂ ਉਨ੍ਹਾਂ ਨੂੰ ਜਿਥੇ ਉਹ ਘੱਟ ਗਿਣਤੀ ਵਿਚ ਹਨ, ਕਿਸੇ ਤਰ੍ਹਾਂ ਦੀ ਰੱਖਿਆ ਲਈ ਤੇ ਜਿਥੇ ਉਹ ਬਹੁਗਿਣਤੀ ਵਿਚ ਹਨ, ਆਪਣੀ ਪੰਜਾਲੀ ਕਾਇਮ ਕਰਨ ਲਈ ਕਹਿਣਾ

ਬੰਦ ਕਰ ਦੇਣਾ ਚਾਹੀਦਾ ਹੈ। ਜੇਕਰ ਉਹ ਅਜਿਹਾ ਕਰਨ ਲਈ ਤਿਆਰ ਨਹੀਂ ਹਨ ਤਾਂ ਸਿੱਖਾਂ ਨੂੰ ਉਨ੍ਹਾਂ 'ਪਰ ਵਿਸ਼ਵਾਸ ਨਹੀਂ ਹੋ ਸਕਦਾ ਅਤੇ ਉਸ ਹਾਲਤ ਵਿਚ ਉਨ੍ਹਾਂ ਨੂੰ ਯੋਗ ਤੇ ਪੂਰੀ ਰੱਖਿਆ ਲਈ ਜ਼ੋਰ ਦੇਣਾ ਪਵੇਗਾ। ਕੁਝ ਸਵਾਰਥੀ ਆਦਮੀ ਸੰਸਾਰ ਨੂੰ ਇਹ ਵਿਖਾਣ ਦਾ ਯਤਨ ਕਰ ਰਹੇ ਹਨ ਕਿ ਸਿੱਖਾਂ ਦਾ ਕੋਈ ਹਿੱਸਾ ਨਹਿਰੂ ਰਿਪੋਰਟ ਤੇ ਮੌਜੂਦਾ ਰੂਪ ਵਿਚ ਇਸ ਦੇ ਹੱਕ ਵਿਚ ਹੈ, ਇਹ ਗ਼ਲਤ ਹੈ ਅਤੇ ਪੋਜ਼ੀਸ਼ਨ ਹੁਣ ਸਾਫ਼ ਹੋ ਗਈ ਹੈ। ਸਿੱਖਾਂ ਦੀ ਭਾਰੀ ਬਹੁਗਿਣਤੀ, ਨਹਿਰੂ ਰਿਪੋਰਟ ਦੀ ਮੌਜੂਦਾ ਸੂਰਤ ਵਿਚ ਜੋ ਫ਼ਿਰਕੇਦਾਰਾਨਾ ਸਮਝੌਤਾ ਤਜਵੀਜ਼ ਕੀਤਾ ਗਿਆ ਹੈ, ਇਸ ਨੂੰ ਪ੍ਰਵਾਨ ਕਰਨ ਦੇ ਵਿਰੁੱਧ ਹੈ। ਚੀਫ਼ ਖਾਲਸਾ ਦੀਵਾਨ ਅਤੇ ਨਰਮ ਖ਼ਿਆਲੀਏ ਅੱਗੇ ਹੀ ਇਸ ਦੇ ਵਿਰੁੱਧ ਹਨ। ਸੈਂਟਰਲ ਸਿੱਖ ਲੀਗ ਦੀ ਜਥੇਬੰਦੀ ਕੌਮ ਪੂਜ ਸਿੱਖਾਂ ਦੇ ਹੱਥ ਵਿਚ ਹੈ ਅਤੇ ਮੈਨੂੰ ਭਰੋਸਾ ਹੈ ਕਿ ਇਹ 21, 22, 23, ਅਕਤੂਬਰ ਸੰਨ 1928 ਨੂੰ ਗੁਜ਼ਰਾਂਵਾਲੇ ਵਿਚ ਹੋਣ ਵਾਲੇ ਆਪਣੇ ਵਾਰਸ਼ਕ ਸਮਾਗਮ ਵਿਚ, ਸਿੱਖਾਂ ਨਾਲ ਨਹਿਰੂ ਰਿਪੋਰਟ ਵਿਚ ਜੋ ਸਲੂਕ ਕੀਤਾ ਗਿਆ ਹੈ, ਉਸ ਦੇ ਵਿਰੁੱਧ ਬੜੇ ਜ਼ੋਰ ਨਾਲ ਰੋਸ ਪ੍ਰਗਟ ਕਰੇਗੀ।

ਮੈਂ ਫਿਰ ਦੁਹਰਾਉਂਦਾ ਹਾਂ ਕਿ ਜਦ ਤਾਂਈ ਪੰਜਾਬ ਦੇ ਆਸ-ਪਾਸ ਫ਼ਿਰਕੇਦਾਰਾਨਾ ਪ੍ਰਤੀਨਿਧਤਾ ਮੌਜੂਦ ਹੈ ਅਤੇ ਖੁਦ ਪੰਜਾਬ ਵਿਚ ਵੀ ਇਹੋ ਕਿ ਹੋਰ ਤੇ ਬੁਰੇ ਰੂਪ ਵਿਚ ਮੌਜੂਦ ਹੈ, ਸਿੱਖਾਂ ਨੂੰ ਜ਼ਰੂਰ ਸਾਵਧਾਨ ਰਹਿਣਾ ਚਾਹੀਦਾ ਹੈ।

ਮੈਂ ਇਹ ਵੀ ਦੱਸ ਦੇਵਾਂ ਕਿ ਕੁਝ ਸਿੱਖ ਮਿੱਤਰ ਕਾਂਗਰਸ ਦੇ ਦਾਇਰੇ ਵਿਚ ਰੱਖਣ ਲਈ ਹਰ ਤਰ੍ਹਾਂ ਨਾਲ ਯਤਨ ਕਰ ਰਹੇ ਹਨ, ਪਰੰਤੂ ਜੇਕਰ ਕਾਂਗਰਸ ਨੇ ਸਿੱਖਾਂ ਦੀ ਵਾਤ ਨਾ ਪੁੱਛੀ ਜਿਹਾ ਕਿ ਹੁਣ ਤਾਂਈ ਇਸ ਨੇ ਕੀਤਾ ਹੈ, ਤਾਂ ਨਿਰਸੰਦੇਹ ਸਿੱਖਾਂ ਦੇ ਕੁਝ ਹਿੱਸਿਆਂ ਦੇ ਕਾਂਗਰਸ ਨਾਲੋਂ ਦੁਰੇਡੇ ਹੋ ਜਾਣ ਦਾ ਖ਼ਤਰਾ ਹੈ। ਇਹ ਖ਼ਤ ਦਾ ਸਬੂਤ ਰਾਜਸੀ ਕਾਨਫ੍ਰੰਸ ਦੇ ਦਿਨੀਂ ਲਾਇਲਪੁਰ ਵਿਚ ਪ੍ਰਤੱਖ ਨਜ਼ਰ ਆ ਰਿਹਾ ਸੀ। ਸਿੱਖਾਂ ਵਿਚ ਬੜਾ ਜੋਸ਼ ਫ਼ੈਲਿਆ ਹੋਇਆ ਸੀ, ਪਰੰਤੂ ਇਹ ਸਿੱਖਾਂ ਦੇ, ਜ਼ਿੰਮੇਵਾਰੀ ਨੂੰ ਅਨੁਭਵ ਕਰਨ ਤੇ ਆਗਿਆ ਪਾਲਣ ਦੇ ਸਿੱਖ ਗੁਣ ਦੇ ਪ੍ਰਭਾਵ ਦੇ ਸਦਕਾ ਸੀ ਕਿ ਕਾਨਫਰੰਸ ਕਿਸੇ ਘਟਨਾ ਬਿਨਾਂ ਲੰਘ ਗਈ।

✲ ✲ ✲

ਇਸਤਰੀ ਮਰਦ ਦਾ ਚਾਲ-ਚਲਨ

ਅੱਜ-ਕਲ੍ਹ ਇਸਤਰੀਆਂ ਦੇ ਹੱਕਾਂ ਦਾ ਰੌਲਾ ਪਿਆ ਹੋਇਆ ਹੈ ਤੇ ਕਿਹਾ ਜਾਂਦਾ ਹੈ ਕਿ ਇਸਤਰੀਆਂ ਦੇ ਹੱਕ ਕਿਸੇ ਤਰ੍ਹਾਂ ਭੀ ਮਰਦਾਂ ਤੋਂ ਘੱਟ ਨਹੀਂ ਹਨ। ਇਨ੍ਹਾਂ ਹੱਕਾਂ ਦੇ ਰੌਲੇ ਨੇ ਕਈ ਘਰ ਵੈਰਾਨ ਭੀ ਕਰ ਦਿੱਤੇ ਹਨ। ਸ਼ੋਕ ਇਹ ਹੈ ਕਿ ਇਸ ਤਰ੍ਹਾਂ ਦੀ ਸਿੱਖਿਆ ਦੇ ਕੇ ਕੁੜੀਆਂ ਦੇ ਸਕੂਲ ਕੁੜੀਆਂ ਦੇ ਸੁਭਾਅ ਦੇ ਚਾਲ-ਚਲਨ ਦਾ ਨਾਸ਼ ਕਰ ਰਹੇ ਹਨ। ਅਸੀਂ ਸਮਝਦੇ ਹਾਂ ਕਿ ਇਸਤਰੀਆਂ ਦੇ ਹੱਕ ਮਰਦਾਂ ਨਾਲੋਂ ਘੱਟ ਨਹੀਂ ਹਨ ਤੇ ਇਹ ਭੀ ਸਮਝਦੇ ਹਾਂ ਕਿ ਸਾਡੇ ਦੇਸ਼ ਵਿਚ ਇਸਤਰੀਆਂ 'ਤੇ ਬਹੁਤ ਜ਼ੁਲਮ ਹੋ ਰਿਹਾ ਹੈ ਪਰ ਸਾਡੇ ਅਨਪੜ੍ਹ ਵੀਰ ਇਸ ਗੱਲ ਨੂੰ ਜੱਫਾ ਪਾਉਂਦੇ ਹਨ ਬੜੀ ਬੇਸਮਝੀ ਨਾਲ ਪਾਉਂਦੇ ਹਨ। ਇਥੇ ਉਹ ਫ਼ਰਕ ਕਰਦੇ ਹੀ ਨਹੀਂ ਹਨ ਕਿ ਇਸਤਰੀਆਂ ਮਰਦਾਂ ਦੇ ਇਕੋ ਜਿਹੇ ਹੱਕਾਂ ਦਾ ਭਾਵ ਇਕੋ ਹੱਕ ਨਹੀਂ ਹੈ। ਕੁਦਰਤ ਨੇ ਹੀ ਉਨ੍ਹਾਂ ਦੇ ਵੱਖੋ-ਵੱਖਰੇ ਫ਼ਰਜ਼ ਬਣਾਏ ਹਨ ਤੇ ਉਨ੍ਹਾਂ ਫ਼ਰਜ਼ਾਂ ਅਨੁਸਾਰ ਹੀ ਉਨ੍ਹਾਂ ਦੇ ਹੱਕ ਹਨ। ਬੱਚੇ ਜੰਮਣੇ ਤੇ ਉਨ੍ਹਾਂ ਨੂੰ ਪਾਲਣ ਦਾ ਭਾਰ ਇਸਤਰੀ ਦੇ ਸਿਰ ਹੈ ਤੇ ਇਸ ਕਰ ਕੇ ਉਸ ਸਮੇਂ ਦੀ ਰੱਖਿਆ ਤੇ ਪਾਲਣਾ ਮਰਦ ਦੇ ਸਿਰ ਹੈ। ਇਸ ਤਰ੍ਹਾਂ ਨਾਲ ਇਸਤਰੀ ਮਰਦ ਦੇ ਫ਼ਰਜ਼ ਤੇ ਇਸ ਕਰਕੇ ਹੱਕ ਵੱਖੋ-ਵੱਖਰੇ ਹਨ। ਜਦ ਦੋਹਾਂ ਦੇ ਹੱਕ ਵਖਰੀ-ਵਖਰੀ ਕਿਸਮ ਦੇ ਹੀ ਹਨ ਤਾਂ ਉਨ੍ਹਾਂ ਦਾ ਹਿਸਾਬ ਕਿਸ ਤਰ੍ਹਾਂ ਲਾਇਆ ਜਾ ਸਕਦਾ ਹੈ ਕਿ ਕਿਸ ਦੇ ਹੱਕ ਵੱਧ ਹਨ ਤੇ ਕਿਸ ਦੇ ਘੱਟ ਹਨ। ਚਾਰ ਗਜ਼ ਕੱਪੜੇ ਤੇ ਚਾਰ ਕਣਦ ਦਾ ਮੁਕਾਬਲਾ ਹੋ ਕਿਸ ਤਰ੍ਹਾਂ ਸਕਦਾ ਹੈ ? ਜਦ ਤੱਕ ਦੋਵੇਂ ਚੀਜ਼ਾਂ ਇਕੋ ਕਿਸਮ ਦੀਆਂ ਨਾ ਹੋਣ, ਮੁਕਾਬਲਾ ਕਰਨਾ ਮੂਰਖਤਾ ਹੈ। ਇਸ ਵਾਸਤੇ ਇਸਤਰੀ ਮਰਦ ਦੇ ਹੱਕਾਂ ਨੂੰ ਇਕੋ ਜਿਹਾ ਜਾਂ ਵਧ ਘੱਟ ਕਹਿਣਾ ਬਿਲਕੁਲ ਬੇਸਮਝੀ ਹੈ ਤੇ ਇਹ ਝਗੜਾ ਛੇੜ ਕੇ ਲੋਕਾਂ ਦੇ ਜੀਵਨ ਨੂੰ ਬਰਬਾਦ ਕਰਨਾ ਹੈ। ਅਸਲ, ਗੱਲ ਇਹ ਹੈ ਕਿ ਇਸਤਰੀਆਂ ਨੂੰ ਦੱਸੋਂ ਕਿ ਉਨ੍ਹਾਂ ਦੇ ਕੀ ਫ਼ਰਜ਼ ਹਨ ਤੇ ਇਸੇ ਤਰ੍ਹਾਂ ਮਰਦਾਂ ਨੂੰ ਦੱਸੋਂ ਕਿ ਉਨ੍ਹਾਂ ਦੇ ਕੀ ਫ਼ਰਜ਼ ਹਨ! ਜੇ ਹੱਕ ਵੰਡਣ ਦਾ ਝਗੜਾ ਛੇੜੋਗੇ ਤਾਂ ਇਹ ਝਗੜਾ ਨਾ ਮੁੱਕਣ ਵਾਲਾ ਬਣ ਜਾਏਗਾ ਤੇ ਇਸ ਦੇ ਨਤੀਜੇ ਭੈੜੇ ਨਿਕਲਣਗੇ।

ਜੋ ਵਧੀਕੀ ਕੋਈ ਕਰ ਰਿਹਾ ਹੈ, ਉਸ ਨੂੰ ਬੇਸ਼ਕ ਦੱਸੋ ਤੇ ਉਸ ਤੋਂ ਹਟਾਓ। ਸਾਡੇ ਦੇਸ਼ ਵਿਚ ਇਸਤਰੀਆਂ ਉੱਤੇ ਬਹੁਤ ਜ਼ੁਲਮ ਹੋ ਰਿਹਾ ਹੈ ਤੇ ਮਰਦਾਂ ਨੂੰ ਸਮਝਾ ਕੇ ਇਸ ਤੋਂ ਹਟਾਇਆ ਜਾਵੇ ਜਾਂ ਸੁਸਾਇਟੀ ਦੀ ਰਾਏ ਹੀ ਅਜਿਹੀ ਪੈਦਾ ਕਰ ਦਿਉ ਕਿ ਇਸਤਰੀਆਂ ਤੋਂ ਜ਼ੁਲਮ ਹਟ ਜਾਵੇ ਪਰ ਇਸਤਰੀ ਮਰਦ ਵਿਚ ਫ਼ਸਾਦ

ਕਰਾਉਣ ਦੀਆਂ ਵਿਉਂਤਾਂ ਨਾ ਕੱਢੋ।

ਇਤਰਾਜ਼ ਕੀਤਾ ਜਾਂਦਾ ਹੈ ਕਿ ਇਸਤਰੀ ਮਰਦ ਦੇ ਚਾਲ-ਚਲਨ ਦਾ ਮਾਪ ਹੀ ਵੱਖੋ-ਵੱਖਰਾ ਕਿਉਂ ਰੱਖਿਆ ਹੋਇਆ ਹੈ ? ਇਹ ਵੱਖੋ-ਵੱਖਰਾ ਮਾਪ ਕਿਸ ਨੇ ਰੱਖਿਆ ਹੈ ? ਕੁਦਰਤ ਨੇ ਮਰਦ ਤੇ ਇਸਤਰੀ ਦੀ ਸ਼ਕਲ, ਬਣਾਵਟ, ਸੁਭਾਅ ਤੇ ਹਾਲਾਤ ਵਿਚ ਇਹ ਫ਼ਰਕ ਪਾ ਦਿੱਤਾ ਹੈ। ਜਿਸ ਕਰਕੇ ਦੋਹਾਂ ਦੇ ਚਾਲ-ਚਲਨ ਦਾ ਅੰਦਾਜ਼ਾ ਲਾਣ ਲਈ ਵੱਖੋ-ਵੱਖਰੇ ਮਾਪ ਵਰਤੇ ਜਾਂਦੇ ਹਨ। ਇਹ ਸਦਾ ਤੋਂ ਵੱਖੋ-ਵੱਖਰੇ ਰਹੇ ਹਨ ਤੇ ਸਦਾ ਵੱਖੋ-ਵੱਖਰੇ ਰਹਿਣਗੇ। ਇਸ ਵਾਧੂ ਦੇ ਝਗੜੇ ਨੂੰ ਛੇੜਣ ਦਾ ਲਾਭ ਹੀ ਕੀ ਹੈ ? ਤੁਸੀਂ ਲਾ ਲਵੋ ਜਿਤਨਾ ਟਿਲ ਤੁਹਾਥੋਂ ਲੱਗਦਾ ਹੈ। ਇਸਤਰੀ ਮਰਦ ਦੇ ਚਾਲ-ਚਲਨ ਦੇ ਮਾਪ ਵੱਖੋ-ਵੱਖਰੇ ਰਹਿਣਗੇ। ਕਿਉਂਕਿ ਉਨ੍ਹਾਂ ਦੇ ਸੁਭਾਅ ਹੀ ਕੁਦਰਤ ਨੇ ਵੱਖੋ-ਵੱਖਰੇ ਬਣਾ ਦਿੱਤੇ ਹਨ। ਚਾਲ-ਚਲਨ ਦਾ ਮਾਪ ਮੁਕਰਰ ਕਰਨਾ ਨਿਰਾ ਆਦਮੀ ਜਾਂ ਸੁਸਾਇਟੀ ਦੇ ਹੱਥ ਨਹੀਂ ਹੈ। ਇਸ ਵਿਚ ਤਾਂ ਕੁਦਰਤੀ ਸੁਭਾਅ ਕੁਦਰਤੀ ਹਾਲਤ ਦਾ ਬਾਹਰਲਾ ਅਸਰ ਹੈ। ਇਨ੍ਹਾਂ ਕੁਦਰਤ ਦੇ ਕੰਮਾਂ ਵਿਚ ਤੁਹਾਡਾ ਕੋਈ ਹੱਥ ਨਹੀਂ ਹੈ, ਇਸ ਕਰਕੇ ਕੁਦਰਤ ਦੀਆਂ ਮੁਕਰਰ ਕੀਤੀਆਂ ਗੱਲਾਂ ਦੇ ਮੁਤਾਬਕ ਜੋ ਫ਼ਰਕ ਇਸਤਰੀ ਮਰਦ ਦਾ ਹੈ, ਉਸ ਦਾ ਅਸਰ ਦੋਹਾਂ ਦੇ ਜੀਵਨ ਦੇ ਹਰ ਕੰਮ ਉੱਤੇ ਰਹੇਗਾ।

ਜੇਕਰ ਦੁਨੀਆਂ ਵਿਚ ਘਰੋਗੀ ਅਮਨ ਤੇ ਸੁਖ ਪੈਦਾ ਕਰਨਾ ਚਾਹੁੰਦੇ ਹੋ, ਤਾਂ ਇਸਤਰੀ ਮਰਦ ਨੂੰ ਹੱਕ ਦੱਸ-ਦੱਸ ਕੇ ਲੜਾਈਆਂ ਨਾ ਕਰਾਉ, ਕਿਉਂਕਿ ਹੱਕਾਂ ਦਾ ਮਾਪ ਨਾ ਲੱਭਣਾ ਹੈ ਤੇ ਨਾ ਇਹ ਵੰਡੇ ਜਾਣੇ ਹਨ। ਹੱਕ ਤਾਂ ਸਾਂਝੇ ਹੀ ਰਹਿਣਗੇ ਤੇ ਹੱਕਾਂ ਉੱਤੇ ਜ਼ੋਰ ਦੇਣ ਨਾਲ ਤੁਸੀਂ ਦੋਹਾਂ ਨੂੰ ਖੁਦਗਰਜ਼ ਬਣਾ ਦਿਉਗੇ ਤੇ ਇਸਤਰੀ ਮਰਦ ਦਾ ਲਾਂਘਾ ਪਿਆਰ ਬੇਗਰਜ਼ੀ ਦੇ ਆਸਰੇ ਹੈ ਨਾ ਕਿ ਖੁਦਗਰਜ਼ੀ ਦੇ ਆਸਰੇ। ਹਾਂ, ਦੋਹਾਂ ਨੂੰ ਆਪਣੇ ਆਪਣੇ ਫਰਜ਼ ਦੱਸੋ ਤੇ ਜ਼ਰੂਰ ਦੱਸੋ। ਇਸ ਤਰ੍ਹਾਂ ਨਾ ਇਸਤਰੀਆਂ ਉੱਤੇ ਹੋ ਰਹੇ ਜ਼ੁਲਮ ਭੀ ਹਟ ਜਾਣਗੇ ਤੇ ਸਾਡੇ ਘਰੋਗੀ ਜੀਵਨ ਵਿਚ ਮਿਠਾਸ ਵੱਧ ਕੇ ਸ਼ਾਂਤੀ ਤੇ ਸੁਖ ਹੋ ਜਾਵੇਗਾ।

ਪੁਰਾਣੇ ਹਿੰਦੂ ਗ੍ਰੰਥਾਂ ਵਿਚ ਇਸਤਰੀਆਂ ਨੂੰ ਤਾਂ ਆਪਣੇ ਫਰਜ਼ ਪਛਾਨਣ ਉੱਤੇ ਬੜਾ ਜ਼ੋਰ ਦਿੱਤਾ ਗਿਆ ਹੈ, ਪਰ ਮਰਦਾਂ ਦੇ ਫਰਜ਼ਾਂ ਉੱਤੇ ਜ਼ੋਰ ਨਹੀਂ ਦਿੱਤਾ। ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਇਸਤਰੀਆਂ ਉੱਤੇ ਜ਼ੁਲਮ ਵੱਧ ਗਿਆ ਹੈ। ਹੁਣ ਜਿਥੇ ਮਰਦਾਂ ਨੂੰ ਫਰਜ਼ ਸਿਖਾਣ ਦੀ ਲੋੜ ਹੈ, ਉਥੇ ਇਸਤਰੀਆਂ ਨੂੰ ਫਰਜ਼ ਭੁਲਾਣ ਦੀ ਉਪਦੇਸ਼ ਨਾ ਦਿਉ।

✲ ✲ ✲

ਦੁਨੀਆਂ ਦੀ ਤਬਾਹੀ ਦਾ ਕਾਰਨ

ਧਰਮ ਕਿ ਦੇਸ਼ ਭਗਤੀ

ਪਿੱਛੇ ਜਿਹੇ ਆਮ ਖ਼ਿਆਲ ਸੀ ਕਿ ਜੋ ਝਗੜੇ ਜਾਂ ਖਰਾਬੀਆਂ ਹੋ ਰਹੀਆਂ ਹਨ ਇਸ ਦਾ ਕਾਰਨ ਧਰਮ ਪ੍ਰਚਾਰ ਦਾ ਘਾਟਾ ਹੈ। ਥਾਂ-ਥਾਂ ਇਹੋ ਹੀ ਬਿਆਨ ਹੁੰਦੇ ਸਨ ਤੇ ਇਸੇ ਗੱਲ ਉੱਤੇ ਜ਼ੋਰ ਦਿੱਤਾ ਜਾਂਦਾ ਸੀ ਪਰ ਅੱਜ ਜ਼ਮਾਨਾ ਪਲਟ ਰਿਹਾ ਹੈ। ਸਗੋਂ ਉਲਟ ਰਿਹਾ ਹੈ। ਅੱਜ ਕਈ ਲੋਕ ਇਸ ਗੱਲ ਉੱਤੇ ਫ਼ਖ਼ਰ ਕਰਨ ਲੱਗ ਪਏ ਹਨ ਕਿ ਸਾਡਾ ਕੋਈ ਧਰਮ ਨਾਲ ਸਬੰਧ ਨਹੀਂ ਹੈ। ਅੱਜ ਕਈ ਸੱਜਣ ਸਿੱਖਾਂ ਵਿੱਚੋਂ ਭੀ ਨਿਕਲ ਪਏ ਹਨ, ਜੋ ਧਾਰਮਿਕ ਆਗੂਆਂ ਜਾਂ ਪ੍ਰਚਾਰਕਾਂ ਦੇ ਪਖੰਡ ਨੂੰ ਵੇਖ ਕੇ ਧਰਮ ਦੇ ਵਿਰੁੱਧ ਹੀ ਗੁੱਸਾ ਕੱਢ ਦੇ ਹਨ।

ਇਸ ਕਰਕੇ ਇਹ ਜ਼ਰੂਰੀ ਭਾਸਦਾ ਹੈ ਕਿ ਅਸੀਂ ਥੋੜ੍ਹੀ ਜੇਹੀ ਡੂੰਘੀ ਵਿਚਾਰ ਕਰੀਏ ਤੇ ਇਹ ਵੇਖੀਏ, ਕਿ ਦੁਨੀਆਂ ਵਿਚ ਜੋ ਉਪੱਦਰ ਤੇ ਕਤਲ ਹੋ ਰਹੇ ਹਨ, ਉਨ੍ਹਾਂ ਦਾ ਦੋਸ਼ ਧਰਮ ਦੇ ਸਿਰ ਵਧੇਰੇ ਆਉਂਦਾ ਹੈ ਕਿ ਦੇਸ਼ ਭਗਤੀ ਦੇ। ਧਰਮ ਤੇ ਦੇਸ਼ ਭਗਤੀ ਦੋਵੇਂ ਹੀ ਆਪਣੀ ਗਰਜ਼ ਨੂੰ ਕੁਰਬਾਨ ਕਰਨਾ ਸਿਖਾਂਦੇ, ਪਰ ਕਈ ਹਾਲਤਾਂ ਵਿਚ ਇਹ ਦੋਵੇਂ ਹੀ ਦੁਨੀਆਂ ਦੀ ਤਬਾਹੀ ਦਾ ਕਾਰਨ ਬਣਦੇ ਹਨ।

ਅਸਲ ਗੱਲ ਇਹ ਹੈ ਕਿ ਆਦਮੀ ਦੀ ਖ਼ਸਲਤ ਵਿਚ ਸ਼ੈਤਾਨੀ ਅਣਖ ਹੈ ਤੇ ਆਦਮੀ ਹਰ ਚੰਗੀ ਤੋਂ ਚੰਗੀ ਗੱਲ ਵਿਚ ਭੀ ਝਗੜੇ ਤੇ ਫ਼ਸਾਦ ਦੀ ਗੁੰਜਾਇਸ਼ ਕੱਢ ਲੈਂਦਾ ਹੈ। ਝਗੜੇ ਫ਼ਸਾਦਾਂ ਨੂੰ ਮਿਟਾਉਣ ਲਈ ਧਰਮ ਉਪਦੇਸ਼ ਤੋਂ ਉਤਮ ਕੋਈ ਵਸਤੂ ਨਹੀਂ ਹੈ, ਪਰ ਇਨ੍ਹਾਂ ਨੂੰ ਹੀ ਆਦਮੀ ਫ਼ਸਾਦ ਦੇ ਕਤਲਾਂ ਦਾ ਕਾਰਨ ਬਣਾ ਲੈਂਦਾ ਹੈ। ਆਦਮੀ ਦੀ ਇਸ ਖ਼ਸਲਤ ਨੂੰ ਠੀਕ ਭੀ ਧਰਮ ਉਪਦੇਸ਼ ਕਰ ਸਕਦਾ ਹੈ।

ਜਿਸ ਵੇਲੇ ਆਦਮੀ ਧਰਮ ਉੱਤੇ ਨਹੀਂ ਚਲਦਾ, ਸਗੋਂ ਧਰਮ ਨੂੰ ਭੀ ਇਕ ਧੜਾ ਹੀ ਸਮਝ ਲੈਂਦਾ ਹੈ ਤਾਂ ਧਰਮ ਆਪਣੇ ਮੰਤਵ ਦੇ ਉਲਟ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਧਰਮ ਵਿਗੜ ਕੇ ਲੜਾਈ ਦਾ ਕਾਰਨ ਬਣ ਜਾਂਦਾ ਹੈ। ਧਰਮ ਤਾਂ ਇਹ ਕਹਿੰਦਾ ਹੈ ਕਿ ਦੁਨੀਆਂ ਦੇ ਮਨੁੱਖ ਜੀਵ ਮਾਤਰ ਦੀ ਸੇਵਾ ਕਰੋ, ਪਰਉਪਕਾਰ ਕਰੋ, ਆਪਣਾ ਆਪ ਗੰਵਾਓ, ਸਭ ਨਾਲ ਪਿਆਰ ਕਰੋ, ਆਪ ਨੂੰ ਸਭ ਤੋਂ ਨੀਂਵਾ ਸਮਝੋਂ, ਆਪਣੀ ਖ਼ੁਦਗਰਜ਼ੀ ਛੱਡੋ ਤੇ ਸਭ ਨਾਲ ਪ੍ਰੇਮ ਕਰੋ। ਇਸ ਤਰ੍ਹਾਂ ਪ੍ਰੇਮ ਭਰੇ ਵਤੀਰੇ ਵਿਚ ਕਿਸੇ ਗੁੱਸੇ ਵਿਚ ਆ ਕੇ ਲੜਾਈ ਝਗੜਾ ਹੋਣਾ ਅਸੰਭਵ ਹੈ ਪਰ ਸਾਡੀ ਤਬੀਅਤ ਵਿਚ ਲੜਾਈ ਝਗੜਾ ਇਤਨਾ ਫਸਿਆ ਹੋਇਆ ਹੈ ਕਿ ਅਸੀਂ

ਪ੍ਰੇਮਮਈ ਧਰਮ ਨੂੰ ਨਫ਼ਰਤ ਦਾ ਅੱਡਾ ਬਣਾ ਲੈਂਦੇ ਹਾਂ ਤੇ ਇਸ ਦਾ ਕਾਰਨ ਦੁਨੀਆਂ ਦੀ ਤਬਾਹੀ ਨਿਕਲਦਾ ਹੈ। ਧਰਮ ਦੇ ਨਾਮ ਹੇਠ ਦੁਨੀਆਂ ਵਿਚ ਬੜੇ ਕਤਲ ਤੇ ਅਪਰਾਧ ਹੋਏ ਹਨ ਤੇ ਅਜੇ ਭੀ ਹੁੰਦੇ ਹਨ, ਪਰ ਇਹ ਗੱਲ ਭੁੱਲਣ ਵਾਲੀ ਨਹੀਂ ਕਿ ਧਰਮ ਆਪਣੇ ਨਿਸ਼ਾਨੇ ਤੋਂ ਗਿਰ ਕੇ, ਸਗੋਂ ਆਪਣੇ ਨਿਸ਼ਾਨੇ ਤੋਂ ਉਲਟ ਚੱਲਣ ਕਰਕੇ, ਹੀ ਤਬਾਹੀ ਦਾ ਕਾਰਨ ਬਣਦਾ ਹੈ। ਧਰਮ ਜੇ ਠੀਕ ਨਿਸ਼ਾਨੇ ਉੱਤੇ ਰਹੇ ਤਾਂ ਸਾਂਤੀ ਪ੍ਰੇਮ ਦਾ ਕਾਰਨ ਬਣਦਾ ਹੈ ਤੇ ਇਸ ਨਿਸ਼ਾਨੇ ਤੋਂ ਗਿਰ ਕੇ ਹੀ ਪੰਥ ਤਬਾਹੀ ਦਾ ਕਾਰਨ ਬਣਦਾ ਹੈ। ਜੋ ਦੁਨੀਆਂ ਦੀ ਤਬਾਹੀ ਧਰਮ ਦੇ ਮੱਥੇ ਮੜ੍ਹੀ ਜਾਂਦੀ ਹੈ, ਉਹ ਅਸਲ ਵਿਚ ਧਰਮ ਦੇ ਵਿਗਾੜ ਦੇ ਜ਼ਿੰਮੇ ਹੈ।

ਦੂਜੇ ਪਾਸੇ ਦੇਸ਼ ਭਗਤੀ ਦੇ ਕਾਰਨ ਦੁਨੀਆਂ ਬਹੁਤ ਤਬਾਹ ਹੋਈ ਹੈ ਤੇ ਹੋ ਰਹੀ ਹੈ। ਬੇਸ਼ਕ ਦੇਸ਼ ਭਗਤ ਆਪਣੀ ਗਰਜ਼ ਲਈ ਨਹੀਂ ਲੜਦਾ, ਪਰ ਫਿਰ ਭੀ ਉਹ ਆਪਣੇ ਪ੍ਰੇਮ ਦਾ ਹਲਕਾ ਆਪਣੇ ਦੇਸ਼ ਤੱਕ ਰੱਖਦਾ ਹੈ, ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਦੂਜੇ ਦੇਸ਼ ਵਾਲਿਆਂ ਨਾਲ ਝਗੜਾ ਹੋ ਜਾਂਦਾ ਹੈ। ਪਿਛਲੇ ਭਿਆਨਕ ਯੂਰਪ ਦੇ ਜੰਗ ਦਾ ਕਾਰਨ ਇਹ ਦੇਸ਼ ਭਗਤੀ ਹੀ ਸੀ ਤੇ ਹੁਣ ਭੀ ਜੋ ਜੰਗ ਹੋਵੇਗਾ, ਉਹ ਦੇਸ਼ ਭਗਤੀ ਦੇ ਕਾਰਨ ਹੀ ਹੋਵੇਗੀ। ਇਸ ਕਰਕੇ ਦੇਸ਼ ਭਗਤੀ ਦਾ ਤਾਂ ਜ਼ਰੂਰੀ ਨਤੀਜਾ ਜੰਗ ਤੇ ਤਬਾਹੀ ਹੈ। ਅੱਜ ਸਾਡੀ ਦੇਸ਼ ਭਗਤੀ ਇਹ ਮੰਗ ਕਰਦੀ ਹੈ ਕਿ ਅਸੀਂ ਹਿੰਦੁਸਤਾਨ ਨੂੰ ਆਜ਼ਾਦ ਕਰਾਈਏ ਤੇ ਅੰਗ੍ਰੇਜ਼ਾਂ ਦੀ ਦੇਸ਼ ਭਗਤੀ ਇਹ ਮੰਗ ਕਰਦੀ ਹੈ ਕਿ ਉਹ ਸਾਨੂੰ ਦਬਾਈ ਰੱਖਣ। ਇਸ ਕਰਕੇ ਸਾਡੇ ਆਪ ਵਿਚ ਝਗੜੇ ਤੇ ਫ਼ਸਾਦਾਂ ਦਾ ਕਾਰਨ ਇਹ ਦੇਸ਼ ਭਗਤੀ ਹੀ ਹੈ।

ਇਸ ਵਾਸਤੇ ਤੇ ਧਰਮ ਦੇਸ਼ ਭਗਤੀ ਦੋਵੇਂ ਹੀ ਜੰਗਾਂ ਤੇ ਫ਼ਸਾਦਾਂ ਦੇ ਕਾਰਨ ਬਣਦੇ ਹਨ। ਫ਼ਰਕ ਇਹ ਹੈ ਕਿ ਧਰਮ ਤਾਂ ਵਿਗੜ ਕੇ ਫ਼ਸਾਦਾਂ ਦਾ ਕਾਰਨ ਬਣਦਾ ਹੈ ਤੇ ਦੇਸ਼ ਭਗਤੀ ਠੀਕ ਰੂਪ ਵਿਚ ਹੀ ਫ਼ਸਾਦਾਂ ਦਾ ਕਾਰਨ ਹੁੰਦੀ ਹੈ। ਧਰਮ ਤਾਂ ਉਸ ਹਾਲਤ ਵਿਚ ਤਬਾਹੀ ਦਾ ਕਾਰਨ ਬਣਦਾ ਹੈ ਜਦ ਇਹ ਆਪਣੇ ਅਸੂਲ ਤੇ ਨਿਸ਼ਾਨੇ ਤੋਂ ਭੁਲ ਜਾਵੇ ਤੇ ਦੇਸ਼ ਭਗਤੀ ਉਸ ਹਾਲਤ ਵਿਚ ਤਬਾਹੀ ਦਾ ਕਾਰਨ ਬਣਦੀ ਹੈ ਜਦ ਇਹ ਆਪਣੇ ਅਸਲ ਰੂਪ ਤੇ ਅਸਲ ਨਿਸ਼ਾਨੇ ਉੱਤੇ ਕਾਇਮ ਰਹੇ। ਧਰਮ ਤਾਂ ਪ੍ਰੇਮਮਈ ਹੈ ਪਰ ਵਿਗੜ ਕੇ ਨਫ਼ਰਤ ਫ਼ੈਲਾਂਦਾ ਹੈ, ਦੇਸ਼ ਭਗਤੀ ਆਪਣੇ ਦੇਸ਼ ਦੇ ਪ੍ਰੇਮ ਦੇ ਨਾਲ ਦੂਜਿਆਂ ਦੇ ਵਿਰੁੱਧ ਹੋਣਾ ਭੀ ਸਿੱਖਾਂਦੀ ਹੈ। ਦੇਸ਼ ਭਗਤੀ ਦੇ ਵਿਗੜਨ ਦੀ ਲੋੜ ਨਹੀਂ ਹੈ, ਇਹ ਤਾਂ ਸਵਰੀ ਹੋਈ ਹੀ ਤਬਾਹੀ ਕਰਦੀ ਹੈ। ਵਿਗੜੀ ਦੇਸ਼ ਭਗਤੀ ਤਾਂ ਬਾਹਲੇ ਹੀ ਕਾਰੇ ਕਰਦੀ ਹੈ, ਜੋ ਇਥੇ ਦੱਸਣ ਦੀ ਲੋੜ ਨਹੀਂ।

ਦੁਨੀਆਂ ਵਿਚ ਅਸਲ ਅਮਨ ਕਰਨ ਵਾਲੀ ਚੀਜ਼ ਧਰਮ ਤੇ ਸੱਚਾ ਧਰਮ ਤੇ ਅਸਲ ਰੂਪ ਵਿਚ ਧਰਮ ਹੈ। ਅਸੀਂ ਦੇਸ਼ ਭਗਤ ਨਾ ਹੋਵੀਏ, ਸਗੋਂ ਪਰਜਾ ਭਗਤ ਹੋਵੀਏ। ਸਾਡਾ ਨਿਸ਼ਾਨਾ ਆਪਣੇ ਦੇਸ਼ ਦੀ ਸੇਵਾ ਕਰਨਾ ਨਾ ਹੋਵੇ, ਸਗੋਂ ਮਜ਼ਲੂਮ ਤੇ ਦੁਖੀ ਦੀ ਸੇਵਾ ਕਰਨਾ ਹੋਵੇ। ਜੋ ਅੱਜ ਹਿੰਦੁਸਤਾਨ ਮਜ਼ਲੂਮ ਤੇ ਦੁੱਖੀ ਹੈ ਤਾਂ

ਅਸੀਂ ਹਿੰਦੁਸਤਾਨ ਦੀ ਸੇਵਾ ਕਰੀਏ, ਪਰ ਜੇ ਕਲ੍ਹ ਇੰਗਲੈਂਡ ਮਜ਼ਲੂਮ ਜਾਂ ਦੁੱਖੀ ਹੋਵੇ, ਤਾਂ ਸਾਡਾ ਸੱਚਾ ਧਰਮ ਇਹ ਦੱਸਦਾ ਹੈ ਕਿ ਅਸੀਂ ਮਜ਼ਲੂਮ ਇੰਗਲੈਂਡ ਦੀ ਸੇਵਾ ਕਰੀਏ। ਗੁਰੂ ਗੋਬਿੰਦ ਸਿੰਘ ਜੀ ਨੇ ਮਜ਼ਲੂਮਾਂ ਦੀ ਸੇਵਾ ਕੀਤੀ ਸੀ ਤੇ ਸਾਨੂੰ ਭੀ ਉਹੋ ਕੁਝ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਧਰਮ ਦਾ ਨਿਸ਼ਾਨਾ ਰੱਖ ਕੇ ਚਲਣ ਵਾਲਾ ਸਿੱਖ ਦੁਨੀਆਂ ਵਿੱਚੋਂ ਫ਼ਸਾਦ ਤੇ ਦਵੈਤ ਭਾਵ ਹਟਾਏਗਾ, ਪਰ ਤੰਗ ਦਿਲ ਦੇਸ਼ ਭਗਤ (ਜੋ ਆਪਣੇ ਦੇਸ਼ ਨੂੰ ਦੂਜੇ ਦੇਸ਼ਾਂ ਤੋਂ ਵਧਾਣ ਦਾ ਯਤਨ ਕਰਦਾ ਹੋਵੇ) ਫ਼ਸਾਦਾਂ ਤੇ ਨਫ਼ਰਤ ਦਾ ਕਾਰਨ ਬਣੇਗਾ।

ਇਸ ਵੇਲੇ ਬੋਲਸ਼ੇਵਿਕ ਹੀ ਕੇਵਲ ਅਜੇਹੇ ਹਨ, ਜੋ ਦੇਸ਼ ਭਗਤੀ ਦੀ ਥਾਂ ਮਨੁੱਖ ਮਾਤਰ ਦੀ ਭਗਤੀ ਨੂੰ ਉੱਤਮ ਸਮਝਦੇ ਹਨ। ਬੇਸ਼ੱਕ ਉਨ੍ਹਾਂ ਦਾ ਨਿਸ਼ਾਨਾ ਪਵਿੱਤਰ ਧਰਮ ਨਹੀਂ ਹੈ। ਜਿਸ ਕਰਕੇ ਸਾਨੂੰ ਡਰ ਹੈ ਕਿ ਉਹ ਕਿਧਰੇ ਠਿਕਾਣੇ ਤੋਂ ਲਾਂਭੇ ਨਾ ਹੋ ਜਾਣ, ਪਰ ਉਨ੍ਹਾਂ ਇਕ ਅਜਿਹਾ ਅਸੂਲ ਜ਼ਰੂਰ ਕਾਇਮ ਕੀਤਾ ਹੈ, ਜੋ ਜੇ ਕਰ (ਧਰਮ ਦੀ ਮਦਦ ਨਾਲ ਜਾਂ ਧਰਮ ਤੋਂ ਬਿਨਾਂ) ਅਮਲ ਵਿਚ ਆ ਜਾਵੇ ਤਾਂ ਦੁਨੀਆਂ ਵਿਚ ਸਾਂਤੀ ਤੇ ਅਮਨ ਹੋ ਸਕਦਾ ਹੈ। ਇਸ ਗੱਲ ਉੱਤੇ ਅਸੀਂ ਫਿਰ ਕਦੀ ਵਿਚਾਰ ਕਰਾਂਗੇ ਕਿ ਇਸ ਅਸੂਲ ਦੇ ਅਮਲ ਵਿਚ ਆਵਣ ਲਈ ਧਰਮ ਦੀ ਕਿਸ ਤਰ੍ਹਾਂ ਪੂਰੀ ਮਦਦ ਦੀ ਲੋੜ ਹੈ ਤੇ ਧਰਮ ਦੀ ਮਦਦ ਬਿਨਾਂ ਇਸ ਨੇਕ ਅਸੂਲ ਦਾ ਕਾਇਮ ਰਹਿਣਾ ਕਿਸ ਤਰ੍ਹਾਂ ਅਸੰਭਵ ਹੈ।

✡ ✡ ✡

ਸਿੱਖੀ ਨੂੰ ਖ਼ਤਰਾ ਤੇ ਸਿੱਖ ਮੁੱਖੀਆਂ ਅੱਗੇ ਅਪੀਲ

ਖ਼ੁਦਗਰਜ਼ੀ ਦੇ ਕਈ ਰੰਗਾਂ ਦੇ ਚਮਤਕਾਰੇ

ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੈਂ ਇਸ ਵੇਲੇ ਸਿੱਖ ਧਰਮ ਤੇ ਸਿੱਖ ਪੰਥ ਦੀ ਬਹੁਤ ਕਮਜ਼ੋਰ ਹਾਲਤ ਵੇਖ ਰਿਹਾ ਹਾਂ ਤੇ ਵੱਧ ਅਫ਼ਸੋਸ ਇਸ ਕਰਕੇ ਹੈ ਕਿ ਸਿੱਖ ਇਸ ਗੱਲ ਨੂੰ ਮਹਿਸੂਸ ਹੀ ਨਹੀਂ ਕਰ ਰਹੇ। ਇਸ ਵੇਲੇ ਸਿੱਖ ਕੌਮ ਹਰ ਥਾਂ 'ਤੇ ਹਰ ਗੱਲ ਵਿਚ ਫੁੱਟੀ ਪਈ ਹੈ। ਜਿਥੇ ਜਾਓ ਕਿਸੇ ਨਾ ਕਿਸੇ ਤਰ੍ਹਾਂ ਦੀ ਧੜੇਬੰਦੀ ਹੀ ਨਜ਼ਰ ਆਉਂਦੀ ਹੈ। ਮੈਨੂੰ ਬਾਹਰ ਦੇ ਖ਼ਤਰਿਆਂ, ਫ਼ੈਸਲੇ ਤੇ ਹੋਰ ਅਸਿੱਖ ਲੋਕਾਂ ਦੇ ਝੂਠੇ ਪ੍ਰਚਾਰ ਤੋਂ ਜ਼ਰਾ ਭੀ ਡਰ ਨਹੀਂ ਲੱਗਦਾ, ਪਰ ਜਦ ਕੌਮ ਦੀ ਅੰਦਰੂਨੀ ਹਾਲਤ ਵੇਖਦਾ ਹਾਂ ਤਾਂ ਦਿਲ ਫਟ ਜਾਂਦਾ ਹੈ, ਇਸ ਵਿਚ ਕਸੂਰ ਕਿਸ ਦਾ ਹੈ ? ਹਰ ਇਕ ਸਿੱਖ ਦਾ ਜੋ ਇਸ ਹਾਲਤ ਨੂੰ ਵੇਖ ਕੇ ਸ਼ਾਂਤੀ ਨਾਲ ਰੋਟੀ ਖ਼ਾਂਦਾ ਤੇ ਸੌਂਦਾ ਹੈ। ਹਾਲਤ ਬਹੁਤ ਵਿਗੜਦੀ ਜਾ ਰਹੀ ਹੈ। ਧੜੇਬਾਜ਼ੀ ਪੁਰਾਣੀ ਕਾਇਮ ਰਹਿੰਦੀ ਹੈ ਤੇ ਨਵੀਂ ਹੋਰ ਬਣ ਜਾਂਦੀ ਹੈ। ਮੈਂ ਬਥੇਰਾ ਯਤਨ ਕੀਤਾ ਹੈ ਕਿ ਕਿਸੇ ਤਰ੍ਹਾਂ ਇਹ ਉਲਝਣ ਨਿਕਲੇ, ਪਰ ਕੋਈ ਸਮਝ ਨਹੀਂ ਆਉਂਦੀ ਤੇ ਨਾ ਇਸ ਉਲਝੇ ਹੋਏ ਵਾਣ ਦਾ ਕੋਈ ਸਿਰਾ ਹੀ ਲੱਭਦਾ ਹੈ। ਹਿੰਦੁਸਤਾਨ ਦੇ ਮੁਲਕੀ ਆਗੂ ਤਾਂ ਇਤਨੀ ਅਕਲ ਰੱਖਦੇ ਹਨ ਕਿ ਸਮੇਂ ਅਨੁਸਾਰ ਪੁਰਾਣੇ ਵੈਰੀ ਭੀ ਇਕੱਠੇ ਹੋ ਜਾਂਦੇ ਹਨ। ਅੱਜ ਡਾਕਟਰ ਸਪਰੂ, ਡਾ ਐਨਬੀਸੇਂਟ, ਪੰਡਤ ਨਹਿਰੂ, ਪੰ: ਮਾਲਵੀਆ ਤੇ ਲਾਲਾ ਲਾਜਪਤ ਰਾਏ ਵਰਗੇ ਸਭ ਇਕੱਠੇ ਹੋ ਬੈਠੇ ਹਨ। ਇਹਨਾਂ ਸਭਨਾਂ ਦੇ ਅੱਡੋ-ਅੱਡਰੇ ਖ਼ਿਆਲ ਸਨ ਤੇ ਅਜੇ ਦੋ ਵਰ੍ਹੇ ਨਹੀਂ ਹੋਏ ਕਿ ਮਾਡਰੇਟ, ਤੇਜ਼ ਖ਼ਿਆਲੀਏ ਤੇ ਆਜ਼ਾਦ ਪਾਰਟੀ ਵਾਲੇ ਸਭ ਇਕ ਦੂਜੇ ਨੂੰ ਗਾਲਾਂ ਕੱਢਦੇ ਤੇ ਸਖ਼ਤ ਲਫ਼ਜ਼ ਕਹਿੰਦੇ ਸਨ ਪਰ ਹੁਣ ਜਦ ਨਾਜ਼ੁਕ ਸਮਾਂ ਆਇਆ ਹੈ ਤਾਂ ਸਭ ਨੇ ਪਿਛਲੀਆਂ ਗੱਲਾਂ ਭੁਲਾਂ ਦਿੱਤੀਆਂ ਹਨ। ਕੋਈ ਨਹੀਂ ਕਹਿੰਦਾ ਕਿ ਡਾਕਟਰ ਸਪਰੂ ਉਹ ਸੀ, ਜਿਸ ਨੇ ਸਾਰੇ ਵਲੰਟੀਅਰਾਂ ਨੂੰ ਕੈਦ ਕਰਾਨ ਵਿਚ ਸਰਕਾਰ ਨੂੰ ਕਾਨੂੰਨੀ ਸਲਾਹ ਦਿੱਤੀ ਸੀ, ਕੋਈ ਨਹੀਂ ਕਹਿੰਦਾ ਕਿ ਲਾਲਾ ਲਾਜਪਤ ਰਾਏ ਉਹ ਸੀ, ਜਿਸ ਨੇ ਪੰਜਾਬ ਵਿਚ ਕਾਂਗਰਸ ਦਾ ਬੇੜਾ ਗਰਕ ਕੀਤਾ ਸੀ ਤੇ ਕਾਂਗਰਸ ਤੋਂ ਬਗਾਵਤ ਸਮੇਂ ਕਾਂਗਰਸ ਨੂੰ ਕਮਜ਼ੋਰ ਕੀਤਾ ਸੀ; ਕੋਈ ਨਹੀਂ ਕਹਿੰਦਾ ਕਿ ਪੰਡਤ ਮਾਲਵੀਆ ਉਹ ਹੈ ਜਿਸ ਨੇ ਬਾਰਦੌਲੀ ਜਾ ਕੇ ਮਹਾਤਮਾ ਗਾਂਧੀ ਤੋਂ ਸਤਿਆਗ੍ਰਹਿ ਬੰਦ ਕਰਵਾਇਆ ਸੀ; ਕੋਈ ਨਹੀਂ ਕਹਿੰਦਾ ਕਿ ਪੰਡਤ ਨਹਿਰੂ ਉਹ ਹੈ, ਜਿਸ ਨੇ ਮਾਡਰੇਟਾਂ ਦੀ ਵਿਰੁੱਧਤਾ ਦੀ ਅਗਵਾਈ ਕੀਤੀ ਸੀ। ਇਹ ਸਭ ਪੁਰਾਣੀਆਂ ਗੱਲਾਂ ਭੁਲਾ ਦਿੱਤੀਆਂ ਗਈਆਂ ਹਨ। ਸਿਆਣਪ,

ਵੱਡਦਿਲੀ ਤੇ ਬੇਗਰਜ਼ੀ ਇਸੇ ਵਿਚ ਹੈ। ਜੇ ਕਰ ਪੁਰਾਣੇ ਬੁਗਜ਼ ਆਪੋ ਵਿਚ ਦੇ ਕਾਇਮ ਰੱਖੇ ਜਾਣ ਤਾਂ ਕੌਮਾਂ ਕਮਜ਼ੋਰ ਹੋ ਜਾਂਦੀਆਂ ਹਨ ਪਰ ਸ਼ੋਕ ਹੈ ਕਿ ਇਸ ਤਰ੍ਹਾਂ ਮੁਲਕੀ ਲੀਡਰਾਂ ਦੇ ਨੇਕ ਮਿਸਾਲ ਤੋਂ ਭੀ ਸਬਕ ਨਹੀਂ ਸਿੱਖਦੇ।

ਸਾਡੇ ਵਿਚ ਪੁਰਾਣੇ ਬੁਗਜ਼, ਈਰਖਾ, ਤੰਗਦਿਲੀ ਤੇ ਆਕੜ ਉਸੇ ਤਰ੍ਹਾਂ ਭਰੀ ਪਈ ਹੈ। ਅਸੀਂ ਇਹ ਨਹੀਂ ਵਿਚਾਰਦੇ, ਕਿ ਕੌਮ ਦਾ ਭਲਾ ਕਿਸ ਵਿਚ ਹੈ, ਸਗੋਂ ਇਹ ਵਿਚਾਰਦੇ ਹਾਂ ਕਿ ਫਲਾਣੇ ਆਦਮੀ ਨੇ ਫਲਾਣੇ ਵੇਲੇ ਮੇਰੀ ਜਾਂ ਮੇਰੇ ਖ਼ਿਆਲਾਂ ਦੀ ਵਿਰੋਧਤਾ ਕੀਤੀ ਸੀ।

ਮੈਨੂੰ ਬੜਾ ਕੌੜਾ ਤਜ਼ਰਬਾ ਹੋਇਆ ਹੈ ਤੇ ਮੈਂ ਤੰਗ ਪੈ ਕੇ ਕੁਝ ਚਿਰ ਲਈ ਪੰਥ ਸੇਵਾ ਤੋਂ ਅੱਡਰਾ ਹੋ ਜਾਣ ਲਈ ਇਕ ਵੇਰਾਂ ਇਰਾਦਾ ਭੀ ਕਰ ਚੁੱਕਾ ਹਾਂ, ਤੇ ਹੁਣ ਭੀ ਦੋਚਿੰਤਾ ਹੀ ਫਿਰਦਾ ਹਾਂ। ਜੇ ਮੈਂ ਯਤਨ ਕਰਦਾ ਹਾਂ ਕਿ ਸਭ ਖ਼ਿਆਲਾਂ ਦੇ ਸਿੱਖ ਘਟੋ-ਘੱਟ ਧਾਰਮਿਕ ਮਾਮਲਿਆਂ ਵਿਚ ਇਕੱਠੇ ਹੋ ਜਾਣ ਤੇ ਇਸ ਤਰ੍ਹਾਂ ਨਾਲ ਧਰਮ ਪ੍ਰਚਾਰ ਵਿਚ ਨਵਾਂ ਉਤਸ਼ਾਹ ਪੈ ਜਾਵੇ, ਤਾਂ ਕੋਈ ਧਿਰ ਤਾਂ ਇਹ ਜਵਾਬ ਦੇਂਦੀ ਹੈ ਕਿ ਫਲਾਣੇ ਆਦਮੀ ਨਾਲ ਕਿਸ ਤਰ੍ਹਾਂ ਮੇਲ ਕਰੀਏ, ਉਸ ਨੇ ਤਾਂ ਅਕਾਲੀ ਲਹਿਰ ਵੇਲੇ ਸਾਨੂੰ ਖ਼ੂਬ ਗਾਲਾਂ ਕੱਢੀਆਂ ਸਨ; ਕੋਈ ਇਹ ਜ਼ਵਾਬ ਦੇਂਦਾ ਹੈ ਕਿ ਫਲਾਣੇ ਆਦਮੀ ਨੇ ਸਾਡੀ ਕੌਂਸਲ ਦੀ ਮੈਂਬਰੀ ਜਾਂ ਕਿਸੇ ਹੋਰ ਸਮੇਂ ਵਿਰੋਧਤਾ ਕੀਤੀ ਸੀ ਤੇ ਅੱਜ ਅਸੀਂ ਉਸ ਦੀ ਚੌਧਰ ਕਿਸ ਤਰ੍ਹਾਂ ਮੰਨ ਲਈਏ; ਕੋਈ ਇਹ ਜ਼ਵਾਬ ਦੇਂਦਾ ਹੈ ਕਿ ਸਾਨੂੰ ਤਾਂ ਫਲਾਣੇ ਆਦਮੀ ਨੇ ਭੰਡ ਦਿੱਤਾ ਸੀ ਤੇ ਸਾਡਾ ਹੁਣ ਬਦਲਾ ਲੈਣ ਦਾ ਸਮਾਂ ਆਇਆ ਹੈ। ਇਸ ਤਰ੍ਹਾਂ ਨਾਲ ਅਜੇਹੇ ਜ਼ਵਾਬ ਮਿਲਦੇ ਹਨ, ਜਿੰਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਪੰਥ ਦੇ ਆਗੂ ਪੰਥ ਦੀ ਇੱਜ਼ਤ ਨਾਲੋਂ ਆਪਣੀ ਇੱਜ਼ਤ ਨੂੰ ਵਧੇਰੇ ਪ੍ਰਵਾਹ ਕਰਦੇ ਹਨ ਤੇ ਇਨ੍ਹਾਂ ਵਿਚ ਖ਼ੁਦਗਰਜ਼ੀ ਕਾਫ਼ੀ ਹੈ, ਜੋ ਕਈ ਸ਼ਕਲਾਂ ਵਿਚ ਪ੍ਰਗਟ ਹੁੰਦੀ ਹੈ। ਕਿਤੇ ਤਾਂ ਇਹ ਖ਼ੁਦਗਰਜ਼ੀ ਪਾਰਟੀਬਾਜ਼ੀ ਵਿਚ ਪ੍ਰਗਟ ਹੁੰਦੀ ਹੈ, ਕਿਤੇ ਆਪਣੀ ਇੱਜ਼ਤ ਦੀ ਇੱਛਾ ਵਿਚ ਤੇ ਕਿਤੇ ਹੋਰ ਕਈ ਸ਼ਕਲਾਂ ਵਿਚ ਪਕੜਦੀ ਹੈ।

ਇਸ ਤਰ੍ਹਾਂ ਨਾਲ ਪੰਥ ਹੀ ਹਾਲਤ ਨਾ ਸੁਧਰਨ ਦਾ ਕਾਰਨ ਕੇਵਲ ਖ਼ੁਦਗਰਜ਼ੀ ਤੇ ਆਗੂਆਂ ਦੀ ਖ਼ੁਦਗਰਜ਼ੀ ਹੈ। ਖ਼ੁਦਗਰਜ਼ੀ ਤਾਂ ਹਰ ਇਕ ਵਿਚ ਹੈ ਪਰ ਇਸ ਦੀ ਕੋਈ ਤਾਂ ਹਦ ਹੋਣੀ ਚਾਹੀਦੀ ਹੈ। ਆਪਣੀ ਗਰਜ਼ ਪਿੱਛੇ ਆਪਣੇ ਪੰਥ ਦਾ ਘਾਤ ਕਰਨਾ ਸਖ਼ਤ ਪਾਪ ਹੈ ਤੇ ਅਸੀਂ ਇਸ ਪਾਪ ਦੇ ਭਾਗੀ ਬਣ ਰਹੇ ਹਾਂ। ਮੈਂ ਅੱਜ ਤੰਗ ਆ ਕੇ ਪੰਥ ਪਾਸ ਅਪੀਲ ਕਰਦਾ ਹਾਂ ਕਿ ਕੋਈ ਬਾਨ੍ਹਣ ਬਨ੍ਹੋ। ਮੈਨੂੰ ਕਈ ਤਜਵੀਜ਼ਾਂ ਸੁਝੀਆਂ ਹਨ, ਪਰ ਡਰ ਇਹੋ ਲੱਗਦਾ ਹੈ ਕਿ ਜੇ ਕੋਈ ਲਿਖਾਂ ਤਾਂ ਸਾਡੀ ਖ਼ੁਦਗਰਜ਼ੀ, ਉਨ੍ਹਾਂ ਤਜਵੀਜ਼ਾਂ ਵਿਚ ਅਜਿਹੇ ਨੁਕਸ ਲੱਭੇਗੀ ਕਿ ਇਹ ਫੁੱਟ ਸਗੋਂ ਵੱਧ ਜਾਏਗੀ ਇਕ ਨਾਲ ਸੁਲਹ ਕਰਨ ਲਈ ਦੋ ਹੋਰ ਨੂੰ ਤੋੜ ਲੈਣ ਦਾ ਕੋਈ ਲਾਭ ਨਹੀਂ ਹੈ। ਅੱਗੇ ਇਹੋ ਜਿਹੇ ਯਤਨਾਂ ਵਿਚ ਮੈਂ ਬਥੇਰਿਆਂ ਤੋਂ ਬੁਰਾ ਬਣ ਚੁੱਕਿਆ ਹਾਂ। ਕੋਈ ਕਹਿੰਦਾ ਹੈ ਕਿ ਇਹ ਦੀਵਾਨੀਆਂ ਬਣਦਾ ਜਾਂਦਾ ਹੈ,

ਕੋਈ ਕਹਿੰਦਾ ਹੈ ਇਹ ਫਲਾਣੇ ਦੇ ਢਹੇ ਚੜ੍ਹ ਗਿਆ ਹੈ, ਕੋਈ ਕਹਿੰਦਾ ਹੈ ਇਸ ਦੇ ਦਿਮਾਗ਼ ਵਿਚ ਧਰਮ ਨੇ ਫੋੜਾ ਕਰ ਦਿੱਤਾ ਹੈ। ਬਸ ਕੁਝ ਸੁਝਦਾ ਨਹੀਂ ਹੈ। ਧਰਮ ਨੇ ਜ਼ਰੂਰ ਮੇਰੇ ਦਿਮਾਗ਼ ਵਿਚ ਫੋੜਾ ਕੀਤਾ ਹੋਇਆ ਹੈ, ਪਰ ਇਹ ਫੋੜਾ ਪੁਰਾਣਾ ਹੈ ਨਵਾਂ ਨਹੀਂ ਤੇ ਇਸ ਫੋੜੇ ਦੇ ਦੁੱਖ ਦੇ ਕਾਰਨ ਹੀ ਤਾਂ ਮੈਂ ਰੋਂਦਾ ਹਾਂ। ਐ ਪੰਥ ਦੇ ਆਗੂਓ, ਐ ਪੰਥ ਦਾ ਦਰਦ ਰੱਖਣ ਵਾਲਿਓ, ਕੁਝ ਧਿਆਨ ਦੇਵੋ ਤੇ ਸਿੱਖ ਧਰਮ ਦੇ ਪ੍ਰਚਾਰ ਦਾ ਮੁੱਢ ਤਿਆਰ ਕਰੋ। ਪੰਥ ਨੂੰ ਮੁੜ ਇਕ ਜਾਨ ਤੇ ਇਕਮੁੱਠ ਕਰਨ ਦਾ ਕੋਈ ਨਾ ਕੋਈ ਉਪਰਾਲਾ ਕਰੋ ਅੱਜ ਪੰਥ ਦੇ ਆਗੂਆਂ ਵਿਚ ਭੀ ਧਰਮ ਭਾਵ ਤੇ ਪੰਥਕ ਦਰਦ ਘੱਟ ਗਿਆ ਹੈ ਤੇ ਇਹ ਦਸ਼ਾ ਬਹੁਤ ਨਾਜ਼ੁਕ ਹੈ।

ਕੀ ਕੋਈ ਪੰਥ ਦਰਦੀ, ਸਿੱਖ ਧਰਮ ਦਾ ਪ੍ਰੇਮੀ ਕੋਈ ਉਪਰਾਲਾ ਕਰੇਗਾ।

✲ ✲ ✲

ਮੈਂ ਸਿੱਖ ਹਾਂ ਤੇ ਕੇਵਲ ਸਿੱਖ ਹਾਂ

ਕੁਝ ਚਿਰ ਹੋਇਆ ਹੈ ਕਿ ਮੈਨੂੰ ਜੇਕਰ ਕੋਈ ਪੁੱਛਦਾ ਸੀ ਕਿ ਤੁਸੀਂ ਪਹਿਲਾਂ ਸਿੱਖ ਹੋ ਕਿ ਪਹਿਲਾਂ ਹਿੰਦੁਸਤਾਨੀ। ਤਾਂ ਮੈਂ ਕਿਹਾ ਕਰਦਾ ਹਾਂ ਕਿ ਇਹ ਸਵਾਲ ਹੀ ਵਾਧੂ ਹੈ। ਮੈਂ ਦੇਸ਼ ਸੇਵਾ ਨੂੰ (ਮੌਜੂਦਾ ਹਾਲਤ ਵਿਚ ਦੇਸ਼ ਸੇਵਾ ਦਾ ਮਤਲਬ ਮਜ਼ਲੂਮ ਸੇਵਾ ਹੈ) ਸਿੱਖ ਧਰਮ ਦਾ ਇਕ ਅੰਗ ਸਮਝਦਾ ਹਾਂ। ਇਸ ਕਰਕੇ ਇਹ ਦੋਵੇਂ ਇਕੱਠੀਆਂ ਹੀ ਹੋ ਸਕਦੀਆਂ ਹਨ, ਕੋਈ ਇਕ ਦੂਜੇ ਤੋਂ ਪਹਿਲਾਂ ਹੋ ਹੀ ਨਹੀਂ ਸਕਦੀਆਂ। ਜੋ ਲੋਕੀਂ ਕਹਿੰਦੇ ਹਨ ਕਿ ਅਸੀਂ ਹਿੰਦੁਸਤਾਨੀ ਹਾਂ, ਕੀ ਉਨ੍ਹਾਂ ਦਾ ਭਾਵ ਹੈ ਕਿ ਜੇ ਸਿਖੀਓਂ ਪਤਿਤ ਹੋ ਕੇ ਦੇਸ਼ ਸੇਵਾ ਚੰਗੀ ਹੋ ਸਕਦੀ ਹੋਵੇ, ਤਾਂ ਪਤਿਤ ਹੋ ਜਾਣਾ ਚਾਹੀਦਾ ਹੈ? ਜਾਂ ਕੀ ਉਨ੍ਹਾਂ ਦਾ ਭਾਵ ਹੈ ਕਿ ਕਿਸੇ ਐੜੇ ਵੇਲੇ ਉੱਤੇ ਦੇਸ਼ ਸੇਵਾ ਦੀ ਖ਼ਾਤਰ ਧਰਮ ਨੂੰ ਤਿਆਗ ਦੇਣਾ ਚਾਹੀਦਾ ਹੈ? ਦੂਜੇ ਪਾਸੇ ਜੋ ਲੋਕੀਂ ਕਹਿੰਦੇ ਹਨ ਕਿ ਅਸੀਂ ਪਹਿਲਾਂ ਸਿੱਖ ਤੇ ਫਿਰ ਹਿੰਦੁਸਤਾਨੀ, ਕੀ ਉਨ੍ਹਾਂ ਦਾ ਭਾਵ ਇਹ ਹੈ ਕਿ ਸਿੱਖ ਧਰਮ ਉੱਤੇ ਚੱਲਣ ਵੇਲੇ ਦੇਸ਼ ਦਾ ਨੁਕਸਾਨ ਭੀ ਹੋ ਸਕਦਾ ਹੈ ਤੇ ਜੇ ਨੁਕਸਾਨ ਹੁੰਦਾ ਨਜ਼ਰ ਆਵੇ ਤਾਂ ਹੋਣ ਦਿਓ? ਇਹ ਦੋਵੇਂ ਹੀ ਗੱਲਾਂ ਗ਼ਲਤ ਹਨ। ਮਜ਼ਲੂਮ ਦੀ ਸੇਵਾ ਕਰਨਾ ਸਿੱਖੀ ਧਰਮ ਦਾ ਇਕ ਜ਼ਰੂਰੀ ਅੰਗ ਹੈ। ਇਸ ਵੇਲੇ ਹਿੰਦੁਸਤਾਨ ਮਜ਼ਲੂਮ ਹੈ ਤੇ ਇਸ ਨੂੰ ਜ਼ੁਲਮ ਤੋਂ ਬਚਾਣ ਦਾ ਉਪਰਾਲਾ ਕਰਨਾ ਸਿੱਖੀ ਧਰਮ ਉੱਤੇ ਚੱਲਣਾ ਹੈ। ਇਸ ਕਰਕੇ ਅਜਿਹੀ ਹਾਲਤ ਹੋ ਹੀ ਨਹੀਂ ਸਕਦੀ ਕਿ ਸਿੱਖ ਧਰਮ ਉੱਤੇ ਚੱਲਣ ਨਾਲ ਦੇਸ਼ ਸੇਵਾ (ਜਿਸ ਦਾ ਅਰਥ ਮਜ਼ਲੂਮ ਸੇਵਾ ਹੈ) ਲਈ ਸਿੱਖ ਧਰਮ ਨੂੰ ਤਿਆਗਣ ਦੀ ਲੋੜ ਪਵੇ। ਜੋ ਲੋਕੀਂ ਦੇਸ਼ ਸੇਵਾ ਲਈ ਧਰਮ ਨੂੰ ਤਿਆਗਦੇ ਹਨ, ਉਹ ਦੇਸ਼ ਸੇਵਾ ਦੇ ਅਰਥ ਹੀ ਗ਼ਲਤ ਸਮਝਦੇ ਹਨ। ਉਨ੍ਹਾਂ ਦੇ ਭਾਣੇ ਆਪਣੇ ਦੇਸ਼ ਦਾ ਤੁਅੱਸਬ ਦੇਸ਼ ਭਗਤੀ ਹੈ। ਇਸ ਦੇਸ਼ ਭਗਤੀ ਨੇ ਜਿਸ ਦਾ ਅਰਥ ਆਪਣੇ ਦੇਸ਼ ਦਾ ਤੁਅੱਸਬ ਹੈ, ਹੀ ਦੁਨੀਆਂ ਨੂੰ ਤਬਾਹ ਕਰ ਰਹੀ ਹੈ ਤੇ ਕੀਤਾ ਹੈ। ਇਸੇ ਦਾ ਨਤੀਜਾ ਯੂਰਪ ਦੀ ਭਿਆਨਕ ਜੰਗ ਸੀ ਤੇ ਇਸ ਦੇ ਕਾਰਨ ਇਕ ਵੱਡੇ ਭਿਆਨਕ ਜੰਗ ਦੀਆਂ ਤਿਆਰੀਆਂ ਹੋ ਰਹੀਆਂ ਹਨ।

ਇਸ ਕਰਕੇ ਮੈਂ ਕਹਿੰਦਾ ਹਾਂ ਕਿ ਠੀਕ ਮਤਲਬ ਲਿਆਂ ਦੇਸ਼ ਭਗਤੀ ਤੇ ਧਰਮ ਨੂੰ ਪਹਿਲਾਂ ਪਿਛਾਂਹ ਨਹੀਂ ਕੀਤਾ ਜਾ ਸਕਦਾ ਕਿਉਂਕਿ ਦੇਸ਼ ਭਗਤੀ ਤਾਂ ਧਰਮ ਦਾ ਇਕ ਅੰਗ ਹੈ।

ਪਰ ਅੱਜ ਮੈਂ ਮਹਿਸੂਸ ਕਰ ਰਿਹਾ ਹਾਂ ਕਿ ਇਸੇ ਸਾਰੇ ਖ਼ਿਆਲ ਨੂੰ ਹੋਰ ਸਪੱਸ਼ਟ

ਕਰਨ ਲਈ ਮੈਂ ਸਾਫ਼ ਕਿਹਾ, ਕਿ ਮੈਂ ਸਿੱਖ ਹਾਂ ਤੇ ਹੋਰ ਕੁਝ ਭੀ ਨਹੀਂ ਹਾਂ। ਮੇਰੇ ਇਕ ਮਿੱਤਰ ਨੇ ਮੇਰੇ ਉੱਤੇ ਸਵਾਲ ਕੀਤਾ ਕਿ ਤੁਸੀਂ ਪਹਿਲਾਂ ਸਿੱਖ ਹੋ ਕਿ ਪਹਿਲਾਂ ਹਿੰਦੁਸਤਾਨੀ। ਉਹ ਮਿੱਤਰ ਦੇਸ਼ ਭਗਤੀ ਦੇ ਤੁਅੱਸਬ ਵਿਚ ਫ਼ਸਿਆ ਹੋਇਆ ਕਹਿੰਦਾ ਸੀ ਕਿ ਧਰਮ ਕੋਈ ਵਸਤੂ ਨਹੀਂ ਹੈ। ਮੈਂ ਉਸ ਨੂੰ ਜ਼ਵਾਬ ਦਿੱਤਾ ਕਿ ਮੈਂ ਸਿੱਖ ਹਾਂ ਹੋਰ ਕੁਝ ਭੀ ਨਹੀਂ ਹਾਂ। ਜਿਹੜੀ ਦੇਸ਼ ਭਗਤੀ ਇਸ ਸਿੱਖੀ ਧਰਮ ਵਿਚ ਆ ਜਾਂਦੀ ਹੈ ਤਾਂ ਉਸ ਦੇਸ਼ ਭਗਤੀ ਦਾ ਅਭਿਲਾਖੀ ਤਾਂ ਮੈਨੂੰ ਸਮਝ ਲਵੋ ਪਰ ਜੇ ਕੋਈ ਦੇਸ਼ ਭਗਤੀ ਸਿੱਖੀ ਧਰਮ ਤੋਂ ਲਾਂਭੇ ਰਹਿ ਜਾਂਦੀ ਹੈ ਤਾਂ ਉਹ ਰਹਿਣ ਦਿਉ, ਉਸ ਨਾਲ ਮੇਰਾ ਵਾਸਤਾ ਨਹੀਂ ਹੈ। ਠੀਕ ਗੱਲ ਇਹੋ ਹੀ ਹੈ। ਸਿੱਖੀ ਧਰਮ ਦਾ ਅਸੂਲ ਮਜ਼ਲੂਮ ਸੇਵਾ ਤੇ ਮਜ਼ਲੂਮ ਰੱਖਿਆ ਹੈ। ਮੌਜੂਦਾ ਹਾਲਾਤ ਵਿਚ ਹਿੰਦੁਸਤਾਨ ਮਜ਼ਲੂਮ ਹੈ ਤੇ ਸਿੱਖ ਦਾ ਧਰਮ ਹੈ ਕਿ ਮਜ਼ਲੂਮ ਹਿੰਦੁਸਤਾਨ ਦੀ ਸੇਵਾ ਕਰੇ ਪਰ ਚੂੰਕਿ ਹਿੰਦੁਸਤਾਨ ਸਾਡਾ ਆਪਣਾ ਦੇਸ਼ ਹੈ, ਇਸ ਵਾਸਤੇ ਇਸ ਨੂੰ ਅਸੀਂ ਦੇਸ਼ ਭਗਤੀ ਕਹਿਣ ਲੱਗ ਪਏ ਹਾਂ, ਜੋ ਕਈਆਂ ਸੱਜਣਾਂ ਦੇ ਮਨ ਵਿਚ ਭੁਲੇਖਾ ਪਾ ਦੇਂਦੀ ਹੈ। ਜੇ ਦੇਸ਼ ਭਗਤੀ ਦਾ ਅਰਥ ਆਪਣੇ ਦੇਸ਼ ਦੀ ਉਨਤੀ ਦੀ ਇੱਛਾ ਕਰਨੀ ਹੀ ਹੈ। ਭਾਵੇਂ ਦੂਜੇ ਦੇਸ਼ਾਂ ਨੂੰ ਨੁਕਸਾਨ ਪਹੁੰਚਾ ਹੋਵੇ, ਤਾਂ ਅੰਗ੍ਰੇਜ਼ ਵੱਡੇ ਦੇਸ਼ ਭਗਤ ਹਨ ਤੇ ਇਹੋ ਜਿਹੀ ਦੇਸ਼ ਭਗਤੀ ਤੋਂ ਵੱਡਾ ਪਾਪ ਹੋਰ ਕੋਈ ਨਹੀਂ ਹੈ ਤੇ ਵਾਹਿਗੁਰੂ ਸਿੱਖਾਂ ਨੂੰ ਇਹੋ ਦੇਸ਼ ਭਗਤੀ ਤੋ ਬਚਾਈ ਰੱਖੇ। ਇਸ ਵਾਸਤੇ ਮੈਂ ਲੋਕਾਂ ਦਾ ਭੁਲੇਖਾ ਕੱਢਣ ਲਈ ਜ਼ਰੂਰੀ ਸਮਝਦਾ ਹਾਂ ਕਿ ਅਜਿਹੇ ਲਫ਼ਜ਼ ਵਰਤਾਂ, ਜਿਨ੍ਹਾਂ ਨਾਲ ਕੋਈ ਟਪਲਾ ਨਾ ਲੱਗ ਸਕੇ। ਇਸ ਵਾਸਤੇ ਮੈਂ ਕਹਿੰਦਾ ਹਾਂ ਕਿ ਮੈਂ ਸਿੱਖ ਹਾਂ ਤੇ ਕੇਵਲ ਸਿੱਖ ਹਾਂ ਤੇ ਕੇਵਲ ਸਿੱਖ ਹਾਂ। ਜੋ ਗੱਲ ਸਿੱਖੀ ਧਰਮ ਵਿਚ ਆ ਜਾਂਦੀ ਹੈ, ਉਸ ਦਾ ਮੈਨੂੰ ਹਾਮੀ ਸਮਝ ਲਵੋ ਤੇ ਜੋ ਸਿੱਖੀ ਧਰਮ ਤੋਂ ਲਾਂਭੇ ਰਹਿ ਜਾਂਦੀ ਹੈ, ਉਸ ਨਾਲ ਮੇਰਾ ਕੋਈ ਵਾਸਤਾ ਨਹੀਂ ਹੈ।

☆ ☆ ☆

ਸਿੱਖੋ ਇਤਫ਼ਾਕ ਕਰੋ

ਇਸ ਵੇਲੇ ਸਿੱਖਾਂ ਉੱਤੇ ਹਰ ਪਾਸੇ ਤੋਂ ਹਮਲਾ ਹੋ ਗਿਆ ਹੈ ਤੇ ਸਿੱਖਾਂ ਦੀ ਆਪਣੀ ਅੰਦਰੂਨੀ ਹਾਲਤ ਭੀ ਚੰਗੀ ਨਹੀਂ ਹੈ। ਮੁਸਲਮਾਨਾਂ ਵਿਚ ਆਪੋ ਵਿਚ ਭੀ ਝਗੜਾ ਹੈ ਪਰ ਉਨ੍ਹਾਂ ਦੀ ਲਖਨਊ ਦੀ ਇਕੱਤਰਤਾ ਦੱਸਦੀ ਹੈ ਕਿ ਉਹ ਇਤਫ਼ਾਕ ਕਰਨ ਵਾਲੇ ਹਨ। ਮੁਸਲਮਾਨ ਤਾਂ ਫਿਰ ਭੀ ਵੱਡੀ ਕੌਮ ਹੈ। ਐਡੀਆਂ ਵੱਡੀਆਂ ਕੌਮਾਂ ਵਿਚ ਧੜੇ ਬਣੇ ਹੀ ਰਹਿੰਦੇ ਹਨ ਤੇ ਇਹ ਧੜੇ ਇਨ੍ਹਾਂ ਦਾ ਵਿਗਾੜ ਭੀ ਕੁਝ ਨਹੀਂ ਸਕਦੇ ਪਰ ਸਿੱਖਾਂ ਵਰਗੀ ਥੋੜ੍ਹੀ ਗਿਣਤੀ ਦੀ ਕੌਮ ਨੂੰ ਧੜੇਬੰਦੀ ਤਾਂ ਬਹੁਤ ਨੁਕਸਾਨ ਕਰਦੀ ਹੈ। ਅੱਗੇ ਸਾਨੂੰ ਤਜਰਬਾ ਹੋ ਚੁੱਕਾ ਹੈ ਤੇ ਹੁਣ ਉਸ ਤਜਰਬੇ ਤੋਂ ਲਾਭ ਉਠਾਓ।

ਇਸ ਵਿਚ ਸ਼ੱਕ ਨਹੀਂ ਹੈ ਕਿ ਸਾਡੇ ਮੁਲਕੀ ਖ਼ਿਆਲਾਂ ਵਿਚ ਸਦਾ ਹੀ ਫ਼ਰਕ ਰਹੇਗਾ। ਜਦ ਤੱਕ ਅੰਗ੍ਰੇਜ਼ ਏਥੇ ਹਨ, ਸਿੱਖਾਂ ਵਿਚ ਰਾਜਸੀ ਕੰਮਾਂ ਵਿਚ ਦੋ ਖ਼ਿਆਲ ਜ਼ਰੂਰ ਰਹਿਣਗੇ। ਸ਼ਾਇਦ ਕੋਈ ਰਹਿਣ ਦਾ ਗੁਣ ਭੀ ਹੋਵੇ, ਪਰ ਦੋ ਖ਼ਿਆਲ ਬੇਸ਼ਕ ਹੋਣ ਤੇ ਦੋ ਧੜੇ ਨਾ ਹੋਣ। ਸਾਨੂੰ ਦੂਜੀਆਂ ਵੱਡੀਆਂ-ਵੱਡੀਆਂ ਕੌਮਾਂ ਦੀ ਨਕਲ ਨਹੀਂ ਕਰਨੀ ਚਾਹੀਦੀ। ਜਦ ਅਸੀਂ ਉਨ੍ਹਾਂ ਵਿਚ ਵੇਖਦੇ ਹਾਂ ਕਿ ਇਕ ਦੂਜੇ ਨੂੰ ਝੋਲੀ ਚੁੱਕ ਜਾਂ ਕੌਮ ਵੇਚੂ ਆਦਿਕ ਲਫ਼ਜ਼ ਨਾਲ ਯਾਦ ਕਰਦੇ ਹਨ ਤਾਂ ਸਾਨੂੰ ਭੀ ਜੋਸ਼ ਉੱਠ ਖੜੋਂਦਾ ਹੈ। ਇਸ ਤਰ੍ਹਾਂ ਨਾਲ ਧੜੇਬਾਜ਼ੀ ਹੋ ਜਾਂਦੀ ਹੈ। ਜੋ ਸਿੱਖਾਂ ਲਈ ਸਖ਼ਤ ਖ਼ਤਰਨਾਕ ਹੈ। ਜੋ ਜ਼ਮਾਨਾ ਲੰਘ ਰਿਹਾ ਹੈ, ਇਸ ਵਿਚ ਤਾਂ ਖ਼ਾਸ ਤੌਰ 'ਤੇ ਵਧੇਰੇ ਨਾ ਇਤਫ਼ਾਕੀ ਖਿਲਰੀ ਹੋਈ ਹੈ। ਇਸ ਦਾ ਬਾਨ੍ਹਣੂ ਬੰਨਣਾ ਜ਼ਰੂਰੀ ਹੈ ਤੇ ਇਸ ਦੀ ਝੱਟਪਟ ਲੋੜ ਹੈ। ਸਾਨੂੰ ਪਤਾ ਲੱਗਾ ਹੈ ਕਿ ਚੀਫ਼ ਖਾਲਸਾ ਦੀਵਾਨ ਨੇ ਸ਼੍ਰੋਮਣੀ ਕਮੇਟੀ ਦੇ ਕੁਝ ਸੱਜਣਾਂ ਦੀ ਮਦਦ ਨਾਲ ਇਕ ਧਾਰਮਿਕ ਕਾਨਫ਼ਰੰਸ ਕਰਨ ਦਾ ਉਦਮ ਕੀਤਾ ਹੈ, ਜੋ 10 ਦਸੰਬਰ ਨੂੰ ਖਾਲਸਾ ਕਾਲਜ ਦੀ ਧਰਮਸ਼ਾਲਾ ਵਿਚ ਹੋਵੇਗੀ। ਇਹ ਬੜਾ ਸ਼ਲਾਘਾਯੋਗ ਕੰਮ ਹੈ ਤੇ ਧਰਮ ਦੇ ਸਵਾਲਾਂ ਵਿਚ ਜਦ ਸਾਡਾ ਆਪੋ ਵਿਚ ਕੋਈ ਭੇਦ ਨਹੀਂ ਹੈ ਤਾਂ ਅਸੀਂ ਇਸ ਵਿਚ ਇਕੱਠੇ ਹੋ ਕੇ ਉਦਮ ਕਿਉਂ ਨਾ ਕਰੀਏ। ਰਾਜਸੀ ਖ਼ਿਆਲ ਆਪੋ ਆਪਣੇ ਅਡਰੇ ਰੱਖੋ ਤੇ ਧਾਰਮਿਕ ਕੰਮ ਸਾਂਝਾ ਰੱਖੋ। ਇਸ ਤਰ੍ਹਾਂ ਨਾਲ ਕਿਸੇ ਕੰਮ ਨੂੰ ਭੀ ਇਕੱਠਿਆਂ ਕੀਤੀਆਂ ਆਪੋ ਵਿਚ ਰਾਜਸੀ ਕੰਮਾਂ ਉੱਤੇ ਮਤਭੇਦ ਤਾਂ ਰਹੇਗਾ ਪਰ ਇਹ ਧੜੇਬਾਜ਼ੀ ਦੀ ਸ਼ਕਲ ਨਹੀਂ ਪਕੜੇਗਾ।

ਸਾਡੀ ਸਮਝ ਵਿਚ ਤਾਂ ਇਉਂ ਆਉਂਦਾ ਹੈ ਕਿ ਉਸ ਇਕੱਤ੍ਰਤਾ ਵਿਚ ਇਕ ਨਵੇਂ ਜਥੇ ਦੀ ਨੀਂਹ ਰੱਖੀ ਜਾਵੇ ਜੋ ਨਿਰੋਲ ਧਰਮ ਪ੍ਰਚਾਰ ਕਰੇ। ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਨਿਰੋਲ ਧਾਰਮਿਕ ਜਥਾ ਹੈ ਪਰ ਇਸ ਦੀ ਚੋਣ ਸਰਕਾਰ ਦੇ ਹੱਥ ਹੈ ਤੇ ਇਸ ਕਰਕੇ ਇਸ ਵਿਚ ਲਗਾਤਾਰ ਇਕਸਾਰਤਾ ਨਹੀਂ ਰਹਿ ਸਕਦੀ। ਅੱਜ ਕਿਸੇ ਖ਼ਿਆਲ ਦਾ ਜ਼ੋਰ ਹੈ ਤੇ ਕਲ੍ਹ ਕਿਸ ਦਾ ਹੋਵੇਗਾ। ਅੱਜ ਦੇ ਆਗੂ ਇਕ ਕੰਮ ਨੂੰ ਸ਼ੁਰੂ ਕਰਦੇ ਹਨ ਤੇ ਕਲ੍ਹ ਹੋਰ ਆ ਜਾਂਦੇ ਹਨ ਜੋ ਉਸ ਨੂੰ ਉਲਟਾ ਦੇਂਦੇ ਹਨ ਤੇ ਆਪਣਾ ਨਵਾਂ ਹੀ ਸ਼ੁਰੂ ਕਰ ਦਿੰਦੇ ਹਨ। ਅਜੇ ਤੱਕ ਤਾਂ ਇਹ ਗੱਲ ਇਸ ਕਰਕੇ ਨਹੀਂ ਹੋਈ ਹੈ ਕਿ ਅਜੇ ਤੱਕ ਇਸ ਵਿਚ ਇਕੋ ਖ਼ਿਆਲ ਦੇ ਸੱਜਣ ਮੋਹਰੀ ਰਹੇ ਹਨ, ਪਰ ਇਸ ਦੀ ਬਣਤਰ ਅਜਿਹੀ ਹੈ ਕਿ ਇਸ ਦੀ ਇਕਸਾਰਤਾ ਰਹਿਣੀ ਔਖੀ ਹੈ।

ਚੀਫ਼ ਖਾਲਸਾ ਦੀਵਾਨ ਰਾਜਸੀ ਕੰਮਾਂ ਵਿਚ ਭੀ ਹਿੱਸਾ ਲੈਂਦਾ ਹੈ, ਇਹ ਸਿੱਖਾਂ ਦੇ ਰਾਜਸੀ ਹੱਕਾਂ ਦੀ ਰਾਖੀ ਕਰਨਾ ਆਪਣਾ ਕੰਮ ਸਮਝਦਾ ਹੈ ਤੇ ਸਰਕਾਰ ਪਾਸ ਡੈਪੂਟੇਸ਼ਨ ਲੈ ਕੇ ਇਹੋ ਲੈ ਜਾਂਦਾ ਹੈ। ਇਸ ਖ਼ਿਆਲ ਵਾਲੇ ਭੀ ਸਿੱਖਾਂ ਵਿਚ ਹਨ ਤੇ ਇਸ ਕਰਕੇ ਇਸ ਦੀ ਹਸਤੀ ਭੀ ਜ਼ਰੂਰੀ ਹੈ ਪਰ ਇਸ ਵਿਚ ਉਹ ਲੋਕੀਂ ਸ਼ਾਮਲ ਹੋ ਕੇ ਕੰਮ ਨਹੀਂ ਕਰ ਸਕਦੇ ਜੋ ਇਸ ਸਰਕਾਰ ਨੂੰ ਇਥੋਂ ਛੇਤੀ ਕੱਢਣਾ ਚਾਹੁੰਦੇ ਹਨ। ਦੂਜਾ ਨੁਕਸਾਨ ਆਮ ਇਹ ਹੈ ਕਿ ਆਮ ਲੋਕਾਂ ਵਿਚ ਚੀਫ਼ ਖਾਲਸਾ ਦੀਵਾਨ ਦੇ ਨਾਮ ਨਾਲ ਪਿਆਰ ਨਹੀਂ ਰਿਹਾ ਹੈ। ਇਸ ਵੇਲੇ ਲੋੜ ਤਾਂ ਦੋਹਾਂ ਜਥਿਆਂ ਦੀ ਹੀ ਹੈ। ਸ਼੍ਰੋਮਣੀ ਕਮੇਟੀ ਦੀ ਲੋੜ ਗੁਰਦੁਆਰਾ ਪ੍ਰਬੰਧ ਲਈ ਹੈ। ਚੀਫ਼ ਖਾਲਸਾ ਦੀਵਾਨ ਦੀ ਲੋੜ ਵਿਦਿਅਕ ਕੰਮਾਂ ਲਈ ਹੈ। ਰਾਜਸੀ ਖ਼ਿਆਲਾਂ ਵਿਚ ਭੇਦ ਰੱਖਣ ਵਾਲੇ ਸੈਂਟ੍ਰਲ ਸਿਖ ਲੀਗ ਚੀਫ਼ ਖਾਲਸਾ ਦੀਵਾਨ ਦੋਹਾਂ ਵਿਚ ਅੱਡੋ-ਅਡਰਾ ਕੰਮ ਕਰ ਸਕਦੇ ਹਨ ਪਰ ਇਸ ਦੀ ਚੋਣ ਸਰਕਾਰ ਦੇ ਹੱਥ ਹੈ ਤੇ ਇਹ ਜ਼ਰੂਰੀ ਨਹੀਂ ਹੈ ਕਿ ਦੋਹਾਂ ਖ਼ਿਆਲਾਂ ਦੇ ਸੱਜਣ ਇਸ ਵਿਚ ਆ ਸਕਣ। ਜਦ ਤੱਕ ਕਿ ਕੋਈ ਖ਼ਾਸ ਜਥਾ ਇਸ ਦੀ ਚੋਣ ਕਰਾਣ ਵਾਲਾ ਨਾ ਹੋਵੇ। ਫਿਰ ਭੀ ਇਕ ਅਡਰੇ ਧਾਰਮਿਕ ਜਥੇ ਦੀ ਲੋੜ ਤਾਂ ਰਹੀ।

ਇਸ ਵਾਸਤੇ ਸਾਡੀ ਤਜਵੀਜ਼ ਇਹ ਹੈ ਕਿ ਨਿਰੀ ਸਿੱਖੀ ਧਰਮ ਦੇ ਪ੍ਰਚਾਰ ਲਈ ਇਕ ਖਾਲਸਾ ਦੀਵਾਨ ਬਣਨਾ ਚਾਹੀਦਾ ਹੈ। ਜੋ ਧਾਰਮਿਕ ਕੰਮ ਅਪਣੇ ਹੱਥ ਲਵੇ। ਉਹੋ ਹੀ ਸ਼੍ਰੋਮਣੀ ਕਮੇਟੀ ਤੇ ਹੋਰ ਗੁਰਦੁਆਰਾ ਕਮੇਟੀਆਂ ਦੀ ਚੋਣ ਕਰਵਾਵੇ ਤੇ ਸਾਰੇ ਗੁਰਦੁਆਰਿਆਂ ਤੋਂ ਜਿਤਨੀ ਮਦਦ ਲੈ ਸਕੇ ਲੈ ਲਵੇ, ਪਰ ਪ੍ਰਚਾਰ ਦਾ ਕੰਮ ਆਪਣੇ ਹੱਥ ਹੀ ਰੱਖੇ। ਜਦ ਤੱਕ ਸਿੱਖਾਂ ਦਾ ਇਕ ਅਜਿਹਾ ਧਾਰਮਿਕ ਜਥਾ ਨਹੀਂ ਬਣਦਾ, ਤਦ ਤੱਕ ਸਿੱਖ ਕੌਮ ਦੀ ਮੌਜੂਦਾ ਹਾਲਤ ਸੁਧਰਨੀ ਔਖੀ ਹੈ। ਜੇ ਮੁਨਾਸਬ ਹੋਵੇ, ਤਾਂ ਇਹ ਜਥਾ ਧਾਰਮਿਕ ਕਾਨਫਰੰਸ ਹਰ ਸਾਲ ਕੀਤਾ ਕਰੇ, ਜਿਸ ਵਿਚ ਹਰ ਥਾਂ ਤੇ ਹਰ ਖ਼ਿਆਲ ਦੇ ਸਿੱਖ ਸ਼ਾਮਿਲ ਹੋਇਆ ਕਰਨ। ਹੁਣ ਜਦ 10 ਦਸੰਬਰ ਨੂੰ ਇਕੱਤਰਤਾ ਹੋਈ ਹੈ ਤਾਂ ਸਾਨੂੰ ਆਸ ਹੈ ਕਿ ਵੱਡੇ ਦਿਲ ਤੋਂ ਕੰਮ ਲਿਆ ਜਾਵੇਗਾ, ਤੇ ਇਹ ਖ਼ਿਆਲ ਛੱਡ ਦਿੱਤਾ ਜਾਵੇਗਾ ਕਿ ਪਿਛਲੇ ਫ਼ਰਕ ਜਾਂ ਫੁੱਟ ਕਿਸ ਖ਼ਿਆਲ 'ਤੇ ਸੀ। ਪੰਥ ਸਾਰੇ ਸਿੱਖਾਂ ਦਾ ਨਾਮ ਹੈ ਤੇ ਜੋ ਕੁਝ ਕਰੋ, ਪੰਥ ਦੀ

ਖ਼ਾਤਰ ਕਰੋ, ਨਾ ਕਿ ਕਿਸੇ ਖ਼ਾਸ ਜਥੇ ਦੀ ਤੰਗ-ਦਿਲੀ ਮਨ ਵਿਚ ਰੱਖੋ। ਇਸ ਤਰ੍ਹਾਂ ਧੜੇ ਜਾਂ ਜਥੇ ਦੀ ਤੰਗ-ਦਿਲੀ ਜਾਂ ਤੁਅੱਸਬ ਹੀ ਸਾਰੇ ਕੰਮ ਦਾ ਵਿਗਾੜ ਕਰਨ ਦਾ ਕਾਰਨ ਬਣਦਾ ਹੈ।

ਗੁਰੂ ਸਾਹਿਬ ਦੇ ਸਿੱਖ ਬਣੋ ਤਾਂ ਹੀ ਤੁਸੀਂ ਦੂਜਿਆਂ ਨੂੰ ਗੁਰਸਿੱਖ ਬਣਾ ਸਕਦੇ ਹੋ। ਬਸ ਇਕ ਸਿੱਖੀ ਦਾ ਪਿਆਰ ਦਿਲ ਵਿਚ ਰੱਖੋ ਤੇ ਜ਼ਾਤਾਂ, ਇਲਾਕਿਆਂ, ਪੇਸ਼ਿਆਂ, ਧੜਿਆਂ ਆਦਿ ਦਾ ਤੁਅੱਸਬ ਹਟਾ ਕੇ ਗੁਰਸਿੱਖੀ ਵੱਲ ਲੱਗੋ। ਇਨ੍ਹਾਂ ਤੁਅੱਸਬ ਤੋਂ ਕੱਢਣ ਲਈ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਭ ਸਿੰਘਾਂ ਦਾ ਜਨਮ ਪਟਨੇ ਸਾਹਿਬ ਵਾਸੀ ਆਨੰਦਪੁਰ ਸਾਹਿਬ ਤੇ ਜਾਤ ਸੋਢ ਬੰਸੀ ਬਨਾਏ ਸਨ। ਗੁਰੂ ਸਾਹਿਬ ਦੇ ਆਦਰਸ਼ ਨੂੰ ਨਾ ਭੁੱਲੋ, ਤੇ ਖੁਲ੍ਹੇ ਦਿਲ ਕਰਕੇ ਇਕੱਤਰਤਾ ਵਿਚ ਸ਼ਾਮਿਲ ਹੋਵੋ।

ਅਸੀਂ ਕਿਸੇ ਪ੍ਰਬੰਧਕ ਨਾਲ ਸਲਾਹ ਕੀਤੇ ਬਿਨਾਂ ਇਹ ਸਭ ਕੁਝ ਲਿਖ ਰਹੇ ਹਾਂ। ਹੋ ਸਕਦਾ ਹੈ ਕਿ ਇਹ ਕਾਨਫ਼ਰੰਸ ਦੇ ਪ੍ਰਬੰਧਕਾਂ ਦੇ ਦਿਮਾਗ਼ ਵਿਚ ਹੋਰ ਭੀ ਤੇ ਇਸ ਤੋਂ ਚੰਗੀਆਂ ਤਜਵੀਜ਼ਾਂ ਹੋਣ। ਲੋੜ ਨੀਅਤ ਸਾਫ਼ ਦੀ ਤੇ ਕੰਮ ਰਾਸ ਹੋ ਜਾਵੇਗਾ। ਨੀਅਤ ਵਿਚ ਖੁਦਗਰਜ਼ੀ ਤੇ ਧੜੇਬੰਦੀ ਦੀ ਤੰਗ-ਦਿਲੀ ਕੱਢ ਦੇਵੋ ਤੇ ਬਸ ਫਿਰ ਕੰਮ ਰਾਸ ਹੋ ਜਾਵੇਗਾ। ਭਾਵੇਂ ਅਖ਼ੀਰ ਕੋਈ ਤਜਵੀਜ਼ ਹੀ ਬਣੇ।

☆ ☆ ☆

ਗੁਰੂ ਨਾਨਕ ਨੂੰ ਗੁਰੂ ਮੰਨੋ
ਬੁੱਤ ਬਣਾ ਕੇ ਨਾ ਪੂਜੋ

ਹੋਰ ਧਰਮਾਂ ਦੇ ਬਜ਼ੁਰਗਾਂ ਤੇ ਗੁਰੂ ਸਾਹਿਬਾਨ ਵਿਚ ਵੱਡਾ ਫ਼ਰਕ ਇਹੋ ਹੈ ਕਿ ਗੁਰੂ ਸਾਹਿਬ ਗੁਰੂ ਸਨ ਅਥਵਾ ਲੋਕਾਂ ਨੂੰ ਆਪਣੇ ਬਚਨਾਂ, ਕਰਮਾਂ ਤੇ ਖ਼ਿਆਲ ਨਾਲ ਠੀਕ ਰਸਤੇ ਚੱਲਣਾ ਦਸਦੇ ਸਨ। ਗੁਰੂ ਸਾਹਿਬਾਨ ਨੇ ਜੋ ਰਸਤਾ ਦੱਸਿਆ, ਉਸ ਉੱਤੇ ਨਾਲ ਹੀ ਚੱਲ ਕੇ ਭੀ ਦੱਸਿਆ ਹੈ ਤੇ ਆਪਣੇ ਆਪ ਨੂੰ ਦੁਨੀਆਂ ਤੋਂ ਅੱਡਰਾ ਕਰਕੇ ਉੱਚੇ ਨਹੀਂ ਹੋ ਬੈਠੇ। ਹੋਰ ਭੀ ਬੜੇ ਉੱਚੇ ਮਹਾਤਮਾ ਹੋਏ ਹਨ ਪਰ ਉਹ ਗੁਰੂ ਨਹੀਂ ਹੋ ਸਕਦੇ ਕਿਉਂਕਿ ਉਨ੍ਹਾਂ ਦੀ ਮਹਾਤਮਤਾਈ ਬਹੁਤ ਸਾਰੀ ਉਨ੍ਹਾਂ ਦੇ ਆਪਣੇ ਨਾਂ ਲਈ ਹੀ ਵਰਤੀ ਗਈ ਹੈ। ਉਨ੍ਹਾਂ ਨੇ ਦੁਨੀਆਂ ਨੂੰ ਬਚਾਣ ਤੇ ਸਾਰੀ ਦੁਨੀਆਂ ਦੇ ਲੋਕਾਂ ਨੂੰ ਸਿੱਧਾ ਰਾਹ ਦੱਸਣ ਤੇ ਆਪ ਚੱਲ ਕੇ ਨਿਸਚਾ ਕਰਾਣ ਦਾ ਯਤਨ ਹੀ ਨਹੀਂ ਕੀਤਾ।

ਪਰ ਗੁਰੂ ਨਾਨਕ ਸਾਹਿਬ ਗੁਰੂ ਸਨ। ਉਨ੍ਹਾਂ ਨੇ ਕੇਵਲ ਆਪਣੇ ਉੱਚ ਆਤਮਾ ਦਾ ਨਮੂਨਾ ਹੀ ਲੋਕਾਂ ਨੂੰ ਪੇਸ਼ ਕੀਤਾ, ਸਗੋਂ ਮਾਮੂਲੀ ਦੁਨੀਆਂਦਾਰਾਂ ਵਾਂਗੂੰ ਰਹਿ ਕੇ ਦੱਸ ਦਿੱਤਾ ਕਿ ਕਿਸ ਤਰ੍ਹਾਂ ਹਸੰਦਿਆਂ, ਖਵੰਦਿਆਂ, ਖੇਲੰਦਿਆਂ ਵਿਚ ਮੁਕਤ ਹੋ ਸਕੀਦਾ ਹੈ ਪਰ ਅਸੀਂ ਗੁਰੂ ਨਾਨਕ ਸਾਹਿਬ ਦੇ ਸਿੱਖ ਅਖਵਾਣ ਵਾਲੇ ਕਿਸੇ ਸੌਖੀ ਮੁਕਤੀ ਦੇ ਮਗਰ ਹੋ ਕੇ ਕੁਰਾਹੇ ਜਾ ਰਹੇ ਹਾਂ। ਕੋਈ ਤਾਂ ਇਹ ਖ਼ਿਆਲ ਕਰਦਾ ਹੈ ਕਿ ਝੂਠ ਫ਼ਰੇਬ ਦਾ ਵਪਾਰ ਕਰਕੇ ਕੁਝ ਗੁਰੂ ਨਮਿਤ ਭੀ ਦੇ ਦਿੱਤਾ ਤੇ ਬਸ ਮੁਕਤੀ ਨੇੜੇ ਹੀ ਹੈ। ਕੋਈ ਸਮਝਦਾ ਹੈ ਕਿ ਗੁਰੂ ਸਾਹਿਬ ਦੀ ਯਾਦ ਵਿਚ ਕੋਈ ਪੈਸਾ ਖਰਚ ਕਰ ਦਿੱਤਾ ਤੇ ਗੁਰੂ ਸਾਹਿਬ ਨੂੰ ਚੜ੍ਹਾਵਾ ਚੜ੍ਹਾ ਦਿੱਤਾ ਤਾਂ ਕੰਮ ਰਾਸ ਹੈ। ਕੋਈ ਸਮਝਦਾ ਹੈ ਕਿ ਗੁਰੂ ਸਾਹਿਬ ਦੀ ਬਾਣੀ ਨੂੰ ਮੂੰਹੋਂ ਛੇਤੀ-ਛੇਤੀ ਕਹਿਣ ਨਾਲ ਕੋਈ ਅਜਿਹਾ ਜਾਦੂ ਹੋ ਜਾਵੇਗਾ ਕਿ ਅਚਾਨਕ ਹੀ ਸਵਰਗ ਦੇ ਦਰਵਾਜ਼ੇ ਖੁਲ੍ਹ ਜਾਣਗੇ। ਇਸ ਤਰ੍ਹਾਂ ਨਾਲ ਲੋਕੀ ਗੁਰੂ ਸਾਹਿਬ ਨੂੰ ਗੁਰੂ ਮੰਨਣ ਦੀ ਥਾਂ ਇਕ ਬੁੱਤ ਸਮਝ ਕੇ ਚੜ੍ਹਾਵਾ ਚੜ੍ਹਾ ਦੇਣਾ ਹੀ ਕਾਫ਼ੀ ਸਮਝਦੇ ਹਨ। ਗੁਰੂ ਸਾਹਿਬ ਗੁਰੂ ਸਨ ਤੇ ਉਨ੍ਹਾਂ ਨੇ ਸਾਨੂੰ ਆਪਣੇ ਉਪਦੇਸ਼ ਤੇ ਆਪਣੇ ਕਰਮਾਂ ਦੁਆਰਾ ਠੀਕ ਰਸਤਾ ਦੱਸਿਆ ਹੈ ਜੋ ਅਸੀਂ ਉਹ ਗ੍ਰਹਿਣ ਨਾ ਕਰੀਏ ਤਾਂ ਭਾਵੇ ਕਿਤਨੇ ਭੀ ਟੂਣੇ-ਟਾਣੇ ਕਰੀ ਚਲੀਏ ਸਾਡਾ ਛੁਟਕਾਰਾ ਨਹੀਂ ਹੈ। ਜੇਕਰ ਗੁਰੂ ਨਾਨਕ ਸਾਹਿਬ ਨੇ ਗ੍ਰਹਿਸਤ ਵਿਚ ਰਹਿੰਦੇ ਹੋਏ, ਆਪਣੇ ਘਰੋਗੀ ਫ਼ਰਜ਼ ਪੂਰੇ ਕਰਦੇ ਹੋਏ, ਫਿਰ ਪੂਰਾ ਬੇਗਰਜ਼ ਤੋਂ ਲਗਾਤਾਰ ਪੂਰਾ ਬੇਗਰਜ਼ ਹੋ ਕੇ ਹੀ ਸਾਨੂੰ ਰਸਤਾ ਦੱਸਣਾ ਯੋਗ ਹੈ ਤਾਂ ਨਿਸਚਾ

ਰੱਖੋ ਕਿ ਇਹੋ ਹੀ ਰਸ ਤਾਂ ਪਰਮਾਤਮਾ ਪ੍ਰਾਪਤੀ ਦਾ ਹੈ। ਨਿਰਾ ਉਸੇ ਰਸਤੇ ਦੀ ਸ਼ਲਾਘਾ ਕਰ ਦੇਣ ਨਾਲ ਕੋਈ ਲਾਭ ਨਹੀਂ ਹੋਵੇਗਾ। ਭਾਈ ਗੁਰਦਾਸ ਜੀ ਕਹਿੰਦੇ ਹਨ "ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ।" ਖੰਡ-ਖੰਡ ਕਿਹਾ ਜੀਭ ਨੂੰ ਮਿੱਠਾ ਸਵਾਦ ਨਹੀਂ ਆਉਂਦਾ ਹੈ ਤੇ ਅੱਗ-ਅੱਗ ਕਿਹਾ ਪਾਲਾ ਨਹੀਂ ਲਹਿੰਦਾ। ਇਹ ਕਹਿ ਕੇ ਅੱਗੇ ਫਿਰ ਭਾਈ ਸਾਹਿਬ ਨਤੀਜਾ ਕੱਢ ਦੇ ਹਨ ਕਿ "ਗਾਏ ਸੁਨੈ, ਆਂਖੇ ਮੀਚੈ, ਪਾਈਐ ਨ ਪਰਮ ਪਦੁ, ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ" ਬਸ ਸਿੱਖੀ ਇਹੋ ਹੀ ਹੈ।

ਜੋ ਲੋਕ ਬਾਣੀ ਨੂੰ ਕੇਵਲ ਜਾਦੂ ਮੰਨ ਕੇ ਹੀ ਪਾਠ ਕਰ ਛੱਡਦੇ ਹਨ ਉਹ ਅਸਲ ਲਾਭ ਨਹੀਂ ਉਠਾ ਸਕਦੇ। ਜੋ ਕੋਈ ਇਹ ਸਮਝੇ ਕਿ ਉਹ ਬਾਣੀ ਬਿਨਾਂ ਹੀ ਆਪਣੇ ਜੀਵਨ ਨੂੰ ਉਤਮ ਕਰ ਸਕਦਾ ਹੈ ਤਾਂ ਉਸ ਦੀ ਗ਼ਲਤੀ ਹੋਵੇਗੀ। ਜਦ ਤੱਕ ਆਪਣੇ ਖ਼ਿਆਲਾਂ ਨੂੰ ਆਪਣੇ ਸਰੀਰ ਤੋਂ ਕਿਸੇ ਉਤਮ ਵਸਤੂ ਵੱਲ ਨਹੀਂ ਲਾ ਸਕਦਾ ਤੇ ਇਸ ਤਰ੍ਹਾਂ ਨਾਲ ਨਹੀਂ ਲੈਂਦਾ ਕਿ ਕਿਸੇ ਹੋਰ ਕੰਮ ਵਸਤੂ ਦਾ ਨਿਸਚਾ ਹੋ ਜਾਵੇ, ਤਦ ਤੱਕ ਉਹ ਖੁਦਗਰਜ਼ੀ ਨੂੰ ਨਹੀਂ ਛੱਡ ਸਕਦਾ ਤੇ ਇਹ ਗੱਲ ਬਾਣੀ ਤੇ ਕੇਵਲ ਬਾਣੀ ਦੇ ਆਧਾਰ ਉੱਤੇ ਹੀ ਹੋ ਸਕਦੀ ਹੈ ਪਰ ਨਾਲ ਹੀ ਇਹ ਭੀ ਨਿਸਚਾ ਰੱਖੋ ਕਿ ਜੋ ਬਾਣੀ ਆਦਮੀ ਦੇ ਜੀਵਨ ਉੱਤੇ ਕੋਈ ਅਸਰ ਨਹੀਂ ਪਾਉਂਦੀ ਜਾਪਦੀ ਉਹ ਨਾ ਕੇਵਲ ਬਿਰਥਾ ਹੀ ਹੈ, ਸਗੋਂ ਕਈ ਵੇਰਾਂ ਪਖੰਡ ਦੀ ਸ਼ਕਲ ਵਿਚ ਭੀ ਪ੍ਰਗਟ ਹੁੰਦੀ ਹੈ। ਬਾਣੀ ਉਹੋ ਅਸਲ ਲਾਭ ਕਰ ਸਕਦੀ ਹੈ ਜੋ ਪ੍ਰੇਮ ਤੇ ਸ਼ਰਧਾ ਦੇ ਭਾਵ ਨਾਲ ਪੜ੍ਹੀ ਜਾਵੇ ਤੇ ਜਿਸ ਦਾ ਜੀਵਨ ਉੱਤੇ ਅਸਰ ਪੈਂਦਾ ਸਪਸ਼ਟ ਪਿਆ ਨਜ਼ਰ ਆਵੇਗਾ। ਜਿਸ ਬਾਣੀ ਦਾ ਕੋਈ ਅਸਰ ਜੀਵਨ ਉੱਤੇ ਪੈਂਦਾ ਨਹੀਂ ਜਾਪਦਾ, ਉਸ ਦਾ ਲਾਭ ਕੇਵਲ ਇਤਨਾ ਹੈ ਕਿ ਬਾਣੀ ਪੜ੍ਹਨ ਵਾਲਾ ਆਪਣੇ ਆਪ ਨੂੰ ਗੁਰੂ ਤੇ ਪਰਮਾਤਮਾ ਤੋਂ ਟੁੱਟਾ ਹੋਇਆ ਮਹਿਸੂਸ ਕਰਦਾ ਹੈ ਤੇ ਇਸ ਕਰਕੇ ਨਿਰਾ ਕਿਸੇ ਖੱਡ ਵਿਚ ਡਿੱਗ ਕੇ ਗ਼ਰਕ ਨਹੀਂ ਹੁੰਦਾ ਪਰ ਜੋ ਬਾਣੀ ਮਾਇਆ ਕਮਾਣ ਜਾਂ ਹੋਰ ਇਸੇ ਤਰ੍ਹਾਂ ਦੀ ਕਿਸੇ ਖੁਦਗਰਜ਼ੀ ਲਈ ਵਰਤੀ ਜਾਂਦੀ ਹੈ, ਉਹ ਪਖੰਡ ਹੈ ਤੇ ਉਸ ਦਰਜੇ ਦਾ ਪਖੰਡ ਹੈ ਕਿ ਇਸ ਤੋਂ ਵੱਧ ਕੇ ਪਾਪ ਹੋ ਭੀ ਨਹੀਂ ਸਕਦਾ। ਅਜਿਹਾ ਪਖੰਡੀ ਹੀ ਅਸਲ ਨਾਸਤਕ ਹੈ। ਨਾਸਤਕ ਦੇ ਮੁੜ ਆਸਤਕ ਬਣਨ ਦੀ ਵਧੇਰੇ ਆਸ ਹੈ ਪਰ ਜੋ ਖ਼ਾਸ ਗੁਰਦੁਆਰੇ ਬਹਿ ਕੇ ਤੇ ਲੋਕਾਂ ਦੀ ਸ਼ਰਧਾ ਤੇ ਪ੍ਰੇਮ ਦੇ ਵਿਚਕਾਰ ਬੈਠਾ ਹੋਇਆ ਰੱਬ ਦੀ ਹੋਂਦ ਨੂੰ ਕਦੀ ਮਹਿਸੂਸ ਨਹੀਂ ਕਰਦਾ, ਸੋ ਦੱਸੋ ਉਸ ਨੂੰ ਪ੍ਰੇਰਣ ਵਾਸਤੇ ਇਸ ਤੋਂ ਵੱਧ ਕਿਹੜਾ ਤਰੀਕਾ ਲੱਭੇਗਾ ਤੇ ਕਿਹੜੀ ਗੱਲ ਉਸ ਦੇ ਮਨ ਉੱਤੇ ਅਸਰ ਕਰ ਸਕਦੀ ਹੈ? ਸੱਚ ਹੈ "ਤਤੀ ਤੋਇ ਨ ਪਲਵੈ, ਜੇ ਜਲਿ ਟੁਬੀ ਦੇਇ॥" ਪਾਨੀ ਮਾਰੀ ਖੇਤੀ ਦਾ ਇਲਾਜ ਨਹੀਂ ਹੈ। ਪਰ ਗੁਰੂ ਨਾਨਕ ਦੇ ਦਰਬਾਰ ਕਿਸੇ ਗੱਲ ਦਾ ਭੀ ਘਾਟਾ ਨਹੀਂ ਹੈ।

ਅੱਜ ਗੁਰੂ ਨਾਨਕ ਸਾਹਿਬ ਨੂੰ ਗੁਰੂ ਮੰਨ ਲਵੋ ਤੇ ਉਨ੍ਹਾਂ ਦੀ ਕਿਸੇ ਬੁਤ ਵਾਂਗੂੰ ਪੂਜਾ ਕਰਨ ਉੱਤੇ ਆਸ ਨਾ ਰੱਖੋ ਤੇ ਨਾ ਹੀ ਉਨ੍ਹਾਂ ਨੂੰ ਕਿਸੇ ਦੇਵੀ ਦੇਵਤੇ ਵਾਂਗੂੰ

ਚੜ੍ਹਾਵਾ ਚੜ੍ਹਾ ਕੇ ਪ੍ਰਸੰਨ ਕਰਨ ਦਾ ਯਤਨ ਨਾ ਕਰੋ। ਗੁਰੂ ਸਾਹਿਬ ਗੁਰੂ ਹਨ ਤੇ ਉਨ੍ਹਾਂ ਦੇ ਦਸੇ ਰਾਹ ਤੇ ਪਏ ਪੂਰਨਿਆਂ ਉੱਤੇ ਚਲਦਿਆਂ ਹੀ ਜੀਵਨ ਦੇ ਮੰਤਵ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਜੋ ਲੋਕੀਂ ਆਪਣੇ ਜੀਵਨ ਵਿਚ ਫ਼ਰਕ ਪਾਣ ਦੀ ਇੱਛਾ ਨਹੀਂ ਕਰਦੇ ਹਨ, ਉਨ੍ਹਾਂ ਲਈ ਗੁਰੂ ਸਾਹਿਬ ਦਾ ਗੁਰੂ ਹੋਣਾ ਜਾਂ ਇੰਜ ਪੂਜਣ ਯੋਗ ਦੇਵਤਾ ਹੋਣਾ ਮੰਨਣਾ ਕੋਈ ਆਸਤਕਤਾ ਨਹੀਂ ਹੈ। ਗੁਰੂ ਸਾਹਿਬ ਤਾਂ ਉਸ ਉੱਤੇ ਪ੍ਰਸੰਨ ਨਹੀਂ ਹੁੰਦੇ, ਉਹ ਆਪਣੇ ਮਨ ਨੂੰ ਆਪ ਧੋਖਾ ਦੇ ਕੇ ਤਸਲੀ ਕਰ ਬੈਠੇ ਤਾਂ ਉਸ ਦੀ ਮੂਰਖਤਾ ਹੈ। ਅਜਿਹੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੇ ਗੁਰੂ ਪੁਣੇ ਦਾ ਕੋਈ ਲਾਭ ਨਹੀਂ ਹੈ। ਉਨ੍ਹਾਂ ਨੂੰ ਤਾਂ ਅਨ੍ਹੇਰੇ ਵਿਚ ਕੁਝ ਸੁਝਦਾ-ਬੁਝਦਾ ਨਹੀਂ ਹੈ ਤੇ ਟਟੋਲੇ ਦਿੱਤਿਆਂ ਜਿਥੇ ਹੱਥ ਪੈ ਗਿਆ, ਉਸੇ ਵਸਤੂ ਨੂੰ ਫੜ ਲਿਆ। ਜੇ ਉਨ੍ਹਾਂ ਦਾ ਹੱਥ, ਕਿਸੇ ਦੇਵਤੇ, ਕਿਸੇ ਪੈਗੰਬਰ, ਕਿਸੇ ਬੁੱਤ ਕਿਸੇ ਪਖੰਡੀ ਗੁਰੂ ਜਾਂ ਕਿਸੇ ਹੋਰ ਉੱਤੇ ਹੀ ਪੈ ਗਿਆ ਤਾਂ ਬਸ ਉਹੋ ਹੀ ਪੂਜਣਯੋਗ ਸਮਝ ਕੇ ਚਾਰ ਪੈਸੇ ਚੜ੍ਹਾਵਾ ਚੜ੍ਹਾ ਕੇ ਟੰਟਾ ਲਾਇਆ ਤੇ ਸਸਤੀ ਤੇ ਸੌਖੀ ਮੁਕਤੀ ਖਰੀਦ ਲਈ।

ਗੁਰੂ ਸਾਹਿਬ ਗੁਰੂ ਸਨ ਤੇ ਇਸ ਤੋਂ ਘੱਟ ਜੋ ਸਮਝਦਾ ਹੈ ਉਹ ਹੀ ਗ਼ਲਤੀ ਖਾਂਦਾ ਹੈ ਆਪ ਕੁਰਾਹੇ ਜਾਂਦਾ ਹੈ ਤੇ ਉਸ ਨੂੰ ਗੁਰੂ ਸਾਹਿਬ ਦੇ ਗੁਰੂ ਪੁਣੇ ਦਾ ਕੋਈ ਲਾਭ ਨਹੀਂ ਪੁੱਜ ਸਕਦਾ।

✡ ✡ ✡

ਆਜ਼ਾਦੀ ਕਿ ਗ਼ੁਲਾਮੀ

ਹਿੰਦੁਸਤਾਨੀਆਂ ਦੀ ਸਦਾ ਤੋਂ ਇਹ ਸ਼ਿਕਾਇਤ ਰਹੀ ਹੈ ਕਿ ਇਹ ਹਰ ਗੱਲ ਵਿਚ ਅਗੇਜ਼ਾਂ ਦੀ ਨਕਲ ਕਰਨ ਦੀ ਕਰਦੇ ਹਨ। ਇਹ ਨਹੀਂ ਵਿਚਾਰਦੇ ਕਿ ਉਨ੍ਹਾਂ ਦੀ ਕਿਹੜੀ ਗੱਲ ਚੰਗੀ ਹੈ ਜਾਂ ਕਿਹੜੀ ਸਾਡੇ ਦੇਸ਼ ਦੀ ਹਾਲਤ ਤੇ ਜਲਵਾਯੂ ਦੇ ਮੁਤਾਬਕ ਹੈ। ਬਸ ਜੋ ਅੰਗ੍ਰੇਜ਼ ਕਰਦੇ ਹਨ ਉਹ ਰੱਬ ਵੱਲੋਂ ਹੈ। ਇਨ੍ਹਾਂ ਗ਼ੁਲਾਮੀ ਦੇ ਖ਼ਿਆਲਾਂ ਕਰਕੇ ਹੀ ਅਸਾਂ ਨੇ ਅੰਗ੍ਰੇਜ਼ਾਂ ਦੇ ਬਹੁਤ ਸਾਰੇ ਐਬ ਲੈ ਲਏ ਹਨ। ਗੁਣ ਗ੍ਰਹਿਣ ਕਰਨ ਵਿਚ ਤਾਂ ਹਿੰਮਤ ਦੀ ਲੋੜ ਪੈਂਦੀ ਹੈ; ਪਰ ਔਗੁਣ ਸਹਿਜੇ ਹੀ ਗ੍ਰਹਿਣ ਹੋ ਸਕਦੇ ਹਨ। ਇਸ ਕਰਕੇ ਅਸਾਂ ਨੇ ਉਨ੍ਹਾਂ ਦੇ ਗੁਣਾਂ ਦੀ ਨਕਲ ਤਾਂ ਬਹੁਤ ਘੱਟ ਕੀਤੀ ਹੈ ਤੇ ਔਗੁਣਾਂ ਦੀ ਚੰਗੀ ਤਰ੍ਹਾਂ ਕਰ ਲਈ ਹੈ। ਸ਼ਰਾਬ ਤੇ ਤਮਾਕੂ ਵੱਲ ਹੀ ਵੇਖ ਲਵੋ। ਹਰ ਇਕ ਆਦਮੀ ਇਨ੍ਹਾਂ ਵਿਚ ਪਿਆ ਹੋਇਆ ਹੈ ਤੇ ਇਸ ਦਾ ਕਾਰਨ ਇਹ ਹੈ ਕਿ ਅੰਗ੍ਰੇਜ਼ਾਂ ਵਿਚ ਇਹ ਔਗੁਣ ਹਨ। ਜੇ ਅੰਗ੍ਰੇਜ਼ਾਂ ਦੇ ਗੁਣਾਂ ਦੀ ਅਸੀਂ ਨਕਲ ਕਰਦੇ ਹਾਂ ਕਿ ਉਹ ਅਜਿਹੇ ਕੁਢੰਗੇ ਢੰਗ ਨਾਲ ਕਰਦੇ ਹਾਂ ਕਿ ਉਹ ਭੀ ਔਗੁਣ ਬਣ ਜਾਂਦੇ ਹਨ। ਅੰਗ੍ਰੇਜ਼ ਸੋਡਾ ਲੈਮੋਨੇਡ ਇਸ ਵਾਸਤੇ ਪੀਂਦੇ ਹਨ ਕਿ ਇਹ ਹਾਜ਼ਮਾ ਹੈ। ਅਸੀਂ ਸੋਡਾ ਲੈਮੋਨੇਡ ਪੀ ਕੇ ਅੰਗ੍ਰੇਜ਼ਾਂ ਦੀ ਨਕਲ ਤਾਂ ਕਰ ਲੈਂਦੇ ਹਾਂ, ਪਰ ਦੁੱਧ ਪੀਣ ਪਈ ਇਨ੍ਹਾਂ ਤੋਂ ਪੈਸੇ ਵੱਧਦੇ ਨਹੀਂ ਹਨ। ਸੋ ਅਸੀਂ ਪੇਟ ਖ਼ਾਲੀ ਹੁੰਦਿਆਂ ਪਤਾ ਨਹੀਂ ਕਿਸ ਚੀਜ਼ ਨੂੰ ਹਜ਼ਮ ਕਰਨ ਦਾ ਯਤਨ ਕਰਦੇ ਹਾਂ।

ਅੰਗ੍ਰੇਜ਼ ਘਰਾਂ ਵਿਚ ਦਰੀਆਂ ਵੱਧਾਂਦੇ ਹਨ ਤਾਂ ਕਿ ਧੂੜ ਉੱਡ ਕੇ ਉਨ੍ਹਾਂ ਦੇ ਸਾਮਾਨ ਤੇ ਕੱਪੜਿਆਂ ਉੱਤੇ ਨਾ ਪਵੇ, ਪਰ ਸਾਡੀਆਂ ਦਰੀਆਂ ਵਿੱਛਿਆਂ-ਵਿੱਛਿਆਂ ਕੀੜਿਆਂ ਤੇ ਨੂਹਿਆਂ ਦੇ ਘੁਰਨੇ ਬਣ ਜਾਂਦੀਆਂ ਹਨ। ਸੱਚ ਤਾਂ ਇਹ ਹੈ ਕਿ ਜੋ ਭੀ ਦੂਜੇ ਦੀ ਨਕਲ ਕਰਨ ਦੀ ਕਰਦਾ ਹੈ, ਉਸ ਦਾ ਦਿਮਾਗ ਗ਼ੁਲਾਮ ਹੈ ਤੇ ਉਹ ਕਦੀ ਨਕਲ ਵਿਚ ਕਾਮਯਾਬ ਨਹੀਂ ਹੁੰਦਾ। ਅਸੀਂ ਗ਼ੁਲਾਮ ਹਾਂ ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਸਾਡੀ ਸਰੀਰਕ ਗ਼ੁਲਾਮੀ ਦੇ ਨਾਲ ਹੀ ਸਾਡੇ ਦਿਮਾਗ਼ ਤੇ ਆਤਮਾ ਗ਼ੁਲਾਮ ਹੋ ਜਾਣ। ਕਿਸੇ ਕੌਮ ਦੀ ਗ਼ੁਲਾਮੀ ਪੱਕੀ ਨਹੀਂ ਹੋ ਸਕਦੀ ਜਦ ਤੱਕ ਉਸ ਦੇ ਦਿਮਾਗ਼ ਤੇ ਆਤਮਾ ਨੂੰ ਭੀ ਗ਼ੁਲਾਮ ਨਾ ਬਣਾ ਲਿਆ ਜਾਵੇ। ਮਹਾਤਮਾ ਗਾਂਧੀ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਤੇ ਹਿੰਦੁਸਤਾਨੀਆਂ ਦੇ ਮਨਾਂ ਵਿੱਚੋਂ ਇਹ ਗੱਲ ਕੱਢਣ ਦਾ ਯਤਨ ਕੀਤਾ ਕਿ ਅੰਗ੍ਰੇਜ਼ੀ ਪਹਿਰਾਵਾ ਤੇ ਅੰਗ੍ਰੇਜ਼ੀ ਰਿਵਾਜ਼ ਤਰੱਕੀ ਦੇ ਨਾਮ ਹਨ। ਸਾਡੇ ਇਕ ਮਿੱਤਰ ਕਿਹਾ ਕਰਦੇ ਹਨ ਕਿ ਹਿੰਦੁਸਤਾਨੀ ਤਾਂ ਅੰਗ੍ਰੇਜ਼

ਦੀਆਂ ਵਹੁਟੀਆਂ ਹਨ, ਜਿਸ ਤਰ੍ਹਾਂ ਇਸਤਰੀ ਦਾ ਗੁਣ ਹੈ ਕਿ ਉਹ ਆਪਣੇ ਪਤੀ ਦੇ ਸੁਭਾਅ ਮੁਤਾਬਕ ਸੁਭਾਅ ਬਣਾ ਲਵੇ, ਇਸੇ ਤਰ੍ਹਾਂ ਹਿੰਦੁਸਤਾਨੀ ਭੀ ਆਪਣੇ ਪਤੀ ਅੰਗ੍ਰੇਜ਼ਾਂ ਦੇ ਸੁਭਾਅ ਮੁਤਾਬਕ ਸੁਭਾਅ ਬਨਾਣ ਦਾ ਯਤਨ ਕਰ ਰਹੇ ਹਨ। ਹਿੰਦੁਸਤਾਨੀਆਂ ਦੇ ਇਹ ਗ਼ੁਲਾਮੀ ਦੇ ਖ਼ਿਆਲ ਤਰਸਯੋਗ ਹਨ, ਪਰ ਜਦ ਰਾਜਸੀ ਗ਼ੁਲਾਮੀ ਹੋ ਜਾਵੇ ਤਾਂ ਕਿਸੇ ਹਦ ਤੱਕ ਇਨ੍ਹਾਂ ਦਾ ਰੋਕਣਾ ਭੀ ਅਸੰਭਵ ਹੈ। ਯਥਾ ਰਾਜਾ ਤਥਾ ਪਰਜਾ।

ਪਰ ਅਸੀਂ ਕਾਬਲ ਦੇ ਬਾਦਸ਼ਾਹ ਦੀ ਗ਼ੁਲਾਮੀ ਉੱਤੇ ਹੈਰਾਨ ਹਾਂ। ਯੂਰਪ ਜਾ ਕੇ ਉਸ ਦੇ ਦਿਮਾਗ਼ ਨੂੰ ਯੂਰਪੀ ਫ਼ੈਸ਼ਨ ਨੇ ਫ਼ਤਹਿ ਕਰ ਲਿਆ ਹੈ ਤੇ ਉਹ ਯੂਰਪੀ ਫ਼ੈਸ਼ਨ ਨੂੰ ਹੀ ਤਰੱਕੀ ਤੇ ਆਜ਼ਾਦੀ ਸਮਝ ਬੈਠਾ ਹੈ। ਉਸ ਦਾ ਧਿਆਨ ਇਸ ਵੇਲੇ ਵਧੇਰੇ ਇਸ ਗੱਲ ਵੱਲ ਹੋ ਰਿਹਾ ਹੈ ਕਿ ਕਿਸੇ ਤਰ੍ਹਾਂ ਅਫ਼ਗਾਨਿਸਤਾਨ ਵਿਚ ਯੂਰਪ ਫ਼ੈਸ਼ਨ ਤੇ ਯੂਰਪੀ ਰਿਵਾਜ਼ ਚੱਲ ਜਾਵੇ। ਜੇਕਰ ਉਸ ਦੇ ਦਿਮਾਗ਼ ਵਿਚ ਇਹ ਗੱਲ ਮਾਅ ਗਈ ਹੈ ਕਿ ਇਸ ਗੱਲ ਦਾ ਪ੍ਰਚਾਰ ਕਰਾਵੇ, ਪਰ ਉਹ ਤਾਂ ਇਥੋਂ ਤੱਕ ਗ਼ੁਲਾਮ ਹੋ ਚੁੱਕਾ ਹੈ ਕਿ ਉਹ ਇਸ ਗੱਲ ਨੂੰ ਡੰਡੇ ਦੇ ਜ਼ੋਰ ਨਾਲ ਪਰਜਾ ਦੇ ਅੰਦਰ ਘੁਸੇੜਨਾ ਚਾਹੁੰਦਾ ਹੈ। ਕੀ ਇਹ ਆਜ਼ਾਦੀ ਹੈ ? ਕੀ ਆਜ਼ਾਦੀ ਕੋਈ ਅਜਿਹੀ ਚੀਜ਼ ਹੈ ਜੋ ਬਾਹਰੋਂ ਅੰਦਰ ਘੁਸੇੜੀ ਜਾ ਸਕਦੀ ਹੈ। ਆਜ਼ਾਦੀ ਤਾਂ ਇਸੇ ਗੱਲ ਦਾ ਨਾਮ ਹੈ ਕਿ ਹਰ ਕਿਸੇ ਨੂੰ ਆਪਣੇ ਖ਼ਿਆਲਾਤ ਮੁਤਾਬਕ ਕੰਮ ਕਰਨ ਦੀ ਖੁਲ੍ਹ ਹੋਵੇ। ਜੇਕਰ ਕੋਈ ਗ਼ਲਤੀ ਕਰ ਰਿਹਾ ਹੈ ਤਾਂ ਉਸ ਦੇ ਖ਼ਿਆਲਾਤ ਬਦਲਣ ਦਾ ਯਤਨ ਕਰੋ। ਤੁਹਾਨੂੰ ਕੋਈ ਹੱਕ ਨਹੀਂ ਕਿ ਡੰਡਾ ਫੜ ਕੇ ਕਿਸੇ ਰਿਵਾਜ਼ ਨੂੰ ਉਸ ਦੇ ਅੰਦਰ ਘੁਸੇੜੋ ਤੇ ਫਿਰ ਇਸ ਪਰਲੇ ਦਰਜੇ ਦੀ ਗ਼ੁਲਾਮੀ ਦਾ ਨਾਮ ਆਜ਼ਾਦੀ ਰੱਖ ਦੇਵੋ। ਇਹ ਗ਼ੁਲਾਮਾਨਾ ਆਜ਼ਾਦੀ ਸਦਾ ਇਤਿਹਾਸ ਵਿਚ ਯਾਦ ਰਹੇਗੀ ਤੇ ਲੋਕੀਂ ਇਸ ਨੂੰ ਸੁਣ ਸੁਣ ਕੇ ਹਸਣਗੇ। ਇਹ ਭੀ ਅਜ਼ੀਬ ਆਜ਼ਾਦੀ ਹੈ। ਸ਼ਾਹ ਕਾਬਲ ਨੇ ਰਿਵਾਜ਼ਾਂ ਤੇ ਫ਼ੈਸ਼ਨਾਂ ਦੇ ਇਕ ਬੰਡਲ ਨੂੰ ਆਜ਼ਾਦੀ ਸਮਝ ਰੱਖਿਆ ਹੈ ਜੋ ਉਹ ਪਰਜਾ ਵਿਚ ਘੁਸੇੜਨਾ ਚਾਹੁੰਦਾ ਹੈ। ਜੇ ਕਰ ਇਸ ਤਰ੍ਹਾਂ ਡੰਡੇ ਦੇ ਜ਼ੋਰ ਨਾਲ ਆਪਣੇ ਖ਼ਿਆਲਾਤ ਮੰਨਾਣਾ ਆਜ਼ਾਦੀ ਹੈ ਤਾਂ ਕੋਈ ਦੱਸੇ ਗ਼ੁਲਾਮੀ ਹੋਰ ਕਿਹੜੀ ਵਸਤੂ ਦਾ ਨਾਂ ਹੈ। ਅਸੀਂ ਸ਼ਾਹ ਕਾਬਲ ਨੂੰ ਸਾਫ਼ ਦੱਸ ਦੇਣਾ ਚਾਹੁੰਦੇ ਹਾਂ ਕਿ ਅਸੀਂ ਗ਼ੁਲਾਮ ਨਹੀਂ ਹਾਂ ਤੇ ਉਸ ਦੀ ਆਜ਼ਾਦੀ ਦੇ ਭੀ ਗ਼ੁਲਾਮ ਨਹੀਂ ਬਣਾਂਗੇ। ਸਿੱਖ ਆਜ਼ਾਦ ਹੈ ਤੇ ਜਦ ਕਿ ਸਿੱਖ ਦੇ ਧਰਮ ਦਾ ਸਵਾਲ ਹੋਵੇ ਤਾਂ ਇਹ ਕਿਸੇ ਜ਼ੁਲਮ ਅੱਗੇ ਭੀ ਨਹੀਂ ਝੁਕੇਗਾ। ਟਲ ਜਾਓ, ਟਲ ਜਾਓ, ਫ਼ਰਜ਼ ਕਰੋ ਕਿ ਸ਼ਾਹ ਕਾਬਲ ਆਪਣੇ ਇਸ ਅਪਵਿੱਤਰ ਕੰਮ ਵਿਚ ਹਾਲਾਂ ਕਾਮਯਾਬ ਹੋ ਜਾਂਦਾ ਹੈ। ਕਾਬਲ ਵਿਚ ਮੁੱਠੀ ਭਰ ਸਿੱਖ ਹਨ, ਉਨ੍ਹਾਂ ਵਿੱਚੋਂ ਕੁਝ ਉਸ ਦੀ ਆਜ਼ਾਦੀ ਦੇ ਗ਼ੁਲਾਮ ਬਣ ਜਾਂਦੇ ਹਨ। ਫਿਰ ਕੀ ਸ਼ਾਹ ਕਾਬਲ ਆਪਣੇ ਆਪ ਨੂੰ ਕਾਮਯਾਬ ਸਮਝ ਬੈਠੇਗਾ ? ਇਸ ਤਰ੍ਹਾਂ ਸਿੱਖ ਧਰਮ ਦਾ ਵੈਰੀ ਨਾ ਕਦੀ ਕਾਮਯਾਬ ਹੋਇਆ ਤੇ ਨਾ ਸ਼ਾਹ ਕਾਬਲ ਕਾਮਯਾਬ ਹੋਵੇਗਾ। ਸਿੱਖ ਆਜ਼ਾਦ ਹੈ ਤੇ ਕਿਸੇ ਦੇ ਧੱਕੇ ਅੱਗੇ ਨਹੀਂ ਝੁਕੇਗਾ। ਜੇਕਰ ਇਸ ਵੇਲੇ ਸਾਡੇ

ਸਰੀਰ ਵਿਦੇਸ਼ੀ ਗ਼ੁਲਾਮੀ ਵਿਚ ਫਸੇ ਹੋਏ ਹਨ ਤਾਂ ਅਸੀਂ ਆਪਣਾ ਮਨ ਤੇ ਆਤਮਾ ਨੂੰ ਭੀ ਨਾਲ ਹੀ ਗ਼ੁਲਾਮ ਨਹੀਂ ਬਣਾਨਾ ਚਾਹੁੰਦੇ। ਬੇਸ਼ਕ ਹਾਕਮ ਦਾ ਯਤਨ ਹੋਇਆ ਕਰਦਾ ਹੈ ਕਿ ਪਰਜਾ ਦੇ ਦਿਮਾਗ਼ ਨੂੰ ਗ਼ੁਲਾਮ ਬਣਾ ਲਵੇ, ਕਿਉਂਕਿ ਕਦੀ ਕੋਈ ਗ਼ੁਲਾਮੀ ਪੱਕੀ ਨਹੀਂ ਹੋ ਸਕਦੀ, ਜਦ ਤੱਕ ਪਰਜਾ ਦਾ ਦਿਮਾਗ਼ ਭੀ ਗ਼ੁਲਾਮ ਨਾ ਹੋ ਜਾਵੇ ਪਰ ਅਸੀਂ ਸ਼ਾਹ ਕਾਬਲ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਜੇ ਅੰਗ੍ਰੇਜ਼ਾਂ ਇਥੇ ਲੰਡਨ ਤੋਂ ਰਾਜ ਕਰਦਿਆਂ ਭੈਅ ਸਾਡੇ ਦਿਮਾਗ਼ਾਂ ਨੂੰ ਗ਼ੁਲਾਮ ਨਹੀਂ ਬਣਾ ਸਕੇ ਹਨ ਤਾਂ ਅੱਜ ਕਾਬਲ ਸਾਡੇ ਦਿਮਾਗ਼ਾਂ ਨੂੰ ਗ਼ੁਲਾਮ ਨਹੀਂ ਬਣਾ ਸਕੇਗਾ। ਅਸੀਂ ਆਜ਼ਾਦ ਰਹਾਂਗੇ ਤੇ ਸ਼ਾਹ ਕਾਬਲ ਦੀ ਇਸ ਆਜ਼ਾਦੀ ਦੇ ਬੁੱਥੇ ਤੋਂ ਹੀ ਆਜ਼ਾਦ ਰਹਿੰਦੇ ਹੋਏ ਸਤਿ ਸ੍ਰੀ ਅਕਾਲ ਝਾੜ-ਝਾੜ ਵਿਚ ਗੱਜ ਕੇ ਫਿਰਾਂਗੇ। ਟਲ ਜਾਓ ਤੇ ਟਲ ਜਾਓ! ਸਾਡੇ ਧਰਮ ਉੱਤੇ ਹਮਲਾ ਕਰਨ ਵਾਲੇ ਨੇ ਕਦੀ ਸੁੱਖ ਨਹੀਂ ਪਾਇਆ।

✲ ✲ ✲

ਪੰਥ ਦੀ ਮੌਜੂਦਾ ਹਾਲਤ

ਜਿਸ ਕੌਮ ਵਿਚ ਜਿੱਤ ਵੇਲੇ ਹੰਕਾਰ ਵੱਧ ਜਾਵੇ ਜਾਂ ਬਿਪਤਾ ਵੇਲੇ ਮਾਯੂਸੀ ਹੋ ਜਾਵੇ ਉਹ ਕੌਮ ਜ਼ਿੰਦਾ ਨਹੀਂ ਰਹਿ ਸਕਦੀ। ਇਨ੍ਹਾਂ ਦੋਹਾਂ ਗੱਲਾਂ ਦਾ ਅਸਰ ਪਹਿਲਾਂ ਇਹ ਪਿਆ ਕਰਦਾ ਹੈ ਕਿ ਆਪੋ ਵਿਚ ਫੁੱਟ ਪੈ ਜਾਂਦੀ ਹੈ ਨਾ ਹੰਕਾਰੀਆਂ ਦਾ ਆਪੋ ਵਿਚ ਮੇਲ ਹੁੰਦਾ ਹੈ ਤੇ ਨਾ ਕਾਇਰਾਂ ਦਾ ਆਪੋ ਵਿਚ ਇਤਫ਼ਾਕ ਕੇਵਲ ਵੱਡੇ ਹੌਂਸਲੇ ਵਾਲੇ ਬਹਾਦਰਾਂ ਦਾ ਹੀ ਹੋਇਆ ਕਰਦਾ ਹੈ। ਜੇ ਜਿੱਤ ਪ੍ਰਾਪਤ ਹੋਈ ਹੈ ਤਾਂ ਵਾਹਿਗੁਰੂ ਦਾ ਸ਼ੁਕਰ ਕਰੋ ਤੇ ਜੇ ਬਿਪਤਾ ਆ ਗਈ ਹੈ ਤਾਂ ਵੱਡੇ ਜਿਗਰੇ ਨਾਲ ਡਟੇ ਚੱਲੋ। ਹਾਰ ਦਾ ਤਾਂ ਨਾਮ ਹੀ ਬਹਾਦਰਾਂ ਵਾਸਤੇ ਲੈਣਾ ਵਾਧੂ ਹੈ ਕਿਉਂਕਿ ਬਹਾਦਰ ਕੌਮਾਂ ਤੇ ਬਹਾਦਰ ਲੋਕੀਂ ਹਾਰਿਆ ਨਹੀਂ ਕਰਦੇ। ਜੇ ਇਕ ਥਾਂ ਅੱਜ ਉਨ੍ਹਾਂ ਨੂੰ ਹਾਰ ਹੋਈ ਹੈ ਤਾਂ ਕਲ੍ਹ ਉਸ ਹਾਰ ਨੂੰ ਉਹ ਮੋੜ ਲੈਣਗੇ, ਹਾਰਦੀ ਤਾਂ ਕੇਵਲ ਉਹ ਹੀ ਕੌਮ ਹੈ ਜੋ ਦਿਲ ਛੱਡ ਜਾਵੇ। ਸਿੱਖ ਸੈਂਕੜੇ ਵਰ੍ਹੇ ਜੰਗਲਾਂ ਵਿਚ ਲੁਕੇ ਫਿਰਦੇ ਰਹੇ, ਪਰ ਉਥੇ ਭੀ ਉਹ ਇਹੋ ਹੀ ਪੜ੍ਹਿਆ ਕਰਦੇ ਸਨ "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ, ਖਵਾਰ ਹੋਏ ਸਭ ਮਿਲੇਗੇ ਬਚੇ ਸਰਨ ਜੋ ਹੋਇ" ਉਨ੍ਹਾਂ ਦਾ ਜੰਗ ਇਕ ਲੜਾਈ ਨਹੀਂ ਸਮਝਣੀ ਚਾਹੀਦੀ, ਉਨ੍ਹਾਂ ਦਾ ਤਾਂ ਸੈਂਕੜੇ ਸਾਲ ਜੰਗ ਰਿਹਾ ਸੀ ਆਖ਼ਰ ਸਿੰਘਾਂ ਨੇ ਜਿੱਤ ਪ੍ਰਾਪਤ ਕਰ ਕੇ ਹੀ ਸਾਹ ਲਿਆ।

ਇਸ ਵੇਲੇ ਪੰਥ ਉੱਤੇ ਕਈ ਪਾਸਿਓਂ ਤੇ ਕਈ ਤਰ੍ਹਾਂ ਦੀਆਂ ਔਕੜਾਂ ਆ ਗਈਆਂ ਹਨ ਪਰ ਇਹ ਔਕੜਾਂ ਅਜਿਹੀਆਂ ਹਨ ਜਿਨ੍ਹਾਂ ਵਿੱਚੋਂ ਅੱਗੇ ਕਦੀ ਪੰਥ ਲੰਘਿਆ ਨਹੀਂ ਹੈ। ਇਕ ਪਾਸੇ ਤਾਂ ਸ਼ਾਹ ਕਾਬਲ ਨੇ ਸਾਡੇ ਧਰਮ ਉੱਤੇ ਹਮਲਾ ਕਰ ਦਿੱਤਾ ਹੈ ਤੇ ਦੂਜੇ ਪਾਸੇ ਯੂਰਪੀ ਫ਼ੈਸ਼ਨ ਸਾਡੇ ਉੱਤੇ ਆ ਡਟਿਆ ਹੈ। ਇਨ੍ਹਾਂ ਤੋਂ ਛੁਟ ਹੋਰ ਭੀ ਸਾਡੇ ਨਾਲ ਕਈ ਟਾਕਰੇ ਹਨ। ਇਸ ਸਰਕਾਰ ਨੇ ਸਾਡੇ ਕਈ ਕੈਦੀ ਅਜੇ ਤੱਕ ਨਹੀਂ ਛੱਡੇ ਤੇ ਰਿਆਸਤ ਪਟਿਆਲਾ ਨੇ ਸਗੋਂ ਹੋਰ ਪਕੜਨੇ ਸ਼ੁਰੂ ਕਰ ਦਿੱਤੇ ਹਨ। ਅਸਾਂ ਇਨ੍ਹਾਂ ਸਾਰੀਆਂ ਗੱਲਾਂ ਦਾ ਬਾਨ੍ਹਣੂ ਬੰਨ੍ਹਣਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਵੱਡੇ ਹੌਂਸਲੇ ਕਰੀਏ ਤੇ ਆਪ ਵਿਚ ਇਕ ਜਾਨ ਹੋ ਕੇ ਵੈਰੀਆਂ ਦਾ ਮੁਕਾਬਲਾ ਕਰੀਏ। ਜੋ ਲੋਕੀਂ ਹੰਕਾਰ ਕਰਦੇ ਹਨ, ਉਹ ਜਿੱਤ ਨੂੰ ਪਚਾ ਨਹੀਂ ਸਕਦੇ ਤੇ ਇਸ ਕਰਕੇ ਆਪ ਆਪਣੀ ਆਕੜ ਵਿਚ ਆਪੋ ਵਿਚ ਭੀ ਜ਼ਰੂਰ ਲੜ ਪੈਂਦੇ ਹਨ। ਇਸ ਕਰਕੇ ਪਹਿਲੀ ਗੱਲ ਤਾਂ ਇਹ ਹੈ ਕਿ ਫੁਟ ਦੇ ਕਾਰਨ ਆਕੜ ਤੋਂ ਬਚੋ। ਇਸ ਤਰ੍ਹਾਂ ਜਿਹੜੇ ਲੋਕੀਂ ਘਬਰਾ ਜਾਂਦੇ ਹਨ ਉਹ ਘਬਰਾਏ ਹੋਏ ਬਿਪਤਾ ਦਾ ਦੋਸ਼ ਇਕ ਦੂਜੇ ਦੇ ਮੱਥੇ ਮੜ੍ਹਨ ਲੱਗ ਜਾਂਦੇ ਹਨ ਤੇ ਇਸ ਤਰ੍ਹਾਂ ਫੁੱਟ ਪੈਦਾ ਹੋ ਜਾਂਦੀ

ਹੈ। ਸੱਚ ਤਾਂ ਇਹ ਹੈ ਕਿ ਜੋ ਭੀ ਬੀਤ ਚੁੱਕਾ ਹੈ ਉਸ ਉੱਤੇ ਬਹਿਸ ਕਰਨਾ ਵਾਧੂ ਝਗੜਾ ਹੈ ਤੇ ਅਜੇ ਤੱਕ ਵੱਡੇ-ਵੱਡੇ ਇਤਿਹਾਸਕਾਰ ਭੀ ਕਦੀ ਹੋ ਚੁੱਕੀ ਗੱਲ ਬਾਬਤ ਇਕ ਰਾਏ ਕਾਇਮ ਨਹੀਂ ਕਰ ਸਕੇ। ਕੋਈ ਇਕ ਗੱਲ ਨੂੰ ਚੰਗਾ ਕਹੀ ਜਾਂਦਾ ਹੈ ਤੇ ਕੋਈ ਮਾੜਾ। ਹੁਣ ਸਮਾਂ ਅਜਿਹਾ ਆ ਗਿਆ ਹੈ ਕਿ ਸਾਨੂੰ ਬਹੁਤ ਸਾਰੀਆਂ ਪਿਛਲੀਆਂ ਗੱਲਾਂ ਭੁਲਾ ਕੇ ਇਕ ਜਾਨ ਹੋ ਕੇ ਕਾਬਲ ਦੇ ਬਾਦਸ਼ਾਹ ਦੇ ਮੁਕਾਬਲੇ ਉੱਤੇ ਡਟਣਾ ਪਵੇਗਾ। ਕਾਬਲ ਦੇ ਬਾਦਸ਼ਾਹ ਨੇ ਜੋ ਹਮਲਾ ਸਿੱਖੀ ਉੱਤੇ ਕੀਤਾ ਹੈ, ਇਹ ਬਹੁਤ ਵੱਡਾ ਹੈ ਤੇ ਉਸ ਨੇ ਸਿੱਖੀ ਨੂੰ ਕਾਰੀ ਜ਼ਰਬ ਪੁਚਾਣ ਦਾ ਵਤੀਰਾ ਪਕੜਿਆ ਹੈ। ਸ਼ੋਕ ਹੈ ਕਿ ਅਸਾਂ ਅਜੇ ਤੱਕ ਸਮਝਿਆ ਨਹੀਂ ਹੈ ਕਿ ਇਸ ਦਾ ਟਾਕਰਾ ਕਰਨ ਵਾਸਤੇ ਸਾਨੂੰ ਕਿਤਨੇ ਕੁਝ ਦੁੱਖਾਂ ਵਿਚ ਪੈਣਾ ਪਵੇਗਾ ਤੇ ਕਿਸ ਤਰ੍ਹਾਂ ਜਾਨਾਂ ਹੂਲ ਕੇ ਹੀ ਸਿੱਖੀ ਨੂੰ ਬਚਾਣਾ ਪਵੇਗਾ।

ਵਲੈਤ ਗਏ ਤੇ ਹੋਰ ਪੜ੍ਹੇ ਲਿਖੇ ਸਿੱਖਾਂ ਵਿੱਚੋਂ ਕਈ ਯੂਰਪੀ ਫ਼ੈਸ਼ਨ ਦਾ ਸ਼ਿਕਾਰ ਹੋ ਗਏ ਹਨ। ਭਾਵੇਂ ਸਿੰਘਾਂ ਦੀ ਗਿਣਤੀ ਵੱਧ ਰਹੀ ਹੈ, ਪਰ ਕੌਮ ਦੀ ਅਗਵਾਈ ਸਦਾ ਪੜ੍ਹੇ ਲਿਖੇ ਹੀ ਕੀਤਾ ਕਰਦੇ ਹਨ ਤੇ ਇਨ੍ਹਾਂ ਵਿਚ ਘਾਟਾ ਪੈਣਾ ਸਖ਼ਤ ਹਾਨੀਕਾਰਕ ਹੈ ਇਸ ਗੱਲ ਨਾਲੋਂ ਅਸੀਂ ਅਵੇਸਲੇ ਨਹੀਂ ਹੋ ਸਕਦੇ।

9 ਦਸੰਬਰ ਨੂੰ ਖਾਲਸਾ ਕਾਲਜ ਵਿਚ ਚੀਫ਼ ਖਾਲਸਾ ਦੀਵਾਨ ਦੇ ਕੁਝ ਸੱਜਣਾਂ ਨੇ ਸਾਰੇ ਪੰਥਕ ਜਥਿਆਂ ਦੀ ਇਕੱਤਰਤਾ ਸਿੱਖ ਧਰਮ ਦੀ ਮੌਜੂਦਾ ਦਸ਼ਾ ਉੱਤੇ ਵਿਚਾਰ ਕਰਨ ਲਈ ਬੁਲਾਈ ਹੈ। ਕਈ ਸੱਜਣ ਇਸ ਇਕੱਤਰਤਾ ਦੇ ਇਹ ਅਰਥ ਸਮਝਣ ਲੱਗ ਪਏ ਹਨ ਕਿ ਚੀਫ਼ ਖਾਲਸਾ ਦੀਵਾਨ ਫਿਰ ਕੌਮ ਦੀ ਵਾਗਡੋਰ ਆਪਣੇ ਹੱਥ ਲੈਣਾ ਚਾਹੁੰਦਾ ਹੈ। ਅਸੀਂ ਹੈਰਾਨ ਹਾਂ ਕਿ ਅਸੀਂ ਇਨ੍ਹਾਂ ਨਿੱਕੀਆਂ ਗੱਲਾਂ ਵਿੱਚੋਂ ਕਿਉਂ ਨਹੀਂ ਨਿਕਲਦੇ। ਜੇਕਰ ਚੀਫ਼ ਖਾਲਸਾ ਦੀਵਾਨ ਦਾ ਇਹ ਮੰਤਵ ਹੈ ਤਾਂ ਉਹ ਕਦੀ ਕਾਮਯਾਬ ਨਹੀਂ ਹੋਵੇਗਾ। ਸਗੋਂ ਵਧੇਰੇ ਬਦਨਾਮ ਹੋਵੇਗਾ। ਕੌਮ ਦੀ ਅਗਵਾਈ ਸਦਾ ਉਸ ਨੂੰ ਮਿਲਦੀ ਹੈ ਜੋ ਕੌਮ ਦਾ ਸੇਵਕ ਹੋਵੇ, ਜੋ ਆਗੂ ਬਣਨ ਦਾ ਯਤਨ ਕਰੇ ਉਸ ਨੂੰ ਤਾਂ ਧੱਕੇ ਹੀ ਮਿਲਿਆ ਕਰਦੇ ਹਨ। ਦੂਜੇ ਪਾਸੇ ਜੇ ਚੀਫ਼ ਖਾਲਸਾ ਦੀਵਾਨ ਦਾ ਇਹ ਮੰਤਵ ਹੈ ਕਿ ਪੰਥ ਦੀ ਇਸ ਔਕੜ ਵਿਚ ਸੇਵਾ ਕਰਨੀ ਹੈ ਤਾਂ ਆਪਣੀ ਤਾਕਤ ਵਧੀ ਜਾਣੋਂ, ਅਜੇ ਤੱਕ ਕਿਸੇ ਨੇ ਇਹ ਪ੍ਰਗਟ ਨਹੀਂ ਕੀਤਾ ਕਿ ਉਸ ਇਕੱਤਰਤਾ ਵਿਚ ਕਿਹੜੀਆਂ ਤਜਵੀਜ਼ਾਂ ਹੋਣੀਆਂ ਹਨ, ਸਗੋਂ ਹਰ ਇਕ ਹਿੱਸਾ ਲੈਣ ਵਾਲਾ ਆਦਮੀ ਆਪਣੀ ਵਿਚਾਰ ਆ ਕੇ ਪੇਸ਼ ਕਰ ਸਕਦਾ ਹੈ। ਅਸਾਂ ਆਪਣੀ ਵਿਚਾਰ ਅੱਗੇ ਪੇਸ਼ ਕੀਤੀ ਹੈ ਇਕ ਪੰਥਕ ਜਥਾ ਬਣਾਇਆ ਜਾਵੇ, ਜਿਸ ਦਾ ਕੰਮ ਕੇਵਲ ਧਰਮ ਪ੍ਰਚਾਰ ਹੋਵੇ। ਪੁਲੀਟੀਕਲ ਕੰਮਾਂ ਲਈ ਅੱਡੋ-ਅੱਡਰੇ ਜਥੇ ਹੋਣੇ ਯੋਗ ਹਨ, ਕਿਉਂਕਿ ਜਦ ਤੱਕ ਇਹ ਵਿਦੇਸ਼ੀ ਰਾਜ ਇਥੇ ਹੈ ਪੁਲਿਟਿਕਸ ਵਿਚ ਤਾਂ ਦੋ ਖ਼ਿਆਲ ਜ਼ਰੂਰ ਹੀ ਰਹਿਣਗੇ। ਅਜਿਹੇ ਲੋਕੀਂ ਭੀ ਜ਼ਰੂਰ ਹੋਣਗੇ ਇਸ ਸਰਕਾਰ ਦੇ ਵੈਰੀ ਹੋਣ, ਜਾਂ ਜੋ ਦੇਸ਼ ਦਾ ਭਲਾ ਹੀ ਇਸ ਰਾਜ ਦੇ ਉਖੜ ਜਾਣ ਵਿਚ ਸਮਝਦੇ ਹਨ। ਫਿਰ ਅਜਿਹੇ ਲੋਕ ਜ਼ਰੂਰ ਰਹਿਣਗੇ ਜੋ ਇਸ ਸਰਕਾਰ ਦੀ ਖੁਸ਼ਾਮਦ ਕਰਕੇ

ਆਪਣਾ ਲਾਭ ਉਠਾਣਾ ਚਾਹੁਣ ਜਾਂ ਸ਼ਾਇਦ ਕੋਈ ਅਜਿਹਾ ਭੀ ਹੋਵੇ ਜੋ ਸਮਝਦਾ ਹੋਵੇ ਕਿ ਹਾਲਾਂ ਅੰਗ੍ਰੇਜ਼ ਰਹਿਣੇ ਚਾਹੀਦੇ ਹਨ। ਇਸ ਤਰ੍ਹਾਂ ਦੇ ਖ਼ਿਆਲ ਜ਼ਰੂਰ ਰਹਿਣਗੇ ਤੇ ਅਸੀਂ ਪਾਲਿਟਿਕਸ ਵਿਚ ਕਦੀ ਭੀ ਇਕ ਨਹੀਂ ਹੋ ਸਕਦੇ ਪਰ ਸਿੱਖ ਧਰਮ ਦੇ ਪ੍ਰਚਾਰ ਲਈ ਸਾਨੂੰ ਛੇਤੀ ਇਕੱਠੇ ਹੋ ਜਾਣਾ ਚਾਹੀਦਾ ਹੈ। ਹੁਣ ਸਵਾਲ ਇਹ ਹੈ ਕਿ ਇਸ ਨਵੇਂ ਬਣੇ ਜਥੇ ਦੇ ਆਗੂ ਕੌਣ ਹੋਣ। ਬਸ ਔਕੜ ਸਾਰੀ ਇਥੇ ਹੈ। ਜੋ ਸੱਜਣ ਸਰਕਾਰ ਦੇ ਵਿਰੁੱਧ ਪ੍ਰਚਾਰ ਕਰਦੇ ਹੋਣ, ਜੇ ਉਹ ਆਗੂ ਹੋ ਜਾਣ ਤਾਂ ਸਰਕਾਰ ਥਾਂ-ਥਾਂ ਪ੍ਰਚਾਰ ਵਿਚ ਔਕੜਾਂ ਪਾਂਦੀ ਹੈ ਤੇ ਜੇ ਉਹ ਆਗੂ ਹੋ ਜਾਣ ਜੋ ਸਰਕਾਰ ਦੀ ਮਦਦ ਕਰਦੇ ਹਨ ਜਾਂ ਜੋ ਮਾਡ੍ਰੇਟ ਅਖਵਾਂਦੇ ਹਨ ਤਾਂ ਲੋਕੀ ਮਦਦ ਨਹੀਂ ਦਿੰਦੇ ਇਤਬਾਰ ਨਹੀਂ ਕਰਦੇ। ਇਸ ਤਰ੍ਹਾਂ ਨਾਲ ਦੋਹੀਂ ਪਾਸੀ ਔਕੜਾਂ ਹਨ। ਇਸ ਕਰਕੇ ਜੇ ਕੋਈ ਸਾਡੇ ਵਿਚ ਏਕਤਾ ਹੋ ਸਕਦੀ ਹੈ ਤਾਂ ਕੇਵਲ ਇਸੇ ਤਰ੍ਹਾਂ ਹੋ ਸਕਦੀ ਹੈ ਕਿ ਧਾਰਮਿਕ ਜਥੇ ਦੇ ਆਗੂ ਕੋਈ ਅਜਿਹੇ ਸੱਜਣ ਹੋਣ ਜਿੰਨ੍ਹਾਂ ਉੱਤੇ ਆਮ ਲੋਕਾਂ ਦਾ ਇਤਬਾਰ ਹੋਵੇ ਤੇ ਨਾਲ ਹੀ ਸਰਕਾਰ ਵਿਰੋਧਤਾ ਨਾ ਕਰੇ; ਤਾਂ ਕਿ ਉਹ ਵਿਦਿਅਕ ਆਸ਼ਰਮ ਚਲਾ ਸਕਣ। ਇਹ ਤਜਵੀਜ਼ ਕਰਨੀ ਤਾਂ ਸੋਖੀ ਹੈ, ਪਰ ਇਹੋ ਜਿਹੇ ਆਦਮੀ ਲੱਭਣੇ ਸੰਭਵ ਨਹੀਂ ਹਨ। ਇਸ ਵੇਲੇ ਤਾਂ ਘਟੋ-ਘੱਟ ਸਾਨੂੰ ਕੋਈ ਅਜਿਹਾ ਨਜ਼ਰ ਨਹੀਂ ਆਉਂਦਾ ਜਿਸ ਉੱਤੇ ਲੋਕੀਂ ਭੀ ਇਤਬਾਰ ਕਰ ਸਕਣ ਤੇ ਇਸ ਦੇ ਵਿਰੁੱਧ ਸਰਕਾਰ ਭੀ ਨਾ ਹੋਵੇ। ਇਸ ਕਰਕੇ ਇਸ ਤਜਵੀਜ਼ ਉੱਤੇ ਅਮਲ ਹੋਣਾ ਭੀ ਸੁਖਾਲਾ ਨਹੀਂ ਹੈ। ਇਸੇ ਤਰ੍ਹਾਂ ਸੱਜਣਾਂ ਨੂੰ ਚਾਹੀਦਾ ਹੈ ਕਿ ਹੋਰ ਭੀ ਤਜਵੀਜ਼ਾਂ ਸੋਚ ਕੇ ੭ ਦਸੰਬਰ ਨੂੰ ਪੁੱਜਣ।

ਜਿਹੜੇ ਸੱਜਣ ਪਹਿਲਾਂ ਹੀ ਆਖਣ ਲੱਗ ਪਏ ਹਨ ਕਿ ਇਹ ਚੀਫ਼ ਖਾਲਸਾ ਦੀਵਾਨ ਵਾਲੇ ਚਲਾਕੀ ਖੇਡਣ ਲੱਗ ਪਏ ਹਨ। ਉਹ ਗ਼ਲਤੀ ਕਰਦੇ ਹਨ, ਅਜੇ ਤੱਕ ਤਾਂ ਚੀਫ਼ ਖਾਲਸਾ ਦੀਵਾਨ ਵਾਲਿਆਂ ਨਹੀਂ ਪ੍ਰਗਟ ਕੀਤਾ ਕਿ ਉਹ ਕੀ ਕਰਨਾ ਚਾਹੁੰਦੇ ਹਨ, ਪਰ ਫਿਰ ਭੀ ਜੇ ਕਿਸੇ ਨੂੰ ਕੇਵਲ ਇਸੇ ਤਰ੍ਹਾਂ ਕਹੇ ਕਿ ਜੋ ਭੀ ਉਹ ਕਰਨਗੇ ਚਲਾਕੀ ਹੀ ਹੋਵੇਗਾ, ਤਾਂ ਉਹ ਦਿਲ ਵਿਚ ਗੱਲ ਰੱਖਣ ਤੇ ਖ਼ਬਰਦਾਰ ਹੋ ਕੇ ਆਵਣ। ਜਿਥੇ ਕੋਈ ਚਲਾਕੀ ਲੱਭੇ ਉਥੇ ਨਾ ਮੰਨਣ, ਪਰ ਪਹਿਲਾਂ ਹੀ ਇਲਜ਼ਾਮ ਲਗਾਣਾ ਚੰਗਾ ਨਹੀਂ ਹੈ। ਗੱਲ ਦੱਸੇ ਪੁੱਛੇ ਬਿਨਾਂ ਹੀ ਹਮਲਾ ਕਰ ਦੇਣਾ, ਯੋਗ ਨਹੀਂ ਹੋਇਆ ਕਰਦਾ। ਇਸ ਦਾ ਮਤਲਬ ਤਾਂ ਇਹ ਹੈ ਕਿ ਅਸੀਂ ਚੀਫ਼ ਖਾਲਸਾ ਦੀਵਾਨ ਵਾਲਿਆਂ ਨੂੰ ਕਿਸੇ ਹਾਲਤ ਵਿਚ ਤੇ ਕਿਸੇ ਤਰੀਕੇ ਨਾਲ ਕਿਸੇ ਗੱਲ ਵਿਚ ਭੀ ਸ਼ਾਮਿਲ ਕਰਨ ਨੂੰ ਤਿਆਰ ਨਹੀਂ ਹਾਂ। ਇਹ ਵੱਡੇ ਦਿਲ ਵਾਲਿਆਂ ਦੀ ਗੱਲ ਨਹੀਂ ਹੈ। ਜੇ ਤੁਹਾਨੂੰ ਕੋਈ ਧੋਖਾ ਦੇ ਕੇ ਆਪਣਾ ਜ਼ਾਤੀ ਮਤਲਬ ਕੱਢਣਾ ਚਾਹੁੰਦਾ ਹੈ ਤਾਂ ਖ਼ਬਰਦਾਰ ਰਹੋ, ਪਰ ਜੇ ਕੋਈ ਪੰਥ ਦੀ ਦੁਰਦਸ਼ਾ ਨੂੰ ਮਾਸੂਸ ਕਰਦਾ ਏ ਤੇ ਉਸ ਦੇ ਰਾਹ ਵਿਚ ਰੋਕ ਪਾਣਾ ਖ਼ੁਦਗਰਜ਼ੀ ਤੇ ਪਾਪ ਹੈ। ੭ ਦਸੰਬਰ ਨੂੰ ਆਓ ਤੇ ਖੁਲ੍ਹਾ ਚਿਤ ਕਰਕੇ ਆਓ ਆਪਣੀਆਂ ਤੰਗ ਦਿਲੀਆਂ ਲੈ ਕੇ ਨਾ ਆਓ। ਕੋਈ ਚੰਗੀ ਤਜਵੀਜ਼ ਦੱਸੋ। ਜੇ ਕਿਸੇ ਦੀ ਕੋਈ ਚੰਗੀ ਤਜਵੀਜ਼ ਲੱਭੇ ਤਾਂ ਉਸ ਨੂੰ ਮੰਨ ਲਵੋ।

ਖਾਲਸਾ ਜੀ ਜ਼ਾਤੀ ਝਗੜੇ ਨੂੰ ਛੱਡ ਕੇ ਤੇ ਮੈਦਾਨ ਵਿਚ ਕੁਦ ਪਓ!

ਚਾਰ ਚੁਫੇਰੇ ਅੱਜ ਗੁਰੂ ਪੰਥ ਉੱਤੇ ਜ਼ੁਲਮ ਦੇ ਬਦਲ ਛਾ ਰਹੇ ਹਨ, ਪਤਾ ਨਹੀਂ ਕਿ ਇਸ ਭਿਆਨਕ ਜ਼ੁਲਮੀ ਘਟਾਂ ਦਾ ਸਿੱਟਾ ਕੀ ਨਿਕਲਣਾ ਹੈ, ਹਾਲਾਂ ਤਾਂ ਇਹ ਘਟਾਂ ਕੁਝ ਸਮੇਂ ਤੋਂ ਰੋਜ਼ ਹੀ ਨਵੇਂ ਤੋਂ ਨਵੇਂ ਰੰਗ ਬਦਲ ਰਹੀਆਂ ਹਨ ਅਰਥਾਤ 1914 ਤੋਂ ਲੈ ਕੇ ਅੱਜ ਤੀਕਰ ਹਜ਼ਾਰਾਂ ਗੁਰੂ ਕੇ ਲਾਲ ਆਪਣੀਆਂ ਪੰਜ ਭੂਤਕੀ ਦੇਹਾਂ ਸ਼ਹੀਦੀ ਦੇ ਹਵਨ-ਕੁੰਡ ਵਿਚ ਭੇਟਾ ਕਰ ਚੁੱਕੇ ਹਨ ਤੇ ਕਰੜੀ ਤੋਂ ਕਰੜੀ ਕਸਵੱਟੀ ਦੀ ਪਰਖ ਹੇਠ ਕੀਮਾਂ-ਕੀਮਾਂ ਹੋਣ ਲੱਗਿਆਂ, ਜੀਉਂਦਿਆਂ ਜਲਣ ਲੱਗਿਆਂ, ਗੋਲੀਆਂ ਅੱਗੇ ਛਾਤੀਆਂ ਡਾਹਨ ਲੱਗਿਆਂ ਸੀ ਨਹੀਂ ਕੀਤੀ ਅਤੇ ਨਾਹੀਂ ਇਸ ਕਰੜੀ ਕਸਵੱਟੀ ਤੋਂ ਮੁੱਖ ਮੋੜਿਆ ਹੱਸੂ-ਹੱਸੂ ਕਰਦਿਆਂ ਪਿਆਰੇ ਦੀ ਗੋਦ ਵਿਚ ਜਾ ਲੇਟੇ।

ਇਹ ਸਮਾਂ ਭਾਵੇਂ ਪੰਥ ਲਈ ਡਾਢਾ ਕਰੜਾ ਤੇ ਔਖਾ ਸੀ ਪਰੰਤੂ ਪੁਰਾਤਨ ਸਿੱਖਾਂ ਦੀਆਂ ਮੁਰਦਾ ਰੂਹਾਂ ਨੂੰ ਤਾਜ਼ਾ ਕਰਨ ਵਾਲੀਆਂ ਜ਼ਿੰਦਾ ਮਿਸ਼ਾਲਾਂ ਨੇ ਸੁਫਨੇ ਵਤ ਬਿਤਾ ਦਿੱਤਾ ਤੇ ਇਸ ਦੇ ਬਤੀਤ ਹੋਣ 'ਤੇ ਪੰਥ ਵਿਚ ਖਾਲਸਈ ਜੋਸ਼ ਕੁਝ ਕਦਰੇ ਮੱਠਾ ਹੋ ਗਿਆ ਕਿਉਂਕਿ ਪੰਥ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਐਸ ਵੇਲੇ ਕੋਈ ਨਵੀਂ ਆਫ਼ਤ ਸਾਡੇ ਉੱਤੇ ਪੈਣ ਵਾਲੀ ਹੈ, ਮੈਂ ਇਸ ਨੂੰ ਜੀ ਆਇਆ ਕਹਾਂਗਾ ਕਿਉਂਕਿ ਸਤਿਗੁਰੂ ਪਿਤਾ ਨੇ ਇਸ ਦੀ ਨੀਂਹ ਹੀ ਤਲਵਾਰ ਦੀ ਭੇਟਾ ਕਰਕੇ ਰੱਖੀ ਸੀ ਅਤੇ ਉਸ ਵੇਲੇ ਇਸ 'ਤੇ ਡਾਢੀ ਕਰੜੀ ਕਸਵੱਟੀ ਸੀ ਤੇ ਜਿਸ ਦੀ ਪਰਖ ਹੇਠ ਇਸ ਨੇ ਗੁਜ਼ਰਨਾ ਸੀ ਪਰ ਵਾਹ-ਵਾਹ ਚੰਗੀ ਨਿਭੀ ਜ਼ੁਲਮ ਦਾ ਟਾਕਰਾ ਤੇਜ਼ ਤਲਵਾਰ ਨੇ ਚੰਗਾ ਕੀਤਾ ਹਰ ਮੈਦਾਨ ਫ਼ਤਹਿ ਪਾਈ, ਇਸ ਤੋਂ ਪਿੱਛੋਂ ਸੁਖ ਦਾ ਸਮਾਂ ਆਇਆ ਤਾਂ ਸਾਰਿਆਂ ਨੇ ਦੇਸ਼ ਦੀ ਰੱਖਿਆ ਤੇ ਗੁਰੂ ਅਸੂਲਾਂ ਨੂੰ ਤਿਲਾਂਜ਼ਲੀ ਦੇ ਕੇ ਜਿਥੇ ਨਵਾਬੀਆਂ ਨੂੰ ਪੈਰਾਂ ਵਿਚ ਰੋਲਦੇ ਸਨ, ਉਥੇ ਮਾਮੂਲੀ ਸਰਦਾਰੀਆਂ ਅਤੇ ਜ਼ਮੀਨ ਦੇ ਟੁਕੜਿਆਂ ਵਾਸਤੇ ਆਪਣਾ ਗ਼ੁਲਾਮ ਬਣੇ ਹੀ ਸਨ, ਸਗੋਂ ਪੰਜਾਬ ਨੂੰ ਵੀ ਗ਼ੁਲਾਮ ਬਣਾ ਦਿੱਤਾ। ਇਨ੍ਹਾਂ ਗਲਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਸਿੱਖਾਂ ਉੱਤੇ ਜਦ ਜ਼ੁਲਮ ਹੋਵੇ ਤਦ ਇਹ ਇਕ ਮੁੱਠ ਹੋ ਕੇ ਇਸ ਦਾ ਖੂਬ ਟਾਕਰਾ ਕਰਦੇ ਹਨ ਤੇ ਉਸ ਵੇਲੇ ਇਹ ਇਕੱਠਾ ਵੀ ਬੜਾ ਛੇਤੀ ਹੋ ਜਾਂਦੇ ਹਨ, ਪਰੰਤੂ ਜਦ ਇਨ੍ਹਾਂ ਨੂੰ ਸੁਖ ਦਾ ਸਾਹ ਆਵੇ ਤਾਂ ਸਭ ਭੁੱਲ ਜਾਂਦੇ ਹਨ, ਇਹੋ ਹੀ ਗੱਲ ਹੁਣ ਹੈ, ਜਿਸ ਕਰਕੇ ਇਹ ਖੇਰੂੰ-ਖੇਰੂੰ ਹੋ ਰਹੇ ਹਨ, ਜਿੰਨ੍ਹਾਂ ਨੂੰ ਇਕ ਮੁੱਠ ਕਰਨ ਵਾਸਤੇ ਸ਼ਾਹ ਕਾਬਲ

ਨੇ ਫਿਰ ਪੁਰਾਣੇ ਵਕਤਾਂ ਦੇ ਸ਼ਾਹ ਫ਼ਰੁਖਸ਼ੀਅਰ ਵਾਲਾ ਨਾਦਰਸ਼ਾਹੀ ਹੁਕਮ ਚਾੜ੍ਹਿਆ ਹੈ ਜਿਸ ਦਾ ਮਤਲਬ ਕੇਵਲ ਇਹ ਹੈ ਕਿ ਅਸੀਂ ਸੁਸਤ ਹਾਂ ਅਤੇ ਗੁਰੂ ਅਸੂਲਾਂ ਤੋਂ ਭੁੱਲ ਰਹੇ ਹਾਂ। ਸਾਨੂੰ ਜਗਾਨ ਦਾ ਢੰਗ ਸ਼ਾਹ ਕਾਬਲ ਸੋਚ ਵਿਚਾਰ ਕੇ ਕੱਢਿਆ ਹੈ, ਮੈਂ ਇਸੇ ਨੂੰ ਜੀ ਆਇਆ ਆਖ ਕੇ ਪੰਥ ਨੂੰ ਦੱਸ ਦਿੰਦਾ ਹਾਂ ਕਿ ਇਸ ਗੱਲ ਨੂੰ ਬੁਰਾ ਨਾ ਮੰਨੋ ਇਹ ਸ਼ਾਹ ਕਾਬਲ ਦੇ ਅਖ਼ਤਿਆਰ ਵਿਚ ਨਹੀਂ ਇਹ ਸਤਿਗੁਰੂ ਸੱਚੇ ਪਾਤਸ਼ਾਹ ਨੇ ਸਾਡੀ ਸੁਸਤੀ ਦੂਰ ਕਰਨ ਵਾਸਤੇ ਮੁੜ ਦੋ ਢਾਈ ਸੌ ਸਾਲ ਪਿੱਛੋਂ ਸਾਨੂੰ ਜੰਗਲਾਂ ਦੇ ਮਿੱਠੇ ਮੇਵੇ ਤੇ ਸਾਗਪਾਤ ਖਾਨ ਤੇ ਫਾਕੇ ਰਹਣ ਦਾ ਸਮਾਂ ਬਖ਼ਸ਼ਿਆ ਹੈ ਇਹ ਸਮਾਂ ਗੁਰਵਾਕ ਅਨੁਸਾਰ, 'ਸੁਖੁ ਦੂਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ' ਸਾਨੂੰ ਹੱਸੂ-ਹੱਸੂ ਕਰਦਿਆਂ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਅੱਜ ਤੋਂ ਹੀ ਗਲਾਂ ਵਿਚ ਸ਼ਹੀਦੀ ਕਫਨੀਆਂ ਪਾ ਕੇ ਪੰਥ ਦੀ ਆਨ-ਸ਼ਾਨ ਲਈ ਮੈਦਾਨ ਵਿਚ ਕੁੱਦ ਪੈਣਾ ਚਾਹੀਦਾ ਹੈ, ਇਸ ਵੇਲੇ ਜੇ ਅਸਾਂ ਜ਼ੁਲਮ ਦਾ ਟਾਕਰਾ ਕੀਤਾ ਅਤੇ ਦੁਖ ਸਹਾਰੇ, ਘਰਾਂ ਦੇ ਸੁਖ ਛੱਡੇ ਤਾਂ ਸੱਚ ਹੀ ਸਾਡੀ ਫ਼ਤੇ ਹੋਵੇਗੀ ਅਤੇ ਯਕੀਨਨ ਅਸੀਂ ਕਾਮਲ ਆਜ਼ਾਦ ਹੋਵਾਂਗੇ।

ਪਰੰਤੂ ਐਸ ਵੇਲੇ ਇਸ ਗੱਲ ਦੀ ਡਾਢੀ ਲੋੜ ਹੈ ਕਿ ਅਸੀਂ ਇਕ ਹੋ ਜਾਈਏ ਅਤੇ ਕਿਸੇ ਨੂੰ ਵੀ ਆਪਣੇ ਨਾਲੋਂ ਨੀਵਾਂ ਨਾ ਸਮਝੀਏ ਅਤੇ ਸਾਂਝੇ ਬਲ ਨਾਲ ਇਸ ਦਾ ਮੁਕਾਬਲਾ ਕਰੀਏ, ਮੈਨੂੰ ਇਥੇ ਇਹ ਸ਼ੋਕ ਨਾਲ ਆਖਣਾ ਪੈਂਦਾ ਹੈ ਕਿ ਇਧਰ ਤਾਂ ਹਮਨ-ਕੁੰਡ ਤਿਆਰ ਹੈ ਅਤੇ ਕਲ-ਜੋਗਨਾਂ ਖਪਰ ਲਈ ਸੂਰਮਿਆਂ ਦੇ ਲਹੂ ਚੂਸਨ ਵਾਸਤੇ ਜੰਗ ਮੈਦਾਨ ਦੇ ਕੰਢੇ ਉੱਤੇ ਖੜ੍ਹੀਆਂ ਤੱਕ ਰਹੀਆਂ ਹਨ ਅਤੇ ਦੂਜੇ ਪਾਸੇ ਸਾਡੇ ਮੁਖੀ ਚੰਦ ਖ਼ੁਦਗਰਜ਼ ਲੀਡਰ ਪੰਥ ਦਾ ਘਾਤ ਕਰ ਰਹੇ ਹਨ ਅਤੇ ਆਪਣੀਆਂ ਖ਼ੁਦਗਰਜ਼ੀਆਂ ਦੁਆਰਾ ਕੇਵਲ ਲੀਡਰੀਆਂ ਦੀ ਖ਼ਾਤਰ ਗੁਰੂ ਅਸੂਲਾਂ ਦਾ ਘਾਤ ਕਰਨ ਵਿਚ ਕਸਰ ਨਹੀਂ ਛੱਡਦੇ ਜਿਥੇ ਅੱਜ ਸਾਨੂੰ ਜ਼ਾਤ-ਪਾਤ ਮਿਟਾਣ ਦੀ ਲੋੜ ਹੈ ਉਥੇ ਪੰਥ ਦੀ ਪ੍ਰਤੀਨਿਧ ਜਮਾਤ ਸ਼੍ਰ: ਕਮੇਟੀ ਵਿਚ ਜ਼ਾਤ-ਪਾਤ ਰੱਖਣ ਦੇ ਹੱਕ ਵਿਚ ਹੋ ਕੇ ਪੰਥ ਦਾ ਘਾਤ ਕਰ ਰਹੇ ਹਨ, ਇਸ ਕਰਕੇ ਪਿਆਰੇ ਸਾਡੇ ਮੁਖੀ ਭਰਾਓ, ਆਓ ਪੰਥ ਦਾ ਘਾਤ ਨਾ ਕਰੋ ਅਤੇ ਸਾਂਝੇ ਬਲ ਨਾਲ ਇਸ ਭਿਆਨਕ ਸਮੇਂ ਨੂੰ ਜੀ ਆਇਆਂ ਆਖ ਕੇ ਇਸ ਦਾ ਮੁਕਾਬਲਾ ਕਰੋ ਤੇ ਜੇ ਤੁਸਾਂ ਇਸ ਤਰ੍ਹਾਂ ਦੂਫ਼ਸਲੇ ਹੀ ਰਹਿਣਾ ਹੈ ਅਤੇ ਉਧਰ ਮੁਕਾਬਲੇ ਵਾਸਤੇ ਕੁੱਦਨਾਂ ਹੈ ਤੇ ਇਧਰ ਬਾਕੀਆਂ ਨੂੰ ਆਪ ਤੋਂ ਨੀਚਾ ਸਮਝ ਕੇ ਜ਼ਾਤ-ਪਾਤ ਦੀ ਅੱਗ ਵੀ ਭੜਕਾਈ ਰੱਖਣੀ ਹੈ ਤਾਂ ਵਾਸਤਾ ਜੇ ਕਲਗੀ ਵਾਲੇ ਦੇ ਕੋਈ ਗੱਲ ਨਾ ਚੁੱਕ ਲੈਣੀ ਕਿਉਂਕਿ ਪੰਥ ਦੇ ਲੱਖਾਂ ਆਦਮੀ ਇਸ ਤੋਂ ਨਫ਼ਰਤ ਕਰਦੇ ਹਨ। ਇਸ ਕਰਕੇ ਸ਼੍ਰ: ਕਮੇਟੀ ਵਿਚ ਇਸ ਮਤੇ ਨੂੰ ਪਾਸ ਕਰਕੇ ਸਾਰਿਆਂ ਨਾਲ ਹਮਦਰਦੀ ਕਰੋ ਆਪ ਦੀ ਇਸ ਹਮਦਰਦੀ 'ਤੇ ਪੰਥ ਕੁਰਬਾਨ ਹੋਣ ਵਾਸਤੇ ਤਿਆਰ ਹੈ, ਇਸ ਵੇਲੇ ਸਮਾਂ ਹੈ ਕਿ ਅਸੀਂ ਇਕ ਹੋ ਜਾਈਏ ਤੇ ਜ਼ਾਤ-ਪਾਤ ਤੋੜ ਅਸੂਲਾਂ ਨੂੰ ਅਸਲੀ ਜਾਮਾ ਪਹਿਨਾ ਕੇ ਸਾਂਝੇ ਬਲ ਸ਼ਾਹ ਕਾਬਲ ਦੇ ਇਸ ਹੁਕਮ ਨੂੰ ਠੁਕਰਾਉਂਦੇ ਹੋਏ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ। ਦਾਸ—ਨਰਿੰਦਰ ਸਿੰਘ ਨਾਰਲ

ਸੈਂਟਰਲ ਸਿੱਖ ਲੀਗ ਦੇ ਕਲਕੱਤੇ ਜਾਣ ਵਾਲਿਆਂ ਪ੍ਰਤੀਨਿਧਾਂ ਪ੍ਰਤੀ

ਇਸ ਵੇਲੇ ਪੰਥ ਤੇ ਦੇਸ਼ ਦੀ ਹਾਲਤ ਬੜੀ ਹੀ ਨਾਜ਼ੁਕ ਹੈ ਤੇ ਸੈਂਟਰਲ ਸਿੱਖ ਲੀਗ ਵੱਲੋਂ ਕਲਕੱਤੇ ਘਲੇ ਜਾਣ ਵਾਲੇ ਪ੍ਰਤੀਨਿਧਾਂ ਉੱਤੇ ਬੜੀ ਭਾਰੀ ਜ਼ਿੰਮੇਵਾਰੀ ਹੈ। ਸਾਨੂੰ ਅਫ਼ਸੋਸ ਹੈ ਕਿ ਪ੍ਰਤੀਨਿਧਾਂ ਵਿਚ ਇਹ ਦੋ ਸੱਜਣ ਅਜਿਹੇ ਹਨ, ਜਿੰਨ੍ਹਾਂ ਉੱਤੇ ਬੜੇ ਕੁਝ ਸ਼ੱਕ ਹਨ। ਸਾਡੀ ਸਮਝ ਵਿਚ ਸੈਂਟਰਲ ਸਿੱਖ ਲੀਗ ਦੀ ਅੰਤ੍ਰਿੰਗ ਕਮੇਟੀ ਨੇ ਉਨ੍ਹਾਂ ਨੂੰ ਚੁਨਣ ਵਿਚ ਬੜੀ ਭਾਰੀ ਭੁੱਲ ਕੀਤੀ ਹੈ। ਅਸੀਂ ਆਸ ਕਰਦੇ ਹਾਂ ਕਿ ਅੰਤ੍ਰਿੰਗ ਕਮੇਟੀ ਆਪ ਹੀ ਹੋਸ਼ ਸੰਭਾਲੇਗੀ ਤੇ ਇਸ ਤਰ੍ਹਾਂ ਕਿਸੇ ਰਿਆਸਤ ਦਾ ਗੁਪਤ ਕੰਮ ਕਰ ਰਹੇ ਲੋਕਾਂ ਨੂੰ ਅਗਾਹਾਂ ਚੁੱਕਣ ਦੀ ਕੋਸ਼ਿਸ਼ ਨਹੀਂ ਕਰੇਗੀ। ਅਸੀਂ ਇਹ ਗੱਲ ਨਿਰੇ ਅਨੁਮਾਨ ਦੇ ਆਸਰੇ ਨਹੀਂ ਕਹਿ ਰਹੇ ਹਾਂ, ਸਗੋਂ ਇਕ ਸੱਜਣ ਦੇ ਅਯੋਗ ਵਤੀਰੇ ਬਾਬਤ ਤਾਂ ਅਸੀਂ ਕਿਸੇ ਭੀ ਨਿਰਪੱਖ ਸੱਜਣ ਦੇ ਸਾਹਮਣੇ ਸਾਬਤ ਕਰ ਸਕਦੇ ਹਾਂ। ਸਾਨੂੰ ਇਹ ਗੱਲ ਦੋ ਸਾਲ ਤੋਂ ਕਹੀ ਜਾਂਦੀ ਸੀ, ਪਰ ਅਸਾਂ ਮੂੰਹੋਂ ਕੱਢਣਾ ਯੋਗ ਨਹੀਂ ਸਮਝਿਆ ਸੀ। ਹੁਣ ਇਹ ਗੱਲ ਸ਼ੱਕ ਦੇ ਦਰਜ਼ੇ ਤੋਂ ਵੱਧ ਗਈ ਹੈ ਤੇ ਸਾਨੂੰ ਨਿਸ਼ਚਾ ਹੋ ਚੁੱਕਾ ਹੈ। ਫ਼ਰਜ਼ ਕਰੋ ਕਿ ਇਹ ਗੱਲ ਗ਼ਲਤ ਹੋ ਜਾਵੇ, ਫਿਰ ਭੀ ਇਹੋ ਜੇਹੇ ਸੱਜਣਾਂ ਨੂੰ ਚੁੱਕ-ਚੁੱਕ ਕੇ ਅਗਾਹਾਂ ਕਰਨ ਦਾ ਯਤਨ ਆਪੋ ਵਿਚ ਭੇਦ ਪੈਦਾ ਕਰੇਗਾ ਤੇ ਜੇਕਰ ਅੰਤ੍ਰਿੰਗ ਕਮੇਟੀ ਨੇ ਹੋਸ ਨਾ ਸੰਭਾਲੀ ਤਾਂ ਅਸੀਂ ਜਨਰਲ ਕਮੇਟੀ ਪਾਸ ਅਪੀਲ ਕਰਾਂਗੇ ਕਿ ਇਸ ਤਰ੍ਹਾਂ ਦੀ ਅੰਤ੍ਰਿੰਗ ਕਮੇਟੀ ਉੱਤੇ ਬੇਇਤਬਾਰੀ ਦਾ ਵੋਟ ਪਾਸ ਕੀਤਾ ਜਾਵੇ। ਇਸ ਤਰ੍ਹਾਂ ਨਾਲ ਝਗੜਾ ਪਏਗਾ ਤੇ ਇਸ ਕਰਕੇ ਹੀ ਅਸੀਂ ਕਿਸੇ ਦਾ ਨਾਮ ਪੇਸ਼ ਨਹੀਂ ਕਰ ਰਹੇ।

ਪਰ ਇਕ ਦੋ ਸੱਜਣਾਂ ਬਿਨਾਂ ਬਾਕੀ ਦੇ ਪ੍ਰਤੀਨਿਧਾਂ ਉੱਤੇ ਸਾਨੂੰ ਭਰੋਸਾ ਹੈ, ਜਿਸ ਕਰਕੇ ਅਸੀਂ ਉਨ੍ਹਾਂ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਉਨ੍ਹਾਂ ਦੇ ਸਿਰ ਬੜੀ ਭਾਰੀ ਜ਼ਿੰਮੇਂਵਾਰੀ ਹੈ। ਉਨ੍ਹਾਂ ਦਾ ਫਰਜ਼ ਹੈ ਕਿ ਪੰਥ ਦੇ ਹੱਕਾਂ ਨੂੰ ਮੰਨਾਣ 'ਤੇ ਜੇ ਕੰਮ ਟੁੱਟੇ ਤਾਂ ਅਜਿਹੇ ਸੋਹਣੇ ਢੰਗ ਨਾਲ ਟੁੱਟੇ ਕਿ ਬਦਨਾਮੀ ਸਾਡੇ ਸਿਰ ਨਾ ਆਵੇ। ਇਸ ਵਾਸਤੇ ਸਭ ਤੋਂ ਜ਼ਰੂਰੀ ਗੱਲ ਬਾਦਲੀਲ ਹੋਣਾ ਹੈ। ਆਖ਼ਰ ਸਭ ਨੂੰ ਬਾਦਲੀਲ ਗੱਲ ਮੰਨਣੀ ਹੀ ਪਵੇਗੀ ਤੇ ਜਿਹੜੀ ਗੱਲ ਫੇਰ ਮੰਨਣੀ ਹੈ, ਉਸ ਤੋਂ ਅੱਜ ਨਾ ਕਰਨੀ ਕੇਵਲ ਆਪਣੀ ਬਦਨਾਮੀ ਕਰਨੀ ਤੇ ਦੇਸ਼ ਦੀ ਉਨਤੀ ਦੇ ਰਾਹ ਵਿਚ ਰੋੜਾ ਅਟਕਾਣਾ ਹੈ। ਇਸ ਵਾਸਤੇ ਅਸੀਂ ਕਹਿੰਦੇ ਹਾਂ ਕਿ ਇਕ ਗੱਲ ਇਹ ਚੇਤੇ ਰੱਖਣੀ ਕਿ ਜੇ ਉੱਕਾ ਹੀ ਫ਼ਿਰਕੇ ਵਾਰੀ ਹਰ ਸ਼ਕਲ ਵਿਚ ਤੇ ਹਰ ਥਾਂ

ਤੋਂ ਹਟਦੀ ਹੋਵੇ ਤਾਂ ਇਹ ਗੱਲ ਮੰਨ ਲੈਣੀ। ਇਹੋ ਹੀ ਹਲ ਸਾਰੇ ਝਗੜਿਆਂ ਦਾ ਹੈ। ਇਸ ਤੋਂ ਬਿਨਾਂ ਹੋਰ ਕੋਈ ਭੀ ਸਮਝੌਤਾ ਹੋਵੇ, ਉਹ ਬਹੁਤ ਛੇਤੀ ਟੁੱਟੇਗਾ। ਨਹਿਰੂ ਰਿਪੋਰਟ ਵਿਚ ਤਾਂ ਦਸ ਸਾਲ ਇਸ ਦੀ ਉਮਰ ਮੁਕਰਰ ਕੀਤੀ ਗਈ ਹੈ, ਪਰ ਇਹ ਗੱਲ ਉੱਕੀ ਹੀ ਗਲਤ ਜੇ। ਪਹਿਲੀ ਚੋਣ ਵਿਚ ਹੀ ਹੁਣ ਵਾਲੇ ਸਾਰੇ ਹੀ ਅੰਦਾਜ਼ੇ ਉਲਟ-ਪੁਲਟ ਜਾਣੇ ਹਨ ਤੇ ਉਸ ਵੇਲੇ ਰੌਲਾ ਪੈ ਜਾਣਾ ਹੈ। ਪੰਜਾਬ ਦੀ ਹਾਲਤ ਹੀ ਲੈ ਲਵੋ। ਅਸੀਂ ਕਹਿੰਦੇ ਹਾਂ ਕਿ ਮੌਜੂਦਾ ਨਹਿਰੂ ਕਮੇਟੀ ਦੇ ਫ਼ੈਸਲੇ ਅਨੁਸਾਰ ਪੰਜਾਬ ਵਿਚ ਮੁਸਲਮਾਨ ਬੜੀ ਭਾਰੀ ਗਿਣਤੀ ਵਿਚ ਆਵਣਗੇ ਤੇ ਉਨ੍ਹਾਂ ਨੇ ਇਸ ਤੋਂ ਫਾਇਦਾ ਉਠਾਣ ਦਾ ਪੂਰਾ ਯਤਨ ਕਰਨਾ ਹੈ। ਇਸ ਕਰਕੇ ਸਿੱਖਾਂ ਤੇ ਹਿੰਦੂਆਂ ਨੇ ਰੌਲਾ-ਦੁਹਾਈ ਚੁੱਕ ਦੇਣੀ ਹੈ ਤੇ ਇਹ ਫੈਸਲਾ ਟੁੱਟ ਜਾਣਾ ਹੈ। ਜੇਕਰ ਮੁਸਲਮਾਨ ਬਹੁ-ਸੰਮਤੀ ਵਿਚ ਨਾ ਆਏ ਤਾਂ ਉਹ ਬਹੁਤ ਮਾਯੂਸ ਹੋਣਗੇ, ਤਦ ਉਹ ਭੀ ਰੌਲਾ ਪਾ ਦੇਣਗੇ। ਇਸ ਕਰਕੇ ਦੂਜਾ ਤੁਹਾਡਾ ਫਰਜ਼ ਹੈ ਕਿ ਮੌਜੂਦਾ ਸ਼ਕਲ ਵਿਚ ਨਹਿਰੂ ਰਿਪੋਰਟ ਨੂੰ ਉੱਕਾ ਨਾ ਮੰਨਣ।

ਤੀਜੀ ਗੱਲ ਇਹ ਜੇ ਕਿ ਕੋਈ ਅਜਿਹਾ ਫ਼ੈਸਲਾ ਹੋਵੇ, ਜਿਸ ਨਾਲ ਪੰਜਾਬ ਵਿਚ ਕਿਸੇ ਭੀ ਇਕ ਕੌਮ ਦੀ ਬਹੁ-ਸੰਮਤੀ ਨਾ ਹੋ ਸਕੇ ਤਾਂ ਇਸ ਅਸੂਲ ਦੇ ਮੰਨੇ ਜਾਣ ਉੱਤੇ ਹੋਰ ਕੁਝ ਘੱਟ ਵੱਧ ਕੇ ਫ਼ੈਸਲਾ ਕਰ ਲੈਣਾ। ਸੱਚ ਤਾਂ ਇਹ ਹੈ ਕਿ ਪੰਜਾਬ ਦਾ ਫ਼ੈਸਲਾ ਹੋਣ ਦੀ ਕੋਈ ਆਸ ਨਹੀਂ ਹੈ। ਮੁਸਲਮਾਨਾਂ ਨੇ ਕੋਈ ਅਜਿਹੀ ਗੱਲ ਨਹੀਂ ਮੰਨਣੀ, ਜਿਸ ਕਰ ਕੇ ਉਨ੍ਹਾਂ ਦੀ ਪੰਜਾਬ ਵਿਚ ਬਹੁ-ਸੰਮਤੀ ਟੁੱਟੇ ਤੇ ਅਸਾਂ ਕੋਈ ਅਜਿਹੀ ਗੱਲ ਨਹੀਂ ਮੰਨਣੀ ਜਿਸ ਕਰਕੇ ਮੁਸਲਮਾਨਾਂ ਦੀ ਬਹੁ-ਸੰਮਤੀ ਕਾਇਮ ਹੋਵੇ। ਇਸ ਕਰਕੇ ਆਪ ਨੇ ਇਕ ਤਜਵੀਜ਼ ਇਹ ਪੇਸ਼ ਕਰ ਦੇਣੀ ਹੈ ਕਿ ਪੰਜਾਬ ਨੂੰ ਅੱਡਰਾ ਛੱਡ ਕੇ ਬਾਕੀ ਹਿੰਦੁਸਤਾਨ ਦਾ ਫ਼ੈਸਲਾ ਕਰ ਲਿਆ ਜਾਵੇ। ਇਹ ਗੱਲ ਭੀ ਮੁਸਲਮਾਨਾਂ ਨੇ ਨਹੀਂ ਮੰਨਣੀ, ਪਰ ਇਸ ਤਰ੍ਹਾਂ ਉਨ੍ਹਾਂ ਨੂੰ ਝੂਠਾ ਕਰਨ ਵਿਚ ਕੋਈ ਘਾਟਾ ਨਹੀਂ ਹੈ।

ਚੌਥੀ ਗੱਲ ਇਹ ਚੇਤੇ ਰੱਖਣੀ ਕਿ ਭਾਵੇਂ ਸਾਡਾ ਕਾਂਗਰਸ ਨਾਲ ਕੋਈ ਝਗੜਾ ਭੀ ਹੋ ਜਾਵੇ, ਪਰ ਅਸਾਂ ਉਸ ਝਗੜੇ ਨੂੰ ਅਜਿਹੀ ਸ਼ਕਲ ਨਹੀਂ ਪਕੜਨ ਦੇਣੀ, ਜਿਸ ਤੋਂ ਇਹ ਵਿਦੇਸ਼ੀ ਨੌਕਰਸ਼ਾਹੀ ਨੂੰ ਫਾਇਦਾ ਹੋ ਸਕੇ। ਇਸ ਕਰਕੇ ਇਕ ਤਜਵੀਜ਼ ਇਹ ਭੀ ਕਰ ਦੇਣੀ ਕਿ ਹਾਲਾਂ ਫ਼ੈਸਲਾ ਰਹਿਣ ਦਿਓ। ਪਹਿਲਾਂ ਇਨ੍ਹਾਂ ਵਿਦੇਸ਼ੀਆਂ ਨੂੰ ਲਾਂਭੇ ਕਰ ਲਵੋ ਤੇ ਫਿਰ ਆਪੇ ਹੀ ਫ਼ੈਸਲੇ ਹੋ ਜਾਣਗੇ। ਇਹ ਤਜਵੀਜ਼ ਨੂੰ ਨਾ ਤਾਂ ਮੁਸਲਮਾਨਾਂ ਨੇ ਮੰਨਣਾ ਹੈ ਤੇ ਨਾ ਹੀ ਨਹਿਰੂ ਰਿਪੋਰਟ ਦੇ ਆਸ਼ਕਾਂ ਨੇ। ਇਸ ਕਰਕੇ ਤੋੜ ਨਹੀਂ ਚੜ੍ਹੇਗੀ ਪਰ ਆਪਣੇ ਆਪ ਨੇ ਵੱਲੋਂ ਕਿਸੇ ਫ਼ੈਸਲੇ ਉੱਤੇ ਪੁੱਜਣ ਦੀ ਕੋਈ ਕਸਰ ਨਹੀਂ ਛੱਡਣੀ।

ਆਖ਼ਰ ਇਥੇ ਸਵਰਾਜ ਹੋਣਾ ਹੈ ਤੇ ਉਹ ਸਾਡੇ ਆਪੋ ਵਿਚ ਦੇ ਸਲੂਕ ਬਿਨਾਂ ਕਦਾਚਿਤ ਨਹੀਂ ਹੋ ਸਕਦਾ। ਦੂਜੀ ਗੱਲ ਇਹ ਭੀ ਚੇਤੇ ਰਹੇ ਕਿ ਹੁਣ ਨਾ ਅੰਗ੍ਰੇਜ਼ ਸਾਡੇ ਉੱਤੇ ਇਤਬਾਰ ਕਰਨ ਤੇ ਨਾ ਅਸੀਂ ਉਨ੍ਹਾਂ ਉੱਤੇ ਕਰੀਏ। ਹੁਣ ਤਾਂ ਸਿੱਖ

ਪੰਥ ਦਾ ਲਾਭ ਇਸੇ ਵਿਚ ਹੈ ਕਿ ਜਿਤਨਾ ਛੇਤੀ ਹੋਵੇ ਅੰਗ੍ਰੇਜ਼ ਇਥੋਂ ਟੁਰਨ। ਅਸੀਂ ਇਹ ਨਹੀਂ ਚਾਹੁੰਦੇ ਹਾਂ ਕਿ ਅੰਗ੍ਰੇਜ਼ੀ ਜੂਲਾ ਲਾਹ ਕੇ ਹੋਰ ਗੱਲ ਪਾ ਲਵੀਏ, ਪਰ ਅਸੀਂ ਅੰਗ੍ਰੇਜ਼ੀ ਜੂਲਾ ਜ਼ਰੂਰ ਲਾਹੁਣਾ ਹੈ। ਇਸ ਬਿਨਾਂ ਨਾ ਸਾਨੂੰ ਚੈਨ ਹੈ ਤੇ ਸਾਡੇ ਦੇਸ਼ ਦਾ ਭਲਾ ਹੀ ਹੈ।

ਇਨ੍ਹਾਂ ਗੱਲਾਂ ਦਾ ਚੇਤਾ ਰੱਖਦੇ ਹੋਏ ਆਪ ਪੰਥ ਤੇ ਦੇਸ਼ ਦੇ ਭਲੇ ਲਈ ਹਰ ਤਰ੍ਹਾਂ ਦੀ ਸੇਵਾ ਕਰਨ ਦਾ ਬੇਸ਼ੱਕ ਭਰੋਸਾ ਦੇ ਦੇਵੋ।

ਪਰ ਜੇਕਰ ਕਾਂਗਰਸ ਵਾਲੇ ਕਿਸੇ ਭੀ ਬਾਦਲੀਲ ਗੱਲ ਨੂੰ ਨਾ ਮੰਨਣ ਤਾਂ ਸਾਡੇ ਕੋਈ ਵਸ ਨਹੀਂ ਹੈ। ਤਾਂ ਫਿਰ ਇਹੋ ਨਤੀਜਾ ਨਿਕਲਦਾ ਹੈ ਕਿ ਹਾਲਾਂ ਅਸੀਂ ਅੰਗ੍ਰੇਜ਼ਾਂ ਨੂੰ ਕੱਢਣ ਵਿਚ ਕਾਮਯਾਬ ਨਹੀਂ ਹੋਵਾਂਗੇ।

✫ ✫ ✫

ਲਾਹੌਰ ਦਾ ਕਤਲ

ਮਿ: ਸਾਂਡਰਸ ਤੇ ਸ: ਚੰਨਣ ਸਿੰਘ ਦੇ ਕਤਲ ਨੇ ਸਾਡੀ ਰਾਜਸੀ ਜ਼ਿੰਦਗੀ 'ਪਰ ਬੜਾ ਅਸਰ ਪਾਉਣਾ ਹੈ। ਇਸ ਕਤਲ ਦਾ ਨਤੀਜਾ ਕੇਵਲ ਮਨੁੱਖਾਂ ਦਾ ਕਤਲ ਜਾਂ ਦੋ ਚਾਰ ਨੂੰ ਫ਼ਾਂਸੀ ਦੇਣਾਂ ਨਹੀਂ ਨਿਕਲੇਗਾ, ਬਲਕਿ ਇਸ ਦਾ ਅਸਰ ਹਿੰਦੁਸਤਾਨ ਦੀ ਆਜ਼ਾਦੀ 'ਪਰ ਬੜਾ ਪਵੇਗਾ। ਇਸ ਤੋਂ ਪਹਿਲਾਂ ਸੰਨ 1915 ਵਿਚ ਇਸ ਤਰ੍ਹਾਂ ਦਾ ਕਤਲ ਹੋਇਆ ਸੀ, ਜਦੋ ਕਿ ਅਨਾਰਕਲੀ ਬਜ਼ਾਰ ਵਿਚ ਦਿਨ ਦੇ ਵੇਲੇ ਅਮਰੀਕਾ ਤੋਂ ਵਾਪਸ ਆਏ ਦੋ ਸਿੰਘਾਂ ਨੇ ਇਕ ਪੁਲੀਸ ਸਬ-ਇੰਸਪੈਕਟਰ ਨੂੰ ਕਤਲ ਕੀਤਾ ਸੀ। ਉਸ ਦੇ ਪਿੱਛੋਂ ਕਈ ਵੇਰਾਂ ਬੰਬ ਫਟੇ ਤੇ ਹੋਰ ਘਟਨਾਵਾਂ ਹੋਈਆਂ ਪਰੰਤੂ ਇਸ ਤਰ੍ਹਾਂ ਦੀ ਦਲੇਰੀ ਦਾ ਵਾਕਿਆ ਅੱਜ ਹੋਇਆ ਹੈ। ਇਸ ਵਿਚ ਸੰਦੇਹ ਨਹੀਂ ਹੈ ਕਿ ਹਮਲਾ ਕਰਨ ਵਾਲਿਆਂ ਦਾ ਮੁੱਦਾ ਰਾਜਸੀ ਸੀ ਤੇ ਉਨ੍ਹਾਂ ਨੇ ਬੜੀ ਦਲੇਰੀ ਤੋਂ ਕੰਮ ਲਿਆ ਹੈ। ਹਮਲਾ ਕਰਨ ਵਾਲਿਆਂ ਨੇ ਆਪਣੀਆਂ ਜਾਨਾਂ ਤਾਂ ਗਈਆਂ ਹੋਈਆਂ ਸਮਝ ਕੇ ਹੀ ਇਤਨੀ ਦਲੇਰੀ ਕੀਤੀ ਹੈ ਤੇ ਕਿਸੇ ਨੂੰ ਉਨ੍ਹਾਂ ਦੀ ਬਹਾਦਰੀ ਜਾਂ ਦਲੇਰੀ ਵਿਚ ਸ਼ੱਕ ਨਹੀਂ ਹੈ, ਪਰੰਤੂ ਉਨ੍ਹਾਂ ਇਹ ਚੰਗਾ ਕੰਮ ਕੀਤਾ ਹੈ, ਜਾਂ ਸਿਆਣਪ ਦਾ ਕੰਮ ਕੀਤਾ ਹੈ ਇਸ ਵਿਚ ਸਾਨੂੰ ਸ਼ੱਕ ਹੈ। ਸਾਡੇ ਖ਼ਿਆਲ ਵਿਚ ਇਸ ਦਾ ਸਿੱਟਾ ਦੇਸ਼ ਦੇ ਭਲੇ ਦਾ ਨਾ ਹੋਵੇਗਾ।

ਦਲੇਰੀ ਤੇ ਕੁਰਬਾਨੀ ਸਦਾ ਹੀ ਲਾਭ ਨਹੀਂ ਪਹੁੰਚਾਇਆ ਕਰਦੀਆਂ। ਸਿਆਣਪ ਤੇ ਦੂਰ-ਅੰਦੇਸ਼ੀ ਹਰ ਕੰਮ ਦੇ ਕਰਨ ਵਿਚ ਜ਼ਰੂਰ ਹੋਣੀ ਚਾਹੀਦੀ ਹੈ। ਇਸ ਗੱਲੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਸੰਨ 1857 ਦੇ ਗ਼ਦਰ ਕਰਨ ਵਾਲਿਆਂ ਵਿਚ ਬਹੁਤ ਸਾਰੇ ਆਦਮੀਆਂ ਨੇ ਦਲੇਰੀ ਤੋਂ ਕੰਮ ਲਿਆ ਅਤੇ ਆਪਣੇ ਦੇਸ਼ ਤੇ ਧਰਮ ਦੀ ਖ਼ਾਤਰ ਜਾਨਾਂ ਦਿੱਤੀਆਂ ਪਰੰਤੂ ਉਸ ਦਾ ਸਿੱਟਾ ਕੀ ਨਿਕਲਿਆ। ਉਸ ਗ਼ਦਰ ਦੇ ਮਗਰੋਂ ਦੇਸ਼ ਵਿਚ ਬਹੁਤੀ ਕਮਜ਼ੋਰੀ, ਬਹੁਤ ਜ਼ੁਲਮ ਤੇ ਦੁੱਖ ਹੋਣ ਲੱਗ ਪਏ, ਇਸ ਵਾਸਤੇ ਅਸੀਂ ਨੌਜਵਾਨਾਂ ਨੂੰ ਕਹਿੰਦੇ ਹਾਂ ਕਿ ਇਹ ਫ਼ਾਰਮੂਲਾ ਗ਼ਲਤ ਹੈ ਕਿ ਕੁਰਬਾਨੀ ਹਰ ਸਮੇਂ ਤੇ ਹਰ ਸ਼ਕਲ ਵਿਚ ਹੀ ਲਾਭ ਪਹੁੰਚਾਇਆ ਕਰਦੀ ਹੈ। ਕੁਰਬਾਨੀ ਸਦਾ ਤੇ ਹਰ ਵੇਲੇ ਲੋੜੀਂਦੀ ਹੈ ਪਰੰਤੂ ਕੁਰਬਾਨੀ ਨੂੰ ਭੀ ਰਸਤਾ ਦਿਖਾਣ ਵਾਲੀ ਅਕਲ ਨਾਲ ਹੋਣਾ ਜ਼ਰੂਰੀ ਹੈ। ਇਸ 'ਪਰ ਅਸੀਂ ਫਿਰ ਕਦੇ ਵਿਸਥਾਰ ਪੂਰਬਕ ਵਿਚਾਰ ਕਰਾਂਗੇ।

ਅੱਜ ਜਿਥੇ ਅਸੀਂ ਹਮਲਾ ਕਰਨ ਵਾਲਿਆਂ ਨੂੰ ਦਲੇਰ ਪਰ ਗ਼ਲਤੀ ਪੁਰ ਕਹਿੰਦੇ ਹਾਂ, ਉਥੇ ਸ: ਚੰਨਣ ਸਿੰਘ ਦੀ ਦਲੇਰੀ ਵਿਚ ਭੀ ਕੋਈ ਸ਼ੱਕ ਨਹੀਂ ਹੈ। ਉਸ ਨੇ

ਹਮਲਾ ਕਰਨ ਵਾਲਿਆਂ ਦਾ ਪਿੱਛਾ ਕਰਨ ਵਿਚ ਨਿਹਤ ਦਲੇਰੀ ਤੇ ਬਹਾਦਰੀ ਤੋਂ ਕੰਮ ਲਿਆ। ਉਸ ਦੀ ਟੰਗ ਵਿਚ ਗੋਲੀ ਲੱਗ ਗਈ ਤੇ ਲਹੂ ਦੀ ਨਦੀ ਜਾਰੀ ਹੋ ਗਈ ਪਰੰਤੂ ਉਸ ਨੇ ਫਿਰ ਭੀ ਪਿੱਛਾ ਜਾਰੀ ਰੱਖਿਆ। ਇਹ ਤਾਂ ਹੋ ਹੀ ਨਹੀਂ ਸਕਦਾ ਸੀ ਬੇ-ਹਥਿਆਰ ਸ: ਚੰਨਣ ਸਿੰਘ ਉਨ੍ਹਾਂ ਸਨਧਬੱਧ ਹਮਲਾ ਕਰਨ ਵਾਲਿਆਂ ਨੂੰ ਫੜ ਲੈਂਦਾ ਪਰ ਉਸ ਦਾ ਇਹ ਖ਼ਿਆਲ ਹੋਵੇਗਾ ਕਿ ਉਸ ਦੀ ਸਹਾਇਤਾ ਲਈ ਹੋਰ ਪੁਲੀਸ ਵਾਲੇ ਜਾਂ ਹੋਰ ਲੋਕ ਪਹੁੰਚ ਜਾਣਗੇ। ਅਫ਼ਸੋਸ ਕਿ ਕਿਸੇ ਨੇ ਉਸ ਦੀ ਸਹਾਇਤਾ ਨਾ ਕੀਤੀ ਤੇ ਉਸ ਨੇ ਆਪਣੀ ਜਾਨ ਐਵੇਂ ਹੀ ਗਵਾ ਦਿੱਤੀ, ਪਰੰਤੂ ਅਸੀਂ ਉਸ ਦੀ ਬਹਾਦਰੀ ਦੀ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਦੇ।

ਪਰ ਸਵਾਲ ਇਹ ਹੈ ਕਿ ਇਸ ਤਰ੍ਹਾਂ ਦਾ ਤਸੱਦਦ ਹੋਇਆ ਕਿਉਂ ਹੈ ? ਸਾਨੂੰ ਇਹ ਕਹਿਣ ਵਿਚ ਬਿਲਕੁਲ ਝਿਜਕ ਨਹੀਂ ਹੈ ਕਿ ਇਹ ਤਸੱਦਦ ਦਾ ਵਾਯੂ-ਮੰਡਲ ਪੈਦਾ ਕਰਨ ਦੀ ਬਹੁਤ ਸਾਰੀ ਜ਼ਿੰਮੇਂਵਾਰੀ ਪੁਲੀਸ ਤੇ ਗਵਰਮੈਂਟ ਪੁਰ ਹੈ। ਸੰਨ 1921 ਤੋਂ ਪਹਿਲਾਂ ਅਸਾਂ ਕਦੇ ਇਹ ਨਹੀਂ ਸੁਣਿਆ ਸੀ ਕਿ ਪੁਲੀਸ ਨੂੰ ਬਕਾਇਦਾ ਅਫ਼ਸਰਾਂ ਦੀ ਤਰਫ਼ੋਂ ਹੁਕਮ ਹੋਵੇ ਕਿ ਉਨ੍ਹਾਂ ਲੋਕਾਂ ਉਪਰ ਲਾਠੀਆਂ ਚਲਾਵੋ ਜੋ ਕੋਈ ਫ਼ਸਾਦ ਨ ਕਰ ਰਹੇ ਹੋਣ। ਸਾਨੂੰ ਕੋਈ ਭੀ ਇਕ ਐਸੀ ਮਿਸਾਲ ਨਹੀਂ ਦਿੱਤੀ ਜਾ ਸਕੇਗੀ, ਜਿਸ ਵਿਚ ਹਮਲਾ ਕਰਨ ਵਾਲੀ ਪੁਲੀਸ ਹੋਵੇ। ਪੁਲੀਸ ਤਾਂ ਸਦਾ ਉਸ ਵੇਲੇ ਮੁਕਾਬਲਾ ਕੀਤਾ ਕਰਦੀ ਸੀ, ਜਦੋਂ ਉਸ ਉੱਤੇ ਦੂਜੇ ਪਾਸਿਓਂ ਹਮਲਾ ਹੋਵੇ ਪਰੰਤੂ ਸ਼ਾਂਤਮਈ ਨਾ-ਮਿਲਵਰਤਨ ਮਗਰੋਂ ਵੱਡੇ ਅਫ਼ਸਰਾਂ ਨੇ ਖ਼ੁਦ ਆਪਣਾ ਰਵਈਆ ਬਦਲ ਲਿਆ ਹੈ। ਗੁਰੂ ਕੇ ਬਾਗ਼ ਦੇ ਮੌਕੇ ਪੁਰ ਸ਼ਾਂਤਮਈ ਅਕਾਲੀਆਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਕੁਟ-ਕੁਟ ਕੇ ਬੇਹੋਸ਼ ਕੀਤਾ ਗਿਆ, ਕਿਸੇ ਇਕ ਅਕਾਲੀ ਨੇ ਭੀ ਕਿਧਰੇ ਮੁਕਾਬਲਾ ਨਹੀਂ ਕੀਤਾ ਅਤੇ ਫਿਰ ਭੀ ਪੁਲੀਸ ਨੂੰ ਸ਼ਰਮ ਨਾ ਆਈ ਤੇ ਨਾ ਸਰਕਾਰ ਦੇ ਵੱਡੇ ਅਫ਼ਸਰਾਂ ਨੇ ਇਸ ਜ਼ੁਲਮ ਦੇ ਨਿਕਲਣ ਵਾਲੇ ਸਿੱਟਿਆਂ ਦਾ ਅੰਦਾਜ਼ਾ ਹੀ ਲਗਾਇਆ। ਅਜੇ ਤਾਂ ਸਾਨੂੰ ਡਰ ਹੈ ਕਿ ਜੇ ਪੁਲੀਸ ਨੇ ਤੇ ਸਰਕਾਰ ਨੇ ਇਹੋ ਪਾਲਸੀ ਰੱਖੀ ਤਾਂ ਹੋਰ ਭੀ ਬਹੁਤੇ ਖ਼ਤਰੇ ਪੈਦਾ ਹੋ ਜਾਣਗੇ।

ਇਹ ਖ਼ਤਰੇ ਕੇਵਲ ਲੋਕਾਂ ਲਈ ਹੀ ਨਹੀਂ ਹੋਣਗੇ ਬਲਕਿ ਸਰਕਾਰੀ ਅਫ਼ਸਰ ਭੀ ਖ਼ਤਰੇ ਵਿਚ ਪੈ ਜਾਣਗੇ। ਅਜੇ ਆਇਰਲੈਂਡ ਦੀ ਮਿਸਾਲ ਸਾਡੇ ਸਾਹਮਣੇ ਹੈ। ਉਧਰੋਂ ਆਇਰਲੈਂਡ ਵਾਲੇ ਅੰਗ੍ਰੇਜ਼ ਅਫ਼ਸਰਾਂ ਉਪਰ ਹਮਲੇ ਕਰਕੇ ਉਨ੍ਹਾਂ ਨੂੰ ਕਤਲ ਕਰਦੇ ਸਨ ਤੇ ਉਧਰੋਂ ਅੰਗ੍ਰੇਜ਼ੀ ਫ਼ੌਜ ਦੇ ਸਿਪਾਹੀ ਰਾਤ ਨੂੰ ਕੌਮ ਪੂਜਾ ਮਕਾਨਾਂ ਉਪਰ ਜਾ ਕੇ ਉਨ੍ਹਾਂ ਨੂੰ ਕਤਲ ਕਰ ਦਿੰਦੇ ਸਨ। ਅਜੇ ਸੰਭਲਣ ਦਾ ਵੇਲਾ ਹੈ, ਦੁਸ਼ਮਣੀ ਬਹੁਤ ਵੱਧ ਗਈ ਤਾਂ ਹਾਲਤ ਨਾਜ਼ੁਕ ਹੋ ਜਾਣ ਦਾ ਡਰ ਹੈ। ਸੰਨ 1921-22 ਵਿਚ ਜਦੋਂ ਕਾਂਗਰਸ ਵਾਲੰਟੀਅਰਾਂ ਦੇ ਜ਼ਲੂਸ ਨਿਕਲਦੇ ਸਨ ਤਾਂ ਉਨ੍ਹਾਂ ਉਪਰ ਪੁਲੀਸ ਡੰਡੇ ਬਰਸਾਇਆ ਕਰਦੀ ਸੀ। ਇਹ ਕਿਉਂ ? ਜੇ ਇਹ ਕਾਰਵਾਈ ਕਾਨੂੰਨ ਅਨੁਸਾਰ ਸੀ ਤਾਂ ਕੋਈ ਮਿਸਾਲ ਦਿੱਤੀ ਜਾ ਸਕਦੀ ਹੈ ਕਿ ਅਜੇਹੀ ਕਾਰਵਾਈ ਇਸ ਤੋਂ ਪਹਿਲਾਂ ਕਦੇ ਕੀਤੀ ਗਈ ਹੋਵੇ। ਸਾਨੂੰ ਇਹ ਪਤਾ ਹੈ ਕਿ ਅੰਗ੍ਰੇਜ਼ੀ ਕਾਨੂੰਨ ਕੋਈ ਚੀਜ਼

ਨਹੀਂ ਹੈ। ਰਾਜਸੀ ਮਾਮਲਿਆਂ ਵਿਚ ਜਿਸ ਤਰ੍ਹਾਂ ਸਰਕਾਰ ਦੀ ਮਰਜ਼ੀ ਹੋਵੇ, ਉਸੇ ਤਰ੍ਹਾਂ ਦੇ ਅਰਥ ਕਾਨੂੰਨ ਦੇ ਨਿਕਲ ਆਉਂਦੇ ਹਨ। ਜੇ ਲੋਕੀਂ ਸ਼ਾਂਤਮਈ ਰਹਿੰਦੇ ਹੋਏ ਐਜੀਟੇਸ਼ਨ ਕਰਦੇ ਹਨ ਤਾਂ ਉਨ੍ਹਾਂ ਨੂੰ ਡੰਡਿਆਂ ਨਾਲ ਦਬਾਉਣ ਦੀ ਕੋਸ਼ਿਸ਼ ਵਰਤੀ ਜਾਣੀ ਨਾ ਕੇਵਲ ਬੁਜ਼ਦਿਲੀ, ਬੇਇਨਸਾਫ਼ੀ ਤੇ ਜ਼ੁਲਮ ਹੀ ਹੈ ਬਲਕਿ ਬੇਵਕੂਫ਼ੀ ਭੀ ਪਰਲੇ ਦਰਜ਼ੇ ਦੀ ਹੈ। ਲੋਕਾਂ ਦੇ ਦਿਲਾਂ ਵਿਚ ਗੁੱਸਾ ਹੈ ਅਤੇ ਚੰਗਾ ਹੈ ਕਿ ਇਹ ਗੁੱਸਾ ਲਫ਼ਜ਼ਾਂ ਵਿਚ ਨਿਕਲ ਜਾਵੇ ਪਰ ਜੇ ਲੋਕਾਂ ਦੇ ਦਿਲਾਂ ਵਿਚ ਯੋਗ ਸ਼ਿਕਾਇਤਾਂ ਨੇ ਅਸਰ ਕੀਤਾ ਹੋਵੇ ਤਾਂ ਉਹ ਸ਼ਿਕਾਇਤਾਂ ਦੂਰ ਕੀਤੇ ਬਿਨਾਂ ਨਹੀਂ ਨਿਕਲੇਗਾ। ਇਸ ਤਰ੍ਹਾਂ ਤਸ਼ੱਦਦ ਉਪਰ ਆ ਜਾਣਾ ਸਖ਼ਤ ਖ਼ਤਰਨਾਕ ਹੈ ਤੇ ਇਸ ਨਾਲ ਕਈ ਲੋਕਾਂ ਦੀ ਜ਼ਿੰਦਗੀ ਖਾਹਮਖਾਹ ਖ਼ਤਰੇ ਵਿਚ ਪੈ ਜਾਂਦੀ ਹੈ ਅਤੇ ਹੁਣ ਜੋ ਆਦਮੀ ਤਾਂ ਕਤਲ ਹੋ ਗਏ ਅਤੇ ਕਈ ਆਦਮੀ ਸ਼ਾਇਦ ਫ਼ਾਂਸੀ ਦਿੱਤੇ ਜਾਣ, ਪਰ ਇਸ ਦੀ ਜ਼ਿੰਮੇਂਵਾਰੀ ਸਾਰੀ ਸਰਕਾਰ ਦੀ ਤਸ਼ੱਦਦ ਦੀ ਪਾਲਸੀ ਉਪਰ ਹੈ। ਲਾਲਾ ਲਾਜਪਤ ਰਾਇ ਜੀ ਉਪਰ ਸ਼ਾਂਤਮਈ ਰਹਿੰਦੀਆਂ ਹੋਇਆਂ ਡੰਡੇ ਬਰਸਾਏ ਗਏ। ਲੋਕਾਂ ਨੇ ਹਰ ਇਕ ਢੰਗ ਨਾਲ ਯਤਨ ਕੀਤਾ ਕਿ ਕੋਈ ਅਜਿਹੀ ਪੜਤਾਲ ਹੋਵੇ, ਜਿਸ ਉਪਰ ਲੋਕਾਂ ਨੂੰ ਭੀ ਭਰੋਸਾ ਹੋਵੇ। ਇਸ ਤਰ੍ਹਾਂ ਦੀ ਪੜਤਾਲ ਵਿਚ ਸਰਕਾਰ ਨੂੰ ਨੁਕਸਾਨ ਤਾਂ ਕਦਾਚਿਤ ਕੋਈ ਨਹੀਂ ਹੋ ਸਕਦਾ ਸੀ, ਕਿਉਂਕਿ ਹੁਣ ਭੀ ਆਮ ਲੋਕ ਇਹੋ ਯਕੀਨ ਕੀਤੀ ਬੈਠੇ ਸਨ ਕਿ ਲੋਕਾਂ ਦੀ ਤਰਫੋਂ ਕੋਈ ਵਧੀਕੀ ਨਹੀਂ ਹੋਈ ਹੈ। ਲਾਲਾ ਲਾਜਪਤ ਰਾਇ ਜੀ ਦੀ ਮੌਤ ਪੁਲੀਸ ਦੀ ਮਾਰ ਕੁਟਾਈ ਦੇ ਕਾਰਨ ਹੋਈ ਹੈ। ਇਸ ਤੋਂ ਵਧ ਭੈੜੀ ਹੋਰ ਕਿਹੜੀ ਗੱਲ ਹੈ ਜੋ ਸਰਕਾਰ ਦੇ ਵਿਰੁੱਧ ਸਾਬਤ ਹੁੰਦੀ ? ਪਰੰਤੂ ਅਫ਼ਸੋਸ ਸਰਕਾਰ ਨੇ ਅਜਿਹੀ ਪੜਤਾਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਇਨਕਾਰ ਨਾਲ ਭੀ ਲੋਕਾਂ ਨੂੰ ਬਹੁਤ ਦੁੱਖ ਹੋਇਆ ਤੇ ਕਈ ਥਾਂਈਂ ਅਜਿਹੇ ਲੈਕਚਰ ਭੀ ਹੋਏ ਹਨ ਕਿ ਸਾਨੂੰ ਅੱਗੇ ਤੋਂ ਸ਼ਾਂਤਮਈ ਨਹੀਂ ਰਹਿਣਾ ਚਾਹੀਦਾ। ਅਸੀਂ ਜਾਣਦੇ ਹਾਂ ਕਿ ਅਜਿਹੇ ਲੈਕਚਰ ਦੇਣ ਵਾਲਿਆਂ ਦੀ ਗ਼ਲਤੀ ਹੈ ਅਤੇ ਅਸੀਂ ਇਸ ਉਪਰ ਆਪਣੇ ਖ਼ਿਆਲਾਤ ਵਿਸਥਾਰ ਪੂਰਬਕ ਪਹਿਲਾਂ ਹੀ ਪ੍ਰਗਟ ਕਰ ਚੁੱਕੇ ਹਾਂ ਪਰੰਤੂ ਹੁਣ ਤਾਂ ਅਸੀਂ ਤਸ਼ੱਦਦ ਦੀ ਜੜ੍ਹ ਦੀ ਖੋਜ਼ ਕਰ ਰਹੇ ਹਾਂ। ਇਹ ਸੰਭਵ ਹੈ ਕਿ ਇਹ ਕਤਲ ਉਨ੍ਹਾਂ ਲੋਕਾਂ ਨੇ ਕੀਤਾ ਹੋਵੇ, ਜਿਨ੍ਹਾਂ ਦੇ ਦਿਲ ਵਿਚ ਇਹ ਗੱਲ ਬੈਠੀ ਹੋਈ ਹੈ ਕਿ ਲਾਲਾ ਲਾਜਪਤ ਰਾਇ ਜੀ ਨੂੰ ਪੁਲੀਸ ਨੇ ਕਤਲ ਕਰ ਦਿੱਤਾ ਹੈ ਅਤੇ ਉਨ੍ਹਾਂ ਦੇ ਦਿਲਾਂ ਵਿਚ ਅਜਿਹੇ ਖ਼ਿਆਲਾਂ ਦੇ ਬੈਠਣ ਦੀ ਜ਼ਿੰਮੇਂਵਾਰੀ ਤੋਂ ਸਰਕਾਰ ਬਰੀ ਨਹੀਂ ਹੋ ਸਕਦੀ। ਜੇ ਠੀਕ ਲਾਲਾ ਜੀ ਦੀ ਮੌਤ ਦੀ ਜ਼ਿੰਮੇਂਵਾਰੀ ਕੁਝ ਪੁਲੀਸ ਉਪਰ ਭੀ ਆ ਸਕਦੀ ਹੈ ਤਾਂ ਸਰਕਾਰ ਨੂੰ ਮਾਫ਼ੀ ਮੰਗਣੀ ਚਾਹੀਦੀ ਹੈ ਤੇ ਅਜਿਹਾ ਬੰਦੋਬਸਤ ਕਰਨਾ ਚਾਹੀਦਾ ਹੈ ਕਿ ਫਿਰ ਕਦੇ ਅਜਿਹੀ ਘਟਨਾ ਨਾ ਹੋਵੇ ਪਰੰਤੂ ਜੇ ਸਰਕਾਰ ਨੂੰ ਯਕੀਨ ਹੈ ਕਿ ਲਾਲਾ ਜੀ ਦੀ ਮੌਤ ਦੀ ਜ਼ਿੰਮੇਂਵਾਰੀ ਪੁਲੀਸ ਉਪਰ ਬਿਲਕੁਲ ਨਹੀਂ ਆਉਂਦੀ ਤਾਂ ਉਨ੍ਹਾਂ ਨੂੰ ਅਜਿਹੇ ਆਦਮੀਆਂ ਤੋਂ ਪੜਤਾਲ ਕਰਾਣੀ ਚਾਹੀਦੀ ਹੈ, ਜਿਨ੍ਹਾਂ ਦੀ ਸਚਾਈ ਉਪਰ ਕਿਸੇ

ਨੂੰ ਸ਼ੱਕ ਨਾ ਹੋ ਸਕੇ ਅਤੇ ਇਸ ਤਰ੍ਹਾਂ ਪੁਲੀਸ ਦੀ ਸਫ਼ਾਈ ਕਰ ਦੇਣੀ ਚਾਹੀਦੀ ਹੈ ਜੇ ਮਹਾਤਮਾ ਗਾਂਧੀ ਜੀ ਨੂੰ ਇਸ ਪੜਤਾਲ ਲਈ ਹੁਣ ਭੀ ਨੀਯਤ ਕਰ ਦਿੱਤਾ ਜਾਵੇ ਤਾਂ ਬਹੁਤ ਚੰਗੀ ਗੱਲ ਹੋਵੇਗੀ ।

ਅੰਤ ਵਿਚ ਅਸੀਂ ਆਪਣੇ ਨੌਜਵਾਨਾਂ ਪਾਸ ਅਪੀਲ ਕਰਦੇ ਹਾਂ ਕਿ ਇਸ ਤਰ੍ਹਾਂ ਕਤਲ ਕਰਕੇ ਆਪ ਅਜਿਹੇ ਹਾਲਤ ਪੈਦਾ ਕਰ ਰਹੇ ਹੋ, ਜਿਨ੍ਹਾਂ ਨਾਲ ਬਹੁਤ ਭਾਰੀ ਖ਼ਤਰਾ ਹੈ ਅਤੇ ਇਸ ਵਾਸਤੇ ਇਹ ਗੱਲ ਬਹੁਤੇ ਤਜ਼ਰਬੇਕਾਰ ਤੋਂ ਬਹੁਤ ਦੂਰ-ਅੰਦੇਸ਼ ਲੀਡਰਾਂ ਦੇ ਜ਼ਿੰਮੇ ਰਹਿਣ ਦਿਓ ਕਿ ਉਹ ਫ਼ੈਸਲਾ ਕਰਨ ਕਿ ਸ਼ਾਂਤਮਈ ਰਹਿਣ ਦੀ ਲੋੜ ਹੈ ਜਾਂ ਨਹੀਂ। ਜਦੋਂ ਤੱਕ ਕਾਂਗਰਸ ਤੇ ਹੋਰ ਦੂਸਰੇ ਲੀਡਰ ਅਜਿਹਾ ਫ਼ੈਸਲਾ ਨਹੀਂ ਕਰਦੇ ਆਪ ਦਾ ਇਹ ਹਥਿਆਰ ਵਰਤਣਾ ਹਾਨੀਕਾਰਕ ਹੋਵੇਗਾ ।

✲ ✲ ✲

ਅੱਜ-ਕਲ੍ਹ ਦੀ ਅਸ਼ਾਂਤਮਈ ਵਿਚ ਔਕੜਾਂ
ਜ਼ਮਾਨੇ ਦੀ ਚਾਲ ਨਾਲ ਹੀ ਚੱਲਣਾ ਪਵੇਗਾ

ਸਾਡੇ ਦੇਸ਼ ਵਿਚ ਕਈ ਹਕੂਮਤਾਂ ਹੋ ਚੁੱਕੀਆਂ ਹਨ। ਹਕੂਮਤ ਦੇ ਨਸ਼ੇ ਵਿਚ ਆ ਕੇ ਹਾਕਮਾਂ ਨੇ ਜ਼ੁਲਮ ਕੀਤੇ ਹਨ ਤੇ ਲੋਕਾਂ ਨੇ ਮੁਕਾਬਲੇ ਕੀਤੇ ਹਨ ਤੇ ਸੈਂਕੜੇ ਸਾਲਾਂ ਮਗਰੋਂ ਹਕੂਮਤਾਂ ਬਦਲੀਆਂ ਹਨ। ਬੇਸ਼ੱਕ ਬਾਹਰੋਂ ਹਮਲੇ ਭੀ ਹੋਏ ਹਨ ਪਰ ਉਹ ਤਦ ਹੀ ਹੁੰਦੇ ਹਨ ਜਦ ਦੇਸ਼ ਵਿਚ ਬਦਅਮਨੀ ਹੁੰਦੀ ਰਹੀ ਹੈ ਜਦ ਭੀ ਲੋਕੀਂ ਹਕੂਮਤ ਤੋਂ ਤੰਗ ਹੋਏ ਹਨ ਤੇ ਉਨ੍ਹਾਂ ਨੇ ਹਥਿਆਰ ਚੁੱਕ ਲਏ ਹਨ ਤੇ ਜਦ ਤੱਕ ਹਕੂਮਤ ਦੇ ਮੁਕਾਬਲੇ ਜੋਗੇ ਨਹੀਂ ਹੋਏ ਤਦ ਤੱਕ ਜੰਗਲਾਂ ਪਹਾੜਾਂ ਵਿਚ ਲੁਕ ਕੇ ਛਾਪੇ ਮਾਰਦੇ ਰਹੇ ਹਨ। ਭਾਵੇਂ ਇਸ ਤਰ੍ਹਾਂ ਦੇ ਛਾਪੇ ਕੇਵਲ ਉਹੋ ਮਾਰਦੇ ਸਨ, ਜੋ ਜ਼ਿਆਦਾ ਮਨਚਲੇ ਤੇ ਦਲੇਰ ਹੁੰਦੇ ਸਨ, ਪਰ ਆਮ ਘਰਾਂ ਵਿਚ ਵਸਦੀ ਪਰਜਾ ਵਿਚ ਨਾਰਾਜ਼ਗੀ ਹੁੰਦੀ ਸੀ। ਫ਼ੌਜਾਂ ਵਿਚ ਨੌਕਰੀ ਕਰਦੇ ਲੋਕੀਂ ਇਨ੍ਹਾਂ ਬਾਗ਼ੀਆਂ ਨਾਲ ਲੜਿਆ ਭੀ ਕਰਦੇ ਸਨ, ਪਰ ਦਿਲ ਵਿਚ ਉਹ ਹਕੂਮਤ ਦੀ ਬੇਇਨਸਾਫ਼ੀ ਉੱਤੇ ਨਰਾਜ਼ ਜ਼ਰੂਰੀ ਹੁੰਦੇ ਸਨ। ਇਹੋ ਹਾਲਤ ਇਸ ਜ਼ਮਾਨੇ ਦੀ ਹੈ। ਕੇਵਲ ਜ਼ਮਾਨੇ ਦੀ ਹਾਲਤ ਦੇ ਮੁਤਾਬਕ ਫ਼ਰਕ ਹੈ। ਥੋੜ੍ਹੇ ਲੋਕੀਂ ਰਾਜਸੀ ਕੰਮਾਂ ਵਿਚ ਹਿੱਸਾ ਲੈਂਦੇ ਹਨ ਤੇ ਲੈਕਚਰ ਦਿੰਦੇ ਫਿਰਦੇ ਹਨ। ਬਾਕੀ ਦਿਲੋਂ ਉਨ੍ਹਾਂ ਦੇ ਨਾਲ ਸਨ। ਭਾਵੇਂ ਸਰਕਾਰੀ ਨੌਕਰੀਆਂ ਤੇ ਸਰਕਾਰੀ ਕੰਮ ਭੀ ਡਰਦੇ ਮਾਰੇ ਜਾਂ ਲਾਲਚ ਕਰ ਕੇ ਕਰਦੇ ਹਨ। ਇਸ ਤਰ੍ਹਾਂ ਦੀ ਸ਼ਾਂਤਮਈ ਬਗ਼ਾਵਤ ਸ਼ੁਰੂ ਹੈ ਪਰ ਕਈ ਨੌਜਵਾਨ ਐਸੇ ਨਿਕਲ ਪਏ ਹਨ ਜੋ ਕਹਿੰਦੇ ਹਨ ਕਿ ਪਿੱਛੇ ਕਦੀ ਸ਼ਾਂਤਮਈ ਨਾਲ ਜ਼ੁਲਮ ਦੂਰ ਨਹੀਂ ਹੋਇਆ ਤੇ ਹੁਣ ਵੀ ਨਹੀਂ ਹੋਣਾ ਹੈ। ਅਸੀਂ ਇਹ ਗੱਲ ਮੰਨਦੇ ਹਾਂ ਕਿ ਅਕੜਖਾਨ ਹਾਕਮ ਸ਼ਾਂਤਮਈ ਨਾਲ ਕਦੀ ਨਹੀਂ ਮੰਨੇ, ਪਰ ਇਸ ਤੋਂ ਭੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਦਾ ਹੀ ਅਸ਼ਾਂਤੀ ਤੋਂ ਪਹਿਲਾਂ ਸ਼ਾਂਤਮਈ ਟਾਕਰਾ ਹੁੰਦਾ ਰਿਹਾ ਹੈ ਤੇ ਦੂਜੇ ਪਿਛਲੇ ਜ਼ਮਾਨੇ ਵਿਚ ਤੇ ਅੱਜ-ਕਲ੍ਹ ਬਹੁਤ ਫ਼ਰਕ ਹੈ।

ਉਸ ਫ਼ਰਕ ਦਾ ਕਾਰਨ ਵੱਡਾ ਇਹ ਹੈ ਕਿ ਅੱਜ-ਕਲ੍ਹ ਇਕ ਥਾਂ ਤੋਂ ਦੂਜੀ ਥਾਂ ਅਪੜਨਾ ਸੌਖਾ ਹੋ ਗਿਆ ਹੈ ਤੇ ਸਰਕਾਰਾਂ ਦੇ ਹੱਥ ਵਿਚ ਸਖ਼ਤ ਮਸ਼ੀਨਾਂ ਤੇ ਹਥਿਆਰ ਹਨ। ਦੂਜਾ ਕਾਰਣ ਇਹ ਹੈ ਕਿ ਅੱਜ-ਕਲ੍ਹ ਜੰਗਲ ਨਹੀਂ ਰਹੇ। ਅੱਗੇ ਲੋਕੀਂ ਛਾਪੇ ਮਾਰ ਕੇ ਜੰਗਲਾਂ ਵਿਚ ਜਾ ਲੁਕਦੇ ਸਨ, ਜਿਥੇ ਉਹ ਸਰਕਾਰੀ ਫ਼ੌਜਾਂ ਨੂੰ ਲੱਭਦੇ ਹੀ ਨਹੀਂ ਸਨ ਤੇ ਕਈ ਵੇਰਾਂ ਤਾਂ ਕਈ ਦਿਨ, ਸਗੋਂ ਮਹੀਨੇ ਉਹ ਇਲਾਕਿਆਂ ਤੇ ਸ਼ਹਿਰਾਂ ਉੱਤੇ ਕਬਜ਼ੇ ਕਰ ਲੈਂਦੇ ਸਨ ਤੇ ਬਾਦਸ਼ਾਹ ਦੀਆਂ ਫ਼ੌਜਾਂ

ਅੱਪੜ ਹੀ ਨਹੀਂ ਸਕਦੀਆਂ ਸਨ। ਇਸ ਤਰ੍ਹਾਂ ਨਾਲ ਅੱਗੇ ਅਸ਼ਾਂਤਮਈ ਵਾਲਿਆਂ ਨੂੰ ਬਹੁਤ ਸਹੂਲਤਾਂ ਸਨ ਜੋ ਅੱਜ-ਕਲ੍ਹ ਨਹੀਂ ਹਨ।

ਇਸ ਕਰਕੇ ਪਰਜਾ ਨੂੰ ਬਗ਼ਾਵਤ ਕਰਨ ਵਿਚ ਬਹੁਤ ਔਕੜਾਂ ਵੱਧ ਗਈਆਂ ਹਨ। ਕਈ ਲੋਕੀਂ ਕਹਿੰਦੇ ਸਨ ਕਿ ਅੱਗੇ ਜੰਗਲ ਲੁਕਣ ਲਈ ਸਨ ਤੇ ਹੁਣ ਸ਼ਹਿਰ ਲੁਕਣ ਲਈ ਹਨ ਪਰ ਇਹ ਭੀ ਠੀਕ ਨਹੀਂ ਹੈ, ਕਿਉਂਕਿ ਖੁਫ਼ੀਆ ਸੁਸਾਇਟੀਆਂ ਨਾਲ ਅਜੇ ਤੱਕ ਕਿਸੇ ਦੇਸ਼ ਵਿਚ ਭੀ ਕਾਮਯਾਬੀ ਨਹੀਂ ਹੋਈ ਹੈ। ਜੰਗਲਾਂ ਵਿਚ ਲੁਕਣ ਵਾਲਿਆਂ ਵਿੱਚੋਂ ਜੇ ਕੋਈ ਮੁਖ਼ਬਰ ਬਣ ਭੀ ਜਾਵੇ ਤਾਂ ਦੋ ਚਾਰ ਨੂੰ ਭਾਵੇਂ ਫੜਾ ਦੇਵੇ। ਸਾਰਿਆਂ ਨੂੰ ਨਹੀਂ ਫੜਾ ਸਕਦਾ ਸੀ। ਸ਼ਹਿਰਾਂ ਵਿਚ ਲੁਕਣ ਵਾਲੀਆਂ ਸੁਸਾਇਟੀਆਂ ਵਿੱਚੋਂ ਬਸ ਇਕ ਮੁਖ਼ਬਰ ਬਣਿਆਂ ਨਹੀਂ ਕਿ ਉਸ ਦੇ ਸਾਰੇ ਸਾਥੀ ਪਕੜੇ ਗਏ। ਇਸ ਕਰਕੇ ਅੱਜ-ਕਲ੍ਹ ਪਰਜਾ ਨੂੰ ਤਸੱਦਦ ਕਰਕੇ ਕਾਮਯਾਬੀ ਲੈਣ ਵਿਚ ਅੱਗੇ ਨਾਲੋਂ ਦਿੱਕਤਾਂ ਬਹੁਤ ਵੱਧ ਗਈਆਂ ਹਨ ਪਰ ਪਰਜਾ ਨੂੰ ਇਕ ਲਾਭ ਭੀ ਪੁੱਜ ਗਿਆ ਹੈ। ਅੱਗੇ ਹਾਕਮ ਬਹੁਤ ਜ਼ੁਲਮ ਕਰਦੇ ਸਨ ਤੇ ਦੂਜੇ ਦੇਸ਼ਾਂ ਵਿਚ ਪਤਾ ਭੀ ਨਹੀਂ ਸੀ ਲੱਗਦਾ। ਹੁਣ ਜੋ ਗੱਲ ਭੀ ਹੋਵੇ, ਉਸ ਨੂੰ ਲੁਕਾਉਣਾ ਔਖਾ ਹੋ ਗਿਆ ਹੈ। ਹੁਣ ਦੁਨੀਆਂ ਵਿਚ ਪਬਲਿਸਿਟੀ ਦਾ ਚਾਨਣਾ ਬਹੁਤ ਵੱਧ ਗਿਆ ਹੈ ਤੇ ਇਹੋ ਜਿਹੇ ਜ਼ੁਲਮ ਕੇਵਲ ਅੰਧੇਰੇ ਵਿਚ ਹੀ ਹੋ ਸਕਦੇ ਹਨ। ਇਸ ਕਰਕੇ ਸਾਂਤਮਈ ਰਹਿ ਕੇ ਪ੍ਰਚਾਰ ਕਰਨ ਵਾਲੀਆਂ ਉੱਤੇ ਜ਼ੁਲਮ ਕਰਨਾ ਸਰਕਾਰ ਨੂੰ ਔਖਾ ਹੋ ਗਿਆ ਹੈ ਤੇ ਇਸ ਤਰ੍ਹਾਂ ਨਾਲ ਸ਼ਾਂਤਮਈ ਐਜੀਟੇਸ਼ਨ ਰੋਕਣੀ ਭੀ ਔਖੀ ਹੋ ਗਈ ਹੈ। ਇਸ ਕਰਕੇ ਅਸੀਂ ਕਹਿੰਦੇ ਹਾਂ ਕਿ ਪਿਛਲੇ ਜ਼ਮਾਨੇ ਤੇ ਅੱਜ-ਕਲ੍ਹ ਦੇ ਜ਼ਮਾਨੇ ਵਿਚ ਇਹ ਫ਼ਰਕ ਪੈ ਗਿਆ ਹੈ ਕਿ ਪਿਛਲੇ ਜ਼ਮਾਨੇ ਨਾਲੋਂ ਅੱਜ-ਕਲ੍ਹ ਤਸੱਦਦ ਕਰਨਾ ਔਖਾ ਹੈ ਤੇ ਸ਼ਾਂਤਮਈ ਰਹਿ ਕੇ ਪ੍ਰਚਾਰ ਕਰਨਾ ਔਖਾ ਹੋ ਗਿਆ ਹੈ।

ਸਾਡਾ ਇਹ ਭਾਵ ਬਿਲਕੁਲ ਨਹੀਂ ਹੈ ਕਿ ਸ਼ਾਂਤਮਈ ਨਾਲ ਸਾਨੂੰ ਆਜ਼ਾਦੀ ਮਿਲ ਜਾਵੇਗੀ। ਇਸ ਤਰ੍ਹਾਂ ਦੀ ਮਿਸਾਲ ਅਜੇ ਤੱਕ ਦੁਨੀਆਂ ਵਿਚ ਨਹੀਂ ਹੈ ਤੇ ਜਦ ਤੱਕ ਸਾਡੇ ਵਿਚ ਤਾਕਤ ਪੈਦਾ ਨਹੀਂ ਹੋਵੇਗੀ, ਅਸੀਂ ਕੋਈ ਆਜ਼ਾਦੀ ਭੀ ਕਾਇਮ ਨਹੀਂ ਰੱਖ ਸਕਦੇ ਹਾਂ। ਇਸ ਕਰਕੇ ਤਸੱਦਦ ਕਰਨ ਦੀ ਤਾਕਤ ਸਾਡੇ ਦਿਲ ਵਿਚ ਪੈਦਾ ਹੋਣੀ ਜ਼ਰੂਰੀ ਹੈ ਪਰ ਇਸ ਦੀ ਨੀਂਹ ਸ਼ਾਂਤਮਈ ਹੀ ਤਿਆਰ ਕਰੇਗੀ ਤੇ ਅਜੇ ਇਹ ਨੀਂਹ ਤਿਆਰ ਕਰਨ ਦਾ ਸਮਾਂ ਹੈ। ਸਾਨੂੰ ਕਾਹਲੇ ਨਹੀਂ ਪੈਣਾ ਚਾਹੀਦਾ ਹੈ। ਸੱਚ ਪੁੱਛੋ ਤਾਂ ਸਾਡੀ ਪੱਕੀ ਰਾਏ ਤਾਂ ਇਹ ਹੈ ਕਿ ਅਸਲ ਵਿਚ ਕਾਮਯਾਬੀ ਤਾਂ ਦ੍ਰਿੜ੍ਹਤਾ ਵਿਚ ਹੈ। ਸਾਂਤਮਈ ਤੇ ਅਸ਼ਾਂਤਮਈ ਦੋ ਤਰੀਕੇ ਹੀ ਹਨ, ਜੋ ਸਮੇਂ-ਸਮੇਂ ਸਿਰ ਵਰਤੇ ਜਾਣਗੇ ਤੇ ਜੋ ਗ਼ਲਤੀ ਪਤਾ ਲੱਗਣ ਉੱਤੇ ਸਮੇਂ-ਸਮੇਂ ਸਿਰ ਬਦਲਦੇ ਰਹਿੰਦੇ ਹਨ ਤੇ ਬਦਲਦੇ ਰਹਿਣਗੇ। ਸਾਡਾ ਇਸ ਵੇਲੇ ਅੰਦਾਜ਼ਾ ਇਹੋ ਹੈ ਕਿ ਅਜੇ ਅਸ਼ਾਂਤਮਈ ਦਾ ਸਮਾਂ ਨਹੀਂ ਆਇਆ। ਅਸ਼ਾਂਤਮਈ ਲਈ ਵਧੇਰੇ ਕੁਰਬਾਨੀ ਦੀ ਲੋੜ ਹੈ ਤੇ ਇਸ ਕਰਕੇ ਵਧੇਰੀ ਦ੍ਰਿੜ੍ਹਤਾ ਦੀ ਲੋੜ ਹੈ। ਕਾਮਯਾਬੀ ਤਾਂ ਦ੍ਰਿੜ੍ਹਤਾ ਨਾਲ ਹੋਣੀ ਹੈ, ਤੇ ਦ੍ਰਿੜ੍ਹਤਾ ਸਚਾਈ ਅਕਲਮੰਦੀ ਨਾਲ ਹੁੰਦੀ ਹੈ। ਜੇਕਰ ਕਿਸੇ

ਦੇ ਦਿਲ ਵਿਚ ਆ ਗਿਆ ਕਿ ਮੈਂ ਝੂਠਾ ਹਾਂ ਜਾਂ ਮੈਂ ਗ਼ਲਤੀ ਕਰ ਰਿਹਾ ਹਾਂ, ਤਾਂ ਫਿਰ ਉਹ ਆਪਣੇ ਹੱਠ ਉੱਤੇ ਦ੍ਰਿੜ੍ਹ ਨਹੀਂ ਰਹਿ ਸਕਦਾ।

ਇਕ ਹੋਰ ਗੱਲ ਇਹ ਭੀ ਚੇਤੇ ਰੱਖਣ ਵਾਲੀ ਹੈ ਕਿ ਅਸ਼ਾਂਤਮਈ ਵਿਚ ਦੋਹੀਂ ਪਾਸੀ ਜਾਨ ਤੇ ਮਾਲ ਦਾ ਵਧੇਰੇ ਨੁਕਸਾਨ ਹੁੰਦਾ ਹੈ। ਅਸੀਂ ਸਰੱਬਤ ਦਾ ਭਲਾ ਮੰਗਣ ਵਾਲੇ ਹਾਂ ਤੇ ਇਸ ਕਰਕੇ ਅੰਗਰੇਜ਼ ਦਾ ਕਤਲ ਭੀ ਇਕ ਆਦਮੀ ਦਾ ਕਤਲ ਹੈ ਤੇ ਸਾਡੇ ਭਰਾ ਦਾ ਕਤਲ ਹੈ। ਜੇਂ ਕਰ ਇਸ ਦੀ ਡਾਢੀ ਹੀ ਲੋੜ ਪੈ ਜਾਵੇ ਤਾਂ ਬੇਸ਼ੱਕ ਅਸੀਂ ਆਪਣੇ ਦਿਲ ਉੱਤੇ ਪੱਥਰ ਰੱਖ ਕੇ ਕਹਾਂਗੇ, ਪਰ ਕਿਸੇ ਬੁਗਜ਼ ਜਾਂ ਗੁੱਸੇ ਵਿਚ ਆ ਕੇ ਇਹ ਕਰਨਾ ਚੰਗਾ ਨਹੀਂ ਹੋਵੇਗਾ। ਇਸ ਤਰ੍ਹਾਂ ਨਾਲ ਆਇਰਲੈਂਡ ਵਾਂਗੂ ਦੋਹੀਂ ਪਾਸੀਂ ਹਜ਼ਾਰਾਂ ਕਤਲ ਹੋਣਗੇ। ਮਗਰੋਂ ਬੇਸ਼ੱਕ ਆਜ਼ਾਦੀ ਹੋਵੇਗੀ, ਪਰ ਮਹਿੰਗੇ ਭਾ ਆਜ਼ਾਦੀ ਨਹੀਂ ਲੈਣੀ ਚਾਹੀਦੀ ਜੇਕਰ ਸਸਤੇ ਭਾ ਮਿਲ ਸਕੇ। ਇਸ ਵਾਸਤੇ ਭੀ ਸਾਡੀ ਪੱਕੀ ਰਾਏ ਹੈ ਕਿ ਅਜੇ ਤਸੱਦਦ ਦਾ ਸਮਾਂ ਨਹੀਂ ਆਇਆ। ਅਜੇ ਤਾਂ ਸਮਾਂ ਇਹੋ ਹੀ ਹੈ ਕਿ ਪ੍ਰਚਾਰ ਕਰੋ, ਖੁਲ੍ਹਾ ਪ੍ਰਚਾਰ ਕਰੋ ਤੇ ਨਿੱਡਰ ਹੋ ਕੇ ਪ੍ਰਚਾਰ ਕਰੋ। ਪ੍ਰਚਾਰ ਕਰਦਿਆਂ ਉੱਤੇ ਜੋ ਜ਼ੁਲਮ ਹੋਵੇ, ਖਿੜੇ ਮੱਥੇ ਸਹਾਰੋ। ਇਹ ਤੁਹਾਡੀ ਤਾਕਤ ਨੂੰ ਵਧਾਏਗਾ ਤੇ ਨੌਕਰਸ਼ਾਹੀ ਨੂੰ ਬਦਨ ਅਤੇ ਕਮਜ਼ੋਰ ਕਰੇਗਾ।

✲ ✲ ✲

ਤਸ਼ੱਦਦ ਤੇ ਉਸ ਦੀ ਰੂਹ

ਤਸੱਦਦ ਕਿਸੇ ਕੰਮ ਜਾਂ ਢੰਗ ਦਾ ਨਾਮ ਨਹੀਂ ਹੈ, ਬਲਕਿ ਵਾਸਤਵ ਵਿਚ ਤਸੱਦਦ ਨੀਅਤ ਦਾ ਨਾਮ ਹੈ। ਇਹ ਜ਼ਰੂਰੀ ਨਹੀਂ ਕਿ ਜੋ ਆਦਮੀ ਕਿਸੇ ਪੁਰ ਹੱਥ ਨਹੀਂ ਉਠਾਉਂਦਾ ਉਹ ਤਸੱਦਦ ਨਹੀਂ ਕਰ ਰਿਹਾ ਹੈ ਅਤੇ ਨਾ ਹੀ ਇਹ ਜ਼ਰੂਰੀ ਹੈ ਕਿ ਜੋ ਆਦਮੀ ਦੂਸਰੇ ਨੂੰ ਕਤਲ ਕਰਦਾ ਹੈ। ਉਹ ਤਸੱਦਦ ਕਰਦਾ ਹੈ। ਹੋ ਸਕਦਾ ਹੈ ਕਿ ਇਕ ਆਦਮੀ ਦੂਸਰੇ ਨੂੰ ਨੁਕਸਾਨ ਪੁਹੰਚਾਣ ਜਾਂ ਕਤਲ ਕਰਨ ਦੀ ਨੀਅਤ ਰੱਖਦਾ ਹੈ ਬਲਕਿ ਕਿਸੇ ਢੰਗ ਨਾਲ ਯਤਨ ਕਰਦਾ ਹੋਵੇ ਪ੍ਰੰਤੂ ਉਸ ਦੀ ਜੁਰੱਤ ਨਾ ਹੋਵੇ ਕਿ ਦੂਸਰੇ ਪੁਰ ਹਮਲਾ ਕਰ ਸਕੇ। ਅਜੇਹਾ ਭਾਵ, ਵਰਤੋਂ ਵਿਚ ਤਸੱਦਦ ਨਹੀਂ ਕਰ ਰਿਹਾ ਪ੍ਰੰਤੂ ਉਸ ਦੀ ਨੀਅਤ ਰੱਖਣ ਵਾਲੇ ਦੇ ਮਨ ਨੂੰ ਤਾਂ ਅਜੇਹਾ ਹੀ ਬਣਾ ਦਿੰਦਾ ਹੈ ਅਤੇ ਅਜੇਹੀ ਨੀਅਤ ਰੱਖਣ ਨੂੰ ਤਸੱਦਦ ਕਿਹਾ ਜਾਂਦਾ ਹੈ। ਦੂਸਰੀ ਤਰਫ਼ ਕਿਸੇ ਆਦਮੀ ਦੇ ਕੱਪੜਿਆਂ ਨੂੰ ਅੱਗ ਲੱਗ ਜਾਂਦੀ ਹੈ ਅਤੇ ਇਕ ਆਦਮੀ ਉਸ ਦੀ ਅੱਗ ਬੁਝਾਉਣ ਦੇ ਯਤਨ ਵਿਚ ਇਕ ਭਾਂਡੇ ਵਿੱਚੋਂ ਮਿੱਟੀ ਦੇ ਤੇਲ ਨੂੰ ਪਾਣੀ ਸਮਝ ਕੇ ਉਸ ਪੁਰ ਲੱਦ ਦਿੰਦਾ ਹੈ, ਜਿਸ ਨਾਲ ਅੱਗ ਭੜਕਦੀ ਹੈ ਤੇ ਉਹ ਆਦਮੀ ਸੜ ਜਾਂਦਾ ਹੈ। ਅਜਿਹੀ ਕੋਸ਼ਿਸ਼ ਕਰਨ ਵਾਲੇ ਆਦਮੀ ਨੇ ਕੋਈ ਤਸੱਦਦ ਨਹੀਂ ਕੀਤਾ। ਇਸ ਤੋਂ ਛੁੱਟ ਅਜੇਹਾ ਭੀ ਹੋ ਸਕਦਾ ਹੈ ਕਿ ਤੁਸੀਂ ਇਕ ਮਨੁੱਖ ਨੂੰ ਸਖ਼ਤ ਤਕਲੀਫ਼ ਵਿਚ ਦੇਖੋ ਤੇ ਉਸ ਦੇ ਬਚਣ ਦੀ ਕੋਈ ਆਸ ਨਾ ਹੋਵੇ ਤਾਂ ਉਸ ਨੂੰ ਉਸ ਤਕਲੀਫ਼ ਤੋਂ ਬਚਾਉਣ ਦੀ ਖ਼ਾਤਰ ਜੇ ਆਪ ਉਸ ਦੀ ਜ਼ਿੰਦਗੀ ਦਾ ਖ਼ਾਤਮਾ ਕਰ ਦਿਓ ਤਾਂ ਇਹ ਤਸੱਦਦ ਨਹੀਂ ਹੋਵੇਗਾ। ਇਸੇ ਤਰ੍ਹਾਂ ਜੇ ਸਰੀਰਕ ਕਸ਼ਟ ਤੋਂ ਬਚਾਣ ਲਈ, ਆਪ ਇਕ ਆਦਮੀ ਨੂੰ ਮਾਰ ਕੇ ਤਸੱਦਦ ਨਹੀਂ ਕਰ ਰਹੇ ਹੋ ਬਲਕਿ ਉਪਕਾਰ ਕਰ ਰਹੇ ਹੋ ਤਾਂ ਅਜੇਹਾ ਭੀ ਹੋ ਸਕਦਾ ਹੈ ਕਿ ਕੋਈ ਮਹਾਤਮਾ ਕਿਸੇ ਮਨੁੱਖ ਨੂੰ ਅਜੇਹੀ ਰੂਹਾਨੀ ਤਕਲੀਫ਼ ਵਿਚ ਦੇਖੇ, ਜਿਸ ਤੋਂ ਬਚਾਣ ਲਈ, ਸਿਵਾਏ ਉਸ ਨੂੰ ਮਾਰ ਦੇਣ ਦੇ ਹੋਰ ਕੋਈ ਚਾਰਾ ਨਾ ਹੋਵੇ ਤਾਂ ਮਾਰ ਦੇਣਾ ਭੀ ਤਸੱਦਦ ਨਹੀਂ ਹੋਵੇਗਾ।

ਫਿਰ ਇਹ ਤਾਂ ਸੰਸਾਰ ਵਿਚ ਹੁੰਦਾ ਈ ਚਲਾ ਆਇਆ ਹੈ ਕਿ ਬਹੁਤੀ ਗਿਣਤੀ ਨੂੰ ਬਚਾਉਣ ਲਈ ਜਾਂ ਬਹੁਤਿਆਂ ਦੇ ਲਾਭ ਲਈ ਥੋੜ੍ਹਿਆਂ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ ਜਾਂ ਥੋੜ੍ਹੇ ਆਦਮੀਆਂ ਦੀ ਜਾਨ ਲਈ ਜਾ ਸਕਦੀ ਹੈ। ਇਕ ਮੈਜਿਸਟ੍ਰੇਟ ਜੋ ਇਕ ਕਾਤਲ ਨੂੰ ਫਾਂਸੀ ਦੀ ਸਜ਼ਾ ਦਿੰਦਾ ਹੈ, ਤਸੱਦਦ ਨਹੀਂ ਕਰ ਰਿਹਾ, ਕਿਉਂਕਿ ਉਸ ਦੀ ਨੀਅਤ ਵਿਚ ਕੋਈ ਗੁੱਸਾ ਰੰਜ ਜਾਂ ਬੁਗਜ਼ ਨਹੀਂ ਹੈ। ਉਹ ਤਾਂ ਜੋ ਕੁਝ

ਕਰ ਰਿਹਾ ਹੈ ਸੰਸਾਰ ਦੇ ਭਲੇ ਲਈ ਹੀ ਕਰ ਰਿਹਾ ਹੈ। ਇਸੇ ਤਰ੍ਹਾਂ ਨਾਲ ਜੋ ਆਦਮੀ ਜੰਗ ਕਰਦਾ ਹੈ, ਉਹ ਜ਼ਰੂਰੀ ਨਹੀਂ ਤਸੱਦਦ ਕਰ ਰਿਹਾ ਹੈ। ਹੋ ਸਕਦਾ ਹੈ ਕਿ ਉਸ ਦੇ ਜੰਗ ਕਰਨ ਦਾ ਮੰਤਵ ਕੇਵਲ ਸੰਸਾਰ ਦੀ ਭਲਾਈ ਹੋਵੇ ਅਤੇ ਉਸ ਦੇ ਦਿਲ ਵਿਚ ਕੋਈ ਗੁੱਸਾ ਜਾਂ ਬੁਗਜ਼ ਨਾ ਹੋਵੇ। ਇਸ ਤਰ੍ਹਾਂ ਗੁੱਸੇ ਜਾਂ ਬੁਗਜ਼ ਬਿਨਾਂ ਜੰਗ ਕਰਨਾ ਭੀ ਤਸੱਦਦ ਨਹੀਂ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮੁਗ਼ਲਾਂ ਨਾਲ ਜੰਗ ਕਰ ਰਹੇ ਸਨ ਅਤੇ ਇਕ ਸਿੱਖ ਦੀ ਸ਼ਿਕਾਇਤ ਪਹੁੰਚੀ ਕਿ ਉਹ ਦੁਸ਼ਮਣਾਂ ਨੂੰ ਭੀ ਉਸੇ ਤਰ੍ਹਾਂ ਪਾਣੀ ਪਿਲਾ ਰਿਹਾ ਹੈ ਜਿਸ ਤਰ੍ਹਾਂ ਕਿ ਸਿੱਖਾਂ ਨੂੰ। ਗੁਰੂ ਸਾਹਿਬ ਨੇ ਉਸ ਨੂੰ ਬੁਲਾ ਕੇ ਛਾਤੀ ਨਾਲ ਲਾਇਆ ਤੇ ਕਿਹਾ ਕਿ ਇਸ ਸਿੱਖ ਨੇ ਮੇਰਾ ਮੰਤਵ ਠੀਕ ਸਮਝਿਆ ਹੈ। ਸਾਡੀ ਦੁਸ਼ਮਣੀ ਜਾਂ ਗੁੱਸਾ ਕਿਸੇ ਨਾਲ ਨਹੀਂ ਹੈ। ਅਸੀਂ ਤਾਂ ਪਾਪ ਤੇ ਜ਼ੁਲਮ ਨੂੰ ਦੂਰ ਕਰਨ ਲਈ ਇਸ ਤਰ੍ਹਾਂ ਜੰਗ ਕਰਨ ਪੁਰ ਮਜ਼ਬੂਰ ਹੋਏ ਹਾਂ। ਭਾਵੇਂ ਉਹ ਪ੍ਰਗਟ ਹੋਵੇ ਜਾਂ ਨਾ ਪ੍ਰੰਤੂ ਚੂੰਕਿ ਇਸ ਤਰ੍ਹਾਂ ਨੀਅਤ ਇਸ ਤਸ਼ੱਦਦ ਨੂੰ ਕੋਈ ਨਹੀਂ ਜਾਣ ਸਕਦਾ, ਇਸ ਵਾਸਤੇ ਆਮ ਲੋਕ, ਤਸ਼ੱਦਦ ਦੀ ਨੀਅਤ ਦੇ ਪ੍ਰਗਟ ਕਰਨ ਦੇ ਆਮ ਢੰਗ ਨੂੰ ਹੀ ਤਸੱਦਦ ਕਹਿ ਦਿੰਦੇ ਹਨ ਤੇ ਤਸ਼ੱਦਦ ਦੀ ਅਸਲ ਰੂਹ ਨੂੰ ਨਹੀਂ ਪਛਾਣਦੇ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਤਸੱਦਦ ਦੇ ਵਧਣ ਵਿਚ ਰੋਕ ਨਹੀਂ ਪੈਂਦੀ।

ਇਸ ਤਰ੍ਹਾਂ ਦੀ ਤਸ਼ੱਦਦ ਦੀ ਨੀਅਤ ਹੀ ਅਸਲ ਵਿਚ ਦੁਨੀਆਂ ਵਿਚ ਬਦਅਮਨੀ ਫੈਲਾਣ ਦਾ ਕਾਰਣ ਬਣਦੀ ਹੈ। ਅਸੀਂ ਇਹ ਖ਼ਿਆਲ ਕਰਦੇ ਹਾਂ, ਕਿ ਸੰਸਾਰ ਵਿਚ ਬੁਰਿਆਈ ਪੂਰੀ ਤਰ੍ਹਾਂ ਦੂਰ ਨਹੀਂ ਹੋ ਸਕਦੀ। ਚੋਰ, ਯਾਰ ਤੇ ਹੋਰ ਬੁਰੇ ਆਦਮੀ ਭੀ ਸੰਸਾਰ ਵਿਚ ਰਹਿਣਗੇ। ਉਹ ਤਸ਼ੱਦਦ ਕਰਨਗੇ ਅਤੇ ਉਨ੍ਹਾਂ ਨੂੰ ਰੋਕਣ ਲਈ ਸਜ਼ਾਵਾਂ ਦਿੱਤੀਆ ਜਾਣਗੀਆਂ ਅਤੇ ਦੇਣੀਆਂ ਚਾਹੀਦੀਆਂ ਹਨ ਪ੍ਰੰਤੂ ਸਜ਼ਾਵਾਂ ਗੁੱਸੇ ਜਾਂ ਬਦਲਾ ਲੈਣ ਦੀ ਨੀਅਤ ਨਾਲ ਨਹੀਂ ਹੋਣੀਆਂ ਚਾਹੀਦੀਆਂ ਬਲਕਿ ਉਨ੍ਹਾਂ ਦੇ ਸੁਧਾਰ ਤੇ ਸੰਸਾਰ ਦੇ ਭਲੇ ਦੀ ਨੀਅਤ ਨਾਲ ਹੋਣੀਆਂ ਚਾਹੀਦੀਆਂ ਹਨ। ਜੇ ਅਜੇਹਾ ਖ਼ਿਆਲ ਭਲੇ ਲੋਕਾਂ ਤੇ ਸ਼ਰੀਫ ਆਦਮੀਆਂ ਵਿਚ ਆ ਜਾਵੇ ਤਾਂ ਸਾਨੂੰ ਯਕੀਨ ਹੈ ਕਿ ਬੁਰੇ ਲੋਕਾਂ ਤੇ ਬਦਮਾਸ਼ਾਂ ਪੁਰ ਭੀ ਬਹੁਤ ਅਸਰ ਪਵੇ। ਦੁਨੀਆਂ ਵਿਚ ਕਤਲ ਤੇ ਬੁਰਾਈ ਵਧ ਰਹੀ ਹੈ। ਉਸ ਦਾ ਕਾਰਨ ਇਹ ਹੈ ਕਿ ਅਸੀਂ ਗੁੱਸੇ ਤੇ ਬੁਗ਼ਜ਼ ਤੋਂ ਕੰਮ ਲੈਂਦੇ ਹਾਂ ਜੋ ਅਸਲ ਵਿਚ ਬੁਰਾ ਹੈ।

ਅੱਜ ਲਾਹੌਰ ਵਿਚ ਦੋ ਪੁਲਿਸ ਅਫ਼ਸਰਾਂ ਦਾ ਕਤਲ ਹੋਇਆ ਹੈ। ਸੰਭਵ ਹੈ ਕਿਸੇ ਨੇ ਇਹ ਕਤਲ ਦੇਸ਼, ਕੌਮ ਤੇ ਸੰਸਾਰ ਦੇ ਭਲੇ ਦੀ ਨੀਅਤ ਨਾਲ ਕੀਤਾ ਹੋਵੇ ਅਤੇ ਉਸ ਦੇ ਦਿਲ ਵਿਚ ਕੋਈ ਗੁੱਸਾ ਜਾਂ ਬੁਗਜ਼ ਨਾ ਹੋਵੇ ਪ੍ਰੰਤੂ ਅਜੇਹਾ ਨਹੀਂ ਜਾਪਦਾ ਪਰ ਮਾਲੂਮ ਤਾਂ ਅਜੇਹਾ ਹੁੰਦਾ ਹੈ ਕਿ ਕਤਲ ਕਰਨ ਵਾਲਿਆਂ ਦੇ ਦਿਲ ਵਿਚ ਸਖ਼ਤ ਗੁੱਸਾ ਤੇ ਬੁਗਜ਼ ਸੀ, ਇਸ ਤਰ੍ਹਾਂ ਦਾ ਗੁੱਸਾ ਤੇ ਬੁਗਜ਼ ਹੀ ਅਸਲ ਵਿਚ ਸਾਰੀ ਬੁਰਾਈ ਦੀ ਜੜ੍ਹ ਹੈ ਅਤੇ ਇਸ ਦੇ ਨਾਲ ਸੰਸਾਰ ਵਿਚ ਬਦਅਮਨੀ ਫੈਲਦੀ ਹੈ, ਇਸ ਦੇ ਉੱਤਰ ਵਿਚ ਸਰਕਾਰ ਨੇ ਧੜਾ-ਧੜ ਗ੍ਰਿਫ਼ਤਾਰੀਆਂ ਕਰ ਲਈਆਂ ਹਨ।

ਇਹ ਵੀ ਸਰਕਾਰ ਦੇ ਗੁੱਸੇ ਤੇ ਬੁਗ਼ਜ਼ ਦਾ ਪ੍ਰਗਟ ਹੋਣਾ ਹੈ। ਜਦੋਂ ਕਦੇ ਕੋਈ ਅੰਗ੍ਰੇਜ਼ ਕਤਲ ਹੋਵੇ ਤਾਂ ਸਰਕਾਰ ਐਸੀ ਹੀ ਚੁਸਤੀ ਵਿਖਾਂਦੀ ਹੈ ਪ੍ਰੰਤੂ ਦੋ ਵੇਰਾਂ ਦੁਸਹਿਰੇ ਦੇ ਮੌਕੇ ਪੁਰ ਬੰਬ ਫਟ ਚੁੱਕੇ ਹਨ। ਉਸ ਵੇਲੇ ਪੁਲੀਸ ਦੀ ਤਰਫੋਂ ਇਤਨੀ ਚੁਸਤੀ ਨਹੀਂ ਵਿਖਾਈ ਗਈ, ਜਿਤਨੀ ਕਿ ਅੱਜ ਦਿਖਾਈ ਜਾ ਰਹੀ ਹੈ। ਅਸੀਂ ਖ਼ੁਸ਼ ਹਾਂ ਕਿ ਪੁਲੀਸ ਇਤਨੀ ਕੋਸ਼ਿਸ਼ ਕਰ ਰਹੀ ਹੈ ਪ੍ਰੰਤੂ ਅਸੀਂ ਤਾਂ ਇਹ ਜਤਾਉਣਾ ਚਾਹੁੰਦੇ ਹਾਂ ਕਿ ਨੀਅਤ ਵਿਚ ਇਸ ਵੇਲੇ ਗੁੱਸਾ ਹੈ ਕਿਉਂਕਿ ਇਕ ਅੰਗ੍ਰੇਜ਼ ਅਤੇ ਸਰਕਾਰੀ ਅਫ਼ਸਰ ਮਾਰਿਆ ਗਿਆ ਹੈ। ਇਸ ਵੇਲੇ ਭੀ ਜੇ ਸਰਕਾਰ ਇਸ ਨੀਅਤ ਨਾਲ ਗ੍ਰਿਫ਼ਤਾਰੀਆਂ ਕਰ ਰਹੀ ਹੈ ਕਿ ਕਤਲ ਤੇ ਬਦਅਮਨੀ ਨੂੰ ਰੋਕੇ ਤਾਂ ਉਹ ਤਸੱਦਦ ਨਹੀਂ ਕਰ ਰਹੀ, ਪ੍ਰੰਤੂ ਸਰਕਾਰ ਦੀ ਪਿਛਲੀ ਪਾਲਸੀ ਤੇ ਹੁਣ ਵਾਲੇ ਰਵੱਈਏ ਨੂੰ ਦੇਖ ਕੇ ਅਸੀਂ ਇਹ ਯਕੀਨ ਨਹੀਂ ਕਰ ਸਕਦੇ। ਇਸ ਤਰ੍ਹਾਂ ਨਾਲ ਗੁੱਸੇ ਤੇ ਬੁਗਜ਼ ਵਿਚ ਲੋਕਾਂ ਨੂੰ ਗ੍ਰਿਫ਼ਤਾਰ ਕਰ ਲੈਣਾ ਜਾਂ ਰਾਜਸੀ ਜ਼ਿੰਦਗੀ ਨੂੰ ਖ਼ਤਮ ਕਰਨ ਦਾ ਯਤਨ ਕਰਨਾ ਲਾਭ ਨਹੀਂ ਪਹੁੰਚਾ ਸਕਦਾ। ਜੇ ਸਰਕਾਰ ਦੀ ਨੀਅਤ ਗੁੱਸੇ ਤੇ ਬੁਗ਼ਜ਼ ਤੋਂ ਸਾਫ਼ ਹੈ ਤਾਂ ਉਹ ਬੜੇ ਸੰਕੋਚ ਤੋਂ ਕੰਮ ਲਵੇਗੀ। ਸਰਕਾਰ ਦਾ ਫ਼ਰਜ਼ ਕੇਵਲ ਸਾਫ਼ ਨੀਅਤ ਨਾਲ ਕੰਮ ਕਰਨਾ ਹੀ ਨਹੀਂ ਹੈ ਬਲਕਿ ਇਸ ਢੰਗ ਨਾਲ ਭੀ ਕੰਮ ਕਰਨਾ ਹੈ ਕਿ ਲੋਕਾਂ ਨੂੰ ਯਕੀਨ ਹੋ ਜਾਵੇ ਕਿ ਸਰਕਾਰ ਸਾਫ਼ ਨੀਅਤ ਨਾਲ ਕੰਮ ਕਰ ਰਹੀ ਹੈ। ਜੇ ਲੋਕਾਂ ਦੇ ਦਿਲਾਂ ਵਿਚ ਇਹ ਖ਼ਿਆਲ ਹੋ ਜਾਵੇਗਾ ਕਿ ਸਰਕਾਰ ਆਪਣਾ ਗੁੱਸਾ ਕੱਢਣ ਲਈ ਬਦਲਾ ਲੈਣ ਦਾ ਯਤਨ ਕਰ ਰਹੀ ਹੈ ਤਾਂ ਲੋਕਾਂ ਵਿਚ ਭੀ ਗੁੱਸਾ ਤੇ ਬਦਲਾ ਲੈਣ ਦਾ ਭਾਵ ਵਧੇਗਾ। ਗੁੱਸਾ ਤੇ ਬਦਲਾ ਹੀ ਕ੍ਰੋਧ ਤੇ ਬਦਲੇ ਨੂੰ ਜਨਮ ਦਿੰਦੇ ਹਨ, ਪਰ ਅਸੀਂ ਅਫ਼ਸੋਸ ਨਾਲ ਵੇਖ ਰਹੇ ਹਾਂ ਕਿ ਸਰਕਾਰ ਜੋ ਗ੍ਰਿਫ਼ਤਾਰੀਆਂ ਕਰ ਰਹੀ ਹੈ, ਉਹ ਲੋਕਾਂ ਦੇ ਦਿਲਾਂ ਵਿੱਚੋਂ ਹਕੂਮਤ ਦਾ ਭਰੋਸਾ ਘਟਾ ਰਹੀ ਹੈ, ਲੋਕਾਂ ਇਹ ਯਕੀਨ ਕਰ ਲਿਆ ਹੈ ਕਿ ਸਰਕਾਰ ਬਦਲਾ ਲੈਣ ਦਾ ਯਤਨ ਕਰ ਰਹੀ ਹੈ, ਅਸਲ ਅਪਰਾਧੀ ਤਾਂ ਸਰਕਾਰ ਦੇ ਹੱਥ ਨਹੀਂ ਆਏ ਤੇ ਸਰਕਾਰ ਨੂੰ ਸ਼ੱਕ ਹੈ ਕਿ ਇਹ ਰਾਜਸ਼ੀ ਕਤਲ ਹੈ, ਇਸ ਵਾਸਤੇ ਸਰਕਾਰ ਇਹ ਕੋਸ਼ਿਸ਼ ਕਰ ਰਹੀ ਹੈ ਕਿ ਰਾਜਸੀ ਕੰਮ ਕਰਨ ਵਾਲਿਆਂ ਤੋਂ ਹੀ ਬਦਲਾ ਲਿਆ ਜਾਵੇ, ਜੇ ਸੱਚਮੁਚ ਸਰਕਾਰ ਅਜੇਹਾ ਕਰ ਰਹੀ ਹੈ ਤਾਂ ਉਹ ਬਹੁਤ ਬੁਰਾ ਕਰ ਰਹੀ ਹੈ ਤੇ ਦੇਸ਼ ਵਿਚ ਬੇਚੈਨੀ ਫੈਲਾਨ ਦੇ ਸਮਿਆਣ ਪੈਦਾ ਕਰ ਰਹੀ ਹੈ। ਇਸ ਤਰ੍ਹਾਂ ਦੇ ਤਸੱਦਦ ਹੀ ਬੇਚੈਨੀ, ਬੁਰਿਆਈ ਤੇ ਹਰ ਤਰ੍ਹਾਂ ਦੀ ਖ਼ਰਾਬੀ ਦਾ ਕਾਰਨ ਹੋਇਆ ਕਰਦਾ ਹੈ ਪਰ ਜੇ ਸਰਕਾਰ ਦੀ ਨੀਅਤ ਇਹ ਨਹੀਂ ਹੈ, ਤਾਂ ਉਸ ਦਾ ਨਾਲ ਇਹ ਭੀ ਫ਼ਰਜ਼ ਹੈ ਕਿ ਉਹ ਮੌਜੂਦਾ ਹਾਲਤ ਵਿਚ ਰਾਜਸੀ ਆਗੂਆਂ ਨੂੰ ਨਾਲ ਲੈ ਕੇ ਕਾਰਵਾਈ ਕਰੇ ਤਾਂ ਜੋ ਕਿਸੇ ਨੂੰ ਕੋਈ ਸ਼ੱਕ ਨਾ ਹੋਵੇ ਕਿ ਸਰਕਾਰ ਆਪਣਾ ਬਦਲਾ ਲੈਣ ਦਾ ਯਤਨ ਕਰ ਰਹੀ ਹੈ। ਇਸ ਤਰ੍ਹਾਂ ਦਾ ਭਰਮ ਨਾ ਤੇ ਸਰਕਾਰ ਵਾਸਤੇ ਹੀ ਲਾਭਦਾਇਕ ਹੈ, ਨਾ ਮੁਲਕ ਦੇ ਅਮਨ ਵਾਸਤੇ ਇਸ ਤਰ੍ਹਾਂ ਬੁਗਜ਼ ਦੇ ਵੱਧ ਜਾਣ ਪੁਰ ਭਿਆਨਕ ਸਿੱਟੇ ਨਿਕਲ ਸਕਦੇ ਹਨ।

ਅਫ਼ਸੋਸ ਸਾਨੂੰ ਇਹ ਵੀ ਨਾਲ ਹੀ ਯਕੀਨ ਹੈ ਕਿ ਸਾਡੀ ਇਹ ਅਵਾਜ਼ ਉਜਾੜ ਬੀਆਬਾਨ ਵਿਚ ਮਾਰੀ ਆਵਾਜ਼ ਹੀ ਸਾਬਤ ਹੋਵੇਗੀ ਤੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ ਜਾਵੇਗੀ ਪਰ ਅਸੀਂ ਤਾਂ ਆਪਣਾ ਫ਼ਰਜ਼ ਪੂਰਾ ਕਰਨਾ ਜ਼ਰੂਰੀ ਸਮਝਦੇ ਹਾਂ। ਸਭ ਨੂੰ ਕਹਿੰਦੇ ਹਾਂ ਕਿ ਕੋਈ ਕੰਮ ਦਿਲ ਵਿਚ ਬੁਗਜ਼ ਰੱਖ ਕੇ ਨਾ ਕਰੋ। ਇਹ ਤਸੱਦਦ ਹੈ ਇਹ ਗੁਨਾਹ ਹੈ ਤੇ ਇਸ ਦੇ ਸਿੱਟੇ ਕਤਲ ਬੇਚੈਨੀ ਤੇ ਤਬਾਹੀ ਹਨ।

✡ ✡ ✡

ਸ਼ਹੀਦੀ ਕਲਪ-ਬ੍ਰਿਛ ਨੂੰ ਸਦਾ ਹਰਾ ਭਰਾ ਰੱਖੋ

ਅੱਜ 10 ਫੱਗਣ ਨੂੰ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੇ ਸ਼ਹੀਦੀ ਪਾਈ ਸੀ ਤੇ ਮੁੜ ਪੂਰੇ ਤਿੰਨ ਸਾਲ ਮਗਰੋਂ ਉਸੇ ਦਿਨ ਉੱਤੇ ਸ੍ਰੀ ਗੰਗਸਰ ਦੇ ਸ਼ਹੀਦਾਂ ਨੇ ਗੁਰਦੁਆਰਾ ਟਿੱਬੀ ਸਾਹਿਬ ਦੇ ਕੋਲ ਸ਼ਹੀਦੀ ਪਾਈ ਸੀ। ਇਸ ਕਰਕੇ 10 ਫੱਗਣ ਦਾ ਦਿਨ ਸਾਡੇ ਵਾਸਤੇ ਖ਼ਾਸ ਮਾਣ ਦਾ ਦਿਨ ਬਣ ਗਿਆ ਹੈ।

ਕਈ ਭੋਲੇ ਇਹ ਸਮਝੀ ਬੈਠੇ ਹਨ ਕਿ ਇਨ੍ਹਾਂ ਸ਼ਹੀਦੀਆਂ ਦਾ ਫਲ ਇਹ ਰੱਦੀ ਗੁਰਦੁਆਰਾ ਕਾਨੂੰਨ ਹੈ। ਉਹ ਸਖ਼ਤ ਗਲਤੀ ਉੱਤੇ ਹਨ ਤੇ ਉਹ ਸ਼ਹੀਦੀ ਦੀ ਕਦਰ ਹੀ ਨਹੀਂ ਜਾਣਦੇ। ਸ਼ਹੀਦੀ ਦਾ ਫਲ ਇਹੋ ਹੀ ਹੁੰਦਾ ਹੈ ਕਿ ਸ਼ਹੀਦੀ ਦਾ ਅਜੇਹਾ ਬ੍ਰਿਛ ਲੱਗ ਜਾਂਦਾ ਹੈ ਜੋ ਸਦਾ ਫਲ ਦੇਂਦਾ ਹੈ। ਕਿਉਂ ਨਨਕਾਣੇ ਸਾਹਿਬ ਵਿਚ ਸਿੰਘਾਂ ਨੇ ਜਾਣ ਬੁਝ ਕੇ ਜਾਨਾਂ ਵਾਰੀਆਂ, ਕਿਉਂ ਜੈਤੋ ਵਿਚ ਵਰਦੀਆਂ ਗੋਲੀਆਂ ਵਿਚ ਸਿੰਘ ਸ਼ਹੀਦੀਆਂ ਪ੍ਰਾਪਤ ਕਰਦੇ ਵਙਦੇ ਤੁਰਦੇ ਗਏ ? ਕੇਵਲ ਇਸ ਕਰਕੇ ਕਿ ਉਨ੍ਹਾਂ ਦੇ ਸਾਹਮਣੇ ਭਾਈ ਤਾਰੂ ਸਿੰਘ ਜੀ, ਮਨੀ ਸਿੰਘ ਜੀ ਵਰਗੇ ਸ਼ਹੀਦਾਂ ਦੀ ਮਿਸਾਲ ਸੀ। ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਆਦਿਕ ਅਨਗਿਣਤ ਸਿੰਘਾਂ ਦੇ ਖ਼ੂਨ ਨਾਲ ਅਜੇਹਾ ਸ਼ਹੀਦੀ ਬੂਟਾ ਲੱਗਾ ਹੋਇਆ ਹੈ ਕਿ ਉਸ ਨਾਲ ਸ਼ਹੀਦੀ ਫਲ ਲਗਦਾ ਹੀ ਰਹਿੰਦਾ ਹੈ। ਪੁਰਾਣੇ ਸ਼ਹੀਦਾਂ ਦੀ ਬਰਕਤ ਸੀ ਕਿ ਅੱਜ-ਕਲ੍ਹ ਸਿੰਘ ਸ਼ਹੀਦੀਆਂ ਪ੍ਰਾਪਤ ਕਰ ਚੁੱਕੇ ਹਨ ਤੇ ਇਹਨਾਂ ਸ਼ਹੀਦਾਂ ਦੀ ਬਰਕਤ ਨਾਲ ਹੀ ਅੱਗੇ ਲਈ ਸਿੰਘ ਆਪਣੇ ਧਰਮ ਤੇ ਪੰਥ ਲਈ ਜਾਨਾਂ ਵਾਰਿਆ ਕਰਨਗੇ। ਬਸ ਅਸਲ ਫਲ ਸ਼ਹੀਦੀ ਦਾ ਇਹੋ ਹੀ ਹੈ ਕਿ ਸਿੰਘਾਂ ਵਿਚ ਪੰਥ ਤੇ ਧਰਮ ਲਈ ਜਾਨਾਂ ਵਾਰਨ ਦਾ ਖ਼ਿਆਲ ਮੁੜ ਤਾਜ਼ਾ ਹੋ ਗਿਆ ਹੈ। ਇਸ ਤੋਂ ਵਧੀਆ ਫਲ ਨਾ ਕੋਈ ਹੈ ਤੇ ਨਾ ਹੀ ਕੋਈ ਹੋ ਸਕਦਾ ਹੈ। ਕੌਮ ਉਹ ਹੀ ਹੈ ਜਿਸ ਦਾ ਹਰ ਇਕ ਪੁਰਸ਼ ਆਪਣੀ ਜਾਨ ਨੂੰ ਕੌਮ ਦੀ ਖ਼ਾਤਰ ਵਾਰ ਦੇਵੇ।

ਸੱਚ ਤਾਂ ਇਹ ਸੀ ਕਿ ਜੈਤੋ ਦੇ ਸ਼ਹੀਦਾਂ ਦੀ ਮਿਸਾਲ ਤਾਂ ਦੁਨੀਆਂ ਦੇ ਇਤਿਹਾਸ ਵਿਚ ਕਿਧਰੇ ਨਹੀਂ ਸਾਨੂੰ ਮਿਲਦੀ। ਬੇਸ਼ੱਕ ਇਹਨਾਂ ਵਰਗੀਆਂ ਸ਼ਹੀਦੀਆਂ ਅੱਗੇ ਭੀ ਹੋ ਚੁੱਕੀਆਂ ਹਨ ਪਰ ਇਸ ਢੰਗ ਦੀਆਂ ਅੱਗੇ ਨਹੀਂ ਹੋਈਆਂ। ਬੜਾ ਹੀ ਅਜਬ ਨਜ਼ਾਰਾ ਹੈ। ਸ਼ੈਤਾਨੀ ਲਸ਼ਕਰ ਗੁਰੂ ਕੇ ਸਿੰਘਾਂ ਉੱਤੇ ਗੋਲੀਆਂ ਦਾ ਮੀਂਹ ਵਰਸਾ ਰਹੇ ਹਨ ਤੇ ਸਿੰਘ ਧੜਾ-ਧੜ ਡਿੱਗ ਰਹੇ ਹਨ ਪਰ ਜਿਨ੍ਹਾਂ ਨੂੰ ਗੋਲੀ ਨਹੀਂ ਲਗਦੀ ਉਹ ਆਪਣੇ ਪ੍ਰਣ ਉੱਤੇ ਪੱਕੇ ਰਹਿੰਦੇ ਹੋਏ ਨਾ ਤਾਂ ਕਦਮ ਪਿੱਛੇ ਹਟਾਂਦੇ ਹਨ, ਨਾ ਵੈਰੀ ਉੱਤੇ ਹਮਲਾ ਹੀ ਕਰਦੇ ਹਨ ਤੇ ਨਾ ਬਚਣ ਦਾ ਯਤਨ ਹੀ ਕਰਦੇ ਹਨ।

ਉਸੇ ਤਰ੍ਹਾਂ ਅਡੋਲ ਉਹ ਗੋਲੀਆਂ ਖਾਂਦੇ ਗੁਰੂ ਕੇ ਨਾਮ ਤੋਂ ਵਾਰਨੇ ਹੁੰਦੇ ਗੁਰੂ ਕੇ ਦਰ ਪੁਜਦੇ ਹਨ।

ਇਹ ਨਜ਼ਾਰਾ ਅਜੇਹਾ ਸੀ ਕਿ ਦੁਨੀਆਂ ਨੇ ਅੱਜ ਤਕ ਅੱਗੇ ਨਹੀਂ ਦੇਖਿਆ ਹੈ ਤੇ ਸ਼ਾਇਦ ਨਾ ਕਦੀ ਕੋਈ ਦੇਖੇਗਾ। ਇਹ ਸਾਰੀ ਬਰਕਤ ਗੁਰੂ ਕੇ ਅੰਮ੍ਰਿਤ ਤੇ ਪੁਰਾਣੇ ਸਿੰਘਾਂ ਦੀ ਸ਼ਹੀਦੀ ਦੀ ਹੈ। ਇਸ ਕਰਕੇ ਪਿਆਰੇ ਖਾਲਸਾ ਜੀ ਸ਼ਹੀਦੀ ਪ੍ਰਾਪਤ ਕਰਨ ਵੇਲੇ ਜਾਇਦਾਦਾਂ ਤੇ ਰੁਪਏ ਦੇ ਹਿਸਾਬ ਨਾਲ ਸ਼ਹੀਦੀ ਦਾ ਮੁੱਲ ਨਾ ਲਾਓ। ਸ਼ਹੀਦੀ ਤਾਂ ਇਕ ਕਲਪ-ਬ੍ਰਿਛ ਹੈ, ਜਿਸ ਨਾਲ ਸਦਾ ਹੀ ਫਲ ਲਗਦਾ ਰਹਿੰਦਾ ਹੈ।

ਅੱਜ ਅਸੀਂ ਉਹਨਾਂ ਸ਼ਹੀਦਾਂ ਦੀ ਯਾਦ ਮਨਾ ਕੇ ਆਪਣੇ ਮੰਨ ਨੂੰ ਸ਼ਹੀਦੀ ਰੰਗ ਵਿਚ ਰੰਗਣ ਦਾ ਯਤਨ ਕਰ ਰਹੇ ਹਾਂ। ਜੋ ਗੀਦੀ ਸਿੱਖ ਹੋ ਕੇ ਸ਼ਹੀਦੀ ਪ੍ਰਾਪਤ ਕਰਨ ਤੋਂ ਡਰਦਾ ਹੈ, ਉਸ ਲਈ ਸ਼ਹੀਦਾਂ ਦੀ ਸ਼ਹੀਦੀ ਦਾ ਕੋਈ ਫਲ ਨਹੀਂ ਹੈ। ਉਹ ਤਾਂ ਉਸ ਅਭਾਗ ਦੀ ਤਰ੍ਹਾਂ ਹੈ ਜੋ ਦਰਿਆ ਕੰਢੇ ਬੈਠਾ ਤਿਹ ਨਾਲ ਮਰ ਰਿਹਾ ਹੈ।

ਗੁਰਦੁਆਰਾ ਲਹਿਰ ਵਿਚ ਬੇਅੰਤ ਸ਼ਹੀਦ ਹੋਏ ਹਨ ਤੇ ਜਿਨ੍ਹਾਂ ਮਾਈਆਂ ਬੀਬੀਆਂ ਨੇ ਘਰ ਬੈਠਿਆਂ ਦੁਖ ਝੱਲੇ ਹਨ ਤਾਂ ਕਿਸੇ ਗਿਣਤੀ ਵਿਚ ਨਹੀਂ ਆਉਂਦੇ। ਜੇ ਕਰ ਜੇਲ੍ਹਾਂ ਵਿਚ ਤੇ ਨਾਭਾ ਬੀੜ ਵਿਚ ਸ਼ਹੀਦੀ ਪ੍ਰਾਪਤ ਕਰ ਚੁੱਕੇ ਸ਼ਹੀਦਾਂ ਦੀ ਗਿਣਤੀ ਕਰੀਏ ਤਾਂ ਹਜ਼ਾਰਾਂ ਹੀ ਹਨ। ਧੰਨ-ਧੰਨ ਉਹ ਸ਼ਹੀਦ ਜੋ ਦੁੱਖ ਝੱਲਦੇ ਹੋਏ ਪੋਟਾ ਪੋਟਾ ਕੱਟ ਰਹੇ ਹਨ। ਨਨਕਾਣਾ ਸਾਹਿਬ ਤੇ ਜੈਤੋ ਵਿਚ ਸੈਂਕੜੇ ਸਿੰਘ ਇਕੱਠੇ ਹੀ ਸ਼ਹੀਦ ਹੋਣ ਕਰਕੇ ਲੋਕਾਂ ਦੀਆਂ ਨਜ਼ਰਾਂ ਦੇ ਸਾਹਮਣੇ ਵਧੇਰੇ ਆ ਗਏ ਹਨ। ਅਸੀਂ ਸ਼ਹੀਦ ਸਿੰਘਾਂ ਵਿਚ ਮੁਕਾਬਲਾ ਨਹੀਂ ਕਰ ਸਕਦੇ। ਜੋ ਆਪਣਾ ਤਨ-ਮਨ ਵਾਰ ਗਏ ਹਨ ਉਹ ਸ਼ਹੀਦ ਹਨ। ਬੇਸ਼ੱਕ ਪੰਥ ਸੇਵਾ ਵਿਚ ਸਾਰਾ ਜੀਵਨ ਬਤੀਤ ਕਰਨ ਵਾਲੇ ਘੱਟ ਨਹੀਂ ਹਨ ਪਰ ਸ਼ਹੀਦੀ ਦਰਜਾ ਤਾਂ ਉਸੇ ਨੂੰ ਹੀ ਮਿਲਦਾ ਹੈ, ਜੋ ਤਨ-ਮਨ ਵਾਰ ਦੇਵੇ ਤੇ ਆਪਣਾ ਜੀਵਨ ਗੁਰੂ ਨਮਿੱਤ ਖ਼ਤਮ ਕਰ ਦੇਵੇ।

✡ ✡ ✡

ਧਰਮ ਤੇ ਪਖੰਡ

ਧਰਮ ਦਾ ਮੁੱਢ ਇਸ ਗੱਲ ਉੱਤੇ ਹੈ ਕਿ ਸਾਡਾ ਜੀਵਨ ਕੇਵਲ ਇਸ ਦੁਨੀਆਂ ਦਾ ਜੀਵਨ ਨਹੀਂ ਹੈ, ਸਗੋਂ ਇਸ ਦੁਨੀਆਂ ਤੋਂ ਚਲੇ ਜਾਣ ਮਗਰੋਂ ਭੀ ਅਸਾਂ ਜੀਉਣਾ ਹੈ ਤੇ ਸਾਡੇ ਜੀਵਨ ਦਾ ਅੰਤ ਇਥੇ ਹੀ ਨਹੀਂ ਹੋ ਜਾਣਾ। ਦੂਜੇ ਲਫ਼ਜ਼ਾਂ ਵਿਚ ਧਰਮ ਦੀ ਜੜ੍ਹ ਇਸ ਗੱਲ ਉੱਤੇ ਹੈ ਕਿ ਅਸੀਂ ਇਹ ਸਰੀਰ ਨਹੀਂ ਹਾਂ ਜੋ ਆਤਮਾ ਕਿ ਅਮਰ ਹੈ। ਇਹੋ ਫ਼ਰਕ ਆਸਤਿਕਾਂ ਤੇ ਨਾਸਤਿਕਾਂ ਵਿਚ ਹਨ। ਨਾਸਤਿਕ ਸਭ ਕੁਝ ਦਿਸਣ ਤੇ ਮਾਸੂਸ ਹੋਣ ਵਾਲੀ ਕੁਦਰਤ ਨੂੰ ਹੀ ਮੰਨਦੇ ਹਨ ਤੇ ਆਸਤਿਕ ਦਿਸਨ ਵਾਲੀ ਦੁਨੀਆਂ ਨੂੰ ਗੁਪਤ ਤਾਕਤ ਦਾ ਇਕ ਖੇਲ ਮੰਨਦੇ ਹਨ।

ਇਥੇ ਅਸੀਂ ਅੱਜ ਇਹ ਬਹਿਸ ਨਹੀਂ ਕਰਨਾ ਚਾਹੁੰਦੇ ਕਿ ਕਿਸ ਤਰ੍ਹਾਂ ਆਸਤਿਕ ਸੱਚੇ ਹਨ। ਕੇਵਲ ਇਤਨਾ ਹੀ ਕਹਿੰਦੇ ਹਾਂ ਕਿ ਜੇ ਅੱਜ ਸਾਨੂੰ ਨਿਸਚਾ ਹੋ ਜਾਵੇ ਕਿ ਸਾਡੇ ਜੀਵਨ ਦਾ ਨਾ ਕੋਈ ਮੰਤਵ ਹੈ ਤੇ ਨਾਂ ਕੋਈ ਫਲ ਹੈ। (ਅਸੀਂ ਕੇਵਲ ਥੋੜ੍ਹੇ ਸਾਲ ਚੰਗਾ-ਮੰਦਾ ਜੀਅ ਕੇ ਖ਼ਤਮ ਹੋ ਜਾਣਾ ਹੈ) ਤਾਂ ਅਸੀਂ ਇਸ ਜੀਵਨ ਦਾ ਕੱਖ ਲਾਭ ਨਹੀਂ ਸਮਝਦੇ ਤੇ ਅੱਜ ਹੀ ਅਸੀਂ ਖੁਦਕਸ਼ੀ ਕਰ ਲਈ। ਜੇਕਰ ਇਸ ਜੀਵਨ ਵਿੱਚੋਂ ਨਿਕਲਣਾ, ਪੈਣਾ ਕੁਝ ਹੀ ਨਹੀਂ ਹੈ ਤਾਂ ਇਹ ਵਾਧੂ ਪਵਾੜੇ ਕਿਸ ਲਈ। ਉਸ ਬੇਅੰਤ ਸਮੇਂ ਵਿਚ ਚਾਰ ਸਾਲ ਵਧ ਜੀਵੇ ਤਾਂ ਕੀ ਤੇ ਜੇ ਚਾਰ ਸਾਲ ਘੱਟ ਜੀਵੇ ਤਾਂ ਕੀ ? ਫਿਰ ਕਿਸ ਆਸ ਉੱਤੇ ਅਸੀਂ ਇਸ ਬਦੇਸ਼ੀ ਗੁਲਾਮੀ ਦੇ ਪਵਾੜੇ ਤੇ ਹੋਰ ਦੁੱਖ ਝੱਲੀਏ ? ਸਾਡੇ ਲਈ ਤਾਂ ਸੁਖਾਂ ਨਾਲੋਂ ਦੁੱਖ ਬਾਹਲੇ ਹਨ ਤੇ ਫਿਰ ਕਿਉਂ ਇਨ੍ਹਾਂ ਵਿਚ ਪਏ ਰਹੀਏ ?

ਪਰ ਅਸੀਂ ਆਸਤਕ ਹਾਂ ਤੇ ਅਸੀਂ ਇਸ ਦੇ ਜੀਵਨ ਨੂੰ ਆਪਣੇ ਸਦੀਵ ਜੀਵਨ ਦਾ ਇਕ ਛੋਟਾ ਜਿਹਾ ਹਿੱਸਾ ਹੀ ਸਮਝਦੇ ਹਾਂ। ਇਸ ਕਰਕੇ ਖੁਦਕਸ਼ੀ ਜਾਂ ਇਸ ਦੁਨੀਆਂ ਦੇ ਜੀਵਨ ਦੀ ਇੱਛਾ ਕਰਨਾ, ਦੋਵੇਂ ਗੱਲਾਂ ਹੀ ਸਾਡੇ ਲਈ ਬੇਮਤਲਬ ਹਨ। ਅਸਾਂ ਮਰਨਾ ਹੈ ਤੇ ਹੈ ਹੀ ਨਹੀਂ ਫਿਰ ਮਰਨ ਦੀ ਇੱਛਾ ਜਾਂ ਮਰਨ ਦਾ ਡਰ ਕੀ ਅਰਥ ਰੱਖ ਸਕਦਾ ਹੈ ? ਸਾਡਾ ਕੰਮ ਤਾਂ ਕੇਵਲ ਇਸ ਦੁਨੀਆਂ ਵਿਚ ਯੋਗ ਢੰਗ ਨਾਲ ਜੀਵਨ ਬਤੀਤ ਕਰਨਾ ਹੈ, ਜਿਸ ਤਰ੍ਹਾਂ ਕਿ ਸਾਡਾ ਆਤਮਾ ਉੱਚਾ ਹੁੰਦਾ ਜਾਵੇ।

ਹੁਣ ਸਾਡਾ ਕੰਮ ਆਤਮਾ ਦੀ ਦਸ਼ਾ ਨੂੰ ਉੱਚਾ ਕਰਨਾ ਹੈ ਤਾਂ ਸਾਨੂੰ ਹਰ ਇਕ ਕੰਮ ਇਸ ਨੁਕਤਾ-ਖ਼ਿਆਲ ਤੋਂ ਵੇਖਣਾ ਚਾਹੀਦਾ ਹੈ। ਅਸਲ ਮੰਤਵ ਤਾਂ ਸਾਡਾ ਨੇਕ ਖ਼ਿਆਲ ਤੇ ਨੇਕ ਜਜ਼ਬਾਤ ਆਤਮਾ ਵਿਚ ਪੈਦਾ ਕਰਕੇ ਉਸ ਨੂੰ ਉੱਚਾ ਕਰਨਾ

ਹੈ। ਇਸ ਕਰਕੇ ਉਹੋ ਕੰਮ ਚੰਗਾ ਹੈ ਜੋ ਸ਼ਰਧਾ, ਪ੍ਰੇਮ ਤੇ ਸਹੋਦਰਤਾ ਪੈਦਾ ਕਰਦਾ ਹੈ। ਇਸ ਕਰਕੇ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਉਹੋ ਕੰਮ ਇਹ ਗੁਣ ਪੈਦਾ ਕਰਦਾ ਹੈ ਜੋ ਇਸ ਨੀਅਤ ਨਾਲ ਕੀਤਾ ਜਾਵੇ, ਕੰਮ, ਕੰਮ ਵਿਚ ਭੇਦ ਜ਼ਰੂਰੀ ਹੈ ਪਰ ਅਸਲ ਭੇਦ ਨੀਅਤ ਵਿਚ ਹੈ, ਇਕ ਕੰਮ ਜੋ ਸ਼ਰਧਾ, ਪ੍ਰੇਮ ਤੇ ਸਹੋਦਰਤਾ ਵਿਚ ਕੀਤਾ ਜਾਵੇ ਤਾਂ ਉਹ ਸਾਡੇ ਆਤਮਾ ਨੂੰ ਉੱਚਾ ਕਰਦਾ ਹੈ ਪਰ ਉਹੋ ਕੰਮ ਜੋ ਪਖੰਡ, ਖ਼ੁਦਗਰਜ਼ੀ ਜਾਂ ਵਹਿਮ ਵਿਚ ਕੀਤਾ ਜਾਵੇ ਤਾਂ ਉਹ ਸਾਡੇ ਆਤਮਾ ਨੂੰ ਨੀਵਾਂ ਕਰਦਾ ਹੈ। ਸਾਨੂੰ ਤਾਂ ਸਾਡੀ ਨੀਅਤ ਦਾ ਫਲ ਹੀ ਮਿਲਣਾ ਹੈ। ਜੇ ਨੇਕ ਨੀਅਤ ਨਾਲ ਅਸੀਂ ਕੋਈ ਗਲਤੀ ਭੀ ਕਰਦੇ ਹਾਂ ਤਾਂ ਉਹ ਭੀ ਸਾਨੂੰ ਉੱਚਾ ਹੀ ਕਰਦੀ ਹੈ।

ਭਗਤ ਨਾਮਦੇਵ ਜੀ ਬੁੱਤ-ਪੂਜ ਸਨ, ਪਰ ਉਹ ਬੁੱਤ ਭੀ ਨਿਸਚੇ ਤੇ ਪ੍ਰੇਮ ਨਾਲ ਪੂਜਦੇ ਸਨ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਸ ਬੁੱਤ-ਪੂਜੀ ਨੇ ਹੀ ਉਨ੍ਹਾਂ ਨੂੰ ਪ੍ਰਮੇਸ਼ਰ ਭਗਤੀ ਵਿਚ ਲਾ ਦਿੱਤਾ ਤੇ ਉਹ ਆਪਣੀ ਭੁੱਲ ਮੰਨ ਕੇ ਬੁੱਤ-ਪੂਜਾ ਦਾ ਖੰਡਨ ਕਰਨ ਲੱਗ ਪਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦਾ ਸ਼ਬਦ ਹੈ, ਜੋ ਉਨ੍ਹਾਂ ਨੇ ਪੱਥਰ ਦੇ ਠਾਕਰਾ ਨੂੰ ਰੀਝਾਉਣ ਲਈ ਪੜ੍ਹਿਆ ਸੀ। ਫਿਰ ਦੂਜਾ ਸ਼ਬਦ ਇਹ ਭੀ ਹੈ "ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥ ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥" ਪੁਰਾਣੇ ਜਮਾਨੇ ਵਿਚ ਅਜੇਹੇ ਲੋਕ ਸਨ, ਜੋ ਕਾਂਸੀ ਜਾ ਕੇ ਕਰਵਤਰ ਲੈ ਮਰਦੇ ਸਨ। ਉਨ੍ਹਾਂ ਦੀ ਇਹ ਭਾਰੀ ਭੁੱਲ ਸੀ, ਜੋ ਗੁਰੂ ਸਾਹਿਬ ਨੇ ਪ੍ਰਗਟ ਕੀਤੀ ਹੈ। ਉਨ੍ਹਾਂ ਵਿੱਚੋਂ ਕਰਵਤਰ ਲੈਣ ਵਾਲਿਆਂ ਵਿਚ ਕਈ ਅਜੇਹੇ ਭੀ ਹੋਣਗੇ, ਜੋ ਮੂਰਖਤਾ ਜਾਂ ਵਹਿਮ ਜਾਂ ਦੁਨੀਆਂ ਤੋਂ ਤੰਗ ਆ ਕੇ ਕਰਵਤਰ ਲੈਂਦੇ ਹੋਣ, ਪਰ ਕਈ ਅਜੇਹੇ ਭੀ ਹੋ ਸਕਦੇ ਹਨ, ਜੋ ਸ਼ਰਧਾ ਵਿਚ ਇਹ ਦੁੱਖ ਝੱਲਦੇ ਹੋਣ। ਉਨ੍ਹਾਂ ਦੀ ਗ਼ਲਤੀ ਦਾ ਫਲ ਤਾਂ ਉਨ੍ਹਾਂ ਨੂੰ ਜ਼ਰੂਰ ਮਿਲੇਗਾ ਪਰ ਉਨ੍ਹਾਂ ਦੀ ਸ਼ਰਧਾ ਦਾ ਫਲ ਭੀ ਉਨ੍ਹਾਂ ਨੂੰ ਮਿਲਣਾ ਜ਼ਰੂਰੀ ਹੈ।

ਅੱਜ-ਕਲ੍ਹ ਸ਼ਰਧਾ ਤੇ ਪ੍ਰੇਮ ਘਟ ਰਿਹਾ ਹੈ। ਮਾਯਾ ਦਾ ਜਾਲ ਇਤਨਾ ਵੱਧ ਰਿਹਾ ਹੈ ਕਿ ਲੋਕੀਂ ਇਹੋ ਹੀ ਪੁੱਛਦੇ ਹਨ ਕਿ ਪਾਠ ਦਾ ਕੀ ਲਾਭ ਹੈ ਰਹਿਤ-ਬਹਿਤ ਦਾ ਕੀ ਲਾਭ ਹੈ, ਨਾਮ ਜਪਣ ਦਾ ਕੀ ਲਾਭ ਹੈ, ਸੇਵਾ ਦਾ ਕੀ ਲਾਭ ਹੈ, ਪਰਉਪਕਾਰ ਦਾ ਕੀ ਲਾਭ ਹੈ ਜਾਂ ਪੰਥ ਲਈ ਕੁਰਬਾਨੀ ਦਾ ਕੀ ਲਾਭ ਹੈ? ਉਨ੍ਹਾਂ ਲੋਕਾਂ ਦਾ ਲਾਭ ਪੁੱਛਣ ਦਾ ਇਹ ਭਾਵ ਹੁੰਦਾ ਹੈ ਕਿ ਇਨ੍ਹਾਂ ਨੇਕ ਕੰਮਾਂ ਨਾਲ ਸਾਨੂੰ ਕਿਤਨੇ ਰੁਪੈ ਮਿਲਣਗੇ ਜਾਂ ਕੇਹੜੇ ਦੁਨਿਆਵੀ ਸੁੱਖ ਪ੍ਰਾਪਤ ਹੋਣਗੇ। ਉਹ ਇਤਨਾ ਸਮਝ ਹੀ ਨਹੀਂ ਸਕਦੇ ਕਿ ਇਹ ਕੰਮ ਸਾਡੇ ਆਤਮਾ ਨੂੰ ਉੱਚਾ ਕਰਦੇ ਹਨ ਕਿਉਂਕਿ ਇਹ ਸਾਡੇ ਆਤਮਾ ਵਿਚ ਸ਼ਰਧਾ, ਪ੍ਰੇਮ ਸਹੋਦਰਤਾ ਆਦਿਕ ਦੇ ਜਜ਼ਬਾਤ ਪੈਦਾ ਕਰਦੇ ਹਨ। ਇਤਨੀ ਗੱਲ ਸਾਨੂੰ ਭੀ ਚੇਤੇ ਰੱਖਣੀ ਚਾਹੀਦੀ ਹੈ ਕਿ ਉਪਰ ਲਿਖੇ ਨੇਕ ਕੰਮ ਉਦੋਂ ਤਕ ਹੀ ਸਾਡੀ ਆਤਮਾ ਨੂੰ ਉੱਚਾ ਕਰਦੇ ਹਨ, ਜਦੋਂ ਤਕ ਕਿ ਅਸੀਂ

ਇਨ੍ਹਾਂ ਨੂੰ ਨੇਕੀ ਦੇ ਭਾਵ ਵਿਚ ਕਰੀਏ। ਇਕੋ ਹੀ ਕੰਮ ਇਨ੍ਹਾਂ ਨੂੰ ਨੇਕੀ ਦੇ ਭਾਵ ਵਿਚ ਉੱਚਾ ਕਰ ਸਕਦਾ ਹੈ ਤੇ ਦੂਜੇ ਨੂੰ ਗਿਰਾ ਸਕਦਾ ਹੈ ਜੇ ਕਰ ਦੋਹਾਂ ਦੀ ਨੀਅਤ ਅੱਡੀ-ਅੱਡਰੀ ਹੈ। ਗੁਰਬਾਣੀ ਦੇ ਪਾਠ ਤੇ ਪ੍ਰੇਮ ਦੀ ਸੇਵਾ ਤੋਂ ਵੱਧ ਵੱਧ ਆਤਮਾ ਨੂੰ ਉੱਚਾ ਕਰਨ ਵਾਲੀ ਕੋਈ ਵਸਤੂ ਨਹੀਂ ਹੈ ਪਰ ਆਪ ਨੇ ਕਈ ਪਾਠੀ ਵੇਖੇ ਹੋਣਗੇ, ਜੋ ਬਹੁਤ ਹੀ ਨੀਚ ਹਨ ਤੇ ਕਈ ਸੇਵਕ ਵੇਖੇ ਹੋਣਗੇ ਜੋ ਬਹੁਤ ਹੀ ਜ਼ਲੀਲ ਹਨ। ਇਕ ਆਦਮੀ ਜਪੁ ਜੀ ਸਾਹਿਬ ਦਾ ਪਾਠ ਕਰਕੇ ਜਾਂ ਸ਼ਰਧਾ ਤੇ ਪ੍ਰੇਮ ਵਿਚ ਵਾਹਿਗੁਰੂ ਦਾ ਨਾਮ ਉਚਰਕੇ ਮਹਾਂ ਉਤਮ ਆਤਮਾ ਬਣ ਜਾਂਦਾ ਹੈ ਤੇ ਦੂਜਾ ਇਨ੍ਹਾਂ ਪਾਠਾਂ ਤੇ ਨਾਮ ਜਪਣ ਨੂੰ ਪਖੰਡ ਲਈ ਵਰਤ ਕੇ ਹੋਰ ਭੀ ਨੀਵਾਂ ਹੋ ਜਾਂਦਾ ਹੈ, ਸੱਚ ਹੈ ਕਈ ਮਹਾਤਮਾ ਕਿਹਾ ਕਰਦੇ ਹਨ ਕਿ ਜਿਸ ਨੀਅਤ ਨਾਲ ਕੋਈ ਪਾਠ ਕਰਦਾ ਹੈ ਕਿ ਉਸ ਦੀ ਉਹੋ ਹੀ ਨੀਅਤ ਪੂਰੀ ਹੁੰਦੀ ਹੈ। ਜੋ ਆਦਮੀ ਪਾਠ ਭੀ ਇਸ ਨੀਅਤ ਨਾਲ ਕਰਦਾ ਹੈ ਕਿ ਲੋਕਾਂ ਨੂੰ ਠਗ ਸਕੇ, ਉਹ ਠੱਗੀ ਵਿਚ ਜ਼ਰੂਰ ਪ੍ਰਪਕ ਹੋ ਜਾਂਦਾ ਹੈ।

ਸੇਵਾ ਉਸ ਨੂੰ ਕਹਿੰਦੇ ਹਨ ਜੋ ਪ੍ਰੇਮ ਤੇ ਸ਼ਰਧਾ ਵਿਚ ਕੀਤੀ ਜਾਵੇ। ਸਾਡੇ ਨੌਕਰ ਸਾਡੇ ਭਾਂਡੇ ਮਾਂਜਦੇ ਤੇ ਸਾਡਾ ਪੱਖ ਕਰਦੇ ਹਨ ਪਰ ਸਗੋਂ ਇਹ ਸੇਵਾ ਉਹਨਾਂ ਨੂੰ ਹੋਰ ਜਲੀਲ ਬਣਾ ਦੇਂਦੀ ਹੈ। ਜਦ ਉਹ ਪੱਖਾ ਤੇ ਜਲ ਛਕਣਾ ਅਸੀਂ ਪਖੰਡ ਵਿਚ ਕਰਦੇ ਹਾਂ ਤਾਂ ਅਸੀਂ ਪਖੰਡੀ ਬਣ ਕੇ ਆਪਣੀ ਆਤਮਾ ਨੂੰ ਕਲੰਕਤ ਕਰ ਲੈਂਦੇ ਹਾਂ। ਫਿਰ ਉਹੋ ਸੇਵਾ ਅਸੀਂ ਪ੍ਰੇਮ ਤੇ ਸ਼ਰਧਾ ਵਿਚ ਕਰਕੇ ਅਸੀਂ ਆਪਣੇ ਆਤਮਾ ਨੂੰ ਮਹਾਂ-ਉਤਮ ਬਣਾ ਲੈਂਦੇ ਹਾਂ। ਇਸ ਕਰਕੇ ਫਲ ਤਾਂ ਨੀਅਤ ਦਾ ਮਿਲਣਾ ਹੈ। ਨੀਅਤ ਵਿਚ ਪ੍ਰੇਮ ਤੇ ਸ਼ਰਧਾ ਭਰੋ। ਜੇ ਇਹਨਾਂ ਗੁਣਾਂ ਕਰਕੇ ਤੁਸੀਂ ਸ਼ੁਰੂ-ਸ਼ੁਰੂ ਵਿਚ ਗਲਤੀ ਭੀ ਖਾਓਗੇ ਤਾਂ ਭੀ ਆਖ਼ਰ ਇਹ ਗੁਣ ਤੁਹਾਡੀ ਬੁੱਧੀ ਨਾਲ ਰਲ ਕੇ ਤੁਹਾਨੂੰ ਸਿੱਧੇ ਰਸਤੇ ਪਾ ਦੇਣਗੇ।

☆ ☆ ☆

ਸਿੱਖਾਂ ਨੂੰ ਨਸ਼ਿਆਂ ਤੋਂ ਬਚਾਓ

ਸਿੱਖਾਂ ਵਾਸਤੇ ਤਮਾਕੂ ਤਾਂ ਇਕ ਕੁਰਹਿਤ ਰੱਖੀ ਗਈ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਾਬ ਨੂੰ ਬਹੁਤ ਬੁਰਾ ਲਿਖਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਕੇਵਲ ਭਜਨ ਬਾਣੀ ਦਾ ਹੀ ਜ਼ਿਕਰ ਹੈ ਤੇ ਇਹ ਭਜਨ ਬਾਣੀ ਦਾ ਜ਼ਿਕਰ ਕਰਦੇ ਹੋਏ ਸ਼ਰਾਬ ਦਾ ਜ਼ਿਕਰ ਆਗਿਆ ਤੇ ਇਸ ਦੇ ਵਿਰੁੱਧ ਲਿਖ ਦਿੱਤਾ, ਨਹੀਂ ਤਾਂ ਉਂਜ ਜੋ ਸਾਰੇ ਨਸ਼ਿਆਂ ਬਾਬਤ ਗੁਰੂ ਸਾਹਿਬ ਲਿਖਣ ਲਗਦੇ ਤਾਂ ਸਭ ਨੂੰ ਹੀ ਇਕ-ਇਕ ਕਰਕੇ ਚੰਗੀ ਤਰ੍ਹਾਂ ਨਿੰਦਦੇ।

ਪਰ ਸ਼ੋਕ ਦੀ ਗੱਲ ਇਹ ਹੈ ਕਿ ਜੇ ਅਸੀਂ ਗੁਰੂ ਸਾਹਿਬ ਦੇ ਬਚਨਾਂ ਨੂੰ ਮੰਨਣ ਦਾ ਯਤਨ ਭੀ ਕਰਦੇ ਹਾਂ ਤਾਂ ਓਪਰਾ ਜਿਹਾ ਹੀ, ਅਸਲ ਡੂੰਘੀ ਤਹਿ ਵਿਚ ਜਾਂਦੇ ਹੀ ਨਹੀਂ ਹਾਂ। ਜੇਕਰ ਗੁਰੂ ਸਾਹਿਬ ਨੇ ਸਾਡੇ ਵਿਚ ਪ੍ਰਮੇਸ਼ਰ ਦਾ ਪ੍ਰੇਮ ਤੇ ਸ਼ਰਧਾ ਭਰਨ ਲਈ ਗੁਰਬਾਣੀ ਦਾ ਪਾਠ ਜ਼ਰੂਰੀ ਰੱਖਿਆ ਸੀ ਤਾਂ ਅੱਜ ਜੋ ਗੁਰਬਾਣੀ ਦਾ ਪਾਠ ਕਰਦੇ ਭੀ ਹਨ, ਉਹਨਾਂ ਵਿੱਚੋਂ ਬਹੁਤ ਸਾਰੇ ਪਖੰਡ ਜਾਂ ਵਹਿਮ ਦੇ ਅਸਰ ਹੇਠਾਂ ਪਾਠ ਕਰਦੇ ਹਨ। ਉਹਨਾਂ ਦੇ ਮਨ ਵਿਚ ਸ਼ਰਧਾ ਤੇ ਪ੍ਰੇਮ ਵਧਾਣ ਦੀ ਇੱਛਾ ਨਹੀਂ ਹੁੰਦੀ ਤੇ ਇਸ ਕਰਕੇ ਪਾਠ ਭੀ ਇਹ ਗੁਣ ਉਹਨਾਂ ਦੇ ਮਨ ਵਿਚ ਪੈਦਾ ਨਹੀਂ ਕਰ ਸਕਦਾ। ਇਸੇ ਤਰ੍ਹਾਂ ਗੁਰੂ ਸਾਹਿਬ ਨੇ ਸਾਡੀ ਨੀਅਤ ਸਾਫ਼ ਕਰਨ ਲਈ ਸਾਨੂੰ ਤਮਾਕੂ ਤੋਂ ਰੋਕਿਆ, ਹੁਣ ਬੇਸ਼ੱਕ ਅਸੀਂ ਲੋਕਾਚਾਰੀ ਕਰ ਕੇ ਤਮਾਕੂ ਤੋਂ ਰੁਕ ਗਏ ਹਾਂ ਪਰ ਸਾਡੀ ਨੀਅਤ ਉਹ ਹੀ ਰਹੀ ਹੈ।

ਆਖ਼ਰ ਨਸ਼ੇ ਪੀਣ ਦਾ ਕੋਈ ਮੰਤਵ ਤਾਂ ਹੁੰਦਾ ਹੈ। ਕਿਉਂ ਤੁਸੀਂ ਸ਼ਰਾਬ, ਅਫ਼ੀਮ ਆਦਿਕ ਨਸ਼ੇ ਪੀਂਦੇ ਹੋ ? ਕਿਉਂ ਇਹ ਔਗੁਣ ਆਪਣੇ ਸਰੀਰ ਨੂੰ ਲਾਉਂਦੇ ਹੋ, ਜੋ ਤੁਹਾਡੇ ਸਰੀਰ ਨੂੰ ਕਮਜ਼ੋਰ ਤੇ ਮਨ ਨੂੰ ਮੈਲਾ ਕਰਦੇ ਹਨ ? ਨਸ਼ਾ ਤਾਂ ਉਹੋ ਹੀ ਹੈ ਜੋ ਸਾਡੇ ਦਿਮਾਗ਼ ਨੂੰ ਅਸਲੀ ਹਾਲਤ ਤੋਂ ਉਖੇੜ ਦੇਵੇ। ਜੇਕਰ ਸਾਡੇ ਦਿਮਾਗ ਨੇ ਮਾਮੂਲੀ ਹਾਲਤ ਵਿਚ ਹੀ ਰਹਿਣਾ ਹੈ ਤਾਂ ਉਸ ਨੂੰ ਨਸ਼ਾ ਆਇਆ ਹੀ ਨਹੀਂ ਹੈ। ਨਸ਼ਾ ਪੀਣ ਦਾ ਭਾਵ ਦਿਮਾਗ ਨੂੰ ਠਿਕਾਣੇ ਤੋਂ ਹਲਾਣਾ ਹੈ। ਇਸ ਗੱਲ ਦੀ ਦਸੋ ਤੁਹਾਨੂੰ ਕੀ ਲੋੜ ਹੈ ? ਇਸ ਤਰ੍ਹਾਂ ਆਪਣੇ ਦਿਮਾਗ਼ ਨੂੰ ਨਸ਼ਿਆਂ ਨਾਲ ਠਿਕਾਣੇ ਤੋਂ ਹਲਾਣ ਦਾ ਇਕ ਅਸਰ ਤਾਂ ਇਹ ਹੁੰਦਾ ਹੈ ਕਿ ਨੀਅਤ ਖ਼ਰਾਬ ਹੋ ਜਾਂਦੀ ਹੈ ਤੇ ਦੂਜਾ ਅਸਰ ਇਹ ਹੁੰਦਾ ਹੈ ਕਿ ਹੌਲੀ-ਹੌਲੀ ਸਿਹਤ ਵਿਗੜ ਜਾਂਦੀ ਹੈ। ਪੁਰਾਣੇ ਨਸ਼ਈਆਂ ਨੂੰ ਜਾ ਕੇ ਵੇਖੋ ਤੁਹਾਨੂੰ ਇਕ ਦੀ ਭੀ ਸਿਹਤ ਕਾਇਮ ਨਜ਼ਰ ਨਾ ਆਵੇਗੀ। ਕਿਸੇ ਨੂੰ ਗੰਠੀਆ, ਕਿਸੇ ਨੂੰ ਮੁਟਾਈ, ਕਿਸੇ ਨੂੰ ਬਦਹਜ਼ਮੀ, ਕਿਸੇ ਨੂੰ ਦਿਲ ਦੀ

ਧੜਕਣ ਤੋਂ ਕਿਸੇ ਨੂੰ ਹੋਰ ਤਰ੍ਹਾਂ ਦੀ ਬੀਮਾਰੀ ਲੱਗ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਨਸ਼ੇ ਪੀਣਾ, ਆਪਣੇ ਜੀਵਨ ਨੂੰ ਛੇਤੀ ਬਤੀਤ ਕਰਨ ਦਾ ਯਤਨ ਕਰਨਾ ਹੈ। ਹੋਰ ਭਾਵੇਂ ਨਸ਼ਿਆਂ ਦਾ ਕੋਈ ਭੀ ਅਸਰ ਹੋਵੇ ਇਕ ਅਸਰ ਇਹ ਤਾਂ ਜ਼ਰੂਰ ਹੁੰਦਾ ਹੈ ਕਿ ਨਸ਼ਾ ਪੀਣ ਵਾਲੇ ਦੀ ਉਮਰ ਘੱਟ ਜਾਂਦੀ ਹੈ। ਕਿਸੇ ਨਸ਼ਈ ਦੀ ਵੱਡੀ ਉਮਰ ਵੇਖ ਕੇ ਨਤੀਜੇ ਨਾ ਕੱਢੋ। ਜੇਕਰ ਉਹ ਨਸ਼ਾ ਨਾ ਪੀਣ ਵਾਲਾ ਹੁੰਦਾ ਤਾਂ ਉਸ ਦੀ ਉਮਰ ਹੋਰ ਭੀ ਵੱਡੀ ਹੋਣੀ ਸੀ। ਹਾਂ ਜੇ ਪੰਜ-ਚਾਰ ਪੁਸ਼ਤਾਂ ਲਗਾਤਾਰ ਨਸ਼ਈਆਂ ਦੀਆਂ ਲੰਘ ਜਾਣ ਤਾਂ ਫਿਰ ਵੇਖੋ ਉਸ ਘਰਾਣੇ ਦੀ ਉਮਰ ਹੀ ਘਟ ਜਾਂਦੀ ਹੈ।

ਸਾਨੂੰ ਸ਼ੋਕ ਹੈ ਕਿ ਸਾਡੇ ਵਿਚ ਸ਼ਰਾਬ ਤੇ ਅਫ਼ੀਮ ਵੱਧ ਰਹੀਆਂ ਹਨ। ਤਮਾਕੂ ਤੋਂ ਤਾਂ ਅਸੀਂ ਬਚੇ ਹਾਂ, ਪਰ ਸਾਡੀ ਨੀਅਤ ਉਸੇ ਤਰ੍ਹਾਂ ਦੀ ਖ਼ਰਾਬ ਰਹੀ ਹੈ। ਤਮਾਕੂ ਦਾ ਘਾਟਾ ਭੀ ਅਸੀਂ ਦੂਜਿਆਂ ਨਸ਼ਿਆਂ ਨਾਲ ਪੂਰਾ ਕਰ ਰਹੇ ਹਾਂ ਤੇ ਇਸ ਤਰ੍ਹਾਂ ਆਪਣੇ ਆਪ ਨੂੰ ਨੁਕਸਾਨ ਪੁਚਾ ਕੇ ਆਪਣੀ ਕੌਮ ਤੇ ਸੰਤਾਨ ਨੂੰ ਕਮਜ਼ੋਰ ਕਰ ਰਹੇ ਹਾਂ। ਸਾਨੂੰ ਬੜੇ ਸ਼ੋਕ ਨਾਲ ਕਹਿਣਾ ਪੈਂਦਾ ਹੈ ਕਿ ਮਾਲਵੇ ਵਿਚ ਸਾਨੂੰ ਕਈ ਅਕਾਲੀ ਭੀ ਅਜੇਹੇ ਮਿਲੇ ਹਨ, ਜੋ ਅਫ਼ੀਮ ਖਾਂਦੇ ਹਨ। ਅਫ਼ੀਮ ਇਕ ਅਜੇਹਾ ਨਸ਼ਾ ਹੈ ਜੋ ਸ਼ਰਾਬ ਨਾਲੋਂ ਭੀ ਬੁਰਾ ਹੈ। ਜੇ ਅੱਜ ਸਾਡਾ ਆਪਣਾ ਰਾਜ ਹੁੰਦਾ ਤਾਂ ਅਫ਼ੀਮ ਖਾਣ ਵਾਲਿਆਂ ਨਾਲ ਅਸੀਂ ਜ਼ਰੂਰ ਉਹੋ ਹਾਲ ਕਰਦੇ ਜੋ ਚੀਨ ਵਿਚ ਹੋਇਆ ਸੀ। ਨਸ਼ਾ ਪੀਣ ਵਾਲੇ ਨਾ ਕੇਵਲ ਕੌਮ ਦੀ ਸਰੀਰਕ ਹਾਲਤ ਨੂੰ ਹੀ ਕਮਜ਼ੋਰ ਕਰ ਰਹੇ ਹਨ, ਸਗੋਂ ਕੌਮ ਵਿਚ ਵਿਸ਼ੇ ਵਿਕਾਰ ਵਧਾ ਰਹੇ ਹਨ, ਜਿਸ ਦਾ ਨਤੀਜਾ ਬਹੁਤ ਹੀ ਖ਼ਤਰਨਾਕ ਜਾਪਦਾ ਹੈ।

ਅਸੀਂ ਨਸ਼ਿਆਂ ਦੇ ਸਾਰੇ ਔਗੁਣ ਇਥੇ ਦਰਜ਼ ਨਹੀਂ ਕਰ ਸਕਦੇ ਹਾਂ। ਇਨ੍ਹਾਂ ਤੋਂ ਲੋਕੀਂ ਅਣਜਾਣ ਭੀ ਨਹੀਂ ਹਨ ਪਰ ਸਿੱਖਾਂ ਨੂੰ ਇਤਨਾ ਖ਼ਬਰਦਾਰ ਕਰਨਾ ਜ਼ਰੂਰੀ ਸਮਝਦੇ ਹਾਂ ਕਿ ਤੁਸੀਂ ਇਸ ਤਰ੍ਹਾਂ ਸਿੱਖੀ ਤੋਂ ਦੂਰ ਜਾ ਰਹੇ ਹੋ ਤੇ ਇਸ ਬੇਮੁਖਤਾ ਦਾ ਫਲ ਭੀ ਨਾਲ ਹੀ ਭੁਗਤ ਰਹੇ ਹੋ। ਨਸ਼ਈ ਨੂੰ ਆਪਣੇ ਕੀਤੇ ਦੀ ਸਜ਼ਾ ਨਾਲੋ-ਨਾਲ ਮਿਲ ਰਹੀ ਹੈ। ਉਸ ਦੀ ਸਰੀਰਕ, ਮਾਨਸਿਕ ਤੇ ਸਾਰੀ ਹਾਲਤ ਸਾਹਮਣੇ ਡਿਗ ਰਹੀ ਹੈ ਪਰ ਅਸੀਂ ਹੈਰਾਨ ਉਹਨਾਂ ਮੂਰਖਾਂ ਉੱਤੇ ਹਾਂ ਜੋ ਨਾਲੋ ਨਾਲ ਸਜ਼ਾ ਮਿਲਦੀ ਵੇਖ ਕੇ ਭੀ ਹੋਸ਼ ਨਹੀਂ ਕਰਦੇ। ਜਿਸ ਤਰ੍ਹਾਂ ਨਸ਼ਈ ਨੂੰ ਉਸ ਵੇਲੇ ਸਜ਼ਾ ਮਿਲਦੀ ਹੈ, ਇਸ ਤਰ੍ਹਾਂ ਸਪੱਸ਼ਟ ਤਾਂ ਸ਼ਾਇਦ ਹੋਰ ਕਿਸੇ ਪਾਪ ਦੀ ਸਜ਼ਾ ਨਾ ਮਿਲਦੀ ਹੋਵੇ, ਪਰ ਫਿਰ ਵੀ ਅਜੇਹੇ ਮੂਰਖ ਸਾਡੇ ਵਿਚ ਮੌਜੂਦ ਹਨ ਜੋ ਧੜਾ-ਧੜ ਆਪਣੇ ਸਿਰ ਵਿਚ ਆਪਣੀ ਹੱਥੀਂ ਕੁਹਾੜਾ ਚਲਾ ਰਹੇ ਹਨ।

ਅਸੀਂ ਸਮਝਦੇ ਹਾਂ ਕਿ ਅਕਾਲੀ ਸਿੰਘਾਂ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਕਿਸੇ ਨਸ਼ੇ ਨੂੰ ਹੱਥ ਭੀ ਨਹੀਂ ਲਾਉਣਗੇ ਤੇ ਹੋਰ ਹੋਰ ਨਸ਼ਈਆਂ ਨੂੰ ਨਸ਼ੇ ਛੁੜਾ ਕੇ ਆਪਣੇ ਦੇਸ਼ ਤੇ ਕੌਮ ਉੱਤੇ ਉਪਕਾਰ ਕਰਨਗੇ।

✡ ✡ ✡

ਸਾਡਾ ਭਲਾ ਕਿਹਦੇ ਵਿਚ ਹੈ ?

ਸਾਡੇ ਇਕ ਮਿੱਤਰ ਜੀ ਲਿਖਦੇ ਹਨ ਕਿ ਸਾਡਾ ਭਲਾ ਹੀ ਅੰਗਰੇਜ਼ਾਂ ਦੀ ਵਿਰੋਧਤਾ ਵਿਚ ਹੈ, ਕਿਉਂਕਿ ਜੇ ਅਸੀਂ ਵਿਰੋਧਤਾ ਕਰਾਂਗੇ ਤਾਂ ਹੀ ਉਹ ਸਾਨੂੰ ਮਨਾਣ ਦਾ ਯਤਨ ਕਰਨਗੇ ਤੇ ਸਾਨੂੰ ਕੁਝ ਹੱਕ ਦੇਣਗੇ।

ਸਾਨੂੰ ਇਹੋ ਜਿਹੀ ਪਲੱਥੇ-ਬਾਜ਼ੀ ਨਹੀਂ ਆਉਂਦੀ ਤੇ ਨਾ ਹੀ ਇਹੋ ਜਿਹੀਆਂ ਚਾਲਾਂ ਦਾ ਅਸੀਂ ਆਸਰਾ ਲੈਣਾ ਚਾਹੁੰਦੇ ਹਾਂ। ਸੱਚ ਪੁੱਛੋ ਤਾਂ ਅਸੀਂ ਕਹਾਂਗੇ ਕਿ ਕੇਵਲ ਇਹੋ ਗੱਲ ਵਿਚਾਰਨੀ ਕਿ "ਸਾਡਾ ਭਲਾ ਕਿਹਦੇ ਵਿਚ ਹੈ" ਸਾਡੇ ਲਈ ਬੁਰੇ ਨਤੀਜੇ ਪੈਦਾ ਕਰੇਗੀ। ਅਸੀਂ ਇਨਸਾਫ਼, ਸੱਚਾਈ, ਅਜ਼ਾਦੀ ਲਈ ਲੜਾਂਗੇ ਨਾ ਕਿ ਆਪਣੇ ਭਲੇ ਲਈ ਜਾਂ ਕਿਸੇ ਦੀ ਦੁਸ਼ਮਣੀ ਲਈ। ਅਸੀਂ ਅੰਗਰੇਜ਼ਾਂ ਦੇ ਵੈਰੀ ਨਹੀਂ, ਅਸੀਂ ਤਾਂ ਜ਼ੁਲਮ ਦੇ ਵੈਰੀ ਹਾਂ। ਜਿਸ ਵੇਲੇ ਹਿੰਦੂ ਰਾਜਿਆਂ ਨੇ ਧੱਕਾ ਕੀਤਾ ਸੀ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਹਨਾਂ ਦੇ ਵਿਰੁਧ ਲੜੇ ਸਨ। ਜੇ ਫਿਰ ਮੁਸਲਮਾਨਾਂ ਨੇ ਧੱਕਾ ਕੀਤਾ ਤਾਂ ਗੁਰੂ ਜੀ ਨੇ ਮੁਸਲਮਾਨਾਂ ਦੇ ਵਿਰੁਧ ਤਲਵਾਰ ਚੁੱਕੀ ਤੇ ਸੈਂਕੜੇ ਸਾਲਾਂ ਦੇ ਜੰਗ ਮਗਰੋਂ ਮੁਸਲਮਾਨੀ ਰਾਜ ਉਖਾੜਿਆ। ਜੇ ਅੱਜ ਅੰਗਰੇਜ਼ ਜ਼ੁਲਮ ਕਰ ਰਹੇ ਹਨ ਤਾਂ ਅਸੀਂ ਉਹਨਾਂ ਦੇ ਵਿਰੁਧ ਲੜ ਰਹੇ ਹਾਂ, ਪਰ ਜਦ ਹੁਣ ਨਹਿਰੂ ਰਿਪਰੋਟ ਨੇ ਬੇ-ਨਿਆਈਂ ਧੱਕੇ ਤੇ ਬੇਇਨਸਾਫ਼ੀ ਦੀ ਨੀਂਹ ਜੋ ਤੋਰੀ ਤਾਂ ਉਸ ਦੇ ਵਿਰੁੱਧ ਸਾਡੇ ਲਈ ਖੜ੍ਹਾ ਹੋਣਾ ਜ਼ਰੂਰੀ ਹੈ। ਅਸੀਂ ਧੱਕੇ ਤੇ ਬੇਇਨਸਾਫ਼ੀ ਦੇ ਵੈਰੀ ਹਾਂ ਨਾ ਕਿ ਕਿਸੇ ਖ਼ਾਸ ਜ਼ਾਤ ਦੇ। ਕਿਸੇ ਜ਼ਾਤ ਦੀ ਪਕੜ ਕਰਣੀ ਠੀਕ ਨਹੀਂ ਹੁੰਦੀ। ਸਦਾ ਅਸੂਲ ਦੀ ਪਕੜ ਕਰੋ ਤੇ ਅਸੂਲ ਲਈ ਡਟੋ। ਸੋ ਅਸੀਂ ਤਾਂ ਇਨਸਾਫ਼ ਦੇ ਅਸੂਲ ਲਈ ਹੀ ਡਟਾਂਗੇ ਤੇ ਡਟੇ ਹੋਏ ਹਾਂ। ਬਸ ਸਾਡਾ ਕੰਮ ਇਹੋ ਹੈ ਤੇ ਇਸੇ ਵਿਚ ਸਾਡਾ ਭਲਾ ਹੈ। ਜੋ ਕੌਮ ਬੇਇਨਸਾਫ਼ੀ ਤੇ ਜ਼ੁਲਮ ਦੇ ਵਿਰੁਧ ਭੀ ਲੜੇਗੀ ਉਹ ਸਦਾ ਵਧੇ ਫੁਲੇਗੀ। ਇਸ ਵਾਸਤੇ ਸਿੱਖਾਂ ਨੂੰ ਹੁਣ ਦੇ ਜ਼ੁਲਮ ਦੇ ਵਿਰੁਧ ਭੀ ਲੜਨਾ ਚਾਹੀਦਾ ਹੈ ਤੇ ਨਹਿਰੂ ਰਿਪੋਰਟ ਮੁਤਾਬਿਕ ਕਾਇਮ ਕੀਤੇ ਜਾਣ ਵਾਲੇ ਧੱਕੇ ਤੇ ਜ਼ੁਲਮ ਦੇ ਵਿਰੁਧ ਭੀ ਲੜਨਾ ਚਾਹੀਦਾ ਹੈ।

✡ ✡ ✡

ਸਰਕਾਰ ਦੇ ਦਿਲ ਦਾ ਫੋੜਾ

ਜੇ ਅਸੀਂ ਪਿਛਲੇ ਇਤਿਹਾਸ ਉੱਤੇ ਡੂੰਘੀ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਕੋਈ ਹਕੂਮਤ ਵੀ ਬਿਨਾਂ ਅੰਦਰਲੀ ਕਮਜ਼ੋਰੀ ਦੇ ਕਦੀ ਨਹੀਂ ਹਟੀ। ਬਹੁਤ ਦੂਰ ਜਾਣ ਦੀ ਲੋੜ ਨਹੀਂ ਹੈ। ਮੁਗ਼ਲ ਬਾਦਸ਼ਾਹੀ ਤੇ ਸਿੱਖ ਬਾਦਸ਼ਾਹੀ ਦੀਆਂ ਮਿਸਾਲਾਂ ਲੈ ਕੇ ਹੀ ਵੇਖੋ। ਮੁਗ਼ਲ ਬਾਦਸ਼ਾਹੀ ਦੀ ਸਭ ਤੋਂ ਵਧੇਰੇ ਤਾਕਤ ਔਰੰਗਜ਼ੇਬ ਦੇ ਜ਼ਮਾਨੇ ਵਿਚ ਸੀ। ਔਰੰਗਜ਼ੇਬ ਪਾਸ ਪਿਛਲੇ ਸਾਰੇ ਮੁਗ਼ਲ ਬਾਦਸ਼ਾਹ ਨਾਲੋਂ ਵਧੇਰੇ ਮੁਲਕ ਤੇ ਵਧੇਰੇ ਫ਼ੌਜ ਸੀ ਪਰ ਇਸ ਵਿਚ ਭੀ ਕੋਈ ਸ਼ੱਕ ਨਹੀਂ ਹੈ ਕਿ ਮੁਗ਼ਲ ਬਾਦਸ਼ਾਹੀ ਉਖੜੀ ਹੀ ਔਰੰਗਜ਼ੇਬ ਦੇ ਜ਼ਮਾਨੇ ਵਿਚ ਸੀ। ਇਸ ਦਾ ਕਾਰਣ ਇਹ ਸੀ ਕਿ ਔਰੰਗਜ਼ੇਬ ਦੇ ਜ਼ਮਾਨੇ ਵਿਚ ਮੁਗ਼ਲ ਬਾਦਸ਼ਾਹ ਨੂੰ ਅੰਦਰਲਾ ਦੁਖ ਲੱਗ ਗਿਆ ਸੀ ਤੇ ਉਹ ਇਤਨਾ ਡੂੰਘਾ ਹੋ ਗਿਆ ਸੀ ਕਿ ਮੁੜ ਰਾਜ਼ੀ ਨਾ ਹੋ ਸਕਿਆ।

ਇਹ ਅੰਦਰਲਾ ਦੁਖ ਔਰੰਗਜ਼ੇਬ ਦੀ ਸ਼ੱਕੀ ਤੇ ਤਅਸਬੀ ਤਬੀਅਤ ਸੀ। ਔਰੰਗਜ਼ੇਬ ਦਾ ਕਿਸੇ ਅਫ਼ਸਰ ਉੱਤੇ ਭਰੋਸਾ ਨਹੀਂ ਸੀ ਪਰੰਤੂ ਉਸ ਦੀ ਸ਼ੱਕੀ ਤਬੀਅਤ ਦਾ ਇਹ ਅਸਰ ਹੋਇਆ ਕਿ ਸਾਰੇ ਅਫ਼ਸਰਾਂ ਤੇ ਫ਼ੌਜ ਨੇ ਭੀ ਇਕ ਦੂਜੇ ਉੱਤੇ ਭਰੋਸਾ ਕਰਨਾ ਛੱਡ ਦਿੱਤਾ। ਇਸ ਦਾ ਜ਼ਰੂਰੀ ਨਤੀਜਾ ਇਹ ਸੀ ਕਿ ਆਪੋ ਵਿਚ ਗੜਬੜ ਹੁੰਦੀ। ਇਸ ਤੋਂ ਛੁੱਟ ਔਰੰਗਜ਼ੇਬ ਨੂੰ ਤਅਸਬ ਬਹੁਤ ਸੀ। ਉਸ ਨੇ ਹਿੰਦੂਆਂ ਅਤੇ ਹੋਰ ਗ਼ੈਰ ਮੁਸਲਮਾਨਾਂ ਉੱਤੇ ਬਹੁਤ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ, ਜਿਸ ਕਰ ਕੇ ਗ਼ੈਰ ਮੁਸਲਮਾਨ ਭੀ ਉਸ ਦੇ ਦੁਸ਼ਮਣ ਬਣ ਗਏ। ਅਸਲ ਵਿਚ ਇਹ ਤਅਸਬ ਤੇ ਸ਼ੱਕ ਦੀ ਬੀਮਾਰੀ ਔਰੰਗਜ਼ੇਬ ਦੇ ਅੰਦਰੋਂ ਉਠ ਕੇ ਸਾਰੇ ਮੁਗ਼ਲ ਅਫ਼ਸਰਾਂ ਵਿਚ ਖਿਲਰ ਗਈ ਸੀ। ਔਰੰਗਜ਼ੇਬ ਦੇ ਮਗਰੋਂ ਹੋਣ ਵਾਲੇ ਬਾਦਸ਼ਾਹ ਨਾ ਇਤਨੇ ਸ਼ੱਕੀ ਤੇ ਨਾ ਇਤਨੇ ਮਤਅਸਬ ਸਨ ਪਰ ਇਹ ਬੀਮਾਰੀ ਸਾਰੀ ਹਕੂਮਤ ਦੀਆਂ ਰਗਾਂ ਵਿਚ ਇਤਨੀ ਖਿਲਰ ਗਈ ਸੀ ਕਿ ਉਹ ਇਸ ਤੋਂ ਬਚ ਨਹੀਂ ਸਕਦੇ ਸਨ। ਪੰਜਾਬ ਵਿਚ ਸਿੱਖਾਂ ਉੱਤੇ ਬਾਹਲੇ ਜ਼ੁਲਮ ਔਰੰਗਜ਼ੇਬ ਦੇ ਮਗਰੋਂ ਹੀ ਹੋਏ ਸਨ।

ਇਸ ਤੋਂ ਉਪਰੰਤ ਸਿੱਖਾਂ ਦੇ ਰਾਜ ਨੂੰ ਅਸਲ ਬੀਮਾਰੀ ਹੈਂਕੜ ਤੇ ਫੁਟ ਦੀ ਲੱਗੀ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਬਹੁਤ ਸਿਆਣਾ ਤੇ ਨਿਰਮਾਣ ਮਹਾਰਾਜਾ ਸੀ। ਉਸ ਦੇ ਨੇੜੇ ਆਕੜ ਦਾ ਨਾਮ ਨਿਸ਼ਾਨ ਭੀ ਨਹੀਂ ਸੀ ਪਰ ਉਸ ਦੇ ਮਗਰੋਂ ਆਪੋ ਵਿਚ ਫੁਟ ਪੈ ਗਈ। ਮਹਾਰਾਜਾ ਸ਼ੇਰ ਸਿੰਘ ਤੇ ਸੰਧਾਵਾਲੀਆ ਦਾ ਝਗੜਾ ਹੈਂਕੜ ਦਾ ਹੀ ਸੀ। ਇਸ ਫੁਟ ਦੇ ਕਾਰਨ ਹੀ ਸਿੱਖ ਰਾਜ ਗਿਆ।

ਇਸ ਕਰ ਕੇ ਅਸੀਂ ਕਹਿੰਦੇ ਹਾਂ ਕਿ ਮੁਗ਼ਲ ਤੇ ਸਿੱਖ ਰਾਜ ਨੂੰ ਲੈਣ ਵਾਲੀਆਂ

ਅੰਦਰਲੀਆਂ ਬੀਮਾਰੀਆਂ ਸਨ। ਬਾਹਰੋਂ ਦੁਸ਼ਮਣਾਂ ਨੂੰ ਹੱਥ ਪਾਣ ਦਾ ਮੌਕਾ ਤਦ ਹੀ ਮਿਲ ਸਕਦਾ ਹੈ ਜੇ ਰਾਜ ਵਿਚ ਕੋਈ ਅੰਦਰਲੀ ਕਮਜ਼ੋਰੀ ਹੋ ਜਾਵੇ।

ਇਸ ਵੇਲੇ ਭਾਵੇਂ ਅੰਗਰੇਜ਼ੀ ਰਾਜ ਦੀ ਵਿਰੋਧਤਾ ਰੂਸ ਕਰੇ ਤੇ ਭਾਵੇਂ ਹਿੰਦੁਸਤਾਨੀ ਸਵਰਾਜ-ਸਵਰਾਜ ਕੂਕਣ, ਪਰ ਅੰਗਰੇਜ਼ੀ ਰਾਜ ਕਦੀ ਨਹੀਂ ਉੱਖੜ ਸਕਦਾ, ਜਦ ਤਕ ਇਸ ਨੂੰ ਕੋਈ ਅੰਦਰੂਨੀ ਬੀਮਾਰੀ ਨਾ ਹੋ ਜਾਵੇ। ਇਕ ਸਿਆਣੇ ਨੇ ਕਿਹਾ ਹੈ ਕਿ "ਚੰਗਾ ਰਾਜ ਆਪਣੇ ਰਾਜ ਦੀ ਥਾਂ ਨਹੀਂ ਲੈ ਸਕਦਾ" Good Government is no Substitute for Self Government ਇਹ ਗੱਲ ਠੀਕ ਹੈ, ਪਰ ਨਾਲ ਹੀ ਅਸੀਂ ਕਹਿੰਦੇ ਹਾਂ ਕਿ ਇਹ ਭੀ ਠੀਕ ਹੈ ਕਿ "ਆਪਣਾ ਰਾਜ ਚੰਗੇ ਰਾਜ ਦੀ ਥਾਂ ਨਹੀਂ ਲੈ ਸਕਦਾ" Self-Government is no substitute for good government ਆਮ ਲੋਕਾਂ ਨੂੰ ਤਾਂ ਅਮਨ ਤੇ ਅਜ਼ਾਦੀ ਚਾਹੀਦੀ ਹੈ। ਇਹ ਠੀਕ ਹੈ ਕਿ ਬਦੇਸ਼ੀ ਰਾਜ ਚੰਗਾ ਹੋਵੇ, ਰਾਜ ਨਾਲੋਂ ਆਪਣਾ ਰਾਜ ਚੰਗਾ ਹੈ ਪਰ ਜੇਕਰ ਬਦੇਸ਼ੀ ਰਾਜ ਚੰਗਾ ਹੋਵੇ ਤੇ ਆਪਣਾ ਮਾੜਾ ਹੋਵੇ ਤਾਂ ਆਮ ਲੋਕੀਂ ਕੇਵਲ ਅਪਣਤ ਦੇ ਕਾਰਣ ਬਾਹਲੀ ਖ਼ਰਾਬੀ ਨਹੀਂ ਸਹਾਰ ਸਕਦੇ। ਕੀ ਇਹ ਠੀਕ ਨਹੀਂ ਹੈ ਕਿ ਹਿੰਦੂਆਂ ਦਾ ਰਾਜ ਗਵਾਣ ਵਾਲੇ ਹਿੰਦੂ ਸਨ, ਮੁਸਲਮਾਨਾਂ ਦਾ ਰਾਜ ਗਵਾਣ ਵਾਲੇ ਮੁਸਲਮਾਨ ਸਨ ਤੇ ਸਿੱਖਾਂ ਦਾ ਰਾਜ ਨਾਸ ਕਰਨ ਵਾਲੇ ਸਿੱਖ ਸਨ ? ਜਦ ਕਿਸੇ ਬਾਦਸ਼ਾਹੀ ਦੇ ਅੰਦਰ ਬੀਮਾਰੀ ਹੋ ਜਾਵੇ ਤਾਂ ਅੰਦਰੋਂ ਹੀ ਮਿੱਤਰ ਵੈਰੀ ਬਣ ਜਾਂਦੇ ਹਨ।

ਇਸ ਵੇਲੇ ਅੰਗਰੇਜ਼ੀ ਰਾਜ ਨੂੰ ਇਕ ਅੰਦਰਲੀ ਬੀਮਾਰੀ ਲੱਗੀ ਹੋਈ ਹੈ। ਅੰਗਰੇਜ਼ੀ ਰਾਜ ਨੂੰ ਨਾ ਤਾਂ ਕਾਂਗਰਸ ਦਾ ਇਤਨਾ ਡਰ ਹੈ, ਨਾ ਕਿਰਤੀਆਂ ਦਾ, ਨਾ ਸਿੱਖਾਂ ਦਾ ਤੇ ਨਾ ਕਿਸੇ ਹੋਰ ਦਾ, ਜਿਤਨਾ ਕਿ ਇਸ ਨੂੰ ਅੰਦਰਲੀ ਬੀਮਾਰੀ ਦਾ ਡਰ ਹੈ।

ਇਹ ਬੀਮਾਰੀ "ਵੱਢੀ" ਹੈ। ਇਸ ਰਾਜ ਵਿਚ ਵੱਢੀ ਬਹੁਤ ਚਲ ਰਹੀ ਹੈ ਤੇ ਦਿਨੋਂ-ਦਿਨ ਵਧ ਰਹੀ ਹੈ, ਜਿਸ ਦਾ ਨਤੀਜਾ ਬਦਅਮਨੀ ਹੋਵੇਗਾ। ਕੋਈ ਜ਼ਮਾਨਾ ਸੀ ਕਿ ਲੋਕੀਂ ਅੰਗਰੇਜ਼ ਅਫ਼ਸਰਾਂ ਦੇ ਇਨਸਾਫ਼ ਤੇ ਜ਼ਬਾਨ ਉੱਤੇ ਭਰੋਸਾ ਕਰਦੇ ਸਨ, ਪਰ ਹੁਣ ਅੰਗਰੇਜ਼ ਆਪ ਗਿਰ ਰਹੇ ਹਨ। ਵਡੇ-ਵਡੇ ਅੰਗਰੇਜ਼ ਅਫ਼ਸਰਾਂ ਵਿਚ ਭੀ ਵਢੀ ਖਾਣ ਵਾਲੇ ਹਨ। ਇਸ ਵੇਲੇ ਪੰਜਾਬ ਉੱਤੇ ਨਜ਼ਰ ਮਾਰੋ ਤਾਂ ਪਤਾ ਲੱਗੇਗਾ ਕਿ ਪੁਲਿਸ ਦੀ ਹਾਲਤ ਇਹ ਹੋ ਗਈ ਹੈ ਕਿ ਕਈ ਅੰਗ੍ਰੇਜ਼ ਸੁਪਰਟੈਂਡੈਂਟ ਪੁਲਿਸ ਵੀ ਵੱਢੀ ਖਾਂਦੇ ਹਨ, ਦੱਸੋ ਜਦ ਜ਼ਿਲ੍ਹੇ ਦਾ ਵੱਡਾ ਅਫ਼ਸਰ ਹੀ ਵੱਢੀ ਖਾਣ ਲੱਗ ਪਵੇ ਤਾਂ ਅਮਨ ਕਿਸ ਤਰ੍ਹਾਂ ਕਾਇਮ ਰਹਿ ਸਕਦਾ ਹੈ। ਇਕ ਕਾਰਨ ਕੌਮੀ ਲਹਿਰ ਦੀ ਵਿਰੋਧਤਾ ਲਈ ਬਹੁਤ ਮਾੜੇ ਤੇ ਬਦਚਲਣ ਲੋਕਾਂ ਦੀ ਮਦਦ ਲੈਂਦੀ ਹੈ ਤੇ ਫਿਰ ਉਹਨਾਂ ਨੂੰ ਇਨਾਮ ਵਜੋਂ ਨੰਬਰਦਾਰੀਆਂ, ਜ਼ੈਲਦਾਰੀਆਂ ਆਨਰੇਰੀ ਮੈਜਿਸਟਰੇਟੀਆਂ ਤੇ ਹੋਰ ਔਹੁਦੇ ਦੇਂਦੀ ਹੈ ਫਿਰ ਇਹ ਗੱਲ ਕੋਈ ਲੁਕੀ ਛੁਪੀ ਨਹੀਂ ਹੈ ਕਿ ਸਰਕਾਰੀ ਮੈਜਿਸਟਰੇਟਾਂ ਤੇ ਅਫ਼ਸਰਾਂ ਵਿੱਚੋਂ ਭੀ ਆਮ ਕਰਕੇ ਉਹ ਲੋਕੀਂ ਕੌਮੀ ਲਹਿਰ ਨੂੰ ਦਬਾਣ ਵਿਚ ਵਧੇਰੇ ਹਿੱਸਾ ਲੈਂਦੇ ਹਨ ਜੋ ਵੱਢੀ-ਖੋਰ ਤੇ ਬਦਚਲਣ

ਹਨ। ਇਸ ਦਾ ਜ਼ਰੂਰ ਨਤੀਜਾ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਸਰਕਾਰ ਵਿਚ ਰਸੂਖ ਵਧ ਜਾਂਦਾ ਹੈ ਤੇ ਇਸ ਤਰ੍ਹਾਂ ਨਾਲ ਵੱਢੀ ਵੱਡੇ-ਵੱਡੇ ਔਹੁਦਿਆਂ ਵਿਚ ਭੀ ਖਿਲਰ ਜਾਂਦੀ ਹੈ।

ਸਾਨੂੰ ਪਟਿਆਲਾ ਐਜੀਟੇਸ਼ਨ ਦੇ ਸਬੰਧ ਵਿਚ ਕਈ ਗੱਲਾਂ ਹੈਰਾਨ ਕਰਨ ਵਾਲੀਆਂ ਪਤਾ ਲੱਗੀਆਂ ਹਨ ਤੇ ਇਉਂ ਮਾਲੂਮ ਹੁੰਦਾ ਹੈ ਕਿ ਇਹ ਬੀਮਾਰੀ ਅੰਗਰੇਜ਼ੀ ਰਾਜ ਦੇ ਸਿਰ ਨੂੰ ਪੁੱਜਣ ਵਾਲੀ ਹੈ। ਸਾਨੂੰ ਤਾਂ ਏਓ ਭਾਸਦਾ ਹੈ ਕਿ ਇਹ ਫੋੜਾ ਅੰਗਰੇਜ਼ੀ ਰਾਜ ਦੇ ਪੇਟ ਉੱਤੇ ਹੋ ਗਿਆ ਹੈ ਤੇ ਇਹ ਹੁਣ ਕਟਿਆ ਭੀ ਨਹੀਂ ਜਾ ਸਕਦਾ ਪਰ ਸ਼ਾਇਦ ਅਜੇ ਕੁਝ ਸਮਾਂ ਹੋਵੇ। ਸਾਡੀ ਸਲਾਹ ਸਰਕਾਰ ਨੂੰ ਇਹ ਹੈ ਕਿ ਪਹਿਲਾਂ ਅੰਗਰੇਜ਼ੀ ਅਫ਼ਸਰਾਂ ਵਿੱਚੋਂ ਵੱਢੀ ਕੱਢੇ। ਜਿਸ ਅੰਗਰੇਜ਼ ਉੱਤੇ ਵੱਢੀ ਦਾ ਜ਼ਰਾ ਸ਼ੱਕ ਭੀ ਪਵੇ, ਉਸ ਨੂੰ ਵਲੈਤ ਟੋਰ ਦੇਵੋ। ਜੇ ਅੰਗਰੇਜ਼ਾਂ ਵਿੱਚੋਂ ਵੱਢੀ ਨਿਕਲ ਜਾਵੇ ਤਾਂ ਫਿਰ ਅੰਗਰੇਜ਼ੀ ਸਰਕਾਰ ਦੀ ਜਾਨ ਨੂੰ ਕੋਈ ਡਰ ਨਹੀਂ ਹੈ।

ਅਸੀਂ ਖੋਲ੍ਹ ਕੇ ਫਿਰ ਕਦੀ ਲਿਖਾਂਗੇ ਕਿ ਕਿਸ ਤਰ੍ਹਾਂ ਰਾਜਿਆਂ, ਮਹਾਰਾਜਿਆਂ ਤੋਂ ਅੰਗਰੇਜ਼ ਅਫ਼ਸਰ ਵੱਢੀਆਂ ਲੈ ਕੇ ਉਨ੍ਹਾਂ ਨੂੰ ਜ਼ੁਲਮ ਦੀ ਖੁਲ੍ਹ ਦੇਂਦੇ ਹਨ। ਸਾਨੂੰ ਆਸ ਹੈ ਕਿ ਸਾਡੀ ਉਪਰ ਦਸੀ ਨਸੀਅਤ ਵੱਲ ਪੂਰਾ ਧਿਆਨ ਦਿੱਤਾ ਜਾਵੇਗਾ।

☆ ☆ ☆

ਅਕਾਲੀ ਦਾ ਕੋਈ ਦੋਸਤ ਦੁਸ਼ਮਣ ਨਹੀਂ

ਅਕਾਲੀ ਉੱਤੇ ਨੁਕਤਾ-ਚੀਨੀ ਕਰਦਾ ਹੋਇਆ ਇਕ ਪਟਿਆਲੇ ਦਾ ਚਾਟੜਾ ਲਿਖਦਾ ਹੈ ਕਿ ਅਕਾਲੀ ਅਖ਼ਬਾਰ ਦੋਸਤ ਦੁਸ਼ਮਣ ਵਿਚ ਫ਼ਰਕ ਨਹੀਂ ਕਰਦਾ। ਜੇ ਇਹ ਗੱਲ ਅਕਾਲੀ ਦਲ ਵਿਚ ਆ ਜਾਵੇ ਤਾਂ ਸਮਝੋ ਅਕਾਲੀ ਆਪਣੇ ਨਿਸ਼ਾਨੇ ਉੱਤੇ ਅੱਪੜ ਗਿਆ। ਬੇਸ਼ੱਕ ਯਤਨ ਕੀਤਾ ਜਾਂਦਾ ਹੈ ਕਿ ਅਕਾਲੀ ਦੇ ਲੇਖਾਂ ਵਿਚ ਦੋਸਤ ਦੁਸ਼ਮਣ ਦਾ ਕੋਈ ਫ਼ਰਕ ਨਾ ਕੀਤਾ ਜਾਵੇ ਪਰ ਅਕਾਲੀ ਭੀ ਆਖ਼ਰ ਆਦਮੀਆਂ ਦੇ ਹੱਥ ਹੀ ਹੈ, ਜਿਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਕਮਜ਼ੋਰੀਆਂ ਹਨ ਜਿਸ ਕਰ ਕੇ ਅਕਾਲੀ ਇਹ ਨਹੀਂ ਸਮਝਦਾ ਕਿ ਇਹ ਉਕਤ ਉੱਚੇ ਆਦਰਸ ਨੂੰ ਪੁੱਜ ਚੁੱਕਾ ਹੈ ਪਰ ਅਸੀਂ ਹੈਰਾਨ ਹਾਂ ਕਿ ਸਾਡੇ ਵੈਰੀਆਂ ਦੀ ਸਾਡੀ ਬਾਬਤ ਰਾਇ, ਸਾਡੀ ਆਪਣੀ ਰਾਇ ਨਾਲੋਂ ਬਹੁਤ ਚੰਗੀ ਹੈ।

ਬੇਸ਼ੱਕ ਅਕਾਲੀ ਜਤਨ ਕਰੇਗਾ ਕਿ ਆਪਣੇ ਲੇਖਾਂ ਵਿਚ ਦੋਸਤ ਦੁਸ਼ਮਣ ਦਾ ਫ਼ਰਕ ਨਾ ਕੀਤਾ ਜਾਵੇ। ਅਸਲ ਵਿਚ ਅਕਾਲੀ ਦੀ ਦੋਸਤੀ ਹੀ ਅਸਲ ਦੀ ਹੈ। ਜੇਕਰ ਇਹ ਸਿੱਧ ਹੋ ਗਿਆ ਕਿ ਮਹਾਰਾਜਾ ਭੂਪਿੰਦਰ ਸਿੰਘ ਵਿਚ ਨਾ ਕੋਈ ਸਿੱਖੀ ਭਾਵ ਹੈ ਤੇ ਨਾ ਹੀ ਕੋਈ ਆਦਮੀਅਤ ਹੀ ਹੈ ਤੇ ਦੱਸੋ, ਉਸ ਨਾਲ ਦੋਸਤੀ ਕਿਸ ਦੀ ਹੋ ਸਕਦੀ ਹੈ ? ਸਾਨੂੰ ਤੇ ਦੁਨੀਆਂ ਵਿਚ ਹਰ ਇਕ ਆਦਮੀ ਨੂੰ ਜੋ ਇਸ ਮਹਾਰਾਜੇ ਦਾ ਨਿਕਟਵਰਤੀ ਹੈ, ਪਤਾ ਹੈ ਕਿ ਇਹ ਮਹਾਰਾਜਾ ਭੂਪਿੰਦਰ ਸਿੰਘ ਦਾ ਦੋਸਤ ਕੋਈ ਖ਼ੁਦਗਰਜ ਹੀ ਹੋ ਸਕਦਾ ਹੈ। ਇਸ ਦਾ ਦੋਸਤ ਕੇਵਲ ਉਹੋ ਹੀ ਹੋ ਸਕਦਾ ਹੈ, ਜਿਸ ਨੂੰ ਇਸ ਤੋਂ ਪੈਸਾ ਮਿਲਣ ਜਾਂ ਨੌਕਰੀ ਮਿਲਣ ਦੀ ਆਸ ਹੈ।

ਅਸੀਂ ਹਰ ਇਕ ਆਦਮੀ ਨੂੰ ਉਸ ਦੇ ਪਿਛਲੇ ਕੀਤੇ ਐਬ ਮਾਫ਼ ਕਰਨ ਨੂੰ ਤਿਆਰ ਹਾਂ, ਪਰ ਮਹਾਰਾਜਾ ਭੂਪਿੰਦਰ ਸਿੰਘ ਤੋਂ ਤਾਂ ਸਾਡੀ ਆਸ ਹੀ ਟੁੱਟ ਚੁੱਕੀ ਹੈ। ਲੁਚਪੁਣੇ ਸ਼ਾਜਸ਼ਾਂ ਤੇ ਕਤਲਾਂ ਦਾ ਵਤੀਰਾ ਇਹ ਛੱਡਦਾ ਹੀ ਨਹੀਂ ਹੈ। ਬੇਨਿਆਈਂ ਤੇ ਜ਼ੁਲਮ ਦੀ ਤਾਂ ਰਿਆਸਤ ਵਿਚ ਹਦ ਹੀ ਹੋਈ ਪਈ ਹੈ। ਭਲਾ ਹੋਰ ਗੱਲਾਂ ਨੂੰ ਛੱਡੋ, ਹੁਣ ਹੀ ਵੇਖੋ ਕਿ ਸ: ਸੇਵਾ ਸਿੰਘ ਜੀ ਦੀ ਜਾਇਦਾਦ ਕਿਹੜੇ ਜ਼ੁਰਮ ਵਿਚ ਜ਼ਬਤ ਕੀਤੀ ਗਈ ਹੈ ? ਉਹ ਜੇਹਲ ਵਿਚ ਹਨ ਤੇ ਜੇ ਬਾਹਰ ਉਨ੍ਹਾਂ ਦੀ ਰਿਹਾਈ ਲਈ ਐਜੀਟੇਸ਼ਨ ਹੋ ਰਿਹਾ ਹੈ ਤਾਂ ਇਸ ਵਿਚ ਉਨ੍ਹਾਂ ਦਾ ਕੀ ਕਸੂਰ ਹੈ ? ਇਸ ਤਰ੍ਹਾਂ ਦਾ ਧੱਕਾ ਅਜੇ ਤਕ ਕਿਸੇ ਜ਼ਾਲਮ ਨੇ ਨਹੀਂ ਕੀਤਾ। ਇਸੇ ਕਰਕੇ ਅਸੀਂ ਮੁੜ-ਮੁੜ ਸਰਕਾਰ ਹਿੰਦ ਨੂੰ ਹਲੂਣਦੇ ਹਾਂ ਕਿ ਜਾਗੋ ਤੇ ਵੇਖੋ ਤੁਸਾਡੀ ਜ਼ਿੰਮੇਂਵਾਰੀ ਵਿਚ ਤੁਹਾਡੇ ਨੱਕ ਹੇਠਾਂ ਕੀ ਕੀ ਹਨ੍ਹੇਰ ਵਰਤ ਰਿਹਾ ਹੈ।

ਬੇਸ਼ੱਕ ਕਾਨੂੰਨ ਅਨੁਸਾਰ ਰਿਆਸਤਾਂ ਬਾਬਤ ਅਸੈਂਬਲੀ ਵਿਚ ਸਵਾਲ ਨਹੀਂ ਪੁੱਛੇ ਜਾ ਸਕਦੇ ਤੇ ਨਾ ਹੀ ਕੋਈ ਮਤਾ ਪੇਸ਼ ਹੋ ਸਕਦਾ ਹੈ, ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਸਰਕਾਰ ਹਿੰਦ ਆਪਣੀ ਜ਼ਿੰਮੇਂਵਾਰੀ ਮਹਿਸੂਸ ਨਾ ਕਰੇ। ਇਸ ਦਾ ਤਾਂ ਸਗੋਂ ਇਹ ਮਤਲਬ ਹੈ ਕਿ ਰਿਆਸਤ ਪਟਿਆਲਾ ਵਿਚ ਹੋ ਰਹੇ ਜ਼ੁਲਮਾਂ ਤੇ ਬੇਨਿਆਈਂ ਦੀ ਜ਼ਿੰਮੇਂਵਾਰੀ ਕੇਵਲ ਗਵਰਨਰ ਜਨਰਲ ਤੇ ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਦਾ ਧਿਆਨ ਇਧਰ ਦਵਾਂਦੇ ਹਾਂ ਕਿ ਇਸ ਵੇਲੇ ਪਟਿਆਲੇ ਵਿਚ ਸਖ਼ਤ ਜ਼ੁਲਮ ਵਰਤ ਰਿਹਾ ਹੈ ਤੇ ਮਹਾਰਾਜਾ ਪਟਿਆਲਾ ਦੇ ਜ਼ਿੰਮੇ ਸਖ਼ਤ ਇਲਜ਼ਾਮ ਹਨ ਕਿਉਂਕਿ ਰਿਆਸਤਾਂ ਉੱਤੇ ਸਰਕਾਰ ਹਿੰਦੀ ਦੀ ਐਗਜੈਕਟਿਵ ਕੌਂਸਲ ਨੂੰ ਹੀ ਪੂਰੇ ਅਖ਼ਤਿਆਰ ਹਨ, ਇਸ ਕਰਕੇ ਇਨ੍ਹਾਂ ਜ਼ੁਲਮਾਂ ਦੀ ਜ਼ਿੰਮੇਂਵਾਰੀ ਸਰਕਾਰ ਹਿੰਦ ਦੀ ਐਗਜੈਕਟਿਵ ਕੌਂਸਲ ਉੱਤੇ ਵਧੇਰੇ ਆਉਂਦੀ ਹੈ।

ਅਖ਼ਤਿਆਰ ਤੇ ਜ਼ਿੰਮੇਂਵਾਰੀ ਅਡਰੇ ਨਹੀਂ ਕੀਤੇ ਜਾ ਸਕਦੇ। ਇਹ ਅਸਲ ਵਿਚ ਇਕੋ ਗੱਲ ਦੇ ਦੋ ਪਾਸੇ ਹਨ। ਰਿਆਸਤਾਂ ਉੱਤੇ ਸਾਰੇ ਅਖ਼ਤਿਆਰ ਐਗਜੈਕਟਿਵ ਕੌਂਸਲ ਤੇ ਵਾਇਸਰਾਏ ਨੂੰ ਹਨ ਇਸ ਕਰਕੇ ਪਟਿਆਲੇ ਵਿਚ ਹੋ ਰਹੇ ਜ਼ੁਲਮਾਂ ਦੀ ਸਾਰੀ ਜ਼ਿੰਮੇਂਵਾਰੀ ਭੀ ਐਗਜੈਕਟਿਵ ਕੌਂਸਲ ਤੇ ਵਾਇਸਰਾਏ ਦੇ ਸਿਰ ਹੀ ਹੈ ਪਰੰਤੂ ਉਨ੍ਹਾਂ ਨੂੰ ਆਪਣੀ ਜ਼ਿੰਮੇਂਵਾਰੀ ਪਛਾਨਣੀ ਚਾਹੀਦੀ ਹੈ।

✲ ✲ ✲

ਅੰਮ੍ਰਿਤਧਾਰੀ ਦੀ ਕ੍ਰਿਪਾਨ

ਗੁਰੂ-ਘਰ ਵਿਚ ਧਰਮ ਦਾ ਵਾਸਤਾ ਆਤਮਾ ਨਾਲ ਮੰਨਿਆ ਗਿਆ ਹੈ। ਜੋ ਸਰੀਰਕ ਰਹਿਤ-ਬਹਿਤ ਜਾਂ ਹੋਰ ਸਰੀਰਕ ਨੇਕੀ ਦੇ ਕੰਮ ਸਮਝੇ ਜਾਂਦੇ ਹਨ ਉਹ ਕੇਵਲ ਇਸੇ ਕਰ ਕੇ ਸਮਝੇ ਜਾਂਦੇ ਹਨ ਕਿ ਇਨ੍ਹਾਂ ਦਾ ਅਸਰ ਆਤਮਾ ਉੱਤੇ ਹੋਂਦਾ ਹੈ, ਅਥਵਾ ਆਤਮਕ ਗੁਣਾਂ ਦਾ ਇਹ ਚਮਤਕਾਰਾ ਹੋਂਦੇ ਹਨ। ਜੋ ਕੰਮ ਆਤਮਾ ਉੱਤੇ ਅੱਛਾ ਅਸਰ ਨਹੀਂ ਪਾਂਦਾ, ਅਥਵਾ ਆਤਮਾ ਦੇ ਅੱਛੇ ਗੁਣ ਦਾ ਨਤੀਜਾ ਨਹੀਂ ਹੈ, ਉਹ ਨਾ ਕੇਵਲ ਨਿਸਫਲ ਹੀ ਹੈ, ਸਗੋਂ ਹਾਨੀਕਾਰਕ ਹੈ। ਇਹੋ ਕੰਮ ਦੋ ਆਦਮੀ ਕਰਦੇ ਹਨ। ਇਕ ਨੂੰ ਉਹ ਉੱਚਾ ਕਰਦਾ ਹੈ ਤੇ ਦੂਜੇ ਨੂੰ ਨੀਵਾਂ। ਅਸਲ ਭੇਦ ਆਤਮਕ ਭਾਵ, ਅਥਵਾ ਨੀਅਤ ਵਿਚ ਹੈ। ਦੋ ਆਦਮੀ ਬਾਣੀ ਪੜ੍ਹਦੇ ਹਨ। ਇਕ ਦੇ ਮਨ ਵਿਚ ਪ੍ਰੇਮ ਤੇ ਸ਼ਰਧਾ ਹੈ। ਬਾਣੀ ਦੇ ਹਰ ਪਦ ਤੇ ਹਰ ਤੁਕ ਨਾਲ ਉਸ ਦਾ ਮਨ ਉਛਲਦਾ ਹੈ ਤੇ ਪ੍ਰੇਮ ਦੇ ਹੁਲਾਰੇ ਲੈ ਕੇ ਪਵਿੱਤਰ ਹੋਂਦਾ ਹੈ। ਇਹ ਪਵਿੱਤਰਤਾ ਇਥੇ ਤਕ ਵਧਦੀ ਹੈ ਕਿ "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ" ਪਰ ਦੂਜਾ ਆਦਮੀ ਬਾਣੀ ਇਸ ਨੀਅਤ ਨਾਲ ਪੜ੍ਹਦਾ ਹੈ ਕਿ ਲੋਕਾਂ ਵਿਚ ਚੰਗਾ ਜਾਪੇ; ਇਸ ਤਰ੍ਹਾਂ ਪਖੰਡ ਕਰਨ ਵਾਲੇ ਦੀ ਨੀਅਤ ਵਧੇਰੇ ਦਿਨੋਂ ਦਿਨ ਵਧੇਰੇ ਪਾਖੰਡੀ ਹੁੰਦੀ ਜਾਂਦੀ ਹੈ ਤੇ ਬਾਣੀ ਪੜ੍ਹਨਾ ਉਸ ਨੂੰ ਨੀਵਾਂ ਕਰਦਾ ਜਾਂਦਾ ਹੈ। ਕੰਮ ਇਕੋ ਹੈ। ਇਕ ਨੂੰ ਤਾਂ ਇਹ ਉਚਾਰਨ ਜੀਵਨ ਦੇ ਨਿਸ਼ਾਨੇ ਉੱਤੇ ਪਹੁੰਚਾਅ ਦੇਂਦਾ ਹੈ ਤੇ ਦੂਜੇ ਨੂੰ ਸਗੋਂ ਗਿਰਾ ਦੇਂਦਾ ਹੈ। ਇਹ ਫ਼ਰਕ ਕੇਵਲ ਇਤਨਾ ਹੈ। ਇਸੇ ਤਰ੍ਹਾਂ ਸੇਵਾ ਦੀ ਮਿਸਾਲ ਲੈ ਲਵੋ। ਇਕ ਸੱਜਣ ਗੁਰਦੁਆਰੇ ਜਾ ਕੇ ਅਥਵਾ ਬਜ਼ਾਰ ਵਿਚ ਜਾਂ ਲੋਕਾਂ ਦੇ ਘਰ ਜਾ ਕੇ ਉਹਨਾਂ ਨੂੰ ਠੰਡਾ ਜਲ ਛਕਾਂਦਾ ਹੈ, ਪੱਖਾ ਫੇਰਦਾ ਹੈ, ਜੋੜੇ ਝਾੜਦਾ ਹੈ ਤੇ ਮੁੱਠੀ-ਚਾਪੀ ਕਰਦਾ ਹੈ। ਇਸ ਦੀ ਨੀਅਤ ਪ੍ਰੇਮ ਨਾਲ ਭਰੀ ਹੋਈ ਹੈ ਤੇ ਇਸੇ ਪ੍ਰੇਮ ਦੇ ਆਸਰੇ ਉਹ ਇਹ ਉਪਕਾਰ ਕਰਦਾ ਹੈ, ਜਿਸ ਕਰਕੇ ਉਸ ਦਾ ਪ੍ਰੇਮ ਹੋਰ ਵਧਦਾ ਹੈ ਤੇ ਉਹ ਪ੍ਰੇਮ ਦੇ ਰਾਹ ਟੁਰ ਕੇ ਆਪਣੇ ਮੰਤਵ ਉੱਤੇ ਅੱਪੜ ਜਾਂਦਾ ਹੈ। ਇਕ ਹੋਰ ਆਦਮੀ ਨੂੰ ਅਸੀਂ ਦਸ ਰੁਪਏ ਮਹੀਨਾ ਦੇ ਕੇ ਨੌਕਰ ਰੱਖਦੇ ਹਾਂ ਤੇ ਉਸ ਤੋਂ ਇਹ ਸਾਰੇ ਕੰਮ ਲੈਂਦੇ ਹਾਂ। ਉਹ ਸਗੋਂ ਨਾਲ ਚੋਰੀ ਭੀ ਕਰਨਾ ਸਿਖਦਾ ਹੈ, ਕਿਉਂਕਿ ਉਸ ਦੀ ਨੀਅਤ ਵਿਚ ਮਨ ਨੂੰ ਪਵਿੱਤਰ ਕਰਨ ਵਾਲਾ ਪ੍ਰੇਮ ਨਹੀਂ ਹੈ। ਇਸ ਵਾਸਤੇ ਕੰਮ ਦੀ ਚੰਗਿਆਈ-ਬੁਰਿਆਈ ਕੰਮ ਉੱਤੇ ਨਿਰਭਰ ਨਹੀਂ ਹੈ ਸਗੋਂ ਕੰਮ ਕਰਨ ਵਾਲੇ ਦੀ ਨੀਅਤ ਉੱਤੇ ਨਿਰਭਰ ਹੈ।

ਅਸੀਂ ਲੋਕ ਬੜੀ ਭਾਰੀ ਗਲਤੀ ਖਾਂਦੇ ਹਾਂ ਜਦ ਕੰਮ-ਫਹਿਰਿਸ਼ਤਾਂ ਬਣਾ ਲੈਂਦੇ

ਹਾਂ ਕਿ ਫਲਾਣਾ ਕੰਮ ਚੰਗਾ ਹੈ ਤੇ ਫਲਾਣਾ ਮਾੜਾ। ਅਸਲ ਗੱਲ ਇਹ ਹੈ ਜੋ ਭੀ ਕੰਮ ਪ੍ਰੇਮ ਵਿਚ ਕੀਤਾ ਜਾਵੇ ਸੋ ਚੰਗਾ ਹੈ। ਬਾਕੀ ਚੋਰੀ, ਯਾਰੀ ਆਦਿਕ ਕੰਮਾਂ ਨੂੰ ਅਸੀਂ ਐਬ ਇਸ ਕਰ ਕੇ ਕਹਿੰਦੇ ਹਾਂ ਕਿ ਉਹ ਨਿਰਿਛਤ ਪ੍ਰੇਮ ਦੇ ਆਸਰੇ ਹੋ ਨਹੀਂ ਸਕਦੇ। ਨਹੀਂ ਤਾਂ ਸਭ ਸੱਜਣਾਂ ਨੂੰ ਭਾਈ ਸੰਮਨ-ਮੂਸਨ ਦੀ ਕਹਾਣੀ ਚੇਤੇ ਹੀ ਹੈ ਤੇ ਫਿਰ ਭਾਈ ਬਿਧੀ ਚੰਦ ਦੇ ਘੋੜੇ ਕੱਢਣ ਦਾ ਪ੍ਰਸੰਗ ਭੀ ਚੇਤੇ ਹੈ। ਇਹਨਾਂ ਸਮਿਆਂ ਉੱਤੇ ਚੋਰੀ ਇਕ ਗੁਣ ਸੀ, ਨਾ ਕਿ ਔਗੁਣ, ਕਿਉਂਕਿ ਇਹ ਚੋਰੀ ਕਿਸੇ ਖ਼ੁਦਗਰਜ਼ੀ ਦੇ ਆਸਰੇ ਨਹੀਂ ਸੀ, ਸਗੋਂ ਪ੍ਰੇਮ ਤੇ ਸ਼ੁੱਧ ਪ੍ਰੇਮ ਦੇ ਆਸਰੇ ਸੀ।

ਪੁਰਾਣੇ ਜ਼ਮਾਨੇ ਵਿਚ ਲੋਕੀਂ ਪਲੇਗ ਤੇ ਹੋਰ ਬੀਮਾਰੀਆਂ ਨੂੰ ਹਟਾਣ ਲਈ ਆਪਣੇ ਪੁੱਤਾਂ ਦੀਆਂ ਕੁਰਬਾਨੀਆਂ ਦਿੱਤਾ ਕਰਦੇ ਸਨ। ਇਹ ਗੱਲ ਗਲਤ ਸੀ ਤੇ ਇਹ ਤਰੀਕਾ ਬਹੁਤ ਹੀ ਭਿਆਨਕ ਸੀ, ਪਰ ਕੁਰਬਾਨੀ ਦੇ ਨਾਲ ਭੀ ਉਸ ਦਾ ਮਨ ਪਵਿੱਤਰ ਹੀ ਹੁੰਦਾ ਸੀ। ਪਰਮਾਤਮਾ ਆਪ ਸਭ ਨਾਲ ਪ੍ਰੇਮ ਕਰਦਾ ਹੈ, ਉਸ ਦਾ ਪ੍ਰੇਮ ਮੁਕੰਮਲ ਹੈ ਤੇ ਉਸ ਦਾ ਗਿਆਨ ਭੀ ਮੁਕੰਮਲ ਹੈ। ਇਸ ਕਰਕੇ ਉਹ ਜੋ ਭੀ ਕਰਦਾ ਹੈ, ਹਰ ਇਕ ਜੀਵ ਦੇ ਭਲੇ ਲਈ ਹੀ ਕਰਦਾ ਹੈ।

ਪਰਮਾਤਮਾ ਦਾ ਜੀਵਾਂ ਨੂੰ ਮਾਰਨਾ ਭੀ ਉਸੇ ਪ੍ਰੇਮ ਦਾ ਹੀ ਹਿੱਸਾ ਹੈ। ਜਿਸ ਵੇਲੇ ਪਰਮਾਤਮਾ ਸਮਝਦਾ ਹੈ ਕਿ ਫਲਾਣੇ ਆਦਮੀ ਦਾ ਮਰਨਾ ਹੀ ਉਸ ਦਾ ਆਪਣੇ ਲਈ ਤੇ ਹੋਰ ਦੁਨੀਆਂ ਲਈ ਚੰਗਾ ਹੈ ਤਾਂ ਉਹ ਆਪਣੇ ਰਹਿਮ ਤੇ ਪ੍ਰੇਮ ਵਿਚ ਉਸ ਜੀਵ ਨੂੰ ਮਾਰਦਾ ਹੈ। ਪਰਮਤਾਮਾ ਨੂੰ ਸਰਬ-ਸ਼ਕਤੀਮਾਨ ਮੰਨਣ ਵਾਲੇ ਆਸਤਿਕ ਲੋਕੀਂ ਤਾਂ ਇਸ ਗੱਲ 'ਤੇ ਇਨਕਾਰ ਨਹੀਂ ਕਰ ਸਕਦੇ ਪਰ ਚੂੰਕਿ ਸਾਡੀ ਸਮਝ ਕਮਜ਼ੋਰ ਹੈ ਤੇ ਅਸੀਂ ਆਸਤਿਕ ਬਣੇ ਹੋਏ ਭੀ ਕੁਝ ਨਾ ਕੁਝ ਨਾਸਤਿਕ ਵੀ ਰਹਿੰਦੇ ਹਾਂ, ਇਸ ਕਰ ਕੇ ਅਸੀਂ ਕਈ ਵੇਰਾਂ ਭੁਲੇਖੇ ਵਿਚ ਸ਼ਕਲ ਕਰ ਕੇ ਹੀ ਭੁਲੇਖਾ ਖਾ ਜਾਂਦੇ ਹਾਂ। ਇਹੋ ਜਿਹਾ ਇਕ ਭੁਲੇਖਾ ਗਾਂਧੀ ਨੇ ਵੀ ਖਾਧਾ ਸੀ। ਉਹ ਕਹਿੰਦਾ ਸੀ ਕਿ ਕਿਸੇ ਹਾਲਤ ਵਿਚ ਭੀ ਸਰੀਰਕ ਬਲ ਨਾਲ ਕਿਸੇ ਦੂਜੇ ਦਾ ਮੁਕਾਬਲਾ ਕਰਨਾ ਪਾਪ ਹੈ। ਇਸੇ ਤਰ੍ਹਾਂ ਕਿ ਇਕ ਸੱਜਣ ਨੇ ਉਸ ਨੂੰ ਸਵਾਲ ਕੀਤਾ ਕਿ ਜੇਕਰ ਇਕ ਅੰਞਾਣ ਮੁੰਡੇ ਨੂੰ ਇਕ ਸ਼ੈਤਾਨ ਕਤਲ ਕਰਨ ਲੱਗੇ ਤੇ ਸਮਝਾਇਆਂ ਨਾ ਸਮਝੇ ਤਾਂ ਫਿਰ ਕੀ ਤੁਸੀਂ ਸਰੀਰਕ ਬਲ ਇਸ ਕਤਲ ਨੂੰ ਰੋਕਣ ਲਈ ਵਰਤੋਗੇ ਕਿ ਨਹੀਂ? ਇਸ ਦਾ ਉੱਤਰ ਗਾਂਧੀ ਨੇ ਇਹੋ ਦਿੱਤਾ ਕਿ ਮੈਂ ਨਹੀਂ ਰੋਕਾਂਗਾ, ਕਿਉਂਕਿ ਮੈਨੂੰ ਕੀ ਪਤਾ ਹੈ ਕਿ ਸ਼ਾਇਦ ਉਸ ਸੈਤਾਨ ਦਾ ਜੀਵਨ ਉਸ ਬੱਚੇ ਨਾਲੋਂ ਵਧੇਰੇ ਕੀਮਤੀ ਹੋਵੇ? ਉਸੇ ਗਾਂਧੀ ਨੂੰ ਇਕ ਵੱਛਾ ਇਸ ਕਰ ਕੇ ਮਰਵਾਣਾ ਪਿਆ ਕਿ ਉਹ ਦੁਖ ਵਿਚ ਸੀ ਤੇ ਫਿਰ ਬੰਦਰ ਮਰਵਾਣ ਦੀਆਂ ਤਜਵੀਜ਼ਾਂ ਸੋਚਣੀਆਂ ਪਈਆਂ। ਫਿਰ ਗਾਂਧੀ ਨੂੰ ਮੰਨਣਾ ਪਿਆ ਕਿ ਇਹ ਜ਼ਰੂਰੀ ਨਹੀਂ ਕਿ ਕਿਸੇ ਨੂੰ ਜੀਉਂਦੇ ਰਹਿਣ ਦੇਣਾ ਹੀ ਉਸ ਉੱਤੇ ਉਪਕਾਰ ਕਰਨਾ ਹੈ। ਜੇਕਰ ਸਰੀਰਕ ਦੁੱਖ ਤੋਂ ਬਚਾਣ ਲਈ ਮਾਰ ਦੇਣਾ ਜਾਇਜ਼ ਹੈ ਤਾਂ ਕਈ ਹਾਲਤਾਂ ਵਿਚ ਆਤਮਕ ਦੁੱਖ ਤੋਂ ਪਾਪ ਤੋਂ ਬਚਾਣ ਲਈ ਭੀ ਮਾਰ ਦੇਣਾ ਮਰਣ ਵਾਲੇ ਦੇ ਭਲੇ ਲਈ ਹੀ ਜ਼ਰੂਰੀ ਹੋ ਸਕਦਾ ਹੈ।

ਇਸ ਗੱਲ ਦਾ ਭੇਦ ਗੁਰੂ ਗੋਬਿੰਦ ਸਿੰਘ ਦੇ ਜੀਵਨ ਤੇ ਕਥਨਾਂ ਤੋਂ ਪਤਾ ਲੱਗ ਸਕਦਾ ਹੈ। ਖ਼ਾਸ ਹਾਲਤਾਂ ਵਿਚ ਗੁਰੂ ਸਾਹਿਬ ਤਲਵਾਰ ਚੁੱਕਣਾ ਜਾਇਜ਼ ਸਮਝਦੇ ਹਨ, ਪਰ ਉਨ੍ਹਾਂ ਦਾ ਤਲਵਾਰ ਚੁੱਕਣਾ ਭੀ ਪ੍ਰੇਮ ਦੇ ਆਸਰੇ ਹੀ ਹੁੰਦਾ ਸੀ। ਗੁਰੂ ਸਾਹਿਬ ਨੇ ਕਿਹਾ ਹੈ। "ਚੁਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ॥" ਅਰਥਾਤ ਜਦ ਕੰਮ ਹੋਰ ਸਾਰੇ ਢੰਗਾਂ ਨਾਲ ਹਲ ਹੋਣੋਂ ਰਹਿ ਜਾਵੇ ਤਾਂ ਤਲਵਾਰ ਪਕੜਨਾ ਜਾਇਜ਼ ਹੈ। ਜੇਕਰ ਗੁਰੂ ਸਾਹਿਬ ਨੇ ਜ਼ੁਲਮ ਨੂੰ ਹਟਾਣ ਲਈ ਤਲਵਾਰ ਪਕੜੀ ਤਾਂ ਉਸੇ ਹਾਲਤ ਵਿਚ ਜਦ ਹੋਰ ਸਾਰੇ ਵਸੀਲੇ ਨਾਕਾਮਯਾਬ ਹੋ ਚੁੱਕੇ ਸਨ। ਗੁਰੂ ਤੇਗ ਬਹਾਦਰ ਜੀ ਆਪਣਾ ਸਰੀਰ ਬਲੀਦਾਨ ਕਰ ਚੁੱਕੇ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਜ਼ਾਲਮਾਂ ਨੂੰ ਸਮਝਾਣ ਲਈ ਜ਼ੋਰ ਲਾ ਚੁੱਕੇ ਸਨ। ਫਿਰ ਜਦ ਗੁਰੂ ਜੀ ਨੇ ਤਲਵਾਰ ਪਕੜੀ ਸੀ ਤਾਂ ਭੀ ਉਸ ਤਲਵਾਰ ਵਿੱਚੋਂ ਪ੍ਰੇਮ ਦਾ ਅੰਮ੍ਰਿਤ ਚੋਂਦਾ ਸੀ। ਕੋਈ ਇਕ ਭੀ ਅਜਿਹੀ ਮਿਸਾਲ ਨਹੀਂ ਹੈ, ਜਦ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਕਿਸੇ ਸਿੱਖ ਨੇ ਭੀ ਕਿਸੇ ਵੈਰੀ ਨੂੰ ਲੁੱਟਿਆ ਹੋਵੇ ਜਾਂ ਕਿਸੇ ਦੁਖੀ ਵੈਰੀ ਦੀ ਸਹਾਇਤਾ ਨਾ ਕੀਤੀ ਹੋਵੇ। ਇਥੋਂ ਤਕ ਕਿ ਲੜਾਈ ਹੋ ਰਹੀ ਹੈ ਤੇ ਇਕ ਸਿੱਖ ਵੈਰੀਆਂ ਨੂੰ ਪਾਣੀ ਪਿਲਾ ਰਿਹਾ ਹੈ। ਇਹ ਵੇਖ ਕੇ ਗੁਰੂ ਸਾਹਿਬ ਨੇ ਉਸ ਸਿੱਖ ਨੂੰ ਛਾਤੀ ਨਾਲ ਲਾਇਆ ਤੇ ਕਿਹਾ ਕਿ "ਮੈਨੂੰ ਇਸ ਸਿੱਖ ਨੇ ਸਮਝਿਆ ਹੈ।" ਇਸ ਕਰ ਕੇ ਇਸ ਗੱਲ ਵਿਚ ਜ਼ਰਾ ਭੀ ਸ਼ੱਕ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਜਿਸ ਦੇ ਵਿਰੁੱਧ ਲੜਦੇ ਭੀ ਸਨ, ਉਸ ਦੇ ਵਿਰੁੱਧ ਭੀ ਉਹਨਾਂ ਨੂੰ ਕੋਈ ਗੁੱਸਾ ਜਾਂ ਵੈਰ ਭਾਵਨਾ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁੱਢਲੇ ਅਸੂਲ ਨੂੰ ਚੰਗੀ ਤਰ੍ਹਾਂ ਲੋਕਾਂ ਦੇ ਦਿਲ ਵਿਚ ਬਿਠਾਣ ਲਈ ਜੋ ਅੰਮ੍ਰਿਤ ਤਿਆਰ ਕੀਤਾ ਸੀ, ਉਹ ਭੀ ਖੰਡੇ ਨਾਲ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਵਿੱਚੋਂ ਮੌਤ ਨਹੀਂ ਅੰਮ੍ਰਿਤ ਨਿਕਲਦਾ ਹੈ। ਬੱਸ ਸਿੱਖ ਲਈ ਇਹ ਪੱਕੀ ਹਦਾਇਤ ਹੈ। ਸਿੱਖ ਦੀ ਤਲਵਾਰ ਵਿੱਚੋਂ ਉਹੋ ਅੰਮ੍ਰਿਤ ਸਦਾ ਟਪਕਦਾ ਹੈ, ਜੋ ਤਲਵਾਰ ਬੰਨ੍ਹਣ ਵੇਲੇ ਉਸ ਨੇ ਤਲਵਾਰ ਤੋਂ ਟਪਕਿਆ ਅੰਮ੍ਰਿਤ ਪੀਤਾ ਸੀ। ਸਿੱਖ ਕਿਸੇ ਨੂੰ ਤਲਵਾਰ ਮਾਰਦਾ ਹੈ ਤਾਂ ਗੁੱਸੇ ਵਿਚ ਨਹੀਂ, ਸਗੋਂ ਪ੍ਰੇਮ ਵਿਚ ਦੁਨੀਆਂ ਦੇ ਭਲੇ ਲਈ ਮਾਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਪਹਿਲੇ ਧਾਰਮਿਕ ਆਗੂ ਹੋਏ ਹਨ। ਜਿਹਨਾਂ ਨੇ ਤਲਵਾਰ ਤੇ ਅੰਮ੍ਰਿਤ ਨੂੰ ਇਕੱਠਾ ਕੀਤਾ ਹੈ। ਪਰਮਾਤਮਾ ਦੀ ਕੁਦਰਤ ਵਿਚ ਤਾਂ ਸਾਫ਼ ਨਜ਼ਰ ਆ ਰਿਹਾ ਹੈ ਕਿ ਜੀਵਾਂ ਦਾ ਮਰਣਾ ਭੀ ਉਸ ਦੀ ਅਪਾਰ ਕਿਰਪਾ ਹੈ ਪਰ ਇਸ ਗੱਲ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵੇਰਾਂ ਸਮਝਿਆ ਤੇ ਇਸ ਆਰਜ਼ੀ ਜੀਵਨ ਮਰਨ ਦੇ ਭੇਦ ਨੂੰ ਮਿਟਾ ਕੇ ਸਦੀਵ ਜੀਵਨ ਦਾਨ ਕਰਨ ਲਈ ਅੰਮ੍ਰਿਤ ਤਿਆਰ ਕੀਤਾ। ਗੁਰੂ ਸਾਹਿਬ ਨੇ ਕਿਹਾ ਹੈ "ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ॥" ਪਰਮਾਤਮਾ ਨੇ ਸੰਸਾਰ ਬਣਾਨ ਤੋਂ ਪਹਿਲਾਂ ਇਸ ਦਾ ਮਰਨਾ ਬਣਾਇਆ ਹੈ।

ਇਸ ਕਰ ਕੇ ਅਸੀਂ ਕਹਿੰਦੇ ਹਾਂ ਕਿ ਜੋ ਲੋਕੀਂ ਅਸਲ ਨਿਸ਼ਾਨ "ਪ੍ਰੇਮ" ਨੂੰ ਲਾਂਭੇ

ਰੱਖਦੇ ਹਿੰਸਾ, ਅਹਿੰਸਾ ਜਾਂ ਜੀਵਨ-ਮਰਨ ਜਾਂ ਹੋਰ ਇਹੋ ਜਿਹੇ ਅਸੂਲਾਂ ਨੂੰ ਅਸਲ ਅਸੂਲ ਬਣਾ ਲੈਂਦੇ ਹਨ, ਉਹ ਭੁਲੇਖੇ ਖਾਂਦੇ ਹਨ ਤੇ ਆਖਰ ਜਾਂ ਤਾਂ ਉਹ ਆਪਣੇ ਅਸੂਲ ਤੋਂ ਗਿਰ ਜਾਂਦੇ ਹਨ, ਜਾਂ ਉਹਨਾਂ ਨੂੰ ਆਪਣੇ ਅਸੂਲ ਦੀ ਗ਼ਲਤੀ ਪਤਾ ਲੱਗ ਜਾਂਦੀ ਹੈ।

ਖੰਡੇਧਾਰੀ, ਅੰਮ੍ਰਿਤਧਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਡਿੱਗ ਕੇ ਅੰਮ੍ਰਿਤਧਾਰੀ ਕਿਰਪਾਨਧਾਰੀ ਬਣੋ, ਅਥਵਾ ਅਜੇਹੀ ਕਿਰਪਾਨ ਫੜੋ ਜੋ ਹਰ ਪਾਸੇ ਅੰਮ੍ਰਿਤ ਹੀ ਸਿੰਚਦੀ ਜਾਵੇ। ਬਸ ਇਹੋ ਅਸੂਲ ਗੁਰੂ ਗੋਬਿੰਦ ਸਿੰਘ ਜੀ ਨੇ ਕਾਇਮ ਕੀਤਾ ਹੈ ਤੇ ਇਸੇ ਉੱਤੇ ਚੱਲ ਕੇ ਸਿੱਖੀ ਨਿਸ਼ਾਨੇ ਉੱਤੇ ਅਪੜੀਦਾ ਹੈ।

✲ ✲ ✲

ਹਵਾ ਦਾ ਰੁਖ

ਇਸ ਦੁਨੀਆਂ ਵਿਚ ਕਈ ਵੇਰਾਂ ਨਾਸਕਤਾ ਦਾ ਜ਼ੋਰ ਭੀ ਹੋਇਆ ਹੈ। ਭਾਵੇਂ ਇਸ ਵਿਚ ਕੁਝ ਭੀ ਸ਼ੱਕ ਨਹੀਂ ਕਿ ਆਦਮੀ ਆਪਣੇ ਆਪ ਨੂੰ ਬੇਬੱਸ ਮਹਿਸੂਸ ਕਰ ਕੇ ਦਿਸਣ ਵਾਲੀ ਤਾਕਤ ਉੱਤੇ ਸਦਾ ਹੀ ਨਿਸ਼ਚਾ ਰੱਖਦਾ ਰਿਹਾ ਹੈ ਤੇ ਸਦਾ ਹੀ ਰੱਖਦਾ ਰਹੇਗਾ। ਜਿਸ ਦਾ ਨਤੀਜਾ ਇਹ ਹੈ ਕਿ ਕੋਈ ਆਦਮੀ ਭੀ ਪੂਰੇ ਤੌਰ 'ਤੇ ਨਾਸਤਿਕ ਨਹੀਂ ਹੋ ਸਕਦਾ ਪਰ ਜ਼ਮਾਨੇ ਦੇ ਗੇੜ ਆਉਂਦੇ ਰਹਿੰਦੇ ਹਨ ਤੇ ਅਸਲੀ ਤੌਰ 'ਤੇ ਨਾਸਤਿਕਤਾ ਦਾ ਗੇੜ ਆਉਂਦਾ ਹੈ। ਇਸ ਆਵਣ ਵਾਲੇ ਜ਼ਮਾਨੇ ਦਾ ਅੰਦਾਜ਼ਾ ਸਦਾ ਨਵੇਂ ਮੁੰਡਿਆਂ ਤੋਂ ਲਾਇਆ ਜਾ ਸਕਦਾ ਹੈ। ਜੋ ਅੱਜ ਮੁੰਡੇ ਹਨ, ਉਹ ਕਲ੍ਹ ਜਵਾਨ ਹੋਣਗੇ। ਆਰੀਆ ਸਮਾਜ ਤੇ ਸਿੰਘ ਸਭਾ ਆਦਿਕ ਧਾਰਮਿਕ ਖ਼ਿਆਲਾਂ ਦਾ ਅਸਰ ਪਹਿਲਾਂ ਮੁੰਡਿਆਂ ਉੱਤੇ ਹੀ ਹੋਇਆ ਸੀ। ਜਦ ਇਹ ਮੁੰਡੇ ਹੀ ਜ਼ਿੰਮੇਂਵਾਰ ਬਣ ਗਏ ਤਾਂ ਇਹ ਖ਼ਿਆਲ ਪਏ ਜਮ ਗਏ ਤੇ ਇਨ੍ਹਾਂ ਦੀ ਵਿਰੋਧਤਾ ਬਹੁਤ ਹਟ ਗਈ। ਇਸੇ ਤਰ੍ਹਾਂ ਹੁਣ ਨਵੇਂ ਮੁੰਡਿਆਂ ਵਿਚ ਦੇਸ਼ ਸੇਵਾ ਲਈ ਕੁਰਬਾਨੀ ਕਰਨ ਦਾ ਚਾਅ ਉੱਠ ਰਿਹਾ ਹੈ, ਪਰ ਇਸ ਦੇਸ਼ ਸੇਵਾ ਦੇ ਉਤਸ਼ਾਹ ਦੇ ਨਾਲ ਹੀ ਨਾਸਤਿਕਤਾ ਵੀ ਉਨ੍ਹਾਂ ਨਾਲ ਹੀ ਵਧ ਰਹੀ ਹੈ। ਰੱਬ ਵੱਲੋਂ ਮੁਨੱਕਰ ਹੋਣਾ ਤੇ ਧਰਮ ਨੂੰ ਟਿਚਕਰਾਂ ਕਰਨਾ ਫ਼ੈਸ਼ਨ ਬਣ ਗਿਆ ਹੈ। ਇਸ ਦਾ ਜ਼ਰੂਰੀ ਨਤੀਜ਼ਾ ਹੈ ਕਿ ਥੋੜ੍ਹੇ ਚਿਰ ਤਕ ਧਰਮ ਵੱਲੋਂ ਲੋਕਾਂ ਦੀ ਰੁਚੀ ਘਟ ਜਾਵੇ, ਪਰ ਇਸ ਤਰ੍ਹਾਂ ਦਾ ਦੇਸ਼ ਸੇਵਾ ਦਾ ਉਤਸ਼ਾਹ ਭੀ ਪੈਰਾਂ ਬਿਨਾਂ ਹੋਇਆ ਕਰਦਾ ਹੈ। ਸੱਚ ਤਾਂ ਇਹ ਹੈ ਕਿ ਧਰਮ ਤੇ ਦੇਸ਼ ਸੇਵਾ ਦੇ ਵੈਰੀ ਪਖੰਡੀ ਧਾਰਮਿਕ ਤੇ ਚੌਧਰੀ ਲੀਡਰ ਹੀ ਹੋਇਆ ਕਰਦੇ ਹਨ। ਧਰਮ ਬਹੁਤ ਉੱਤਮ ਵਸਤੂ ਹੈ, ਪਰ ਜਿਸ ਚੋਰ ਬਦਮਾਸ਼ ਨੂੰ ਲੁੱਕਣ ਜਾਂ ਪਖੰਡ ਕਰਨ ਦੀ ਲੋੜ ਪੈਂਦੀ, ਉਹ ਧਾਰਮਿਕ ਰੂਪ ਹੀ ਧਾਰਦਾ ਹੈ। ਕੋਈ ਸਾਧ ਬਣ ਬਹਿੰਦਾ ਹੈ ਤੇ ਕੋਈ ਅੱਖਾਂ ਮੀਟ ਕੇ ਮਹੰਤ ਅਖਵਾਣ ਲੱਗ ਜਾਂਦਾ ਹੈ। ਪਾਪੀਆਂ ਤੇ ਪਖੰਡੀਆਂ ਲਈ ਸਭ ਤੋਂ ਵੱਡੀ ਓਟ ਧਰਮ ਹੈ। ਧਾਰਮਿਕ ਰੂਪ ਵਿਚ ਲੋਕੀਂ ਭਰੋਸਾ ਕਰਦੇ ਹਨ। ਇਸ ਕਰਕੇ ਠੱਗ ਲੋਕੀਂ ਇਹ ਰੂਪ ਧਾਰਦੇ ਹਨ, ਇਸ ਗੱਲ ਦਾ ਕੋਈ ਇਲਾਜ਼ ਨਹੀਂ ਹੈ, ਠੱਗਾਂ ਨੇ ਤਾਂ ਉਹੋ ਰੂਪ ਧਾਰਨਾ ਹੈ, ਜਿਸ ਵਿਚ ਉਨ੍ਹਾਂ ਦੀ ਠੱਗੀ ਚੱਲ ਸਕੇ। ਧਰਮ ਵਿਚ ਪਖੰਡੀ ਤੇ ਠੱਗ ਵੜ ਕੇ ਧਰਮ ਨੂੰ ਬਦਨਾਮ ਕਰ ਦੇਂਦੇ ਹਨ। ਲੋਕਾਂ ਦਾ ਨਿਸ਼ਚਾ ਘਟ ਜਾਂਦਾ ਹੈ। ਬਸ ਧਰਮ ਵੱਲੋਂ ਭਲੇ ਲੋਕਾਂ ਦੀ ਰੁਚੀ ਤੋੜਨ ਵਾਲੇ ਇਹੋ ਠੱਗ ਹਨ। ਜੇ ਉਹ ਬਾਣੀ ਪੜ੍ਹਦੇ ਹਨ ਜਾਂ ਦਾਨ ਕਰਦੇ ਹਨ ਤਾਂ ਭੀ ਉਹ ਲੋਕਾਂ ਨੂੰ ਧੋਖਾ ਦੇਣ ਦੀ ਨੀਅਤ ਨਾਲ ਕਰਦੇ ਹਨ।

ਜਿਸ ਕਰਕੇ ਇਹ ਮਹਾਂ ਉਤਮ ਕੰਮ ਭੀ ਉਨ੍ਹਾਂ ਦੀ ਨੀਅਤ ਨੂੰ ਵਧੇਰੇ ਪਖੰਡੀ ਬਣਾ ਦੇਂਦੇ ਹਨ। ਹੁਣ ਲੋਕ ਦੇਸ਼ ਸੇਵਾ ਦੇ ਚਾਹਵਾਨਾਂ ਦੀ ਹਾਲੀ ਕਈ ਲੋਕੀਂ ਤਾਂ ਅਸਲ ਵਿਚ ਕੁਰਬਾਨੀ ਕਰ ਕੇ ਮਜ਼ਲੂਮਾਂ ਦੀ ਸੇਵਾ ਕਰਦੇ ਹਨ, ਪਰ ਉਨ੍ਹਾਂ ਦੀ ਇੱਜ਼ਤ ਤੇ ਉਨ੍ਹਾਂ ਨਾਲ ਲੋਕਾਂ ਦਾ ਪਿਆਰ ਵੇਖ ਕੇ ਅਜਿਹੇ ਭੀ ਵਧੇਰੇ ਚੌਧਰੀ ਹਨ, ਜੋ ਉਹ ਜਿਹੀ ਬਨਾਵਟ ਬਣਾ ਲੈਂਦੇ ਹਨ। ਹੁਣ ਉਹੋ ਠੱਗ ਬੜੇ ਪੱਕੇ ਦੇਸ਼ ਸੇਵਕਾਂ ਦਾ ਰੂਪ ਧਾਰ ਲੈਂਦੇ ਹਨ ਤੇ ਜਲੂਸ ਵਿਚ ਮੋਢੇ ਮਾਰ ਕੇ ਅੱਗੇ ਲੀਡਰਾਂ ਦੀ ਮੋਟਰ ਨੂੰ ਜਾ ਚਮੜਦੇ ਹਨ। ਹੁਣ ਇਹ ਠੱਗ ਸਾਧੂ ਜਾਂ ਮਹੰਤ ਦੀ ਥਾਂ ਲੀਡਰੀ ਰੂਪ ਧਾਰਨ ਕਰ ਲੈਂਦੇ ਹਨ ਤੇ ਇਸ ਰੂਪ ਵਿਚ ਕਈਆਂ ਨੂੰ ਧੋਖਾ ਦੇ ਕੇ ਅਸਲ ਦੇਸ਼ ਸੇਵਕਾਂ ਨੂੰ ਭੀ ਬਦਨਾਮ ਕਰਦੇ ਹਨ। ਅਸਲ ਗੱਲ ਤਾਂ ਇਹ ਹੈ ਕਿ ਸੱਚੇ ਧਰਮੀ ਤੇ ਸੱਚੇ ਦੇਸ਼ ਸੇਵਕ ਇਕੋ ਕੁਰਬਾਨੀ ਦੇ ਰਾਹ ਉੱਤੇ ਚੱਲਣ ਵਾਲੇ ਹਨ ਤੇ ਦੋਵੇਂ ਹੀ ਦੂਨੀਆਂ ਦਾ ਦੁੱਖ ਵੰਡਾਂਦੇ ਹਨ। ਫਰਜ਼ ਕੇਵਲ ਇਹ ਹੈ ਕਿ ਧਰਮ ਦਾ ਨਿਸ਼ਾਨਾ ਆਪਣੇ ਆਪ ਦਾ ਸਭ ਕੁਛ ਗਵਾ ਕੇ ਦੂਜਿਆਂ ਨਾਲ ਪ੍ਰੇਮ ਤੇ ਉਨ੍ਹਾਂ ਦੀ ਸੇਵਾ ਕਰਨਾ ਹੈ। ਦੇਸ਼ ਸੇਵਾ ਦਾ ਨਿਸ਼ਾਨਾ ਆਪਣੇ ਦੇਸ਼ ਦੀ ਸੇਵਾ ਲਈ ਕੁਰਬਾਨੀ ਕਰਨਾ ਹੈ। ਇਸ ਕਰ ਕੇ ਇਹ ਨਿਸ਼ਾਨਾ ਕੁਝ ਨੀਵਾਂ ਹੈ ਪਰ ਕਈ ਅਜਿਹੇ ਦੇਸ਼ ਸੇਵਕ ਹਨ ਜੋ ਦੇਸ਼ ਸੇਵਾ ਆਪਣਾ ਨਿਸ਼ਾਨਾ ਨਹੀਂ ਰੱਖਦੇ, ਸਗੋਂ ਮਜ਼ਲੂਮਾਂ ਤੇ ਅਨਾਥਾਂ ਦੀ ਸੇਵਾ ਨੂੰ ਨਿਸ਼ਾਨਾ ਰੱਖਦੇ ਹਨ। ਅਜੇਹੇ ਦੇਸ਼ ਸੇਵਕਾਂ ਦਾ ਨਿਸ਼ਾਨਾਂ ਧਰਮ ਦੇ ਨਿਸ਼ਾਨੇ ਵਰਗਾ ਹੀ ਹੈ ਪਰ ਫਿਰ ਭੀ ਇਨ੍ਹਾਂ ਦੇ ਭੁੱਲ ਜਾਣ ਦਾ ਵਧੇਰੇ ਡਰ ਹੈ, ਕਿਉਂਕਿ ਇਨ੍ਹਾਂ ਦੇ ਪ੍ਰੇਮ ਵਿਚ ਵਾਧਾ ਕਰਨ ਲਈ ਕੋਈ ਸਾਧਨ ਨਹੀਂ ਰੱਖੇ ਗਏ ਹਨ।

ਅੱਜ ਜ਼ਮਾਨਾ ਆ ਰਿਹਾ ਹੈ ਕਿ ਇਸ ਦਾ ਜ਼ੋਰ ਘਟੇਗਾ, ਪਰ ਜੋ ਦੇਸ਼ ਸੇਵਾ ਇਸ ਦੀ ਥਾਂ ਲਵੇਗੀ, ਉਹ ਭੀ ਮੁੜ ਧਰਮ ਨੂੰ ਆਪਣੀ ਥਾਂ ਬਹੁਤ ਛੇਤੀ ਦੇਵੇਗੀ। ਇਸੇ ਤਰ੍ਹਾਂ ਦੀਆਂ ਲਹਿਰਾਂ ਦੁਨੀਆਂ ਵਿਚ ਅੱਗੇ ਭੀ ਚਲਦੀਆਂ ਰਹੀਆਂ ਹਨ ਪਰ ਇਹ ਦੁਨੀਆਂ ਰੂਪੀ ਅੰਦਰ ਅਚਲ ਹੀ ਰਿਹਾ ਹੈ।

ਕਿਹਾ ਜਾਂਦਾ ਹੈ ਕਿ ਸਿੱਖਾਂ ਨੂੰ ਵਧੇਰੇ ਲੋਕੀਂ ਸਿੱਖ ਬਣਨਗੇ। ਇਹ ਠੀਕ ਹੈ ਪਰ ਅਜੇਹੀ ਹਾਲਤ ਵਿਚ ਖ਼ੁਦਗਰਜ਼ ਲੋਕੀਂ ਹੀ ਸਿੱਖੀ ਵਿਚ ਸ਼ਾਮਲ ਹੋਣਗੇ ਤੇ ਸਿੱਖੀ ਦੀ ਨੀਂਹ ਕਮਜ਼ੋਰ ਕਰ ਦੇਣਗੇ। ਅਸੀਂ ਤਾਂ ਉਨ੍ਹਾਂ ਸਿੱਖਾਂ ਲਈ ਤਰਸ਼ਦੇ ਹਾਂ ਕਿ ਜੋ ਭੁੱਖੇ ਨੰਗੇ ਜੰਗਲਾਂ ਵਿਚ ਭੱਜੇ ਫਿਰਨ ਤੇ ਦੁਖੀਆਂ ਮਜ਼ਲੂਮਾਂ ਦੀਆਂ ਦਰਦ ਅਤੇ ਤਕਲੀਫ਼ਾਂ ਵੰਡਾਣ। ਲਾਲਚ ਕਰਕੇ ਤਾਂ ਖ਼ੁਦਗਰਜ਼ ਹੀ ਕਿਸੇ ਧਰਮ ਵਿਚ ਸ਼ਾਮਲ ਹਨ ਤੇ ਖ਼ੁਦਗਰਜ਼ ਉਸ ਕੌਮ ਨੂੰ ਕਮਜ਼ੋਰ ਕਰ ਦੇਂਦੇ ਹਨ। ਬੇਸ਼ੱਕ ਇਹ ਠੀਕ ਹੈ ਕਿ ਅਸਾਂ ਸਿੱਖਾਂ ਦੀ ਹਸਤੀ ਜ਼ਰੂਰੀ ਸਮਝ ਕੇ ਇਨ੍ਹਾਂ ਦੀ ਹਸਤੀ ਰੱਖਣ ਦਾ ਉਪਰਾਲਾ ਕਰਾਂਗੇ, ਪਰ ਲਾਲਚ ਦੇ ਕੇ ਸਿੱਖੀ ਵਿਚ ਲੋਕਾਂ ਨੂੰ, ਸਿੱਖੀ ਵਿਚ ਸ਼ਾਮਲ ਹਨ ਨਾਲ ਸਿੱਖਾਂ ਵਿਚ ਵਧੇਰੇ ਪਖੰਡ ਸ਼ਾਮਲ ਹੋ ਜਾਣਗੇ। ਜਿਸ ਜ਼ਮਾਨੇ ਦਾ ਅੱਜ ਸਾਨੂੰ ਫ਼ਖ਼ਰ ਹੈ, ਉਸ ਵਿਚ ਸਿੱਖ ਕੇਵਲ ਹਜ਼ਾਰਾਂ ਦੀ ਗਿਣਤੀ ਵਿਚ

ਹੋਇਆ ਕਰਦੇ ਸਨ। ਅਸੀਂ ਚਾਹੁੰਦੇ ਹਾਂ ਕਿ ਸਾਰੀ ਦੁਨੀਆਂ ਸਿੱਖ ਬਣ ਜਾਏ, ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਸਾਰੀ ਦੁਨੀਆਂ ਦੇ ਅਸਿੱਖ ਦੁਨੀਆਂ ਨੂੰ ਧੋਖਾ ਦੇਣ ਲਈ ਸਿੱਖੀ ਰੂਪ ਧਾਰ ਲੈਣ। ਇਸ ਨਾਲ ਸਿੱਖੀ ਰੂਪ ਕਲੰਕਤ ਹੋ ਜਾਏਗਾ। ਇਸ ਵਾਸਤੇ ਪੱਕੇ ਰਹੋ ਤੇ ਸਿੱਖੀ ਨੂੰ ਨਿਸ਼ਾਨਾ ਰੱਖਦੇ ਹੋਏ ਇਨ੍ਹਾਂ ਚੱਲ ਰਹੇ ਆਰਜ਼ੀ ਝੋਲਿਆਂ ਦਾ ਫ਼ਿਕਰ ਨਾ ਕਰੋ, ਤੇ ਨਾ ਹੀ ਇਨ੍ਹਾਂ ਦੇ ਕਾਰਨ ਕੁਰਬਾਨੀ, ਪ੍ਰੇਮ ਸੇਵਾ ਤੇ ਮਜ਼ਲੂਮ ਰੱਖਿਆ ਤੋਂ ਮੂੰਹ ਮੋੜੋ।

✡ ✡ ✡

ਧਰਮ ਬਿਨਾਂ ਧੜੇਬਾਜ਼ੀ ਨਹੀਂ ਹਟ ਸਕਦੀ

ਧਰਮ ਬਿਨਾਂ ਬਾਹਲਾ ਚਿਰ ਕੁਰਬਾਨੀ ਨਹੀਂ ਕੀਤੀ ਜਾ ਸਕਦੀ।

ਅੱਜ-ਕਲ੍ਹ ਪੋਲਿਟਿਕਸ ਵੱਲ ਧਿਆਨ ਵੱਧ ਰਿਹਾ ਹੈ। ਹਿੰਦੁਸਤਾਨ ਵਰਗੇ ਗੁਲਾਮ ਦੇਸ਼ ਵਿਚ ਇਹ ਹੋਣਾ ਜ਼ਰੂਰੀ ਹੈ। ਜਦ ਤਕ ਪੋਲਿਟਿਕਸ ਵੱਲ ਪੂਰਾ ਧਿਆਨ ਨਹੀਂ ਆਵੇਗਾ ਗੁਲਾਮੀ ਹਟਣੀ ਔਖੀ ਹੈ ਪਰ ਸਾਡੇ ਪੋਲਿਟਿਕਸ ਵਿਚ ਇਕ ਨੁਕਸ ਆ ਰਿਹਾ ਹੈ। ਬਹੁਤ ਲੋਕ ਪੋਲਿਟਿਕਸ ਵਿਚ ਪੈ ਕੇ ਧਰਮ ਦੀ ਕੱਖ ਪ੍ਰਵਾਹ ਨਹੀਂ ਕਰ ਰਹੇ। ਅਸੀਂ ਜਾਣਦੇ ਹਾਂ ਕਿ ਫ਼ਿਰਕੇਦਾਰੀ ਸਾਡੀ ਆਜ਼ਾਦੀ ਦੇ ਰਾਹ ਵਿਚ ਵੱਡੀ ਔਕੜ ਹੈ, ਪਰ ਫ਼ਿਰਕੇਦਾਰੀ ਤੇ ਧਰਮ ਤਾਂ ਅੱਡੋ-ਅੱਡਰੀਆਂ ਵਸਤੂ ਹਨ। ਹਿੰਦੁਸਤਾਨ ਦੀ ਫ਼ਿਰਕੇਦਾਰੀ ਦੀ ਜੜ੍ਹ ਧਰਮ ਹੈ, ਪਰ ਕੈਨੇਡਾ, ਆਇਰਲੈਂਡ ਇਰਾਕ ਤੇ ਮਿਸਰ ਵਿਚ ਭੀ ਫ਼ਿਰਕੇਦਾਰੀ ਨੇ ਹੀ ਆਜ਼ਾਦੀ ਵਿਚ ਰੋਕ ਪਾਈ ਹੋਈ ਸੀ। ਉਥੇ ਦੀ ਫ਼ਿਰਕੇਦਾਰੀ ਅੱਡੋ-ਅੱਡਰੀਆਂ ਨਸਲਾਂ ਦੇ ਸਹਾਰੇ ਸੀ। ਇਸ ਕਰ ਕੇ ਇਹ ਕਹਿਣਾ ਕਿ ਧਰਮ ਬਿਨਾਂ ਫ਼ਿਰਕੇਦਾਰੀ ਰਹਿ ਹੀ ਨਹੀਂ ਸਕਦੀ ਸਖ਼ਤ ਭੁੱਲ ਹੈ। ਅੱਜ ਦੀ ਫ਼ਿਰਕੇਦਾਰੀ ਧਰਮ ਦੇ ਸਿਰ ਹੈ, ਪਰ ਇਸ ਤੋਂ ਪਹਿਲਾਂ ਮੁਗ਼ਲਾਂ ਤੇ ਪਠਾਣਾਂ ਦਾ ਆਪੋ ਵਿਚ ਹਿੰਦੁਸਤਾਨ ਵਿਚ ਸਖ਼ਤ ਵੈਰ ਸੀ। ਮੁਗ਼ਲ ਤੇ ਪਠਾਣ ਦੋ ਨਸਲਾਂ ਹਨ ਨਾ ਕਿ ਦੋ ਧਰਮ। ਹੋਰ ਚਲੀਏ ਤਾਂ ਬ੍ਰਾਹਮਣਾਂ ਤੇ ਖਤਰੀਆਂ ਦੇ ਸਖ਼ਤ ਜੰਗ ਹੋਏ। ਪਰਸ ਰਾਮ ਦਾ ਕੁਹਾੜਾ ਮਸ਼ਹੂਰ ਹੈ।

ਇਸ ਤਰ੍ਹਾਂ ਨਾਲ ਆਦਮੀ ਦੀ ਤਬੀਅਤ ਵਿਚ ਹੀ ਧੜੇਬੰਦੀ ਹੈ ਤੇ ਜਦ ਤਕ ਇਹ ਤਬੀਅਤ ਨਹੀਂ ਬਦਲਦੀ ਧੜੇਬੰਦੀ ਜ਼ਰੂਰ ਰਹੇਗੀ। ਆਦਮੀ ਦੀ ਤਬੀਅਤ ਦੇ ਨੁਕਸ ਦੂਰ ਕਰਨ ਦੀ ਦਵਾਈ ਇਕੋ ਧਰਮ ਹੈ। ਸ਼ੋਕ ਹੈ ਕਿ ਪ੍ਰਖੰਡ ਨੇ ਧਰਮ ਨੂੰ ਘੇਰ ਲਿਆ ਹੈ ਤੇ ਧਰਮ ਨਾਲ ਨਫ਼ਰਤ ਪੈਦਾ ਕਰ ਦਿੱਤੀ ਹੈ ਪਰ ਸਿਆਣਪ ਇਸ ਵਿਚ ਹੈ ਕਿ ਕੰਡੇ ਲਾਂਭੇ ਕਰ ਕੇ ਫੁੱਲ ਲਿਆ ਜਾਵੇ ਨਾ ਕਿ ਫੁੱਲ ਨੂੰ ਹੀ ਕੰਡਿਆਂ ਵਰਗਾ ਸਮਝ ਲਿਆ ਜਾਵੇ।

ਹਿੰਦੁਸਤਾਨ ਦੀ ਗਤੀ ਇਸੇ ਵਿਚ ਹੈ ਕਿ ਲੋਕੀਂ ਧਰਮ ਉੱਤੇ ਚੱਲਣ, ਨਾ ਕਿ ਧਰਮੋਂ ਲਾਂਭੇ ਹੋ ਜਾਣ ਜਾਂ ਪਖੰਡ ਵਿਚ ਪੈ ਜਾਣ। ਇਸ ਵੇਲੇ ਪਖੰਡ ਨੇ ਜਿਥੇ ਅਸਲ ਧਰਮ ਨੂੰ ਵੇਹੜਿਆ ਹੋਇਆ ਹੈ, ਉਥੇ ਸਾਨੂੰ ਗ਼ੁਲਾਮ ਭੀ ਬਣਾਇਆ ਹੋਇਆ ਹੈ। ਕਈ ਲੋਕੀਂ ਇਸ ਪਖੰਡ ਤੋਂ ਛੁਟਣ ਦੇ ਯਤਨ ਵਿਚ ਨਾਲ ਹੀ ਧਰਮ ਨੂੰ ਤਿਲਾਂਜਲੀ ਦੇ ਬੈਠਦੇ ਹਨ। ਉਹ ਸਖ਼ਤ ਭੁੱਲ ਵਿਚ ਹਨ। ਪਖੰਡ ਤੋਂ ਨਿਕਲ ਜਾਣਾ ਤਾਂ ਚੰਗਾ ਹੈ, ਪਰ ਜੇ ਸਾਡੇ ਮਨਾਂ ਤੇ ਖ਼ਿਆਲਾਂ ਨੂੰ ਧਰਮ ਨੇ ਪਵਿੱਤਰ ਨਹੀਂ ਕੀਤਾ

ਤਾਂ ਅਸੀਂ ਹੋਰ ਝੰਬੇਲੇ ਵਿਚ ਪੈ ਜਾਵਾਂਗੇ ਤੇ ਸਾਡੇ ਲਈ ਦੁਖ ਉਸੇ ਤਰ੍ਹਾਂ ਦਾ ਹੀ ਰਹੇਗਾ, ਜਿਥੇ ਹਿੰਦੂ ਮੁਸਲਿਮ ਆਦਿਕ ਫ਼ਸਾਦ ਮੁਕ ਜਾਣਗੇ, ਉਥੇ ਕਿਰਤੀਆਂ ਤੇ ਅਮੀਰਾਂ ਦੇ ਫ਼ਸਾਦ ਹੋਣ ਲੱਗ ਪੈਣਗੇ। ਲਾਭ ਬਹੁਤ ਘੱਟ ਹੋਵੇਗਾ।

ਕਈ ਲੋਕੀਂ ਕਹਿੰਦੇ ਹਨ ਕਿ ਧਰਮ ਨੇ ਬਹੁਤ ਫ਼ਸਾਦ ਕਰਾਏ ਹਨ। ਇਹ ਠੀਕ ਨਹੀਂ ਹੈ। ਧਰਮੀ ਤਾਂ ਕਿਸੇ ਨਾਲ ਵਧੀਕੀ ਨਹੀਂ ਕਰਦਾ ਤੇ ਫ਼ਸਾਦ ਕਿਸ ਤਰ੍ਹਾਂ ਹੋ ਸਕਦਾ ਹੈ ? ਫ਼ਸਾਦ ਕਰਨ ਕਰਾਨ ਵਾਲਾ ਤਾਂ ਕੁਧਰਮ ਹੈ ਜੋ ਧਰਮ ਦਾ ਜਾਮਾ ਪਹਿਨ ਕੇ ਆ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਕਿਹਾ ਹੈ :-

ਸਚੁ ਕਿਨਾਰੇ ਰਹਿ ਗਿਆ,
ਖਹਿ ਮਰਦੇ ਬਾਮ੍ਹਣਿ ਮਉਲਾਣੇ।

ਬਸ ਧਰਮ ਨੂੰ ਲਾਂਭੇ ਛੱਡ ਕੇ ਪਖੰਡੀ ਕਿਸੇ ਨਾਂ ਕਿਸੇ ਤਰ੍ਹਾਂ ਦੀ ਧੜੇਬਾਜ਼ੀ ਵਿਚ ਪੈ ਕੇ ਲੜਦੇ ਮਰਦੇ ਹਨ। ਇਸ ਸਭ ਪੁਆੜੇ ਦਾ ਇਲਾਜ ਇਕੋ ਇਹੋ ਹੈ ਕਿ ਲੋਕਾਂ ਦੀ ਸ਼ੈਤਾਨੀ ਤਬੀਅਤ ਬਦਲੀ ਜਾਵੇ। ਇਸ ਤਬੀਅਤ ਨੂੰ ਬਦਲਣ ਲਈ ਖ਼ਿਆਲਾਂ ਨੂੰ ਹੀ ਪਵਿੱਤਰ ਕਰਨਾ ਹੈ ਤੇ ਇਹ ਪਵਿੱਤਰਤਾ ਧਰਮ ਬਿਨਾਂ ਹੋਰ ਕਿਸੇ ਤਰ੍ਹਾਂ ਆ ਨਹੀਂ ਸਕਦੀ।

ਇਹ ਗੱਲ ਭੀ ਠੀਕ ਨਹੀਂ ਹੈ ਕਿ ਧੜੇਬਾਜ਼ੀ ਧਰਮੀਆਂ ਨੇ ਪੋਲਿਟਿਕਸ ਨਾਲੋਂ ਵਧੇਰਾ ਖ਼ੂਨ-ਖਰਾਬਾ ਕਰਾਇਆ ਹੈ। ਪਿਛਲਾ ਜੰਗ, ਯੂਰਪ ਹੀ ਲੈ ਲਵੋ। ਉਸ ਇਕੋ ਜੰਗ ਵਿਚ ਇਤਨਾ ਖ਼ੂਨ-ਖਰਾਬਾ ਹੋਇਆ ਹੈ ਕਿ ਧਾਰਮਕ ਜੰਗ ਨੂੰ ਰਲਾ ਕੇ ਭੀ ਨਹੀਂ ਹੋਇਆ ਹੋਵੇਗਾ। ਇਸ ਲਈ ਧਰਮ ਉੱਤੇ ਤਾਂ ਉਨਾਂ ਹੀ ਦੋਸ਼ ਨਹੀਂ ਦਿੱਤਾ ਜਾ ਸਕਦਾ, ਕਿਉਂਕਿ ਇਹ ਤਾਂ ਮਨ ਸਾਫ਼ ਕਰ ਕੇ ਧੜੇਬਾਜ਼ ਲੋਕਾਂ ਦੇ ਔਗੁਣ ਨੂੰ ਘਟਾਂਦਾ ਹੀ ਹੈ। ਜੋ ਦੋਸ਼ ਧਰਮ ਦੇ ਆਸਰੇ ਚੱਲ ਰਹੇ ਪਖੰਡ ਉੱਤੇ ਹੈ, ਉਹ ਭੀ ਪੋਲਿਟਿਕਸ ਦੇ ਆਸਰੇ ਚੱਲ ਰਹੀ ਚੌਧਰ ਦੇ ਦੋਸ਼ ਨਾਲੋਂ ਵਧ ਨਹੀਂ ਹੈ। ਇਕ ਸੱਜਣ ਜੀ ਕਿਹਾ ਕਰਦੇ ਸਨ ਕਿ ਧਰਮ ਨੂੰ ਮਾਰਿਆ ਪਖੰਡ ਨੇ, ਤੇ ਪੋਲਿਟਿਕਸ ਨੂੰ ਮਾਰਿਆ ਚੌਧਰ ਨੇ।

ਇਸ ਕਰ ਕੇ ਪਖੰਡ ਤੇ ਚੌਧਰ ਤੋਂ ਬਚਾਏ ਹੋਏ ਸਚੇ ਧਰਮੀ ਬਣ ਕੇ ਮਜ਼ਲੂਮਾਂ ਤੇ ਗੁਲਾਮਾਂ ਦੇ ਬੰਧਨ ਕੱਟੋ। ਬਸ ਵੱਡਾ ਧਰਮ ਤੇ ਪੋਲਿਟਿਕਸ ਇਹੋ ਹੀ ਹੈ। ਜੋ ਲੋਕੀਂ ਪੋਲਿਟਿਕਸ ਵਿਚ ਪੈ ਕੇ ਧਰਮ ਤੋਂ ਲਾਂਭੇ ਹੋ ਜਾਂਦੇ ਹਨ। ਉਹ ਬਾਹਲਾ ਚਿਰ ਕੱਢ ਨਹੀਂ ਸਕਦੇ। ਜੋਸ਼ ਵਿਚ ਆ ਕੇ ਤਾਂ ਉਹ ਕੁਰਬਾਨੀ ਕਰ ਸਕਦੇ ਹਨ, ਪਰ ਲਗਾਤਾਰ ਸੇਵਾ ਕਰਨ ਤੇ ਦੁਖ ਉਠਾਣਾ ਧਰਮ ਦੇ ਆਸਰੇ ਹੀ ਹੋ ਸਕਦਾ ਹੈ।

ਮੁੱਕਦੀ ਗੱਲ ਇਹ ਹੈ ਕਿ ਧਰਮ ਨੂੰ ਮੰਨਦੇ ਹੋਏ ਤੇ ਧਰਮ ਅਨੁਸਾਰ ਚਲਣੇ ਦਾ ਯਤਨ ਕਰਦੇ ਹੋਏ, ਮਨੁੱਖ ਭੀ ਇਸ ਧੜੇਬਾਜ਼ੀ ਦੀ ਤਬੀਅਤ ਹੇਠਾਂ ਆ ਕੇ ਲੜ ਪੈਂਦੇ ਹਨ। ਹਾਲਾਂਕਿ ਧਰਮ ਇਹੋ ਹੀ ਕਹਿੰਦਾ ਹੈ :-

ਏਕੁ ਪਿਤਾ ਏਕਸ ਕੇ ਹਮ ਬਾਰਿਕ... ॥
ਫਿਰ-ਬੁਰਾ ਭਲਾ ਕਹੁ ਕਿਸ ਨੋ ਕਹੀਐ

ਸਗਲੇ ਜੀਅ ਤੁਮ੍ਹਾਰੇ ॥

ਧਰਮ ਤਾਂ ਝਗੜੇ ਫਸਾਦ ਰੋਕਦਾ ਹੈ, ਪਰ ਮਨੁੱਖ ਦੀ ਸ਼ੈਤਾਨੀ ਤਬੀਅਤ ਕਈ ਵੇਰ ਧਰਮ ਦੀ ਰੋਕ ਤੋਂ ਜ਼ਬਰਦਸਤ ਹੋ ਜਾਂਦੀ ਹੈ ।

ਦੂਜੇ ਬੰਨੇ ਪੋਲਿਟਿਕਸ ਤਾਂ ਸਿੱਖਾਂ ਦਾ ਹੀ ਝਗੜਾ ਹੈ। ਮੇਰੇ ਮੁਲਕ ਨੂੰ ਲਾਭ ਹੋਵੇ, ਅਸੀਂ ਦੂਜਿਆਂ ਉੱਤੇ ਰਾਜ ਕਰੀਏ । ਸਾਡੀ ਕੌਮ ਜਿੱਤੇ ਆਦਿਕ ਸਭ ਪੋਲਿਟਿਕਸ ਖ਼ਿਆਲ ਹਨ । ਇਹਨਾਂ ਖ਼ਿਆਲਾਂ ਦੇ ਹੁੰਦਿਆਂ ਹੋਇਆਂ ਕਿਸ ਤਰ੍ਹਾਂ ਝਗੜੇ ਰੁਕਣ। ਕੀ ਅਜਿਹੀ ਹਾਲਤ ਵਿਚ ਵੀ ਕੋਈ ਆਦਮੀ ਫ਼ਸਾਦਾਂ ਦੀ ਜ਼ਿਮੇਵਾਰੀ ਪੋਲਿਟਿਕਸ ਦੇ ਗਲੋਂ ਲਾਹ ਕੇ ਧਰਮ ਉੱਤੇ ਸੁੱਟ ਸਕਦਾ ਹੈ ।

✲ ✲ ✲

ਝਟਕੇ ਤੇ ਬਾਂਗ ਦਾ ਝਗੜਾ

ਹਰ ਇਕ ਸਮਝਦਾਰ ਸਿੱਖ ਇਸ ਗੱਲ ਦੇ ਵਿਰੁੱਧ ਹੈ ਕਿ ਮੁਸਲਮਾਨ ਨੂੰ ਬਾਂਗ ਦੇਣ ਤੋਂ ਰੋਕਿਆ ਜਾਵੇ। ਇਸੇ ਤਰ੍ਹਾਂ ਹਰ ਇਕ ਸਮਝਦਾਰ ਮੁਸਲਮਾਨ ਇਸ ਗੱਲ ਦੇ ਵਿਰੁੱਧ ਹੈ ਕਿ ਸਿੱਖਾਂ ਨੂੰ ਝਟਕਾ ਕਰਨ ਤੋਂ ਰੋਕਿਆ ਜਾਵੇ। ਇਹ ਗੱਲ ਸਿੱਖ ਤੇ ਮੁਸਲਮਾਨ ਆਗੂ ਖੁੱਲ੍ਹੇ ਦੀਵਾਨਾਂ ਵਿਚ ਕਹਿ ਚੁੱਕੇ ਹਨ ਤੇ ਅਖ਼ਬਾਰਾਂ ਵਿਚ ਲਿਖ ਚੁੱਕੇ ਹਨ ਪਰ ਫਿਰ ਭੀ ਅਜੇਹੀਆਂ ਬਥੇਰੀਆਂ ਥਾਵਾਂ ਹਨ, ਜਿਥੇ ਝਟਕਾ ਤੇ ਬਾਂਗ ਬੰਦ ਹਨ ਤੇ ਇਸ ਗੱਲ ਉੱਤੇ ਝਗੜਾ ਹੋ ਜਾਂਦਾ ਹੈ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਸਾਰੇ ਸਿੱਖ ਮੁਸਲਮਾਨ ਆਗੂ ਇਸ ਮਤਲਬ ਦਾ ਇਕ ਖੁੱਲ੍ਹਾ ਇਸ਼ਤਿਹਾਰ ਆਪਣੇ ਨਾਵਾਂ ਹੇਠ ਕੱਢਣ, ਜੋ ਪਿੰਡ-ਪਿੰਡ ਪੁਚਾ ਦਿੱਤਾ ਜਾਵੇ ਕਿ ਅੱਗੇ ਤੋਂ ਕੋਈ ਸਿੱਖ ਜਾਂ ਮੁਸਲਮਾਨ ਕਿਸੇ ਨੂੰ ਕਿਸੇ ਥਾਂ ਭੀ ਬਾਂਗ ਜਾਂ ਝਗੜੇ ਤੋਂ ਨਾ ਰੋਕੇ। ਹੋਰ ਝਗੜੇ ਦੀਆਂ ਗੱਲਾਂ ਵਿਚ ਤਾਂ ਕੋਈ ਪੇਚੀਦਗੀ ਹੋ ਸਕਦੀ ਹੈ ਪਰ ਜਿਸ ਗੱਲ ਵਿਚ ਸਭ ਦੇ ਖ਼ਿਆਲ ਇਕ ਹਨ ਉਸ ਨੂੰ ਕਿਉਂ ਨਾ ਛੇਤੀ ਹਲ ਕੀਤਾ ਜਾਵੇ। ਹੁਣ ਅਸਾਂ ਸਾਰਾ ਧਿਆਨ ਆਵਣ ਵਾਲੇ ਸ਼ਾਂਤਮਈ ਜੰਗ ਵਿਚ ਦੇਣਾ ਹੈ ਤੇ ਇਹੋ ਜਿਹੇ ਛੋਟੇ-ਛੋਟੇ ਝਗੜੇ ਕਈ ਵੇਰਾਂ ਵਧ ਕੇ ਬਹੁਤ ਵਿਘਨ ਪਾ ਦੇਂਦੇ ਹਨ। ਇਸ ਕਰ ਕੇ ਸਾਡੀ ਤਜ਼ਵੀਜ ਇਹ ਹੈ ਕਿ ਸਿੱਖ ਤੇ ਮੁਸਲਮਾਨ ਆਗੂ ਇਕ ਖੁਲ੍ਹਾ ਐਲਾਨ ਕਰ ਦੇਣ। ਇਸ ਨਾਲ ਬਹੁਤ ਝਗੜੇ ਮੁੱਕ ਜਾਣਗੇ। ਹਾਂ ਕਈ ਨਵੇਂ ਝਗੜੇ ਉਠ ਵੀ ਖੜੇ ਹੋਣਗੇ ਪਰ ਇਹ ਭੀ ਛੇਤੀ ਮੁੱਕ ਜਾਣਗੇ। ਇਕ ਵੇਰਾਂ ਸਭ ਝਗੜਿਆਂ ਦਾ ਟੰਟਾ ਮੁਕਾ ਕੇ ਸਿੱਧੇ ਉਹਨਾਂ ਲੋਕਾਂ ਵੱਲ ਮੂੰਹ ਕਰੋ, ਜੋ ਸਤ ਹਜ਼ਾਰ ਮੀਲ ਤੋਂ ਆਏ ਹੋਏ, ਅੱਜ ਸਾਡੇ ਦੀਵਾਨਾਂ ਵਿਚ ਆ ਕੇ ਕਹਿੰਦੇ ਹਨ, "ਡਾਕਟਰ ਕਿਚਲੂ ਔਰ ਮਾਸਟਰ ਤਾਰਾ ਸਿੰਘ ਦੂਸਰੇ ਜ਼ਿਲ੍ਹਾ ਸੇ ਆਇਆ ਹੈ ਹਮ ਇਨ ਕਾ ਫ਼ੈਸਲਾ ਨਹੀਂ ਚਾਹਤਾ।" ਅਜੇਹੇ ਫਰੰਗੀਆਂ ਨੂੰ ਇਹੋ ਉਤਰ ਦਿਓ ਜੋ ਜ਼ਫ਼ਰਵਾਲ ਦੇ ਸਿੰਘਾਂ ਨੇ ਦਿੱਤਾ ਹੈ। ਬਸ ਇਸ ਤਰ੍ਹਾਂ ਸਭ ਝਗੜਿਆਂ ਦੀ ਜੜ੍ਹ ਵੱਢ ਦਿਓ।

ਪਰ ਇਸ ਤਰ੍ਹਾਂ ਦੇ ਐਲਾਨ ਵਿਚ ਅਜੇ ਭਾਵੇਂ ਕੁਝ ਢਿਲ ਪੈ ਜਾਵੇ। ਇਸ ਕਰਕੇ ਅਸੀਂ ਖਾਲਸਾ ਜੀ ਨੂੰ ਇਕ ਗੱਲ ਕਹਿ ਦੇਂਦੇ ਹਾਂ ਕਿ ਜ਼ਮਾਨਾ ਆਜ਼ਾਦੀ ਦਾ ਆ ਰਿਹਾ ਹੈ ਹੁਣ ਕਿਸੇ ਦੂਜੇ ਉੱਤੇ ਕੋਈ ਬੰਦਸ਼ ਨਹੀਂ ਲਗਾ ਸਕਦਾ। ਬਾਂਗ ਤੇ ਝਟਕਾ ਜ਼ਰੂਰ ਖੁਲ੍ਹਣਗੇ ਤੇ ਖੁਲ੍ਹ ਰਹੇ ਹਨ। ਜਿਥੇ ਭੀ ਕੋਈ ਅੜੀ ਪਏਗੀ, ਰੋਕ ਪਾਣ ਵਾਲੇ ਨੂੰ ਹਾਰ ਹੋਵੇਗੀ। ਇਸ ਕਰ ਕੇ ਅਜੇਹੀ ਗੱਲ ਉੱਤੇ ਡਟੋ ਹੀ ਨਾ, ਜਿਸ ਵਿਚ ਅਖ਼ੀਰ ਹਾਰ ਹੋਣੀ ਹੈ। ਬਾਂਗੀ ਦੀ ਰੋਕ ਵਿਚ ਜੇ ਮੁਕਾਬਲਾ ਡਟ ਗਿਆ ਤਾਂ ਤੁਹਾਨੂੰ ਹਾਰ ਹੈ। ਇਹ ਗੱਲ ਦਿਲ ਵਿਚ ਪੱਕੀ ਕਰ ਕੇ ਹੀ ਕੋਈ ਰੋਕ ਪਾਇਆ

ਕਰੋ। ਇਸੇ ਤਰ੍ਹਾਂ ਝਟਕੇ ਦੀ ਰੋਕ ਵਿਚ ਜੇ ਮੁਕਾਬਲਾ ਡਟ ਗਿਆ ਤਾਂ ਮੁਸਲਮਾਨਾਂ ਨੂੰ ਹਾਰ ਹੈ। ਹਰ ਤਰ੍ਹਾਂ ਆਜ਼ਾਦੀ ਹੋਵੇਗੀ ਤੇ ਫਿਰ ਧਾਰਮਿਕ ਆਜ਼ਾਦੀ ਵਿਚ ਰੋਕ ਪਾਣਾ ਕਿਹੜਾ ਧਰਮ ਹੈ ? ਅਸੀਂ ਆਪਣੀ ਧਾਰਮਿਕ ਆਜ਼ਾਦੀ ਲਈ ਲੜਨਾ ਹੈ ਤੇ ਦੂਜੇ ਦੀ ਧਾਰਮਿਕ ਆਜ਼ਾਦੀ ਵਿਚ ਦਖ਼ਲ ਨਹੀਂ ਦੇਣਾ ਹੈ। ਸਾਡੀ ਤਾਂ ਇਹੋ ਸਲਾਹ ਜੇ ਕਿ ਬਾਂਗ ਦਾ ਕਿਧਰੇ ਭੀ ਮੁਕਾਬਲਾ ਨਾ ਕਰੋ ਕਿਉਂਕਿ ਆਜ਼ਾਦੀ ਤਾਂ ਇਸ ਦੀ ਹੋ ਹੀ ਜਾਣੀ ਹੈ ਤੇ ਵਾਧੂ ਹਾਰ ਨਾਲ ਆਪਣੀ ਪਤ ਨਾ ਗਵਾਓ।

✲ ✲ ✲

ਮੇਰੇ ਦਿਲ ਵਿਚ ਕੀ ਸੀ ਤੇ ਕੀ ਹੈ ?

ਜਿਸ ਵੇਲੇ ਨਹਿਰੂ ਰਿਪੋਰਟ ਨੇ ਸਿੱਖਾਂ ਦੇ ਹੱਕਾਂ ਨੂੰ ਕੁਚਲ ਦਿੱਤਾ ਸੀ, ਤਾਂ ਮੈਨੂੰ ਇਹ ਨਿਸਚਾ ਕਿ ਸਿੱਖ ਕੌਮ ਇਸ ਗੱਲ ਨੂੰ ਕਦੀ ਨਾ ਮੰਨੇਗੀ ਪਰ ਨਾਲ ਇਹ ਵੀ ਨਿਸਚਾ ਸੀ ਕਿ ਸਿੱਖ ਕੌਮ ਕਿਸੇ ਤਰ੍ਹਾਂ ਸਰਕਾਰ ਦੇ ਢਹੇ ਨਹੀਂ ਚੜ੍ਹੇਗੀ ਪਰ ਕੁਝ ਚਿਰ ਲੰਘ ਜਾਣ ਉੱਤੇ ਮੈਨੂੰ ਇਹ ਡਰ ਭਾਸ਼ਣ ਲੱਗ ਪਿਆ ਕਿ ਅਸੀਂ ਹੌਲੀ-ਹੌਲੀ ਸਰਕਾਰ ਵਲ ਜਾ ਰਹੇ ਹਾਂ। ਇਸ ਗੱਲ ਦਾ ਵੱਡਾ ਖਤਰਾ ਇਸ ਕਰ ਕੇ ਮੈਨੂੰ ਮਹਿਸੂਸ ਹੋਇਆ ਕਿ ਬਹੁਤ ਸਾਰੇ ਸਰਕਾਰ ਪੂਜ ਸਾਡੇ ਵਿਚ ਆ ਰਲੇ। ਇਥੇ ਤਾਂ ਕੁਝ ਸੀ. ਆਈ. ਡੀ. ਦੇ ਸਿੱਖ ਅਫ਼ਸਰ ਭੀ ਸਾਡੇ ਨਾਲ ਹਮਦਰਦੀ ਕਰਨ ਲੱਗ ਪਏ ਤੇ ਸਾਨੂੰ ਪਤਾ ਦੇਣ ਲੱਗ ਪਏ। ਇਕ ਅਜੇਹੇ ਅਫ਼ਸਰ ਨੇ ਮੈਨੂੰ ਮਤ ਦੇਣ ਦਾ ਉਪਰਾਲਾ ਭੀ ਕੀਤਾ। ਇਸ ਕਰ ਕੇ ਮੈਨੂੰ ਇਹ ਸ਼ੱਕ ਪੈਦਾ ਹੋ ਗਿਆ ਕਿ ਅਸੀਂ ਹੌਲੀ-ਹੌਲੀ ਸਰਕਾਰ ਵੱਲ ਜਾ ਰਹੇ ਹਾਂ। ਇਹ ਤਾਂ ਠੀਕ ਸੀ ਕਿ ਕੁਝ ਆਗੂ ਪੱਕੇ ਕੌਮ ਪੂਜ ਸਨ ਤੇ ਸਰਕਾਰ ਵੱਲ ਕਿਸੇ ਹਾਲਤ ਵਿਚ ਭੀ ਨਹੀਂ ਜਾ ਸਕਦੇ ਸਨ, ਪਰ ਆਮ ਲੋਕਾਂ ਦੀ ਹਾਲਤ ਉੱਤੇ ਕੁਝ ਅਸਰ ਪੈ ਰਿਹਾ ਸੀ। ਇਸ ਕਰ ਕੇ ਮੈਨੂੰ ਬੜਾ ਫ਼ਿਕਰ ਸੀ ਕਿ ਕੋਈ ਅਜਿਹਾ ਰਾਹ ਨਿਕਲੇ ਜਿਸ ਨਾਲ ਕਾਂਗਰਸ ਨਾਲ ਸਮਝੌਤਾ ਹੋ ਜਾਵੇ ਤੇ ਸਿੱਖਾਂ ਨੂੰ ਆਜ਼ਾਦੀ ਦੀ ਜੰਗ ਵਿਚ ਅੱਗੇ ਹੋ ਕੇ ਲੜਨ ਦਾ ਮੌਕਾ ਮਿਲੇ।

ਮੇਰਾ ਨਿਸ਼ਾਨਾ ਸਿੱਖ ਧਰਮ ਦੀ ਸਿੱਧੀ ਹੈ ਤੇ ਮੈਂ ਜਾਣਦਾ ਹਾਂ ਕਿ ਲਿਖੇ ਹੋਏ ਅਸੂਲ ਦੁਨੀਆਂ ਵਿਚ ਤਦ ਤਕ ਕੋਈ ਅਸਰ ਨਹੀਂ ਰੱਖਦੇ ਜਦ ਤਕ ਕਿ ਕੋਈ ਉਸ ਨੂੰ ਅਮਲ ਵਰਤ ਕੇ ਦਸਣ ਵਾਲੇ ਨਾ ਹੋਣ। ਸਿੱਖ ਧਰਮ ਦਾ ਉਪਦੇਸ਼ ਸਭ ਧਰਮਾਂ ਤੋਂ ਉਚਾ ਹੈ ਪਰ ਲੋੜ ਇਸ ਨੂੰ ਵਰਤ ਕੇ ਦਸਣ ਦੀ ਹੈ। ਸਿੱਖੀ ਦੀ ਨੀਂਹ ਸੇਵਾ ਤੇ ਕੁਰਬਾਨੀ ਦੇ ਅਸੂਲ ਉੱਤੇ ਹੈ। ਜੇ ਅਸੀਂ ਮਜ਼ਲੂਮਾਂ ਤੇ ਗੁਲਾਮਾਂ ਦੀ ਸੇਵਾ ਲਈ ਆਪਾ ਨਾ ਵਾਰੀਏ ਤਾਂ ਸਿਖੀ ਦੇ ਅਜੂਲਾਂ ਦਾ ਅਸੀਂ ਸਾਹਮਣੇ ਹੋ ਕੇ ਪ੍ਰਚਾਰ ਨਹੀਂ ਕਰਦੇ, ਸਗੋਂ ਆਪਣੇ ਅਮਲਾਂ ਵਿਚ ਇਹ ਪ੍ਰਗਟ ਕਰਾਂਗੇ ਕਿ ਸਿੱਖੀ ਵਿਚ ਸੇਵਾ ਦੀ ਕੋਈ ਖ਼ਾਸ ਲੋੜ ਹੀ ਨਹੀਂ ਹੈ। ਸਿੱਖ ਧਰਮ ਤੇ ਪ੍ਰਚਾਰ ਦਾ ਤਰੀਕਾ ਮੈਂ ਕੇਵਲ ਸੇਵਾ ਤੇ ਕੁਰਬਾਨੀ ਹੀ ਸਮਝਦਾ ਹਾਂ। ਦੂਜੇ ਮੇਰੇ ਦਿਲ ਵਿਚ ਇਹ ਭੀ ਪੱਕਾ ਨਿਸਚਾ ਹੈ ਕਿ ਸਿੱਖ ਕੌਮ ਸੇਵਕਾਂ ਦੀ ਜਥੇਬੰਦੀ ਦਾ ਹੀ ਨਾਮ ਹੈ ਤੇ ਇਹ ਕੇਵਲ ਨੇਕਨਾਮੀ ਦੇ ਆਸਰੇ ਹੀ ਰਹਿ ਸਕਦੀ ਹੈ।

ਜੇਕਰ ਅੱਜ ਸਿੱਖ ਕੌਮ ਬਦਨਾਮ ਹੋ ਜਾਏ ਤਾਂ ਬਹੁਤ ਛੇਤੀ ਖ਼ਤਮ ਹੋ ਜਾਏਗੀ। ਇਸ ਕਰ ਕੇ ਭੀ ਮੈਂ ਇਸ ਯਤਨ ਵਿਚ ਰਿਹਾ ਹਾਂ ਕਿ ਸਿੱਖ ਆਪਣਾ ਆਪ ਮਜ਼ਲੂਮਾਂ

ਤੇ ਗੁਲਾਮਾਂ ਲਈ ਵਾਰਨ। ਕੇਵਲ ਇਤਨੀ ਹੀ ਇੱਛਾ ਸੀ ਕਿ ਸਿੱਖ ਕੁਰਬਾਨੀ ਕਰਨ, ਕਿਧਰੇ ਆਪਣੀ ਹਸਤੀ ਗੰਵਾ ਕੇ ਆਤਮਘਾਤ ਨਾ ਕਰ ਬੈਠਣ।

ਇਹਨਾਂ ਕਾਰਨਾਂ ਕਰ ਕੇ ਮੇਰਾ ਆਖ਼ਰੀ ਯਤਨ ਇਹ ਸੀ ਕਿ ਕਾਂਗਰਸ ਜਿਸ ਤਰ੍ਹਾਂ ਸਿੱਖਾਂ ਦੇ ਜਾਇਜ਼ ਹੱਕ ਤੇ ਸਿੱਖਾਂ ਦੀ ਹਸਤੀ ਨੂੰ ਮੰਨ ਲਵੇ ਤੇ ਸਿੱਖ ਫਿਰ ਮਜ਼ਲੂਮਾਂ ਲਈ ਵਧ ਕੇ ਕੁਰਬਾਨੀ ਕਰਨ, ਕਿਉਂਕਿ ਮੈਂ ਸੇਵਾ ਤੇ ਕੁਰਬਾਨੀ ਹੀ ਸਿੱਖੀ ਧਰਮ ਦੇ ਪ੍ਰਚਾਰ ਦਾ ਵਸੀਲਾ ਸਮਝਦਾ ਹਾਂ।

ਕੁਝ ਸੱਜਣਾਂ ਦੀ ਮਦਦ ਤੇ ਅਕਲਮੰਦੀ ਨਾਲ ਇਹ ਕੰਮ ਹੁਣ ਸਿਰੇ ਚੜ੍ਹ ਗਿਆ ਹੈ ਤੇ ਹੁਣ ਸਿੱਖਾਂ ਨੂੰ ਭੀ ਬਾਕੀ ਕੌਮਾਂ ਨਾਲ ਰਲ ਕੇ ਸਗੋਂ ਉਹਨਾਂ ਤੋਂ ਅੱਗੇ ਹੋ ਕੇ ਕੁਰਬਾਨੀ ਕਰਨ ਦਾ ਮੌਕਾ ਹੱਥ ਲੱਗ ਗਿਆ ਹੈ।

ਇਹ ਹੋਰ ਗੁੱਸਾ ਭੀ ਮੇਰੇ ਦਿਲ ਵਿਚ ਇਸ ਪ੍ਰਕਾਰ ਦੇ ਵਿਰੁੱਧ ਸੀ ਤੇ ਹੈ। ਮੈਂ ਗੁਰੂ ਕੇ ਬਾਗ਼ ਦੀਆਂ ਡਾਂਗਾਂ ਤੇ ਜੈਤੋ ਦੀਆਂ ਗੋਲੀਆਂ ਤੋਂ ਇਤਨਾ ਦੁਖੀ ਨਹੀਂ ਹੁੰਦਾ, ਜਿਤਨਾ ਕਿ ਸਿੱਖ ਕੌਮ ਦੀ ਬੇਇਜ਼ਤੀ ਦੁੱਖ ਦੇਂਦੀ ਹੈ। ਉਹ ਜ਼ੁਲਮ ਤਾਂ ਮੁਕਾਬਲੇ ਵਿਚ ਹੋਏ ਸਨ ਤੇ ਅਸਾਂ ਖੁਸ਼ੀ ਨਾਲ ਗੁਰੂ ਦੀ ਸੇਵਾ ਸਮਝ ਕੇ ਝੱਲੇ ਸਨ। ਮੈਨੂੰ ਸਭ ਤੋਂ ਵਧ ਕੇ ਦੁਖ ਦੇਣ ਵਾਲੀ ਗੱਲ ਇਸ ਸਰਕਾਰ ਨੇ ਇਹ ਕੀਤੀ ਹੈ ਕਿ ਇਸ ਸਰਕਾਰ ਨੇ ਸਾਨੂੰ ਬੇਇਜ਼ਤ ਕਰਨ ਦਾ ਯਤਨ ਕੀਤਾ ਹੈ ਤੇ ਕਰ ਰਹੀ ਹੈ। ਸਾਡੇ ਕੈਦੀ ਵੀਰਾਂ ਨੂੰ ਇਸ ਨੇ ਕੇਵਲ ਇਸ ਕਰ ਕੇ ਰਿਹਾ ਨਹੀਂ ਕੀਤਾ ਕਿ ਸਿੱਖਾਂ ਦੇ ਮਗਜ਼ ਵਿੱਚੋਂ ਕੀੜਾ ਕੱਢਿਆ ਜਾਵੇ। ਇਸ ਨੇ ਸਾਡੀ ਇਸ ਤਰ੍ਹਾਂ ਨਾਲ ਅਣਖ ਮਾਰਨ ਦਾ ਯਤਨ ਕੀਤਾ ਹੈ ਤੇ ਕਰ ਰਹੀ ਹੈ।

ਮੇਰੇ ਦਿਲ ਵਿਚ ਕਚੀਚੀਆਂ ਆਉਂਦੀਆਂ ਸਨ ਕਿ ਕਿਧਰੇ ਇਸ ਨੌਕਰਸ਼ਾਹੀ ਦੇ ਦਿਮਾਗ ਦਾ ਕੀੜਾ ਕੱਢਣ ਦਾ ਮੌਕਾ ਸਾਨੂੰ ਭੀ ਮਿਲੇ। ਸੋ, ਹੁਣ ਇਹ ਨਜ਼ਰ ਆ ਰਿਹਾ ਕਿ ਸਾਡੇ ਹੱਥ ਇਹ ਮੌਕਾ ਲੱਗਣ ਵਾਲਾ ਹੈ। ਹੁਣ ਅਸੀਂ ਕੋਈ ਅਡਰਾ ਤਕੜਾ ਜਿਹਾ ਮੋਰਚਾ ਨਹੀਂ ਲਾ ਸਕਦੇ ਤੇ ਨਾ ਹੀ ਲਾਉਣਾ ਚਾਹੁੰਦੇ ਹਾਂ। ਹੁਣ ਤਾਂ ਇਹੋ ਹੀ ਮੋਰਚਾ ਹੈ ਤੇ ਰੱਬ ਕਰੇ ਆਖਰੀ ਮੋਰਚਾ ਸਾਬਤ ਹੋਵੇ। ਬਸ ਖਾਲਸਾ ਜੀ ਮੇਰੇ ਦਿਲ ਵਿਚ ਤਾਂ ਹੁਣ ਇਹੋ ਖ਼ਿਆਲ ਹੈ ਕਿ ਇਹ ਨੌਕਰਸ਼ਾਹੀ ਰਾਜ ਇਥੋਂ ਦਫ਼ਾ ਹੋਵੇ ਤੇ ਇਸ ਨੂੰ ਦਫ਼ਾ ਕਰਨ ਵਿਚ ਅਸੀਂ ਸਭ ਤੋਂ ਅੱਗੇ ਹੋ ਕੇ ਤੇ ਸਭ ਤੋਂ ਵੱਧ ਹਿੱਸਾ ਲਈਏ ਤੇ ਸਿੱਖ ਧਰਮ ਦੀ ਉਚਤਾਈ ਸਿੱਧ ਕਰ ਦੇਈਏ।

☆ ☆ ☆

ਪਾਰਟੀਬਾਜ਼ੀ ਕਿਸ ਤਰ੍ਹਾਂ ਖਤਮ ਹੋ ਸਕਦੀ ਹੈ ?

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖਾਂ ਵਿਚ ਜੋ ਪਾਰਟੀਆਂ ਹੋਈਆਂ-ਹੋਈਆਂ ਹਨ, ਇਸ ਤੋਂ ਪੰਥ ਤੰਗ ਆ ਗਿਆ ਹੈ ਤੇ ਹਰ ਇਕ ਸਿੱਖ ਦੀ ਇਹੋ ਹੀ ਇੱਛਾ ਹੈ ਕਿ ਕਿਸੇ ਤਰ੍ਹਾਂ ਪਾਰਟੀਬਾਜ਼ੀ ਮੇਰੀ ਸੱਚੀ ਗੱਲ ਹੈ ਕਿ ਜੋ ਇਸ ਪਾਰਟੀ ਬਾਜ਼ੀ ਵਿਚ ਲੱਗੇ ਹੋਏ ਹਨ ਉਹਨਾਂ ਦੀ ਭੀ ਇਹੋ ਹੀ ਇੱਛਾ ਹੈ, ਸਵਾਏ ਥੋੜ੍ਹੇ ਜਿਹੇ ਖ਼ੁਦਗਰਜ਼ਾਂ ਤੇ ਚਾਲਬਾਜ਼ਾਂ ਦੇ। ਇਸੇ ਇੱਛਾ ਦਾ ਨਤੀਜਾ ਸੀ ਕਿ ਦੋ ਤਿੰਨ ਵੇਰਾਂ ਅੱਗੇ ਇਸ ਨੂੰ ਮੁਕਾਣ ਦੇ ਯਤਨ ਹੋਏ ਹਨ। ਇਸ ਵੇਲੇ ਅਸੀਂ ਇਹ ਨਹੀਂ ਲਿਖਣਾ ਚਾਹੁੰਦੇ ਕਿ ਉਹਨਾਂ ਯਤਨਾਂ ਦੀ ਕਾਮਯਾਬੀ ਦਾ ਕਾਰਣ ਕੌਣ ਬਣਿਆ ਜਾਂ ਕਿਸ ਵੱਲੋਂ ਹੋ ਚੁੱਕੇ ਸਮਝੌਤੇ ਟੁੱਟੇ। ਇਹ ਗੱਲ ਅਸਾਂ ਕੇਵਲ ਇਸ ਲਈ ਨਹੀਂ ਲਿਖਣਾ ਚਾਹੁੰਦੇ ਕਿ ਫਿਰ ਉਹੋ ਪਾਰਟੀਬਾਜ਼ੀ ਨੂੰ ਵਧਾਣ ਲਈ ਬਹਿਸ ਨਾ ਛਿੜ ਜਾਵੇ ਤੇ ਇਕ ਦੂਜੇ ਉੱਤੇ ਇਲਜ਼ਾਮ ਥੱਪਣੇ ਸ਼ੁਰੂ ਨਾ ਹੋ ਜਾਣ।

ਸਭ ਤੋਂ ਪਹਿਲਾਂ ਯਤਨ ਤਦ ਹੋਇਆ ਸੀ ਜਦ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸਮਝੌਤਾ ਹੋਇਆ ਸੀ, ਉਸ ਵੇਲੇ ਭੀ 12 ਸੱਜਣਾਂ ਵੱਲੋਂ ਵਿਘਣ ਪਾਣ ਦਾ ਯਤਨ ਕੀਤਾ ਗਿਆ ਸੀ। ਇਸ ਤਰ੍ਹਾਂ ਨਾਲ ਵਿਘਣ ਪਾਣ ਦੇ ਯਤਨ ਵੇਖ ਕੇ ਫਿਰ ਹਰ ਇਕ ਗੱਲ ਦਾ ਮੁਕੰਮਲ ਫੈਸਲਾ ਕੀਤਾ ਗਿਆ ਸੀ, ਜਿਸ ਵਿਚ ਬਾਵਾ ਹਰਕਿਸ਼ਨ ਸਿੰਘ ਜੀ ਫ਼ੈਸਲਾ ਕਰਨ ਵਾਲੇ ਸਨ। ਇਹ ਸਮਝੌਤਾ ਸੀ ਤੇ ਜੇ ਸਿਰੇ ਚੜ੍ਹ ਜਾਂਦਾ ਤਾਂ ਪਾਰਟੀਬਾਜ਼ੀ ਦਾ ਖਾਤਮਾ ਹੋ ਜਾਂਦਾ ਪਰ ਇਸ ਵਿਚ ਭੀ ਵਿਘਣ ਪੈ ਹੀ ਗਿਆ। ਇਸ ਦੇ ਮਗਰੋਂ 12 ਦਸੰਬਰ ਨੂੰ ਇਕ ਫ਼ੈਸਲਾ ਗੁਰਦੁਆਰਾ ਚੋਣਾਂ ਬਾਬਤ ਹੋਇਆ ਸੀ। ਇਸ ਦੀ ਕਾਮਯਾਬੀ ਭੀ ਬਹੁਤ ਕੁਝ ਪਾਰਟੀਬਾਜ਼ੀ ਮੁਕਾ ਸਕਦੀ ਸੀ, ਪਰ ਇਹ ਭੀ ਜੋੜ-ਤੋੜ ਨਾ ਚੜ੍ਹਿਆ। ਅਸੀਂ ਛੋਟੇ-ਛੋਟੇ ਅੱਡੋ-ਅੱਡਰੇ ਸਮਝੌਤਿਆਂ ਦਾ ਜ਼ਿਕਰ ਨਹੀਂ ਕਰਦੇ। ਇਹ ਤਾਂ ਪਾਰਟੀਆਂ ਦੇ ਮੁਕੰਮਲ ਸਮਝੌਤੇ ਸਨ।

ਹੁਣ ਜੇਕਰ ਨਵਾਂ ਕੋਈ ਸਮਝੌਤਾ ਹੋਵੇ ਤਾਂ ਉਹ ਭੀ ਤੋੜ ਨਹੀਂ ਚੜ੍ਹੇਗਾ ਜਦ ਤਕ ਕਿ ਇਸ ਗੱਲ ਦਾ ਪੱਕਾ ਫ਼ੈਸਲਾ ਨਾ ਹੋ ਜਾਵੇ ਕਿ ਪਿਛਲੇ ਸਮਝੌਤੇ ਤੋੜਨ ਦੀ ਜ਼ਿੰਮੇਂਵਾਰੀ ਕਿਸ ਦੇ ਸਿਰ ਹੈ। ਜੇ ਪਿਛਲੇ ਸਮਝੌਤੇ ਤੋੜਨ ਬਾਬਤ ਕਿਸੇ ਨੂੰ ਝੂਠਾ ਨਹੀਂ ਕੀਤਾ ਜਾ ਸਕਦਾ ਤਾਂ ਅਗਲੇ ਸਮਝੌਤੇ ਨੂੰ ਤੋੜਨ ਵਿਚ ਭੀ ਕਿਸੇ ਨੂੰ ਕੋਈ ਡਰ ਨਹੀਂ ਹੋ ਸਕਦਾ। ਇਹ ਠੀਕ ਹੈ ਕਿ ਕਈ ਵੇਰਾਂ ਸਮਝੌਤਾ ਤੋੜਨ ਦੀ ਜ਼ਿੰਮੇਂਵਾਰੀ ਕਿਸੇ ਪਾਸੇ ਉੱਤੇ ਸੁੱਟਣੀ ਔਖੀ ਹੋ ਸਕਦੀ ਹੈ ਤੇ ਇਸ ਲਈ ਵੱਡੀ

ਤਾਕੀਕਾਤ ਕਰਨੀ ਪੈਂਦੀ ਹੈ। ਅਜੇਹੀਆਂ ਗੱਲਾਂ ਬੇਸ਼ੱਕ ਛੱਡ ਦੇਵੋ ਪਰ ਜਿਹਨਾਂ ਸਮਝੌਤਿਆਂ ਦੇ ਤੋੜਨ ਦੀ ਜ਼ਿੰਮੇਂਵਾਰੀ ਦਾ ਫ਼ੈਸਲਾ ਪੰਜ ਮਿੰਟ ਵਿਚ ਹੋ ਸਕਦਾ ਹੈ, ਉਹਨਾਂ ਦੀ ਜ਼ਿੰਮੇਂਵਾਰੀ ਕਿਉਂ ਨਾ ਕਿਸੇ ਸਿਰ ਥੱਪੀ ਜਾਵੇ।

ਅਸੀਂ ਜਾਣਦੇ ਹਾਂ ਕਿ ਇਹ ਫ਼ੈਸਲਾ ਬਿਲਕੁਲ ਸੌਖਾ ਹੈ। ਇਸ ਦੇ ਮਗਰੋਂ ਇਕ ਸਾਲਸ ਕਮੇਟੀ ਬਣੇ, ਜੋ ਫ਼ੈਸਲਾ ਕਰ ਦੇਵੇ ਕਿ ਅਮਕੇ-ਅਮਕੇ ਆਦਮੀ ਦੇ ਪੰਥਕ ਜਥੇਬੰਦੀ ਵਿੱਚੋਂ ਪਰੇ ਹਟਣ ਨਾਲ ਹੀ ਫ਼ੈਸਲਾ ਹੋ ਸਕਦਾ ਹੈ। ਸਾਨੂੰ ਹੁਣ ਇਹ ਨਿਸਚਾ ਹੋ ਚੁੱਕਾ ਹੈ ਕਿ ਜਦ ਤਕ ਇਕ ਆਦਮੀ ਨੂੰ ਪੰਥ ਲਾਂਭੇ ਨਹੀਂ ਕਰ ਦੇਂਦਾ, ਤਦ ਤਕ ਇਹ ਪਾਰਟੀਬਾਜ਼ੀ ਨਹੀਂ ਮੁਕਦੀ। ਇਸੇ ਤਰ੍ਹਾਂ ਦੂਜੇ ਪਾਸੇ ਵਾਲਿਆਂ ਨੂੰ ਭੀ ਇਹੋ ਜਿਹੇ ਖ਼ਿਆਲ ਹੋ ਸਕਦੇ ਹਨ। ਇਸ ਕਰ ਕੇ ਅਜਿਹੇ ਸਾਲਸ ਮੁਕੱਰਰ ਹੋ ਸਕਦੇ ਹਨ, ਜੋ ਫ਼ੈਸਲਾ ਕਰ ਦੇਣ ਕਿ ਕੌਣ-ਕੌਣ ਲਾਂਭੇ ਹੋ ਜਾਵੇ ਤਾਂ ਕਿ ਪੰਥ ਦਾ ਕੰਮ ਚੰਗਾ ਚੱਲੇ, ਹੋ ਸਕਦਾ ਹੈ ਕਿ ਸਾਲਸ ਇਕ ਪਾਸੇ ਦੇ ਆਦਮੀਆਂ ਨੂੰ ਲਾਂਭੇ ਕਰ ਦੇਣਾ ਜਾਂ ਦੋਹਾਂ ਪਾਸਿਆਂ ਵਿੱਚੋਂ ਕੁਝ ਨੂੰ ਲਾਂਭੇ ਕਰ ਦੇਣ ਪਰ ਇਹ ਕੀ ਗੱਲ ਹੈ ਕਿ ਜੇ ਫ਼ੈਸਲਾ ਹੋ ਜਾਵੇ, ਉਸ ਨੂੰ ਸਿਰੇ ਚੜ੍ਹਾਉਣ ਲਈ ਸਾਰਾ ਪੰਥ ਹੀ ਜ਼ੋਰ ਲਾਵੇ, ਨਹੀਂ ਤਾਂ ਅਗਲੇ ਫ਼ੈਸਲਿਆਂ ਵਾਂਗੂੰ ਇਹ ਭੀ ਤੋੜ ਨਹੀਂ ਚੜ੍ਹੇਗਾ।

ਅਸੀਂ ਇਹ ਤਜਵੀਜ਼ ਇਸ ਕਰ ਕੇ ਕਰ ਰਹੇ ਹਾਂ ਕਿ ਸਾਨੂੰ ਨਿਸਚਾ ਹੋ ਚੁੱਕਾ ਹੈ ਕਿ ਦੋਹਾਂ ਪਾਰਟੀਆਂ ਦੇ ਆਗੂਆਂ ਵਿਚ ਕੁਝ ਅਜੇਹੇ ਹਨ ਜੋ ਕਿਸੇ ਹਾਲਤ ਵਿਚ ਭੀ ਮਿਲ ਜੁਲ ਕੇ ਕੰਮ ਨਹੀਂ ਕਰ ਸਕਦੇ। ਉਹਨਾਂ ਦੀ ਆਪੋ ਵਿਚ ਦੀ ਨਾਂ ਇਤਫ਼ਾਕੀ ਕਿਉਂ ਸਾਰੇ ਪੰਥ ਵਿਚ ਨਾਇਤਫ਼ਾਕੀ ਖਿਲਾਰੇ ?

ਬੱਸ ਇਹੋ ਇਕ ਤਜਵੀਜ਼ ਹੈ ਕਿ ਜੋ ਕਾਰਗਰ ਹੋ ਸਕਦੀ ਹੈ ਤੇ ਜੇ ਪੰਥ ਇਸ ਨੂੰ ਸਿਰੇ ਚੜ੍ਹਾਣ ਲਈ ਜ਼ੋਰ ਦੇਵੇ ਤੇ ਮਗਰੋਂ ਫ਼ੈਸਲੇ ਉੱਤੇ ਅਮਲ ਕਰਨ ਲਈ ਮਦਦ ਦੇਵੇ, ਤਾਂ ਪੰਥ ਵਿੱਚੋਂ ਪਾਰਟੀਬਾਜ਼ੀ ਨਿਕਲ ਸਕਦੀ ਹੈ ਪਰ ਜੇ ਅਜੇ ਭੀ ਪੰਥ ਨੇ ਅਣਗਹਿਲੀ ਕੀਤੀ ਤਾਂ ਇਹ ਪਾਰਟੀ ਵਧ ਜਾਏਗੀ ਤੇ ਇਸ ਤੋਂ ਭਿਆਨਕ ਨਤੀਜੇ ਨਿਕਲ ਸਕਦੇ ਹਨ।

ਇਸ ਤਰ੍ਹਾਂ ਸਾਲਸ ਮੁਕੱਰਰ ਕਰਨ ਦੀ ਤੇ ਤੋੜ ਚੜ੍ਹਨ ਦੀ ਤਜਵੀਜ਼ ਅਸੀਂ ਫਿਰ ਉਸੇ ਵੇਲੇ ਲਿਖਾਂਗੇ ਜਦ ਸਾਨੂੰ ਨਿਸਚਾ ਹੋ ਜਾਵੇਗਾ ਕਿ ਸਾਡੀ ਗੱਲ ਨੂੰ ਪੰਥ ਨੇ ਗਹੁ ਨਾਲ ਸੁਣਿਆ ਹੈ।

***

ਸਾਡੀ ਪਿੱਠ ਦੀ ਹੱਡੀ

ਸਾਡੇ ਸਰੀਰ ਵਿਚ ਦਿਲ ਇਕ ਅਜੇਹੀ ਚੀਜ਼ ਹੈ ਜੋ ਸਾਰੇ ਅੰਗਾਂ ਨੂੰ ਲਹੂ ਪੁਚਾਂਦਾ ਹੈ। ਜੇ ਦਿਲ ਬੰਦ ਹੋ ਜਾਵੇ ਤਾਂ ਉਸੇ ਘੜੀ ਸਾਰੇ ਅੰਗ ਬੇਵੱਸ ਹੋ ਜਾਂਦੇ ਹਨ। ਦੂਜੇ ਦਰਜੇ ਦਾ ਜ਼ਰੂਰੀ ਅੰਗ ਜੋ ਸਰੀਰ ਨੂੰ ਖੜਾ ਰੱਖਦਾ ਹੈ ਪਿੱਠ ਦੀ ਹੱਡੀ ਹੈ। ਜੇ ਪਿੱਠ ਦੀ ਹੱਡੀ ਟੁੱਟ ਜਾਵੇ ਤਾਂ ਸਰੀਰ ਜੀਉਂਦਾ ਰਹਿ ਸਕਦਾ ਹੈ, ਪਰ ਕਿਸੇ ਕੰਮ-ਕਾਜ ਜੋਗਾ ਨਹੀਂ ਰਹਿੰਦਾ। ਲੱਤਾਂ ਉੱਤੇ ਆਦਮੀ ਖੜਾ ਨਹੀਂ ਹੋ ਸਕਦਾ ਤੇ ਬਾਹਵਾਂ ਦਾ ਜ਼ੋਰ ਪੈ ਨਹੀਂ ਸਕਦਾ।

ਸਾਡੇ ਪੰਥਕ ਸਰੀਰ ਦੀ ਪਿੱਠ ਦੀ ਹੱਡੀ ਜਥੇਬੰਦੀ ਹੈ, ਜਿਸ ਦਾ ਅੱਜ ਕਲ੍ਹ ਦੂਜਾ ਨਾਮ ਸ਼੍ਰੋਮਣੀ ਅਕਾਲੀ ਦਲ ਹੈ। ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਬਿਨਾਂ ਪੰਥ ਦਾ ਕੋਈ ਕੰਮ-ਕਾਜ ਹੀ ਨਹੀਂ ਹੋ ਸਕਦਾ। ਸਾਡੀ ਪੋਲੀਟੀਕਲ ਕੰਮ ਲਈ ਸੈਂਟਰਲ ਸਿੱਖ ਲੀਗ ਬਣੀ ਹੋਈ ਹੈ। ਉਹ ਤੁਰ ਨਹੀਂ ਸਕਦੀ, ਜਦ ਤਕ ਕਿ ਸ਼੍ਰੋਮਣੀ ਅਕਾਲੀ ਦਲ ਸਹਾਇਤਾ ਨਾ ਕਰੇ। ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ ਤਾਂ ਇਹ ਭੀ ਸ਼੍ਰੋਮਣੀ ਅਕਾਲੀ ਦਲ ਦੇ ਆਸਰੇ ਹੀ ਹੈ। ਜੇ ਸ਼ੁੱਧੀ ਪ੍ਰਚਾਰ ਹੈ, ਤਾਂ ਸ਼੍ਰੋਮਣੀ ਅਕਾਲੀ ਦਲ ਦੀ ਸਹਾਇਤਾ ਬਿਨਾਂ ਨਹੀਂ ਹੋ ਸਕਦਾ। ਗੱਲ ਕੀ ਪੰਥ ਦੀ ਅਸਲ ਤਾਕਤ ਸ਼੍ਰੋਮਣੀ ਅਕਾਲੀ ਦਲ ਹੀ ਹੈ ਤੇ ਇਸੇ ਦੇ ਆਸਰੇ ਹੀ ਸਾਰੇ ਪੰਥਕ ਕੰਮ ਚੱਲ ਰਹੇ ਹਨ। ਇਸ ਕਰ ਕੇ ਹੀ ਅਸੀਂ ਇਸ ਨੂੰ ਪੰਥ ਦੀ ਪਿੱਠ ਦੀ ਹੱਡੀ ਸਮਝਦੇ ਹਾਂ।

ਹੁਣ ਸਮਾਂ ਆ ਪੁੱਜਾ ਹੈ ਕਿ ਜਦ ਦੇਸ਼ ਦੇ ਰਾਜ ਪ੍ਰਬੰਧ ਵਿਚ ਕਈ ਤਰ੍ਹਾਂ ਦੀਆਂ ਬਦਲੀਆਂ ਹੋਣਗੀਆਂ ਤੇ ਇਹ ਭੀ ਹੋ ਸਕਦਾ ਹੈ ਕਿ ਕਿਸੇ ਸਮੇਂ ਉੱਤੇ ਪੰਥ ਨੂੰ ਜਥੇਬੰਦੀ ਦੀ ਡਾਢੀ ਲੋੜ ਅਚਨਚੇਤ ਹੀ ਮਹਿਸੂਸ ਹੋਵੇ। ਅੱਗ ਲੱਗਿਆਂ ਖੂਹ ਨਹੀਂ ਪੁੱਟੇ ਜਾ ਸਕਦੇ। ਲੋੜ ਪੈ ਜਾਣ ਉੱਤੇ ਝਟਪਟ ਜਥੇਬੰਦੀ ਨਹੀਂ ਹੋ ਸਕਦੀ। ਅਸਲ ਗੱਲ ਤਾਂ ਇਹ ਹੈ ਕਿ ਹੁਣ ਹੀ ਜਥੇਬੰਦੀ ਨੂੰ ਵਧਾਣ ਦੀ ਲੋੜ ਭਾਸ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਮਹਾਤਮਾ ਜੀ ਨੂੰ ਪੰਜ ਹਜ਼ਾਰ ਸਿੰਘ ਝਟਪਟ ਦੇਣ ਦਾ ਭਰੋਸਾ ਦਿੱਤਾ ਹੈ। ਇਤਨੇ ਕੁਝ ਅਕਾਲੀ ਤਾਂ ਅੱਠ ਦਿਨ ਵਿਚ ਇਕੱਠੇ ਕੀਤੇ ਜਾ ਸਕਦੇ ਹਨ ਪਰ ਇਹ ਤਾਂ ਅਜੇ ਸ਼ੁਰੂ ਹੀ ਹੈ। ਇਸ ਤੋਂ ਮਗਰੋਂ ਬਹੁਤ ਸਿੰਘਾਂ ਦੀ ਲੋੜ ਪਵੇਗੀ। ਇਸ ਕਰ ਕੇ ਅਸੀਂ ਖਾਲਸਾ ਜੀ ਅੱਗੇ ਅਪੀਲ ਕਰਦੇ ਹਾਂ ਕਿ ਥਾਂ-ਥਾਂ ਅਕਾਲੀ ਜਥੇ ਬਣਾ ਲਵੋ ਤਾਂ ਆਵਣ ਲਈ ਸ਼ਾਂਤਮਈ ਜੰਗ ਲਈ ਤਿਆਰ ਹੋ ਜਾਵੋ। ਕੁਰਬਾਨੀ ਕਰਨਾ ਨਾ ਕੇਵਲ ਧਰਮ ਹੀ ਹੈ, ਸਗੋਂ ਸਾਡੇ ਧਰਮ ਦੇ ਪ੍ਰਚਾਰ

ਲਈ ਭੀ ਜ਼ਰੂਰੀ ਹੈ।

ਇਕ ਹੋਰ ਲੋੜ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਹੈ ਕਿ ਦੇਗਾਂ ਮਸਤਾਨੀਆਂ ਹਨ। ਸ਼੍ਰੋਮਣੀ ਅਕਾਲੀ ਦਲ ਕੋਲ ਰੁਪਿਆ ਨਹੀਂ। ਹੁਣ ਲੋੜ ਬਹੁਤ ਪਵੇਗੀ। ਅਕਾਲੀਆਂ ਨੂੰ ਇਕੱਠਾ ਕਰ ਕੇ ਮੋਰਚੇ ਵਿਚ ਘੱਲਣ ਲਈ ਵੀ ਖ਼ਰਚ ਆਵੇਗਾ। ਮੋਰਚੇ ਵਿਚ ਜਾਣ ਵਾਲਿਆਂ ਨੂੰ ਦੋ ਚਾਰ ਦਿਨ ਇਕੱਠਾ ਰੱਖਣ ਉੱਤੇ ਭੀ ਖ਼ਰਚ ਆਵੇਗਾ। ਪ੍ਰੋਪੇਗੰਡਾ ਉੱਤੇ ਭੀ ਖ਼ਰਚ ਆਵੇਗਾ। ਕਈ ਸੱਜਣ ਕਹਿ ਦਿੰਦੇ ਹਨ ਕਿ ਇਹ ਸਾਰਾ ਖ਼ਰਚ ਕਾਂਗਰਸ ਤੋਂ ਲੈ ਲੈਣਾ। ਉਹ ਡਾਢੀ ਭੁੱਲ ਕਰਦੇ ਹਨ। ਇਸ ਤਰ੍ਹਾਂ ਸਾਡੀ ਖ਼ੁਦਗਰਜ਼ੀ ਨੂੰ ਸਖ਼ਤ ਚੋਟ ਹੈ ਤੇ ਸਾਡੀ ਪੰਥਕ ਇੱਜ਼ਤ ਵਿਚ ਫ਼ਰਕ ਪੈਂਦਾ ਹੈ। ਸਾਨੂੰ ਸਾਰਾ ਕੰਮ ਆਪ ਸੰਭਾਲਣਾ ਚਾਹੀਦਾ ਹੈ। ਜੇ ਕੋਈ ਭੀ ਸ਼੍ਰੋਮਣੀ ਅਕਾਲੀ ਦਲ ਨੂੰ ਸਹਾਇਤਾ ਦੇਵੇ ਸਾਨੂੰ ਲੈਣ ਵਿਚ ਉਜ਼ਰ ਨਹੀਂ ਹੈ, ਪਰ ਕਾਂਗਰਸ ਨੂੰ ਜਾ ਕੇ ਇਹ ਕਹਿਣਾ ਠੀਕ ਨਹੀਂ ਹੈ ਕਿ ਸਿੱਖ ਕੌਮ ਨਿਕੰਮੀ ਹੋ ਗਈ ਹੈ ਤੇ ਸਾਨੂੰ ਮਾਯਾ ਵੀ ਸਹਾਇਤਾ ਨਹੀਂ ਮਿਲਦੀ। ਜੇ ਇਸ ਤਰ੍ਹਾਂ ਕੀਤਾ ਭੀ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਕੁਝ ਨਾ ਕੁਝ ਕਾਂਗਰਸ ਦਾ ਆਸਰਾ ਲੈਣਾ ਪਵੇਗਾ, ਜੋ ਸਾਡੀ ਜਥੇਬੰਦੀ ਨੂੰ ਪੂਰਾ ਆਜ਼ਾਦ ਨਹੀਂ ਰਹਿਣ ਦੇਵੇਗਾ। ਗੁਰਦੁਆਰਾ ਸੁਧਾਰ ਲਹਿਰ ਦੇ ਮੋਰਚਿਆਂ ਵਿਚ ਇਹੋ ਜਿਹੇ ਖ਼ਰਚ ਸ਼੍ਰੋਮਣੀ ਕਮੇਟੀ ਦਿੱਤਾ ਕਰਦੀ ਸੀ। ਸ਼੍ਰੋਮਣੀ ਕਮੇਟੀ ਨੂੰ ਭੀ ਤਾਂ ਮਾਇਆ ਪੰਥ ਵਿੱਚੋਂ ਹੀ ਆਇਆ ਕਰਦੀ ਸੀ। ਹੁਣ ਉਹੋ ਮਾਇਆ ਸਿੱਧੀ ਸ਼੍ਰੋਮਣੀ ਅਕਾਲੀ ਦਲ ਨੂੰ ਆ ਸਕਦੀ ਹੈ।

ਖਾਲਸਾ ਜੀ, ਵਿਚਾਰ ਕਰੋ ਤੇ ਝੱਟਪਟ ਆਪਣੀ ਜਥੇਬੰਦੀ ਨੂੰ ਹਰ ਪਾਸਿਓਂ ਤਕੜਾ ਕਰਨ ਉੱਤੇ ਲੱਕ ਬੰਨ੍ਹ ਲਵੋ। ਹਿੰਮਤ ਕਰੋ ਤੇ ਅੱਜ ਹੀ ਹਿੰਮਤ ਸ਼ੁਰੂ ਕਰ ਦਿਓ। ਅਕਾਲੀ ਜਥਿਆਂ ਵਿਚ ਨਵੀਂ ਭਰਤੀ ਆਰੰਭ ਦਿਓ। ਸ਼੍ਰੋਮਣੀ ਅਕਾਲੀ ਦਲ ਦੇ ਖ਼ਰਚਾਂ ਲਈ ਮਾਇਆ ਇਕੱਤਰ ਕਰ ਘੱਲੋ।

☆ ☆☆

ਧਰਮ ਯੁੱਧ

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥

ਗੁਰੂ ਸਾਹਿਬ ਨੇ ਜੋ ਲੀਹ ਦੇਸ਼ ਦੀ ਆਜ਼ਾਦੀ ਲਈ ਪਾਈ ਹੈ, ਉਹ ਨਾ ਕੇਵਲ ਕਾਮਯਾਬੀ ਲਈ ਹੀ ਜ਼ਰੂਰੀ ਹੈ, ਸਗੋਂ ਧਰਮ ਅਨੁਸਾਰ ਭੀ ਉਹੋ ਹੀ ਹੈ। ਜਦ ਭੀ ਕੋਈ ਆਜ਼ਾਦੀ ਦਾ ਜੰਗ ਸ਼ੁਰੂ ਹੁੰਦਾ ਹੈ ਤਾਂ ਅਸੀਂ ਗੁਰੂ ਸਾਹਿਬ ਤੇ ਹੋਰ ਸਿੱਖ ਬਜ਼ੁਰਗਾਂ ਦੇ ਜੀਵਨ ਉੱਤੇ ਨਜ਼ਰ ਮਾਰ ਕੇ ਉਹਨਾਂ ਦੇ ਪਾਏ ਪੂਰਨਿਆਂ ਉੱਤੇ ਤੁਰਨ ਦਾ ਯਤਨ ਕਰਦੇ ਹਾਂ : ਕਿਉਂਕਿ ਸਿੱਖ ਦਾ ਕੰਮ ਤਾਂ ਕੇਵਲ ਗੁਰੂ ਸਾਹਿਬ ਦੇ ਦੱਸੇ ਧਰਮ ਉੱਤੇ ਹੀ ਟੁਰਨਾ ਹੀ ਹੈ।

ਗੁਰੂ ਸਾਹਿਬ ਨੂੰ ਕਿਸੇ ਨਾਲ ਵੈਰ ਨਹੀਂ ਸੀ ਤੇ ਨਾ ਹੀ ਉਨ੍ਹਾਂ ਕਿਸੇ ਰਾਜ ਜਾਂ ਤਾਕਤ ਜਾਂ ਕਿਸੇ ਹੰਕਾਰ ਦੀ ਖ਼ਾਤਰ ਜੰਗ ਕੀਤੇ ਸਨ। ਦੁਨੀਆਂ ਵਿਚ ਬਹੁਤ ਜੰਗ ਹੋਏ ਹਨ, ਪਰ ਉਹਨਾਂ ਵਿਚ ਬੇਗਰਜ਼ ਧਰਮ ਯੁੱਧ ਥੋੜ੍ਹੇ ਹੀ ਹਨ। ਕੋਈ ਜੰਗ ਤਾਂ ਇਸ ਲਈ ਹੋਏ ਹਨ ਕਿ ਦੂਜੇ ਲੋਕਾਂ ਨੂੰ ਫ਼ਤਹਿ ਕਰ ਕੇ ਉਨ੍ਹਾਂ ਉੱਤੇ ਰਾਜ ਕੀਤਾ ਜਾਵੇ ਕੋਈ ਜੰਗ ਲੁੱਟ ਦੀ ਖ਼ਾਤਰ ਹੋਏ ਹਨ। ਕੋਈ ਜੰਗ ਆਕੜ ਜਾਂ ਮਸ਼ਹੂਰੀ ਲਈ ਹੋਏ ਹਨ ਤੇ ਕੋਈ ਜੰਗ ਦੂਜੀ ਕੌਮ ਨੂੰ ਤਬਾਹ ਕਰ ਕੇ ਉਹਨਾਂ ਦੀ ਥਾਂ ਆਪ ਵਸਣ ਲਈ ਹੋਏ ਹਨ ਪਰ ਮਜ਼ਲੂਮਾਂ ਦੀ ਸੇਵਾ, ਦੁਨੀਆਂ ਵਿੱਚੋਂ ਦੁੱਖ ਦੂਰ ਕਰ ਕੇ ਧਰਮ ਵਰਤਾਣ ਦੀ ਖ਼ਾਤਰ ਬਹੁਤ ਵਿਰਲੇ ਜੰਗ ਹੋਏ ਹਨ। ਧਰਮ ਯੁੱਧ ਉਸ ਨੂੰ ਕਿਹਾ ਜਾਂਦਾ ਹੈ, ਜਿਸ ਦਾ ਮੰਤਵ ਸੇਵਾ, ਉਪਕਾਰ ਤੇ ਮਜ਼ਲੂਮਾਂ ਦੀ ਖਾਤਿਰ ਆਪਾ ਵਾਰਨਾ ਹੋਵੇ। ਗੁਰੂ ਸਾਹਿਬ ਨੂੰ ਨਾ ਰਾਜ ਤੇ ਨਾ ਦੌਲਤ ਤੇ ਨਾ ਤਾਕਤ ਦੀ ਹੀ ਲੋੜ ਸੀ। ਉਹਨਾਂ ਦੀ ਤਾਕਤ ਤਾਂ ਪ੍ਰੇਮ ਹੀ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਸਰੀਰ ਇਸ ਕਰ ਕੇ ਵਾਰਿਆ ਕਿ ਉਹ ਜਾਣਦੇ ਸਨ ਕਿ ਜਦ ਤਕ ਕਿਸੇ ਮਹਾਤਮਾ ਦਾ ਸਿਰ ਨਾ ਲੱਗੇ ਹਿੰਦ ਤੋਂ ਇਹ ਕਸ਼ਟ ਦੂਰ ਨਹੀਂ ਹੋਵੇਗਾ। ਗੁਰੂ ਗੋਬਿੰਦ ਸਿੰਘ ਜੀ ਮੁਸਲਮਾਨਾਂ ਵਿਰੁੱਧ ਜੰਗ ਕਰਦੇ ਸਨ, ਪਰ ਜਦ ਭੁੱਖੇ-ਤਿਹਾਏ ਜਾਂ ਕਿਸੇ ਹੋਰ ਤਰ੍ਹਾਂ ਦੁਖੀ ਵੈਰੀਆਂ ਦੀ ਭੀ ਕੋਈ ਸੇਵਾ ਕਰਦਾ ਸੀ ਤਾਂ ਪ੍ਰਸੰਨ ਹੁੰਦੇ ਸਨ। ਗੁਰੂ ਸਾਹਿਬ ਦੇ ਮਗਰੋਂ ਸਿੱਖ ਜੰਗਲਾਂ, ਪਹਾੜਾਂ ਵਿਚ ਲੁਕੇ ਫਿਰਦੇ ਸਨ। ਇਸ ਦੁੱਖ ਦੇ ਬਦਲੇ ਉਹਨਾਂ ਨੂੰ ਕਿਸੇ ਰਾਜ ਜਾਂ ਮਾਲ ਦੀ ਆਸ ਨਹੀਂ ਸੀ। ਉਨ੍ਹਾਂ ਦੀ ਖ਼ੁਸ਼ੀ ਤਾਂ ਇਸ ਵਿਚ ਹੀ ਸੀ ਕਿ ਉਹਨਾਂ ਨੂੰ ਪਤਾ ਸੀ ਕਿ ਉਹ ਦੂਜਿਆਂ ਦੇ ਪ੍ਰੇਮ ਤੇ ਮਜ਼ਲੂਮਾਂ ਤੋਂ ਜ਼ੁਲਮ ਹਟਾਣ ਦੀ ਖ਼ਾਤਰ ਹੀ ਤਸੀਹੇ ਝੱਲ ਰਹੇ ਹਨ।

ਸਿੱਖ ਨੂੰ ਤਾਂ ਕਿਸੇ ਵਸਤੂ ਦੀ ਇੱਛਾ ਹੀ ਨਹੀਂ ਹੈ "ਰਾਜੁ ਨ ਚਾਹਉ, ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ ॥"

ਹੁਣ ਜੋ ਯੁੱਧ ਮਹਾਤਮਾ ਗਾਂਧੀ ਜੀ ਨੇ ਸ਼ੁਰੂ ਕੀਤਾ ਹੈ, ਉਹ ਭੀ ਧਰਮ ਯੁੱਧ ਹੈ; ਕਿਉਂਕਿ ਮਹਾਤਮਾ ਗਾਂਧੀ ਜੀ ਦਾ ਮੰਤਵ ਕੋਈ ਰਾਜ ਭਾਗ ਲੈਣ ਦਾ ਨਹੀਂ ਤੇ ਨਾ ਹੀ ਉਨ੍ਹਾਂ ਦੀ ਹੋਰ ਕੋਈ ਖ਼ੁਦਗਰਜ਼ੀ ਹੈ। ਇਸ ਧਰਮ ਯੁੱਧ ਵਿਚ ਸ਼ਾਮਿਲ ਹੋਣ ਵਾਲਿਓ, ਚੇਤੇ ਰੱਖੋ ਕਿ ਤੁਸਾਂ ਜ਼ੁਲਮ ਤੇ ਪਾਪ ਹਟਾਣ ਦੀ ਖ਼ਾਤਰ ਹੀ ਆਪਾ ਵਾਰਨਾ ਹੈ। ਸਾਡਾ ਅੰਗ੍ਰੇਜ਼ਾਂ ਨਾਲ ਕੋਈ ਵੈਰ ਨਹੀਂ ਹੈ ਤੇ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਵਿਚ ਧਰਮ ਦਾ ਵਾਧਾ ਸਮਝਦੇ ਹਾਂ। ਅਸੀਂ ਹਿੰਦੁਸਤਾਨ ਨੂੰ ਆਜ਼ਾਦ ਇਸ ਕਰ ਕੇ ਕਰਨਾ ਚਾਹੁੰਦੇ ਹਾਂ ਕਿ ਇਸ ਵਿਚ ਹਿੰਦੁਸਤਾਨੀਆਂ ਦਾ ਭਲਾ ਹੈ, ਇਸ ਵਿਚ ਅੰਗ੍ਰੇਜ਼ਾਂ ਦਾ ਭਲਾ ਹੈ ਤੇ ਇਸੇ ਵਿਚ ਸਾਰੀ ਦੁਨੀਆਂ ਦਾ ਭਲਾ ਹੈ। ਹਿੰਦੁਸਤਾਨ ਦੇ ਆਜ਼ਾਦ ਹੋਣ ਨਾਲ ਹਿੰਦੁਸਤਾਨ ਵਿੱਚੋਂ ਭੁੱਖ ਦੂਰ ਹੋਵੇਗੀ, ਲੋਕਾਂ ਦੇ ਸੁਭਾਅ ਭੈ ਤੇ ਬੁਜ਼ਦਿਲੀ ਤੋਂ ਸਾਫ਼ ਹੋਣਗੇ, ਨਾਲ ਹੀ ਅੰਗ੍ਰੇਜ਼ਾਂ ਵਿੱਚੋਂ ਹੰਕਾਰ, ਨਖਰਾ ਅਯਾਸ਼ੀ ਤੇ ਖ਼ੁਦਗਰਜ਼ੀ ਘਟੇਗੀ। ਬਾਕੀ ਸਾਰੀ ਦੁਨੀਆਂ ਵਿੱਚੋਂ ਭੀ ਲੜਾਈ ਦਾ ਖਤਰਾ ਘਟੇਗਾ। ਇਸ ਵੇਲੇ ਹਿੰਦੁਸਤਾਨ ਨੂੰ ਗੁਲਾਮ ਵੇਖ ਕੇ ਬਾਕੀ ਦੇਸ਼ ਅੰਗ੍ਰੇਜ਼ਾਂ ਨਾਲ ਈਰਖਾ ਕਰਦੇ ਹਨ ਤੇ ਨਾਲ ਹੀ ਦੂਜੀ ਕੌਮ ਉੱਤੇ ਰਾਜ ਕਰਦੀ ਭੈੜੀ ਮਿਸਾਲ ਕਾਇਮ ਹੈ।

ਅਸੀਂ ਮਜ਼ਲੂਮਾਂ ਤੇ ਗੁਲਾਮਾਂ ਨੂੰ ਬਚਾਣ ਲਈ; ਜਾਲਮਾਂ ਤੇ ਹੰਕਾਰੀਆਂ ਦੇ ਮਨ ਇਹਨਾਂ ਪਾਪਾਂ ਤੋਂ ਸਾਫ਼ ਕਰਨ ਲਈ ਤੇ ਦੁਨੀਆਂ ਵਿੱਚੋਂ ਈਰਖਾ ਦ੍ਵੈਸ਼ ਘਟਾਣ ਲਈ ਆਪਾ ਵਾਰਨਾ ਹੈ। ਇਹ ਧਰਮ ਯੁੱਧ ਹੈ ਅਤੇ ਠੀਕ ਸਿੱਖੀ ਅਨੁਸਾਰ ਹੈ। ਇਸ ਯੁੱਧ ਵਿਚ ਆਪਾ ਆਹੁੱਤੀ ਦੇਣ ਵਾਲੇ ਗੁਰੂ ਕੇ ਸਿੱਖੋ ! ਨਿੱਤਰੋ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਰਉਪਕਾਰੀ ਦੇ ਨਾਮ ਦਾ ਡੰਕਾ ਦੁਨੀਆਂ ਵਿਚ ਵਜਾ ਦਿਓ।

✲ ✲ ✲

ਪੰਜਾਬੀਓ ! ਕਿਸ ਉਡੀਕ ਵਿਚ ਹੋ ?

ਸਾਨੂੰ ਨਿਸਚਾ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਵਿਚ ਪੰਜਾਬ ਦੂਜੇ ਸੂਬਿਆਂ ਨਾਲੋਂ ਵਧ ਕੇ ਹਿੱਸਾ ਲਵੇਗਾ। ਇਹ ਕਿਹਾ ਜਾਂਦਾ ਸੀ ਕਿ ਪੰਜਾਬੀ, ਸ਼ਾਂਤਮਈ ਜੰਗ ਨਹੀਂ ਲੜ ਸਕਣਗੇ। ਫਿਰ ਪੰਜਾਬੀਆਂ ਵਿੱਚੋਂ ਭੀ ਸਿੱਖਾਂ ਉੱਤੇ ਸ਼ੱਕ ਖ਼ਾਸ ਕੀਤਾ ਜਾਂਦਾ ਸੀ। ਜਦ ਸੰਨ 1920 ਵਿਚ ਮਹਾਤਮਾ ਗਾਂਧੀ ਜੀ ਲਾਹੌਰ ਸੈਂਟਰਲ ਸਿੱਖਲੀਗ ਦੇ ਸਮਾਗਮ ਉੱਤੇ ਆਏ ਸਨ ਤਾਂ ਉਹਨਾਂ ਨੂੰ ਭੀ ਇਹ ਗੱਲ ਕਹੀ ਗਈ ਸੀ ਕਿ ਸਿੱਖ ਸ਼ਾਂਤਮਈ ਨਹੀਂ ਰਹਿ ਸਕਣਗੇ। ਮਹਾਤਮਾ ਜੀ ਨੇ ਇਹ ਗੱਲ ਸਿੱਖਲੀਗ ਦੇ ਖੁਲ੍ਹੇ ਸਮਾਗਮ ਵਿਚ ਕਹਿ ਦਿੱਤੀ ਸੀ ਕਿ ਨਾਲ ਹੀ ਅਪੀਲ ਕੀਤੀ ਸੀ ਕਿ ਅਸ਼ਾਂਤਮਈ ਜੰਗ ਤਦ ਹੀ ਜਾਇਜ਼ ਹੈ ਜੇ ਕੋਈ ਗੁਰੂ ਗੋਬਿੰਦ ਸਿੰਘ ਵਰਗਾ ਆਗੂ ਮਿਲੇ। ਉਹਨਾਂ ਦਾ ਭਾਵ ਇਹ ਸੀ ਕਿ ਕੋਈ ਅਜੇਹਾ ਆਗੂ ਮਿਲੇ ਜੋ ਜੰਗ ਵਿਚ ਭੀ ਗੁੱਸੇ ਨੂੰ ਬੁਗਜ਼ ਦਾ ਅਸਰ ਨਾ ਹੋਣ ਦੇਵੇ।

ਉਹਨਾਂ ਦਿਨਾਂ ਵਿਚ ਹੀ ਸਾਡੇ ਇਕ ਮਾਣਯੋਗ ਆਗੂ ਨੇ ਕਿਹਾ ਸੀ ਕਿ ਸਿੱਖ ਤਾਂ ਸੁੱਕਾ ਬਰੂਦ ਹਨ, ਜੋ ਥੋੜ੍ਹੀ ਜਿਹੀ ਚੰਗਾਰ ਨਾਲ ਭੀ ਭੜਕ ਉਠਣਗੇ। ਇਸ ਉੱਤੇ ਸਿੱਖਾਂ ਨੇ ਬਹੁਤ ਰੋਸ ਕੀਤਾ ਸੀ, ਫਿਰ ਭੀ ਬਹੁਤ ਲੋਕੀਂ ਅਜੇਹੇ ਸਨ, ਜੋ ਸਿੱਖਾਂ ਨੂੰ ਇਕ ਸੁੱਕਾ ਬਰੂਦ ਹੀ ਸਮਝਦੇ ਸਨ। ਮਗਰੋਂ ਸਿੱਖਾਂ ਨੇ ਸਾਬਤ ਕਰ ਦਿੱਤਾ ਕਿ ਲੋਕਾਂ ਦਾ ਇਹ ਖ਼ਿਆਲ ਬਿਲਕੁਲ ਗ਼ਲਤ ਹੈ। ਸਚੀ ਗੱਲ ਤਾਂ ਇਹ ਹੈ ਕਿ ਲੜ ਉਹੋ ਸਕਦਾ ਹੈ ਜੋ ਆਪ ਮਰਨ ਨੂੰ ਤਿਆਰ ਹੋਵੇ। ਜੋ ਆਦਮੀ ਆਪਣੀ ਜਾਨ ਬਚਾਣਾ ਚਾਹੇ ਜਾਂ ਦੁਖ ਵਿਚ ਪੈਣੋਂ ਬਚਣਾ ਚਾਹੇ, ਉਹ ਦੂਜੇ ਨਾਲ ਲੜ ਨਹੀਂ ਸਕਦਾ। ਜਿਹੜਾ ਆਪ ਮੌਤ ਤੋਂ ਡਰਦਾ ਹੈ, ਉਹ ਕਸਾਈ ਵਾਂਗੂੰ ਦੂਜੇ ਨੂੰ ਕਤਲ ਤਾਂ ਕਰ ਸਕਦਾ ਹੈ, ਪਰ ਸਾਹਮਣੇ ਹੋ ਕੇ ਦੂਜੇ ਨਾਲ ਬਹਾਦਰਾਂ ਵਾਂਗੂੰ ਲੜ ਨਹੀਂ ਸਕਦਾ। ਬਹਾਦਰੀ ਤਾਂ ਆਪਣੀ ਜਾਨ ਦੀ ਪ੍ਰਵਾਹ ਕਰਨ ਵਿਚ ਹੀ ਹੈ ਤੇ ਇਹ ਅਸ਼ਾਂਤਮਈ ਤੇ ਸ਼ਾਂਤਮਈ ਦੋਹਾਂ ਵਿਚ ਸ਼ਾਂਝੀ ਹੈ। ਅਸੀਂ ਸਿੰਘਾਂ ਤੇ ਪੰਜਾਬੀਆਂ ਨੂੰ ਬਹਾਦਰ ਸਮਝਦੇ ਹਾਂ ਤੇ ਇਸੇ ਕਰ ਕੇ ਆਸ ਕਰਦੇ ਹਾਂ ਕਿ ਕਿਸੇ ਦੂਜੇ ਸੂਬੇ ਤੋਂ ਪਿੱਛੇ ਨਹੀਂ ਰਹਿਣਗੇ।

ਸਿੱਖ ਤੇ ਪੰਜਾਬੀ ਬਹਾਦਰੀ ਵਿਚ ਮਸ਼ਹੂਰ ਹਨ, ਪਰ ਇਸ ਬਹਾਦਰੀ ਦੀ ਭੀ ਜਦ ਤੱਕ ਕੋਈ ਖ਼ਾਸ ਜਥੇਬੰਦੀ ਨਾ ਹੋਵੇ, ਕੋਈ ਕਾਮਯਾਬੀ ਨਹੀਂ ਹੋ ਸਕਦੀ। ਇਸ ਵੇਲੇ ਤਾਂ ਇਕ ਸੂਬੇ ਵਿਚ ਜੰਗ ਕੌਂਸਲਾਂ ਬਣ ਗਈਆਂ ਹਨ ਪਰ ਪੰਜਾਬ ਅਜੇ ਤਕ ਜਥੇਬੰਦੀ ਵਿਚ ਦੂਜੇ ਸੂਬਿਆਂ ਨਾਲੋਂ ਬਹੁਤ ਪਿੱਛੇ ਹੈ। ਇਹ ਠੀਕ ਹੈ ਪੰਜਾਬ ਕਾਂਗਰਸ

ਨੇ ਇਹ ਕੰਮ ਆਪਣੀ ਵਰਕਿੰਗ ਕਮੇਟੀ ਦੇ ਸਪੁਰਦ ਕਰ ਦਿੱਤਾ ਹੈ ਪਰ ਅਜੇ ਤਕ ਕੋਈ ਖ਼ਾਸ ਜੋਸ਼ ਉਠਿਆ ਹੈ। ਸਾਡਾ ਇਹ ਭਾਵ ਨਹੀਂ ਹੈ ਕਿ ਪੰਜਾਬ ਵਿਚ ਕੋਈ ਜੋਸ਼ ਨਹੀਂ ਹੈ। ਸਗੋਂ ਸਾਨੂੰ ਪਤਾ ਹੈ ਕਿ ਪੰਜਾਬ ਦੇ ਆਮ ਲੋਕਾਂ ਵਿਚ ਬਹੁਤ ਜੋਸ਼ ਹੈ, ਪਰ ਇਸ ਜੋਸ਼ ਨੂੰ ਜਥੇਬੰਦ ਕਰਨ ਦੀ ਲੋੜ ਹੈ। ਮਹਾਤਮਾ ਗਾਂਧੀ ਜੀ ਛੇਤੀ ਹੀ ਗ੍ਰਿਫ਼ਤਾਰ ਹੋਣ ਵਾਲੇ ਹਨ। ਕਈ ਲੋਕੀਂ ਕਹਿੰਦੇ ਹਨ ਕਿ ਮਹਾਤਮਾ ਜੀ ਨੂੰ ਛੇਤੀ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ ਪਰ ਇਹ ਅਸੰਭਵ ਜਾਪਦਾ ਹੈ। ਮਹਾਤਮਾ ਜੀ ਨੇ ਤਾਂ ਹੁਣ ਸਰਕਾਰ ਨੂੰ ਸਾਹ ਨਹੀਂ ਲੈਣ ਦੇਣਾ। ਭਾਵੇਂ ਉਹ ਜੇਲ੍ਹ ਵਿਚ ਹੋਣ ਤੇ ਭਾਵੇਂ ਬਾਹਰ, ਹੁਣ ਇਹ ਘਮਸਾਣ ਜਾਰੀ ਰਹੇਗਾ। ਇਸ ਦੇ ਮੁੱਕਣ ਦਾ ਇਕੋ ਰਾਹ ਹੈ, ਜੋ ਅੰਗ੍ਰੇਜ਼ ਕੌਮ ਅਜੇ ਫੜਨ ਨੂੰ ਤਿਆਰ ਨਹੀਂ ਹੋ ਸਕਦੀ। ਇਸ ਵਾਸਤੇ ਇਹ ਨਿਸ਼ਚਾ ਕਰ ਲਵੋ ਕਿ ਵੱਡਾ ਘਮਸ਼ਾਣ ਸ਼ੁਰੂ ਹੋ ਗਿਆ ਹੈ ਤੇ ਇਸ ਦੀ ਤਿਆਰੀ ਵਿਚ ਹੁਣ ਢਿਲ ਕਰਨੀ ਲੀਡਰਾਂ ਵੱਲੋਂ ਇਕ ਜ਼ੁਰਮ ਹੈ ਤੇ ਜੋ ਉਹਨਾਂ ਨੂੰ ਕਦੇ ਮਾਫ਼ ਨਹੀਂ ਕੀਤਾ ਜਾਵੇਗਾ।

ਅਸੀਂ ਇਸ ਤੋਂ ਪਹਿਲਾਂ ਭੀ ਆਪਣੀ ਰਾਏ ਪ੍ਰਗਟ ਕਰ ਚੁੱਕੇ ਹਾਂ ਕਿ ਇਕ ਅਜੇਹੀ ਕਮੇਟੀ ਬਣਾਈ ਜਾਏ, ਜਿਸ ਵਿਚ ਹਰ ਪਾਰਟੀ ਦੇ ਸੱਜਣ ਹੋਣ, ਕਿਉਂਕਿ ਜੰਗ ਵੇਲੇ ਸਭ ਦੀ ਏਕਤਾ ਹੋਣੀ ਬਹੁਤ ਹੀ ਜ਼ਰੂਰੀ ਹੈ। ਅਜੇਹੀ ਕਮੇਟੀ ਬਣਾ ਕੇ ਇਸ ਜੰਗ ਆਜ਼ਾਦੀ ਲਈ ਇਕ ਸ਼੍ਰੋਮਣੀ ਆਜ਼ਾਦੀ ਦਲ ਬਣਾਇਆ ਜਾਏ, ਜਿਸ ਦੀ ਵਰਦੀ ਵਿਚ ਸਿਰ ਦੀ ਪਗੜੀ ਕਾਲੀ ਹੋਵੇ। ਇਸ ਦਲ ਦਾ ਮੰਤਵ ਇਹ ਆਜ਼ਾਦੀ ਦੀ ਸ਼ਾਂਤਮਈ ਲੜਾਈ ਲੜਨਾ ਹੀ ਹੋਵੇ ਤੇ ਇਹ ਹੋਰ ਕਿਸੇ ਕੰਮ ਵਿਚ ਨਾ ਪਵੇ।

ਐ ਪੰਜਾਬੀ ਲੀਡਰੋ, ਸੁਣੋ ਆਪਣਾ ਫ਼ਰਜ਼ ਪਛਾਣੋ। ਹੁਣ ਸੌਣ ਦਾ ਸਮਾਂ ਨਹੀਂ ਹੈ। ਉਠੋ ਲੱਕ ਬੰਨੋ ਤੇ ਇਕ ਹਲੂਣਾ ਪੰਜਾਬ ਨੂੰ ਦੇ ਦਿਓ।

☆ ☆ ☆

ਕੇਵਲ ਕੁਰਬਾਨ ਹੋਣ ਵਾਲੇ ਹੀ ਨਿੱਤਰੋ!

ਜਦ ਜ਼ੋਰ ਦਾ ਹੜ ਆਉਂਦਾ ਹੈ ਤਾਂ ਉਸ ਵਿਚ ਪੱਥਰ ਭੀ ਤਰ ਪੈਂਦੇ ਹਨ। ਇਸੇ ਤਰ੍ਹਾਂ ਜਦ ਕੋਈ ਲਹਿਰ ਚਲਦੀ ਹੈ ਤਾਂ ਮਾੜੇ ਆਦਮੀ ਭੀ ਚੰਗਾ ਕੰਮ ਤੇ ਚੰਗੀ ਕੁਰਬਾਨੀ ਕਰ ਦਿੰਦੇ ਹਨ ਪਰ ਕਿਸੇ ਲਹਿਰ ਦੀ ਅਸਲ ਤਾਕਤ ਉਹੋ ਨੇਕ ਆਦਮੀ ਹੁੰਦੇ ਹਨ, ਜਿਹਨਾਂ ਦਾ ਨਿਸ਼ਚਾ ਅਡੋਲ ਹੁੰਦਾ ਹੈ ਤੇ ਜੋ ਖ਼ੁਦਗਰਜ਼ੀ ਨੂੰ ਵਿੱਚੋਂ ਕੱਢ ਕੇ ਕੇਵਲ ਅਸੂਲ ਦੀ ਲੜਾਈ ਹੀ ਲੜਦੇ ਹਨ। ਹੁਣ ਮਹਾਤਮਾ ਗਾਂਧੀ ਜੀ ਅਡੋਲ ਨਿਸਚੇ ਨਾਲ ਆਪਣੀ ਕੁਰਬਾਨੀ ਦੇਣ ਨਿਕਲੇ ਹਨ। ਹੁਣ ਉਹਨਾਂ ਦਾ ਅੰਗਰੇਜ਼ਾਂ ਨਾਲ ਕੋਈ ਵੈਰ ਨਹੀਂ ਹੈ। ਉਹ ਅੰਗਰੇਜ਼ਾਂ ਤੋਂ ਕੋਈ ਬਦਲਾ ਨਹੀਂ ਲੈਣਾ ਚਾਹੁੰਦੇ। ਉਹ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਅਸੂਲਾਂ ਉੱਤੇ ਹੀ ਤੁਰਨ ਦਾ ਯਤਨ ਕਰ ਰਹੇ ਹਨ। ਅੰਗ੍ਰੇਜ਼ੀ ਰਾਜ ਨੂੰ ਹਟਾਣ ਦੇ ਯਤਨ ਵਿਚ ਭੀ ਉਹਨਾਂ ਦਾ ਅੰਗ੍ਰੇਜ਼ਾਂ ਨਾਲ ਕੋਈ ਵੈਰ ਨਹੀਂ ਹੈ।

ਇਸ ਸ਼ਾਂਤਮਈ ਜੰਗ ਵਿਚ ਮਹਾਤਮਾ ਦੇ ਖ਼ਿਆਲਾਂ ਵਾਲੇ ਹੀ ਨਿੱਤਰ ਸਕਦੇ ਹਨ। ਸਾਡਾ ਭਾਵ ਇਹ ਹੈ ਕਿ ਜੋ ਸੱਜਣ ਆਪਾ ਵਾਰਨ ਨੂੰ ਤਿਆਰ ਹਨ, ਉਹੋ ਹੀ ਨਿੱਤਰਨ। ਇਹ ਨਾ ਭੁਲੇਖੇ ਖਾਣਾ ਕਿ ਇਸ ਵਿਚ ਹਿੱਸਾ ਲੈਣ ਵਾਲੇ ਕਿਸੇ ਨੂੰ ਲਾਭ ਪੁੱਜੇਗਾ। ਹਿੰਦੁਸਤਨੀਆਂ ਨੂੰ ਲਾਭ ਤਾਂ ਜ਼ਰੂਰ ਪੁੱਜੇਗਾ, ਪਰ ਉਹਨਾਂ ਨੂੰ ਜੋ ਜੀਉਂਦੇ ਰਹਿਣਗੇ, ਜਾਂ ਇਸ ਕੁਰਬਾਨੀ ਵਿਚ ਹਿੱਸਾ ਨਹੀਂ ਪਾਣਗੇ। ਕੁਰਬਾਨੀ ਕਰਨ ਵਾਲਿਆਂ ਨੂੰ ਤਾਂ ਸਦਾ ਲਾਭ ਕੁਰਬਾਨੀ ਦਾ ਹੀ ਮਿਲਦਾ ਹੈ। ਇਹ ਹੋ ਸਕਦਾ ਹੈ ਕਿ ਇਕ ਅੱਧ ਕੁਰਬਾਨੀ ਕਰਨ ਵਾਲੇ ਨੂੰ ਭੀ ਕੋਈ ਦੁਨਿਆਵੀ ਲਾਭ ਪੁੱਜ ਜਾਵੇ ਪਰ ਆਮ ਤਰੀਕਾ ਇਹੋ ਹੀ ਹੈ ਕਿ ਕੁਰਬਾਨੀ ਕਰਨ ਵਾਲੇ ਕੁਰਬਾਨ ਹੋ ਜਾਂਦੇ ਹਨ ਤੇ ਉਹਨਾਂ ਦੀ ਕੁਰਬਾਨੀ ਦਾ ਫਲ ਦੂਜੇ ਮਜ਼ਲੂਮਾਂ ਨੂੰ ਮਿਲਦਾ ਹੈ। ਨੀਹਾਂ ਵਿਚ ਕੁੱਟੀਆਂ ਜਾਣ ਵਾਲੀਆਂ ਇੱਟਾਂ ਦੇ ਆਸਰੇ ਹੀ ਮਹਿਲ ਚੜ੍ਹਦੇ ਹਨ ਪਰ ਉਹ ਨੀਹਾਂ ਵਿਚ ਕੁੱਟੀਆਂ ਗਈਆਂ ਇੱਟਾਂ ਆਪਣਾ ਆਪ ਵੀ ਗਵਾ ਲੈਂਦੀਆਂ ਹਨ। ਇਸ ਵੇਲੇ ਨੀਹਾਂ ਵਿਚ ਕੁੱਟੇ ਜਾਣ ਵਾਲੇ ਸੱਜਣ ਨਿੱਤਰਨ। ਉਹਨਾਂ ਦੀ ਇਸ ਕੁਰਬਾਨੀ ਦੇ ਆਸਰੇ ਜੋ ਪੱਕਾ ਤੇ ਸ਼ਾਨਦਾਰ ਮਹੱਲ ਚੜ੍ਹੇਗਾ, ਉਸ ਵਿਚ ਹੋਰ ਵੱਸਣਗੇ। ਸਾਡਾ ਨਿਸ਼ਾਨਾ ਕੁਰਬਾਨ ਹੋਣਾ ਹੈ। ਜਿਸ ਦਾ ਭਾਵ ਇਹ ਹੈ ਕਿ ਸਾਡੇ ਇਸ ਕੰਮ ਦਾ ਫਲ ਕਿਸੇ ਹੋਰ ਨੂੰ ਮਿਲੇ। ਜੋ ਕੁਰਬਾਨੀ ਕਿਸੇ ਫਲ ਲਈ ਕੀਤੀ ਜਾਂਦੀ ਹੈ, ਉਹ ਕੁਰਬਾਨੀ ਨਹੀਂ ਹੁੰਦੀ ਤੇ ਉਸ ਦਾ ਫਲ ਭੀ ਚੰਗਾ ਨਹੀਂ ਨਿਕਲਦਾ ਹੈ।

ਅਸੀਂ ਜਾਣਦੇ ਹਾਂ ਕਿ ਕਿਸੇ ਜ਼ੋਰ ਵਾਲੀ ਲਹਿਰ ਨੂੰ ਪੂਰਾ ਪਵਿੱਤਰ ਰੱਖਣਾ

ਬਹੁਤ ਅਸੰਭਵ ਹੈ। ਕਈ ਘੱਟ ਸਮਝ ਵਾਲੇ ਆਦਮੀ ਚੌਧਰ ਲੈਣ ਨੂੰ ਆ ਪੈਂਦੇ ਹਨ ਤੇ ਦੂਰ ਦੀ ਨਹੀਂ ਸੋਚਦੇ ਕਿ ਅੱਗੋਂ ਕੀ ਨਤੀਜ਼ੇ ਨਿਕਲਣਗੇ। ਮਗਰੋਂ ਜਦ ਕਈ ਤਰ੍ਹਾਂ ਦੇ ਦੁੱਖ ਤੇ ਨੁਕਸਾਨ ਹੁੰਦੇ ਹਨ ਤਾਂ ਦੂਜਿਆਂ ਦੇ ਸਿਰ ਦੋਸ਼ ਥੱਪਣ ਲੱਗ ਜਾਂਦੇ ਹਨ। ਸਾਨੂੰ ਇਕ ਵੱਡੇ ਅਕਾਲੀ ਆਗੂ ਦਾ ਪਤਾ ਹੈ : ਜਦ ਉਸ ਦੀ ਚੌਧਰ ਨੂੰ ਧੱਕਾ ਪੁਜਦਾ ਨਜ਼ਰ ਆਇਆ ਤੇ ਜਿਸ ਲਾਲਚ ਨੂੰ ਉਸ ਕੁਰਬਾਨੀ ਕੀਤੀ ਸੀ ਉਹ ਪੂਰੀ ਹੁੰਦੀ ਨਜ਼ਰ ਨਾ ਆਈ ਤਾਂ ਲਾਹੌਰ ਕਿਲ੍ਹੇ ਵਿਚ ਰੋ ਪਿਆ ਤੇ ਕਹਿਣ ਲਗਾ ਕਿ "ਮੈਂ ਤੁਹਾਡੇ ਵਿਚ ਆ ਕੇ ਕੀ ਲਿਆ ਹੈ? ਮੈਂ ਤਾਂ ਇੱਜ਼ਤ ਭੀ ਗਵਾਈ ਤੇ ਦੌਲਤ ਭੀ ਗਵਾਈ। ਮੈਂ ਉਧਰੋਂ ਭੀ ਗਿਆ ਤੇ ਇਧਰੋਂ ਭੀ ਗਿਆ। ਵੇਖੋ ਸਰਦਾਰ................ਸਿੰਘ ਸੌ ਮੁਰੱਬਾ ਲੈ ਗਿਆ ਹੈ ਤੇ ਮੈਂ ਤੁਹਾਡੇ ਵਿਚ ਰਲ ਕੇ ਕੰਗਾਲ ਹੋ ਗਿਆ ਹਾਂ, ਮੇਰਾ ਵਾਲ-ਵਾਲ ਕਰਜ਼ੇ ਨਾਲ ਬੱਧਾ ਗਿਆ ਹੈ................ਆਦਿਕ।" ਸੋ ਇਸ ਤਰ੍ਹਾਂ ਦੀਆਂ ਆਸਾਂ ਰੱਖ ਕੇ ਇਸ ਸ਼ਾਂਤਮਈ ਜੰਗ ਵਿਚ ਸ਼ਾਮਲ ਹੋਣ ਵਾਲਿਓ ਬਚ ਜਾਓ। ਇਥੇ ਤਾਂ ਕੇਵਲ ਕੁਰਬਾਨੀ ਹੀ ਕਰਨੀ ਹੈ ਤੇ ਇਸ ਦਾ ਫਲ ਕੇਵਲ ਕੁਰਬਾਨ ਆਪ ਹੀ ਹੋਣਾ ਹੈ। ਸਸਤੀ ਚੌਧਰ ਨਾ ਸਮਝੋ ਤੇ ਨਾ ਹੀ ਇਹ ਖ਼ਿਆਲ ਕਰੋ ਕਿ ਛੇਤੀ ਕਾਮਯਾਬੀ ਹੋ ਜਾਵੇਗੀ ਤੇ ਸਵਰਾਜ ਵਿਚ ਤੁਹਾਨੂੰ ਗੱਫਾ ਮਿਲ ਜਾਵੇਗਾ। ਇਸ ਨੀਅਤ ਨਾਲ ਕੁਰਬਾਨੀ ਕਰਨ ਵਾਲੇ ਇਸ ਲਹਿਰ ਵਿਚ ਵਿਘਣ ਸਾਬਤ ਹੋਣਗੇ। ਇਸ ਵਾਸਤੇ ਅਸੀਂ ਉਹਨਾਂ ਅੱਗੇ ਬੇਨਤੀ ਕਰਦੇ ਹਾਂ ਕਿ ਨਾ ਉਹ ਆਪਣਾ ਨੁਕਸਾਨ ਕਰਨ ਤੇ ਨਾ ਉਹ ਇਸ ਲਹਿਰ ਨੂੰ ਕਮਜ਼ੋਰ ਕਰਨ। ਇਸ ਵਿਚ ਤਾਂ ਕੇਵਲ ਉਹੋ ਸ਼ਾਮਲ ਹੋਣ ਜੋ ਆਪਣਾ ਆਪ ਦੂਜਿਆਂ ਦੀ ਸੇਵਾ ਦੀ ਖ਼ਾਤਰ ਕੁਰਬਾਨ ਕਰਨਾ ਚਾਹੁੰਦੇ ਹਨ।

✲ ✲ ✲

ਇਸ ਵੇਲੇ ਸਭ ਤੋਂ ਚੰਗਾ ਇਲਾਜ ਸ਼ਾਂਤਮਈ ਸਤਿਆਗ੍ਰਹਿ ਹੀ ਹੈ

ਮਹਾਤਮਾ ਗਾਂਧੀ ਜੀ ਦੇ ਸਤਿਆਗ੍ਰਹਿ ਸ਼ੁਰੂ ਕਰਨ ਉੱਤੇ ਲੋਕਾਂ ਵਿਚ ਕਈ ਤਰ੍ਹਾਂ ਦੀਆਂ ਵਿਚਾਰਾਂ ਹੋ ਰਹੀਆਂ ਹਨ, ਜੋ 1921 ਵਿਚ ਨਹੀਂ ਸਨ। ਉਸ ਵੇਲੇ ਮਹਾਤਮਾ ਗਾਂਧੀ ਜੀ ਨੇ ਹੁਣ ਵਾਂਗੂ ਪਹਿਲਾਂ ਆਪ ਅੱਗੇ ਹੋ ਕੇ ਤੇ ਇਹ ਪ੍ਰਣ ਕਰ ਕੇ ਕਿ ਆਜ਼ਾਦੀ ਲਏ ਬਿਨਾਂ ਆਸ਼ਰਮ ਵਿਚ ਮੁੜ ਕੇ ਨਹੀਂ ਆਵਾਂਗੇ, ਕੰਮ ਸ਼ੁਰੂ ਨਹੀਂ ਕੀਤਾ ਸੀ। ਹੁਣ ਜਿਸ ਦ੍ਰਿੜ ਇਰਾਦੇ ਨਾਲ ਮਹਾਤਮਾ ਗਾਂਧੀ ਨੇ ਕੰਮ ਸ਼ੁਰੂ ਕੀਤਾ ਹੈ, ਉਹੋ ਦ੍ਰਿੜ ਇਰਾਦਾ ਹੋਰ ਕੰਮ ਕਰਨ ਵਾਲਿਆਂ ਵਿਚ ਵੀ ਹੈ। ਬਹੁਤ ਸੱਜਣ ਹਨ ਜੋ ਇਹ ਮਿਥੀ ਬੈਠੇ ਹਨ ਕਿ ਜਾਂ ਤਾਂ ਆਜ਼ਾਦੀ ਲੈ ਲੈਣੀ ਹੈ ਜਾਂ ਆਪ ਇਸ ਸ਼ਾਂਤਮਈ ਜੰਗ ਵਿਚ ਅਹੁੱਤੀ ਹੋ ਜਾਣਾ ਹੈ।

ਇਕ ਪਾਸੇ ਇਸ ਤਰ੍ਹਾਂ ਦਾ ਦ੍ਰਿੜ ਇਰਾਦਾ ਹੈ ਦੂਜੇ ਪਾਸੇ ਅਜੇ ਫ਼ਿਰਕੇਦਾਰੀ ਕਾਇਮ ਹੈ ਤੇ ਤੀਜੇ ਪਾਸੇ ਅਸ਼ਾਂਤਮਈ ਦਾ ਹਰ ਵੇਲੇ ਖਤਰਾ ਨਜ਼ਰ ਆ ਰਿਹਾ ਹੈ। ਇਸ ਕਰ ਕੇ ਕਈ ਸੱਜਣ ਇਹ ਡਰ ਮਹਿਸੂਸ ਕਰ ਰਹੇ ਹਨ ਕਿ ਇਸ ਸ਼ਾਂਤਮਈ ਜੰਗ ਵਿਚ ਸਰਕਾਰ ਤਾਂ ਕਮਜ਼ੋਰ ਹੋ ਜਾਏਗੀ ਪਰ ਨਤੀਜਾ ਬਦਅਮਨੀ ਨਿਕਲੇਗਾ। ਫ਼ਿਰਕੇਦਾਰੀ ਦੇ ਹੁੰਦਿਆਂ ਆਪੋ ਵਿਚ ਇਤਫਾਕ ਨਾਲ ਵਸਣਾ ਨਾ ਮੁਮਕਿਨ ਹੈ। ਫਿਰ ਜੇ ਇਸੇ ਸਿਲਸਿਲੇ ਵਿਚ ਜਾਂ ਇਸ ਸਿਲਸਿਲੇ ਵਿਚ ਵਿਘਣ ਪੈਣ ਉੱਤੇ ਦੇਸ਼ ਵਿਚ ਬੰਬਬਾਜ਼ੀ ਬਹੁਤ ਵਧ ਗਈ ਤਾਂ ਹੋ ਸਕਦਾ ਹੈ ਸਾਰੇ ਦੇਸ਼ ਵਿਚ ਅਜੇਹੀ ਬਦਅਮਨੀ ਹੋ ਜਾਵੇ ਜੋ ਫਿਰ ਛੇਤੀ ਨਾਲ ਸੰਭਾਲੀ ਹੀ ਨਾ ਜਾ ਸਕੇ।

ਇਹ ਡਰ ਸੱਚੇ ਹਨ ਪਰ ਦਸੋ ਹੋਰ ਹੋਵੇ ਵੀ ਕੀ ? ਫ਼ਿਰਕੇਦਾਰੀ ਨੂੰ ਹਟਾਣ ਲਈ ਸਭ ਤੋਂ ਚੰਗਾ ਤਰੀਕਾ ਇਕੱਠੇ ਹੋ ਕੇ ਕੁਰਬਾਨੀ ਕਰਨ ਦਾ ਹੈ। ਫ਼ਿਰਕੇਦਾਰੀ ਦਾ ਤਅੱਸਬ ਇਕ ਅਜੇਹਾ ਰੋਗ ਹੈ ਜੋ ਪ੍ਰੇਮ ਤੇ ਸ਼ਾਂਤੀ ਨਾਲ ਕੁਰਬਾਨੀ ਕੀਤੇ ਬਿਨਾਂ ਹਟ ਨਹੀਂ ਸਕਦਾ। ਸਾਨੂੰ ਸ਼ੋਕ ਹੈ ਕਿ ਕਈ ਇਸ ਪੇਟ ਦੇ ਫੋੜੇ ਦਾ ਇਲਾਜ ਪੇਟ ਨੂੰ ਵੱਢ ਦੇਣਾ ਸਮਝਦੇ ਹਨ। ਇਹ ਫ਼ਿਰਕੇਦਾਰੀ ਧਰਮ ਰੂਪੀ ਪੇਟ ਉੱਤੇ ਫੋੜਾ ਹੈ। ਇਸ ਦਾ ਇਲਾਜ ਇਹ ਨਹੀਂ ਹੈ ਕਿ ਧਰਮ ਦਾ ਹੀ ਤਿਆਗ ਕਰ ਦਿਓ। ਇਸ ਤਰ੍ਹਾਂ ਨਾਲ ਤਾਂ ਸਗੋਂ ਇਕ ਹੋਰ ਵੱਡੀ ਭਾਰੀ ਬਦਅਮਨੀ ਦੀ ਨੀਂਹ ਰੱਖੀ ਜਾਂਦੀ ਹੈ। ਚੇਤੇ ਰੱਖੋ ਕਿ ਸਭ ਨੇਕੀ-ਬਦੀ ਪਹਿਲਾਂ ਖ਼ਿਆਲਾਂ ਵਿਚ ਆਉਂਦੀ ਹੈ ਤੇ ਖ਼ਿਆਲਾਂ ਦੀ ਪਵਿੱਤਰਤਾ ਜਾਂ ਅਪਵਿੱਤਰਤਾ ਦੁਨੀਆਂ ਦੇ ਸੁਖ-ਦੁੱਖ ਦਾ ਕਾਰਨ ਬਣਦੀ ਹੈ।

ਜੇਕਰ ਪ੍ਰੇਮ, ਸ਼ਾਂਤੀ ਤੇ ਸੇਵਾ ਫੈਲਾਣ ਵਾਲੇ ਧਰਮ ਤੋਂ ਲੋਕਾਂ ਦਾ ਨਿਸ਼ਚਾ ਹਟ ਜਾਵੇ ਤਾਂ ਆਦਮੀ ਜੰਗਲੀ ਦਰਿੰਦਿਆਂ ਵਾਂਗੂੰ ਇਕ ਦੂਜੇ ਨੂੰ ਖਾ ਜਾਣ। ਇਸ ਕਰ ਕੇ ਲੋੜ ਇਹ ਹੈ ਕਿ ਧਰਮ ਨੂੰ ਇਸ ਫ਼ਿਰਕੇਦਾਰੀ ਦੇ ਤਅੱਸਬ ਤੋਂ ਪਵਿੱਤਰ ਕੀਤਾ ਜਾਵੇ। ਸਾਡੇ ਦੇਸ਼ ਵਿਚ ਗੱਲ ਉਹ ਬਣ ਰਹੀ ਹੈ। 'ਸਚੁ ਕਿਨਾਰੇ ਰਹਿ ਗਿਆ, ਖਹਿ ਮਰਦੇ ਬਾਮ੍ਹਣਿ ਮਉਲਾਣੇ।' ਲੋੜ ਸੱਚ ਤੇ ਧਰਮ ਦੇ ਪ੍ਰਕਾਸ਼ ਦੀ ਹੈ ਤੇ ਇਹ ਤਦ ਹੀ ਹੋ ਸਕਦਾ ਹੈ ਕਿ ਧਰਮ ਉੱਤੇ ਨਿਸ਼ਚਾ ਰੱਖਣ ਵਾਲੇ ਆਪਣੇ ਨਿਸ਼ਚੇ ਦੀ ਦ੍ਰਿੜ੍ਹਤਾ ਨੂੰ ਜ਼ਾਹਿਰ ਕਰਨ ਵਾਸਤੇ ਸੇਵਾ ਵਿਚ ਆਪਣਾ ਸਰੀਰ ਲਾ ਦੇਣ। ਹੁਣ ਸਮਾਂ ਹੈ ਜਦ ਧਰਮੀ ਲੋਕੀਂ ਆਪਣੀ ਅਹੁੱਤੀ ਦੇ ਕੇ ਧਰਮ ਨੂੰ ਪਵਿੱਤਰ ਕਰ ਸਕਦੇ ਹਨ। ਇਸ ਵਾਸਤੇ ਅਮਨ ਨਾਲ ਪ੍ਰੇਮ ਦੇ ਆਸਰੇ ਆਜ਼ਾਦੀ ਵਰਤਾਣ ਦਾ ਢੰਗ ਹੀ ਹੈ। ਜੇਕਰ ਸ਼ਾਂਤਮਈ ਸਤਿਆਗ੍ਰਹਿ ਨਾਲ ਭੀ ਬਦਅਮਨੀ ਖਿਲਰ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ। ਆਖਿਰ ਹੁਣ ਦੇ ਤਪਦਿਕ ਨਾਲੋਂ ਤਾਂ ਇਹ ਬਦਅਮਨੀ ਦੀ ਮਹਜ਼ ਭੈੜੀ ਚੀਜ਼ ਨਹੀਂ ਹੈ। ਹਜ਼ਾਰਾਂ ਲੋਕੀਂ ਮਰਨ ਉਜੜਨਗੇ, ਪਰ ਜੋ ਬਾਕੀ ਰਹਿਣਗੇ ਉਹ ਤਾਂ ਆਜ਼ਾਦ ਹੋ ਕੇ ਸੁਖ ਤੇ ਪ੍ਰੇਮ ਵਿਚ ਜੀਵਨ ਬਤੀਤ ਕਰ ਸਕਣਗੇ।

ਇਸ ਵੇਲੇ ਸਾਨੂੰ ਤਾਂ ਗ਼ੁਲਾਮ ਬਣਨ ਦੀ ਬੀਮਾਰੀ ਲੱਗੀ ਹੋਈ ਹੈ ਤੇ ਅੰਗਰੇਜ਼ਾਂ ਨੂੰ ਗੁਲਾਮ ਬਣਾਨ ਦੀ ਬਦਅਮਨੀ ਦਾ ਡਰ ਦੇ ਕੇ ਇਹਨਾਂ ਦੁੱਖਾਂ ਤੇ ਪਾਪਾਂ ਵਿਚ ਪਏ ਰਹਿਣ ਦੀ ਪ੍ਰੇਰਨਾ ਕਰਨਾ ਠੀਕ ਨਹੀਂ ਹੈ। ਤੜਪ ਰਹੇ ਸੱਪ ਦੇ ਡੱਸੇ ਨੂੰ ਇਹ ਸਲਾਹ ਨਾ ਦਿਓ ਕਿ ਉਹ ਸੌਂ ਜਾਏ, ਕਿਉਂਕਿ ਨੀਂਦ ਤਾਂ ਉਸ ਦੀ ਮੌਤ ਦਾ ਕਾਰਣ ਬਣੇਗੀ। ਹੁਣ ਜੇ ਸ਼ਾਂਤਮਈ ਸਤਿਆਗ੍ਰਹਿ ਨਾਲ ਭੀ ਬਦਅਮਨੀ ਨਹੀਂ ਰੁਕ ਸਕਦੀ ਤਾਂ ਪ੍ਰਵਾਹ ਨਾ ਕਰੋ। ਅਖ਼ੀਰ ਕੌਮੀ ਮੌਤ ਨਾਲੋਂ ਤਾਂ ਬਦਅਮਨੀ ਮਾੜੀ ਨਹੀਂ ਹੈ।

☆ ☆ ☆

ਹਉਮੈ ਤੇ ਸਿੱਖ ਧਰਮ

ਸਿੱਖ ਧਰਮ ਵਿਚ ਜੋ ਬੁਨਆਦੀ ਪਾਪ ਮੰਨੇ ਗਏ ਹਨ, ਉਹਨਾਂ ਵਿੱਚੋਂ ਹਉਮੈ ਤਾਂ ਜ਼ਰੂਰ ਸਭ ਤੋਂ ਵੱਡਾ ਹੈ। ਬਹੁਤ ਸਾਰੇ ਫਸਾਦ, ਲੜਾਈਆਂ ਤੇ ਦੁਖ ਇਸੇ ਦੇ ਕਾਰਨ ਸੰਸਾਰ ਵਿਚ ਫੈਲੇ ਹੋਏ ਹਨ। ਫਿਰ ਇਹ ਹੰਕਾਰ ਜਾਂ ਗਰੂਰ ਅੱਡ-ਅੱਡ ਸ਼ਕਲਾਂ ਵਿਚ ਤੇ ਅੱਡ-ਅੱਡ ਢੰਗਾਂ ਨਾਲ ਹਰ ਇਕ ਆਦਮੀ ਦੇ ਮਨ ਵਿਚ ਵੜ ਜਾਂਦਾ ਹੈ। ਗੁਰੂ ਸਾਹਿਬ ਨੇ ਫ਼ੁਰਮਾਇਆ ਹੈ ਕਿ 'ਮਾਨ ਮੁਨੀ ਮੁਨਿਵਰ ਗਲੇ, ਮਾਨੁ ਸਭੈ ਕਉ ਖਾਇ ॥'

ਫਿਰ ਫ਼ੁਰਮਾਇਆ ਹੈ ਕਿ 'ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥' ਸੱਚ ਹੈ ਵੱਡੇ-ਵੱਡੇ ਮਹਾਤਮਾ ਜੋ ਮਾਇਆ ਦਾ ਤਿਆਗ ਕਰ ਦੇਂਦੇ ਹਨ ਤੇ ਹਰ ਤਰ੍ਹਾਂ ਦੀ ਕੁਰਬਾਨੀ ਕਰਦੇ ਹਨ, ਉਹ ਵੀ ਇਸ ਹੰਕਾਰ ਵਿਚ ਫਸ ਜਾਂਦੇ ਹਨ। ਇਕ ਪੱਛਮੀ ਕਵੀ ਨੇ ਕਿਹਾ ਹੈ ਕਿ ਵੱਡੇ ਉੱਚੇ ਆਦਮੀਆਂ ਦੀ ਆਖਰੀ ਕਮਜ਼ੋਰੀ ਹਉਮੈ ਤੇ ਗ਼ਰੂਰ ਹੈ।' ਤੁਸੀਂ ਆਪਣੇ ਗਿਰਦ ਨਜ਼ਰ ਮਾਰੋ ਤਾਂ ਪਤਾ ਲਗੇਗਾ ਕਿ ਬਹੁਤ ਸਾਰੇ ਨੇਕ ਆਦਮੀ ਜੋ ਹਰ ਤਰ੍ਹਾਂ ਦੇ ਲਾਲਚ ਤੇ ਫੈਲਦਾਰੀ ਤੋਂ ਬਚੇ ਹੋਏ ਹਨ, ਉਹ ਵੀ ਇਸ ਬਦੀ ਤੋਂ ਖਲਾਸੀ ਪ੍ਰਾਪਤ ਨਹੀਂ ਕਰ ਸਕੇ ਹਨ।

ਇਹ ਹੰਕਾਰ ਜਾਂ ਗਰੂਰ ਕਈ ਸ਼ਕਲਾਂ ਵਿਚ ਹਰ ਥਾਂ ਦਾਖ਼ਲ ਹੋ ਜਾਂਦਾ ਹੈ। ਨੇਕ ਤੇ ਧਰਮੀ ਲੋਕ ਜੋ ਆਪਣੇ ਆਪ ਨੂੰ ਇਸ ਹੰਕਾਰ ਤੋਂ ਖਾਲ਼ੀ ਸਮਝਦੇ ਹਨ, ਉਹਨਾਂ ਵਿਚ ਇਹੋ ਹੰਕਾਰ ਹੋ ਜਾਂਦਾ ਹੈ ਕਿ ਉਹ ਖ਼ਾਸ ਆਦਮੀ ਹਨ। ਜ਼ਰਾ ਆਪਣੇ ਗਿਰਦ ਧਰਮੀ ਆਦਮੀਆਂ ਵੱਲ ਵੇਖੋ। ਉਹਨਾਂ ਵਿੱਚੋਂ ਤੁਹਾਨੂੰ ਅਜਿਹੇ ਕਾਫ਼ੀ ਆਦਮੀ ਮਿਲਣਗੇ, ਜੋ ਦੂਜਿਆਂ ਨੂੰ ਨਫ਼ਰਤ ਕਰਦੇ ਹਨ। ਇਹ ਧਰਮੀ ਲੋਕ, ਕਾਮ, ਕ੍ਰੋਧ ਤੇ ਲੋਭ ਆਦਿ ਤੋਂ ਖ਼ਾਲੀ ਹੁੰਦੇ ਹਨ ਤੇ ਉਹਨਾਂ ਨੂੰ ਇਹੋ ਹੰਕਾਰ ਹੋ ਜਾਂਦਾ ਹੈ ਕਿ ਉਹ ਦੂਸਰਿਆਂ ਤੋਂ ਨੇਕ ਹਨ। ਗੱਲ-ਗੱਲ ਵਿਚ ਦੂਜੇ ਪਾਪੀ ਲੋਕਾਂ ਪੁਰ ਓਹ ਨੱਕ ਚੜ੍ਹਾਦੇ ਹਨ ਤੇ ਹਉਮੈਂ ਦੇ ਲਫ਼ਜ਼ ਬੋਲਦੇ ਹਨ। ਉਹ ਇਹ ਖ਼ਿਆਲ ਨਹੀਂ ਕਰਦੇ ਕਿ ਜੇ ਦੂਜਿਆਂ ਵਿਚ ਹੋਰ ਐਬ ਹਨ ਤਾਂ ਉਹਨਾਂ ਵਿਚ ਹੰਕਾਰ ਦਾ ਐਬ ਬਹੁਤ ਵਧ ਗਿਆ ਹੈ।

ਸਿੱਖ ਧਰਮ ਵਿਚ ਹੰਕਾਰ ਨੂੰ ਰੋਕਣ ਲਈ ਵਧੇਰੇ ਚੌਕਸੀ ਕੀਤੀ ਜਾਂਦੀ ਹੈ। ਚਾਰ ਪਾਪ ਅਜਿਹੇ ਨੀਯਤ ਕੀਤੇ ਗਏ ਹਨ, ਜਿਹਨਾਂ ਵਿਚ ਫਸਣ ਨਾਲ ਸਿੱਖ ਪਤਿਤ ਹੋ ਜਾਂਦਾ ਹੈ। ਉਹਨਾਂ ਚਾਰ ਪਾਪਾਂ ਵਿਚ ਹੰਕਾਰ ਨਹੀਂ ਹੈ ਪਰੰਤੂ ਯਾਦ

ਰੱਖਣਾ ਚਾਹੀਦਾ ਹੈ ਕਿ ਉਹ ਚਾਰ ਪਾਪ ਇਕ ਖ਼ਾਸ ਹੱਦ ਹੈ, ਜਿਸ ਤੋਂ ਉੱਤੇ ਰਹਿਣਾ ਹਰ ਇਕ ਸਿੱਖ ਦਾ ਫ਼ਰਜ਼ ਹੈ। ਇਸ ਦਾ ਇਹ ਭਾਵ ਇਹ ਨਹੀਂ ਕਿ ਉਹ ਚਾਰ ਪਾਪ ਸਭ ਤੋਂ ਵੱਡੇ ਹਨ। ਬਲਕਿ ਕਈ ਕਾਰਨਾਂ ਦੇ ਕਰ ਕੇ ਉਹ ਇਕ ਖ਼ਾਸ ਹੱਦ ਹੈ। ਅਸੀਂ ਇਥੇ ਇਹ ਬਹਿਸ ਨਹੀਂ ਕਰਨੀ ਚਾਹੁੰਦੇ ਕਿ ਇਨ੍ਹਾਂ ਚੌਹਾਂ ਪਾਪਾਂ ਨੂੰ ਕਿਉਂ ਖ਼ਾਸ ਹੱਦ ਬਣਾ ਦਿੱਤਾ ਗਿਆ ਹੈ। ਬੱਸ ਇਤਨਾ ਕਹਿਣਾ ਕਾਫ਼ੀ ਹੈ ਕਿ ਇਸ ਖ਼ਾਸ ਹੱਦ ਨੂੰ ਨੀਯਤ ਕਰਨ ਲਈ ਧਰਮ ਤੇ ਭਾਈਚਾਰੇ, ਦੋਹਾਂ ਦਾ ਖ਼ਿਆਲ ਰੱਖਿਆ ਗਿਆ ਹੈ, ਬਲਕਿ ਕਈ ਹੋਰ ਗੱਲਾਂ ਦਾ ਭੀ ਖ਼ਿਆਲ ਰੱਖਿਆ ਗਿਆ। ਵੈਸੇ ਤਾਂ ਅਸੀਂ ਇਹ ਸਮਝਦੇ ਹਾਂ ਕਿ ਕਾਮ ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿੱਚੋਂ ਸਭ ਤੋਂ ਔਖੀ ਗੱਲ ਹੰਕਾਰ ਤੋਂ ਖਲਾਸੀ ਪਾਉਣੀ ਹੈ। ਆਪ ਨੂੰ ਅਜੇਹੇ ਬਹੁਤ ਸਾਰੇ ਸੱਜਣ ਮਿਲਣਗੇ, ਜੋ ਪਰ ਇਸਤਰੀ ਤੋਂ ਉਮਰ ਭਰ ਬਚੇ ਰਹੇ ਹਨ। ਫਿਰ ਇਹੋ ਜਿਹੇ ਸੱਜਣ ਭੀ ਹਨ ਜਿਹਨਾਂ ਨੇ ਲੋਭ, ਮੋਹ ਨੂੰ ਤਿਆਗ ਦਿੱਤਾ ਹੈ ਪਰੰਤੂ ਅਜੇਹਾ ਕੋਈ ਖ਼ਾਸ ਆਦਮੀ ਹੀ ਨਜ਼ਰ ਆਵੇਗਾ ਜੋ ਹੰਕਾਰ ਤੋਂ ਖ਼ਾਲੀ ਹੋਵੇ ਤੇ ਇਸ ਵਾਸਤੇ ਕਦੇ ਕ੍ਰੋਧ ਵਿਚ ਨਾ ਆਵੇ। ਗੁੱਸਾ ਭੀ ਇਕ ਤਰ੍ਹਾਂ ਦੇ ਹੰਕਾਰ ਦਾ ਹੀ ਸਿੱਟਾ ਹੈ, ਇਸ ਵਾਸਤੇ ਅਸੀਂ ਤਾਂ ਹੰਕਾਰ ਨੂੰ ਸਭ ਤੋਂ ਵੱਡਾ ਤੇ ਔਖਾ ਕਾਬੂ ਆਉਣ ਵਾਲਾ ਪਾਪ ਸਮਝਦੇ ਹਾਂ। ਸਿੱਖਾਂ ਵਿਚ ਅਜੇਹਾ ਖ਼ਿਆਲ ਚੱਲ ਆਇਆ ਹੈ ਕਿ ਉਹ ਹਰ ਵੇਲੇ ਇਸ ਕੋਸ਼ਿਸ਼ ਵਿਚ ਰਹੇ ਹਨ ਕਿ ਸਿੱਖ ਇਸ ਗੁਨਾਹ ਤੋਂ ਖਲਾਸੀ ਲੈ ਸਕੇ। ਚੁਨਾਂਚਿ ਜੇ ਕਿਸੇ ਨੂੰ ਤਨਖ਼ਾਹ ਲਾਈ ਜਾਂਦੀ ਹੈ, ਤਾਂ ਉਸ ਵਿਚ ਜੁੱਤੀਆਂ ਝਾੜਨੀਆਂ ਜਾਂ ਕਿਸੇ ਹੋਰ ਤਰ੍ਹਾਂ ਦੀ ਸੇਵਾ ਕਰਨੀ ਜ਼ਰੂਰੀ ਹਿੱਸਾ ਹੁੰਦਾ ਹੈ। ਬਾਣੀ ਦਾ ਪਾਠ ਤੇ ਸੇਵਾ ਦੋ ਹੀ ਵੱਡੇ ਹਿੱਸੇ ਹਰ ਇਕ ਪਾਪੀ ਦੇ ਮਨ ਨੂੰ ਸਾਫ਼ ਕਰਨ ਲਈ ਜ਼ਰੂਰੀ ਸਮਝੇ ਗਏ ਹਨ। ਫਿਰ ਹਰ ਇਕ ਗੱਲ ਵਿਚ ਇਹ ਖ਼ਿਆਲ ਰੱਖਿਆ ਗਿਆ ਹੈ ਕਿ ਹੰਕਾਰ ਨੂੰ ਖੁੱਲ੍ਹੀ ਵਾਗ ਨਾ ਦਿੱਤੀ ਜਾਵੇ। ਚੁਨਾਂਚਿ ਹਰ ਤਰ੍ਹਾਂ ਦਾ ਵਿਖਾਵਾ ਸਿੱਖਾਂ ਵਿਚ ਪਾਪ ਹੈ ਕਿਉਂਕਿ ਇਹ ਵਿਖਾਵਾ ਅਸਲ ਵਿਚ ਹੰਕਾਰ ਦੀ ਹੀ ਇਕ ਸ਼ਕਲ ਹੈ। ਪਾਨ ਖਾਣਾ, ਲਾਲ ਕੱਪੜੇ ਪਹਿਨਣ, ਦਾੜ੍ਹੀ ਬੰਨ੍ਹਣੀ ਆਦਿ ਛੋਟੇ-ਛੋਟੇ ਨਖਰੇ ਤੇ ਫ਼ੈਸ਼ਨ ਸਿੱਖਾਂ ਵਿਚ ਬੁਰੇ ਮਨਾਏ ਜਾਂਦੇ ਹਨ। ਸਾਡੇ ਕਈ ਸੱਜਣ ਇਤਰਾਜ਼ ਕੀਤਾ ਕਰਦੇ ਹਨ ਕਿ ਇਸ ਤਰ੍ਹਾਂ ਦੇ ਵਿਖਾਵੇ ਸ਼ੌਕੀਨੀ ਜਾਂ ਫ਼ੈਸ਼ਨ ਵਿਚ ਪਾਪ ਹੀ ਕੀ ਹੈ ਪਰੰਤੂ ਉਹ ਇਹ ਖ਼ਿਆਲ ਨਹੀਂ ਕਰਦੇ ਕਿ ਇਹ ਸਭ ਹੰਕਾਰ ਨੂੰ ਪੱਕਿਆਂ ਕਰਦੇ ਹਨ ਤੇ ਹੰਕਾਰ ਹੀ ਬਹੁਤ ਸਾਰੇ ਫ਼ਸਾਦਾਂ ਤੇ ਦੁੱਖਾਂ ਦਾ ਕਾਰਨ ਹੈ।

ਇਹ ਤਾਂ ਉਹਨਾਂ ਲੋਕਾਂ ਦਾ ਹੰਕਾਰ ਹੈ ਜੋ ਆਪਣੇ ਆਪ ਨੂੰ ਨਾ ਮਹਾਤਮਾ ਸਮਝਦੇ ਹਨ ਤੇ ਨਾ ਪ੍ਰਗਟ ਕਰਦੇ ਹਨ ਪਰੰਤੂ ਜੋ ਸੱਜਣ ਆਪਣੇ ਆਪ ਨੂੰ ਧਰਮਾਤਮਾ ਸਮਝਦੇ ਹਨ ਤੇ ਕਈ ਵੇਰੀ ਅਸਲ ਧਰਮਾਤਮਾ ਹੁੰਦੇ ਭੀ ਹਨ, ਉਹ ਭੀ ਇਸ ਪਾਪ ਤੋਂ ਖਾਲੀ ਨਹੀਂ ਹੁੰਦੇ। ਜੇ ਉਹ ਇਸ ਪਾਪ ਦੀਆਂ ਬਾਕੀ ਸ਼ਕਲਾਂ ਤੋਂ ਖਲਾਸੀ ਭੀ ਲੈਣ ਤਾਂ ਫਿਰ ਉਹਨਾਂ ਨੂੰ ਇਹੋ ਹੰਕਾਰ ਹੋ ਜਾਂਦਾ ਹੈ ਕਿ 'ਅਸੀਂ ਧਰਮਾਤਮਾ ਹਾਂ; ਅਸੀਂ ਨੇਕ ਹਾਂ, ਅਸੀਂ ਬਾਣੀ ਪੜ੍ਹਦੇ ਹਾਂ; ਅਸਾਂ ਨੇ ਕਾਮ, ਕ੍ਰੋਧ, ਲੋਭ, ਮੋਹ ਤੇ

ਹੰਕਾਰ ਦਾ ਤਿਆਗ ਕੀਤਾ ਹੋਇਆ ਹੈ।' ਬੱਸ ਫਿਰ ਉਹ ਇਸ ਤਰ੍ਹਾਂ ਆਪਣੇ ਹੰਕਾਰ ਵਿਚ ਫਸ ਕੇ ਦੂਸਰਿਆਂ ਦੇ ਐਬਾਂ ਨੂੰ ਵਧੇਰਾ ਸਮਝਣ ਲੱਗ ਜਾਂਦੇ ਹਨ ਤੇ ਦੂਸਰਿਆਂ ਤੋਂ ਨਫ਼ਰਤ ਕਰਦੇ ਹਨ। ਜਿਸ ਦੇ ਕਾਰਨ ਉਹਨਾਂ ਦਾ ਆਪਣਾ ਹੰਕਾਰ ਭੀ ਸੰਸਾਰ ਵਿਚ ਦੁੱਖ ਦਾ ਕਾਰਣ ਹੀ ਬਣ ਜਾਂਦਾ ਹੈ।

ਇਸ ਵਾਸਤੇ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਵਧੇਰਾ ਜ਼ੋਰ ਇਸ ਹੰਕਾਰ ਦੇ ਤਿਆਗ ਪੁਰ ਦਿੱਤਾ ਗਿਆ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ :- 'ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥' (ਪੰਨਾ ੧੧੦੨)

✲ ✲ ✲

ਜੇ ਕੋਈ ਹੋਰ ਰਾਹ ਨਹੀਂ ਹੈ ਤਾਂ ਸੋਚ ਕੇਹੀ ?

ਸੰਸਾਰ ਵਿਚ ਸਾਰੇ ਦੁੱਖ, ਖ਼ੁਦਗਰਜ਼ੀ ਦੇ ਕਾਰਨ ਹਨ। ਡਰ, ਲਾਲਚ ਤੇ ਹਉਮੈ ਆਦਿ ਸਭ ਖ਼ੁਦਗਰਜ਼ੀ ਦੀਆਂ ਅੱਡ-ਅੱਡ ਸ਼ਕਲਾਂ ਹਨ। ਜੋ ਆਦਮੀ ਗੁਲਾਮ ਬਣਦਾ ਹੈ ਤਾਂ ਕਿਸੇ ਨਾ ਕਿਸੇ ਤਰ੍ਹਾਂ ਦੀ ਖ਼ੁਦਗਰਜ਼ੀ ਵਿਚ ਫਸ ਕੇ ਹੀ ਬਣਦਾ ਹੈ। ਅੱਜ ਜੇ ਹਿੰਦੂਸਤਾਨੀ ਗੁਲਾਮ ਹਨ ਤਾਂ ਇਹ ਇਸ ਗੱਲ ਦਾ ਸਬੂਤ ਹੈ ਕਿ ਹਿੰਦੂਸਤਾਨੀ ਖ਼ੁਦਗਰਜ਼ ਹਨ। ਜੇ ਕਿਸੇ ਵਧੇਰੇ ਸਬੂਤ ਦੀ ਲੋੜ ਹੋਵੇ ਤਾਂ ਉਹਨਾਂ ਲੋਕਾਂ ਦੀ ਦਲੀਲ ਪੁਰ ਵਿਚਾਰ ਕਰੋ, ਜੋ ਡਰ ਕੇ ਆਖਦੇ ਹਨ ਕਿ ਮਹਾਰਾਜ ! ਇਸ ਸਤਿਆਗ੍ਰਹਿ ਨਾਲ ਤਾਂ ਬਦਅਮਨੀ ਹੋ ਜਾਵੇਗੀ। ਉਹਨਾਂ ਦੇ ਇਸ ਤਰ੍ਹਾਂ ਕਹਿਣ ਵਿਚ ਸੱਚਾਈ ਹੋ ਸਕਦੀ ਹੈ, ਪਰੰਤੂ ਉਹਨਾਂ ਦੇ ਇਸ ਡਰ ਵਿਚ ਕੋਈ ਵਜ਼ਨ ਨਹੀਂ ਹੈ, ਕਿਉਂਕਿ ਉਹ ਨਾਲ ਹੀ ਇਹ ਭੀ ਮੰਨਦੇ ਹਨ ਕਿ ਆਜ਼ਾਦੀ ਲੈਣ ਲਈ ਭਾਵੇਂ ਕੋਈ ਭੀ ਤਰੀਕਾ ਵਰਤਿਆ ਜਾਵੇ, ਗੜਬੜ ਜ਼ਰੂਰੀ ਹੈ।

ਜ਼ਰਾ ਸੋਚੋ ਤੇ ਸਿੱਖਾਂ ਦੇ ਇਤਿਹਾਸ ਪੁਰ ਨਜ਼ਰ ਮਾਰੋ : ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਕੋਸ਼ਿਸ਼ ਕੀਤੀ ਕਿ ਜ਼ੁਲਮ ਹਟ ਜਾਵੇ ਜਾਂ ਹੱਦ ਤੋਂ ਵਧੇ ਜ਼ੁਲਮ ਦਾ ਪੋਲ ਖੁੱਲ੍ਹ ਜਾਵੇ। ਉਹਨਾਂ ਦੀ ਕੁਰਬਾਨੀ ਨਾਲ ਜ਼ੁਲਮ ਵਿਚ ਘਾਟਾ ਤਾਂ ਕਦਾਚਿਤ ਨਾ ਹੋਇਆ ਪਰੰਤੂ ਜ਼ੁਲਮ ਵਧੇਰੇ ਸਾਫ਼ ਅਕੱਜਿਆ ਹੋ ਗਿਆ। ਇਸ ਦਾ ਸਿੱਟਾ ਭੀ ਇਹ ਨਿਕਲਿਆ ਕਿ ਜ਼ੁਲਮ ਦਾ ਮੁਕਾਬਲਾ ਕਰਨ ਵਾਲੇ ਲੋਕ ਨਿਕਲ ਪਏ ਤੇ ਪੰਜਾਬ ਵਿਚ ਗੜਬੜ ਹੋਣ ਦੇ ਪਿੱਛੋਂ ਹੀ ਇਸ ਜ਼ੁਲਮ ਤੋਂ ਖਲਾਸੀ ਹੋਈ। ਹੁਣ ਸਵਾਲ ਇਹ ਹੈ ਕਿ ਕੀ ਹਿੰਦੂਸਤਾਨ ਦੀ ਆਜ਼ਾਦੀ ਦਾ ਕੋਈ ਅਜਿਹਾ ਤਰੀਕਾ ਹੈ ਕਿ ਬਦਅਮਨੀ ਦਾ ਕੋਈ ਖ਼ਤਰਾ ਨਾ ਰਹੇ ਤੇ ਆਸਾਨੀ ਨਾਲ ਬਿਨਾਂ ਕਿਸੇ ਤਰ੍ਹਾਂ ਦੀ ਗੜਬੜ ਦੇ ਆਜ਼ਾਦੀ ਹੋ ਜਾਵੇ। ਇਕ ਢੰਗ ਨਿਰਸੰਦੇਹ ਹੈ ਪਰੰਤੂ ਉਸ ਦੇ ਹੋਣ ਦੀ ਕਿਸੇ ਨੂੰ ਆਸ ਨਹੀਂ ਹੈ। ਤਰੀਕਾ ਇਹ ਹੈ ਕਿ ਅੰਗ੍ਰੇਜ਼ ਆਪ ਹੀ ਕੋਸ਼ਿਸ਼ ਕਰਨ ਕਿ ਹਿੰਦੂਸਤਾਨ ਨੂੰ ਆਜ਼ਾਦ ਕਰ ਦਿੱਤਾ ਜਾਵੇ। ਇਹ ਕੋਸ਼ਿਸ਼ ਉਹਨਾਂ ਦੀ ਦਿਲੀ ਕੋਸ਼ਿਸ਼ ਹੋਵੇ ਤੇ ਇਸ ਦੇ ਵਾਸਤੇ ਉਹ ਅੱਜ ਐਲਾਨ ਨੂੰ ਅਮਲੀ ਸ਼ਕਲ ਦੇਣ ਲਈ ਕੌਮੀ ਲੀਡਰਾਂ ਨਾਲ ਸਲਾਹ ਕਰਨ ਪਰੰਤੂ ਇਹ ਹੋਣਾ ਅਸੰਭਵ ਹੈ। ਅੰਗ੍ਰੇਜ਼ਾਂ ਪਾਸੋਂ ਇਤਨੀ ਬੇਗਰਜ਼ੀ ਦੀ ਆਸ ਰੱਖਣੀ ਸਾਡੀ ਬੇਵਕੂਫੀ ਹੀ ਹੋਵੇਗੀ। ਅਜੇ ਤੱਕ ਕਦੇ ਕਿਸੇ ਹਾਕਮ ਕੌਮ ਨੇ ਅਜਿਹਾ ਨਹੀਂ ਕੀਤਾ। ਅੰਗ੍ਰੇਜ਼ਾਂ ਦੀ ਤੇ ਉਨ੍ਹਾਂ ਦੀ ਬਹੁਤ ਸਾਰੀ ਸੱਜ-ਧਜ ਹਿੰਦੂਸਤਾਨ ਦੇ ਆਸਰੇ ਹੀ ਹੈ। ਉਨ੍ਹਾਂ ਨੇ ਲੱਖਾਂ ਜਾਨਾਂ ਕੁਰਬਾਨ ਕਰਕੇ ਹਿੰਦੂਸਤਾਨ ਨੂੰ ਫਤਹਿ ਕੀਤਾ ਹੈ ਤੇ ਹੁਣ ਆਸਾਨੀ ਨਾਲ

ਉਹ ਹਿੰਦੁਸਤਾਨ ਨੂੰ ਨਹੀਂ ਛੱਡਣਗੇ। ਇਸ ਵਾਸਤੇ ਇਹ ਤਰੀਕਾ ਜੋ ਕੇਵਲ ਖ਼ਿਆਲੀ ਹੈ। ਇਹ ਕਦੇ ਅਮਲੀ ਸ਼ਕਲ ਨਹੀਂ ਪਕੜ ਸਕਦਾ।

ਇਸ ਵਾਸਤੇ ਅਸਾਂ ਸ਼ਾਂਤਮਈ ਸਤਿਆਗ੍ਰਹਿ ਸ਼ੁਰੂ ਕੀਤਾ ਹੈ। ਇਸ ਦਾ ਮੁੱਦਾ ਇਹੋ ਹੈ ਕਿ ਖ਼ੂਨ-ਖਰਾਬਾ ਬਹੁਤ ਘੱਟ ਹੋਵੇ ਤੇ ਜੇ ਹੋ ਸਕੇ ਤਾਂ ਦੇਸ਼ ਵਿਚ ਬਦਅਮਨੀ ਫ਼ੈਲਣ ਬਿਨਾਂ ਆਜ਼ਾਦੀ ਹੋ ਜਾਵੇ। ਕੇਵਲ ਇਹੋ ਇਕ ਅਸਲ ਤਰੀਕਾ ਹੈ। ਜੋ ਬਦਅਮਨੀ ਨੂੰ ਰੋਕ ਸਕਦਾ ਹੈ ਪਰੰਤੂ ਇਸ ਵਿਚ ਭੀ ਬਦਅਮਨੀ ਦਾ ਰੁਕਣਾ ਯਕੀਨੀ ਨਹੀਂ ਹੈ। ਇਹ ਤਰੀਕਾ ਬਦਅਮਨੀ ਨੂੰ ਰੋਕਣ ਲਈ ਕਈ ਅਸਰ ਪਾਉਂਦਾ ਹੈ। ਇਕ ਅਸਰ ਤਾਂ ਇਸ ਦਾ ਲੋਕਾਂ ਦੇ ਚਾਲ-ਚਲਨ ਪੁਰ ਪੈਂਦਾ ਹੈ। ਇਹ ਤਰੀਕਾ ਪਿਆਰ ਤੇ ਬੇਗ਼ਰਜ਼ੀ ਸਿੱਖਾਂ ਦਾ ਹੈ, ਜਿਸ ਨਾਲ ਬਦਅਮਨੀ ਦਾ ਖ਼ਤਰਾ ਘੱਟ ਹੋ ਜਾਣਾ ਲਾਜ਼ਮੀ ਹੈ। ਜੇ ਸਾਰੇ ਲੋਕ ਸ਼ਾਂਤਮਈ ਹੋ ਜਾਣ ਜਾਂ ਇਕ ਦੂਸਰੇ ਤੋਂ ਨਫ਼ਰਤ ਕਰਨੀ ਛੱਡ ਦੇਣ ਤਾਂ ਬਦਅਮਨੀ ਕਿਵੇਂ ਹੋ ਸਕਦੀ ਹੈ ? ਇਸ ਦਾ ਦੂਸਰਾ ਅਸਰ ਅੰਗ੍ਰੇਜ਼ਾਂ ਨੂੰ ਭੜਕਾਏ ਬਿਨਾਂ ਉਨ੍ਹਾਂ ਨੂੰ ਇਹ ਯਕੀਨ ਕਰਾਇਆ ਜਾ ਸਕਦਾ ਹੈ ਕਿ ਉਨ੍ਹਾਂ ਵਾਸਤੇ ਹਿੰਦੁਸਤਾਨ ਨੂੰ ਆਜ਼ਾਦੀ ਦਿੱਤੇ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ। ਇਸ ਦਾ ਤੀਸਰਾ ਅਸਰ ਇਹ ਹੋ ਸਕਦਾ ਹੈ ਕਿ ਅੰਗ੍ਰੇਜ਼ਾਂ ਦਾ ਇਥੇ ਹਕੂਮਤ ਕਰਨ ਦਾ ਲਾਭ ਹੀ ਨਾ ਰਹੇ। ਇਸ ਦਾ ਚੌਥਾ ਅਸਰ ਇਹ ਹੋ ਸਕਦਾ ਹੈ ਕਿ ਸੰਸਾਰ ਦੀ ਹਮਦਰਦੀ ਖਿੱਚੀ ਜਾ ਸਕਦੀ ਹੈ, ਜੋ ਅੰਗ੍ਰੇਜ਼ਾਂ ਉੱਪਰ ਅਸਰ ਪਾਏ ਬਿਨਾਂ ਨਹੀਂ ਰਹਿ ਸਕਦੀ।

ਇਸ ਤਰ੍ਹਾਂ ਨਾਲ ਜੇ ਇਨ੍ਹਾਂ ਚਾਰ ਅਸਰਾਂ ਦੇ ਕਾਰਨ ਹਿੰਦੁਸਤਾਨ ਆਜ਼ਾਦ ਹੋ ਜਾਵੇ ਤਾਂ ਬਦਅਮਨੀ ਨਹੀਂ ਹੋਵੇਗੀ ਪਰੰਤੂ ਬਹੁਤ ਸਾਰੇ ਸੱਜਣ ਅਜਿਹੇ ਹਨ ਜੋ ਇਹ ਯਕੀਨ ਨਹੀਂ ਕਰਦੇ ਕਿ ਕੇਵਲ ਇਨ੍ਹਾਂ ਅਸਰਾਂ ਦੇ ਕਾਰਨ ਆਜ਼ਾਦੀ ਹੋ ਜਾਵੇਗੀ। ਉਹ ਖ਼ਿਆਲ ਕਰਦੇ ਹਨ ਕਿ ਸ਼ਾਂਤਮਈ ਸਤਿਆਗ੍ਰਹਿ ਨਾਲ ਸਰਕਾਰ ਦਾ ਪ੍ਰਬੰਧ ਵਿਗੜ ਜਾਏਗਾ ਤੇ ਸਰਕਾਰ ਦਾ ਰੁਹਬ ਹੱਟ ਜਾਵੇਗਾ। ਇਸ ਦਾ ਲਾਜ਼ਮੀ ਨਤੀਜ਼ਾ ਬਦਅਮਨੀ ਹੈ। ਅਜਿਹੇ ਖ਼ਿਆਲਾਂ ਵਾਲੇ ਲੋਕਾਂ ਵਿੱਚੋਂ ਹੀ ਕਈ ਇਹ ਆਖਦੇ ਹਨ ਕਿ ਇਹ ਕੰਮ ਨਹੀਂ ਕਰਨਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਨਾਲ ਬਦਅਮਨੀ ਫ਼ੈਲਣ ਦਾ ਡਰ ਹੈ। ਉਨ੍ਹਾਂ ਤੋਂ ਪੁੱਛਿਆ ਜਾਵੇ ਕਿ ਫਿਰ ਕੋਈ ਅਜਿਹਾ ਤਰੀਕਾ ਹੈ, ਜਿਸ ਨਾਲ ਬਦਅਮਨੀ ਫ਼ੈਲਣ ਦਾ ਅੰਦੇਸ਼ਾ ਨਾ ਹੋਵੇ, ਤਾਂ ਉਹ ਇਹੋ ਜਵਾਬ ਦਿੰਦੇ ਹਨ ਕਿ ਚੁੱਪ ਰਹੋ, ਅਰਥਾਤ ਗ਼ੁਲਾਮ ਬਣੇ ਰਹੋ। ਉਹ ਆਖਦੇ ਹਨ ਕਿ ਹੁਣ ਤਾਂ ਚੁੱਪ ਰਹੋ ਪਿੱਛੇ ਦੀਆਂ ਨਸਲਾਂ ਜਿਵੇਂ ਮੁਨਾਸਬ ਸਮਝਣਗੀਆਂ ਕਰ ਲੈਣਗੀਆਂ। ਇਹ ਹੈ ਪਰਲੇ ਦਰਜ਼ੇ ਦੀ ਖ਼ੁਦਗ਼ਰਜ਼ੀ, ਇਹ ਲੋਕ ਚਾਹੁੰਦੇ ਹਨ ਕਿ ਆਜ਼ਾਦੀ ਲੈਣ ਵਿਚ ਦੇਰੀ ਭੀ ਹੋ ਜਾਵੇ, ਪਰੰਤੂ ਜੋ ਕੁਰਬਾਨੀ ਲਾਜ਼ਮੀ ਹੈ ਉਹ ਭੀ ਸਾਡੀ ਔਲਾਦ ਦੇ ਸਿਰ ਉੱਪਰ ਨਾ ਆਵੇ ਇਸ ਤੋਂ ਵਧੇਰੀ ਕੀ ਖ਼ੁਦਗ਼ਰਜ਼ ਹੋ ਸਕਦੀ ਹੈ।

ਜੇ ਆਜ਼ਾਦੀ ਲੈਣ ਦਾ ਕੋਈ ਅਜਿਹਾ ਰਸਤਾ ਹੋ ਸਕਦਾ ਹੈ, ਜਿਸ ਵਿਚ

ਬਦਅਮਨੀ ਦਾ ਖ਼ਤਰਾ ਨਾ ਹੋਵੇ ਤਾਂ ਉਹ ਸ਼ਾਂਤਮਈ ਸਤਿਆਗ੍ਰਹਿ ਹੀ ਹੈ ਪਰੰਤੂ ਜੇ ਇਹ ਭੀ ਬਦਅਮਨੀ ਨੂੰ ਨਹੀਂ ਰੋਕ ਸਕਦਾ ਤਾਂ ਹੋਰ ਕੋਈ ਰਸਤਾ ਹੀ ਨਹੀਂ ਹੈ, ਜਿਸ ਵਿਚ ਬਦਅਮਨੀ ਤੋਂ ਲੰਘੇ ਬਿਨਾਂ ਆਜ਼ਾਦੀ ਨੂੰ ਪਹੁੰਚਿਆ ਜਾ ਸਕਦਾ ਹੈ। ਫਿਰ ਜੇ ਆਜ਼ਾਦੀ ਦੇ ਵਾਸਤੇ ਬਦਅਮਨੀ ਤੋਂ ਲੰਘਣਾ ਲਾਜ਼ਮੀ ਹੈ ਤਾਂ ਕਿਹੜੀ ਸੋਚ ਬਾਕੀ ਰਹਿ ਗਈ ਹੈ?

ਆਜ਼ਾਦੀ ਤਾਂ ਅਸਾਂ ਨੇ ਜ਼ਰੂਰੀ ਹਿੰਦੁਸਤਾਨ ਨੂੰ ਦਿਵਾਉਣੀ ਹੈ। ਇਸੇ ਵਿਚ ਹਿੰਦੁਸਤਾਨ ਦਾ ਭਲਾ ਹੈ। ਇਸੇ ਵਿਚ ਅੰਗ੍ਰੇਜ਼ ਦਾ ਭਲਾ ਹੈ ਤੇ ਇਸੇ ਵਿਚ ਸਾਰੀ ਦੁਨੀਆਂ ਦਾ ਭਲਾ ਹੈ, ਫਿਰ ਜੇ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਵਿਚ ਬਦਅਮਨੀ ਦਾ ਸਾਹਮਣਾ ਕਰਨਾ ਜ਼ਰੂਰੀ ਤੇ ਇਹ ਸ਼ਾਂਤਮਈ ਸਤਿਆਗ੍ਰਹਿ ਨਾਲ ਭੀ ਨਹੀਂ ਰੁਕ ਸਕਦੀ ਤਾਂ ਉਹ ਸਾਹਮਣਾ ਭੀ ਅਸੀਂ ਆਪ ਕਰਾਂਗੇ ਤੇ ਇਹ ਤਕਲੀਫ ਆਪਣੀ ਔਲਾਦ ਦੇ ਸਿਰ ਪੁਰ ਨਹੀਂ ਛੋੜਾਂਗੇ।

ਐ ਖਾਲਸਾ ਜੀ ! ਇਸ ਤਰ੍ਹਾਂ ਦੀਆਂ ਥੋਥੀਆਂ ਦਲੀਲਾਂ ਵਿਚ ਪੈ ਕੇ ਕਦਮ ਨਾ ਡੁਲਾਓ :

'ਅਬ ਤਉ ਜਰੇ ਮਰੇ ਸਿਧਿ ਪਾਈਐ, ਲੀਨੋ ਹਾਥਿ ਸੰਧਉਰਾ॥'

(ਗਉੜੀ ਕਬੀਰ, ਪੰਨਾ ੩੩੮)

ਕੋਈ ਡਰ, ਕੋਈ ਖ਼ੁਦਗਰਜ਼ੀ ਤੇ ਕੋਈ ਝਿਜਕ ਰਸਤੇ ਵਿਚ ਨਾ ਰਹਿਣ ਦਿਓ। ਗਾਂਧੀ ਜੀ ਆਪ ਪਾਸ ਅਪੀਲ ਕਰ ਰਹੇ ਹਨ। ਮੈਦਾਨ ਵਿਚ ਨਿੱਤਰੋ। ਜੇ ਇਸ ਵੇਲੇ ਗਾਂਧੀ ਜੀ ਕਾਮਯਾਬ ਨਾ ਹੋਏ ਤਾਂ ਸੰਸਾਰ ਨੂੰ ਵਧੇਰੇ ਤਕਲੀਫ ਹੋਵੇਗੀ ਤੇ ਉਸ ਦੀ ਜ਼ਿੰਮੇਂਵਾਰੀ ਸਾਡੇ ਉੱਪਰ ਹੀ ਆਵੇਗੀ, ਜਿਨ੍ਹਾਂ ਨੇ ਖ਼ੁਦਗਰਜ਼ੀ ਤੇ ਡਰ ਵਿਚ ਫਸ ਕੇ ਸੰਸਾਰ ਨੂੰ ਸਮੇਂ ਸਿਰ ਮੁਸੀਬਤ ਤੋਂ ਬਚਾਣ ਦੀ ਕੋਸ਼ਿਸ਼ ਨਾ ਕੀਤੀ।

✲ ✲ ✲

ਸਾਰੇ ਦੇਸ਼ ਵਿਚ ਫੁੱਟ ਕਿਉਂ ਪਈ ਤੇ ਹੁਣ ਕਿਸ ਤਰ੍ਹਾਂ ਮੁੱਕੇਗੀ ?

1920 ਵਿਚ ਨਾ-ਮਿਲਵਰਤਨ ਲਹਿਰ ਚੱਲੀ। ਦੋ ਸਾਲ ਇਸ ਦਾ ਜ਼ੋਰ ਵਧਦਾ ਗਿਆ ਪਰ ਆਖ਼ਰ 1922 ਵਿਚ ਮਹਾਤਮਾ ਗਾਂਧੀ ਜੀ ਦੇ ਗ੍ਰਿਫ਼ਤਾਰ ਹੋਣ ਮਗਰੋਂ ਇਹ ਢਿੱਲੀ ਪੈਣੀ ਸ਼ੁਰੂ ਹੋ ਗਈ।

ਆਮ ਕਰਕੇ ਕਿਸੇ ਜੰਗ ਵਿਚ ਭਾਂਜ ਖਾ ਕੇ ਨੱਸੀ ਹੋਈ ਫ਼ੌਜ ਇਕੱਠੇ ਰਹਿ ਕੇ ਪਿੱਛੇ ਫ਼ੌਜ ਹਟੀ ਚਲੇ ਤਦ ਤਕ ਇਸ ਨੂੰ ਹਾਰ ਹੀ ਨਹੀਂ ਕਿਹਾ ਜਾ ਸਕਦਾ ਤੇ ਨਾ ਹੀ ਖ਼ਾਸ ਕਮਜ਼ੋਰੀ ਹੋਂਦੀ ਹੈ ਪਰ ਜਦ ਮੈਦਾਨ ਵਿਚ ਭਾਜੜ ਪੈ ਜਾਵੇ ਤਾਂ ਫ਼ੌਜ ਦਾ ਇਕ ਦੋਸਤ ਕਿਸੇ ਪਾਸੇ ਨੂੰ ਭੱਜ ਉੱਠਦਾ ਹੈ ਤੇ ਦੂਜਾ ਕਿਸੇ ਹੋਰ ਪਾਸੇ ਨੂੰ ਨੱਠ ਉੱਠਦਾ ਹੈ ਤੇ ਕਈ ਸਿਪਾਹੀ ਤਾਂ ਇਕੱਲੇ ਹੋ ਕੇ ਜਿਧਰ ਮੂੰਹ ਆਉਂਦਾ ਹੈ ਓਧਰ ਭੱਜ ਉੱਠਦੇ ਹਨ।

ਇਹੋ ਹਾਲ ਹੀ ਸਾਡੇ ਨਾਲ ਪਿਛਲੇ ਜੰਗ ਵਿਚ ਹੋਇਆ ਹੈ। ਕਿਤਨੇ ਸਾਰੇ ਕੰਮ ਕਰਨ ਵਾਲੇ ਤਾਂ ਤਿੱਤਰ-ਬਿੱਤਰ ਹੋ ਕੇ ਘਰਾਂ ਦੇ ਕੰਮਾਂ ਵਿਚ ਲੱਗ ਪਏ ਹਨ ਤੇ ਬਾਕੀ ਜੋ ਰਹੇ ਹਨ ਉਹ ਅੱਡੋ-ਅੱਡਰੀਆਂ ਢਾਣੀਆਂ ਬਣ ਕੇ ਕੰਮ ਕਰਦੇ ਰਹੇ ਹਨ। ਇਨ੍ਹਾਂ ਢਾਣੀਆਂ ਦਾ ਕੰਮ ਇਕ ਦੂਜੇ ਉੱਤੇ ਝੂਠੇ ਜਾਂ ਸੱਚੇ ਇਲਜ਼ਾਮ ਲਾਣੇ ਹੀ ਰਹਿ ਗਿਆ ਸੀ। ਇਹੋ ਜਿਹੀ ਹਾਲਤ ਵਿਚ ਹੀ ਮਹਾਤਮਾ ਗਾਂਧੀ ਜੀ ਨੇ ਇਨ੍ਹਾਂ ਸਭ ਨੂੰ ਇਕ ਸ਼ਾਂਤਮਈ ਅਸੂਲ ਹੇਠਾਂ ਇਕੱਠਾ ਕਰਕੇ ਨਵਾਂ ਜੰਗ ਰਚਾਣ ਦਾ ਉਪਰਾਲਾ ਕੀਤਾ ਹੈ। ਫੁੱਟ ਪੈਣ ਦਾ ਕਾਰਨ ਸਾਡੀ ਹਾਰ ਸੀ ਪਰ ਕਈ ਸੱਜਣ ਇਉਂ ਵੀ ਕਹਿੰਦੇ ਹਨ ਕਿ ਸਾਡੀ ਹਾਰ ਦਾ ਕਾਰਨ ਫੁੱਟ ਪੈਣਾ ਸੀ। ਦੋਹਾਂ ਵਿੱਚੋਂ ਕੋਈ ਗੱਲ ਹੋਵੇ, ਇਹ ਸਾਫ਼ ਹੈ ਕਿ ਹਾਰ ਤੇ ਫੁੱਟ ਇਕੱਠਿਆਂ ਹੀ ਹੋਇਆ ਕਰਦੀਆਂ ਹਨ। ਇਹ ਹਾਲ ਨਾ ਕੇਵਲ ਪਿਛਲੀ ਪੋਲੀਟੀਕਲ ਲਹਿਰ ਨਾਲ ਹੀ ਵਰਤਿਆ ਹੈ, ਸਗੋਂ ਅਕਾਲੀ ਲਹਿਰ ਨਾਲ ਭੀ ਇਹੋ ਜਿਹਾ ਹਾਲ ਵਰਤਿਆ ਸੀ। ਹੁਣ ਨਵਾਂ ਜੰਗ ਸ਼ੁਰੂ ਹੋਇਆ ਹੈ ਤੇ ਆਮ ਲੋਕੀਂ ਇਹ ਸੁਣ ਕੇ ਪ੍ਰਸੰਨ ਹੋਣਗੇ ਕਿ ਹਰ ਥਾਂ ਕਾਂਗਰਸ ਵਾਲਿਆਂ ਦਾ ਮਤਭੇਦ ਮੁੱਕ ਰਿਹਾ ਹੈ। ਲਾਹੌਰ ਕਾਂਗਰਸ ਵਿਚ ਭੀ ਦੋ ਧੜੇ ਹੋ ਗਏ ਹਨ। ਹੁਣ ਉਨ੍ਹਾਂ ਦੋਹਾਂ ਧੜਿਆਂ ਨੇ ਬੜੇ ਪ੍ਰੇਮ ਨਾਲ ਇਕ ਦੂਜੇ ਉੱਤੇ ਇਤਬਾਰ ਕੀਤਾ ਹੈ ਤੇ ਇਕੱਠੇ ਹੋ ਕੇ ਕੰਮ ਆਰੰਭਿਆ ਹੈ। ਬੇਸ਼ੱਕ ਅਜੇ ਇਤਨਾਂ ਛੇਤੀ ਪੁਰਾਣਾ ਇਕੱਠ ਹੋ ਗਿਆ ਨਾ ਸਮਝੋ। ਅਜੇ ਦਿਲਾਂ ਵਿਚ ਫ਼ਰਕ ਰਹੇਗਾ ਪਰ ਫੁੱਟ ਦੂਰ ਕਰਨ ਦਾ ਢੰਗ ਕੇਵਲ ਇਹੋ ਹੀ ਹੈ ਕਿ ਇਕੱਠੇ ਹੋ ਕੇ ਸਾਂਝੇ ਵੈਰੀ

ਦੇ ਵਿਰੁੱਧ ਜੰਗ ਰਚਾ ਦਿਓ । ਹੁਣ ਜਦ ਇਕ ਕਰੜਾ ਜੰਗ ਸ਼ੁਰੂ ਹੋ ਗਿਆ ਹੈ ਤਾਂ ਸਾਨੂੰ ਪੱਕਾ ਨਿਸਚਾ ਹੋ ਚੁੱਕਾ ਹੈ ਕਿ ਇਸ ਜੰਗ ਵਿਚ ਕਾਂਗਰਸ ਵਿੱਚੋਂ ਹਰ ਤਰ੍ਹਾਂ ਦੀ ਫੁੱਟ ਨਿਕਲ ਜਾਵੇਗੀ । ਜੋ ਜੋ ਵੀ ਇਸ ਜੰਗ ਵਿਚ ਸ਼ਾਮਿਲ ਹੋਣਗੇ, ਉਨ੍ਹਾਂ ਵਿਚ ਤਾਂ ਫੁੱਟ ਨਹੀਂ ਰਹੇਗੀ ਤੇ ਜੋ ਜੰਗ ਤੋਂ ਪਰੇ ਰਹਿਣਗੇ ਉਹ ਲਾਂਭੇ ਕੰਧ ਨਾਲ ਲੱਗ ਜਾਣਗੇ। ਅਸੀਂ ਤਾਂ ਇਥੇ ਤੱਕ ਆਸ ਕਰਦੇ ਹਾਂ ਕਿ ਇਸ ਸ਼ਾਂਮਤਈ ਜੰਗ ਵਿਚ ਫ਼ਿਰਕੇਦਾਰੀ ਉੱਕੀ ਹੀ ਮਿਟ ਜਾਵੇਗੀ।

ਇਹ ਇਤਰਾਜ਼ ਹੋ ਸਕਦਾ ਹੈ ਜੇ ਫਿਰ ਸਾਨੂੰ ਹਾਰ ਹੋ ਗਈ ਤਾਂ ਫਿਰ ਫੁੱਟ ਪਵੇਗੀ ? ਇਹ ਠੀਕ ਹੈ। ਜਦ ਮੁਲਕੀ ਆਗੂ ਹਾਰ ਜਾਂਦੇ ਹਨ ਤਾਂ ਇਸ ਹਾਰ ਦੇ ਇਲਜ਼ਾਮ ਇਕ ਦੂਜੇ ਉੱਤੇ ਲਾਉਣ ਲੱਗ ਜਾਂਦੇ ਹਨ । ਜੇ ਅਸੀਂ ਫਿਰ ਹਾਰੇ ਤਾਂ ਅਸਾਂ ਤੂੰ-ਤੂੰ, ਮੈਂ-ਮੈਂ ਵਿਚ ਹੀ ਪੈਣਾ ਹੈ ਪਰ ਇਸ ਵੇਰਾਂ ਜਿਸ ਪੱਕਿਆਈ ਨਾਲ ਲੋਕੀਂ ਜੁਟੇ ਹਨ, ਉਸ ਤੋਂ ਇਹ ਅਸੀਂ ਕਹਿ ਸਕਦੇ ਹਾਂ ਕਿ ਜਿੱਤ ਯਕੀਨੀ ਹੈ। ਪਿਛਲੀ ਵੇਰਾਂ ਜਿਹੜੇ ਲੋਕੀਂ ਜੇਹਲ ਗਏ ਭੀ ਸਨ, ਉਨ੍ਹਾਂ ਨੂੰ ਭੀ ਇਹ ਆਸ ਲੱਗੀ ਰਹਿੰਦੀ ਸੀ ਕਿ ਹੁਣ ਸਮਝੌਤਾ ਹੋਇਆ ਕਿ ਹੋਇਆ। ਇਸ ਤਰ੍ਹਾਂ ਨਾਲ ਉਸ ਵੇਲੇ ਸਾਡੀ ਕੁਰਬਾਨੀ ਪੂਰੇ ਜ਼ੋਰ ਵਾਲੀ ਨਹੀਂ ਸੀ। ਇਸ ਦਾ ਇਕ ਨਤੀਜ਼ਾ ਇਹ ਨਿਕਲਿਆ ਸੀ ਜਦ ਚੌਰਾ ਚੌਰੀ ਦੇ ਸਾਕੇ ਕਰਕੇ ਸਾਡੀ ਲਹਿਰ ਢਿੱਲੀ ਪਈ ਸੀ ਤਾਂ ਕਈ ਵਾਲੰਟੀਅਰਾਂ ਨੇ ਮਾਫ਼ੀ ਮੰਗ ਲਈ ਸੀ। ਇਸ ਵੇਰਾਂ ਅਜਿਹੀ ਆਸ ਲੈ ਕੇ ਨਾ ਕੋਈ ਇਸ ਜੰਗ ਵਿਚ ਸ਼ਰੀਕ ਹੋ ਰਿਹਾ ਹੈ ਤੇ ਨਾ ਕਿਸੇ ਨੂੰ ਹੋਣਾ ਚਾਹੀਦਾ ਹੈ। ਇਸ ਵੇਰਾਂ ਤਾਂ ਸ਼ਾਂਤਮਈ ਨੂੰ ਹੰਨੇ-ਬੰਨੇ ਕਰਕੇ ਅਸੀਂ ਸਾਹ ਲਵਾਂਗੇ। ਸ਼ਾਂਤਮਈ ਜੰਗ ਉੱਤੇ ਇਕ ਵੇਰਾਂ ਦਾ ਪੂਰਾ ਜ਼ੋਰ ਲਾ ਦੇਵਾਂਗੇ ਤੇ ਜੇ ਅਸੀਂ ਕਾਮਯਾਬ ਨਾ ਹੋਏ ਤਾਂ ਸਮਝੋ ਕਿ ਸ਼ਾਂਤਮਈ ਜੰਗ ਨਾਲ ਕਾਮਯਾਬੀ ਨਹੀਂ ਹੋ ਸਕਦੀ, ਇਸ ਕਰ ਕੇ ਹੋਰ ਭੀ ਜ਼ਰੂਰੀ ਹੈ ਕਿ ਐਤਕੀਂ ਸਾਰਾ ਜ਼ੋਰ ਲਾ ਦੇਵੋ ਕਿਉਂਕਿ ਜੇ ਇਸ ਤਰ੍ਹਾਂ ਕਾਮਯਾਬੀ ਹੋ ਜਾਵੇ ਤਾਂ ਸਮਝੋ ਸਾਰੀ ਦੁਨੀਆਂ ਹੀ ਤਬਾਹੀ ਤੋਂ ਬਚ ਜਾਵੇਗੀ। ਇਸ ਕਰ ਕੇ ਜੇ ਇਹ ਤਜਰਬਾ ਭੀ ਤਾਂ ਭੀ ਕਰਨ ਦੇ ਕਾਬਲ ਹੈ ।

ਪਰ ਜੇ ਸਾਨੂੰ ਹਾਰ ਹੋ ਜਾਵੇ ਤੇ ਇਸ ਕਰਕੇ ਮੁੜ ਫੁੱਟ ਪੈ ਜਾਵੇ ਤਾਂ ਭੀ ਇਹ ਕੋਈ ਦਲੀਲ ਨਹੀਂ ਹੈ ਕਿ ਅਸੀਂ ਆਉਣ ਵਾਲੇ ਖ਼ਤਰੇ ਤੋਂ ਹੁਣ ਦੀ ਗ਼ੁਲਾਮੀ ਤੋਂ ਬਚਣ ਲਈ ਪੂਰਾ, ਜ਼ੋਰ ਕਿਉਂ ਨਾ ਲਾ ਦਈਏ ।

☆ ☆ ☆

ਨੀਰ ਡੁਬਦਾ, ਲਏ ਤਰਲੇ ਤੀਲ੍ਹਿਆਂ ਨੂੰ ਹੱਥ ਮਾਰਦਾ

ਇਸ ਵੇਲੇ ਦਿਨ-ਬ-ਦਿਨ ਦੇਸ਼ ਵਿਚ ਜੋਸ਼ ਤੇ ਕੁਰਬਾਨੀ ਦੀ ਸਪਿਰਟ ਵਧ ਰਹੀ ਹੈ। ਅਸੀਂ ਤਾਂ ਇਹ ਵੇਖ ਹੈਰਾਨ ਹੋ ਰਹੇ ਹਾਂ ਕਿ ਉਹ ਲੋਕ ਜੋ ਪਿਛਲੇ ਸਤਿਆਗ੍ਰਹਿ ਵਿਚ ਜੇਹਲ ਜਾਣ ਦਾ ਨਾਂ ਭੀ ਨਹੀਂ ਲੈਂਦੇ ਸਨ, ਅੱਜ ਉਹ ਸਭ ਤੋਂ ਪਹਿਲਾਂ ਜਾਣ ਨੂੰ ਤਿਆਰ ਹਨ। ਇਹ ਭੀ ਠੀਕ ਹੈ ਕਿ ਕਈ ਉਹ ਆਦਮੀ ਜੋ ਅਕਾਲੀ ਲਹਿਰ ਜਾਂ ਪਿਛਲੀ ਕੌਮੀ ਲਹਿਰ ਵਿਚ ਜੇਹਲ ਗਏ ਸਨ, ਹੁਣ ਕਿਸੇ ਨਾ ਕਿਸੇ ਬਹਾਨੇ ਨਾਲ ਇਹ ਸਾਫ਼ ਆਖ ਕੇ ਜੇਹਲ ਜਾਣ ਤੋਂ ਇਨਕਾਰ ਕਰ ਰਹੇ ਹਨ ਪਰੰਤੂ ਉਨ੍ਹਾਂ ਦੇ ਥਾਂ ਤਾਂ ਨਵੇਂ ਆਦਮੀ ਤੇ ਨੌਜਵਾਨ ਵਧੇਰੀ ਗਿਣਤੀ ਵਿਚ ਆ ਰਹੇ ਹਨ। ਅਸੀਂ ਤਾਂ ਇਹ ਕਹਿੰਦੇ ਹਾਂ ਕਿ ਉਹ ਸੱਜਣ ਜੋ ਕੇਵਲ ਸਰਕਾਰ ਨਾਲ ਵਧੇਰਾ ਸਬੰਧ ਰੱਖਣ ਦੇ ਕਾਰਣ ਜਾਂ ਕਿਸੇ ਹੋਰ ਸਬੱਬ ਜੇਹਲ ਜਾਣ ਤੋਂ ਡਰਦੇ ਸਨ, ਉਨ੍ਹਾਂ ਨੂੰ ਹੁਣ ਬਹੁਤ ਡਰ ਨਹੀਂ ਰਿਹਾ ਹੈ। ਇਸ ਦਾ ਭਾਵ ਇਹ ਹੈ ਕਿ ਸਰਕਾਰ ਦਾ ਰੁਹਬ ਘੱਟ ਹੈ ਤੇ ਲੋਕਾਂ ਨੂੰ ਕਾਮਯਾਬੀ ਦੀ ਉਮੀਦ ਵਧ ਗਈ ਹੈ। ਇਸ ਵਿਚ ਸ਼ੱਕ ਨਹੀਂ ਹੈ ਕਿ ਜੇ ਸਾਰਿਆਂ ਲੋਕਾਂ ਨੂੰ ਕਾਮਯਾਬੀ ਦਾ ਯਕੀਨ ਹੋ ਜਾਵੇ ਤਾਂ ਕਾਮਯਾਬੀ ਝੱਟਪਟ ਹੋ ਜਾਵੇਗੀ। ਸਾਨੂੰ ਤਾਂ ਇਹ ਯਕੀਨ ਹੋ ਚੁੱਕਾ ਹੈ ਕਿ ਸਾਡੇ ਸੰਸਾਰ ਦਾ ਕੋਈ ਇਤਿਹਾਸ ਨਹੀਂ ਜੋ ਇਹ ਗੱਲ ਦਾ ਸਬੂਤ ਨਾ ਪੇਸ਼ ਕਰਦਾ ਹੋਵੇ, ਕਿ ਆਜ਼ਾਦੀ ਦਾ ਜੰਗ ਜਦੋਂ ਇਕ ਵੇਰਾਂ ਸ਼ੁਰੂ ਹੋ ਜਾਵੇ, ਤਾਂ ਉਹ ਕਦੇ ਨਾ-ਕਾਮਯਾਬ ਨਹੀਂ ਹੋਇਆ ਕਰਦਾ। ਇਹ ਜੰਗ ਸੰਨ 1929 ਤੋਂ ਸ਼ੁਰੂ ਹੈ। ਇਸ ਵਿਚ ਬੇਸ਼ੱਕ ਸਾਨੂੰ ਅਜੇ ਤੱਕ ਕਾਮਯਾਬੀ ਨਹੀਂ ਹੋਈ ਹੈ ਤੇ ਆਰਜ਼ੀ ਤੌਰ ਉਪਰ ਸਾਡਾ ਕਦਮ ਕਈ ਵੇਰਾਂ ਪਿੱਛੇ ਹਟਾਇਆ ਹੈ ਪਰੰਤੂ ਇਸ ਤਰ੍ਹਾਂ ਤਾਂ ਹਰ ਇਕ ਦੇਸ਼ ਵਿਚ ਹੁੰਦਾ ਰਿਹਾ ਹੈ ਆਖ਼ਰੀ ਸਿੱਟਾ ਤਾਂ ਸਾਡੀ ਫਤਹਿ ਹੈ ਤੇ ਹਰ ਇਕ ਜੱਦੋ-ਜਹਿਦ ਸਾਨੂੰ ਕਾਮਯਾਬੀ ਦੇ ਨੇੜੇ ਲੈ ਜਾਂਦੀ ਹੈ।

ਲਾਹੌਰ ਕਾਂਗਰਸ ਉਪਰ ਮੁਕੰਮਲ ਆਜ਼ਾਦੀ ਦੇ ਫ਼ੈਸਲੇ ਨੇ ਦੇਸ਼ ਵਿਚ ਇਕ ਨਵੀਂ ਰੂਹ ਫੂਕ ਦਿੱਤੀ ਸੀ ਜੋ 26 ਜਨਵਰੀ ਨੂੰ ਜਲਸਿਆਂ ਵਿਚ ਪ੍ਰਗਟ ਹੋ ਚੁੱਕੀ ਹੈ। ਉਸ ਦਿਨ ਤੋਂ ਇਹ ਜੋਸ਼ ਦਿਨ-ਬ-ਦਿਨ ਵੱਧਦਾ ਹੀ ਜਾਂਦਾ ਹੈ ਪਰੰਤੂ ਸਾਡੇ ਅੰਗ੍ਰੇਜ਼ ਦੋਸਤ ਅਜੇ ਤੱਕ ਤਿਣਕੇ ਦੇ ਸਹਾਰੇ ਢੂੰਡ ਰਹੇ ਹਨ। ਥੋੜ੍ਹੇ ਦਿਨ ਹੋਏ ਇਕ ਸੱਜਣ ਨੇ ਕਿਹਾ ਕਿ ਮਹਾਤਮਾ ਗਾਂਧੀ ਨੂੰ ਲੰਬਾ ਰੱਸਾ ਦਿਓ ਤੇ ਉਸ ਦੀ ਲਹਿਰ ਆਪੇ ਹੀ ਹਾਸੋ-ਹੀਣੀ ਹੋ ਜਾਵੇਗੀ। ਹੁਣ ਵਲਾਇਤ ਦਾ ਮਾਨਚੈਸ਼ਟਰ ਗਾਰਡੀਅਨ

ਲਿਖਦਾ ਹੈ ਕਿ "ਜਿਵੇਂ-ਜਿਵੇਂ ਸਮਾਂ ਗੁਜ਼ਰ ਰਿਹਾ ਹੈ, ਲਾਹੌਰ ਕਾਂਗਰਸ ਦਾ ਅਸਰ ਘੱਟ ਰਿਹਾ ਹੈ।" ਵਲਾਇਤ ਬੈਠੇ ਸਾਹਿਬ ਨੂੰ ਤਾਂ ਸ਼ਾਇਦ ਇਹ ਹੀ ਨਜ਼ਰ ਆਉਂਦਾ ਹੈ ਕਿ ਸ਼ਾਇਦ ਉਸ ਦੀ ਚਾਹ ਹੀ ਉਸ ਤਰ੍ਹਾਂ ਦਾ ਨਕਸ਼ਾ ਉਸ ਦੀਆਂ ਅੱਖਾਂ ਦੇ ਸਾਹਮਣੇ ਪੇਸ਼ ਕਰਦੀ ਹੋਵੇ ਪਰੰਤੂ ਹਿੰਦੁਸਤਾਨ ਵਿਚ ਇਸ ਵੇਲੇ ਕੋਈ ਆਦਮੀ ਭੀ ਨਹੀਂ ਜੋ ਇਹ ਨਾ ਜਾਣਦਾ ਹੋਵੇ ਕਿ ਹੁਣ ਤੱਕ ਤਾਂ ਜੋਸ਼ ਤੇ ਦਲੇਰੀ ਵੱਧਦੀ ਹੀ ਜਾ ਰਹੀ ਹੈ। ਅਜੇ ਤਾਂ ਕੰਮ ਸ਼ੁਰੂ ਹੀ ਨਹੀਂ ਹੋਇਆ। ਕੇਵਲ ਗਾਂਧੀ ਜੀ ਦੇ ਮੈਦਾਨ ਵਿਚ ਨਿਕਲਣ ਦਾ ਅਸਰ ਹੀ ਦੁਨੀਆਂ ਉਪਰ ਪੈ ਰਿਹਾ ਹੈ। ਗਾਂਧੀ ਜੀ ਨੂੰ ਜ਼ਰਾ ਗ੍ਰਿਫ਼ਤਾਰ ਹੋ ਲੈਣ ਦਿਓ ਫਿਰ ਵੇਖਣਾ ਕਿ ਕੀ ਬਣਦਾ ਹੈ। ਸਾਰੇ ਹਿੰਦੁਸਤਾਨ ਵਿਚ ਅਪ੍ਰੈਲ ਨੂੰ ਜੰਗ ਸ਼ੁਰੂ ਹੋਵੇਗਾ ਸਾਨੂੰ ਪਤਾ ਹੈ ਕਿ ਪੰਜਾਬ ਵਿਚ ਭੀ ਤਿਆਰੀ ਮੁਕੰਮਲ ਹੋ ਚੁੱਕੀ ਹੈ ਤੇ ਬਹੁਤ ਛੇਤੀ ਕੋਈ ਮੋਰਚਾ ਲਗਾਇਆ ਜਾਵੇਗਾ। ਮੋਰਚੇ ਲਗਾਣ ਸਬੰਧੀ ਖ਼ਾਸ ਥਾਂ ਨੀਯਤ ਕਰਨ ਬਾਰੇ ਅਜੇ ਸੰਮਤੀ-ਭੇਦ ਹੈ ਪਰੰਤੂ ਇਹ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ ਕਿਉਂਕਿ ਪੰਜਾਬ ਦੇ ਲੀਡਰਾਂ ਵਿੱਚੋਂ ਹਰ ਇਕ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਕਿਸੇ ਤਰ੍ਹਾਂ ਨਾਲ ਉਸ ਨੂੰ ਪਹਿਲੇ ਜਥੇ ਵਿਚ ਵਾਰੀ ਮਿਲ ਜਾਏ ਚੁਨਾਂਚਿ ਸਾਨੂੰ ਪਤਾ ਲੱਗਾ ਹੈ ਕਿ ਇਕ ਇਕੱਤਰਤਾ ਵਿਚ ਕਈ ਸੱਜਣਾਂ ਨੇ ਆਪਣੀਆਂ ਪਿਛਲੀਆਂ ਖਿਦਮਤਾਂ ਪੇਸ਼ ਕਰਦੇ ਇਹ ਕਿਹਾ ਕਿ ਉਨ੍ਹਾਂ ਨੂੰ ਪਹਿਲੇ ਜਥੇ ਵਿਚ ਜਾਣ ਦਾ ਮੌਕਾ ਦਿੱਤਾ ਜਾਵੇ।

ਇਸ ਤਰ੍ਹਾਂ ਹਰ ਤਰਫੋਂ ਜੋਸ਼ ਤੇ ਉਮੰਗ ਵਧ ਰਹੀ ਹੈ। ਕਾਲਜਾਂ ਤੇ ਸਕੂਲਾਂ ਦੇ ਵਿਦਿਆਰਥੀਆਂ ਦਾ ਤਾਂ ਕਹਿਣਾ ਹੀ ਕੀ ਹੈ, ਪ੍ਰੋਫੈਸਰ ਤੇ ਮਾਸਟਰ ਭੀ ਹਰ ਥਾਂ ਤਿਆਰ ਹੋ ਰਹੇ ਹਨ। ਸਾਨੂੰ ਤਾਂ ਕਿਸੇ ਅਜਿਹੇ ਸੱਜਣ ਨਾਲ ਮਿਲਣ ਦਾ ਇਤਫ਼ਾਕ ਹੀ ਨਹੀਂ ਹੁੰਦਾ ਜੋ ਕੋਈ ਗੱਲ ਕਰੇ। ਜਿਸ ਦੇ ਘਰ ਵਿਚ ਜਾਉ ਜਾਂ ਜਿਸ ਨੂੰ ਮਿਲੋ, ਇਹੋ ਗੱਲ ਹੁੰਦੀ ਹੈ ਕਿ ਕੌਣ-ਕੌਣ ਜੇਹਲ ਵਿਚ ਜਾਵੇਗਾ ? ਸਰਕਾਰ ਕੀ ਵਤੀਰਾ ਧਾਰਨ ਕਰੇਗੀ ਜਾਂ ਇਸ ਲਹਿਰ ਦਾ ਕੀ ਸਿੱਟਾ ਨਿਕਲੇਗਾ ? ਜਾਂ ਇਸ ਵਿਚ ਕੀ-ਕੀ ਖ਼ਤਰੇ ਹਨ ? ਬਸ ਹਰ ਪਾਸੇ ਇਹੋ ਗੱਲਾਂ ਹੋ ਰਹੀਆਂ ਹਨ।

ਇਸ ਲਈ ਅਸੀਂ ਕਹਿੰਦੇ ਹਾਂ ਕਿ ਜੋਸ਼ ਦਿਨ-ਬ-ਦਿਨ ਵੱਧ ਰਿਹਾ ਹੈ ਤੇ ਇਹ ਉਸ ਵੇਲੇ ਪੂਰੀ ਤਰ੍ਹਾਂ ਪ੍ਰਗਟ ਹੋ ਜਾਵੇਗਾ, ਜਦੋਂ ਪੰਜਾਬ ਵਿਚ ਮੋਰਚਾ ਸ਼ੁਰੂ ਹੋ ਜਾਵੇਗਾ ਪਰ ਸਾਡੇ ਅੰਗ੍ਰੇਜ਼ ਮਿੱਤਰ ਅਜੇ ਤਕ ਇਹੋ ਆਸਾਂ ਲਾਈ ਬੈਠੇ ਹਨ ਜਿਨ੍ਹਾਂ ਦਾ ਕੋਈ ਵਜੂਦ ਹੀ ਨਹੀਂ ਹੈ। ਚੰਗਾ, ਤਾਂ ਉਹ ਆਪਣਾ ਕੰਮ ਜਿਸ ਤਰ੍ਹਾਂ ਚਾਹੁਣ ਜਾਣ, ਜੇ ਉਹ ਸਾਨੂੰ ਗੱਲਾਂ ਵਿਚ ਧੋਖਾ ਦੇਣਾ ਚਾਹੁੰਦੇ ਹਨ ਤਾਂ ਇਹ ਕੋਸ਼ਿਸ਼ ਭੀ ਕਰ ਲੈਣ। ਸਾਡਾ ਤਾਂ ਹੁਣ ਇਕੋ ਹੀ ਜਵਾਬ ਹੈ ਤੇ ਉਹ ਇਹ ਹੈ ਕਿ :-

"ਗੁਰੂ ਤੇਗ਼ ਬਹਾਦਰ ਬੋਲਿਆ ਧਰ ਪਈਏ ਧਰਮ ਨਾ ਛੋੜੀਏ।"

* * *

ਘਰ ਦੇ ਝਗੜੇ ਮੁਕਾ ਦਿਓ!
ਬੜਾ ਭਾਰੀ ਜੰਗ ਸਾਹਮਣੇ ਆ ਰਿਹਾ ਹੈ

6 ਅਪ੍ਰੈਲ ਤੋਂ ਸਮਝੋ ਕਿ ਹਿੰਦੁਸਤਾਨ ਵਿਚ ਬਹੁਤ ਵੱਡਾ ਜੰਗ ਸ਼ੁਰੂ ਹੋ ਜਾਵੇਗਾ। ਪਿਛਲੇ ਜੰਗ ਦੇ ਪਿੱਛੋਂ ਹਰ ਥਾਂ ਕਾਂਗਰਸ ਦੇ ਕਾਰਕੁਨਾਂ ਵਿਚ ਧੜੇ ਬਣ ਚੁੱਕੇ ਹਨ। ਹੁਣ ਉਨ੍ਹਾਂ ਧੜਿਆਂ (ਪਾਰਟੀਆਂ) ਦੇ ਤੋੜਨ ਦਾ ਸਮਾਂ ਆ ਗਿਆ ਹੈ ਤੇ ਸਾਨੂੰ ਤਾਂ ਹੁਣ ਯਕੀਨ ਹੈ ਕਿ ਉਹ ਪਾਰਟੀਆਂ ਰਹਿ ਹੀ ਨਹੀਂ ਸਕਦੀਆਂ ਤੇ ਜੋ ਕੋਈ ਉਨ੍ਹਾਂ ਪਾਰਟੀਆਂ ਨੂੰ ਰੱਖਣ ਦੀ ਕੋਸ਼ਿਸ਼ ਕਰੇਗਾ, ਉਹ ਆਪਣੇ ਪੈਰੀਂ ਆਪ ਕੁਹਾੜਾ ਮਾਰੇਗਾ ਹੁਣ ਜੰਗ ਦਾ ਵੇਲਾ ਹੈ ਤੇ ਪਾਰਟੀਆਂ ਦੇ ਲੀਡਰ ਤਾਂ ਪਹਿਲੇ ਹੀ ਜੇਹਲ ਚਲੇ ਜਾਣਗੇ ਜੇ ਉਹ ਜੇਲ੍ਹ ਜਾਣਗੇ ਤਾਂ ਬਦਨਾਮ ਹੋ ਜਾਣਗੇ, ਜੇ ਉਹ ਜੇਹਲ ਜਾਣਗੇ ਤਾਂ ਫਿਰ ਪਾਰਟੀਆਂ ਕਿਥੇ ਰਹਿਣਗੀਆਂ ?

ਇਹ ਜੰਗ ਬਹੁਤ ਸਖ਼ਤ ਤੇ ਲੰਬਾ ਹੋਵੇਗਾ ਅਜੇ ਤੱਕ ਤਾਂ ਨੌਕਰਸ਼ਾਹੀ ਨੇ ਹਮਲਾ ਸ਼ੁਰੂ ਨਹੀਂ ਕੀਤਾ ਹੈ। ਭਾਵੇਂ ਥਾਂ-ਥਾਂ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ ਪਰੰਤੂ ਇਸ ਨੂੰ ਨੌਕਰਸ਼ਾਹੀ ਹਮਲਾ ਨਾ ਸਮਝੋ। ਨੌਕਰਸ਼ਾਹੀ ਹਮਲਾ ਤਾਂ ਬਹੁਤ ਸਖ਼ਤ ਹੋਵੇਗਾ। ਬਹੁਤ ਵੱਡੇ ਪੈਮਾਨੇ ਉਪਰ ਹੋਵੇਗਾ। ਜਿਸ ਵੇਲੇ ਨੌਕਰਸ਼ਾਹੀ ਤੇ ਹਿੰਦੁਸਤਾਨੀਆਂ ਦਾ ਮੁਕਾਬਲਾ ਸ਼ੁਰੂ ਹੋ ਜਾਵੇਗਾ ਤਾਂ ਸਿੱਖ ਇਸ ਜੰਗ ਵਿਚ ਸਭ ਤੋਂ ਅੱਗੇ ਹੋਣਗੇ। ਇਸ ਵੇਲੇ ਨਹਿਰੂ ਰਿਪੋਰਟ ਦਾ ਤਾਂ ਫ਼ੈਸਲਾ ਮੁਕੰਮਲ ਤੌਰ ਪੁਰ ਹੋ ਚੁੱਕਾ ਹੈ। ਸਾਨੂੰ ਪਤਾ ਹੈ ਕਿ ਇਸ ਵੇਲੇ ਨੌਕਰਸ਼ਾਹੀ ਦੇ ਏਜੰਟ ਅੱਡ-ਅੱਡ ਸ਼ਕਲਾਂ ਵਿਚ ਇਹ ਕੋਸ਼ਿਸ਼ ਕਰ ਰਹੇ ਹਨ ਕਿ ਸਿੱਖ ਇਸ ਜੰਗ ਵਿਚ ਸ਼ਾਮਿਲ ਨਾ ਹੋਣ। ਯਾਦ ਰੱਖੋ ਕਿ ਜੇ ਤੁਹਾਨੂੰ ਮਿੱਤਰ ਜਾਂ ਨਜ਼ਦੀਕੀ ਸਬੰਧੀ ਭੀ ਇਹ ਸਲਾਹ ਦੇਂਦਾ ਹੈ ਤਾਂ ਜ਼ਰੂਰ ਇਹ ਸ਼ੱਕ ਕਰੋ ਕਿ ਇਹ ਭੀ ਨੌਕਰਸ਼ਾਹੀ ਦੀ ਤਰਫੋਂ ਹੀ ਪ੍ਰਚਾਰ ਕਰਦਾ ਹੈ। ਤੁਹਾਡਾ ਮਿੱਤਰ ਜਾਂ ਨਜ਼ਦੀਕੀ ਸਬੰਧੀ ਤਾਂ ਨੇਕ-ਨੀਅਤੀ ਨਾਲ ਤੁਹਾਨੂੰ ਸਲਾਹ ਦੇ ਰਿਹਾ ਹੈ ਪਰੰਤੂ ਉਸ ਦੇ ਦਿਲ ਵਿਚ ਕਿਸੇ ਚਲਾਕ ਨੌਕਰਸ਼ਾਹ ਨੇ ਇਹ ਗ਼ਲਤ ਖ਼ਿਆਲ ਬਿਠਾ ਦਿੱਤਾ ਹੋਇਆ ਹੈ ਕਿ ਜੇ ਅਜਿਹੀ ਸਲਾਹ ਦੇਣ ਦੇ ਕਾਰਨ ਦੀ ਡੂੰਘਾਈ ਤਕ ਪਹੁੰਚਣ ਦਾ ਆਪ ਯਤਨ ਕਰੋਗੇ ਤਾਂ ਆਮ ਤੌਰ ਪੁਰ ਆਪ ਇਹ ਪਤਾ ਲਗਾਉਣ ਵਿਚ ਕਾਮਯਾਬ ਹੋ ਜਾਉਗੇ ਕਿ ਕਿਸ ਤਰ੍ਹਾਂ ਚਲਾਕੀ ਨਾਲ ਤੁਹਾਡੇ ਸਬੰਧੀਆਂ ਤੇ ਦੋਸਤਾਂ ਨੂੰ ਧੋਖਾ ਦੇ ਕੇ, ਉਨ੍ਹਾਂ ਦੀ ਰਾਹੀਂ ਤੁਹਾਨੂੰ ਧੋਖਾ ਦੇਣ ਦੀ ਕੋਸ਼ਿਸ਼ ਹੋ ਰਹੀ ਹੈ। ਅਸੀਂ ਇਸ ਵਾਸਤੇ ਆਖ ਰਹੇ ਹਾਂ ਕਿ ਸਾਡੇ ਆਪਣੇ ਨਾਲ ਅਜਿਹੇ ਹੱਥ-ਕੰਡੇ ਹੋ ਚੁੱਕੇ ਹਨ। ਸਾਡੇ ਇਕ ਬੜੇ ਹੀ ਭੋਲੇ ਅਤੇ ਨੇਕ ਨੀਅਤ

ਮਿੱਤਰ ਨੇ ਸਾਨੂੰ ਅਜਿਹਾ ਮਸ਼ਵਰਾ ਦਿੱਤਾ ਸੀ। ਜਦੋਂ ਅਸੀਂ ਆਪਣੇ ਮਿੱਤਰ ਨੂੰ ਇਸ ਦੀ ਪੜਤਾਲ ਕਰਨ ਲਈ ਕਿਹਾ ਸੀ ਤਾਂ ਉਹ ਭੀ ਹੈਰਾਨ ਹੋਇਆ ਕਿ ਕਿਸ ਤਰ੍ਹਾਂ ਉਸ ਨੂੰ ਧੋਖਾ ਦਿਤਾ ਗਿਆ ਸੀ।

ਹੋ ਸਕਦਾ ਹੈ ਕਿ ਤੁਹਾਨੂੰ ਕੁਝ ਸੰਮਤੀ-ਭੇਦ, ਕਾਂਗਰਸ ਜਾਂ ਹਿੰਦੂ ਮੁਸਲਮਾਨਾਂ ਨਾਲ ਹੋਵੇ। ਅਸੀਂ ਅਜਿਹੇ ਸੰਮਤੀ-ਭੇਦਾਂ ਨੂੰ ਛੱਡ ਨਹੀਂ ਰਹੇ ਹਾਂ ਪਰੰਤੂ ਉਨ੍ਹਾਂ ਦੇ ਛੇੜਣ ਦਾ ਹੁਣ ਦਾ ਸਮਾਂ ਨਹੀਂ ਹੈ। ਜੇ ਸਾਰੇ ਹਿੰਦੁਸਤਾਨ ਵਿਚ ਇਕ ਕੌਮ ਭੀ ਹੁੰਦੀ ਤਾਂ ਭੀ ਕਿਸੇ ਨਾ ਕਿਸੇ ਤਰ੍ਹਾਂ ਸੰਮਤੀ-ਭੇਦ ਜ਼ਰੂਰ ਹੁੰਦੇ ਤੇ ਰਹਿੰਦੇ। ਇਸ ਵੇਲੇ ਅਸਾਂ ਇਹ ਨਹੀਂ ਵੇਖਣਾ ਕਿ ਸਾਡੇ ਕੀ ਸੰਮਤੀ-ਭੇਦ ਹਨ। ਬਲਕਿ ਇਹ ਵੇਖਣਾ ਹੈ ਕਿ ਬੁਨਿਆਦੀ ਤੌਰ ਪੁਰ ਤਾਂ ਕੋਈ ਫ਼ਰਕ ਨਹੀਂ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਰ ਇਕ ਸੰਮਤੀ ਭੇਦ ਦੀ ਕੀ ਅਹਿਮੀਅਤ ਹੈ? ਕੋਈ ਸੰਮਤੀ-ਭੇਦ ਤਾਂ ਅਜਿਹਾ ਹੋ ਸਕਦਾ ਹੈ ਕਿ ਜਿਸ ਦੇ ਕਾਰਨ ਅਸੀਂ ਦੂਸਰੇ ਦੋਸਤਾਂ ਨਾਲ ਕਦਾਚਿਤ ਸਹਿਮਤ ਨਹੀਂ ਹੋ ਸਕਦੇ ਪਰੰਤੂ ਕਈ ਅਜਿਹੇ ਛੋਟੇ ਸੰਮਤੀ-ਭੇਦ ਹੁੰਦੇ ਹਨ ਜੋ ਕਿਸੇ ਦੁਸ਼ਮਣ ਨਾਲ ਜੰਗ ਕਰਨ ਵੇਲੇ ਕੋਈ ਵਿਸ਼ੇਸ਼ਤਾ ਭੀ ਨਹੀਂ ਰੱਖਦੇ ਤੇ ਜੇ ਉਨ੍ਹਾਂ ਦੀ ਕੋਈ ਵਿਸ਼ੇਸ਼ਤਾ ਹੈ ਭੀ ਤਾਂ ਉਨ੍ਹਾਂ ਦਾ ਇਸ ਬੜੀ ਭਾਰੀ ਜੰਗ ਮਗਰੋਂ ਫ਼ੈਸਲਾ ਹੋ ਸਕਦਾ ਹੈ।

ਇਸ ਵੇਲੇ ਜੋ ਕੌਮ, ਜੋ ਫ਼ਿਰਕਾ, ਜੋ ਆਦਮੀ ਇਸ ਸ਼ਾਂਤਮਈ ਧਰਮ ਯੁੱਧ ਤੋਂ ਅੱਡ ਰਹੇਗਾ, ਉਹ ਆਪਣੇ ਪੈਰਾਂ ਉਪਰ ਆਪ ਕੁਹਾੜਾ ਮਾਰੇਗਾ। ਇਹ ਹੋ ਸਕਦਾ ਹੈ ਕਿ ਕੋਈ ਆਦਮੀ ਪੂਰੀ ਕੁਰਬਾਨੀ ਨਾ ਕਰ ਸਕੇ ਪਰੰਤੂ ਹਰ ਇਕ ਹਿੰਦੁਸਤਾਨੀ ਨੂੰ ਇਸ ਵੇਲੇ ਸਾਡੀ ਸਹਾਇਤਾ ਕਰਨੀ ਚਾਹੀਦੀ ਹੈ। ਜੇ ਆਪ ਗੋਲੀ ਨਹੀਂ ਖਾ ਸਕਦੇ ਤਾਂ ਜੇਲ੍ਹ ਜਾਓ ਤੇ ਜੇ ਜੇਲ੍ਹ ਨਹੀਂ ਜਾ ਸਕਦੇ ਤਾਂ ਰੁਪਏ ਦੀ ਸਹਾਇਤਾ ਦਿਓ, ਜੇ ਆਪ ਦੇ ਪਾਸ ਰੁਪਇਆ ਭੀ ਨਹੀਂ ਹੈ ਤਾਂ ਹੱਥਾਂ ਨਾਲ ਸੇਵਾ ਕਰੋ ਤੇ ਵਾਹਿਗੁਰੂ ਪਾਸ ਫਤਹਿ ਦੀ ਅਰਦਾਸ ਕਰੋ। ਇਹ ਸ਼ਾਂਤਮਈ ਜੰਗ ਤਾਂ ਕੇਵਲ ਸੰਸਾਰ ਦੀ ਹਮਦਰਦੀ ਲੈ ਕੇ ਹੀ ਜਿੱਤਿਆ ਜਾ ਸਕਦਾ ਹੈ। ਆਪ ਹਮਦਰਦੀ ਕਰੋ ਤਾਂ ਫਿਰ ਆਪ ਦਾ ਭੀ ਇਸ ਜੰਗ ਵਿਚ ਕੁਝ ਨਾ ਕੁਝ ਹਿੱਸਾ ਜ਼ਰੂਰ ਹੋਵੇਗਾ। 6 ਅਪ੍ਰੈਲ ਨੂੰ ਪੰਜਾਬ ਵਿਚ ਭੀ ਕੰਮ ਸ਼ੁਰੂ ਹੋ ਜਾਵੇਗਾ। ਇਹ ਬੜਾ ਸਖ਼ਤ ਜੰਗ ਹੋਵੇਗਾ, ਇਸ ਵੇਲੇ ਕੌਮ ਨੂੰ ਪਿੱਠ ਦੇਣ ਵਾਲੇ ਮਹਾਨ ਕੌਮ-ਧ੍ਰੋਹੀ ਹੋਣਗੇ। ਜੇ ਤੁਸੀਂ ਕਮਜ਼ੋਰ ਹੋ ਤਾਂ ਘੱਟ ਤੋਂ ਘੱਟ ਇਸ ਧਰਮ ਯੁੱਧ ਦੀ ਵਿਰੋਧਤਾ ਤਾਂ ਨਾ ਕਰੋ ਕਿਉਂਕਿ ਅਜਿਹਾ ਕਰਨਾ ਕਿਸੇ ਸਿੱਖ ਦਾ ਕੰਮ ਨਹੀਂ ਹੈ।

✡ ✡ ✡

ਨੀਅਤ ਸਾਫ਼ ਰੱਖੋ ਤੇ ਕੰਮ ਰਾਸ ਹੋਣਗੇ

ਕੰਮ ਕੋਈ ਨੇਕ ਜਾਂ ਬੁਰਾ ਆਪਣੇ ਆਪ ਵਿਚ ਨਹੀਂ ਹੁੰਦਾ। ਜੋ ਕੰਮ ਨੇਕ ਨੀਅਤੀ ਨਾਲ ਕੀਤਾ ਜਾਂਦਾ ਹੈ, ਉਹ ਨੇਕ ਹੈ ਤੇ ਜੋ ਬੁਰੀ ਨੀਅਤ ਨਾਲ ਕੀਤਾ ਜਾਂਦਾ ਹੈ ਉਹ ਬੁਰਾ ਹੈ। ਸੇਵਾ ਬਹੁਤ ਚੰਗੀ ਹੈ ਤੇ ਗੁਰੂ ਘਰ ਵਿਚ ਸੇਵਾ ਦੀ ਵਡਿਆਈ ਸਭ ਗੁਣਾਂ ਤੋਂ ਉਪਰ ਹੈ ਪਰ ਤਨਖ਼ਾਹਦਾਰ ਨੌਕਰ ਭੀ ਤਾਂ ਉਹ ਹੀ ਕੰਮ ਕਰਦੇ ਹਨ, ਜੋ ਪ੍ਰੇਮ ਭਰਿਆ ਸੇਵਕ ਕਰਦਾ ਹੈ। ਦੋਹਾਂ ਵਿਚ ਫ਼ਰਕ ਕੇਵਲ ਨੀਅਤ ਦਾ ਹੁੰਦਾ ਹੈ। ਨੌਕਰ ਤਾਂ ਆਪਣੀ ਗਰਜ਼ ਲਈ ਬੱਧਾ-ਰੁਧਾ ਕਰਦਾ ਹੈ ਪਰ ਸੇਵਕ ਉਹੋ ਕੰਮ ਪ੍ਰੇਮ ਵਿਚ ਭਰ ਕੇ ਕਰਦਾ ਹੈ। ਇਹ ਪ੍ਰੇਮ (ਜੋ ਉਸ ਦੀ ਨੀਯਤ ਦਾ ਨਤੀਜਾ ਹੁੰਦਾ ਹੈ) ਉਸ ਦੇ ਮਨ ਨੂੰ ਪਵਿੱਤਰ ਕਰਦਾ ਤੇ ਉੱਚਾ ਕਰ ਦੇਂਦਾ ਹੈ। ਜੋ ਲੋਕੀਂ ਸੇਵਕ ਪ੍ਰਗਟ ਹੋਣ ਲਈ ਸੇਵਾ ਭੀ ਕਰਦੇ ਹਨ, ਉਹ ਪ੍ਰੇਮ ਵਿਚ ਭਰ ਕੇ ਸੇਵਾ ਨਹੀਂ ਕਰਦੇ, ਸਗੋਂ ਪਖੰਡ ਤੇ ਹੰਕਾਰ ਆਪਣੀ ਨੀਅਤ ਵਿਚ ਭਰ ਲੈਂਦੇ ਹਨ। ਇਹੋ ਜਿਹੇ ਲੋਕ ਸੇਵਕਾਂ ਦੇ ਭੇਸ ਵਿਚ ਹੰਕਾਰੀ, ਪਖੰਡੀ ਹੁੰਦੇ ਹਨ।

ਇਸ ਵੇਲੇ ਦੁਨੀਆਂ ਵਿਚ ਇਕ ਬੜਾ ਜ਼ੁਲਮ ਹੋ ਰਿਹਾ ਹੈ। ਉਂਜ ਤਾਂ ਇਹ ਜ਼ੁਲਮ ਸ਼ੁਰੂ ਤੋਂ ਹੀ ਕੁਝ ਨਾ ਕੁਝ ਚਲਾ ਆਇਆ ਹੈ ਤੇ ਮਹਾਤਮਾ ਲੋਕੀਂ ਇਸ ਜ਼ੁਲਮ ਦੇ ਵਿਰੁੱਧ ਸਦਾ ਪ੍ਰਚਾਰ ਕਰਦੇ ਰਹੇ ਹਨ ਪਰ ਅੱਜ-ਕਲ੍ਹ ਤਾਂ ਇਹ ਜ਼ੁਲਮ ਬਹੁਤ ਵੱਧ ਗਿਆ ਹੈ। ਇਸ ਦਾ ਕਾਰਨ ਮੌਜੂਦਾ ਕਿਸਮ ਦੀ ਤਾਜ਼ੀਬ ਹੈ। ਇਹ ਠੀਕ ਹੈ ਕਿ ਜੋ ਆਦਮੀ ਵਧੇਰੇ ਮਿਹਨਤ ਕਰੇ, ਉਹ ਹੀ ਵਧੇਰੇ ਕਦਰ ਦੇ ਕਾਬਲ ਹੈ ਪਰ ਅੱਜ-ਕਲ੍ਹ ਤਾਂ ਉਲਟੀ ਗੰਗਾ ਹੀ ਵਗ ਰਹੀ ਹੈ, ਜੋ ਕੰਮ ਕਰਦੇ ਹਨ, ਉਹ ਭੁੱਖੇ ਮਰਦੇ ਹਨ ਜਾਂ ਔਖ ਵਿਚ ਗੁਜ਼ਾਰਾ ਕਰਦੇ ਹਨ, ਪਰ ਜੋ ਨਿਕੰਮੇ ਹਨ, ਉਹ ਮੌਜਾਂ ਮਾਣਦੇ ਹਨ। ਵੱਡੇ-ਵੱਡੇ ਸਾਹੂਕਾਰਾਂ, ਅਮੀਰਾਂ, ਰਈਸਾਂ ਤੇ ਹੋਰ ਸਰਮਾਏਦਾਰਾਂ ਵੱਲ ਵੇਖੋ। ਉਹ ਕਿਸ ਤਰ੍ਹਾਂ ਕਹਿੰਦੇ ਹਨ ਤੇ ਕੀ ਕੰਮ ਕਰਦੇ ਹਨ। ਉਧਰ ਗ਼ਰੀਬ ਚੂੜ੍ਹਿਆਂ, ਮਜ਼ਦੂਰਾਂ ਤੇ ਜ਼ਿਮੀਦਾਰਾਂ ਵੱਲ ਵੇਖੋ। ਉਹ ਕਿਸ ਤਰ੍ਹਾਂ ਸਾਰਾ ਦਿਨ ਧੁਪ ਵਿਚ ਕੰਮ ਕਰਦੇ ਹਨ ਤੇ ਰਾਤ ਭੀ ਆਰਾਮ ਨਹੀਂ ਕਰਦੇ ਪਰ ਉਨ੍ਹਾਂ ਨੂੰ ਇਨ੍ਹਾਂ ਅਮੀਰਾਂ ਦੀ ਜੂਠੀ ਰੋਟੀ ਭੀ ਪੇਟ ਭਰ ਕੇ ਨਸੀਬ ਨਹੀਂ ਹੁੰਦੀ। ਅੱਗੇ ਹੀ ਅਮੀਰਾਂ ਗ਼ਰੀਬਾਂ ਦਾ ਫ਼ਰਕ ਸੀ ਤੇ ਮਹਾਤਮਾ ਲੋਕੀਂ ਇਨ੍ਹਾਂ ਅਮੀਰਾਂ ਨੂੰ ਬੁਰਾ ਜਾਣਦੇ ਸਨ। ਗੁਰੂ ਨਾਨਕ ਸਾਹਿਬ ਨੇ ਮਲਕ ਭਾਗੋ ਦੀ ਰੋਟੀ ਨਹੀਂ ਖਾਧੀ ਸੀ ਕਿਉਂਕਿ ਉਹੋ ਗ਼ਰੀਬਾਂ ਦੇ ਲਹੂ ਦੀ ਬਣੀ ਰੋਟੀ ਸੀ, ਪਰ ਗ਼ਰੀਬ ਭਾਈ ਲਾਲੋ ਦੀ ਰੋਟੀ ਖਾਧੀ ਸੀ, ਕਿਉਂਕਿ ਉਸ ਵਿਚ ਪ੍ਰੇਮ ਰੂਪੀ ਦੁੱਧ ਸੀ। ਈਸਾ ਮਸੀਹ ਨੇ ਕਿਹਾ ਹੈ ਕਿ

"ਇਹ ਤਾਂ ਸੰਭਵ ਹੈ ਕਿ ਊਠ ਸੂਈ ਦੇ ਨਕੇ ਵਿੱਚੋਂ ਲੰਘ ਜਾਵੇ, ਪਰ ਇਹ ਸੰਭਵ ਨਹੀਂ ਕਿ ਇਕ ਅਮੀਰ ਰੱਬ ਦੀ ਬਾਦਸ਼ਾਹੀ ਵਿਚ ਦਾਖ਼ਲ ਹੋ ਜਾਵੇ।" ਗੁਰੂ ਅਰਜਨ ਸਾਹਿਬ ਜੀ ਨੇ ਕਿਹਾ ਹੈ 'ਜਲ ਜਾਇ ਇਹ ਬਢਪਨਾ ਮਾਇਆ ਲਪਟਾਇ ॥" ਗੁਰੂ ਗ੍ਰੰਥ ਸਾਹਿਬ ਵਿਚ ਤਾਂ ਥਾਂ-ਥਾਂ ਇਸ ਮਾਇਆ ਨਾਗਨੀ ਤੇ ਮਾਇਆ ਦੇ ਚਲਿਤਰਾਂ ਦਾ ਜ਼ਿਕਰ ਆਉਂਦਾ ਹੈ। ਇਸ ਕਰ ਕੇ ਅਸੀਂ ਕਹਿੰਦੇ ਹਾਂ ਕਿ ਅਮੀਰ ਲੋਕਾਂ ਦਾ ਜ਼ੁਲਮ ਤੇ ਅਮੀਰ ਲੋਕਾਂ ਦਾ ਕੁਧਰਮ ਤਾਂ ਮੁੱਢ ਤੋਂ ਹੀ ਮਸ਼ਹੂਰ ਚਲਾ ਆਇਆ ਹੈ ਪਰ ਅੱਜ-ਕਲ੍ਹ ਤਾਂ ਹੱਦ ਹੀ ਹੋ ਗਈ ਹੈ। ਭਾਫ ਤੇ ਬਿਜਲੀ ਦੀ ਤਾਕਤ ਨਾਲ ਕਾਰਖ਼ਾਨੇ ਚਲਣ ਕਰਕੇ ਵੱਡੇ-ਵੱਡੇ ਕਾਰਖ਼ਾਨੇ ਬਣ ਗਏ ਹਨ ਤੇ ਦੁਨੀਆਂ ਵਿਚ ਇਤਨੇ ਵੱਡੇ ਅਮੀਰ ਹੋ ਗਏ ਹਨ ਕਿ ਇਸ ਤੋਂ ਪਹਿਲਾਂ ਜਦ ਤੱਕ ਦਾ ਇਤਿਹਾਸ ਮਿਲਦਾ ਹੈ, ਕਦੀ ਨਹੀਂ ਸਨ ਹੋਏ। ਅਸੀਂ ਅੱਜ ਇਨ੍ਹਾਂ ਕਾਰਖ਼ਾਨਿਆਂ ਦੇ ਵਿਰੁੱਧ ਕੁਝ ਨਹੀਂ ਲਿਖਣਾ ਚਾਹੁੰਦੇ ਪਰ ਇਸ ਵਿਚ ਤਾਂ ਸ਼ੱਕ ਨਹੀਂ ਹੈ ਕਿ ਇਨ੍ਹਾਂ ਕਾਰਖ਼ਾਨਿਆਂ ਨੇ ਅਮੀਰੀ ਨੂੰ ਤਾਂ ਬਹੁਤ ਅਮੀਰ ਬਣਾ ਦਿੱਤਾ ਹੈ ਤੇ ਗ਼ਰੀਬਾਂ ਨੂੰ ਬਹੁਤ ਗ਼ਰੀਬ ਕਰ ਦਿੱਤਾ ਹੈ। ਇਸ ਤਰ੍ਹਾਂ ਅਮੀਰ ਗ਼ਰੀਬਾਂ ਦਾ ਬਾਹਲਾ ਫ਼ਰਕ ਹੋ ਜਾਣ ਕਰਕੇ ਦੁਨੀਆਂ ਨੂੰ ਇਕ ਹੋਰ ਖ਼ਤਰਾ ਸਾਹਮਣੇ ਆ ਰਿਹਾ ਹੈ। ਇਹ ਨਾ ਸਮਝੋ ਕਿ ਇਹ ਗੱਲ ਦਬ ਜਾਵੇਗੀ, ਕਿਉਂਕਿ ਅਜੇ ਦਿਨੋਂ-ਦਿਨ ਅਮੀਰਾਂ ਗ਼ਰੀਬਾਂ ਦਾ ਫ਼ਰਕ ਵੱਧ ਰਿਹਾ ਹੈ ਤੇ ਇਸ ਦੇ ਨਾਲ ਖ਼ਤਰਾ ਭੀ ਵੱਧ ਰਿਹਾ ਹੈ।

ਗੁਰੂ ਸਾਹਿਬ ਨੇ ਨਾ ਕੇਵਲ ਪ੍ਰਚਾਰ ਕੀਤਾ ਸੀ ਕਿ ਸਭ ਲੋਕੀਂ ਭਰਾ ਹਨ, ਸਗੋਂ ਇਕੋ ਲੰਗਰ ਚਲਾ ਦਿੱਤਾ ਸੀ ਕਿ ਜਿਸ ਵਿਚ ਅਮੀਰ ਗ਼ਰੀਬ ਸਭ ਨੂੰ ਇਕੋ ਜਿਹੀ ਰੋਟੀ ਮਿਲ਼ਦੀ ਸੀ। ਸੱਚੀ ਗੱਲ ਤਾਂ ਇਹ ਹੈ ਕਿ ਦੁਨੀਆਂ ਸਾਰੀ ਇਕੋ ਟੱਬਰ ਹੈ। ਇਕ ਟੱਬਰ ਵਿਚ ਨਿਕੰਮੇ ਆਦਮੀ ਭੀ ਹੁੰਦੇ ਹਨ, ਉਸ ਨਿਕੰਮੇ ਦੀ ਭਾਵੇਂ ਟੱਬਰ ਵਿਚ ਕਦਰ ਨਹੀਂ ਤੇ ਭਾਵੇ ਉਸ ਨੂੰ ਚੰਗਾ ਨਹੀਂ ਸਮਝਿਆ ਜਾਂਦਾ, ਪਰ ਪੇਟ ਭਰ ਕੇ ਰੋਟੀ ਉਸ ਨੂੰ ਭੀ ਦਿੱਤੀ ਜਾਂਦੀ ਹੈ ਕਿਉਂਕਿ ਉਨ੍ਹਾਂ ਦਾ ਆਪੋ ਵਿਚ ਪ੍ਰੇਮ ਹੈ। ਜਿਸ ਟੱਬਰ ਵਿਚ ਕਾਫ਼ੀ ਪ੍ਰੇਮ ਹੋਵੇ, ਉਸ ਵਿਚ ਨਿਕੰਮਾ ਭੀ ਕੰਮ ਕਰਦਾ ਸਿੱਖ ਜਾਂਦਾ ਹੈ। ਆਖ਼ਰ ਉਸ ਉੱਤੇ ਭੀ ਪ੍ਰੇਮ ਅਸਰ ਕਰਦਾ ਹੈ। ਅਸਲ ਨਿਸ਼ਾਨਾਂ ਇਹ ਹੈ ਕਿ ਇਸ ਅਸੂਲ ਨੂੰ ਮਿਲਣ ਵਾਸਤੇ ਗੁਰੂ ਜੀ ਨੇ ਲੰਗਰ ਖੋਲ੍ਹੇ ਸਨ। ਮਹਾਤਮਾ ਗਾਂਧੀ ਜੀ ਤਾਂ ਇਨ੍ਹਾਂ ਪੂਰਨਿਆਂ ਉੱਤੇ ਹੀ ਤੁਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਨੇ ਪ੍ਰੇਮ ਦਾ ਪ੍ਰਚਾਰ ਆਰੰਭਿਆ ਹੋਇਆ ਹੈ। ਉਹ ਸਮਝਦੇ ਹਨ ਕਿ ਪ੍ਰੇਮ ਦੀ ਲਹਿਰ ਚੱਲ ਜਾਣ ਨਾਲ ਇਹ ਸਭ ਦੁੱਖ ਦੁਨੀਆਂ ਵਿੱਚੋਂ ਦੂਰ ਹੋ ਜਾਵੇਗਾ। ਅਸੀਂ ਮਹਾਤਮਾ ਗਾਂਧੀ ਜੀ ਦੇ ਇਸ ਯਤਨ ਦੇ ਸਫ਼ਲ ਹੋਣ ਦੀ ਅਰਦਾਸ ਕਰਦੇ ਹਾਂ।

ਦੂਜੇ ਪਾਸੇ ਇਸ ਅਮੀਰੀ ਗ਼ਰੀਬੀ ਦੇ ਭੇਦ ਤੋਂ ਪੈਦਾ ਹੋਏ ਜ਼ੁਲਮ ਨੂੰ ਦੂਰ ਕਰਨ ਲਈ ਰੂਸੀਆਂ ਨੇ ਹੋਰ ਹੀ ਤਰੀਕਾ ਕੱਢਿਆ ਹੈ। ਉਹ ਜ਼ੋਰ ਨਾਲ ਅਮੀਰੀ ਗ਼ਰੀਬੀ ਦੇ ਫ਼ਰਕ ਨੂੰ ਮਿਟਾਣਾ ਜਾਂ ਘਟਾਣਾ ਚਾਹੁੰਦੇ ਹਨ। ਦੋਹਾਂ ਤਰੀਕਿਆਂ ਨੂੰ ਵਰਤਣ ਵਾਲਿਆਂ ਦੀ ਨੀਅਤ ਭੀ ਵੱਖਰੀ ਹੀ ਹੈ ਤੇ ਉਸ ਦਾ ਅਸਰ ਭੀ ਉਨ੍ਹਾਂ ਦੀ ਨੀਅਤ

ਉੱਤੇ ਪੈਂਦਾ ਹੈ। ਮਹਾਤਮਾ ਗਾਂਧੀ ਦੇ ਸ਼ਾਂਤਮਈ ਤਰੀਕੇ ਉਤੇ ਟੁਰਨ ਵਾਲੇ ਤਾਂ ਕਹਿਣਗੇ ਕਿ ਗ਼ਗੀਬਾਂ ਉੱਤੇ ਜ਼ੁਲਮ ਨਾ ਕਰੋ, ਇਹ ਭੀ ਸਾਡੇ ਭਰਾ ਹਨ ਤੇ ਇਨ੍ਹਾਂ ਨੂੰ ਰੋਟੀ ਕੱਪੜੇ ਦੀ ਸਾਡੇ ਵਾਂਗੂੰ ਹੀ ਲੋੜ ਹੈ। ਇਸ ਕਰਕੇ ਕੋਈ ਅਜਿਹਾ ਉਪਰਾਲਾ ਕਰੋ ਕਿ ਗ਼ਰੀਬ ਭੀ ਆਰਾਮ ਨਾਲ ਰਹਿ ਸਕਣ। ਉਨ੍ਹਾਂ ਦਾ ਇਹ ਕਥਨ ਪਰਉਪਕਾਰ ਦੇ ਲਫ਼ਜ਼ਾਂ ਵਿਚ ਹੋਵੇਗਾ ਤੇ ਇਸ ਕਰ ਕੇ ਉਨ੍ਹਾਂ ਦੀ ਨੀਅਤ ਉੱਤੇ ਭੀ ਪਰਉਪਕਾਰ ਅਸਰ ਕਰੇਗਾ। ਦੂਜੇ ਪਾਸੇ ਰੂਸੀ ਬੋਲਸ਼ੇਵਿਕ ਕਹਿਣਗੇ ਕਿ "ਸਾਡਾ ਹੱਕ ਹੈ ਕਿ ਅਸੀਂ ਭੀ ਦੂਜਿਆਂ ਵਾਂਗੂੰ ਰਹੀਏ। ਇਹ ਅਮੀਰ ਲੋਕੀਂ ਸਾਨੂੰ ਧੋਖਾ ਦੇ ਕੇ ਆਪ ਸਾਡੀ ਕਮਾਈ ਉੱਤੇ ਪਲ ਰਹੇ ਹਨ।" ਗਾਂਧੀ ਤਾਂ ਅਮੀਰ ਨੂੰ ਉਸ ਦਾ ਫਰਜ਼ ਦੱਸੇਗਾ ਪਰ ਬੋਲਸ਼ੇਵਿਕ ਗ਼ਰੀਬ ਨੂੰ ਉਸ ਦੇ ਹੱਕ ਦੱਸੇਗਾ। ਗਾਂਧੀ ਤਾਂ ਅਮੀਰ ਨੂੰ ਕਹੇਗਾ ਕਿ ਤੇਰਾ ਫਰਜ਼ ਹੈ ਕਿ ਤੂੰ ਗ਼ਰੀਬ ਨੂੰ ਆਪਣਾ ਭਰਾ ਸਮਝ ਕੇ ਆਪਣੇ ਵਰਗਾ ਇਸ ਨੂੰ ਬਣਾਨ ਦਾ ਯਤਨ ਕਰ ਤੇ ਆਪਣੇ ਵਰਗੀ ਇਸ ਨੂੰ ਰੋਟੀ ਦੇਹ ਪਰ ਬੋਲਸ਼ੇਵਿਕ ਤਾਂ ਗ਼ਰੀਬ ਨੂੰ ਕਹੇਗਾ ਕਿ ਤੇਰਾ ਹੱਕ ਹੈ ਕਿ ਤੂੰ ਅਮੀਰ ਤੋਂ ਘੱਟ ਕੰਮ ਨਹੀਂ ਕਰਦਾ, ਇਸ ਕਰਕੇ ਜੇ ਇਹ ਤੇਰੇ ਕੋਲੋਂ ਚੰਗੀ ਰੋਟੀ ਖਾਂਦਾ ਹੈ ਤਾਂ ਤੂੰ ਇਸ ਤੋਂ ਖੋਹ ਲੈ।

ਅਸੀਂ ਇਹ ਤਾਂ ਨਹੀਂ ਕਹਿ ਸਕਦੇ ਕਿ ਇਨ੍ਹਾਂ ਦੋਹਾਂ ਤਰੀਕਿਆਂ ਵਿਚ ਅੱਜ-ਕਲ੍ਹ ਕਿਹੜਾ ਕਾਮਯਾਬ ਹੋਵੇਗਾ। ਆਖ਼ਰ ਅਮੀਰ ਗ਼ਰੀਬ ਦੀ ਸੋਚ ਦਾ ਫ਼ਰਕ ਤਾਂ ਮਿਟੇਗਾ। ਭਾਵੇਂ ਕਿਸੇ ਢੰਗ ਨਾਲ ਮਿਟੇ। ਹਾਂ ਇਤਨਾ ਅਸੀਂ ਕਹਿ ਸਕਦੇ ਹਾਂ ਕਿ ਗਾਂਧੀ ਦੇ ਢੰਗ ਨਾਲ ਬੇਗਰਜ਼ੀ ਤੇ ਪ੍ਰੇਮ ਵਧੇਗਾ ਤੇ ਬੋਲਸ਼ੇਵਿਕ ਢੰਗ ਵਿਚ ਖ਼ੁਦਗਰਜ਼ੀ ਦੀ ਕਾਫ਼ੀ ਤਾਲੀਮ ਹੈ। ਦੋਹਾਂ ਧਿਰਾਂ ਦਾ ਪ੍ਰਚਾਰ ਇਕੋ ਨਿਸ਼ਾਨੇ ਵੱਲ ਜਾ ਰਿਹਾ ਹੈ, ਪਰ ਦੋਹਾਂ ਪ੍ਰਚਾਰਾਂ ਦਾ ਨੀਅਤ ਉੱਤੇ ਅੱਡੋ-ਅੱਡਰਾ ਅਸਰ ਪੈਂਦਾ ਹੈ। ਅੱਗੋਂ ਆਉਣ ਵਾਲਾ ਜ਼ਮਾਨਾ ਦੱਸੇਗਾ ਕਿ ਕਿਹੜਾ ਤਰੀਕਾ ਕਾਮਯਾਬ ਹੁੰਦਾ ਹੈ।

* * *

ਸਿੱਖ ਕਾਂਗਰਸ ਤੇ ਸਤਿਆਗ੍ਰਹਿ

ਪਿਛਲੀ ਕਾਂਗਰਸ ਉੱਤੇ ਸਿੱਖਾਂ ਦਾ ਕਾਂਗਰਸ ਨਾਲ ਪੂਰਾ ਸਮਝੌਤਾ ਹੋ ਗਿਆ ਸੀ। ਕਾਂਗਰਸ ਨੇ ਨਹਿਰੂ ਰਿਪੋਰਟ ਨੂੰ ਵਾਪਿਸ ਲੈ ਲਿਆ ਸੀ ਤੇ ਨਾਲ ਹੀ ਅੱਗੋਂ ਕੋਈ ਫ਼ਿਰਕੇਦਾਰਾਨਾਂ ਹੱਕਾਂ ਦਾ ਫ਼ੈਸਲਾ ਕਾਂਗਰਸ ਨਹੀਂ ਕਰੇਗੀ, ਇਹ ਮਤਾ ਵੀ ਪਾਸ ਕਰ ਦਿੱਤਾ ਗਿਆ ਸੀ ਜਦ ਤੱਕ ਕਿ ਸਿੱਖ ਤੇ ਹੋਰ ਘੱਟ ਸੰਮਤੀਆਂ ਦੀ ਪੂਰੀ ਤਸੱਲੀ ਨਾ ਹੋ ਜਾਏ। ਇਸ ਤੋਂ ਛੁਟ ਮਹਾਤਮਾ ਗਾਂਧੀ ਜੀ ਨੇ ਇਹ ਭੀ ਇਕਰਾਰ ਕੀਤਾ ਸੀ ਕਿ ਕੌਮੀ ਝੰਡੇ ਵਿਚ ਸਿੱਖਾਂ ਦਾ ਰੰਗ ਭੀ ਪਾ ਦਿੱਤਾ ਜਾਵੇਗਾ। ਅਜਿਹੀ ਹਾਲਤ ਵਿਚ ਕੇਵਲ ਸਰਕਾਰ-ਪੂਜ ਸਿੱਖ ਹੀ ਕਾਂਗਰਸ ਦੇ ਵਿਰੁੱਧ ਰਹਿ ਸਕਦੇ ਹਨ ਤੇ ਇਸ ਸ਼ਾਂਤਮਈ ਜੰਗ ਵਿੱਚੋਂ ਖਿਸਕ ਸਕਦੇ ਸਨ।

ਪਰ ਇਸ ਦੇ ਮਗਰੋਂ ਹਾਲਤ ਥੋੜ੍ਹੀ ਜਿਹੀ ਬਦਲੀ ਹੈ। ਕੌਮੀ ਝੰਡੇ ਵਿਚ ਸਿੱਖ ਰੰਗ ਨੂੰ ਸ਼ਾਮਲ ਨਹੀਂ ਕੀਤਾ ਗਿਆ। ਇਸ ਗੱਲ ਉੱਤੇ ਕਾਂਗਰਸ ਦੀ ਵਰਕਿੰਗ ਕਮੇਟੀ ਵਿਚ ਬਹਿਸ ਹੋ ਕੇ ਇਸ ਸਵਾਲ ਨੂੰ ਮੁਲਤਵੀ ਕੀਤਾ ਗਿਆ ਹੈ। ਜੇ ਤਾਂ ਦਸੰਬਰ ਦੇ ਦਿਨਾਂ ਵਿਚ ਹੀ ਮਹਾਤਮਾ ਗਾਂਧੀ ਜੀ ਇਕਰਾਰ ਨਾ ਕਰਦੇ ਤੇ ਕਹਿੰਦੇ ਕਿ ਇਸ ਸਵਾਲ ਨੂੰ ਮੁਲਤਵੀ ਕੀਤਾ ਜਾਵੇ ਤਾਂ ਅਸੀਂ ਇਸ ਦੇ ਹੱਕ ਵਿਚ ਸਾਂ। ਇਹ ਸਵਾਲ ਮਹਾਤਮਾ ਜੀ ਦੇ ਪੇਸ਼ ਕਰਨ ਤੋਂ ਪਹਿਲਾਂ ਇਸ ਲਿਖਾਰੀ ਨੇ ਆਪਣੇ ਸਾਥੀਆਂ ਨੂੰ ਕਿਹਾ ਸੀ ਕਿ ਇਸ ਸਮੇਂ ਉੱਤੇ ਇਹ ਨਵੀਂ ਮੰਗ ਪੇਸ਼ ਕਰਨੀ ਯੋਗ ਨਹੀਂ ਹੈ ਕਿਉਂਕਿ ਪਿਛਲੇ ਦੋ ਸਾਲ ਤੋਂ ਅਸੀਂ ਨਹਿਰੂ ਰਿਪੋਰਟ ਦੀ ਵਿਰੋਧਤਾ ਕਰਦੇ ਆਏ ਹਾਂ, ਪਰ ਕਦੀ ਇਹ ਮੰਗ ਕਿਸੇ ਥਾਂ ਭੀ ਇਕ ਵੇਰਾਂ ਭੀ ਨਹੀਂ ਮੰਗੀ ਗਈ। ਅਖ਼ੀਰ ਵੇਲੇ ਤੇ ਐਨ ਜੰਗ ਦੇ ਸਾਹਮਣੇ ਆ ਜਾਣ ਉੱਤੇ ਇਹ ਮੰਗ ਢੁੱਚਰ ਜਿਹਾ ਨਜ਼ਰ ਆਵੇਗੀ। ਇਉਂ ਭਾਸੇਗਾ ਕਿ ਜਾਂ ਤਾਂ ਅਸੀਂ ਬਹਾਨਾ ਬਣਾ ਕੇ ਖਿਸਕਣਾ ਚਾਹੁੰਦੇ ਹਾਂ ਜਾਂ ਖੂਹ ਪਿਆ ਵਹਿੜਕਾ ਖੱਸੀ ਕਰਨ ਦੀ ਪਾਲਿਸੀ ਵਰਤ ਰਹੇ ਹਾਂ। ਇਸ ਕਰ ਕੇ ਇਹ ਲੇਖਕ ਉਸ ਵੇਲੇ ਇਸ ਮੰਗ ਨੂੰ ਪੇਸ਼ ਕਰਨਾ ਯੋਗ ਨਹੀਂ ਸਮਝਦਾ ਸੀ ਪਰ ਇਹ ਮੰਗ ਪੇਸ਼ ਕੀਤੀ ਗਈ ਤੇ ਮਹਾਤਮਾ ਜੀ ਨੇ ਮੰਨ ਲਈ। ਫਿਰ ਇਸ ਉੱਤੇ ਲੰਮੀ ਵਿਚਾਰ ਕਰਨਾ ਠੀਕ ਨਹੀਂ ਹੈ। ਅਸੀਂ ਸਮਝਦੇ ਹਾਂ ਕਿ ਇਸ ਵਿਚ ਕੋਈ ਔਕੜ ਜ਼ਰੂਰ ਹੋਵੇਗੀ, ਪਰ ਇਸ ਦੇ ਇਸ ਵੇਲੇ ਨਾ ਮੰਨਣ ਵਿਚ ਵਧੇਰੀ ਔਕੜ ਦਾ ਡਰ ਹੈ।

ਇਸ ਵੇਲੇ ਸਤਿਆਗ੍ਰਹੀ ਬਾਕੀ ਸੂਬਿਆਂ ਵਿਚ ਧੜਾ-ਧੜ ਗ੍ਰਿਫ਼ਤਾਰ ਹੋ ਰਹੇ ਹਨ ਤੇ ਅਸੀਂ ਅਜੇ ਸੋਚਾਂ ਵਿਚਾਰਾਂ ਤੇ ਫ਼ੈਸਲਿਆਂ ਵਿਚ ਹੀ ਪਏ ਹੋਏ ਹਾਂ। ਸ਼੍ਰੋਮਣੀ

ਅਕਾਲੀ ਦਲ ਨੇ 11 ਅਪ੍ਰੈਲ ਨੂੰ ਇਕੱਤਰਤਾ ਸਦੀ ਹੋਈ ਹੈ ਤੇ ਉਸ ਵਿਚ ਇਹ ਸਾਰੇ ਫ਼ੈਸਲੇ ਹੋਣੇ ਹਨ। ਸਮਾਂ ਬਹੁਤ ਨਾਜ਼ਕ ਹੈ। ਇਸ ਵੇਲੇ ਦੇਸ਼ ਤੇ ਹਿੰਦੀ ਕੌਮਾਂ ਦਾ ਸਾਥ ਛੱਡਣਾ ਗਦਾਰੀ ਹੋਵੇਗਾ। ਦੂਜੇ ਪਾਸੇ ਇਸ ਵੇਲੇ ਝੰਡੇ ਦਾ ਪ੍ਰੋਟੈਸ਼ਟ ਛੱਡ ਦੇਣਾ ਭੀ ਸਖ਼ਤ ਬੇਇਜ਼ਤੀ ਹੋਵੇਗੀ। ਅਸੀਂ ਸਮਝਦੇ ਹਾਂ ਕਿ ਸਿੱਖ ਕੌਮ ਇਸ ਸ਼ਾਂਤਮਈ ਜੰਗ ਤੋਂ ਅੱਡਰੀ ਨਹੀਂ ਰਹਿ ਸਕਦੀ। ਇਸ ਤਰ੍ਹਾਂ ਅੱਡਰਾ ਹੋਣਾ ਸਿੱਖਾਂ ਲਈ ਭੀ ਸਖ਼ਤ ਖ਼ਤਰਨਾਕ ਹੈ। ਜੇ ਅਸੀਂ ਅੱਡਰੇ ਰਹੇ ਤੇ ਸ਼ਾਂਤਮਈ ਜੰਗ ਨਾ-ਕਾਮਯਾਬ ਹੋ ਗਿਆ ਤਾਂ ਇਸ ਹਾਰ ਦੀ ਸਾਰੀ ਲਾਹਨਤ ਸਾਡੇ ਸਿਰ ਪਏਗੀ। ਫਿਰ ਅਸੀਂ ਅੱਡਰੇ ਰਹੇ ਤੇ ਹਿੰਦੀਆਂ ਦੀ ਜਿੱਤ ਹੋ ਗਈ ਤਾਂ ਅਸੀਂ ਕਿਸੇ ਥਾਂ ਜੋਗੇ ਨਾ ਰਹੇ। ਇਸ ਕਰ ਕੇ ਅੱਡਰੇ ਰਹਿਣ ਵਿਚ ਭਾਵੇਂ ਹਿੰਦੁਸਤਾਨ ਦੀ ਜਿੱਤ ਹੋਵੇ ਤੇ ਭਾਵੇਂ ਹਾਰ, ਸਿੱਖਾਂ ਦੀ ਤਾਂ ਹਾਰ ਹੀ ਸਮਝੋ।

ਹੁਣ ਸ਼ਾਂਤਮਈ ਜੰਗ ਵਿਚ ਅਸਾਂ ਸ਼ਾਮਲ ਤਾਂ ਜ਼ਰੂਰ ਹੋਣਾ ਹੈ ਪਰ ਆਪਣੇ ਰੰਗ ਦੀ ਪ੍ਰੋਟੈਸਟ ਨਹੀਂ ਛੱਡਣੀ। ਕਾਂਗਰਸ ਲਈ ਇਹ ਅਸੰਭਵ ਹੈ ਕਿ ਰੰਗ ਦਾ ਸਵਾਲ ਹੱਲ ਨਾ ਕਰੇ। ਕੋਈ ਅਜੇਹਾ ਸਵਾਲ ਨਹੀਂ ਹੈ ਜੋ ਕਿਸੇ ਕੌਮ ਵੱਲੋਂ ਉਠੇ ਤੇ ਫਿਰ ਹੱਲ ਕੀਤੇ ਬਿਨਾਂ ਸ਼ਾਂਤੀ ਹੋ ਜਾਵੇ। ਅੱਗੇ ਪਿੱਛੇ ਰੰਗ ਦਾ ਸਵਾਲ ਹੱਲ ਹੋਣਾ ਹੈ ਤੇ ਜ਼ਰੂਰ ਹੋਣਾ ਹੈ। ਫਿਰ ਇਸ ਦੇ ਹਲ ਵਿਚ ਕਾਂਗਰਸ ਵਾਲਿਆਂ ਦਾ ਢਿੱਲ ਕਰਨਾ ਸਖ਼ਤ ਗ਼ਲਤੀ ਹੈ ਤੇ ਇਸ ਨੂੰ ਦੂਰ-ਅੰਦੇਸ਼ੀ ਨਹੀਂ ਕਿਹਾ ਜਾ ਸਕਦਾ। ਹੁਣ ਸਵਾਲ ਕੇਵਲ ਇਹ ਹੈ ਕਿ ਅਸੀਂ ਆਪਣੀ ਪ੍ਰੋਟੈਸਟ ਕਿਸ ਸ਼ਕਲ ਵਿਚ ਕਾਇਮ ਰੱਖੀਏ— ਇਕ ਤਾਂ ਇਹ ਹੋ ਸਕਦਾ ਹੈ ਕਿ ਅਸੀਂ ਕਾਂਗਰਸ ਦੇ ਝੰਡੇ ਹੇਠਾਂ ਜਾਣੋਂ ਨਾਂਹ ਕਰ ਦਈਏ ਤੇ ਹਰ ਜਥੇ ਨਾਲ ਆਪਣਾ ਝੰਡਾ ਭੀ ਲੈ ਜਾਈਏ। ਕਾਂਗਰਸ ਵਾਲੇ ਆਪਣਾ ਝੰਡਾ ਚੁੱਕੀ ਜਾਣ ਤੇ ਅਸੀਂ ਆਪਣਾ ਚੁੱਕੀ ਚਲੀਏ। ਦੂਜਾ ਇਹ ਹੱਲ ਭੀ ਹੋ ਸਕਦਾ ਹੈ ਕਿ ਅਸੀਂ ਇਕ ਅੱਡਰਾ ਮੋਰਚਾ ਹੀ ਲਾ ਦੇਈਏ ਪਰ ਸਾਡਾ ਮੋਰਚਾ ਭੀ ਲੂਣ ਦੇ ਮਾਸੂਲ ਉੱਤੇ ਤੇ ਇਸੇ ਸ਼ਕਲ ਵਿਚ ਹੋਵੇ। ਫਰਜ਼ ਕਰੋ ਕਾਂਗਰਸ ਵਾਲੇ ਲਾਹੌਰ ਮੋਰਚਾ ਲਾਂਦੇ ਹਨ ਤੇ ਅਸੀਂ ਅੰਮ੍ਰਿਤਸਰ ਲਾ ਦੇਵੀਏ। ਆਖਰ ਮੋਰਚੇ ਤਾਂ ਪੰਜਾਬ ਵਿਚ ਕਈ ਲਗਣੇ ਹਨ। ਕਾਂਗਰਸ ਆਪਣੇ ਮੋਰਚੇ ਮੱਲ ਲੈਣ ਤੇ ਅਸੀਂ ਆਪਣੇ ਮੱਲ ਲਵੀਏ।

ਪਰ ਹੁਣ ਬਾਹਲੀ ਵਿਚਾਰ ਦਾ ਸਮਾਂ ਨਹੀਂ ਹੈ। 11 ਅਪ੍ਰੈਲ ਦੀ ਇਕੱਤਰਤਾ ਵਿਚ ਸਭ ਕੁਝ ਫ਼ੈਸਲਾ ਹੋ ਜਾਣਾ ਚਾਹੀਦਾ ਹੈ ਤੇ 13 ਅਪ੍ਰੈਲ ਨੂੰ ਜ਼ਰੂਰ ਮੋਰਚਾ ਲੱਗ ਜਾਣਾ ਚਾਹੀਦਾ ਹੈ। ਬੇਸ਼ੱਕ ਵਾਢੀਆਂ ਆ ਗਈਆਂ ਹੰਨ ਪਰ ਹਾਲਾਂ ਮੋਰਚਾ ਥੋੜ੍ਹੇ ਪੈਮਾਨੇ ਉੱਤੇ ਸ਼ੁਰੂ ਕੀਤਾ ਜਾਵੇ ਤੇ ਵਾਢੀਆਂ ਦੇ ਦਿਨ ਲੰਘ ਜਾਣ ਉੱਤੇ ਬਾਹਲਾ ਜ਼ੋਰ ਭਰਿਆ ਜਾ ਸਕਦਾ ਹੈ। ਅਸੀਂ ਆਸ ਰੱਖਦੇ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਆਪਣੀ 11 ਅਪ੍ਰੈਲ ਦੀ ਇਕੱਤਰਤਾ ਵਿਚ ਸਾਰੇ ਫ਼ੈਸਲੇ ਨੂੰ ਮੁਕੰਮਲ ਕਰ ਲਵੇਗਾ। ਹੁਣ ਨਾ ਢਿੱਲ ਦਾ ਸਮਾਂ ਹੈ ਤੇ ਨਾ ਅੱਗੇ ਪਿੱਛੇ ਝਾਕਣ ਦਾ ਸਮਾਂ ਹੈ। ਨਿਕਲੋ ਤੇ ਸਾਰੀ ਗੱਲ ਨੂੰ ਹੰਨੇ-ਬੰਨੇ ਹੀ ਕਰ ਦਿਓ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥

(ਬਾਬਾ ਫਰੀਦ)

ਦੁਨੀਆਂ ਸ਼ਾਂਤੀ ਲਈ ਭਟਕਦੀ ਫਿਰਦੀ ਹੈ। ਅਮੀਰ ਅਮੀਰੀ ਵਿਚ ਬੇਚੈਨ ਹੈ, ਰਾਜਾ ਰਾਜ ਦੇ ਫਿਕਰ ਵਿਚ ਹੈ ਤੇ ਸਾਧ ਨੂੰ ਮਾਣ ਹੀ ਸਾਹ ਨਹੀਂ ਲੈਣ ਦੇਂਦਾ ਪਰ ਇਕ ਆਦਮੀ ਚਾਹੁੰਦਾ ਹੈ ਕਿ ਉਸ ਦੇ ਦਿਲ ਵਿਚ ਫਿਕਰ ਨਾ ਰਹੇ। ਰੋਟੀ ਦਾ ਫਿਕਰ ਜ਼ਰੂਰੀ ਫਿਕਰ ਹੈ, ਪਰ ਅਸੀਂ ਰੋਟੀ ਦੇ ਨਾਮ ਹੇਠਾਂ ਅਯਾਸੀ ਨੂੰ ਜ਼ਰੂਰੀ ਸਮਝ ਕੇ ਬਾਹਲਾ ਫਿਕਰ ਲਾ ਲੈਂਦੇ ਹਾਂ। ਜੀਉਂਦੇ ਆਦਮੀ ਲਈ ਰੋਟੀ ਜ਼ਰੂਰੀ ਹੈ। ਰੋਟੀ ਕਮਾਉਣ ਲਈ ਜੋ ਮਿਹਨਤ ਕੀਤੀ ਜਾਵੇ, ਉਹ ਠੀਕ ਰਸਤੇ ਦੀ ਹੈ ਪਰ ਦਿਨੇ ਰਾਤ ਮਿਹਨਤ ਕਰ ਕੇ ਤੇ ਫਿਰ ਪੇਟ ਕੱਟ ਕੇ ਪੈਸੇ ਬਚਾਣੇ ਤੇ ਉਹ ਅਯਾਸ਼ੀ ਜਾਂ ਦਿਖਲਾਵੇ ਵਿਚ ਗਵਾ ਦੇਣੇ ਵੱਡੀ ਭਾਰੀ ਮੂਰਖਤਾ ਹੈ। ਸੱਚ ਤਾਂ ਇਹ ਹੈ ਕਿ ਆਦਮੀ ਦੀਆਂ ਅਸਲ ਲੋੜਾਂ, ਬਹੁਤ ਥੋੜ੍ਹੀਆਂ ਹਨ ਤੇ ਬਾਕੀ ਦੀਆਂ ਸਾਰੀਆਂ ਲੋੜਾਂ ਆਦਮੀ ਆਪ ਪੈਦਾ ਕਰ ਕੇ ਉਹਨਾਂ ਦੇ ਝੰਬੇਲੇ ਵਿਚ ਫਸਿਆ ਫਿਰਦਾ ਹੈ। ਲੋੜਾਂ ਵਧਣ ਦੀ ਕੋਈ ਹੱਦ ਨਹੀਂ ਹੈ। ਜਿਸ ਨੂੰ ਖਾਣ-ਖਲਾਣ ਵਿਚ ਉਡਾਣ ਦੀ ਵਾਦੀ ਪੈ ਜਾਵੇ, ਉਸ ਦੀ ਇਹੋ ਵਾਦੀ ਪੂਰੀ ਨਹੀਂ ਹੁੰਦੀ ਤੇ ਜੇ ਉਸ ਦੀ ਅਮੀਰੀ ਇਹਨਾਂ ਲੋੜਾਂ ਤੋਂ ਵੱਧ ਨਿਕਲੇ ਤਾਂ ਉਹ ਕੋਈ ਹੋਰ ਹੀ ਝੰਬੇਲਾ ਆਪਣੀ ਭਟਕਣਾ ਆਪਣੇ ਲਈ ਅਸ਼ਾਤੀ ਦੇ ਸਮਾਨ ਪੈਦਾ ਕਰ ਲੈਂਦਾ ਹੈ, ਜਿਸ ਆਦਮੀ ਦੀਆਂ ਸਰੀਰਕ ਲੋੜਾਂ ਪੂਰੀਆਂ ਹੋ ਜਾਣ ਉਹ ਇਸ ਲਈ ਪਾ ਲੈਂਦਾ ਹੈ। ਹਰ ਕੋਈ ਸ਼ਾਂਤੀ ਚਾਹੁੰਦਾ ਹੈ, ਪਰ ਹਰ ਕੋਈ ਆਪ ਯਤਨ ਵਿਚ ਲੱਗ ਜਾਂਦਾ ਹੈ ਕਿ ਉਹ ਆਪਣੇ ਭਰਾ ਜਾਂ ਆਪਣੇ ਗਵਾਂਢੀ ਨਾਲੋਂ ਵਧੇਰੇ ਅਮੀਰ ਨਜ਼ਰ ਆਵੇ। ਜੇ ਉਹਨਾਂ ਨਾਲੋਂ ਵਧੇਰੇ ਅਮੀਰ ਉਹ ਹੋ ਵੀ ਜਾਵੇ ਤਾਂ ਉਹ ਹੋਰ ਦੂਰ ਦੇ ਅਮੀਰਾਂ ਨਾਲ ਮੁਕਾਬਲਾ ਕਰਨ ਲੱਗ ਜਾਂਦਾ ਹੈ। ਗੱਲ ਕੀ ਇਸ ਤਰ੍ਹਾਂ ਤ੍ਰਿਸ਼ਨਾ ਪੂਰੀ ਕਰਨ ਦੇ ਯਤਨ ਵਿਚ ਸਗੋਂ ਤ੍ਰਿਸ਼ਨਾ ਵਧਦੀ ਹੈ। ਕਾਰੂੰ ਬਾਦਸ਼ਾਹ ਨੇ ਚਾਲੀ ਕਿਲ੍ਹੇ ਖਜ਼ਾਨੇ ਦੇ ਭਰੇ ਸਨ ਤੇ ਉਸ ਬਾਬਤ ਕਿਹਾ ਕਿ "ਚਾਲੀ ਗੰਜ ਜੋੜੇ ਨ ਰਖਿਓ ਈਮਾਨ। ਦੇਖੋ ਰੇ ਲੋਕੋ ਕਾਰੂੰ ਹੋ ਤੇ ਪ੍ਰੇਸ਼ਾਨ।" ਅੱਜ-ਕਲ੍ਹ ਦੇ ਅਮੀਰਾਂ ਵੱਲ ਨਜ਼ਰ ਮਾਰ ਕੇ ਵੇਖੋ, ਕਿਸ ਨੇ ਸ਼ਾਂਤੀ ਕਰ ਲਈ ਹੈ!

ਇਸ ਹਾਲਤ ਨੂੰ ਵੇਖ ਕੇ ਸਿਆਣੇ ਤੇ ਮਹਾਤਮਾ ਲੋਕਾਂ ਨੇ ਕਿਹਾ ਹੈ ਕਿ ਦੌਲਤ ਨੂੰ ਇਕੱਠਾ ਕਰਨ ਨਾਲ ਨਾ ਸ਼ਾਂਤੀ ਹੋ ਸਕਦੀ ਹੈ ਤੇ ਨਾ ਤ੍ਰਿਸ਼ਨਾਂ ਮਿਟ ਸਕਦੀ ਹੈ। ਇਸ ਤਰ੍ਹਾਂ ਸ਼ਾਂਤੀ ਕਰਨ ਦਾ ਢੰਗ ਬੇਜਾ ਲੋੜਾਂ ਨੂੰ ਛੱਡ ਕੇ ਪਰਮਾਤਮਾ ਦੇ ਭਜਨ ਪ੍ਰੇਮ ਵਿਚ ਲਗਣਾ ਹੈ। ਅਸੀਂ ਅੱਜ ਦੇ ਮਜ਼ਮੂਨ ਵਿਚ ਭਜਨ ਦੀ ਲੋੜ ਤੇ ਅਸਰ ਉੱਤੇ ਵਿਚਾਰ ਨਹੀਂ ਕਰਾਂਗੇ। ਅੱਜ ਅਸੀਂ ਕੇਵਲ ਇਹੋ ਹੀ ਕਹਿੰਦੇ ਹਾਂ ਕਿ ਦੁਨੀਆਂ ਵਿਚ ਕਦੀ ਕੋਈ ਆਦਮੀ ਕਿਸੇ ਸੇਵਾ ਦੇ ਕੰਮ ਵਿਚ ਕਾਮਯਾਬ ਨਹੀਂ ਹੋਇਆ ਜਦ ਤਕ ਉਸ ਨੇ ਆਪਣੀਆਂ ਲੋੜਾਂ ਨਾ ਘਟਾਈਆਂ ਹੋਣ। ਜੇ ਭਾਈ

ਮੰਝ ਜੀ ਚੰਗੀ ਚੋਖੀ ਰੋਟੀ ਖਾਣਾ ਚਾਹੁੰਦੇ ਤਾਂ ਉਹ ਗੁਰੂ ਕੇ ਲੰਗਰ ਦੀ ਸੇਵਾ ਨਹੀਂ ਸਨ ਕਰ ਸਕਦੇ। ਜੇ ਭਾਈ ਤਾਰੂ ਸਿੰਘ ਜੀ ਆਰਾਮ ਵਿਚ ਰਹਿਣਾ ਚਾਹੁੰਦੇ ਤਾਂ ਉਹ ਆਪਣੀ ਜ਼ਮੀਨ ਦੀ ਸਾਰੀ ਪੈਦਾਵਾਰ ਆਪਣੇ ਜੰਗਲ ਵਿਚ ਰਹਿਣ ਵਾਲੇ ਭਰਾਵਾਂ ਨੂੰ ਨਹੀਂ ਸਨ ਪੁਚਾ ਸਕਦੇ। ਜੇ ਨੈਪੋਲੀਅਨ ਆਰਾਮ ਪਸੰਦ ਹੁੰਦਾ ਤਾਂ ਰੂਸ ਦੀ ਬਰਫ਼ ਵਿਚ ਹਮਲਾ ਨਾ ਕਰਦਾ ਤੇ ਜੇ ਕਰਦਾ ਤਾਂ ਮੁੜ ਜੀਉਂਦਾ ਨਾ ਮੁੜਦਾ। ਜੇ ਸਿੰਘ ਜੰਗਲਾਂ ਦੀਆਂ ਬੂਟੀਆਂ ਆਦਿ ਉੱਤੇ ਗੁਜ਼ਾਰਾ ਨਾ ਕਰ ਸਕਦੇ ਤਾਂ ਝੱਟਪਟ ਹੀ ਵੈਰੀਆਂ ਦੀ ਈਨ ਮੰਨ ਲੈਂਦੇ। ਜਿਹੜਾ ਆਦਮੀ ਰੁੱਖੀ-ਸੁੱਖੀ ਖਾ ਕੇ ਸ਼ਾਂਤੀ ਨਹੀਂ ਕਰ ਸਕਦਾ ਉਹ ਕੋਈ ਵੱਡਾ ਕੰਮ ਨਹੀਂ ਕਰ ਸਕਦਾ।

ਅੱਜ-ਕਲ੍ਹ ਕਈ ਸੱਜਣ ਅਜਿਹੇ ਹੋ ਗਏ ਹਨ ਜੋ ਸਾਰਾ ਅੱਗਾ-ਪਿੱਛਾ ਵਿਚਾਰੇ ਬਿਨਾਂ ਕਹਿ ਦੇਂਦੇ ਹਨ ਕਿ ਉਹਨਾਂ ਨੂੰ ਸ਼ਾਂਤ ਰੱਖਣ ਲਈ ਅਮੀਰਾਂ ਦੀ ਚਾਲ ਹੈ। ਅਜਿਹੇ ਭੱਦਰ-ਪੁਰਸ਼ਾਂ ਨੂੰ ਪੁੱਛੋ ਕਿ ਜੇ ਤੁਸੀਂ ਲੋਕਾਂ ਨੂੰ ਖ਼ੁਦਗਰਜ਼ੀ ਸਿੱਖਾਂਦੇ ਹੋ ਤਾਂ ਕੀ ਇਸ ਦਾ ਇਹ ਭਾਵ ਨਹੀਂ ਕਿ ਤੁਸੀਂ ਆਪ ਭੀ ਖ਼ੁਦਗਰਜ਼ ਹੋ ? ਜੇ ਤੁਸੀਂ ਆਪ ਬੇਗਰਜ਼ ਹੋ ਤਾਂ ਦੂਜਿਆਂ ਨੂੰ ਤੁਸੀਂ ਖ਼ੁਦਗਰਜ਼ੀ ਦਾ ਉਪਦੇਸ਼ ਕਰਦੇ ਹੋ, ਤਾਂ ਤੁਸੀਂ ਪਖੰਡੀ ਹੋਏ ਤੇ ਜੇ ਤੁਸੀਂ ਆਪ ਭੀ ਖ਼ੁਦਗਰਜ਼ ਹੋ ਤਾਂ ਇਹ ਜ਼ਰੂਰੀ ਹੈ ਕਿ ਤੁਹਾਡਾ ਇਹ ਉਪਦੇਸ਼ ਭੀ ਖ਼ੁਦਗਰਜ਼ੀ ਲਈ ਹੀ ਹੋਵੇ। ਇਸ ਕਰ ਕੇ ਇਸ ਤਰ੍ਹਾਂ ਦੇ ਉਪਦੇਸ਼ ਕਰਨ ਵਾਲਿਆਂ ਤੋਂ ਤਾਂ ਇਹ ਆਸ ਹੋ ਸਕਦੀ ਹੈ ਕਿ ਉਹ ਆਪਣੀ ਕੋਈ ਗਰਜ਼ ਪੂਰੀ ਕਰਨ ਲਈ ਹੀ ਸਾਨੂੰ ਇਹ ਉਪਦੇਸ਼ ਦਿੰਦੇ ਹਨ। ਜੋ ਖ਼ੁਦਗਰਜ਼ ਹੈ ਉਸ ਦਾ ਕੋਈ ਇਤਬਾਰ ਨਹੀਂ ਹੈ ਤੇ ਜੋ ਖ਼ੁਦਗਰਜ਼ੀ ਦਾ ਉਪਦੇਸ਼ ਦੇਂਦਾ ਹੈ ਉਸ ਨੂੰ ਚੇਤੇ ਰਹੇ ਕਿ ਉਹ ਲੋਕਾਂ ਨੂੰ ਇਕ ਦੂਜੇ ਦੇ ਗੱਲ ਪੈਣ ਲਈ ਤਿਆਰ ਕਰਦਾ ਹੈ।

ਅੱਜ ਮਹਾਤਮਾ ਗਾਂਧੀ ਜੀ ਨੇ ਸ਼ਾਂਤਮਈ ਸੰਗਰਾਮ ਸ਼ੁਰੂ ਕੀਤਾ ਹੈ ਤੇ ਉਹਨਾਂ ਦਾ ਪਹਿਲਾਂ ਉਪਦੇਸ਼ ਇਹ ਹੈ ਕਿ ਖ਼ਰਚ ਘੱਟ ਕਰੋ। ਹਰ ਇਕ ਜੰਗ ਵਿਚ ਬਚਤ ਕਰਨ ਦਾ ਉਪਰਾਲਾ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ। ਅੱਜ ਜੇ ਦੋ ਸੱਜਣ ਪੰਜਾਹ-ਪੰਜਾਹ ਰੁਪਏ ਮਹੀਨਾ ਖ਼ਰਚ ਕਰਦੇ ਹਨ ਤੇ ਉਹਨਾਂ ਵਿੱਚੋਂ ਇਕ ਜੇਲ੍ਹ ਚਲਾ ਜਾਂਦਾ ਹੈ ਤਾਂ ਦੂਜਾ ਸੱਜਣ ਉਸ ਦੇ ਘਰ ਗੁਜ਼ਾਰਾ ਤਦ ਹੀ ਪੁਚਾ ਸਕਦਾ ਹੈ ਜੇ ਉਹ ਆਪਣਾ ਖ਼ਰਚ ਘਟਾ ਕੇ ਪੰਝੀ ਰੁਪੈ ਕਰ ਲਵੇ ਤੇ ਪੰਝੀ ਰੁਪੈ ਦੂਜੇ ਦੇ ਘਰ ਪੁਚਾਵੇ। ਮਹਾਤਮਾ ਗਾਂਧੀ ਜੀ ਨੂੰ ਜਿਥੇ ਭੀ ਫ਼ਜ਼ੂਲ ਖ਼ਰਚੀ ਨਜ਼ਰ ਆਈ ਹੈ ਜਾਂ ਅਜੇਹਾ ਖ਼ਰਚ ਨਜ਼ਰ ਆਇਆ ਹੈ ਜੋ ਬਚ ਸਕਦਾ ਸੀ, ਉਥੇ ਹੀ ਉਹਨਾਂ ਨੇ ਇਸ ਖ਼ਰਚ ਨੂੰ ਮਾੜਾ ਕਿਹਾ ਹੈ। ਦੂਰ ਦੀ ਸੋਚਣ ਵਾਲੇ ਜਰਨੈਲ ਅਜੇਹਾ ਹੀ ਕੀਤਾ ਕਰਦੇ ਹਨ। ਇਹ ਜੰਗ ਲੰਬਾ ਹੋਣਾ ਹੈ ਤੇ ਇਸ ਵਿਚ ਪਾਈ ਪਾਈ ਦੀ ਬਚਤ ਦੀ ਲੋੜ ਪਵੇਗੀ। ਜਿਹੜੇ ਸੱਜਣ ਮਾਮੂਲੀ ਸਮੇਂ ਉੱਤੇ ਰੁੱਖੀ-ਸੁੱਖੀ ਖਾਇ ਕੇ ਠੰਡਾ ਪਾਣੀ ਪੀਉ ਦੇ ਸਲੋਕ ਦੀ ਕਦਰ ਨਹੀਂ ਕਰਦੇ, ਹੁਣ ਤਾਂ ਉਹਨਾਂ ਨੂੰ ਭੀ ਸੋਝੀ ਹੋਵੇਗੀ ਕਿ ਕਾਮਯਾਬੀ ਲਈ ਇਹ ਬਹੁਤ ਸੋਹਣਾ ਅਸੂਲ ਹੈ। ਜੋ ਲੋਕੀਂ ਚੰਗੀ ਰੋਟੀ ਖਾਣਾ ਚਾਹੁੰਣਗੇ, ਜਾਂ ਜੋ ਦੂਜੇ ਦੀ ਚੋਪੜੀ ਵੇਖ ਕੇ ਰੀਸ ਕਰਨਗੇ, ਉਹ ਨਾ ਜੇਲ੍ਹ ਜਾ ਸਕਦੇ ਹਨ ਤੇ ਨਾ ਕਿਸੇ ਹੋਰ ਤਰ੍ਹਾਂ ਇਸ ਸ਼ਾਂਤਮਈ ਜੰਗ ਵਿਚ ਸ਼ਾਮਲ ਹੋ ਸਕਦੇ ਹਨ। ☆

ਧਰਮ ਪ੍ਰਚਾਰ ਦਾ ਘਾਟਾ ਕਿਸ ਤਰ੍ਹਾਂ ਪੂਰਾ ਹੋਵੇ ?

ਅਸੀਂ ਇਹ ਗੱਲ ਕਈ ਵੇਰਾਂ ਲਿਖ ਚੁੱਕੇ ਹਾਂ ਕਿ ਇਸ ਵੇਲੇ ਧਰਮ ਪ੍ਰਚਾਰ ਵੱਲੋਂ ਸਾਡੇ ਲੋਕਾਂ ਦੀ ਰੁਚੀ ਬਹੁਤ ਘੱਟ ਗਈ ਹੈ। ਇਸ ਦਾ ਕਾਰਣ ਇਹ ਹੈ ਕਿ ਹਿੰਦੁਸਤਾਨ ਦੇ ਗ਼ੁਲਾਮ ਹੋਣ ਕਰ ਕੇ ਆਜ਼ਾਦੀ ਦੀ ਲੜਾਈ ਛਿੜੀ ਹੋਈ ਹੈ ਤੇ ਸਾਰਾ ਧਿਆਨ ਉਧਰ ਹੀ ਜਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭੀ ਪਾਪ ਤੇ ਜ਼ੁਲਮ ਨੂੰ ਦੂਰ ਕਰਨ ਲਈ ਧਰਮ ਯੁੱਧ ਰਚਿਆ ਸੀ। ਉਸ ਧਰਮ ਯੁੱਧ ਲਈ ਆਸਰਾ ਭੀ ਧਰਮ ਦਾ ਹੀ ਲਿਆ ਗਿਆ ਸੀ, ਪਰ ਹੁਣ ਦੇ ਯੁੱਧ ਲਈ ਨਾ ਆਸਰਾ ਹੀ ਧਰਮ ਹੈ ਤੇ ਨਾ ਨਿਸ਼ਾਨਾ ਹੀ ਧਰਮ ਹੈ। ਬੇਸ਼ੱਕ ਮਹਾਤਮਾ ਗਾਂਧੀ ਜੀ ਤਾਂ ਧਰਮ ਸਮਝ ਕੇ ਹੀ ਇਹ ਯੁੱਧ ਰਚ ਰਹੇ ਹਨ ਤੇ ਕਈ ਲੋਕ ਧਰਮ ਦੇ ਨਾਮ ਉੱਤੇ ਹੀ ਕੁਰਬਾਨੀ ਦੇ ਰਹੇ ਹਨ ਪਰ ਆਮ ਲੋਕੀਂ ਧਰਮ ਦੀ ਨਾ ਪ੍ਰਵਾਹ ਕਰਦੇ ਹੋਏ ਪੋਲਿਟਿਕਸ ਦੇ ਨਾਮ ਉੱਤੇ ਲੜ ਰਹੇ ਹਨ। ਇਸ ਦਾ ਕੁਦਰਤੀ ਨਤੀਜਾ ਇਹ ਨਿਕਲ ਰਿਹਾ ਹੈ ਕਿ ਜਿਉਂ-ਜਿਉਂ ਇਸ ਸਰਕਾਰ ਵਿਰੁੱਧ ਯੁੱਧ ਗਰਮ ਹੋ ਰਿਹਾ ਹੈ, ਤਿਉਂ-ਤਿਉਂ ਹੀ ਧਰਮ ਵੱਲੋਂ ਰੁਚੀ ਲੋਕਾਂ ਦੀ ਘੱਟ ਰਹੀ ਹੈ। ਸਿੱਖਾਂ ਦੇ ਧਰਮ ਯੁੱਧ ਤੇ ਅੱਜ-ਕਲ੍ਹ ਦੇ ਯੁੱਧ ਵਿਚ ਇਹ ਵੱਡਾ ਫ਼ਰਕ ਹੈ। ਉਸ ਵੇਲੇ ਜਿਉਂ-ਜਿਉਂ ਯੁੱਧ ਕਰੜਾ ਹੁੰਦਾ ਸੀ। ਧਰਮ ਦੀ ਰੌ ਵਧਦੀ ਸੀ ਤੇ ਅੱਜ-ਕਲ੍ਹ ਜਿਉਂ-ਜਿਉਂ ਇਹ ਯੁੱਧ ਕਰੜਾ ਹੁੰਦਾ ਜਾਂਦਾ ਹੈ, ਧਰਮ ਦੀ ਰੌ ਘਟਦੀ ਜਾਂਦੀ ਹੈ।

ਅਸੀਂ ਤਾਂ ਇਸੇ ਨਿਸਚੇ ਨਾਲ ਇਸ ਯੁੱਧ ਵਿਚ ਸ਼ਾਮਲ ਹੋਏ ਹਾਂ ਕਿ ਇਹ ਧਰਮ ਯੁੱਧ ਹੈ ਤੇ ਠੀਕ ਸਿੱਖੀ ਦੇ ਅਨੁਕੂਲ ਹੈ ਪਰ ਸ਼ੋਕ ਹੈ ਕਿ ਸਾਡੇ ਕਈ ਵੀਰ ਇਸ ਨੂੰ ਮੁਲਕੀ ਜੰਗ ਸਮਝ ਕੇ ਇਸ ਵੱਲ ਵੱਧ ਰਹੇ ਹਨ ਤੇ ਉਹਨਾਂ ਦੀ ਰੁਚੀ ਧਰਮ ਵੱਲੋਂ ਘੱਟ ਰਹੀ ਹੈ। ਇਹ ਗੱਲ ਹੋਰ ਧਰਮਾਂ ਨਾਲ ਭੀ ਵਾਪਰ ਰਹੀ ਹੈ। ਹੋਰ ਲੋਕੀਂ ਤਾਂ ਧਰਮ ਛੱਡ ਕੇ ਭੀ ਕੌਮ ਦੀ ਸ਼ਕਲ ਵਿਚ ਜ਼ਿੰਦਾ ਰਹਿ ਸਕਦੇ ਹਨ, ਪਰ ਸਿੱਖ ਤਾਂ ਅਸਲ ਵਿਚ ਧਰਮ ਹੈ। ਜਿਸ ਸਿੱਖ ਦੀ ਰੁਚੀ ਧਰਮ ਵੱਲ ਨਾ ਰਹੀ, ਉਹ ਸਿੱਖ ਕੌਮ ਵਿਚ ਨਹੀਂ ਰਹਿ ਸਕਦਾ। ਇਸ ਲਈ ਸਿੱਖ ਤਾਂ ਆਰਜ਼ੀ ਤੌਰ 'ਤੇ ਭੀ ਧਰਮ ਪ੍ਰਚਾਰ ਵੱਲੋਂ ਅਣਗਹਿਲੀ ਨਹੀਂ ਕਰ ਸਕਦੇ। ਹਿੰਦੂ ਤਾਂ ਅੱਜ ਧਰਮ ਵੱਲੋਂ ਮੂੰਹ ਮੋੜ ਸਕਦੇ ਹਨ ਤੇ ਕਲ੍ਹ ਫਿਰ ਆਪਣੇ ਧਰਮ ਵੱਲ ਆ ਸਕਦੇ ਹਨ ਪਰ ਜੇ ਸਿੱਖਾਂ ਵਿਚ ਢਾਹ ਲੱਗ ਗਈ ਤਾਂ ਮੁੜ ਸਿੱਖੀ ਧਰਮ ਵੱਲ ਆਵਣਾ ਅਸੰਭਵ ਹੋ ਜਾਵੇਗਾ। ਇਸ ਲਈ ਸਿੱਖਾਂ ਨੂੰ ਹੋਰ ਕੌਮਾਂ ਨਾਲੋਂ ਵਧੇਰੇ ਧਰਮ ਪ੍ਰਚਾਰ ਦੀ ਸਦਾ ਲੋੜ ਰਹਿੰਦੀ ਹੈ।

ਅਕਾਲੀ ਲਹਿਰ ਇਕ ਧਰਮ ਦੀ ਲਹਿਰ ਸੀ ਪਰ ਅਕਾਲੀ ਲਹਿਰ ਦੇ ਢਿੱਲਾ ਪੈਣ ਨਾਲ ਹੀ ਧਰਮ ਵੱਲੋਂ ਰੁਚੀ ਲੋਕਾਂ ਦੀ ਹਟ ਗਈ। ਸਗੋਂ ਧਰਮ ਪ੍ਰਚਾਰ ਦਾ ਹਾਲ ਪਹਿਲਾਂ ਨਾਲੋਂ ਭੀ ਮਾੜਾ ਹੋ ਗਿਆ ਹੈ ਅਤੇ ਹੋਂਦਾ ਜਾ ਰਿਹਾ ਹੈ। ਥਾਂ-ਥਾਂ ਸਾਲਾਨਾ ਦੀਵਾਨ ਹੋਇਆ ਕਰਦੇ ਸਨ। ਹੁਣ ਉਹ ਦੀਵਾਨ ਤਾਂ ਬੰਦ ਹੀ ਹੋ ਗਏ ਹਨ ਤੇ ਜੇ ਧਰਮ ਪ੍ਰਚਾਰ ਲਈ ਕਿਧਰੇ ਦੀਵਾਨ ਹੋਂਦਾ ਭੀ ਹੈ ਤਾਂ ਲੋਕੀਂ ਦਿਲਚਸਪੀ ਨਹੀਂ ਲੈਂਦੇ। ਅੱਜ-ਕਲ੍ਹ ਤਾਂ ਲੋਕੀਂ ਸਰਕਾਰ ਵਿਰੁੱਧ ਕੜਾਕੇ ਸੁਣਨਾ ਚਾਹੁੰਦੇ ਹਨ। ਇਸ ਵੇਲੇ ਮਹਾਤਮਾ ਗਾਂਧੀ ਨੇ ਸ਼ਾਂਤਮਈ ਜੰਗ ਰਚ ਦਿੱਤਾ ਹੈ ਤੇ ਇਸ ਵਿਚ ਹਿੱਸਾ ਲੈਣ ਦੇ ਅਸੀਂ ਪੂਰੇ ਹੱਕ ਵਿਚ ਹਾਂ ਪਰ ਅਸੀਂ ਪਾਠਕਾਂ ਅੱਗੇ ਬੇਨਤੀ ਕਰਦੇ ਹਾਂ ਕਿ ਇਸ ਵੇਲੇ ਹੀ ਧਰਮ ਪ੍ਰਚਾਰ ਦੀ ਖ਼ਾਸ ਲੋੜ ਹੈ। ਇਸ ਧਰਮ ਪ੍ਰਚਾਰ ਲਈ ਵੱਡੀ ਜ਼ਰੂਰੀ ਗੱਲ ਤਾਂ ਸਾਲਾਨਾ ਦੀਵਾਨ ਹਨ। ਜਿਥੇ ਕਿਥੇ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬਾਂ ਉੱਤੇ ਹੀ ਦੀਵਾਨ ਹੁੰਦੇ ਹਨ ਥਾਂ-ਥਾਂ ਤੋਂ ਪ੍ਰਚਾਰਕਾਂ ਦੀਆਂ ਮੰਗਾਂ ਆ ਜਾਂਦੀਆਂ ਹਨ, ਜਿਸ ਕਰ ਕੇ ਬਹੁਤੀ ਥਾਂ 'ਤੇ ਕੋਈ ਪ੍ਰਚਾਰ ਹੁੰਦਾ ਹੀ ਨਹੀਂ ਹੈ। ਬੇਸ਼ੱਕ ਇਹ ਗੁਰਪੁਰਬ ਮਨਾਣੇ ਜ਼ਰੂਰੀ ਹਨ ਤੇ ਉਤਸ਼ਾਹ ਨਾਲ ਮਨਾਣੇ ਚਾਹੀਦੇ ਹਨ ਪਰ ਹਰ ਵੱਡੇ ਸ਼ਹਿਰ ਵਿਚ ਸਾਲ ਵਿਚ ਇਕ ਵੇਰਾਂ ਅਜੇਹਾ ਦੀਵਾਨ ਹੋਣਾ ਚਾਹੀਦਾ ਹੈ, ਜਿਸ ਉੱਤੇ ਪੰਥ ਦੇ ਸਾਰੇ ਗੁਣੀ-ਗਿਆਨੀ ਤੇ ਪ੍ਰਚਾਰਕ ਪੁੱਜ ਜਾਣ। ਹਰ ਇਕ ਦੇ ਪ੍ਰਚਾਰ ਲਿਆਕਤ ਤੇ ਹੋਰ ਗੁਣਾਂ ਦਾ ਅਸਰ ਪੈ ਸਕੇ। ਅਜੇਹੇ ਦੀਵਾਨ ਕਾਮਯਾਬ ਤਦ ਹੀ ਹੋ ਸਕਦੇ ਹਨ ਕਿ ਅਜੇਹੇ ਦਿਨਾਂ ਵਿਚ ਕੀਤੇ ਜਾਣ, ਜਿਹਨਾਂ ਵਿਚ ਹੋਰ ਕਿਸੇ ਥਾਂ ਕੋਈ ਦੀਵਾਨ ਨਾ ਹੋਵੇ। ਇਹ ਗੱਲ ਗੁਰਪੁਰਬਾਂ ਉੱਤੇ ਹੋਣੀ ਤਾਂ ਅਸੰਭਵ ਹੈ। ਇਸ ਲਈ ਸਾਲਾਨਾ ਦੀਵਾਨਾਂ ਦਾ ਸਿਲਸਿਲਾ ਮੁੜ ਸ਼ੁਰੂ ਹੋਣਾ ਚਾਹੀਦਾ ਹੈ। ਅੱਜ-ਕਲ੍ਹ ਇਸ ਗੱਲ ਵੱਲ ਖ਼ਾਸ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਅਜੇਹਾ ਨਾ ਹੋਵੇ ਕਿ ਇਸ ਪੋਲਿਟੀਕਲ ਲਹਿਰ ਦਾ ਸਾਡੇ ਧਰਮ ਉੱਤੇ ਕੋਈ ਪੱਕਾ ਅਸਰ ਪੈ ਸਕੇ। ਸਿੱਖ ਪੰਥ ਦੀ ਸ਼ਾਨ ਸਿੱਖ ਧਰਮ ਦੇ ਅਸੂਲਾਂ ਉੱਤੇ ਚੱਲਣ ਵਿਚ ਹੀ ਹੈ ਤੇ ਜੇ ਧਰਮ ਭਾਵ ਸਿੱਖਾਂ ਵਿਚ ਘੱਟ ਜਾਵੇ ਤਾਂ ਸਿੱਖਾਂ ਦੀ ਦੁਨੀਆਂ ਨੂੰ ਲੋੜ ਭੀ ਕੀ ਹੈ ?

☆ ☆ ☆

ਸਿੱਖ ਕੌਮ ਦਾ ਲਾਭ ਸਿੱਖ ਧਰਮ ਤੋਂ ਗਿਰ ਕੇ

ਦੁਨੀਆਂ ਵਿਚ ਬਹੁਤ ਥੋੜ੍ਹੇ ਲੋਕੀਂ ਹਨ ਜੋ ਅਸਲ ਵਿਚ ਧਰਮ ਦੀ ਪ੍ਰਵਾਹ ਕਰਦੇ ਹਨ। ਬਹੁਤ ਸਾਰੇ ਲੋਕਾਂ ਨੇ ਤਾਂ ਧਰਮ ਨੂੰ ਠੱਗੀ ਤੇ ਰਿਹਾਕਾਰੀ ਲਈ ਆੜ ਹੀ ਬਣਾਇਆ ਹੋਇਆ ਹੈ। ਸਗੋਂ ਕਈ ਧਾਰਮਿਕ ਆਗੂ ਅਜੇਹੇ ਹਨ ਜੋ ਮਰਨ ਪਿੱਛੋਂ ਪੂਜੇ ਭਾਵੇਂ ਜਾਂਦੇ ਹਨ, ਪਰ ਅਸਲ ਵਿਚ ਪਖੰਡੀ ਹੀ ਸਨ। ਇਸ ਵੇਲੇ ਸਿੱਖਾਂ ਵਿਚ ਅਜੇਹੇ ਬੰਦੇ ਹਨ, ਜੋ ਹਰ ਤਰ੍ਹਾਂ ਨਾਲ ਧਰਮ ਦੇ ਠੇਕੇਦਾਰ ਬਣਦੇ ਹਨ, ਪਰੰਤੂ ਪਰ ਇਸਤਰੀ ਗਮਨ ਆਦਿਕ ਕੁਰਹਿਤਾਂ ਵਿਚ ਫਸੇ ਹੋਏ ਹਨ। ਅਜੇਹੇ ਲੋਕਾਂ ਨੇ ਧਰਮ ਨੂੰ ਆਪਣੀ ਠੱਗੀ ਦੀ ਆੜ ਬਣਾਇਆ ਹੋਇਆ ਹੈ ਤੇ ਅਜੇਹੇ ਲੋਕੀਂ ਹੀ ਲੋਕਾਂ ਵਿਚ ਧਰਮ ਵੱਲੋਂ ਨਫ਼ਰਤ ਪੈਦਾ ਕਰ ਰਹੇ ਹਨ। ਇਹੋ ਜਿਹੇ ਖ਼ੁਦਗਰਜ਼ ਠੱਗਾਂ ਨੇ ਸਿੱਖੀ ਨੂੰ ਭੀ ਕਾਫ਼ੀ ਨੁਕਸਾਨ ਪਹੁੰਚਾਇਆ ਹੈ।

ਜਿਸ ਤਰ੍ਹਾਂ ਦੁਨੀਆਂ ਵਿਚ ਬਹੁਤ ਲੋਕੀਂ ਹਨ ਜੋ ਆਪਣੀ ਗਰਜ਼ ਲਈ ਧਰਮ ਦੀ ਕੱਖ ਪ੍ਰਵਾਹ ਨਹੀਂ ਕਰਦੇ, ਇਸੇ ਤਰ੍ਹਾਂ ਦੁਨੀਆਂ ਵਿਚ ਬਹੁਤ ਕੌਮਾਂ ਹਨ ਜੋ ਆਪਣੇ ਲਾਭ ਲਈ ਧਰਮ ਨੂੰ ਲਾਂਭੇ ਕਰ ਦੇਂਦੀਆਂ ਹਨ। ਅਜੇ ਇਕ ਬੰਦਾ ਤਾਂ ਆਪਣੀ ਨੇਕਨਾਮੀ, ਬਦਨਾਮੀ ਦੀ ਪ੍ਰਵਾਹ ਕੁਝ ਨ ਕੁਝ ਕਰਦਾ ਹੀ ਹੈ, ਜਿਸ ਕਰ ਕੇ ਕੁਝ ਨਾ ਕੁਝ ਉਸ ਨੂੰ ਧਰਮ ਅਨੁਸਾਰ ਟੁਰਨਾ ਪੈਂਦਾ ਹੈ, ਪਰ ਕੌਮਾਂ ਤਾਂ ਇਸ ਤੋਂ ਭੀ ਹੇਠਾਂ ਗਿਰ ਜਾਂਦੀਆਂ ਹਨ। ਕੌਮਾਂ ਦੀ ਹਾਲਤ ਇਹ ਹੈ ਕਿ ਕਈ ਲੋਕਾਂ ਨੇ ਇਹ ਢਕੌਂਸਲਾ ਹੀ ਘੜ ਲਿਆ ਹੈ ਕਿ ਪੋਲਿਟਿਕਸ ਵਿਚ ਝੂਠ ਬੇਈਮਾਨੀ ਆਦਿ ਕੁਝ ਪ੍ਰਵਾਹ ਨਹੀਂ ਹੈ।

ਇਹ ਬੇਅਸੂਲੀ ਸਿੱਖ ਕੌਮ ਵਿਚ ਅੱਗੇ ਕਦੀ ਨਹੀਂ ਆਈ ਕਿਉਂਕਿ ਸਿੱਖ ਅਸਲ ਵਿਚ ਧਰਮ ਹੈ ਨਾ ਕਿ ਕੌਮ। ਹੋਰ ਕੌਮਾਂ ਦਾ ਧਰਮ ਹੈ, ਪਰ ਸਿੱਖ ਧਰਮ ਦੀ ਕੌਮ ਹੈ। ਇਹ ਬੜਾ ਫ਼ਰਕ ਹੈ ਜਿਸ ਕਰ ਕੇ ਕਿਤਨੇ ਪਖੰਡੀ ਸਿੱਖਾਂ ਵਿਚ ਵੜ ਕੇ ਭੀ ਸਿੱਖ ਕੌਮ ਨੂੰ ਗਿਰਾ ਨਹੀਂ ਸਕੇ ਪਰ ਅੱਜ-ਕਲ੍ਹ ਸਿੱਖਾਂ ਦੀ ਰੁਚੀ ਧਰਮ ਵੱਲੋਂ ਘਟ ਰਹੀ ਹੈ। ਜਿਸ ਕਰ ਕੇ ਅਸੀਂ ਪਾਠਕਾਂ ਨੂੰ ਖ਼ਬਰਦਾਰ ਕਰਨਾ ਚਾਹੁੰਦੇ ਹਾਂ ਕਿ ਸਿੱਖੀ ਧਰਮ ਤੋਂ ਗਿਰ ਕੇ ਕਦੀ ਸਿੱਖ ਕੌਮ ਦਾ ਲਾਭ ਨਹੀਂ ਹੋ ਸਕਦਾ। ਇਸ ਵੇਲੇ ਹਿੰਦੁਸਤਾਨ ਵਿਚ ਇਕ ਹੜ ਆ ਰਿਹਾ ਹੈ। ਇਹ ਅਜੇ ਸ਼ੁਰੂ ਹੀ ਹੋਇਆ ਹੈ ਤੇ ਇਸ ਦੇ ਸਾਰੇ ਜ਼ੋਰ ਦਾ ਲੋਕਾਂ ਨੂੰ ਪਤਾ ਨਹੀਂ ਹੈ ਪਰ ਸਾਨੂੰ ਤਾਂ ਇਉਂ ਭਾਸ ਰਿਹਾ ਹੈ ਕਿ ਇਸ ਹੜ ਨੇ ਮਾਮੂਲੀ ਵਹਿਣ ਹੀ ਬਦਲ ਦੇਣੇ ਹਨ ਤੇ ਹੇਠਲੀ ਉੱਤੇ ਕਰ ਦੇਣੀ ਹੈ, ਜਿਨ੍ਹਾਂ ਲੋਕਾਂ ਨੂੰ ਇਸ ਆ ਰਹੇ ਹੜ ਦੇ ਜ਼ੋਰ ਦਾ ਅਜੇ ਪੂਰਾ ਅੰਦਾਜ਼ਾ ਨਹੀਂ ਹੈ,

ਉਹ ਇਸ ਇੱਛਾ ਵਿਚ ਹਨ ਕਿ ਸਿੱਖ ਕੌਮ ਇਸ ਨੌਕਰਸ਼ਾਹੀ ਦੀਆਂ ਨਜ਼ਰਾਂ ਵਿਚ ਗਿਰ ਨਾ ਜਾਏ ਕਿਉਂਕਿ ਸ਼ਾਇਦ ਫਿਰ ਨੌਕਰਸ਼ਾਹੀ ਦੀ ਖੁਸ਼ਾਮਦ ਹੀ ਕਰਨੀ ਪਵੇ। ਇਸ ਫ਼ਿਕਰ ਤੋਂ ਲਾਭ ਉਠਾ ਕੇ ਨੌਕਰਸ਼ਾਹੀ ਚਾਟੜੇ ਜਾਂ ਭੁਲੇਖੇ ਵਿਚ ਫਸੇ ਸੱਜਣ ਸਿੱਖਾਂ ਵਿਚ ਇਹ ਗੱਲ ਫੈਲਾਣ ਦਾ ਯਤਨ ਕਰਦੇ ਹਨ ਕਿ ਭਾਈ ਖਾਲਸਾ ਜੀ, ਸੰਭਲ ਕੇ ਟੁਰਨਾ। ਦੂਜਿਆਂ ਤੋਂ ਅੱਗੇ ਨਾ ਵਧ ਜਾਣਾ। ਅਸੀਂ ਤਾਂ ਖਾਲਸਾ ਜੀ ਨੂੰ ਇਕੋ ਹੀ ਸਲਾਹ ਦੇਵਾਂਗੇ ਕਿ ਇਹਨਾਂ ਪੋਲੀਟੀਕਲ ਚਾਲਾਂ ਵਿਚ ਨਾ ਫਸੋ। ਸਿਖੀ ਧਰਮ ਨੂੰ ਮੁਖ ਰੱਖਦੇ ਹੋਏ ਸਿੱਖੀ ਅਨੁਸਾਰ ਟੁਰੀ ਚਲੋ ਤੇ ਇਸੇ ਵਿਚ ਹੀ ਸਿੱਖ ਕੌਮ ਦਾ ਲਾਭ ਹੈ। ਕਦੀ ਸਮਾਂ ਸੀ ਕਿ ਸਿੱਖ ਜੰਗਲਾਂ ਪਹਾੜਾਂ ਵਿਚ ਲੁਕੇ ਫਿਰਦੇ ਸਨ, ਉਹਨਾਂ ਨੂੰ ਨਵਾਬੀਆਂ ਰਿਸ਼ਵਤ ਦੇ ਤੌਰ 'ਤੇ ਪੇਸ਼ ਕੀਤੀਆਂ ਜਾਂਦੀਆਂ ਸਨ, ਪਰ ਉਹ ਆਪਣੇ ਧਰਮ ਅਨੁਸਾਰ ਪਾਪ ਤੇ ਜ਼ੁਲਮ ਨੂੰ ਦੂਰ ਕਰਨ ਦੇ ਯਤਨ ਤੋਂ ਨਹੀਂ ਟਲਦੇ ਸਨ। ਉਸ ਵੇਲੇ ਭਾਵੇਂ ਕਿਸੇ ਨੂੰ ਕੌਮ ਦਾ ਨੁਕਸਾਨ ਹੀ ਜਾਪਦਾ ਹੋਵੇ ਪਰ ਆਖਰ ਉਸੇ ਵਤੀਰੇ ਨੇ ਕਾਮਯਾਬੀ ਦਿੱਤੀ ਤੇ ਅੱਜ ਸਾਨੂੰ ਉਸ ਜ਼ਮਾਨੇ ਉੱਤੇ ਫ਼ਖ਼ਰ ਹੈ। ਇਹੋ ਹਾਲਤ ਅੱਜ ਸਮਝੋ। ਇਹ ਉਕਾ ਹੀ ਦਿਲੋਂ ਕੱਢ ਦਿਓ ਕਿ ਕਿਸੇ ਹਾਲਤ ਵਿਚ ਸਿੱਖ ਧਰਮ ਤੋਂ ਗਿਰ ਕੇ ਸਿੱਖ ਕੌਮ ਨੂੰ ਲਾਭ ਹੋ ਸਕਦਾ ਹੈ। ਸਿੱਖ ਕੌਮ ਦੀ ਲੋੜ ਤਾਂ ਕੇਵਲ ਸਿੱਖੀ ਧਰਮ ਦੇ ਪ੍ਰਚਾਰ ਦੀ ਹੀ ਹੈ ਤੇ ਜੇ ਸਿੱਖੀ ਧਰਮ ਨੂੰ ਹੀ ਛੱਡ ਦੇਈਏ ਤੇ ਕੌਮ ਨੂੰ ਕੇਵਲ ਇਕ ਜੁੰਡਲੀ ਜਿਹੇ ਸਮਝ ਕੇ ਲਾਭ ਉਠਾਉਣ ਦਾ ਯਤਨ ਕਰੀਏ ਤਾਂ ਅਸੀਂ ਪਹਿਲੇ ਦਰਜੇ ਦੇ ਕੁਧਰਮੀ ਹੋਵਾਂਗੇ ਤੇ ਸਾਡੇ ਇਸ ਵਤੀਰੇ ਦਾ ਨਤੀਜਾ ਕੌਮ ਘਾਤ ਹੋਵੇਗਾ। ਸਿੱਖ ਕੌਮ ਦੀ ਜੜ੍ਹ ਧਰਮ ਉੱਤੇ ਹੈ ਤੇ ਧਰਮ ਦੇ ਆਸਰੇ ਹੀ ਜ਼ਿੰਦਾ ਰਹਿ ਸਕਦੀ ਹੈ। ਇਸ ਵੇਲੇ ਕੇਵਲ ਇਕੋ ਗੱਲ ਵੇਖੋ ਕਿ ਸਿੱਖੀ ਅਨੁਸਾਰ ਕਿਹੜੀ ਗੱਲ ਹੈ। ਜੇ ਤਾਂ ਆਪ ਨੂੰ ਅੰਗਰੇਜ਼ ਸੱਚੇ ਜਾਪਦੇ ਹਨ ਤੇ ਅੰਗਰੇਜ਼ੀ ਰਾਜ ਜ਼ਰੂਰੀ ਜਾਪਦਾ ਹੈ ਤਾਂ ਇਸ ਦੀ ਮਦਦ ਕਰੋ ਪਰ ਜੇ ਆਪ ਨੂੰ ਜਾਪਦਾ ਹੈ ਕਿ ਹਿੰਦੁਸਤਾਨ ਦੀ ਗੁਲਾਮੀ ਤੇ ਗਰੀਬੀ ਲੋਕਾਂ ਦੇ ਸਰੀਰ ਤੇ ਆਤਮਾ ਦੋਹਾਂ ਨੂੰ ਬਰਬਾਦ ਕਰ ਰਹੀ ਹੈ ਤਾਂ ਸਿੱਖੀ ਇਸੇ ਵਿਚ ਹੈ ਕਿ ਤਲੀ ਉੱਤੇ ਸਿਰ ਰੱਖ ਕੇ ਮੈਦਾਨ ਵਿਚ ਨਿਕਲੋ। ਸਿੱਖਾਂ ਦਾ ਜਨਮ ਪਾਪ ਤੇ ਜ਼ੁਲਮ ਨੂੰ ਦੂਰ ਕਰੰਨ ਲਈ ਹੋਇਆ ਸੀ ਤੇ ਆਪਣੇ ਨਿਸ਼ਾਨ ਉੱਤੇ ਚਲੋ। ਦੁੱਖ ਤਕਲੀਫ਼ਾਂ ਤੇ ਜ਼ੁਲਮ ਤੇ ਮਜ਼ਲੂਮਾਂ ਦੀ ਸਹਾਇਤਾ ਕਰਨ ਵਿਚ ਹੀ ਤਾਂ ਸਿੱਖੀ ਦੀ ਸ਼ਾਨ ਪ੍ਰਗਟ ਕਰਨ ਦਾ ਮੌਕਾ ਮਿਲਦਾ ਹੈ। ਫਿਰ ਇਸ ਸ਼ਾਂਤਮਈ ਧਰਮ ਯੁੱਧ ਵਿਚ ਆਪ ਕਿਸ ਸਮੇਂ ਦੀ ਉਡੀਕ ਵਿਚ ਹੋ ?

✡ ✡ ✡

ਸ਼ਾਂਤਮਈ ਤੇ ਅਸ਼ਾਂਤਮਈ ਦਾ ਭੇਦ : ਬਰਾਦਰੀ ਦਾ ਬਾਈਕਾਟ

ਜਿਉਂ-ਜਿਉਂ ਕੌਮੀ ਲਹਿਰ ਖਿਲਰ ਰਹੀ ਹੈ ਤੇ ਤੇਜ ਹੋ ਰਹੀ ਹੈ ਤਿਉਂ-ਤਿਉਂ ਹੀ ਕਈ ਤਰ੍ਹਾਂ ਦੇ ਸਵਾਲ ਸਾਹਮਣੇ ਪੇਸ਼ ਆ ਰਹੇ ਹਨ। ਇਕ ਸਵਾਲ ਬਾਈਕਾਟ ਦਾ ਹੈ। 1921 ਦੇ ਨਾ-ਮਿਲਵਰਤਨ ਦੇ ਸਮੇਂ ਮਹਾਤਮਾ ਗਾਂਧੀ ਜੀ ਇਸ ਹਥਿਆਰ ਨੂੰ ਅਸੂਲ ਅਨੁਸਾਰ ਨਹੀਂ ਸਮਝਦੇ ਸਨ ਤੇ ਕਹਿੰਦੇ ਸਨ ਕਿ ਇਹ ਭੀ ਅਸ਼ਾਂਤਮਈ ਹੈ, ਕਿਉਂਕਿ ਇਕ ਤਰ੍ਹਾਂ ਦਾ ਦਬਾ ਪਾ ਕੇ ਕੰਮ ਕਰਾਇਆ ਜਾਂਦਾ ਹੈ। ਅੱਜ ਉਹ ਇਸ ਬਾਇਕਾਟ ਦੇ ਹੱਕ ਵਿਚ ਹਨ। ਤਜ਼ਰਬਾ ਬਹੁਤ ਕੁਝ ਸਿਖਾ ਦੇਂਦਾ ਹੈ। ਸਿੱਖੀ ਅਸੂਲ ਤਾਂ ਇਹ ਹੈ ਕਿ 'ਖਾਲਸਾ ਤਿਆਰ-ਬਰ-ਤਿਆਰ ਰਹੇ।' ਭਾਵ ਇਹ ਹੈ ਕਿ ਹਰ ਤਰ੍ਹਾਂ ਦੀ ਔਕੜ ਦਾ ਹਰ ਸਮੇਂ ਉੱਤੇ ਮੁਕਾਬਲਾ ਕਰਨ ਲਈ ਤਿਆਰ ਰਹੇ। ਡੂੰਘਾ ਸੋਚਿਆਂ ਸਾਨੂੰ ਸਮਝ ਪੈ ਜਾਵੇਗੀ ਕਿ ਸ਼ਾਂਤਮਈ ਤੇ ਅਸ਼ਾਂਤਮਈ ਵਿਚ ਜੋ ਭੇਦ ਸਾਹਮਣੇ ਨਜ਼ਰ ਆ ਰਿਹਾ ਹੈ ਇਹ ਬਿਲਕੁਲ ਓਪਰਾ ਜਿਹਾ ਹੀ ਹੈ। ਅਸਲ ਵਿਚ ਇਹ ਦੋ ਅੱਡਰੇ ਅਸੂਲ ਹੀ ਨਹੀਂ ਹਨ। ਜੇ ਕਰੋ ਕਿ ਕੇਵਲ ਸ਼ਾਂਤਮਈ ਅਸੂਲ ਹੀ ਧਰਮ ਅਨੁਸਾਰ ਜਾਂ ਦੁਨੀਆਂ ਦੀ ਸੇਵਾ ਲਈ ਹੈ, ਜਿਸ ਤਰ੍ਹਾਂ ਕਿ ਮਹਾਤਮਾ ਗਾਂਧੀ ਜੀ ਕਹਿ ਰਹੇ ਹਨ ਤਾਂ ਅਸੀਂ ਕਹਾਂਗੇ ਕਿ ਸਭ ਤੋਂ ਉੱਤਮ ਆਤਮਘਾਤ ਹੈ। ਸਾਡੀ ਹਸਤੀ ਹੀ ਦੂਜਿਆਂ ਜਾਨਵਰਾਂ ਲਈ ਅਸ਼ਾਂਤਮਈ ਹੈ। ਜੇਕਰ ਆਦਮੀ ਪੂਰਾ ਸ਼ਾਂਤਮਈ ਹੁੰਦਾ ਤਾਂ ਆਦਮੀ ਦੀ ਆਬਾਦੀ ਦੀ ਥਾਂ ਹਿਰਨਾਂ, ਸੂਰਾਂ ਤੇ ਹੋਰ ਜਾਨਵਰਾਂ ਦੀ ਆਬਾਦੀ ਹੁੰਦੀ। ਇਨ੍ਹਾਂ ਜਾਨਵਰਾਂ ਨੂੰ ਮਾਰ ਕੇ ਹੀ ਆਦਮੀ ਨੇ ਖੇਤੀ ਕੀਤੀ। ਜੇ ਅੱਜ ਭੀ ਇਹਨਾਂ ਜਾਨਵਰਾਂ ਨੂੰ ਨਾ ਮਾਰਿਆ ਜਾਵੇ ਤਾਂ ਥੋੜ੍ਹੇ ਚਿਰ ਵਿਚ ਹੀ ਆਦਮੀ ਦੀ ਖੁਰਾਕ ਇਹ ਜਾਨਵਰ ਖਾ ਜਾਣ। ਹੁਣ ਹੀ ਉਹਨਾਂ ਲੋਕਾਂ ਨੂੰ ਪੁੱਛੋ ਜੋ ਯੂ. ਪੀ. ਦੇ ਪਹਾੜੀ ਇਲਾਕੇ ਵਿਚ ਜ਼ਮੀਨਾਂ ਆਬਾਦ ਕਰਨ ਦਾ ਯਤਨ ਕਰ ਰਹੇ ਹਨ। ਉਥੇ ਸੂਰ ਹੀ ਲੋਕਾਂ ਨੂੰ ਆਬਾਦ ਨਹੀਂ ਹੋਣ ਦੇਂਦੇ ਤੇ ਉਨ੍ਹਾਂ ਸੂਰਾਂ ਨੂੰ ਮਾਰ ਕੇ ਮੁਕਾ ਰਹੇ ਹਨ। ਇਹ ਹਾਲ ਤਾਂ ਸਾਂਝੇ ਮਨੁੱਖੀ ਜੀਵਨ ਦਾ ਹੈ। ਹੁਣ ਹਰ ਇਕ ਆਦਮੀ ਆਪਣੇ ਜੀਵਨ ਵੱਲ ਨਜ਼ਰ ਮਾਰੇ। ਹਰ ਸਾਹ ਨਾਲ ਉਹ ਲੱਖਾਂ ਜੀਆਂ ਨੂੰ ਇਹ ਮਾਰ ਰਿਹਾ ਹੈ ਤੇ ਹਰ ਕਦਮ ਹੇਠਾਂ ਕਈ ਜੀਅ ਕੁਚਲੇ ਜਾ ਰਹੇ ਹਨ ਪਰ ਅਸੀਂ ਇਸ ਨੂੰ ਧਰਮ ਵਿਰੁੱਧ ਨਹੀਂ ਕਹਾਂਗੇ, ਕਿਉਂਕਿ ਇਹ ਕੋਈ ਗੱਲ ਭੀ ਅਸੀਂ ਵੈਰ ਭਾਵਨਾ, ਈਰਖਾ ਅਥਵਾ ਗੁੱਸੇ ਵਿਚ ਨਹੀਂ ਕਰ ਰਹੇ, ਕੁਦਰਤ ਵਿਚ ਤਾਂ ਇਹੋ ਹਾਲ ਹੈ। ਸਾਡਾ ਜੀਉਂਦਾ ਰਹਿਣਾ ਲੱਖਾਂ ਜੀਆਂ ਦਾ ਘਾਤ ਹੈ। ਇਸ ਕਰ ਕੇ ਮੁਕੰਮਲ ਸ਼ਾਂਤਮਈ ਹੋਣ ਦਾ ਤਾਂ ਇਕੋ ਹੀ ਢੰਗ ਹੈ

ਕਿ ਆਤਮਘਾਤ ਕਰ ਲਵੋ। ਦੂਜੇ ਪਾਸੇ ਜੋ ਲੋਕੀਂ ਅਸ਼ਾਂਤਮਈ ਵਿਚ ਨਿਸ਼ਚਾ ਰੱਖਦੇ ਹਨ, ਉਹ ਭੀ ਤਾਂ ਇਹ ਨਹੀਂ ਸਮਝਦੇ ਕਿ ਹਰ ਵੇਲੇ ਹਰ ਕੰਮ ਲਈ ਅਸ਼ਾਂਤੀ ਵਰਤਣੀ ਚਾਹੀਦੀ ਹੈ। ਜੇ ਇਹ ਅਸੂਲ ਮੰਨਣ ਤਾਂ ਉਹ ਜਥੇਬੰਦ ਹੀ ਨਾ ਹੋ ਸਕਣ ਤੇ ਇਕ ਦੂਜੇ ਨਾਲ ਦਲੀਲ ਕਰਨ ਜਾਂ ਡਾਂਗ ਫੜ ਲੈਣ। ਜੋ ਲੋਕੀਂ ਇਸ ਵੇਲੇ ਬੰਬ ਚਲਾ ਰਹੇ ਹਨ, ਉਹ ਆਪੋ ਵਿਚ ਇਕ ਦੂਜੇ ਵੱਲ ਤਾਂ ਸ਼ਾਂਤੀ ਹੀ ਵਰਤਦੇ ਹਨ। ਹੁਣ ਚਿੱਟਾ ਰੰਗ ਵਿਚ ਕੋਈ ਸੌ ਹਥਿਆਰਬੰਦ ਲੋਕਾਂ ਨੇ ਡਾਕਾ ਮਾਰਿਆ ਹੈ। ਨਿਸਚਾ ਰੱਖੋ ਕਿ ਸਕੀਮ ਬਣਨ ਸਮੇਂ ਕਈ ਇਸ ਦੇ ਵਿਰੁੱਧ ਹੋਣਗੇ ਤੇ ਕਈਆਂ ਨੇ ਵੱਖੋ ਵੱਖਰੇ ਢੰਗ ਦੱਸੇ ਹੋਣਗੇ। ਆਖ਼ਰ ਬਹਿਸ ਮਗਰੋਂ ਇਕ ਢੰਗ ਦਾ ਫ਼ੈਸਲਾ ਹੋਇਆ ਹੋਵੇਗਾ। ਜੇਕਰ ਇਹ ਅਸ਼ਾਂਤਮਈ ਦੇ ਦੇਵਤੇ ਆਪੋ ਵਿਚ ਸ਼ਾਂਤਮਈ ਵਿਚਾਰ ਕਰਨ ਦੀ ਥਾਂ ਡਾਂਗ ਨਾਲ ਫ਼ੈਸਲਾ ਕਰਨਾ ਚਾਹੁੰਦੇ ਤਾਂ ਉਥੇ ਹੀ ਬੱਸ ਸਨ।

ਇਸ ਕਰ ਕੇ ਅਸੀਂ ਕਹਿੰਦੇ ਹਾਂ ਕਿ ਸ਼ਾਂਤਮਈ ਤੇ ਅਸ਼ਾਂਤਮਈ ਦੇ ਢਕੌਂਸਲੇ ਹਨ ਜੋ ਡੂੰਘੀ ਵਿਚਾਰ ਨਾ ਕਰ ਸਕਣ ਵਾਲੇ ਸੱਜਣਾਂ ਨੂੰ ਸਮੇਂ-ਸਮੇਂ ਦਾ ਢੰਗ ਦੱਸਣ ਲਈ ਵਰਤੇ ਜਾਂਦੇ ਹਨ। ਨਹੀਂ ਤਾਂ ਅਸਲ ਅਸੂਲ "ਪ੍ਰੇਮ, ਪ੍ਰੇਮ, ਪ੍ਰੇਮ" ਇਸ ਤੋਂ ਪੈਦਾ ਹੋਈ ਸੇਵਾ ਹੈ। ਜੋ ਕੰਮ ਤੁਸੀਂ ਕਿਸੇ ਤਰ੍ਹਾਂ ਦੀ ਖ਼ੁਦਗਰਜ਼ੀ ਲਈ ਕਰਦੇ ਹੋ ਉਹ ਧਰਮ ਵਿਰੁੱਧ ਹੈ ਤੇ ਉਹ ਸਿੱਖੀ ਨਿਸ਼ਾਨੇ ਤੋਂ ਪਰੇ ਲੈ ਜਾਂਦਾ ਹੈ। ਇਕ ਬੁਜ਼ਦਿਲ ਦਾ ਹੱਥ ਜੋੜ ਕੇ ਆਪਣਾ ਮਤਲਬ ਕਢਣਾ ਸਖ਼ਤ ਖ਼ੁਦਗਰਜ਼ ਤੇ ਪਾਪ ਹੈ। ਦੂਜੇ ਪਾਸੇ ਦੁਨੀਆਂ ਦੇ ਭਲੇ ਲਈ ਤੇ ਦੁਨੀਆਂ ਉੱਤੇ ਉਪਕਾਰ ਕਰਨ ਲਈ ਬਿਨਾਂ ਗੁੱਸੇ ਦੇ ਕਿਸੇ ਜ਼ਾਲਮ ਜਾਂ ਪਾਪੀ ਨੂੰ ਮਾਰ ਦੇਣਾ ਧਰਮ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧ ਧਰਮ ਯੁੱਧ ਸਨ ਤੇ ਜੋ ਕੋਈ ਭੀ ਉਹਨਾਂ ਦੇ ਹੱਥੋਂ ਮਰਦਾ ਸੀ ਉਸ ਦੇ ਵਿਰੁੱਧ ਗੁਰੂ ਸਾਹਿਬ ਨੂੰ ਕੋਈ ਜ਼ਾਤੀ ਬੁਗਜ਼ ਜਾਂ ਗੁੱਸਾ ਨਹੀਂ ਸੀ। ਉਹ ਤਾਂ ਪਰਉਪਕਾਰ ਦੀ ਖ਼ਾਤਰ ਹੀ ਪਾਪੀ ਤੇ ਜ਼ਾਲਮ ਨੂੰ ਮਾਰ ਕੇ ਦੁਨੀਆਂ ਵਿੱਚੋਂ ਜ਼ੁਲਮ ਤੇ ਪਾਪ ਦੂਰ ਕਰਦੇ ਸਨ ਪਰ ਇਸ ਦਾ ਉੱਕਾ ਮਤਲਬ ਇਹ ਨਹੀਂ ਹੈ ਕਿ ਪਾਪ ਤੇ ਜ਼ੁਲਮ ਨੂੰ ਦੂਰ ਕਰਨ ਦਾ ਇਕੋ ਢੰਗ ਪਾਪੀ ਤੇ ਜ਼ਾਲਮ ਨੂੰ ਮਾਰਨਾ ਹੀ ਹੈ। ਸਗੋਂ ਗੁਰੂ ਗੋਬਿੰਦ ਸਿੰਘ ਜੀ ਆਪ ਕਿਹਾ ਹੈ, ਇਹ ਢੰਗ ਕੇਵਲ ਉਸੇ ਵੇਲੇ ਵਰਤਣਾ ਧਰਮ ਹੈ ਜਦ ਕਿ ਹੋਰ ਸਾਰੇ ਢੰਗ ਨਾਕਾਮਯਾਬ ਹੋ ਜਾਣ। ਗੁਰੂ ਸਾਹਿਬ ਨੇ ਆਪ ਪਹਿਲਾਂ ਸਾਰੇ ਯਤਨ ਕਰ ਲਏ ਸਨ ਕਿ ਕਿਸੇ ਤਰ੍ਹਾਂ ਤਲਵਾਰ ਚੁੱਕੇ ਬਿਨਾਂ ਪਾਪ ਤੇ ਜ਼ੁਲਮ ਦੂਰ ਹੋ ਜਾਵੇ।

ਇਸ ਸਮੇਂ ਉੱਤੇ ਜਦ ਅਸੀਂ ਕਹਿੰਦੇ ਹਾਂ ਕਿ ਸ਼ਾਂਤਮਈ ਅਸੂਲ ਉੱਤੇ ਕਾਇਮ ਰਹੋ ਤਾਂ ਕੇਵਲ ਇਹੋ ਹੀ ਭਾਵ ਹੁੰਦਾ ਹੈ ਕਿ ਤਲਵਾਰ ਚੁੱਕਣ ਤੋਂ ਬਿਨਾਂ ਜੋ ਸਾਰੇ ਢੰਗ ਵਰਤੇ ਜਾਣੇ ਸਨ, ਉਹ ਅਜੇ ਤਕ ਵਰਤੇ ਨਹੀਂ ਜਾ ਚੁੱਕੇ। ਉਂਜ ਸਮੇਂ ਅਨੁਸਾਰ ਸ਼ਾਂਤਮਈ ਢੰਗ ਵਿਚ ਬਦਲੀ ਕਰਨੀ ਜ਼ਰੂਰੀ ਹੈ ਤੇ ਕਿਸੇ ਇਕ ਗੱਲ ਨੂੰ ਫੜ ਕੇ ਅਸੀਂ ਉਸ ਨੂੰ ਸ਼ਾਂਤਮਈ ਨਹੀਂ ਕਹਿ ਸਕਦੇ।

ਇਸ ਵੇਲੇ ਸਾਡੇ ਹੱਥ ਵਿਚ ਬਰਾਦਰੀ ਵਿੱਚੋਂ ਬਾਈਕਾਟ ਕਰਨ ਦਾ ਹਥਿਆਰ

ਹੈ। ਜੋ ਗਾਂਧੀ ਜੀ ਖੁਲ੍ਹੇ ਤੌਰ 'ਤੇ ਵਰਤ ਰਹੇ ਹਨ। ਇਹ ਹਥਿਆਰ ਵਰਤਣਾ ਨਾ ਸੌਖਾ ਹੈ ਤੇ ਨਾ ਹੀ ਹਰ ਸਮੇਂ ਹਰ ਇਕ ਆਦਮੀ ਦੇ ਵਿਰੁੱਧ (ਜਿਸ ਦਾ ਥੋੜ੍ਹਾ ਕਸੂਰ ਭੀ ਹੋਵੇ) ਵਰਤਨਾ ਯੋਗ ਹੀ ਹੈ। ਪੰਜਾਬ ਵਿਚ ਲਹਿਰ ਅਜੇ ਜੋਬਨ ਵਿਚ ਨਹੀਂ ਹੈ। ਜਿਸ ਵੇਲੇ ਇਹ ਲਹਿਰ ਜੋਬਨ ਵਿਚ ਆਈ ਤਾਂ ਉਹਨਾਂ ਸਰਕਾਰੀ ਏਜੰਟਾਂ ਦਾ ਭੀ ਚੰਗੀ ਤਰ੍ਹਾਂ ਪਤਾ ਲੱਗ ਜਾਵੇਗਾ ਜੋ ਸਾਡੀ ਆਜ਼ਾਦੀ ਦੇ ਰਾਹ ਵਿਚ ਰੋਕ ਹਨ। ਉਸ ਵੇਲੇ ਇਹ ਹਥਿਆਰ ਸਮਝ ਸੋਚ ਕੇ ਵਰਤਨਾ ਠੀਕ ਹੋਵੇਗਾ। ਅਸੀਂ ਇਸ ਉੱਤੇ ਵਧੇਰੇ ਬਹਿਸ ਕਰਨ ਦੀ ਅਜੇ ਲੋੜ ਨਹੀਂ ਸਮਝਦੇ। ਕੇਵਲ ਇਤਨਾ ਹੀ ਕਹਿੰਦੇ ਹਾਂ ਕਿ ਹਰ ਕਿਸੇ ਆਦਮੀ ਨੂੰ ਬਾਈਕਾਟ ਕਰਨ ਲਈ ਪੰਜਾਬ ਦੀ ਕੇਂਦਰੀ ਸਤਿਆਗ੍ਰਹਿ ਕਮੇਟੀ ਦੀ ਮਨਜ਼ੂਰੀ ਜ਼ਰੂਰੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕਾਹਲ ਵਿਚ ਕਿਧਰੇ ਅਸੀਂ ਆਪੋ ਵਿਚ ਹੀ ਇਕ ਦੂਜੇ ਨੂੰ ਬਾਈਕਾਟ ਨਾ ਕਰਨ ਲੱਗ ਪਵੀਏ ਪਰ ਅਜੇ ਅਸੀਂ ਇਹੋ ਕਹਿ ਕੇ ਹੋਰ ਵਿਚਾਰ ਬੰਦ ਕਰਦੇ ਹਾਂ। ਸਮਾਂ ਆਵਣ ਉੱਤੇ ਫਿਰ ਵਿਚਾਰ ਕਰਾਂਗੇ। ਹਾਲਾਂ ਇਤਨਾ ਹੀ ਅਸੀਂ ਕਹਾਂਗੇ ਕਿ ਕਿਸੇ ਨੂੰ ਗੁੱਸੇ ਜਾਂ ਜ਼ਾਤੀ ਬੁਗਜ਼ ਵਿਚ ਬਾਈਕਾਟ ਨਾ ਕਰਨਾ। ਗੁੱਸਾ ਤੇ ਬੁਗਜ਼ੀ ਹੀ ਕਿਸੇ ਅਸੂਲ ਨੂੰ ਧਰਮ ਵਿਰੁੱਧ ਬਣਾ ਦੇਂਦੇ ਹਨ। ਜੇ ਨੀਅਤ ਸਾਫ਼ ਰੱਖੋਗੇ ਤਾਂ ਸਮੇਂ ਅਨੁਸਾਰ ਤਜਵੀਜ਼ ਠੀਕ ਸੁੱਝੇਗੀ ਤੇ ਠੀਕ ਵਿਚਾਰ ਫੁਰੇਗੀ। ਮਨ ਮੈਲਾ ਕਰਨ ਨਾਲ ਕੋਈ ਵਿਚਾਰ ਭੀ ਸਾਫ਼-ਸਾਫ਼ ਫੁਰ ਨਹੀਂ ਸਕਦੀ।

✲ ✲ ✲

ਗੁਰੂ-ਪੰਥ ਦੇ ਚਰਨਾਂ ਵਿਚ ਮੇਰੀ ਬੇਨਤੀ

ਪਿਆਰੇ ਖਾਲਸਾ ਜੀ ! ਮੈਂ ਆਪ ਦੇ ਚਰਨਾਂ ਦਾ ਸੰਨ 1908 ਤੋਂ ਇਕ ਨਿਮਾਣਾ ਕੂਕਰ ਰਹਿ ਰਿਹਾ ਹਾਂ । ਪਹਿਲੇ ਬਾਰਾਂ ਸਾਲ ਦਾਸ ਤੋਂ ਗੁਰੂ ਪੰਥ ਵਿਦਿਅਕ ਕੰਮਾਂ ਵਿਚ ਸੇਵਾ ਲੈਂਦਾ ਰਿਹਾ ਹੈ। ਗੁਰੂ ਨੇ ਖਾਲਸਾ ਹਾਈ ਸਕੂਲ ਲਾਇਲਪੁਰ, ਖਾਲਸਾ ਹਾਈ ਸਕੂਲ ਚੱਕ ਨੰ: 41 ਤੇ ਖਾਲਸਾ ਹਾਈ ਸਕੂਲ ਕਲਰ ਵਿਚ ਮੈਥੋਂ ਥੋੜ੍ਹੀ ਬਹੁਤੀ ਸੇਵਾ ਲਈ ਹੈ ।

ਸੰਨ 1920 ਵਿਚ ਜਦ ਗੁ: ਲਹਿਰ ਚੱਲੀ ਤਾਂ ਇਸ ਵਿਚ ਦਾਸ ਨੇ ਆਪਣੀ ਤੁਛ ਬੁੱਧੀ ਅਨੁਸਾਰ ਸੇਵਾ ਕਰਨ ਦਾ ਯਤਨ ਕੀਤਾ। ਇਹ ਪਤਾ ਨਹੀਂ ਕਿ ਵਾਹਿਗੁਰੂ ਦੇ ਦਰ ਇਹ ਪ੍ਰਵਾਨ ਹੋਈ ਹੈ ਕਿ ਨਹੀਂ। ਦਸ ਸਾਲ ਗੁਰਦੁਆਰਾ ਲਹਿਰ ਵਿਚ ਸੇਵਾ ਕਰਨ ਦੇ ਪਿੱਛੋਂ ਮੈਨੂੰ ਇਹ ਪ੍ਰਤੀਤ ਹੋ ਰਿਹਾ ਹੈ ਕਿ ਮੇਰੀ ਬਾਬਤ ਗ਼ਲਤੀ ਜਾਂ ਦਰੁਸਤੀ ਨਾਲ ਕਈ ਸੱਜਣ ਇਹ ਖ਼ਿਆਲ ਕਰ ਰਹੇ ਹਨ ਕਿ ਮੇਰੇ ਅਗਾਹਾਂ ਕੰਮ ਕਰਨ ਨਾਲ ਪੰਥ ਵਿਚ ਧੜੇਬੰਦੀ ਵੱਧ ਰਹੀ ਹੈ। ਇਹ ਤਾਂ ਗੁਰੂ ਹੀ ਜਾਣਦਾ ਹੈ ਕਿ ਇਸ ਧੜੇਬੰਦੀ ਵਿਚ ਮੇਰਾ ਕਿਤਨਾ ਕੁ ਹਿੱਸਾ ਹੈ, ਪਰ ਮੈਂ ਆਪਣੇ ਵੱਲੋਂ ਧੜੇਬੰਦੀ ਨੂੰ ਦੂਰ ਕਰਨ ਦੀ ਕੋਈ ਕਸਰ ਨਹੀਂ ਛੱਡੀ ।

ਕੁਝ ਚਿਰ ਤੋਂ ਮੈਂ ਇਹ ਸੋਚ ਰਿਹਾ ਸੀ ਕਿ ਇਸ ਸੇਵਾ ਤੋਂ ਛੁੱਟੀ ਮੰਗਾਂ, ਪਰ ਜਿਨ੍ਹਾਂ ਖ਼ਿਆਲਾਂ ਦਾ ਮੈਂ ਪ੍ਰਚਾਰ ਕਰਦਾ ਰਿਹਾ ਹਾਂ ਇਹਨਾਂ ਬਾਬਤ ਇਹ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਸੀ ਕਿ ਪੰਥ ਇਹਨਾਂ ਖ਼ਿਆਲਾਂ ਦੀ ਪੁਸ਼ਟੀ ਨਹੀਂ ਕਰਦਾ। ਇਸ ਲਈ ਮੈਨੂੰ ਇਹ ਫ਼ੈਸਲਾ ਕਰਨਾ ਪਿਆ ਕਿ ਨਵੀਂ ਚੁਣੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਦੁਆਰਾ ਇਹ ਦੇਖਾਂ ਕਿ ਪੰਥ ਦੀ ਕੀ ਰਾਇ ਹੈ । ਹੁਣ ਜਦ ਪੰਥ ਨੇ ਨਵੀਂ ਕਮੇਟੀ ਵਿਚ ਬਹੁਤ ਭਾਰੀ ਬਹੁਸੰਮਤੀ ਨਾਲ ਮੈਨੂੰ ਮੀਟਿੰਗ ਦਾ ਪ੍ਰਧਾਨ ਚੁਣ ਕੇ ਇਹ ਪ੍ਰਗਟ ਕਰ ਦਿੱਤਾ ਹੈ ਕਿ ਪੰਥ ਦਾ ਮੇਰੇ ਉੱਤੇ ਇਤਬਾਰ ਹੈ । ਇਸ ਲਈ ਹੁਣ ਮੈਂ ਬੜੀ ਤਸੱਲੀ ਨਾਲ ਆਪਣੇ ਫ਼ੈਸਲੇ ਨੂੰ ਵਰਤੋਂ ਵਿਚ ਲਿਆ ਸਕਦਾ ਹਾਂ। ਇਹ ਮੇਰੇ ਵਸ ਹੈ। ਮੈਂ ਗੁਰੂ ਪੰਥ ਤੋਂ ਖਿਮਾ ਮੰਗਦਾ ਹੋਇਆ ਸ਼੍ਰੋ: ਗੁ: ਪ੍ਰ: ਕਮੇਟੀ ਦੀ ਮੈਂਬਰੀ ਤੇ ਮੀਤ ਪ੍ਰਧਾਨ ਤੋਂ ਅੱਜ ਤੋਂ ਅਸਤੀਫ਼ਾ ਦੇਂਦਾ ਹਾਂ। ਦਿਲ ਵਿਚ ਇਹੋ ਖਾਹਿਸ਼ ਹੈ ਕਿ ਪੰਥ ਵਿਚ ਇਤਫ਼ਾਕ ਤੇ ਪ੍ਰੇਮ ਵਧੇ ਅਤੇ ਜਿਸ ਪਵਿੱਤਰ ਆਦਰਸ਼ ਲਈ ਪੰਥ ਨੇ ਇਤਨੀਆਂ ਕੁਰਬਾਨੀਆਂ ਕੀਤੀਆਂ ਹਨ, ਉਸ ਨੂੰ ਸਫਲਤਾ ਪ੍ਰਾਪਤ ਹੋਵੇ । ਮੈਨੂੰ ਇਹ ਮੰਨਣ ਵਿਚ ਕੋਈ ਸੰਕੋਚ ਨਹੀਂ ਹੈ ਕਿ ਮੈਂ ਧੜੇਬੰਦੀ ਨੂੰ ਦੂਰ ਕਰਨ ਵਿਚ ਕਾਮਯਾਬ ਨਹੀਂ ਹੋਇਆ। ਹੁਣ ਮੇਰੀ ਇਹੋ ਇੱਛਾ ਤੇ ਵਾਹਿਗੁਰੂ ਪਾਸ

ਪ੍ਰਾਰਥਨਾ ਹੈ ਕਿ ਜਿਥੇ ਮੈਂ ਨਾਕਾਮਯਾਬ ਰਿਹਾ ਹਾਂ ਉਥੇ ਮੇਰੇ ਹੋਰ ਖੁਸ਼-ਨਸੀਬ ਭਰਾ ਕਾਮਯਾਬ ਹੋਣ। ਜੇ ਮੈਂ ਇਤਫ਼ਾਕ ਦੇ ਰਸਤੇ ਵਿਚ ਰੋੜਾ ਰਿਹਾ ਹਾਂ ਤੇ ਮੈਂ ਆਪਣੇ ਆਪ ਨੂੰ ਪਿਛਾਂਹ ਸੁੱਟ ਕੇ ਰੋੜਾ ਹਟਾ ਸਕਦਾ ਹਾਂ। ਖਾਲਸਾ ਜੀ ਮੇਰੀਆਂ ਗਲਤੀਆਂ ਤੇ ਕਮਜ਼ੋਰੀਆਂ 'ਤੇ ਪਰਦਾ ਪਾਉਣਾ, ਇਹ ਆਪ ਜੀ ਦਾ ਬ੍ਰਿਧ ਹੈ ਅਤੇ ਮੇਰੇ ਲਈ ਅਕਾਲ ਪੁਰਖ ਦੀ ਦਰਗਾਹ ਵਿਚ ਅਰਦਾਸ ਕਰਨੀ ਕਿ ਉਹ ਮੈਨੂੰ ਸਮਰਥਾ ਬਖ਼ਸ਼ਣ ਕਿ ਮੈਂ ਗੁਰੂ ਪੰਥ ਅਤੇ ਦੇਸ਼ ਦੀ ਯਥਾ ਸ਼ਕਤੀ ਸੇਵਾ ਕਰ ਸਕਾਂ।

✲ ✲ ✲

ਮੈਂ ਪਿਸ਼ਾਵਰ ਵਿਚ ਅਕਾਲੀ ਜਥਾ ਭੇਜਣਾ ਕਿਉਂ ਯੋਗ ਸਮਝਿਆ

ਪਿਸ਼ਾਵਰ ਸਤਿਆਗ੍ਰਹਿ ਦੀ ਹੋ ਰਹੀ ਕਾਮਯਾਬੀ ਪੁਰ ਇਕ ਹਿੰਦੁਸਤਾਨੀ ਨੂੰ ਫ਼ਖ਼ਰ ਹੋਣਾ ਲਾਜ਼ਮੀ ਹੈ। ਮੈਂ ਜਦੋਂ ਇਹ ਸੁਣਿਆ ਕਿ ਪਠਾਣ ਲੋਕਾਂ ਨੇ ਬਿਲਕੁਲ ਸ਼ਾਂਤਮਈ ਰਹਿ ਕੇ ਗੋਲੀਆਂ ਖਾਧੀਆਂ ਹਨ ਤਾਂ ਮੈਨੂੰ ਬਹੁਤ ਖੁਸ਼ੀ ਹੋਈ। ਇਹ ਨਿਸ਼ਾਨੀਆਂ ਸ਼ਾਂਤਮਈ ਸਤਿਆਗ੍ਰਹਿ ਦੀ ਕਾਮਯਾਬੀ ਦੀਆਂ ਹਨ। ਕੁਦਰਤੀ ਤੌਰ ਪੁਰ ਮੇਰੇ ਅੰਦਰ ਬਹਾਦਰ ਪਠਾਣਾਂ ਲਈ ਪਿਆਰ ਪੈਦਾ ਹੋਇਆ, ਪ੍ਰੰਤੂ ਮੈਨੂੰ ਇਹ ਖ਼ਿਆਲ ਪੈਦਾ ਨਾ ਹੋਇਆ ਕਿ ਮੈਨੂੰ ਝੱਟਪਟ ਅਕਾਲੀ ਜਥਾ ਲੈ ਕੇ ਪਠਾਣਾਂ ਦੀ ਹਮਦਰਦੀ ਤੇ ਸਹਾਇਤਾ ਲਈ ਪਿਸ਼ਾਵਰ ਪਹੁੰਚਣਾ ਚਾਹੀਦਾ ਹੈ।

ਦੂਜੀ ਮੈਨੂੰ ਤੇ ਮੇਰੇ ਸਾਥੀਆਂ ਨੂੰ ਇਹ ਚਿੰਤਾ ਸੀ ਕਿ ਅੰਮ੍ਰਿਤਸਰ ਦੇ ਲੂਣ ਦੇ ਸਤਿਆਗ੍ਰਹਿ ਵਿਚ ਕੋਈ ਗ੍ਰਿਫ਼ਤਾਰੀ ਨਹੀਂ ਹੋ ਰਹੀ ਤੇ ਇਸ ਕਰ ਕੇ ਲੋਕਾਂ ਦੀ ਦਿਲਚਸਪੀ ਘੱਟ ਹੋ ਰਹੀ ਹੈ। ਅਸੀਂ ਇਹ ਸੋਚ ਹੀ ਰਹੇ ਸੀ ਕਿ ਕੋਈ ਅਜੇਹਾ ਢੰਗ ਕੀਤਾ ਜਾਵੇ, ਜਿਸ ਕਰ ਕੇ ਗਵਰਨਮੈਂਟ ਨਾਲ ਸਿੱਧੀ ਟੱਕਰ ਵੱਜੇ। ਇਸ ਅਰਸੇ ਵਿਚ ਕੁਝ ਸਿੱਖ ਮਿੱਤਰਾਂ ਨੇ ਆਪੋ ਵਿਚ ਸਲਾਹ ਕੀਤੀ ਕਿ ਅਜੇ ਤਕ ਇਸ ਲਹਿਰ ਦਾ ਅਸਰ ਪਿੰਡਾਂ ਵਿਚ ਚੰਗੀ ਤਰ੍ਹਾਂ ਨਹੀਂ ਪਹੁੰਚਿਆ ਹੈ ਤੇ ਅਕਾਲੀ ਭੀ ਕੋਈ ਖ਼ਾਸ ਹਿੱਸਾ ਇਸ ਲਹਿਰ ਵਿਚ ਨਹੀਂ ਲੈ ਰਹੇ ਤੇ ਇਹ ਜ਼ਰੂਰੀ ਹੈ ਕਿ ਅਕਾਲੀਆਂ ਵਿਚ ਜੋਸ਼ ਪੈਦਾ ਕੀਤਾ ਜਾਵੇ। ਇਸ ਕਰ ਕੇ ਆਪਸ ਵਿਚ ਇਹ ਸਲਾਹ ਠਹਿਰੀ ਕਿ ਇਕ ਅਕਾਲੀ ਜਥਾ ਲੈ ਕੇ ਲੂਣ ਦੇ ਪਹਾੜ ਪੁਰ ਧਾਵਾ ਬੋਲਾਂ ਤੇ ਅਜੇਹੇ ਪੱਕੇ ਇਰਾਦੇ ਨਾਲ ਜਾਵਾਂ ਕਿ ਜਾਂ ਤਾਂ ਲੂਣ ਦਾ ਇਹ ਮੋਰਚਾ ਭੀ ਸਰ ਹੋ ਜਾਵੇ ਤੇ ਗਵਰਨਮੈਂਟ ਸਾਨੂੰ ਗ੍ਰਿਫ਼ਤਾਰ ਕਰਨ ਪੁਰ ਮਜ਼ਬੂਰ ਹੋਵੇ। ਇਹ ਸੀ ਫ਼ੈਸਲਾ ਮੇਰੇ ਸਿੱਖ ਮਿੱਤਰਾਂ ਦਾ।

ਜਦੋਂ ਇਹ ਫ਼ੈਸਲਾ ਡਾ: ਕਿਚਲੂ ਜੀ ਨੂੰ ਮੈਂ ਸੁਣਾਇਆ ਤਾਂ ਉਹਨਾਂ ਨੇ ਇਹ ਪਸੰਦ ਕੀਤਾ ਕਿ ਪਹਿਲਾਂ ਧਾਵਾ ਅਕਾਲੀ ਜਥਾ ਹੀ ਕਰੇ ਕਿਉਂਕਿ ਇਸ ਨਾਲ ਅਕਾਲੀਆਂ ਵਿਚ ਜੋਸ਼ ਪੈਦਾ ਹੋਵੇਗਾ। ਨਾਲ ਹੀ ਇਕ ਲਾਭ ਇਹ ਭੀ ਹੈ ਕਿ ਅਕਾਲੀ ਤਜ਼ਰਬਾਕਾਰ ਹਨ ਤੇ ਵਧੇਰੀਆਂ ਮੁਸੀਬਤਾਂ ਸਹਾਰ ਸਕਦੇ ਹਨ। ਲੂਣ ਦੇ ਪਹਾੜ ਦੇ ਇਲਾਕੇ ਵਿਚ ਰੋਟੀ ਪਾਣੀ ਦੀ ਤਕਲੀਫ਼ ਹੋਵੇਗੀ। ਇਸ ਵਾਸਤੇ ਪਹਿਲੀ ਵੇਰਾਂ ਕੇਵਲ ਅਕਾਲੀਆਂ ਦਾ ਜਾਣਾ ਠੀਕ ਹੈ ਪਰੰਤੂ ਡਾਕਟਰ ਸਾਹਿਬ ਨੇ ਫ਼ੁਰਮਾਇਆ ਕਿ ਇਸ ਤੋਂ ਚੰਗਾ ਇਹ ਹੈ ਕਿ ਅਕਾਲੀ ਜਥਾ ਪਿਸ਼ਾਵਰ ਵਿਚ

ਜਾਵੇ। ਇਹ ਸੁਣਦਿਆਂ ਹੀ ਮੈਂ ਝੱਟ ਇਸ ਨੂੰ ਪਸੰਦ ਕੀਤਾ। ਪਿੱਛੋਂ ਸੋਚਣ ਨਾਲ ਇਸ ਦੇ ਬਹੁਤ ਸਾਰੇ ਲਾਭ ਦਿਸੇ, ਜਿਸ ਦੇ ਕਾਰਨ ਇਹ ਫ਼ੈਸਲਾ ਮੁਕੰਮਲ ਕਰ ਕੇ ਐਲਾਨ ਕਰ ਦਿੱਤਾ ਗਿਆ। ਇਸ ਫ਼ੈਸਲੇ ਦੇ ਹੇਠਾਂ ਲਿਖੇ ਲਾਭ ਹਨ :-

(1) ਸਿੱਖਾਂ ਤੇ ਪਠਾਣਾਂ ਦੀ ਪੁਰਾਣੀ ਦੁਸ਼ਮਣੀ ਹੈ, ਕਿਉਂਕਿ ਸਿੱਖਾਂ ਨੇ ਪਠਾਣ ਇਲਾਕਾ ਫ਼ਤਹਿ ਕੀਤਾ ਸੀ ਤੇ ਉਸ ਇਲਾਕੇ ਵਿਚ ਸਦਾ ਹੀ ਸਿੱਖਾਂ ਤੇ ਪਠਾਣਾਂ ਦੇ ਵਿਚਕਾਰੇ ਤਲਵਾਰ ਚਲਦੀ ਰਹੀ ਸੀ। ਇਹ ਦੋ ਬਹਾਦਰ ਕੌਮਾਂ ਹਨ ਪਰੰਤੂ ਇਸ ਤਰ੍ਹਾਂ ਇਤਿਹਾਸਕ ਦੁਸ਼ਮਣੀ, ਉਹਨਾਂ ਦੇ ਇਤਫ਼ਾਕ ਦੇ ਰਾਹ ਵਿਚ ਅੜਿੱਕਾ ਸੀ। ਇਹ ਦੁਸ਼ਮਣੀ ਆਪ ਵਿਚ ਇਕ ਦੂਸਰੇ ਦਾ ਖ਼ੂਨ ਵਹਾਉਣ ਨਾਲ ਪੈਦਾ ਹੋਈ ਸੀ ਤੇ ਹੁਣ ਇਕ ਦੂਸਰੇ ਦੀ ਖਾਤਰ ਖ਼ੂਨ ਬਹਾਉਣ ਨਾਲ ਹੀ ਦੂਰ ਹੋ ਸਕਦੀ ਹੈ। ਇਸ ਦਾ ਦੂਰ ਕਰਨਾ ਸਵਰਾਜ ਤੇ ਆਜ਼ਾਦੀ ਲਈ ਜ਼ਰੂਰੀ ਹੈ। ਇਹ ਮੌਕਾ ਸਾਡੇ ਹੱਥ ਆਇਆ ਹੈ ਤੇ ਅਸੀਂ ਇਸ ਪੁਰਾਣੀ ਦੁਸ਼ਮਣੀ ਨੂੰ ਦੂਰ ਕਰਨ ਦਾ ਪਹਿਲਾ ਕਦਮ ਉਠਾਉਣ ਲੱਗੇ ਹਾਂ। ਇਸ ਦਾ ਜ਼ਰੂਰੀ ਸਿੱਟਾ ਹੈ ਕਿ ਬਹਾਦਰ ਪਠਾਣਾਂ ਦੇ ਦਿਲਾਂ ਪੁਰ ਅਸਰ ਪਵੇ ਅਰ ਸਿੱਖਾਂ ਤੇ ਪਠਾਣਾਂ ਦੀ ਦੁਸ਼ਮਣੀ ਦੂਰ ਹੋ ਜਾਵੇ। ਇਸ ਦਾ ਅਸਰ ਬਾਕੀ ਮੁਸਲਮਾਨਾਂ ਪੁਰ ਭੀ ਪਵੇਗਾ ਤੇ ਹਿੰਦੁਸਤਾਨ ਵਿਚ ਫ਼ਿਰਕੇਦਾਰੀ ਪੁਰ ਇਹ ਇਕ ਭਾਰੀ ਸੱਟ ਸਾਬਤ ਹੋ ਸਕਦੀ ਹੈ।

(2) ਦੂਜਾ ਲਾਭ ਇਹ ਹੈ ਕਿ ਲੂਣ ਦੇ ਮੋਰਚੇ ਵਿਚ ਕਈ ਤਰ੍ਹਾਂ ਦੀਆਂ ਔਕੜਾਂ ਪੇਸ਼ ਆ ਰਹੀਆਂ ਸਨ। ਇਕ ਤਕਲੀਫ਼ ਤਾਂ ਇਹ ਸੀ ਕਿ ਉਸ ਇਲਾਕੇ ਦੇ ਲੋਕਾਂ ਵਿਚ ਜਾਗਰਤ ਬਹੁਤ ਘੱਟ ਹੈ। ਪਿਸ਼ਾਵਰ ਨੇ ਇਤਨੀ ਜਾਗਰਤ ਪ੍ਰਗਟ ਕੀਤੀ ਹੈ ਕਿ ਹੁਣ ਇਹ ਫ਼ਿਕਰ ਨਹੀਂ ਰਿਹਾ ਕਿ ਇਸ ਜਥੇ ਦੀ ਸਹਾਇਤਾ ਜਾਂ ਹਮਦਰਦੀ ਉੱਥੇ ਨਾ ਹੋਵੇ।

(3) ਤੀਸਰਾ ਕਾਰਨ ਇਹ ਹੈ ਕਿ ਮੈਂ ਹਰਗਿਜ਼ ਨਹੀਂ ਮੰਨ ਸਕਦਾ ਕਿ ਹਿੰਦੁਸਤਾਨ ਵਿਚ ਕੋਈ ਸ਼ਹਿਰ ਜਾਂ ਇਲਾਕਾ ਆਜ਼ਾਦੀ ਦਾ ਟਾਪੂ ਬਣ ਸਕਦਾ ਹੈ। ਪਿਸ਼ਾਵਰ ਨੇ ਜੋ ਆਜ਼ਾਦੀ ਪ੍ਰਾਪਤ ਕੀਤੀ ਹੈ ਉਹ ਕੇਵਲ ਪਿਸ਼ਾਵਰ ਵਿਚ ਕਾਇਮ ਰਹਿਣੀ ਅਸੰਭਵ ਹੈ ਜਾਂ ਤਾਂ ਇਹ ਆਜ਼ਾਦੀ ਵਧ ਕੇ ਸਾਰੇ ਹਿੰਦੁਸਤਾਨ ਵਿਚ ਫੈਲ ਜਾਵੇਗੀ ਜਾਂ ਪਿਸ਼ਾਵਰ ਤੋਂ ਭੀ ਦੂਰ ਹੋ ਜਾਵੇਗੀ ਨੌਕਰਸ਼ਾਹੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ ਤੇ ਉਹ ਪਿਸ਼ਾਵਰ ਵਿਚ ਆਜ਼ਾਦੀ ਦੀ ਰੂਹ ਦਾ ਖੁਰਾ-ਖੋਜ ਮਿਟਾਣ ਦਾ ਹਰ ਸੰਭਵ ਯਤਨ ਕਰੇਗੀ। ਅਜੇਹੇ ਮੌਕੇ ਪੁਰ ਸਾਨੂੰ ਭੀ ਸਾਰੀ ਤਾਕਤ ਪਿਸ਼ਾਵਰ ਦੇ ਮੋਰਚੇ ਪੁਰ ਖਰਚ ਕਰਨੀ ਚਾਹੀਦੀ ਹੈ। ਜਿਥੇ ਸਾਨੂੰ ਕੁਝ ਫ਼ਤਹਿ ਨਸੀਬ ਹੋਈ ਹੈ, ਸਾਨੂੰ ਉਸ ਫ਼ਤਹਿ ਨੂੰ ਅਗਾਹਾਂ ਵਧਾਉਣ ਪੁਰ ਜ਼ੋਰ ਲਾ ਦੇਣਾ ਚਾਹੀਦਾ ਹੈ। ਇਹ ਸਮਾਂ ਹੈ ਕਿ ਸਾਨੂੰ ਝੱਟਪਟ ਪਿਸ਼ਾਵਰੀਆਂ ਦੀ ਸਹਾਇਤਾ ਇਸ ਸ਼ਾਂਤਮਈ ਜੰਗ ਵਿਚ ਕਰਨੀ ਚਾਹੀਦੀ ਹੈ।

ਇਹ ਤਿੰਨੇ ਵੱਡੇ ਸਬੱਬ ਹਨ ਜਿਨ੍ਹਾਂ ਦੇ ਕਾਰਨ ਮੈਂ ਦੂਸਰੇ ਮਿੱਤਰਾਂ ਨਾਲ ਸਲਾਹ

ਕਰ ਕੇ ਫ਼ੈਸਲਾ ਕੀਤਾ ਕਿ ਇਕ ਅਕਾਲੀ ਜਥਾ ਲੈ ਕੇ ਪਿਸ਼ਾਵਰ ਪਹੁੰਚਾਂ। ਇਸ ਦੇ ਪਿੱਛੋਂ ਕੀ ਹੋਵੇਗਾ ? ਇਸ ਵੇਲੇ ਲਿਖਣ ਦੀ ਲੋੜ ਨਹੀਂ; ਪਰੰਤੂ ਮੈਨੂੰ ਯਕੀਨ ਹੈ ਕਿ ਜੇ ਇਹ ਮੋਰਚਾ ਗਰਮ ਹੋ ਗਿਆ ਤਾਂ ਸਾਰੇ ਹਿੰਦੁਸਤਾਨ ਦੀ ਆਜ਼ਾਦੀ ਦਾ ਮੋਰਚਾ ਬਣ ਸਕਦਾ ਹੈ। ਕੇਵਲ ਲੋੜ ਇਸ ਗੱਲ ਦੀ ਹੈ ਕਿ ਸ਼ਾਂਤਮਈ ਨੂੰ ਨਾ ਹੱਥੋਂ ਜਾਣ ਦਿੱਤਾ ਜਾਵੇ।

✲ ✲ ✲

ਪਹਿਲੇ ਸਰਹੱਦੀ ਜਥੇ ਦੇ ਰਾਹ ਵਿਚ ਰੋਕਾਂ

ਮੈਨੂੰ ਕਈ ਸੱਜਣਾਂ ਮਿੱਤਰਾਂ ਦੀਆਂ ਚਿੱਠੀਆਂ ਪੁੱਜੀਆਂ ਹਨ। ਕਈ ਪਸ਼ੌਰ ਜਥਾ ਲੈ ਜਾਣ ਨੂੰ ਬਹੁਤ ਪਸੰਦ ਕਰਦੇ ਹਨ ਤੇ ਵਧਾਈ ਦੇਂਦੇ ਹਨ ਪਰ ਕਈ ਜਥਾ ਲੈ ਜਾਣ ਦੇ ਖ਼ਿਆਲ ਨੂੰ ਤਾਂ ਪਸੰਦ ਕਰਦੇ ਹਨ, ਪਰ ਕਈ ਤਰ੍ਹਾਂ ਦੀਆਂ ਰੋਕਾਂ ਦਾ ਡਰ ਰੱਖਦੇ ਹਨ। ਕਈ ਇਹ ਭੀ ਖ਼ਿਆਲ ਕਰਦੇ ਹਨ ਕਿ ਪਸ਼ੌਰ ਜਾਣ ਵਿਚ ਕੋਈ ਸਾਨੂੰ ਰੋਕ ਨਹੀਂ ਪਏਗੀ ਤੇ ਸਾਨੂੰ ਉੱਥੇ ਫਿਰ ਤੁਰ ਕੇ ਹੀ ਮੁੜ ਆਵਣਾ ਪਵੇਗਾ ਇਸ ਲਈ ਮੈਂ ਆਪਣੇ ਖ਼ਿਆਲ ਪ੍ਰਗਟ ਕਰ ਦੇਣਾ ਜ਼ਰੂਰੀ ਸਮਝਦਾ ਹਾਂ :-

1. ਸਭ ਤੋਂ ਪਹਿਲੀ ਗੱਲ ਇਹ ਚੇਤੇ ਰੱਖੋ ਕਿ ਮੈਂ ਜਦ ਇਹ ਜਥਾ ਲੈ ਜਾ ਰਿਹਾ ਹਾਂ ਤਾਂ ਸੈਰ ਕਰਨ ਨਹੀਂ ਜਾ ਰਿਹਾ। ਮੈਂ ਇਹ ਪੱਕਾ ਇਰਾਦਾ ਕਰ ਕੇ ਜਾ ਰਿਹਾ ਹਾਂ ਕਿ ਇਸ ਸ਼ਾਂਤਮਈ ਜੰਗ ਵਿਚ ਅੱਗੇ ਹੋ ਕੇ ਝੂਲਾਂ। ਭਾਵੇਂ ਕੋਈ ਕਿਤਨੀ ਵੱਡੀ ਤਕਲੀਫ਼ ਆਵੇ। ਇਹ ਜਥਾ ਉਸ ਦਾ ਮੁਕਾਬਲਾ ਕਰੇਗਾ। ਇਹ ਖ਼ਿਆਲ ਠੀਕ ਨਹੀਂ ਕਿ ਸਾਨੂੰ ਪਸ਼ੌਰ ਜਾ ਕੇ ਕਿਸੇ ਸਤਿਆਗ੍ਰਹਿ ਵਿਚ ਸ਼ਾਮਲ ਹੋਣ ਦਾ ਮੌਕਾ ਨੌਕਰਸ਼ਾਹੀ ਹੀ ਨਹੀਂ ਦੇਵੇਗੀ। ਹੁਣ ਹੀ ਜਲਸੇ ਰੋਕੂ ਕਾਨੂੰਨ ਪਸ਼ੌਰ ਵਿਚ ਜਾਰੀ ਹੋ ਗਿਆ ਹੈ। ਇਸ ਕਾਨੂੰਨ ਦਾ ਜਾਰੀ ਹੋਣਾ ਤਾਂ ਸਤਿਆਗ੍ਰਹਿਆਂ ਲਈ ਸਮਝੋ ਚਾਂਦੀ ਹੋ ਗਈ। ਇਸ ਦਾ ਤੜਨਾ ਬਹੁਤ ਸੌਖਾ ਤੇ ਲਾਭਦਾਇਕ ਹੈ। ਥਾਂ-ਥਾਂ ਤੇ ਪਿੰਡ-ਪਿੰਡ ਵਿਚ ਜਲਸੇ ਹੋ ਕੇ ਨੌਕਰਸ਼ਾਹੀ ਦੀ ਭੰਡੀ ਪਿੱਟੀ ਜਾਵੇਗੀ। ਇਸ ਕਾਨੂੰਨ ਦਾ ਅਸਾਂ ਜ਼ਰੂਰ ਮੁਕਾਬਲਾ ਕਰਨਾ ਹੈ। ਜੋ ਪਸ਼ੌਰੀਆਂ ਨੇ ਸਾਡੇ ਪੁੱਜਣ ਤੋਂ ਪਹਿਲਾਂ ਹੀ ਇਸ ਦਾ ਰਸਤਾ ਨਾ ਵੱਢ ਦਿੱਤਾ ਤਾਂ ਅਸਾਂ ਤਾਂ ਜਾਂਦਿਆਂ ਹੀ ਇਸੇ ਕਾਨੂੰਨ ਉੱਤੇ ਹਮਲਾ ਬੋਲ ਦੇਣਾ ਹੈ।

2. ਕਈ ਸੱਜਣ ਕਹਿੰਦੇ ਹਨ ਕਿ ਜਥੇ ਨੂੰ ਅੰਮ੍ਰਿਤਸਰ ਤੋਂ ਟੁਰਨ ਨਹੀਂ ਦਿੱਤਾ ਜਾਵੇਗਾ। ਇਹ ਤਾਂ ਸਗੋਂ ਹੋਰ ਮੌਜ ਬਣ ਜਾਵੇਗੀ। ਜੇ ਇਥੇ ਹੀ ਮੋਰਚਾ ਲੱਗ ਜਾਵੇ ਤਾਂ ਅਸੀਂ ਪਸ਼ੌਰ ਜਾ ਕੇ ਕੀ ਲੈਣਾ ਹੈ। ਬਸ ਸ਼ਾਂਤਮਈ ਜੰਗ ਦਾ ਮੈਦਾਨ ਇਥੇ ਹੀ ਗਰਮ ਹੋ ਜਾਵੇਗਾ।

3. ਕਈ ਸੱਜਣ ਕਹਿੰਦੇ ਹਨ ਕਿ ਪਿਸ਼ਾਵਰੀਆਂ ਨੇ ਸ਼ਾਂਤਮਈ ਨਹੀਂ ਰਹਿਣਾ ਤੇ ਸਾਡਾ ਸਤਿਆਗ੍ਰਹਿ ਉਥੇ ਨਹੀਂ ਚੱਲ ਸਕੇਗਾ। ਮੈਂ ਇਸ ਗੱਲ ਉੱਤੇ ਬਿਲਕੁਲ ਭਰੋਸਾ ਨਹੀਂ ਕਰਦਾ। ਇਹੋ ਗੱਲ ਸਿੱਖਾਂ ਬਾਬਤ ਕਹੀ ਜਾਂਦੀ ਸੀ। ਇਕ ਸੱਜਣ ਨੇ ਤਾਂ ਸਿੱਖਾਂ ਨੂੰ ਸੁੱਕਾ ਬਾਰੂਦ ਕਿਹਾ ਸੀ। ਹੁਣ ਜਦ ਸਿੱਖਾਂ ਨੇ ਆਪਣੀ ਸ਼ਾਂਤਮਈ ਦਾ ਦੁਨੀਆਂ ਨੂੰ ਨਿਸ਼ਚਾ ਕਰਾ ਦਿੱਤਾ ਹੈ ਤਾਂ ਇਹੋ ਗੱਲ ਪਠਾਣਾਂ ਬਾਬਤ ਕਹੀ

ਜਾਂਦੀ ਹੈ। ਮੈਂ ਪਠਾਣਾਂ ਨੂੰ ਇਕ ਬਹਾਦਰ ਕੌਮ ਸਮਝਦਾ ਹਾਂ। ਇਸ ਗੱਲ ਵਿਚ ਨਿਸ਼ਚਾ ਰੱਖਦਾ ਹਾਂ ਕਿ ਸ਼ਾਂਤ ਰਹਿ ਕੇ ਗੋਲੀਆਂ ਖਾਣੀਆਂ ਤੇ ਹੋਰ ਸਖ਼ਤੀ ਸਹਾਰਨੀ ਬਹਾਦਰਾਂ ਦਾ ਹੀ ਕੰਮ ਹੈ। ਮੈਂ ਇਸ ਨਿਸਚੇ ਵਿਚ ਚਲਿਆਂ ਹਾਂ ਕਿ ਪਠਾਣ ਸ਼ਾਂਤਮਈ ਰਹਿ ਕੇ ਪਿਛਲੇ ਸਾਕੇ ਵਾਂਗੂੰ ਹੀ ਗੋਲੀਆਂ ਖਾਣ ਨੂੰ ਤਿਆਰ ਬੈਠੇ ਹਨ।

4. ਇਕ ਸੱਜਣ ਜੀ ਲਿਖਦੇ ਹਨ ਕਿ ਸਰਕਾਰ ਅਟਕ ਦਾ ਪੁਲ ਰੋਕ ਲਵੇਗੀ ਤੇ ਸਾਡੇ ਸਾਹਮਣੇ ਆਦਮੀਆਂ ਦੀ ਕੰਧ ਬਣਾਵੇਗੀ ਜਾਂ ਲੋਹੇ ਦਾ ਅਜੇਹਾ ਜੰਗਲਾ ਬਣਾ ਦੇਵੇਗੀ, ਜਿਸ ਵਿੱਚੋਂ ਅਸੀਂ ਲੰਘ ਨਹੀਂ ਸਕਾਂਗੇ। ਇਹ ਵੱਡੀ ਰੋਕ ਸਾਡੇ ਸਾਹਮਣੇ ਆ ਸਕਦੀ ਹੈ ਪਰ ਇਹ ਭੀ ਅਜੇਹੀ ਰੋਕ ਨਹੀਂ ਹੈ, ਜਿਸ ਨੂੰ ਹਟਾਣ ਦਾ ਕੋਈ ਰਾਹ ਨਾ ਨਿਕਲੇ। ਇਹ ਠੀਕ ਹੈ ਕਿ ਅਸਾਂ ਕਿਸੇ ਆਦਮੀ ਨੂੰ ਧੱਕਾ ਭੀ ਨਹੀਂ ਮਾਰਨਾ ਪਰ ਉਥੇ ਪੁੱਜ ਕੇ ਹੋਰ ਰਾਹ ਲੱਭਣ ਜਾਂ ਇਸੇ ਗੱਲ ਉੱਤੋਂ ਮੋਰਚਾ ਹਟਾਣ ਦਾ ਫ਼ੈਸਲਾ ਕੀਤਾ ਜਾਵੇਗਾ। ਮੇਰਾ ਮਤਲਬ ਇਹ ਹੈ ਕਿ ਜੇ ਪੁਲ ਉੱਤੇ ਕੋਈ ਰੋਕ ਪਈ ਤਾਂ ਪੁਲ ਉੱਤੇ ਹੀ ਕਿਸੇ ਨਾ ਕਿਸੇ ਢੰਗ ਦਾ ਮੋਰਚਾ ਡਟਾਇਆ ਜਾ ਸਕਦਾ ਹੈ।

ਪਰ ਫ਼ਰਜ਼ ਕਰੋ ਕਿ ਸਾਨੂੰ ਸਰਹੱਦ ਵਿਚ ਮੋਰਚਾ ਡਟਾਣ ਦਾ ਕੋਈ ਰਾਹ ਭੀ ਨਹੀਂ ਲੱਭਦਾ। ਉਸ ਹਾਲਤ ਵਿਚ ਭੀ ਮੈਂ ਆਪਣੇ ਸੱਜਣਾਂ ਮਿੱਤਰਾਂ ਨੂੰ ਨਿਸਚਾ ਕਰਾਂਦਾ ਹਾਂ ਕਿ ਇਸ ਸ਼ਾਂਤਮਈ ਜੰਗ ਨੂੰ ਹੰਨੇ-ਬੰਨੇ ਕੀਤੇ ਬਿਨਾਂ ਮੈਂ ਅੰਮ੍ਰਿਤਸਰ ਨਹੀਂ ਮੁੜਾਂਗਾ। ਜਦ ਸਿਰ-ਧੜਾਂ ਦੀ ਬਾਜ਼ੀਆਂ ਲਾ ਕੇ ਇਕੇ ਵੇਰਾਂ ਮੈਦਾਨ ਵਿਚ ਅਸੀਂ ਕੁੱਦ ਪਏ ਹਾਂ ਤਾਂ ਫਿਰ ਪਿੱਛੇ ਦੀ ਕੀ ਝਾਕ ਹੈ। ਇਹ ਨਿਸ਼ਚਾ ਰੱਖੋ ਕਿ ਇਹ ਜਥਾ ਹੁਣ ਖੜਵਾਂ ਨਹੀਂ ਮੁੜੇਗਾ। ਅੰਮ੍ਰਿਤਸਰ ਸਤਿਆਗ੍ਰਹਿ ਕਮੇਟੀ ਇਹ ਮੇਰੇ ਫ਼ੈਸਲੇ ਉੱਤੇ ਭੀ ਹੈ ਕਿ ਜੇ ਸਰਹੱਦੀ ਮੋਰਚੇ ਵਿਚ ਕੋਈ ਰੋਕ ਪੈ ਹੀ ਜਾਵੇ ਤਾਂ ਮੈਂ ਉਧਰੋਂ ਹੀ ਲੂਣ ਦੇ ਪਹਾੜ ਉੱਤੇ ਧਾਵਾ ਬੋਲ ਦੇਵਾਂ। ਉਡੀਕ ਰੱਖੋ ਤੇ ਕੋਈ ਫਿਕਰ ਨਾ ਕਰੋ।

☆ ☆ ☆

"ਅਬ ਤਉ ਜਰੇ ਮਰੇ ਸਿਧਿ ਪਾਈਐ ..."

ਸਾਡੀ ਸ਼ਾਂਤਮਈ ਤੇ ਅੰਗਰੇਜ਼ਾਂ ਦੀ ਸੱਭਿਅਤਾ ਦਾ ਇਮਤਿਹਾਨ

ਪਸ਼ੌਰ ਵਿਚ ਜੋ ਹਾਲਤ ਹੋਈ ਹੈ ਤੇ ਹੋ ਰਹੀ ਹੈ, ਉਹ ਸਾਡੀ ਗੁਲਾਮੀ ਨੂੰ ਵਧੇਰੇ ਨੰਗੀ ਸ਼ਕਲ ਵਿਚ ਸਾਡੇ ਸਾਹਮਣੇ ਲੈ ਆਂਵਦੀ ਹੈ। ਅਜੇ ਤਕ ਪਸ਼ੌਰ ਦੇ ਸ਼ਾਕੇ ਦੀ ਪੂਰੀ ਪੜਤਾਲ ਨਹੀਂ ਹੋਈ ਹੈ ਤੇ ਇਹ ਹੋ ਸਕਦਾ ਹੈ ਲੋਕਾਂ ਵੱਲੋਂ ਕੋਈ ਗਲਤੀ ਹੋਈ ਹੋਵੇ ਜਾਂ ਲੋਕਾਂ ਵਿੱਚੋਂ ਕੋਈ ਅਜਿਹੇ ਭੀ ਹੋਣ ਜੋ ਪੂਰੇ ਸ਼ਾਂਤਮਈ ਨਾ ਰਹੇ ਹੋਣ ਪਰ ਮੈਨੂੰ ਇਹ ਨਿਸ਼ਚਾ ਹੋ ਚੁੱਕਾ ਹੈ ਕਿ ਪਸ਼ੌਰੀਏ ਆਮ ਕਰ ਕੇ ਸ਼ਾਂਤਮਈ ਰਹੇ ਹਨ। ਜੋ ਉਹ ਸ਼ਾਂਤਮਈ ਨਾ ਰਹਿੰਦੇ ਤਾਂ ਜ਼ਰੂਰ ਗੋਲੀ ਚੱਲਣ ਉੱਤੇ ਭੱਜ ਜਾਂਦੇ। ਅਸ਼ਾਂਤੀ ਦੇ ਤਾਂ ਦੋ ਹੀ ਨਤੀਜੇ ਹੋ ਸਕਦੇ ਹਨ। ਜਾਂ ਆਪ ਭੱਜ ਜਾਣਾ ਜਾਂ ਦੂਜੇ ਨੂੰ ਭਜਾ ਦੇਣ। ਮੌਜੂਦਾ ਹਾਲਤ ਵਿਚ ਦੂਜੇ ਨੂੰ ਭਜਾ ਦੇਣਾ ਨਾਮੁਮਕਿਨ ਗੱਲ ਹੈ, ਇਸ ਕਰ ਕੇ ਅਸ਼ਾਂਤੀ ਦਾ ਇਕੋ ਹੀ ਨਤੀਜ਼ਾ "ਭੱਜ ਜਾਣਾ" ਹੀ ਹੋ ਸਕਦਾ ਹੈ। ਖੜ੍ਹੇ ਹੋ ਕੇ ਛਾਤੀਆਂ ਵਿਚ ਗੋਲੀਆਂ ਖਾਣਾ, ਨਾ ਭੱਜਣਾ ਤੇ ਨਾ ਹਮਲਾ ਕਰਨਾ, ਇਹ ਕੰਮ ਕੇਵਲ ਸ਼ਾਂਤਮਈ ਸੂਰਮਿਆਂ ਦਾ ਹੀ ਹੋ ਸਕਦਾ ਹੈ। ਪਸ਼ੌਰ ਵਾਲੇ ਭੱਜੇ ਨਹੀਂ ਹਨ, ਜਿਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਉਹਨਾਂ ਨੇ ਸ਼ਾਂਤਮਈ ਰਹਿ ਕੇ ਵੀ ਗੋਲੀਆਂ ਖਾਧੀਆਂ ਹਨ।

ਇਸ ਤਰ੍ਹਾਂ ਸ਼ਾਂਤਮਈ ਕੁਰਬਾਨੀ ਕਰ ਕੇ ਜੋ ਆਜ਼ਾਦੀ ਪਸ਼ੌਰ ਵਿਚ ਪੈਦਾ ਹੋਈ ਸੀ, ਉਹ ਇਕੱਲੇ ਪਸ਼ੌਰ ਵਾਲੇ ਕਾਇਮ ਨਹੀਂ ਰੱਖ ਸਕਦੇ ਹਨ। ਜਿਸ ਵੇਲੇ ਮੈਂ ਸੁਣਿਆਂ ਕਿ ਸ਼ਹਿਰ ਦਾ ਪ੍ਰਬੰਧ ਪਸ਼ੌਰ ਵਾਲੇ ਆਪ ਕਰ ਰਹੇ ਹਨ, ਤਾਂ ਉਸ ਵੇਲੇ ਮੈਂ ਕਹਿ ਦਿੱਤਾ ਕਿ ਇਹ ਆਜ਼ਾਦੀ ਜਾਂ ਤਾ ਸਾਰੇ ਦੇਸ਼ ਵਿਚ ਖਿਲਰੇਗੀ ਤੇ ਜਾਂ ਸ਼ਹਿਰ ਪਸ਼ੌਰ ਦੀ ਭੀ ਖੋਹ ਲਈ ਜਾਵੇਗੀ। ਇਹ ਵੇਖ ਕੇ ਮੈਂ ਜਥਾ ਲੈ ਕੇ ਪਸ਼ੌਰ ਪੁੱਜਣ ਦਾ ਐਲਾਨ ਕਰ ਦਿੱਤਾ। ਉਸ ਵੇਲੇ ਕਈ ਸੱਜਣ ਕਹਿੰਦੇ ਸਨ ਕਿ "ਪਸ਼ੌਰ ਜਾ ਕੇ ਕੀ ਕਰੋਗੇ, ਉਥੇ ਤਾਂ ਕੋਈ ਨਾਜ਼ਾਇਜ਼ ਬੰਦਸ ਹੀ ਨਹੀਂ ਹੈ।" ਉਹਨਾਂ ਸੱਜਣਾਂ ਨੇ ਪੂਰਾ ਅੰਦਾਜ਼ਾ ਨਹੀਂ ਸੀ ਲਾਇਆ। ਇਸ ਵੇਲੇ ਪਸ਼ੌਰ ਵਿਚ ਜਲਸੇ ਰੋਕੂ ਆਰਡੀਨੈਂਸ (ਕਾਲਾ ਕਾਨੂੰਨ) ਲੱਗ ਗਿਆ ਹੈ ਤੇ ਹੋਰ ਕਈ ਤਰ੍ਹਾਂ ਦਾ ਤਸ਼ੱਦਦ ਜ਼ੋਰਾਂ ਵਿਚ ਹੈ। ਉਥੇ ਦੇ ਸਭ ਕੰਮ ਕਰਨ ਵਾਲੇ ਫੜੇ ਜਾ ਚੁੱਕੇ ਹਨ। ਮੈਂ ਉਥੇ ਪੁੱਜ ਕੇ ਇਹਨਾਂ ਨਾਜ਼ਾਇਜ਼ ਬੰਦਸ਼ਾਂ ਤੇ ਸਖ਼ਤੀਆਂ ਦਾ ਮੁਕੰਮਲ ਸ਼ਾਂਤਮਈ ਰਹਿ ਕੇ ਮੁਕਾਬਲਾ ਕਰਨਾ ਚਾਹੁੰਦਾ ਹਾਂ। ਕਿਹਾ ਜਾਂਦਾ ਹੈ ਮੈਨੂੰ ਜਾਂ ਜਥੇ ਨੂੰ ਪਸ਼ੌਰ ਨਹੀਂ ਅਪੜਨ ਦਿੱਤਾ ਜਾਵੇਗਾ। ਇਸ ਵਿਚ ਕੇਵਲ ਅਜੇਹੇ ਤਸ਼ੱਦਦ ਨਾਲ ਹੀ ਰੋਕ

ਪਾਈ ਜਾ ਸਕਦੀ ਹੈ ਕਿ ਸਾਡਾ ਸਰੀਰਕ ਤੌਰ 'ਤੇ ਉਥੇ ਪੁੱਜਣਾਂ ਅਸੰਭਵ ਬਣਾ ਦਿੱਤਾ ਜਾਵੇ। ਮੈਂ ਚਾਹੁੰਦਾ ਹਾਂ ਕਿ ਪਸ਼ੌਰ ਨੂੰ ਹੀ ਇਸ ਸ਼ਾਂਤਮਈ ਜੰਗ ਦਾ ਕੇਂਦਰ ਬਣਾ ਦਿੱਤਾ ਜਾਵੇ। ਸਰਕਾਰ ਨੇ ਤਾਂ ਆਪਣਾ ਜ਼ੋਰ ਉਥੇ ਲਾ ਦਿੱਤਾ ਹੈ ਤੇ ਸਾਨੂੰ ਭੀ ਉਥੇ ਹੀ ਜ਼ੋਰ ਲਾਉਣਾ ਚਾਹੀਦਾ ਹੈ। ਇਕ ਜਿੱਤ ਨੂੰ ਹਾਰ ਵਿਚ ਬਦਲਣ ਨਹੀਂ ਦੇਣਾ ਚਾਹੀਦਾ। ਜੇ ਅਸੀਂ ਚੁੱਪ ਰਹੇ ਤਾਂ ਪਸ਼ੌਰ ਦਬਾਇਆ ਜਾਵੇਗਾ ਤੇ ਉਥੋਂ ਕਾਇਰਤਾ ਪੰਜਾਬ ਵਿਚ ਭੀ ਖਿਲਰੇਗੀ। ਇਸ ਵੇਲੇ ਪਸ਼ੌਰ ਹੀ ਪੰਜਾਬ ਵਿਚ ਦਲੇਰੀ ਜਾਂ ਬੁਜ਼ਦਿਲੀ ਖਿਲਾਰਨ ਦਾ ਕਾਰਨ ਬਣੇਗਾ, ਪਰ ਅਸੀਂ ਸਾਰਾ ਜ਼ੋਰ ਪਸ਼ੌਰ ਉਤੇ ਤਦ ਹੀ ਪਾ ਸਕਦੇ ਹਾਂ ਜੇ ਪਸ਼ੌਰੀਏ ਆਪ ਪੂਰੇ ਤੌਰ 'ਤੇ ਸ਼ਾਂਤਮਈ ਤੇ ਦ੍ਰਿੜ੍ਹ ਰਹਿਣ। ਜੇ ਅੱਗੇ ਉਨ੍ਹਾਂ ਵਿੱਚੋਂ ਕਿਸੇ ਨੇ ਕੋਈ ਗ਼ਲਤੀ ਕੀਤੀ ਹੈ ਤਾਂ ਉਸ ਨੂੰ ਅਜੇਹੀ ਲਾਹਨਤ ਪਾਉਣ ਕਿ ਹੁਣ ਅੱਗੋਂ ਤੋਂ ਉਕਾ ਤਸ਼ੱਦਦ ਨਾ ਹੋਵੇ। ਇਹ ਬਹਾਨਾ ਕੋਈ ਵਜਨ ਨਹੀਂ ਰੱਖਦਾ ਕਿ 'ਮਹਾਰਾਜ ਕਿਸੇ ਗੈਰ ਜ਼ਿੰਮੇਵਾਰ ਨੇ ਤਸ਼ੱਦਦ ਕਰ ਦਿੱਤਾ ਹੈ।' ਪਬਲਿਕ ਵਿੱਚੋਂ ਭਾਵੇਂ ਕੋਈ ਭੀ ਤਸ਼ੱਦਦ ਕਰੇ ਉਸ ਦੇ ਅਸੀਂ ਜ਼ਿੰਮੇਵਾਰ ਹਾਂ। ਜੇ ਸਾਡੀ ਨੀਅਤ ਸਾਫ਼ ਹੈ ਤੇ ਕੋਈ ਸਾਥੋਂ ਬਾਹਰਾ ਹੋ ਕੇ ਤਸ਼ੱਦਦ ਕਰਦਾ ਹੈ ਤਾਂ ਘਟੋ-ਘਟ ਇਹ ਸਿੱਧ ਹੋ ਜਾਂਦਾ ਹੈ ਕਿ ਸਾਡਾ ਜ਼ਬਤ ਤੇ ਸਾਡਾ ਰਸੂਖ ਅਸ਼ਾਂਤੀ ਨੂੰ ਰੋਕਣ ਵਿਚ ਕਾਫ਼ੀ ਨਹੀਂ। ਮੈਂ ਸਾਫ਼ ਕਹਿ ਦੇਣਾ ਚਾਹੁੰਦਾ ਹਾਂ ਕਿ ਪਸ਼ੌਰ ਦਾ ਸ਼ਾਂਤਮਈ ਜੰਗ ਅਸੀਂ ਤਦ ਹੀ ਜਾਰੀ ਰੱਖ ਸਕਾਂਗੇ ਜੇ ਉਥੇ ਲੋਕਾਂ ਵੱਲੋਂ ਉੱਕਾ ਹੀ ਤਸ਼ੱਦਦ ਨਾ ਹੋਵੇ। ਜੇ ਪਸ਼ੌਰੀਏ ਪੂਰੇ ਸ਼ਾਂਤਮਈ ਤੇ ਦ੍ਰਿੜ੍ਹ ਰਹਿਣਗੇ ਤਾਂ ਮੈਨੂੰ ਨਿਸ਼ਚਾ ਹੈ ਕਿ ਹਿੰਦੁਸਤਾਨ ਦੀ ਆਜ਼ਾਦੀ ਦੇ ਜੰਗ ਦਾ ਉਥੇ ਹੀ ਫ਼ੈਸਲਾ ਹੋਵੇਗਾ। ਇਸ ਵਾਸਤੇ ਮੈਂ ਅੱਜ ਆਪਣੇ ਪਸ਼ੌਰੀ ਤੇ ਸਰਹੱਦੀ ਭਰਾਵਾਂ ਅੱਗੇ ਅਪੀਲ ਕਰਦਾ ਹਾਂ ਕਿ ਅਸੀਂ ਪੰਜਾਬ ਤੁਹਾਡੇ ਡੋਲ੍ਹੇ ਲਹੂ ਵਿਚ ਲਹੂ ਰਲਾਣ ਲਈ ਵਿਆਕੁਲ ਹੋ ਰਹੇ ਹਾਂ ਤੇ ਆਜ਼ਾਦੀ ਦਾ ਜੰਗ ਉਥੇ ਹੀ ਲੜਨ ਲਈ ਤਿਆਰ ਬੈਠੇ ਹਾਂ। ਹਿੰਦੁਸਤਾਨ ਦੀ ਲਾਜ ਤੁਹਾਡੇ ਹੱਥ ਹੈ ਤੇ ਇਸ ਸ਼ਾਂਤਮਈ ਜੰਗ ਨੂੰ ਚਲਾਣ ਲਈ ਆਪਣੀ ਤਬੀਅਤ ਕਾਬੂ ਕਰ ਲਵੋ ਤੇ ਪੂਰਾ ਸ਼ਾਂਤਮਈ ਵਾਯੂ-ਮੰਡਲ ਪੈਦਾ ਕਰ ਦੇਵੋ। ਫਿਰ ਜਿੱਤ ਸਾਡੇ ਹੱਥ ਹੈ ਤੇ ਇਸ ਜਿੱਤ ਦਾ ਸਿਹਰਾ ਤੁਹਾਡੇ ਸਿਰ ਹੋਵੇਗਾ।

ਇਸ ਵੇਲੇ ਸਾਡੀ ਸ਼ਾਂਤਮਈ ਐਜੀਟੇਸ਼ਨ ਦਾ ਇਮਤਿਹਾਨ ਹੈ। ਉਧਰ ਅੰਗਰੇਜ਼ਾਂ ਦਾ ਇਮਤਿਹਾਨ ਹੈ। ਜੇ ਅਸੀਂ ਸ਼ਾਂਤਮਈ ਰਹਿ ਕੇ ਐਜੀਟੇਸ਼ਨ ਕਰੀ ਚਲੀਏ ਤੇ ਅੰਗਰੇਜ਼ ਇਸ ਅੱਗੇ ਨਾ ਝੁਕਣ, ਸਗੋਂ ਇਸ ਨੂੰ ਤਸ਼ੱਦਦ ਨਾਲ ਦਬਾਣ ਦਾ ਯਤਨ ਹੁਣ ਵਾਂਗੂੰ ਕਰੀ ਚੱਲਣ ਤਾਂ ਬਹੁਤ ਛੇਤੀ ਦੁਨੀਆਂ ਦੇ ਹਰ ਬੰਦੇ ਨੂੰ ਨਿਸ਼ਚਾ ਹੋ ਜਾਵੇਗਾ ਕਿ ਇਹ ਅੰਗਰੇਜ਼ਾਂ ਦੀ ਸੱਭਿਅਤਾ ਕੇਵਲ ਇਕੋ ਦਲੀਲ ਲਾਠੀ ਨੂੰ ਹੀ ਸੁਣਦੀ ਹੈ। ਅਜੇਹੀ ਹਾਲਤ ਪੈਦਾ ਕਰ ਕੇ ਆਦਮੀ ਦਾ ਜੀਵਨ ਕੌੜਾ ਹੋ ਜਾਂਦਾ ਹੈ। ਇਸ ਕਰ ਕੇ ਮੈਨੂੰ ਨਿਸ਼ਚਾ ਹੈ ਕਿ ਅੰਗਰੇਜ਼ ਇਹ ਹਾਲਤ ਨਹੀਂ ਪੁੱਜਣ ਦੇਣਗੇ।

ਮੈਂ ਹੁਣ ਆਪ ਤੋਂ ਨਿਖੜਨ ਵੇਲੇ ਆਪ ਅੱਗੇ ਬੇਨਤੀ ਕਰਦਾ ਹਾਂ ਕਿ ਆਪ ਪੂਰੇ ਸ਼ਾਂਤਮਈ ਤੇ ਦ੍ਰਿੜ੍ਹ ਰਹਿ ਕੇ ਐਜੀਟੇਸ਼ਨ ਕਰੀ ਚੱਲੋ। ਜੋ ਕੰਮ ਤੁਸਾਂ ਸਾਡੇ

ਸਪੁਰਦ ਕੀਤਾ ਹੈ, ਉਸ ਵਿਚ ਤੁਸੀਂ ਨਿਸ਼ਚਾ ਰੱਖੋ ਕਿ ਅਸੀਂ ਸਿੱਖ ਪੰਥ ਅੰਮ੍ਰਿਤਸਰ, ਪੰਜਾਬ ਜਾਂ ਹਿੰਦੁਸਤਾਨ ਦੇ ਨਾਮ ਨੂੰ ਕੋਈ ਵੱਟਾ ਨਹੀਂ ਲੱਗਣ ਦੇਵਾਂਗੇ। ਅਸੀਂ ਤਾਂ ਸ਼ਾਂਤਮਈ ਜੰਗ ਲਈ ਨਿਤਰਨ ਚੱਲੇ ਹਾਂ। ਅਸੀਂ ਨਾਕਾਮਯਾਬ ਨਹੀਂ ਹੋ ਸਕੇ। ਕੇਵਲ ਇਹੋ ਡਰ ਹੈ ਕਿ ਕਿਧਰੇ ਸਾਡੀ ਤੇਜ਼ ਤਬੀਅਤ ਸਰਹੱਦੀ ਭਰਾ ਸ਼ਾਂਤਮਈ ਅਸੂਲ ਨੂੰ ਹੱਥੋਂ ਨਾ ਛੱਡ ਦੇਣ। ਜੇ ਅਜੇਹੀ ਹਾਲਤ ਹੋ ਭੀ ਜਾਵੇ ਤਾਂ ਭੀ ਮੈਂ ਆਪ ਨੂੰ ਨਿਸ਼ਚਾ ਦਿਵਾਂਦਾ ਹਾਂ ਕਿ ਮੈਂ ਤਾਂ ਹੁਣ ਇਥੋਂ ਜਾ ਕੇ ਇਸੇ ਤਰ੍ਹਾਂ ਨਹੀਂ ਮੁੜਾਂਗਾ। ਮੈਂ ਤਾਂ ਹੁਣ ਇਸ ਸ਼ਾਂਤਮਈ ਨੂੰ ਹੰਨੇ ਬੰਨੇ ਕਰ ਕੇ ਹੀ ਤੁਹਾਨੂੰ ਮੂੰਹ ਵਿਖਾਵਾਂਗਾ। ਜੇ ਪਸ਼ੌਰ ਵਿਚ ਸ਼ਾਂਤਮਈ ਜੰਗ ਚੱਲਣਾ ਅਸੰਭਵ ਹੋ ਗਿਆ ਤਾਂ ਉੱਥੇ ਹੀ ਸਹੀ ਜਾਂ ਕਿਸੇ ਹੋਰ ਥਾਂ ਸਹੀ। 'ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ'॥

✲ ✲ ✲

ਕੁਰਬਾਨੀ ਕਰੋ ਪਰ ਆਤਮਘਾਤ ਨਾ ਕਰੋ

"ਕੁਰਬਾਨੀ" ਤੇ "ਆਤਮਘਾਤ" ਦੇਖਣ ਨੂੰ ਭਾਵੇਂ ਇਕੋ ਜਿਹੇ ਕੰਮ ਹਨ, ਪਰ ਦੋਵੇਂ ਆਚਰਣ ਦੇ ਦੋਹਾਂ ਸਿਰਿਆਂ ਉੱਤੇ ਹਨ। ਕੁਰਬਾਨੀ ਤਾਂ ਸ਼ੁੱਭ ਆਚਰਨ ਦੇ ਅੰਤਮ ਸਿਰੇ ਦਾ ਨਾਮ ਹੈ, ਪਰ "ਆਤਮਘਾਤ" ਮੰਦ ਆਚਰਨ ਦਾ ਆਖਰੀ ਦਰਜਾ ਹੈ। ਸ: ਭਗਤ ਸਿੰਘ ਜੀ ਵੀ ਫਾਂਸੀ ਚੜ੍ਹੇ ਹਨ ਤੇ ਇਕ ਕਾਤਲ ਵੀ ਫਾਂਸੀ ਚੜ੍ਹਦਾ ਏ, ਐਪਰ ਦੋਹਾਂ ਦੀ ਫਾਂਸੀ ਵਿਚ ਏਨਾ ਫ਼ਰਕ ਹੈ, ਜਿਤਨਾ ਕਿ ਧਰਤੀ ਤੇ ਅਕਾਸ਼ ਵਿਚ ਵੀ ਨਹੀਂ। ਇਸੇ ਤਰ੍ਹਾਂ "ਆਤਮਘਾਤ" ਕਰਨ ਵਾਲੇ ਰੇਲ ਗੱਡੀ ਦੇ ਸਾਹਮਣੇ ਖੜ੍ਹੋ ਕੇ ਕੁਚਲੇ ਜਾਂਦੇ ਹਨ ਤੇ ਭਾਈ ਕਰਮ ਸਿੰਘ ਜੀ ਵੀ ਪੰਜਾ ਸਾਹਿਬ ਵਿਚ ਰੇਲ ਗੱਡੀ ਦੇ ਸਾਹਮਣੇ ਖੜ੍ਹੋ ਕੇ ਕੁਚਲੇ ਗਏ ਸਨ ਲੇਕਿਨ ਭਾਈ ਕਰਮ ਸਿੰਘ ਜੀ ਨੇ "ਆਤਮਘਾਤ" ਨਹੀਂ ਸੀ ਕੀਤਾ, ਸਗੋਂ ਆਪਣੇ ਭਰਾਵਾਂ ਦੀ ਹਮਦਰਦੀ ਵਿਚ ਸ਼ਹੀਦੀ ਪ੍ਰਾਪਤ ਕੀਤੀ ਸੀ।

ਬੱਸ, ਸ਼ਹੀਦੀ ਤੇ ਆਤਮਘਾਤ ਵਿਚ ਇਹੋ ਫ਼ਰਕ ਹੈ। ਜੇ ਕਿਸੇ ਨੇਕ ਅਸੂਲ ਦੀ ਖ਼ਾਤਰ ਜਾਨ ਕੁਰਬਾਨ ਕੀਤੀ ਜਾਵੇ, ਤਾਂ ਸ਼ਹੀਦੀ ਹੈ, ਪਰ ਜੇ ਇਸ ਸੰਸਾਰ ਦੇ ਝਮੇਲਿਆਂ ਤੋਂ ਹਾਰ ਖਾ ਕੇ ਜਾਂ ਕਿਸੇ ਅਪਸਵਾਰਥ ਵਿਚ ਫਸ ਕੇ ਜਾਂ ਕਿਸੇ ਬੁਰਾਈ ਤੋਂ ਡਰ ਕੇ ਜਾਨ ਵਾਰ ਲਈ ਜਾਵੇ, ਤਾਂ ਉਹ "ਆਤਮਘਾਤ" ਹੈ। ਇਹ ਸਮਝ ਕੇ ਅਸੀਂ ਕਹਿੰਦੇ ਹਾਂ ਕਿ ਅਸੀਂ ਦੇਸ ਵਾਸਤੇ "ਜਾਨ ਕੁਰਬਾਨ ਕਰਨ" ਲਈ ਤਿਆਰ ਹਾਂ, ਪਰ ਫ਼ਿਰਕੇਦਾਰੀ ਲਈ "ਆਤਮਘਾਤ" ਕਰਨ ਲਈ ਤਿਆਰ ਨਹੀਂ ਹਾਂ। ਸਾਨੂੰ ਅਫ਼ਸੋਸ ਹੈ ਕਿ ਕਈ ਸੱਜਣ "ਆਤਮਘਾਤ" ਤੇ "ਕੁਰਬਾਨੀ" ਵਿਚ ਫ਼ਰਕ ਨਹੀਂ ਸਮਝਦੇ ਤੇ ਉਹ ਸਾਨੂੰ ਆਖ ਦਿੱਤਾ ਕਰਦੇ ਹਨ ਕਿ ਮੁਸਲਮਾਨ ਹਠ ਕੱਟ ਰਹੇ ਹਨ, ਇਸ ਲਈ ਤੁਸੀਂ ਹੀ ਮੰਨ ਲਓ। ਇਸ ਦੇ ਅਰਥ ਇਹ ਹਨ ਕਿ ਅਸੀਂ ਮੁਸਲਮਾਨਾਂ ਦੀ ਜਿਦ ਅਗਾੜੀ ਝੁੱਕ ਜਾਈਏ। ਇਸ ਤਰ੍ਹਾਂ ਕਿਸੇ ਦੀ ਜਿਦ ਅੱਗੇ ਝੁੱਕਣਾ ਕਿਸੇ ਨੇਕ ਅਸੂਲ ਦੀ ਪਾਲਨਾ ਨਹੀਂ ਹੈ। ਇਸ ਲਈ ਇਸ ਨੂੰ "ਕੁਰਬਾਨੀ" ਨਹੀਂ ਕਿਹਾ ਜਾ ਸਕਦਾ। ਦੇਸ਼ ਲਈ ਕੁਰਬਾਨੀ ਉਹ ਹੀ ਹੋ ਸਕਦੀ ਹੈ ਜੋ ਕਿਸੇ ਨੇਕ ਅਸੂਲ ਅਨੁਸਾਰ ਹੋਵੇ। ਇਸੇ ਤਰ੍ਹਾਂ ਹਠ ਜਾਂ ਡਰਦੇ ਮਾਰੇ ਕਿਸੇ ਦੀ ਫ਼ਿਰਕੇਦਾਰੀ ਅਗਾੜੀ ਝੁੱਕਣਾ ਨਿਰਾ ਗੀਦੀਪੁਣਾ ਹੀ ਨਹੀਂ ਹੈ, ਸਗੋਂ ਡਾਢਾ ਅਪਸਵਾਰਥ ਵੀ ਹੈ। ਇਹ ਤਾਂ ਅਸੀਂ ਬਾਰ-ਬਾਰ ਆਖ ਚੁੱਕੇ ਹਾਂ ਕਿ ਜੇ ਦੇਸ਼ ਵਿੱਚੋਂ ਫ਼ਿਰਕੂਪੁਣਾ ਦੂਰ ਕਰਨ ਦਾ ਕੋਈ ਰਾਹ ਨਿਕਲ ਸਕੇ, ਤਾਂ ਅਸੀਂ ਉਸ ਦੇ ਵਾਸਤੇ ਹਰ ਕੁਰਬਾਨੀ ਕਰਨ ਨੂੰ ਤਿਆਰ ਹਾਂ। ਐਪਰ ਜੇ ਸਾਨੂੰ ਅਜੇਹੀ ਕੁਰਬਾਨੀ ਕਰਨ ਲਈ ਆਖਿਆ ਜਾਵੇ, ਜੋ

ਫ਼ਿਰਕੂਪੁਣੇ ਨੂੰ ਦੂਰ ਕਰਨ ਦੀ ਥਾਂ ਉਸ ਨੂੰ ਵਧੇਰੇ ਪੱਕਿਆਂ ਕਰਨ ਦਾ ਕਾਰਨ ਬਣ ਜਾਵੇ, ਤਾਂ ਇਹ ਕੁਰਬਾਨੀ ਨਹੀਂ, ਸਗੋਂ "ਆਤਮਘਾਤ" ਹੈ ਤੇ ਪਾਪ ਹੈ। ਸਾਨੂੰ ਨਿਸਚਾ ਹੈ ਕਿ ਜੇ ਮੁਸਲਮਾਨਾਂ ਜਾਂ ਕਿਸੇ ਹੋਰ ਫ਼ਿਰਕੇਦਾਰੀ ਅਗਾੜ੍ਹੀ ਝੁਕ ਕੇ, ਉਸ ਨੂੰ ਖ਼ੁਰਾਕ ਪਹੁਚਾਈ ਜਾਵੇ, ਤਾਂ ਫ਼ਿਰਕੂਪੁਣਾ ਘਟੇਗਾ ਹੀ ਨਹੀਂ, ਸਗੋਂ ਹੋਰ ਵਧੇਗਾ। ਜਿਸ ਤਰ੍ਹਾਂ ਅੱਗ ਬੁਝਾਣ ਦਾ ਢੰਗ ਉਸ ਵਿਚ ਬਾਲਣ ਪਾਉਣਾ ਨਹੀਂ, ਇਸੇ ਤਰ੍ਹਾਂ ਫ਼ਿਰਕੇਦਾਰੀ ਨੂੰ ਮਿਟਾਣ ਦਾ ਤਰੀਕਾ ਫ਼ਿਰਕੂਆਂ ਦੀ ਮੰਗ ਪੂਰੀ ਕਰਨਾ ਨਹੀਂ ਹੈ।

ਮੁਸਲਮਾਨ ਭਰਾ ਆਖਿਆ ਕਰਦੇ ਹਨ ਕਿ ਅਸਲ ਵਿਚ ਸਾਰੇ ਫ਼ਿਰਕਾਦਾਰ ਹਨ ਪਰ ਦੂਜਿਆਂ ਨੂੰ ਫ਼ਿਰਕੂਪੁਣਾ ਗੁਪਤ ਰੱਖਣ ਦਾ ਮੌਕਾ ਹਾਸਲ ਹੈ ਤੇ ਮੁਸਲਮਾਨਾਂ ਨੂੰ ਨਹੀਂ। ਉਹ ਕਹਿੰਦੇ ਹੁੰਦੇ ਹਨ ਕਿ ਹਿੰਦੂ ਬਹੁਸੰਮਤੀ ਵਿਚ ਹਨ, ਇਸ ਲਈ ਉਹਨਾਂ ਨੂੰ ਤਾਂ ਲਾਭ ਹੀ ਫ਼ਿਰਕੂ ਵੰਡੀਆਂ ਹਟ ਜਾਣ, ਅਸਲ ਵਿਚ ਫ਼ਿਰਕੂ ਖ਼ਿਆਲ ਉੱਤੇ ਨਿਰਭਰ ਹੈ, ਕਿਉਂ ਜੋ ਉਹਨਾਂ ਦਾ ਲਾਭ ਇਸੇ ਵਿਚ ਹੀ ਹੈ। ਸਿੱਖਾਂ ਬਾਰੇ ਆਪ ਆਖਿਆ ਕਰਦੇ ਹਨ ਕਿ ਸਿੱਖ ਇਸ ਲਈ ਫ਼ਿਰਕੂ ਵੰਡੀਆਂ ਹਟਾਏ ਜਾਣਾ ਪ੍ਰਵਾਨ ਕਰਦੇ ਹਨ ਕਿ ਉਨ੍ਹਾਂ ਨੂੰ ਖ਼ਿਆਲ ਹੈ ਜੋ ਉਹ ਆਪਣੀ ਤਾਕਤ ਨਾਲ ਕੌਂਸਲਾਂ ਦੀਆਂ ਚੋਖੀਆਂ ਕੁਰਸੀਆਂ ਪ੍ਰਾਪਤ ਕਰ ਲੈਣਗੇ। ਅਸੀਂ ਮੁਸਲਮਾਨਾਂ ਦੀਆਂ ਇਹਨਾਂ ਦਲੀਲਾਂ ਨੂੰ ਨਿੱਗਰ ਮੰਨਦੇ ਹੋਏ ਕਹਿੰਦੇ ਹਾਂ ਕਿ ਹਰ ਤਰ੍ਹਾਂ ਦੀਆਂ ਫਿਰਕੂ ਵੰਡੀਆਂ ਹਟ ਜਾਣ ਪਰ ਲੋਕਾਂ ਦੇ ਦਿਲਾਂ ਵਿਚ ਇਸੇ ਤਰ੍ਹਾਂ ਦੀ ਫ਼ਿਰਕੇਦਾਰੀ ਕਾਇਮ ਰਹੇ, ਤਾਂ ਸਿੱਖ ਬਹੁਤ ਘਾਟੇ ਵਿਚ ਰਹਿਣਗੇ। ਫ਼ਿਰਕੂ ਨੁਕਤਾ-ਖ਼ਿਆਲ ਨਾਲ ਸਿੱਖਾਂ ਨੂੰ ਇਸ ਵਿਚ ਸਰਾਸਰ ਘਾਟਾ ਹੈ। ਅਸੀਂ ਤਾਂ ਇਹ ਗੱਲ ਨਿਰੇ ਇਸ ਲਈ ਮੰਨਦੇ ਹਾਂ ਕਿ ਅਸੀਂ ਇਸ ਕੌਮੀ ਅਸੂਲ ਵਾਸਤੇ ਕੁਰਬਾਨੀ ਕਰਨ ਲਈ ਤਿਆਰ ਹਾਂ। ਜੇ ਇਸ ਤਰ੍ਹਾਂ ਸਾਨੂੰ ਨੁਕਸਾਨ ਵੀ ਪੁੱਜੇਗਾ, ਤਾਂ ਇਸ ਵਿਚ ਕੌਮ ਦਾ ਤਾਂ ਭਲਾ ਹੋਵੇਗਾ। ਐਪਰ ਜੇ ਅਸੀਂ ਕਿਸੇ ਦੂਜੇ ਫ਼ਿਰਕੇ ਦੇ ਫ਼ਿਰਕੂਪੁਣੇ ਨੂੰ ਖ਼ੁਰਾਕ ਪੁਚਾਉਣ ਲਈ ਆਪਣਾ ਨੁਕਸਾਨ ਕਰ ਦੇਈਏ ਤਾਂ ਇਸ ਤੋਂ ਕੌਮੀਅਤ ਨੂੰ ਵੀ ਨੁਕਸਾਨ ਨਹੀਂ ਪੁੱਜੇਗਾ।

ਅਸੀਂ ਅੰਮ੍ਰਿਤਸਰ ਵਿਚ ਡੁੱਬ ਮਰਨ ਨੂੰ ਵੀ ਤਿਆਰ ਹਾਂ, ਲੇਕਿਨ ਪੇਸ਼ਾਬ ਦੇ ਟੋਏ ਵਿਚ ਤਾਂ ਅਸੀਂ ਪੈਰ ਛੁਹਾਣ ਲਈ ਵੀ ਕਦਾਚਿਤ ਤਿਆਰ ਨਹੀਂ ਹਾਂ। ਕਿਸੇ ਅਸੂਲ ਬਦਲੇ ਤਾਂ ਅਸੀਂ ਤਬਾਹ ਹੋਣ ਨੂੰ ਤਿਆਰ ਹਾਂ, ਲੇਕਿਨ ਕਿਸੇ ਫ਼ਿਰਕੇਦਾਰੀ ਲਈ ਇਕ ਇੰਚ ਵੀ ਪਿੱਛੇ ਹਟਣ ਨੂੰ ਤਿਆਰ ਨਹੀਂ। ਜੇ ਸਾਡੇ ਭਾਈਆਂ ਨੂੰ ਕੋਈ ਹੋਰ ਭਲਾ ਤਰੀਕਾ ਸੁਝਦਾ ਹੈ। ਜਿਸ ਨਾਲ ਇਕ ਦੂਜੇ ਦਾ ਤੌਖਲਾ ਦੂਰ ਹੋ ਜਾਵੇ ਤੇ ਅਸੀਂ ਇਕ ਦੂਜੇ ਉੱਤੇ ਭਰੋਸਾ ਰੱਖ ਸਕੀਏ, ਤਦ ਅਸੀਂ ਉਸ ਨੂੰ ਮੰਨਣ ਲਈ ਤਿਆਰ ਹਾਂ। ਅਸੀਂ ਜਾਣਦੇ ਹਾਂ ਕਿ ਆਖ਼ਰ ਮੁਸਲਮਾਨਾਂ ਤੇ ਸਿੱਖਾਂ ਦੋਹਾਂ ਨੂੰ ਬਚਾਓ ਦੀਆਂ ਤਦਬੀਰਾਂ ਸੋਚਣੀਆਂ ਪੈਣਗੀਆਂ, ਐਪਰ ਸਾਨੂੰ ਅਫ਼ਸੋਸ ਹੈ ਕਿ ਮੁਸਲਮਾਨ ਅਜੇਹੀਆਂ ਵਿਉਂਤਾ ਕੱਢਦੇ ਹਨ, ਜਿਨ੍ਹਾਂ ਨਾਲ ਸਿੱਖਾਂ ਦੀ ਰਾਖੀ ਵਧੇਰੇ ਖ਼ਤਰੇ ਵਿਚ ਪੈ ਜਾਂਦੀ ਹੈ। ਹੁਣ ਕੋਈ ਹੋਰ ਤਰੀਕਾ ਕੱਢੋ ਤੇ ਸਾਥੋਂ ਕਿਸੇ ਅਸੂਲ ਵਾਸਤੇ ਕੁਰਬਾਨੀ ਦੀ ਮੰਗ ਕਰੋ, ਨਾ ਕਿ ਫ਼ਿਰਕੇਦਾਰੀ ਲਈ।

ਸਿੱਖ ਧਰਮ ਤੇ ਸਿੱਖ ਕੌਮ ਕੌਮੀ ਲਹਿਰ ਵਿਚ ਸ਼ਾਮਲ ਹੋਣਾ ਸਿੱਖ ਧਰਮ ਦਾ ਅਸਲੀ ਪ੍ਰਚਾਰ ਹੈ

ਧਰਮ ਤੇ ਕੌਮ ਦੋ ਅੱਡਰੀਆਂ ਚੀਜ਼ਾਂ ਹਨ। ਇਹਨਾਂ ਵਿਚ ਇਥੋਂ ਤਕ ਵਖੇਵਾ ਹੈ ਕਿ ਇਹ ਜ਼ਰੂਰੀ ਨਹੀਂ ਹੈ ਕਿ ਕਿਸੇ ਕੌਮ ਦੀ ਉਨਤੀ, ਉਸੇ ਧਰਮ ਦੀ ਉਨਤੀ ਭੀ ਕਹੀ ਜਾ ਸਕੇ। ਇਹ ਬਿਲਕੁਲ ਠੀਕ ਹੈ ਕਿ ਕੌਮ ਦੇ ਬਿਨਾਂ ਧਰਮ ਦਾ ਟਿਕਾਣਾ ਭੀ ਕੋਈ ਨਹੀਂ ਹੈ। ਧਰਮ ਦਾ ਸਬੰਧ ਕੌਮ ਦੇ ਨਾਲ ਉਹੋ ਹੈ, ਜੋ ਆਤਮਾ ਦਾ ਸਬੰਧ ਸਰੀਰ ਨਾਲ ਹੈ। ਅਸਲ ਚੀਜ਼ ਆਤਮਾ ਹੈ ਪਰੰਤੂ ਆਤਮਾ, ਜੋ ਕੰਮ ਕਰਦਾ ਹੈ ਆਪਣੇ ਸਰੀਰ ਦੇ ਰਾਹੀਂ ਹੀ ਕਰਦਾ ਹੈ ਪਰੰਤੂ ਇਹ ਜ਼ਰੂਰੀ ਨਹੀਂ ਹੈ ਕਿ ਜਿਸ ਦਾ ਸਰੀਰ ਮਜ਼ਬੂਤ ਜਾਂ ਚੰਗਾ ਹੋਵੇ, ਉਸ ਦਾ ਆਤਮਾ ਭੀ ਮਜ਼ਬੂਤ ਤੇ ਚੰਗਾ ਹੁੰਦਾ ਹੈ। ਇਸ ਤਰ੍ਹਾਂ ਪਰ ਕੋਈ ਧਰਮ ਕਾਇਮ ਨਹੀਂ ਰਹਿ ਸਕਦਾ, ਜਦੋਂ ਤਕ ਉਸ ਦੇ ਅਨਸਾਰੀ ਕਿਸੇ ਜਥੇਬੰਦੀ ਵਿਚ ਕੰਮ ਨਾ ਕਰਨ ਤੇ ਕੋਈ ਕੌਮ ਨਾ ਬਨਾ ਲੈਣ, ਪਰੰਤੂ ਕਈ ਵਾਰੀ ਅਜਿਹਾ ਹੋ ਜਾਂਦਾ ਹੈ ਕਿ ਲੋਕ ਧਰਮ ਦੀ ਨਿਸਬਤ ਕੌਮ ਦੀ ਤਰਫ਼ ਵਧੇਰੇ ਧਿਆਨ ਦੇਣ ਲੱਗ ਜਾਂਦੇ ਹਨ। ਇਸ ਦਾ ਨਤੀਜਾ ਇਹ ਹੋ ਸਕਦਾ ਹੈ ਕਿ ਕੌਮ ਉਨਤੀ ਕਰ ਜਾਵੇ, ਪਰ ਅਸਲ ਚੀਜ਼ ਧਰਮ ਨੂੰ ਨੁਕਸਾਨ ਪੁੱਜ ਜਾਵੇ। ਅਸੀਂ ਕੌਮੀਅਤ ਦੇ ਕਾਇਲ ਹਾਂ, ਪਰ ਇਸ ਨੂੰ ਕੇਵਲ ਧਰਮ ਦੇ ਕਾਇਮ ਰੱਖਣ ਤੇ ਪ੍ਰਚਾਰ ਕਰਨ ਦਾ ਸਾਧਨ ਹੀ ਸਮਝਦੇ ਹਾਂ। ਜੇ ਕੌਮੀਅਤ ਨੂੰ ਅਸਲ ਚੀਜ਼ ਸਮਝ ਲਿਆ ਜਾਵੇ, ਤਾਂ ਲੋਕ ਆਤਮਕ ਉਨਤੀ ਨਹੀਂ ਕਰਨਗੇ। ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ ਚਾਰੇ, ਕੌਮਾਂ ਦੀਆਂ ਸ਼ਕਲਾਂ ਵਿਚ ਕਾਇਮ ਹਨ, ਪਰੰਤੂ ਕੇਵਲ ਸਿੱਖ ਕੌਮ ਹੀ ਅਜਿਹੀ ਕੌਮ ਹੈ, ਜੋ ਧਰਮ ਦੇ ਆਸਰੇ ਹੈ। ਬਾਕੀ ਧਰਮ ਤਾਂ ਕੌਮ ਦੇ ਆਸਰੇ ਹਨ, ਪਰੰਤੂ ਸਿੱਖ ਕੌਮ ਧਰਮ ਦੇ ਆਸਰੇ ਹੈ। ਕੋਈ ਹਿੰਦੂ ਮੁਸਲਮਾਨ ਜਾਂ ਈਸਾਈ ਜੇ ਆਪਣੇ ਧਰਮ ਪੁਰ ਯਕੀਨ ਰੱਖਣਾ ਛੱਡ ਦੇਵੇ ਤੇ ਆਪਣੇ ਧਰਮ ਪੁਰ ਨਾ ਚੱਲੇ, ਤਾਂ ਫਿਰ ਭੀ ਉਹ ਉਸ ਧਰਮ ਤੋਂ ਨਿਕਲ ਨਹੀਂ ਸਕਦਾ। ਜਦੋਂ ਤਕ ਉਹ ਆਪਣੀ ਕੌਮ ਵਿਚ ਹੈ ਉਹ ਉਸੇ ਧਰਮ ਦਾ ਅਖਵਾਏਗਾ, ਭਾਵੇਂ ਉਹ ਉਸ ਧਰਮ ਦੀ ਕੁਛ ਭੀ ਪ੍ਰਵਾਹ ਨਾ ਕਰਦਾ ਹੋਵੇ। ਹਿੰਦੂ, ਮੁਸਲਮਾਨ, ਈਸਾਈ ਤਾਂ ਕੇਵਲ ਉਸੇ ਹਾਲਤ ਵਿਚ ਆਪਣੇ ਧਰਮ ਤੋਂ ਅੱਡ ਹੋ ਸਕਦੇ ਹਨ, ਜਦੋਂ ਕੋਈ ਹੋਰ ਧਰਮ ਧਾਰਨ ਕਰ ਲੈਣ, ਪਰੰਤੂ ਸਿੱਖ ਧਰਮ ਦੀ ਇਹ ਹਾਲਤ ਨਹੀਂ ਹੈ। ਜੋ ਮਨੁੱਖ ਸਿੱਖੀ ਪੁਰ ਭਰੋਸਾ ਛੱਡ ਦੇਵੇ ਤੇ ਕਿਸੇ ਤਰ੍ਹਾਂ ਨਾਲ ਭੀ ਸਿੱਖ ਧਰਮ ਪੁਰ ਨਾ ਚੱਲੇ (ਅਰਥਾਤ ਕੇਸ ਭੀ ਕਤਲ ਕਰਵਾ ਦੇਵੇ) ਉਹ ਸਿੱਖੀ ਤੋਂ ਆਪ ਹੀ ਗਿਰ

ਜਾਂਦਾ ਹੈ। ਉਸ ਨੂੰ ਧਰਮ ਬਦਲਣ ਦੀ ਲੋੜ ਨਹੀਂ ਹੈ। ਉਹ ਤਾਂ ਸਿੱਖਿਓ ਡਿੱਗ ਕੇ ਕਿਸੇ ਅਜਿਹੇ ਧਰਮ ਵਿਚ ਜਾ ਪੈਂਦਾ ਹੈ, ਜਿਸ ਦੇ ਨਾਲ ਉਸ ਦਾ ਪਹਿਲਾ ਸਬੰਧ ਹੋਵੇ। ਸਿੱਖ ਉਸੇ ਹਾਲਤ ਵਿਚ ਸਿੱਖ ਹੈ ਜਦੋਂ ਕਿ ਉਹ ਕੁਝ ਨਾ ਕੁਝ ਸਿੱਖ ਧਰਮ ਪੁਰ ਚਲਦਾ ਹੋਵੇ, ਪਰੰਤੂ ਈਸਾਈ, ਮੁਸਲਮਾਨ ਜਾਂ ਹਿੰਦੂ ਆਪਣੇ ਆਪਣੇ ਧਰਮਾਂ ਪੁਰ ਬਿਲਕੁਲ ਨਾ ਚਲਦੇ ਹੋਏ ਵੀ ਉਨ੍ਹਾਂ ਵਿੱਚੋਂ ਹਨ, ਜਦੋਂ ਤਕ ਕਿ ਉਹ ਆਪ ਕੋਈ ਦੂਸਰਾ ਧਰਮ ਨਾ ਧਾਰਨ ਕਰ ਲੈਣ। ਸਿੱਖ ਬਨਣ ਲਈ ਕੁਝ ਯਤਨ ਕਰਨਾ ਚਾਹੀਦਾ ਹੈ। ਕੋਈ ਕਿਸੇ ਤਰ੍ਹਾਂ ਦੀ ਕੋਸ਼ਿਸ਼ ਨਾ ਕਰਨ ਨਾਲ ਆਦਮੀ ਸਿੱਖੀਓਂ ਗਿਰ ਜਾਂਦਾ ਹੈ। ਰੁੱਖ ਪੁਰ ਚੜ੍ਹਨ ਲਈ ਹਿੰਮਤ ਦੀ ਲੋੜ ਹੈ ਪਰੰਤੂ ਗਿਰਨ ਲਈ ਤਾਂ ਕੇਵਲ ਕੋਸ਼ਿਸ਼ ਨੂੰ ਛੱਡ ਦੇਣਾ ਹੀ ਕਾਫ਼ੀ ਹੈ, ਇਹ ਹੈ ਮਹਾਨਤਾ ਸਿੱਖ ਧਰਮ ਦੀ ਪ੍ਰੰਤੂ ਇਹੋ ਮਹਾਨਤਾ ਸਿੱਖ ਕੌਮ ਦੀ ਗਿਣਤੀ ਵਿਚ ਵਾਧਾ ਨਹੀਂ ਹੋਣ ਦੇਂਦੀ। ਸਿੱਖ ਕੌਮ ਵਿਚ ਕੇਵਲ ਉਹੋ ਹੀ ਰਹਿ ਸਕਦਾ ਹੈ, ਜੋ ਸਿੱਖ ਧਰਮ ਦਾ ਕਾਇਲ ਹੋਵੇ, ਪਰੰਤੂ ਦੂਸਰੇ ਧਰਮਾਂ ਵਿਚ ਤਾਂ ਨਾਸਤਿਕ ਭੀ ਰਹਿ ਸਕਦੇ ਹਨ। ਮੁਸਲਮਾਨਾਂ ਤੇ ਈਸਾਈਆਂ ਦੇ ਅਸੂਲ ਦੇ ਮੁਤਾਬਿਕ ਕੋਈ ਨਾਸਤਿਕ ਮੁਸਲਮਾਨ ਜਾਂ ਈਸਾਈ ਨਹੀਂ ਰਹਿ ਸਕਦਾ ਪਰੰਤੂ ਅਮਲੀ ਤੌਰ 'ਤੇ ਕਈ ਮੁਸਲਮਾਨ ਤੇ ਬਹੁਤ ਸਾਰੇ ਈਸਾਈ ਨਾਸਤਿਕ ਹੁੰਦੇ ਹੋਏ ਵੀ ਉਹਨਾਂ ਕੌਮਾਂ ਵਿਚ ਸ਼ਾਮਲ ਹਨ। ਜੋ ਸਿੱਖ ਧਰਮ ਤੋਂ ਗਿਰ ਜਾਵੇ, ਉਹ ਸਿੱਖ ਕੌਮ ਵਿੱਚੋਂ ਖਾਰਜ ਹੋ ਜਾਂਦਾ ਹੈ। ਨਤੀਜਾ ਇਹ ਹੈ ਕਿ ਸਿੱਖ ਧਰਮ ਵਧੇਰਾ ਪਵਿੱਤਰ ਰਹਿੰਦਾ ਹੈ। ਕੂੜਾ ਕਰਕਟ ਸਾਫ਼ ਹੁੰਦਾ ਰਹਿੰਦਾ ਹੈ। ਜੋ ਮਨੁੱਖ ਧਰਮ ਦਾ ਖ਼ਿਆਲ ਛੱਡ ਦੇਵੇ, ਉਹ ਸਿੱਖਾਂ ਵਿੱਚੋਂ ਅੱਡ ਹੋ ਜਾਂਦਾ ਹੈ। ਸਿੱਖਾਂ ਵਿਚ ਉਹੋ ਰਹਿੰਦਾ ਹੈ ਜਿਸ ਨੂੰ ਸਿੱਖੀ ਪੁਰ ਯਕੀਨ ਹੋਵੇ। ਇਸ ਤਰ੍ਹਾਂ ਨਾਲ ਗੰਦੇ ਲੋਕ ਸਿੱਖੀਓਂ ਨਿਕਲਦੇ ਰਹਿੰਦੇ ਹਨ ਅਤੇ ਧਰਮੀ ਸਿੱਖੀ ਵਿਚ ਸ਼ਾਮਲ ਹੁੰਦੇ ਰਹਿੰਦੇ ਹਨ।

ਇਸ ਹਾਲਤ ਦਾ ਇਹ ਅਸਰ ਹੁੰਦਾ ਹੈ ਕਿ ਜਦੋਂ ਕਦੇ ਧਰਮ ਦਾ ਪ੍ਰਚਾਰ ਵਧੇਰੇ ਹੋਵੇ, ਤਾਂ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋ ਜਾਂਦਾ ਹੈ ਪਰੰਤੂ ਜਦੋਂ ਧਰਮ ਦੀ ਤਰਫੋਂ ਦੁਨੀਆਂ ਦਾ ਧਿਆਨ ਹਟ ਜਾਵੇ ਤਾਂ ਸਿੱਖਾਂ ਦੀ ਗਿਣਤੀ ਘੱਟ ਹੋ ਜਾਂਦੀ ਹੈ। ਅੰਗਰੇਜ਼ੀ ਰਾਜ ਦੇ ਆਉਣ ਪੁਰ ਧਰਮ ਵੱਲ ਧਿਆਨ ਘੱਟ ਹੋ ਗਿਆ ਸੀ, ਜਿਸ ਦਾ ਨਤੀਜਾ ਇਹ ਹੋਇਆ ਸੀ ਕਿ ਸਿੱਖਾਂ ਦੀ ਗਿਣਤੀ ਭੀ ਘੱਟ ਗਈ ਸੀ। ਪਿੱਛੋਂ ਧਾਰਮਿਕ ਲਹਿਰ ਚੱਲੀ, ਧਰਮ ਵੱਲ ਲੋਕਾਂ ਦਾ ਧਿਆਨ ਹੋਇਆ। ਆਰੀਆ ਸਮਾਜ, ਬ੍ਰਹਮ ਸਮਾਜ, ਦੇਵ ਸਮਾਜ ਤੇ ਸਿੰਘ ਸਭਾ ਆਦਿ ਕਈ ਧਾਰਮਿਕ ਜਥੇ ਨਿਕਲ ਆਏ ਤੇ ਇਸ ਦੇਸ਼ ਵਿਚ ਧਰਮ ਦਾ ਪ੍ਰਚਾਰ ਬਹੁਤ ਹੋਇਆ। ਇਸ ਦਾ ਨਤੀਜਾ ਇਹ ਹੋਇਆ ਕਿ ਵਧੇਰੇ ਲੋਕ ਸਿੱਖ ਬਣ ਗਏ ਤੇ ਸਿੱਖਾਂ ਦੀ ਗਿਣਤੀ ਵਿਚ ਵਾਧਾ ਹੋ ਗਿਆ। ਇਸ ਵੇਲੇ ਧਰਮ ਵੱਲ ਧਿਆਨ ਘੱਟ ਹੋ ਰਿਹਾ ਸੀ। ਲੋਕਾਂ ਦਾ ਧਿਆਨ ਨਾ ਕੇਵਲ ਰਾਜਸੀ, ਮਾਮਲਿਆਂ ਵੱਲ ਹੀ ਹੈ, ਬਲਕਿ ਉਹ ਧਰਮ ਦੇ ਵਿਰੋਧੀ ਭੀ ਹੋ ਰਹੇ ਹਨ। ਇਸ ਦਾ ਜ਼ਰੂਰੀ ਨਤੀਜਾ ਸਿੱਖ ਕੌਮ ਨੂੰ ਨੁਕਸਾਨ

ਹੋਵੇਗਾ। ਦੂਸਰੀਆਂ ਕੌਮਾਂ ਤਾਂ ਧਰਮ ਦੇ ਆਸਰੇ ਨਹੀਂ ਹਨ। ਉਹਨਾਂ ਵਿਚ ਧਰਮ ਪ੍ਰਚਾਰ ਦੇ ਘਾਟੇ ਦਾ ਬਹੁਤ ਘਟ ਅਸਰ ਪੈਂਦਾ ਹੈ ਪਰੰਤੂ ਸਿੱਖ ਕੌਮ ਤਾਂ ਕੇਵਲ ਇਕ ਧਾਰਮਿਕ ਕੌਮ ਹੈ। ਜਦ ਲੋਕਾਂ ਦਾ ਧਿਆਨ ਧਰਮ ਵੱਲੇ ਨਾ ਹੋਵੇਗਾ, ਤਾਂ ਉਹ ਸਿੱਖੀ ਵਿਸ ਸ਼ਾਮਲ ਨਹੀਂ ਹੋ ਸਕਦੇ।

ਹਿੰਦੂ ਧਰਮ ਵਿਚ ਤਾਂ ਨਾਸਤਿਕ ਭੀ ਸ਼ਾਮਲ ਰਹਿ ਸਕਦੇ ਹਨ। ਇਸ ਵੇਲੇ ਮੁਲਕੀ ਲਹਿਰ ਦਾ ਵਹਿਣ ਰੱਬ ਤੇ ਧਰਮ ਦੇ ਵਿਰੁੱਧ ਹੈ। ਇਸ ਤੋਂ ਲਾਭ ਉਠਾ ਕੇ ਕਈ ਆਰੀਆ ਸਮਾਜੀ ਜੋ ਇਸ ਫਿਕਰ ਵਿਚ ਰਹਿੰਦੇ ਹਨ ਕਿ ਕਿਸੇ ਤਰ੍ਹਾਂ ਨਾਲ ਸਿੱਖਾਂ ਨੂੰ ਹੜੱਪ ਕਰ ਲਿਆ ਜਾਵੇ। ਫਰਜ਼ੀ ਨਾਸਤਿਕ ਬਣ ਕੇ ਭੀ ਨਾਸਤਿਕਤਾ ਦਾ ਪ੍ਰਚਾਰ ਕਰਦੇ ਹਨ। ਇਕ ਨਾਸਤਿਕ ਮਨੁੱਖ ਹਿੰਦੂ ਤਾਂ ਹੋ ਸਕਦਾ ਹੈ ਪਰ ਸਿੱਖ ਨਹੀਂ ਹੋ ਸਕਦਾ। ਕੌਮੀ ਲਹਿਰ ਦਾ ਰੁਖ ਵੇਖ ਕੇ ਸਾਡੇ ਕਈ ਮਿਹਰਬਾਨ ਆਪ ਰੱਬ ਪੁਰ ਯਕੀਨ ਰੱਖਦੇ ਹੋਏ ਵੀ ਸਿੱਖਾਂ ਨੂੰ ਨਾਸਤਿਕ ਬਨਣ ਦਾ ਉਪਦੇਸ਼ ਕੇਵਲ ਇਸ ਵਾਸਤੇ ਕਰਦੇ ਹਨ ਕਿ ਉਹਨਾਂ ਨੂੰ ਧਰਮੋਂ ਗਿਰਾਇਆ ਜਾਵੇ। ਇਹ ਗੱਲ ਸਾਡੀ ਆਪਣੀ ਵੇਖੀ ਹੋਈ ਹੈ। ਦੂਜੇ ਪਾਸੇ ਸਾਡੇ ਕਈ ਧਰਮੀ ਮਿੱਤਰ ਅਜਿਹੇ ਹਨ, ਜੋ ਕੌਮੀ ਲਹਿਰ ਵਿਚ ਨਾਸਤਿਕਤਾ ਵੇਖ ਕੇ ਕੌਮੀ ਲਹਿਰ ਵਿਚ ਸ਼ਾਮਲ ਹੋਣ ਤੋਂ ਹੀ ਸੰਕੋਚ ਕਰ ਰਹੇ ਹਨ। ਕਈ ਤਾਂ ਕੌਮੀ ਲਹਿਰ ਦੀ ਵਿਰੋਧਤਾ ਭੀ ਕਰਨ ਲੱਗ ਜਾਂਦੇ ਹਨ। ਉਹ ਇਹ ਨਹੀਂ ਸਮਝਦੇ ਕਿ ਕੌਮੀ ਲਹਿਰ ਕਿਸੇ ਦੀ ਵਿਰੋਧਤਾ ਨਾਲ ਦਬ ਨਹੀਂ ਸਕਦੀ। ਇਹ ਤਾਂ ਉਨਤੀ ਕਰੇਗੀ, ਕਿਉਂਕਿ ਇਸ ਦੀ ਬੁਨਿਆਦ ਸਚਾਈ ਪੁਰ ਹੈ। ਬੇਸ਼ੱਕ ਇਸ ਵਿਚ ਨਾਸਤਿਕਤਾ ਦਾ ਪ੍ਰਚਾਰ ਬੁਰੀ ਗੱਲ ਹੈ, ਪਰੰਤੂ ਇਸ ਦੀ ਅਸਲ ਬੁਨਿਆਦ ਤਾਂ ਹਿੰਦੁਸਤਾਨ ਦੀ ਆਜ਼ਾਦੀ ਦੀ ਜਦੋਜਹਿਦ ਹੈ। ਫਿਰ ਕੌਮੀ ਲਹਿਰ ਦੇ ਅਸਲ ਨਿਸ਼ਾਨੇ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਗਲਤੀਆਂ ਪੁਰ ਵੀ ਵਧੇਰੇ ਧਿਆਨ ਦੇ ਕੇ ਆਪ ਆਪਣੇ ਧਰਮ ਦੇ ਨਿਸ਼ਾਨੇ ਤੋਂ ਡਿੱਗਣਾ ਹੈ। ਸਿੱਖ ਪੰਥ ਮਜ਼ਲੂਮਾਂ ਦੀ ਸੇਵਾ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਇਆ ਸੀ। ਇਸ ਵੇਲੇ ਹਿੰਦੁਸਤਾਨ ਗ਼ੁਲਾਮ ਹੈ ਤੇ ਇਸ ਦੀਆਂ ਗ਼ੁਲਾਮੀ ਦੀਆਂ ਜੰਜੀਰਾਂ ਤੋੜਨ ਦਾ ਯਤਨ ਕਰਨਾ ਹੀ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ। ਜੋ ਲੋਕ ਸਿੱਖ ਹੋ ਕੇ ਕੌਮੀ ਲਹਿਰ ਦੀ ਵਿਰੋਧਤਾ ਕਰਨਗੇ ਜਾਂ ਕੌਮੀ ਲਹਿਰ ਨੂੰ ਸਹਾਇਤਾ ਨਾ ਪਹੁੰਚਾਉਂਵਗੇ ਉਹ ਸਿੱਖੀ ਨੂੰ ਬਦਨਾਮ ਕਰਨਗੇ। ਜੇ ਇਹਨਾਂ ਲੋਕਾਂ ਵਿਚ ਅਜੇਹੇ ਆਦਮੀ ਵੀ ਹੋਣਗੇ, ਜੋ ਆਪਣੇ ਆਪ ਨੂੰ ਪੱਕੇ ਸਿੱਖ ਸਮਝਦੇ ਹੋਣ ਤਾਂ ਉਨ੍ਹਾਂ ਨੂੰ ਵੇਖ ਕੇ ਆਜ਼ਾਦੀ ਦੇ ਪ੍ਰਵਾਨੇ ਤਾਂ ਹੋਰ ਭੀ ਵਧੇਰੇ ਸਿੱਖ ਧਰਮ ਤੋਂ ਨਫ਼ਰਤ ਕਰਨ ਲੱਗ ਜਾਣਗੇ। ਸਿੱਖ ਧਰਮ ਦੇ ਪ੍ਰਚਾਰ ਕਰਨ ਦਾ ਇਸ ਵੇਲੇ ਸਭ ਤੋਂ ਵਧੀਆ ਤਰੀਕਾ ਕੌਮੀ ਲਹਿਰ ਵਿਚ ਸਭ ਤੋਂ ਵਧ ਕੇ ਕੁਰਬਾਨੀ ਕਰਨੀ ਹੈ। ਜੇ ਤੁਸੀਂ ਸਿੱਖ ਧਰਮ ਦੀ ਮਹਾਨਤਾ ਦਾ ਲੋਕਾਂ ਨੂੰ ਯਕੀਨ ਦਿਲਾਉਣਾ ਚਾਹੁੰਦੇ ਹੋ ਤਾਂ ਆਪਣੇ ਅਮਲਾਂ ਨਾਲ ਯਕੀਨ ਦਿਲਾਓ, ਕੇਵਲ ਗੱਲਾਂ ਨੂੰ ਕੋਈ ਨਹੀਂ ਸੁਣੇਗਾ।

ਇਸ ਵਾਸਤੇ ਸਾਡੀ ਉਨ੍ਹਾਂ ਧਰਮੀ ਲੋਕਾਂ ਪਾਸ ਅਪੀਲ ਹੈ, ਜੋ ਇਸ ਵੇਲੇ ਕੌਮੀ

ਲਹਿਰ ਤੋਂ ਅੱਡਰੇ ਬੈਠੇ ਹਨ ਕਿ ਆਓ, ਆਪ ਸਿੱਖੀ ਅਸੂਲ ਪੁਰ ਚਲਦੇ ਹੋਏ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਦੀ ਅਗਵਾਈ ਕਰੋ। ਸਾਡੀ ਤਾਂ ਸਭ ਤੋਂ ਵੱਡੀ ਚਾਹ ਇਹ ਹੈ ਕਿ ਸਿੱਖ ਹਿੰਦੁਸਤਾਨ ਦੀ ਆਜ਼ਾਦੀ ਦੀ ਖ਼ਾਤਰ ਇਤਨਾ ਵੱਧ ਚੜ੍ਹ ਕੇ ਹਿੱਸਾ ਲੈਣ ਕਿ ਕਿਸੇ ਦੂਸਰੇ ਨੂੰ ਕੁਰਬਾਨੀ ਦੀ ਲੋੜ ਹੀ ਨਾ ਪਵੇ। ਦੂਜਿਆਂ ਦੀ ਆਜ਼ਾਦੀ ਦੀ ਲੜਾਈ ਵਿਚ ਸ਼ਾਮਲ ਹੋਣਾ, ਇਹ ਅਰਥ ਰੱਖਦਾ ਹੈ ਕਿ ਸਿੱਖ ਆਪਣਾ ਫ਼ਰਜ਼ ਪੂਰਾ ਨਹੀਂ ਕਰ ਰਹੇ ਹਨ। ਜੇ ਹਰ ਇਕ ਸਿੱਖ ਅਜ਼ਾਦੀ ਦੀ ਲੜਾਈ ਵਿਚ ਕੁਰਬਾਨ ਹੋਣ ਲਈ ਤਿਆਰ ਹੋ ਜਾਵੇ, ਤਾਂ ਹਾਲਤ ਇਹ ਹੋ ਜਾਵੇਗੀ, ਕਿ ਜੇ ਕੋਈ ਗੈਰ ਸਿੱਖ ਭੀ ਆਜ਼ਾਦੀ ਲਈ ਕੁਝ ਚਾਹ ਰੱਖੇਗਾ, ਤਾਂ ਉਹ ਭੀ ਸਿੱਖ ਬਣ ਜਾਵੇਗਾ। ਇਸ ਢੰਗ ਨਾਲ ਸਿੱਖ ਧਰਮ ਦਾ ਪ੍ਰਚਾਰ ਪਹਿਲਾਂ ਹੋਇਆ ਸੀ ਤੇ ਇਹੋ ਤਰੀਕਾ ਕਾਮਯਾਬ ਹੋ ਸਕਦਾ ਹੈ। ਸਿੱਖਾਂ ਨੂੰ ਰਾਜਸੀ ਮੈਦਾਨ ਤੋਂ ਅੱਡ ਰਹਿਣ ਦੀ ਪ੍ਰੇਰਨਾ ਕਰਨ ਵਾਲੇ ਸਿੱਖਾਂ ਦੀਆਂ ਜੜ੍ਹਾਂ ਪੁਰ ਕੁਹਾੜਾ ਚਲਾ ਰਹੇ ਹਨ। ਆਓ ਸਿੱਖ ਧਰਮ ਦੇ ਅਸੂਲਾਂ ਪੁਰ ਪੱਕੇ ਹੋ ਜਾਓ ਤੇ ਆਪਣੀ ਕਰਨੀ ਨਾਲ ਸਿੱਖੀ ਦਾ ਪ੍ਰਚਾਰ ਕਰੋ।

ਮੰਤਕੀ ਟੋਟਕੇ

ਦੋਸਤੀ ਚੇਤੇ ਰੱਖੋ ਤੇ ਦੁਸ਼ਮਣੀ ਭੁੱਲ ਜਾਉ। ਜੋ ਦੋਸਤੀ ਚੇਤੇ ਨਹੀਂ ਰੱਖਦਾ ਉਹ ਬੇਵਫਾ ਹੈ ਤੇ ਜੋ ਦੁਸ਼ਮਣੀ ਨਹੀਂ ਭੁਲਦਾ ਉਹ ਬੁਗਜ ਭਰਿਆ ਨੀਚ ਹੈ। ਇਹੋ ਜਿਹੇ ਦੋਹਾਂ ਆਦਮੀਆਂ ਤੋਂ ਬਚ ਕੇ ਰਹੋ।

(2) ਜੋ ਆਦਮੀ ਅਹਿਸਾਨ ਕਰ ਕੇ ਅਹਿਸਾਨ ਦਾ ਚੇਤਾ ਰੱਖਦਾ ਹੈ, ਉਸ ਨੇ ਕਦੀ ਅਹਿਸਾਨ ਕੀਤਾ ਹੀ ਨਹੀਂ ਹੈ। ਓਸ ਦਾ ਅਹਿਸਾਨ ਕਰਨਾ ਤਾਂ ਆਪਣੇ ਲਾਭ ਲਈ ਇਕ ਵਪਾਰ ਹੀ ਸੀ। ਇਹੋ ਜਿਹੇ ਵਪਾਰ ਕਰਨ ਵਾਲੇ ਨੂੰ ਆਮ ਕਰ ਕੇ ਘਾਟਾ ਹੀ ਰਹਿੰਦਾ ਹੈ। ਇਸ ਤਰ੍ਹਾਂ ਉਸ ਦੀ ਨੇਕ ਨਾ ਕਰਨ ਵਾਲੀ ਕਾਰਵਾਈ ਭੀ ਪਛਤਾਵੇ ਦਾ ਕਾਰਨ ਹੀ ਬਣਦੀ ਹੈ।

✡ ✡ ✡

ਰਾਜਸੀ ਖ਼ਤਰੇ ਨਾਲੋਂ ਵੱਧ ਖ਼ਤਰਾ

ਸਾਡੇ ਪਾਠਕ ਤਾਂ ਇਸ ਗੱਲ ਨੂੰ ਸਮਝ ਚੁੱਕੇ ਹਨ ਕਿ ਪੰਜਾਬ ਵਿਚ ਮੁਸਲਮਾਨਾਂ ਦੀ ਪੱਕਾ ਰਾਜ ਕਾਇਮ ਕਰਨ ਦੀ ਮੰਗ ਨੇ ਸਿੱਖਾਂ ਲਈ ਬਹੁਤ ਖ਼ਤਰਾ ਪੈਦਾ ਕਰ ਦਿੱਤਾ ਹੈ। ਇਹ ਖ਼ਤਰਾ ਖਾਸ ਕਰ ਕੇ ਇਸ ਲਈ ਵੱਧ ਹੈ ਕਿ ਮੁਸਲਮਾਨਾਂ ਦੀ ਇਸ ਮੰਗ ਦੀ ਸਹਾਇਤਾ ਖੁਲਮਖੁਲ੍ਹਾ ਅੰਗਰੇਜ਼ ਕਰ ਰਹੇ ਹਨ, ਜਿਸ ਕਰ ਕੇ ਇਹ ਨਜ਼ਰ ਪੈ ਰਿਹਾ ਹੈ ਕਿ ਮੁਸਲਮਾਨੀ ਰਾਜ ਇਥੇ ਕਾਇਮ ਹੋ ਜਾਵੇਗਾ ਤੇ ਉਸ ਦੇ ਮਗਰੋਂ ਸਿੱਖ ਅਸਲ ਖ਼ਤਰੇ ਨੂੰ ਮਹਿਸੂਸ ਕਰਨਗੇ। ਸਾਨੂੰ ਸ਼ੋਕ ਨਾਲ ਮੰਨਣਾ ਪੈਂਦਾ ਹੈ ਕਿ ਵੇਲੇ ਸਿਰ ਸਿੱਖ ਕਦੀ ਭੀ ਨਹੀਂ ਉਠਦੇ। ਸੁੱਤੇ, ਤਾਂ ਸੁੱਤੇ ਹੀ ਰਹੇ ਤੇ ਜਾਗੇ, ਤਾਂ ਇਕੋ ਵੇਰ ਜ਼ੋਰ ਪਾ ਦਿੱਤਾ। ਬਸ, ਅੱਜ ਸਿੱਖ ਸੁੱਤੇ ਪਏ ਹਨ ਤੇ ਆਪੋ ਵਿਚ ਦੀ ਖਿਚੋਤਾਣ ਵਿਚ ਹੀ ਜ਼ੋਰ ਗਵਾ ਰਹੇ ਹਨ। ਪੰਥ ਵਿਚ ਨਿਢਾਲਤਾ ਤੇ ਬੇਬੱਸੀ ਜਿਹੀ ਬਹੁਤ ਖਿਲਰੀ ਹੋਈ ਹੈ।

ਇਹ ਤਾਂ ਹੈ ਰਾਜਸੀ ਖਤਰਾ, ਪਰ ਇਸ ਦੇ ਨਾਲ ਹੀ ਧਾਰਮਿਕ ਖਤਰਾ ਭੀ ਬਹੁਤ ਵਧ ਰਿਹਾ ਹੈ। ਅੱਜ-ਕਲ੍ਹ ਦੇਸ ਵਿਚ ਰਾਜਸੀ ਲਹਿਰ ਬਹੁਤ ਜ਼ੋਰਾਂ ਵਿਚ ਚੱਲ ਰਹੀ ਹੈ। ਰਾਜਸੀ ਲਹਿਰ ਦੇ ਰਾਹ ਵਿਚ ਫ਼ਿਰਕੇਦਾਰਨਾਂ ਸਵਾਲ ਦੀ ਰੋਕ ਹੈ। ਇਸ ਫ਼ਿਰਕੇਦਾਰੀ ਦੀ ਬੁਨਿਆਦ ਧਰਮ ਉੱਤੇ ਹੈ। ਅਸੀਂ ਫ਼ਿਰਕੇਦਾਰ ਧਰਮ ਨੂੰ ਸੁੱਚਾ ਧਰਮ ਨਹੀਂ ਸਮਝਦੇ, ਪਰ ਆਮ ਲੋਕਾਂ ਨੂੰ ਤਾਂ ਧਰਮ ਕੇਵਲ ਫ਼ਿਰਕਿਆਂ ਦੀ ਰਾਹੀਂ ਹੀ ਨਜ਼ਰ ਪੈਂਦਾ ਹੈ। ਫਿਰਕੇਦਾਰੀ ਦੀ ਜੋ ਰੋਕ ਰਾਜਸੀ ਅਜ਼ਾਦੀ ਦੇ ਰਾਹ ਵਿਚ ਹੈ, ਉਹ ਧਰਮ ਦੇ ਮੱਥੇ ਮੜ੍ਹੀ ਜਾਂਦੀ ਹੈ। ਧਰਮ ਤੇ ਫ਼ਿਰਕੇ ਵਿਚ ਫਰਕ ਲੋਕ ਨਹੀਂ ਸਮਝ ਸਕਦੇ। ਲੋਕਾਂ ਨੂੰ ਅਜ਼ਾਦੀ ਦੀ ਲਗਨ ਲੱਗੀ ਹੋਈ ਹੈ। ਇਸ ਕਰ ਕੇ ਉਹ ਜਿਥੇ ਫ਼ਿਰਕੇਦਾਰੀ ਦੇ ਦੁਸ਼ਮਣ ਹਨ, ਉਥੇ ਧਰਮ ਦੇ ਦੁਸ਼ਮਣ ਵੀ ਬਣ ਰਹੇ ਹਨ। ਇਸ ਵੇਲੇ ਵਾਹਿਗੁਰੂ ਤੇ ਧਰਮ ਦੇ ਵਿਰੁੱਧ ਅਜ਼ਾਦੀ ਦੀ ਲਹਿਰ ਵਿਚ ਬਹੁਤ ਸਾਰਾ ਸਮਾਨ ਹੈ। ਬਹੁਤ ਸਾਰੇ ਲੋਕੀਂ ਕੇਵਲ ਅਜ਼ਾਦੀ ਦੇ ਆਸ਼ਕ ਹੋਣ ਕਰ ਕੇ ਧਰਮ ਦੇ ਵਿਰੁੱਧ ਹੋ ਰਹੇ ਹਨ।

ਇਸ ਹਾਲਤ ਤੋਂ ਫ਼ਾਇਦਾ ਉਠਾ ਕੇ ਕਈ ਆਰੀਆ ਸਮਾਜੀ ਖ਼ਾਸ ਤੌਰ 'ਤੇ ਧਰਮ ਦੇ ਵਿਰੁੱਧ ਕੇਵਲ ਇਸ ਨੀਅਤ ਨਾਲ ਪ੍ਰਚਾਰ ਕਰ ਰਹੇ ਹਨ ਕਿ ਸਿੱਖਾਂ ਵਿਚ ਧਰਮ ਦਾ ਭਾਵ ਘਟੇ ਤੇ ਉਹ ਕੇਸ ਮੁਨਾ ਕੇ ਹਿੰਦੂਆਂ ਵਿਚ ਆ ਰਲਣ। ਦੂਜੇ ਪਾਸੇ ਕਈ ਧਰਮ ਦਾ ਪਿਆਰ ਕਰਨ ਵਾਲੇ ਇਹ ਹਾਲਤ ਵੇਖ ਕੇ ਸਗੋਂ ਅਜ਼ਾਦੀ ਦੀ ਲਹਿਰ ਦੇ ਵਿਰੁੱਧ ਹੋ ਰਹੇ ਹਨ। ਅਜ਼ਾਦੀ ਅਸਲ ਵਿਚ ਧਰਮ ਦਾ ਅੰਗ ਹੈ

ਤੇ ਜ਼ਰੂਰੀ ਅੰਗ ਹੈ ਪਰ ਸਾਡੇ ਲੋਕਾਂ ਦੀ ਬੇ-ਸਮਝੀ ਕਰ ਕੇ ਕਈ ਲੋਕੀਂ ਅਜ਼ਾਦੀ ਤੇ ਧਰਮ ਦਾ ਜੰਗ ਹੀ ਸਮਝ ਬੈਠੇ ਹਨ। ਜਿਸ ਘਟ ਸਮਝ ਵਾਲੇ ਵਿਚ ਅਜ਼ਾਦੀ ਵੱਲ ਵਧੇਰੇ ਧਿਆਨ ਹੁੰਦਾ ਹੈ, ਉਹ ਧਰਮ ਦਾ ਦੁਸ਼ਮਣ ਬਣ ਜਾਂਦਾ ਹੈ ਤੇ ਜਿਸ ਘਟ ਸਮਝ ਵਾਲੇ ਵਿਚ ਧਰਮ ਦਾ ਵਧੇਰੇ ਪਿਆਰ ਹੁੰਦਾ ਹੈ, ਉਹ ਆਜ਼ਾਦੀ ਦਾ ਦੁਸ਼ਮਣ ਬਣ ਜਾਂਦਾ ਹੈ। ਇਸ ਤਰ੍ਹਾਂ ਦੋ ਨੇਕ ਭਾਵਾਂ ਵਾਲੇ ਇਕ ਦੂਜੇ ਨੂੰ ਨੁਕਸਾਨ ਪਹੁੰਚਾ ਰਹੇ ਹਨ। ਅਜ਼ਾਦੀ ਦੀ ਲਹਿਰ ਵੱਧ ਰਹੀ ਹੈ, ਜਿਸ ਕਰ ਕੇ ਇਸ ਮੁਕਾਬਲੇ ਵਿਚ ਧਰਮ ਦੀ ਹਾਰ ਹੁੰਦੀ ਜਾਪਦੀ ਹੈ। ਅਸਲ ਧਰਮਾਤਮਾਂ ਤਾਂ ਅਡੋਲ ਰਹਿਣਗੇ, ਪਰ ਆਮ ਲੋਕਾਂ ਨੂੰ ਧਰਮ ਤਾਂ ਅਜ਼ਾਦੀ ਦੇ ਰਾਹ ਵਿਚ ਰੋਕ ਨਜ਼ਰ ਆ ਰਿਹਾ ਹੈ।

ਇਹ ਖ਼ਤਰਾ ਸਿੱਖੀ ਨੂੰ ਖ਼ਾਸ ਤੌਰ 'ਤੇ ਹੈ, ਕਿਉਂਕਿ ਜਿਸ ਸਿੱਖ ਵਿਚ ਉੱਕਾ ਹੀ ਧਰਮ ਦਾ ਕੋਈ ,ਭਾਵ ਨਾ ਰਹੇ, ਉਹ ਕੇਸ ਕਟਾ ਕੇ ਲਾਂਭੇ ਹੋ ਜਾਵੇਗਾ। ਦੂਜੇ ਧਰਮਾਂ ਵਿਚ ਤਾਂ ਅਜਿਹੇ ਬਥੇਰੇ ਰਹਿ ਸਕਦੇ ਹਨ, ਜਿਹਨਾਂ ਵਿਚ ਧਰਮ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਖ਼ਾਸ ਤੌਰ 'ਤੇ ਇਧਰ ਧਿਆਨ ਦੇਣਾ ਚਾਹੀਦਾ ਹੈ। ਗੱਲਾਂ ਨਾਲ ਧਰਮ ਪ੍ਰਚਾਰ ਨਹੀਂ ਹੋ ਸਕਦਾ। ਆਪਣੇ ਅਮਲਾਂ ਨਾਲ ਦੁਨੀਆਂ ਨੂੰ ਯਕੀਨ ਕਰਾਓ ਕਿ ਧਰਮੀ ਅਖਵਾਣ ਵਾਲੇ ਅਸਲ ਵਿਚ ਭੀ ਆਪਣਾ ਆਪ ਦੂਜਿਆਂ ਦੀ ਸੇਵਾ ਵਿਚ ਲਾ ਸਕਦੇ ਹਨ।

ਅਜ਼ਾਦੀ ਦੇ ਆਸ਼ਕਾਂ ਨੂੰ ਭੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਅਸਲ ਵਿਚ ਪੱਕੀ ਕੁਰਬਾਨੀ ਉਹ ਹੀ ਕਰ ਸਕਦਾ ਹੈ, ਜੋ ਵਾਹਿਗੁਰੂ ਪ੍ਰੇਮ ਵਿਚ ਸਰੀਰਕ ਵਸਤੂਆਂ ਨੂੰ ਤੁਛ ਸਮਝੇ। ਜੋ ਧਰਮੀ ਨਹੀਂ ਹੈ, ਉਹ ਆਪਣੇ ਲਾਭ ਤੇ ਆਪਣੀ ਅਜ਼ਾਦੀ ਲਈ ਤਾਂ ਯਤਨ ਕਰੇਗਾ, ਪਰ ਦੂਜਿਆਂ ਦੀ ਅਜ਼ਾਦੀ ਦੀ ਪ੍ਰਵਾਹ ਨਹੀਂ ਕਰੇਗਾ। ਇਸ ਵੇਲੇ ਬਦੇਸ਼ੀ ਲੋਕਾਂ ਨਾਲ ਮੁਕਾਬਲਾ ਹੋਣ ਕਰ ਕੇ ਆਪੋ ਵਿਚ ਏਕਤਾ ਭਾਵੇਂ ਬਣੀ ਰਹੀ ਪਰ ਧਰਮ ਬਿਨਾਂ ਉਹ ਬੇ-ਗਰਜ਼ੇ ਸਾਡੇ ਵਿਚ ਨਹੀਂ ਰਹਿ ਸਕਦੀ, ਜੋ ਏਕਤਾ ਲਈ ਜ਼ਰੂਰੀ ਹੈ। ਧਰਮ ਦਾ ਨਾਮ ਲੈ ਕੇ ਆਜ਼ਾਦੀ ਦੀ ਦੁਸ਼ਮਣੀ ਕਰਨ ਵਾਲਿਓ, ਤੁਸੀਂ ਧਰਮ ਦੀ ਜੜ੍ਹ ਕੱਟ ਰਹੇ ਹੋ ਤੇ ਅਜ਼ਾਦੀ ਦਾ ਝੰਡਾ ਚੁੱਕ ਕੇ ਧਰਮ ਦੀ ਵਿਰੋਧਤਾ ਕਰਨ ਵਾਲਿਓ, ਤੁਸੀਂ ਆਜ਼ਾਦੀ ਦੀਆਂ ਲੱਤਾਂ ਕੱਟ ਰਹੇ ਹੋ। ਅਜ਼ਾਦੀ ਤੋਂ ਖ਼ਾਲੀ ਧਰਮ ਦਾ ਹੁਣ ਨਾਸ ਹੋਵੇਗਾ ਤੇ ਧਰਮ ਤੋਂ ਖ਼ਾਲੀ ਅਜ਼ਾਦੀ ਛੇਤੀ ਹੀ ਡਿੱਗੇਗੀ, ਕਿਉਂਕਿ ਉਸ ਦੀਆਂ ਲੱਤਾਂ ਹੀ ਨਹੀਂ ਹਨ।

ਮੰਤਕੀ ਟੋਟਕੇ

(1) ਧੋਖਾ ਖਾਣ ਨਾਲ ਮੇਰਾ ਕੁਝ ਨਹੀਂ ਵਿਗੜਦਾ ਤੇ ਧੋਖਾ ਦੇਣ ਨਾਲ ਮੇਰਾ ਕੁਝ ਨਹੀਂ ਰਹਿੰਦਾ।

(2) ਜੋ ਕਿਸੇ ਉੱਤੇ ਭੀ ਇਤਬਾਰ ਨਹੀਂ ਕਰਦਾ, ਉਹ ਆਪ ਇਤਬਾਰ ਯੋਗ ਨਹੀਂ ਹੈ ਤੇ ਜੋ ਹਰ ਕਿਸੇ ਉੱਤੇ ਇਤਬਾਰ ਕਰ ਦੇਂਦਾ ਹੈ, ਉਹ ਅੰਵਾਣਾ ਹੈ।

(3) ਸਦਾ ਆਪਣੀ ਅਕਲ ਵਰਤੋਂ, ਪਰ ਜੇ ਆਪਣੀ ਨਾ ਹੋਵੇ ਤਾਂ ਦੂਜੇ ਤੋਂ ਲੈ ਲੈਣ ਵਿਚ ਭੀ ਡਰ ਨਹੀਂ ਹੈ।

ਮਲਕ ਬਰਕਤ ਅਲੀ ਦੇ ਨਾਂ :

ਮਲਕ ਬਰਕਤ ਅਲੀ ਇਕ ਲਾਇਕ ਆਦਮੀ ਹੈ ਤੇ ਉਸ ਨੇ ਬੜੀ ਸਿਆਣਪ ਨਾਲ ਅਸਲ ਸਵਾਲ ਨੂੰ ਟਰਕਾ ਦਿੱਤਾ ਹੈ। ਵਾਸਤਵ ਵਿਚ ਪੰਜਾਬ ਦੇ ਸਿੱਖਾਂ ਤੇ ਮੁਸਲਮਾਨਾਂ ਦੇ ਵਿਚਕਾਹੇ ਝਗੜਾ ਹੈ। ਮੁਸਲਮਾਨ ਪੱਕੀ ਤੇ ਅਝੁਕ ਬਹੁ-ਸੰਮਤੀ ਚਾਹੁੰਦੇ ਹਨ, ਜਿਸ ਦੇ ਕਿ ਸਿੱਖ ਵਿਰੋਧੀ ਹਨ। ਘੱਟ ਗਿਣਤੀ ਵਾਲੀਆਂ ਕੌਮਾਂ ਦੀ ਰਖਿਆ ਦੀ ਮੰਗ ਕੋਈ ਨਵੀਂ ਗੱਲ ਨਹੀਂ ਹੈ ਪਰ ਅਜੇ ਤਕ ਕੋਈ ਆਦਮੀ ਇਸ ਲਾਇਕ ਨਹੀਂ ਹੋਇਆ ਕਿ ਉਹ ਇਕ ਮਿਸਾਲ ਵੀ ਦੇ ਸਕੇ, ਜਿਸ ਵਿਚ ਇਕ ਬਹੁ-ਗਿਣਤੀ ਵਾਲੀ ਕੌਮ ਦੇ ਗਲਬੇ ਵਾਸਤੇ ਖ਼ਾਸ ਪ੍ਰਬੰਧ ਕੀਤਾ ਗਿਆ ਹੋਵੇ। ਕਿਸੇ ਦੀ ਕਾਨੂੰਨੀ ਬਹੁ-ਗਿਣਤੀ ਕਾਇਮ ਕਰਨੀ ਪੰਚਾਇਤੀ ਰਾਜ ਦੇ ਉਲਟ ਹੈ ਤੇ ਇਹ ਕਿਸੇ ਇਖ਼ਲਾਕੀ ਅਸੂਲ ਅਨੁਸਾਰ ਨਿਆਂ-ਪੂਰਬਕ ਨਹੀਂ ਹੋ ਸਕਦੀ। ਇਸ ਮੰਗ ਵਿਚ ਕਮਜ਼ੋਰੀ ਮਹਿਸੂਸ ਕਰ ਕੇ, ਕੌਮ-ਪੂਜ ਮੁਸਲਮਾਨਾਂ (ਜਿਹਨਾਂ ਸਬੰਧੀ ਮੇਰਾ ਯਕੀਨ ਹੈ ਕਿ ਉਹ ਕੌਮ-ਪੂਜ ਨਹੀਂ ਪਰ ਮੈਂ ਉਹਨਾਂ ਨੂੰ ਖੁਸ਼ ਸਲੂਕੀ ਦੇ ਤੌਰ ਪੁਰ ਅਜੇਹਾ ਕਹਿੰਦਾ ਹਾਂ) ਨੇ ਇਸ ਨੂੰ ਗਲੇਫਵੀਂ ਸ਼ਕਲ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ, ਇਹ ਗੱਲ ਸਿੱਖਾਂ ਨੂੰ ਧੋਖਾ ਨਹੀਂ ਦੇ ਸਕਦੀ। ਸਿੱਖ, ਨਾ ਹੀ ਕਾਨੂੰਨ ਅਨੁਸਾਰ ਬਣਾਈ ਗਈ ਬਹੁ-ਗਿਣਤੀ ਅੱਗੇ ਅਥਵਾ ਕਿਸੇ ਅਜਿਹੀ ਸ਼ਰਤ ਅੱਗੇ ਝੁਕਣਗੇ, ਜਿਸ ਵਿਚ ਕਿ ਖ਼ਾਸ ਤੌਰ ਪੁਰ ਪੰਜਾਬ ਵਿਚ ਫ਼ਿਰਕੇਦਾਰਨਾਂ ਮੁਸਲਿਮ ਗਲਬਾ ਕਾਇਮ ਕਰਨ ਦੀ ਇੱਛਿਆ ਪ੍ਰਗਟ ਕੀਤੀ ਗਈ ਹੋਵੇ।

ਮਲਕ ਸਾਹਿਬ ਖੁਸ਼ ਹਨ ਕਿਉਂਕਿ ਉਹ ਸਮਝਦੇ ਹਨ ਕਿ ਇੰਗਲਿਸਤਾਨ ਦੇ ਵੱਡੇ ਵਜ਼ੀਰ ਨੇ "ਮੌਜੀ ਲੋਕ" ਜੋ ਸ਼ਬਦ ਵਰਤੇ ਹਨ, ਉਨ੍ਹਾਂ ਦਾ ਸਿੱਖਾਂ ਵੱਲ ਇਸ਼ਾਰਾ ਹੈ, ਪਰ ਜੇ ਮਲਕ ਸਾਹਿਬ ਇਨ੍ਹਾਂ ਲਫ਼ਜ਼ਾਂ ਨੂੰ ਦੁਬਾਰਾ ਪੜ੍ਹਨਗੇ ਤਾਂ ਉਨ੍ਹਾਂ ਨੂੰ ਪਤਾ ਲਗੇਗਾ ਕਿ ਇਹ ਲਫ਼ਜ਼ ਦੋਹਾਂ ਸਿੱਖਾਂ ਤੇ ਮੁਸਲਮਾਨਾਂ ਲਈ ਹਨ। ਜਿਹੜੇ ਪਾਸਕੂ ਦੀ ਮੰਗ ਕਰਦੇ ਹਨ ਤੇ ਜਿਹੜੇ ਅਬਾਦੀ ਦੀ ਬਿਨਾਂ ਪੁਰ ਸੀਟਾਂ ਰਾਖਵੀਆਂ ਕਰਨ ਦੀ ਮੰਗ ਕਰਦੇ ਹਨ, ਉਨ੍ਹਾਂ ਦੋਹਾਂ ਲਈ ਇਹ ਮੰਗਾਂ ਬੇ-ਜੋੜ ਹਨ ਪਰ ਜੇ ਇਹ ਵੀ ਫ਼ਰਜ਼ ਕਰ ਲਿਆ ਜਾਵੇ ਕਿ ਮਲਕ ਸਾਹਿਬ ਨੇ ਵੱਡੇ ਵਜੀਰ ਦੇ ਦਿਲ ਦੀ ਗੱਲ ਠੀਕ ਸਮਝ ਲਈ ਹੈ ਤਾਂ ਵੀ ਉਨ੍ਹਾਂ ਦੀ ਇਹ ਖੁਸ਼ੀ ਕੁਝ ਕੱਚੀ ਹੀ ਖੁਸ਼ੀ ਹੈ। ਅੰਗਰੇਜ਼ੀ ਪਾਰਲੀਮੈਂਟ ਵੱਲੋਂ ਸਿੱਖਾਂ ਦੀਆਂ ਮੰਗਾਂ ਨਾ-ਮਨਜ਼ੂਰ ਹੋਣ ਪੁਰ ਸਿੱਖਾਂ ਦੀ ਕਿਸਮਤ ਉੱਤੇ ਸਦਾ ਲਈ ਮੋਹਰ ਨਹੀਂ ਲਗਾਈ ਜਾ ਸਕਦੀ। ਸਿੱਖ, ਪੰਜਾਬ ਵਿਚ ਜਿਥੇ ਕਿ ਉਨ੍ਹਾਂ ਦੇ ਘਰ ਹਨ ਆਪਣੀ ਤਾਕਤ ਨਾਲ ਥਾਂ ਮੱਲਣਗੇ ਤੇ ਉਹਨਾਂ

ਨੂੰ ਜ਼ਰੂਰ ਮੱਲਣੀ ਚਾਹੀਦੀ ਹੈ। ਉਹ ਕਦਾਚਿਤ ਕਾਇਮ ਕੀਤੀ ਗਈ ਕਿਸੇ ਫ਼ਿਰਕੇਦਾਰਨਾਂ ਬਹੁ-ਗਿਣਤੀ ਦੇ ਅਧੀਨ ਹੋ ਕੇ ਨਹੀਂ ਰਹਿਣਗੇ।

ਹੁਣ ਮੈਂ ਮਲਕ ਸਾਹਿਬ ਦੇ ਬਿਆਨ ਦੇ ਅਸਲੀ ਨੁਕਤੇ ਵੱਲੇ ਆਉਂਦਾ ਹਾਂ, ਆਪ ਕਹਿੰਦੇ ਹਨ ਕਿ ਪੰਜਾਬ ਦੇ "ਫ਼ਿਰਕਾਪ੍ਰਸਤ ਹਿੰਦੂਆਂ ਨੇ ਸੂਬੇ ਦੇ ਬਹੁ-ਗਿਣਤੀ ਵਾਲੇ ਮੁਸਲਮਾਨਾਂ ਨੂੰ ਤਬਾਹ ਕਰਨ ਲਈ ਹੁਣ ਇਕ ਹੋਰ ਚਾਲ ਸੋਚੀ ਹੈ। ਉਹ ਹੁਣ ਪੰਜਾਬ ਦੀਆਂ ਘੱਟ ਗਿਣਤੀਆਂ ਦੀ ਕਾਨਫ਼ਰੰਸ ਦੀ ਤਜਵੀਜ਼ ਕਰ ਰਿਹਾ ਹੈ।"

ਇਹ ਬਿਆਨ ਉਕਾ ਬੇ-ਬੁਨਿਆਦ ਹੈ। ਹਿੰਦੂਆਂ ਨੇ ਹਰਗਿਜ਼ ਇਹ ਕਾਨਫ਼ਰੰਸ ਤਜਵੀਜ਼ ਨਹੀਂ ਕੀਤੀ। ਇਸ ਕਾਨਫ਼ਰੰਸ ਦੀ ਤਜਵੀਜ਼ ਸਿੱਖਾਂ ਵੱਲੋਂ ਹੋਈ ਹੈ। ਦੋ ਸਾਲਾਂ ਦੀ ਗੱਲ ਹੈ ਕਿ ਮੈਂ "ਅਕਾਲੀ" ਵਿਚ ਹਿੰਦੁਸਤਾਨ ਭਰ ਦੀਆਂ ਘੱਟ ਗਿਣਤੀਆਂ ਦੀ ਕਾਨਫ਼ਰੰਸ 'ਚ ਬੋਲਣ ਦੀ ਤਜਵੀਜ਼ ਪੇਸ਼ ਕੀਤੀ ਸੀ ਤਾਂ ਜੋ ਸਾਂਝੀਆਂ ਮੰਗਾਂ ਬਣਾ ਕੇ ਹਿੰਦੂ ਬਹੁ-ਸੰਮਤੀ ਦਾ ਮੁਕਾਬਲਾ ਕੀਤਾ ਗਿਆ। ਮੈਂ ਮੁਸਲਮਾਨਾਂ ਦੀ ਸੇਵਾ ਵਿਚ ਵੀ ਦਰਖਾਸਤ ਕੀਤੀ ਸੀ ਕਿ ਉਹ ਹਿੰਦੁਸਤਾਨ ਦੀ ਸਭ ਤੋਂ ਵੱਡੀ, ਛੋਟੀ ਗਿਣਤੀ ਦੇ ਤੌਰ ਪੁਰ ਇਸ ਮਾਮਲੇ ਨੂੰ ਛੇੜਨ ਤੇ ਅਗਵਾਈ ਕਰਨ। ਮੁਸਲਮਾਨਾਂ ਨੇ ਮੇਰੀ ਇਸ ਤਜਵੀਜ਼ ਦੀ ਕੋਈ ਬਹੁਤੀ ਪੋੜ੍ਹਤਾ ਨਾ ਕੀਤੀ ਤੇ ਇਹ ਕਦੇ ਸਿਰੇ ਨਾ ਚੜ੍ਹੀ।

ਇਸ ਦੇ ਮਗਰੋਂ ਮੁਸਲਮਾਨਾਂ ਦਾ ਵਤੀਰਾ ਸਖ਼ਤ ਹੋ ਗਿਆ। ਬਿਦੇਸ਼ੀ ਨੌਕਰਸ਼ਾਹੀ ਵੱਲੋਂ ਪਿੱਠ ਉੱਤੇ ਥਾਪੀ ਮਿਲਣ ਪੁਰ ਉਨ੍ਹਾਂ ਨੇ ਆਪਣੇ ਆਪ ਨੂੰ ਹਿੰਦੁਸਤਾਨ ਦੀਆਂ ਘੱਟ ਗਿਣਤੀਆਂ ਦੇ ਪਹਿਲਵਾਨ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ, ਪਰ ਘੱਟ ਗਿਣਤੀਆਂ ਦੀ ਰਖਵਾਲੀ ਦੇ ਨਾਮ ਪੁਰ ਮੁਸਲਮਾਨਾਂ ਦੀ ਇਹ ਇੱਛਾ ਹੋ ਗਈ ਕਿ ਪੰਜਾਬ ਦੀਆਂ ਘੱਟ ਗਿਣਤੀਆਂ ਨੂੰ ਸਦਾ ਲਈ ਗ਼ੁਲਾਮ ਬਣਾਇਆ ਜਾਵੇ। ਇਸ ਗੱਲ ਤੋਂ ਸੁਭਾਵਿਕ ਤੌਰ ਪੁਰ ਸਿੱਖਾਂ ਤੇ ਪੰਜਾਬ ਦੀਆਂ ਹੋਰ ਘੱਟ ਗਿਣਤੀਆਂ ਨੂੰ ਖ਼ਤਰਾ ਹੋਇਆ। ਹਿੰਦੁਸਤਾਨ ਦੀਆਂ ਘੱਟ ਗਿਣਤੀਆਂ ਲਈ ਪ੍ਰਸਪਰ ਸਮਝੌਤਾ ਕਰਨ ਦਾ ਕੋਈ ਹੋਰ ਮੌਕਾ ਨਾ ਰਿਹਾ, ਕਿਉਂਕਿ ਮੁਸਲਮਾਨਾਂ ਦੀਆਂ ਮੰਗਾਂ ਹੋਰ ਘੱਟ ਗਿਣਤੀਆਂ ਦੇ ਲਾਭਾਂ ਦੇ ਉਲਟ ਸਨ। ਇਸ ਲਈ ਮੇਰੀ ਪੁਰਾਣੀ ਤਜਵੀਜ ਨੂੰ ਮੇਰੇ ਕੁਝ ਸਿੱਖ ਮਿੱਤਰਾਂ ਨੇ ਨਰਮ ਸ਼ਕਲ ਵਿਚ ਫਿਰ ਸੁਰਜੀਤ ਕੀਤਾ। ਤਜਵੀਜ ਇਹ ਹੋਈ ਕਿ ਪੰਜਾਬ ਦੀਆਂ ਘੱਟ ਗਿਣਤੀਆਂ ਨੂੰ, ਮੁਸਲਮਾਨਾਂ ਦੀਆਂ ਉਕੀਆਂ ਅਨਿਆਈ ਤੇ ਪੰਚਾਇਤੀ ਅਸੂਲਾਂ ਦੇ ਉਲਟ ਮੰਗਾਂ ਦੀ ਵਿਰੋਧਤਾ ਲਈ, ਇਕ ਮੁੱਠ ਕੀਤਾ ਜਾਵੇ। ਜਿਸ ਦੁਆਰਾ ਕਿ ਮੁਸਲਮਾਨ ਪੰਜਾਬ ਦੇ ਰਾਜ-ਪ੍ਰਬੰਧ ਵਿਚ ਗਲਬਾ ਪਾਉਣ ਲਈ ਕਾਨੂੰਨ ਅਨੁਸਾਰ ਸਦੀਵੀ ਪੱਕੀ ਬਹੁ-ਸੰਮਤੀ ਕਾਇਮ ਕਰਨੀ ਚਾਹੁੰਦੇ ਸਨ। ਇਹ ਵਾਸਤਵ ਵਿਚ ਪੰਜਾਬ ਦੀਆਂ ਸਾਰੀਆਂ ਘੱਟ ਗਿਣਤੀਆਂ ਲਈ ਭਾਰੀ ਖਤਰਾ ਹੈ ਤੇ ਸੁਭਾਵਿਕ ਹੀ ਉਹਨਾਂ ਨੇ ਇਸ ਨੂੰ ਇਕ ਸਾਂਝਾ ਮਾਮਲਾ ਬਣਾ ਲਿਆ ਹੈ। ਸਿੱਖਾਂ ਨੇ ਸਿੱਖ ਲੀਗ ਦੇ ਇਜਲਾਸ ਵਿਚ ਇਹ ਤਜਵੀਜ ਕੀਤੀ

ਕਿ ਪੰਜਾਬ ਦੀਆਂ ਘੱਟ ਗਿਣਤੀਆਂ ਦੀ ਕਾਨਫ਼ਰੰਸ ਬੁਲਾਈ ਜਾਵੇ। ਹੋਰ ਕੌਮਾਂ ਨੇ ਇਹ ਤਜਵੀਜ਼ ਦਾ ਸਵਾਗਤ ਕੀਤਾ। ਜੇ ਹੁਣ ਮੁਸਲਮਾਨ ਹਿੰਦੁਸਤਾਨ ਦੀਆਂ ਸਾਰੀਆਂ ਘੱਟ ਗਿਣਤੀਆਂ ਦੇ ਯੋਗ ਲਾਭਾਂ ਦੀ ਪ੍ਰਾਪਤੀ ਕਰਨੀ ਹੈ, ਤਾਂ ਮੈ ਖ਼ਿਆਲ ਕਰਦਾ ਹਾਂ ਕਿ ਇਹ ਗੱਲ ਹਰ ਇਕ ਘੱਟ ਗਿਣਤੀ ਵਾਲੀ ਕੌਮ ਲਈ ਤੇ ਮਾਤਰੀ ਭੂਮੀ ਲਈ ਸਭ ਤੋਂ ਵਧੀਕ ਚੰਗੀ ਸਾਬਤ ਹੋਵੇਗੀ ਤੇ ਇਸ ਹਾਲਤ ਵਿਚ ਪੰਜਾਬ ਦੀਆਂ ਘੱਟ ਗਿਣਤੀਆਂ ਦੀ ਕਾਨਫ਼ਰੰਸ ਉਸ ਸੰਗਲੀ ਦਾ ਇਕ ਹਿੱਸਾ ਹੋਵੇਗੀ, ਜਿਹੜੀ ਕਿ ਪਿੱਛੋਂ ਬਣੂੰ ਪਰ ਜੇ ਮੁਸਲਮਾਨ, ਨੌਕਰਸ਼ਾਹੀ ਤੇ ਯੂਰਪੀਨ ਕੌਮ ਦੇ ਸਹਾਰੇ ਪੁਰ ਨਿਰਭਰ ਰਹਿਣਗੇ ਤਾਂ ਜ਼ਰੂਰ ਰੱਫੜ ਪਵੇਗਾ। ਉਹ ਲੋਕ ਜਿਹੜੇ ਕਿ ਆਜ਼ਾਦੀ ਦੀ ਲੜਾਈ ਲੜ ਰਹੇ ਹਨ, ਕਿਸੇ ਸ਼ਕਲ ਵਿੱਚ ਵੀ ਗ਼ੁਲਾਮੀ ਨਹੀਂ ਕਬੂਲਣਗੇ ਤੇ ਇਸੇ ਲਈ ਇਹ ਕਾਨਫ਼ਰੰਸ ਬੁਲਾਈ ਜਾ ਰਹੀ ਹੈ।

✲ ✲ ✲

"ਸਿੱਖ ਕਦੋਂ ਮੁਸਲਮਾਨਾਂ ਦੇ ਨੇੜੇ ਹੋ ਜਾਂਦੇ ਹਨ ਤੇ ਕਦੋਂ ਹਿੰਦੂਆਂ ਦੇ"

ਅੱਜ-ਕਲ੍ਹ ਮੁਸਲਮਾਨ ਅਖ਼ਬਾਰਾਂ ਤੇ ਮੁਸਲਮਾਨ ਲੀਡਰ ਇਹ ਕਹਿ ਰਹੇ ਹਨ ਕਿ ਹਿੰਦੂਆਂ ਤੇ ਸਿੱਖਾਂ ਵਿਚ ਕੋਈ ਫ਼ਰਕ ਨਹੀਂ ਹੈ, ਕਿਉਂਕਿ ਉਹਨਾਂ ਦੀਆਂ ਆਪਸ ਵਿਚ ਸ਼ਾਦੀਆਂ ਹੋ ਜਾਂਦੀਆਂ ਹਨ। ਇਸ ਤੋਂ ਪਹਿਲਾਂ ਜਦੋਂ ਸੰਨ 1922 ਵਿਚ ਤੇ ਸੰਨ 1923 ਵਿਚ ਹਿੰਦੂ, ਮੁਸਲਮਾਨ ਫਸਾਦ ਹੁੰਦੇ ਸਨ ਤੇ ਸਿੱਖ ਨਿਰਪੱਖ ਸਨ ਤਾਂ ਮੁਸਲਮਾਨ ਲਿਖਿਆ ਕਰਦੇ ਸਨ ਕਿ ਸਿੱਖ ਤੇ ਮੁਸਲਮਾਨ ਆਪੋ ਵਿਚ ਵਧੇਰੇ ਨੇੜੇ ਹਨ, ਕਿਉਂਕਿ ਦੋਵੇਂ ਤੋਹੀਦ-ਪ੍ਰਸਤ ਹਨ। ਜ਼ਿਮੀਦਾਰ ਨੇ ਕਾਲਮਾਂ ਦੇ ਕਾਲਮ ਵਿਚ ਇਹ ਸਾਬਤ ਕਰਨ ਲਈ ਕਾਲੇ ਕੀਤੇ ਕਿ ਸਿੱਖ ਹਿੰਦੂਆਂ ਦੀ ਨਿਸਬਤ ਮੁਸਲਮਾਨਾਂ ਦੇ ਵਧੇਰੇ ਨੇੜੇ ਹਨ। ਹੁਣ ਭੀ ਮੁਸਲਮਾਨਾਂ ਨੇ ਕੁਝ ਪ੍ਰਚਾਰਕ ਅਜਿਹੇ ਰੱਖੇ ਹੋਏ ਹਨ ਜੋ ਇਹ ਪ੍ਰਚਾਰ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਮੁਸਲਮਾਨ ਸਨ, ਪਰੰਤੂ ਅੱਜ-ਕਲ੍ਹ ਚੂੰਕਿ ਸਿੱਖ ਅੱਡਰੇ ਹੱਕਾਂ ਦੀਆਂ ਮੰਗਾਂ ਕਰ ਰਹੇ ਹਨ ਤੇ ਇਹ ਅੱਡਰੇ ਹੱਕ ਕੁਦਰਤੀ ਤੌਰ 'ਤੇ ਮੁਸਲਮਾਨਾਂ ਦੀ ਬਹੁ-ਗਿਣਤੀ ਤੋਂ ਹੀ ਮਿਲਣੇ ਹੋਏ, ਇਸ ਵਾਸਤੇ ਮੁਸਲਮਾਨ ਕਹਿ ਰਹੇ ਹਨ ਕਿ ਸਿੱਖ ਹਿੰਦੂ ਹਨ। ਜਦੋਂ ਲੜਾਈ ਦਾ ਵੇਲਾ ਆਉਂਦਾ ਹੈ ਤਾਂ ਮੁਸਲਮਾਨ ਇਹ ਕਹਿਣ ਲੱਗ ਜਾਂਦੇ ਹਨ ਕਿ ਸਿੱਖ ਹਿੰਦੂ ਨਹੀਂ ਹਨ ਤੇ ਉਹਨਾਂ ਨੂੰ ਹਿੰਦੂਆਂ ਦਾ ਸਾਥ ਨਹੀਂ ਦੇਣਾ ਚਾਹੀਦਾ ਪਰੰਤੂ ਜਦੋਂ ਹੱਕਾਂ ਦੀਆਂ ਵੰਡੀਆਂ ਦਾ ਸਮਾਂ ਆਉਂਦਾ ਹੈ ਤਾਂ ਮੁਸਲਮਾਨ ਇਹ ਕਹਿਣ ਲੱਗ ਜਾਂਦੇ ਹਨ ਕਿ ਸਿੱਖ ਹਿੰਦੂ ਹਨ ਤੇ ਇਹਨਾਂ ਨੂੰ ਹਿੰਦੂਆਂ ਦੇ ਹਿੱਸੇ ਵਿੱਚੋਂ ਹੀ ਹਿੱਸਾ ਦਿੱਤਾ ਜਾਵੇ। ਇਸ ਤੋਂ ਉਲਟ ਜਦੋਂ ਲੜਾਈ ਦਾ ਸਮਾਂ ਹੁੰਦਾ ਹੈ ਤਾਂ ਹਿੰਦੂ ਇਹ ਕਹਿਣ ਲੱਗ ਜਾਂਦੇ ਹਨ ਕਿ ਸਿੱਖ ਹਿੰਦੂ ਹਨ ਤੇ ਇਹਨਾਂ ਨੂੰ ਸਾਡਾ ਸਾਥ ਦੇਣਾ ਚਾਹੀਦਾ ਹੈ, ਪਰੰਤੂ ਜਦੋਂ ਹੱਕਾਂ ਦੀ ਵੰਡ ਦਾ ਵੇਲਾ ਆਉਂਦਾ ਹੈ ਤਾਂ ਹਿੰਦੂ ਇਹ ਕਹਿਣ ਲੱਗ ਜਾਂਦੇ ਹਨ ਕਿ ਸਿੱਖ ਹਿੰਦੂਆਂ ਤੋਂ ਅੱਡ ਹਨ ਤੇ ਉਹਨਾਂ ਨੂੰ ਅੱਡਰੇ ਹਕੂਕ ਕਿਸੇ ਹੋਰ ਦੇ ਹਿੱਸਿਓਂ ਦਿੱਤੇ ਜਾਣ।

ਇਹ ਹੈ ਹਾਲਤ। ਅੱਜ ਤਕ ਦੁਨੀਆਂ ਦਾ ਇਹ ਅਸੂਲ ਚਲਾ ਆਇਆ ਹੈ ਕਿ ਕਿਸੇ ਆਦਮੀ ਦਾ ਉਹ ਮਜ਼ਹਬ ਹੁੰਦਾ ਹੈ ਜੋ ਉਹ ਖ਼ੁਦ ਪਸੰਦ ਕਰੇ। ਇਹ ਸਿੱਖਾਂ ਦੇ ਵਸ ਵਿਚ ਹੈ ਕਿ ਉਹ ਆਪਣਾ ਨਾਮ ਕੋਈ ਰਖਵਾ ਲੈਣ। ਜੇ ਸਿੱਖ ਚਾਹੁਣ ਤਾਂ ਹਿੰਦੂ ਕਹਿਲਾਣ ਜੇ ਉਹ ਚਾਹੁਣ ਤਾਂ ਮੁਸਲਮਾਨ ਅਖਾਉਣ ਤੇ ਜੇ ਉਹ ਚਾਹੁਣ ਤਾਂ ਦੋਹਾਂ ਤੋਂ ਅੱਡਰਾ ਮਜ਼ਹਬ ਅਖਵਾਣ। ਕਿਸੇ ਦੂਸਰੇ ਨੂੰ ਕੋਈ ਹੱਕ

ਨਹੀਂ ਹੈ ਕਿ ਇਹ ਆਖੇ ਕਿ ਸਿੱਖ ਹਿੰਦੂ ਹਨ ਜਾਂ ਨਹੀਂ।

ਪਿਛਲੀ ਸੁਧਾਰ ਸਕੀਮ ਤੋਂ ਪਹਿਲਾਂ ਪੰਜਾਬ ਵਿਚ ਮੁਸਲਮਾਨਾਂ ਦੇ ਹਿੰਦੂਆਂ ਦੇ ਬਰਾਬਰ-ਬਰਾਬਰ ਹੱਕ ਹੋਇਆ ਕਰਦੇ ਸਨ ਤੇ ਸਿੱਖਾਂ ਦੇ ਉਹਨਾਂ ਤੋਂ ਅੱਧੇ ਹੋਇਆ ਕਰਦੇ ਸਨ। ਉਸ ਵੇਲੇ ਸਿੱਖ ਤੇ ਮੁਸਲਮਾਨ ਇਕੱਠੇ ਰਹਿੰਦੇ ਸਨ, ਕਿਉਂਕਿ ਹਿੰਦੂ ਦੋਹਾਂ ਪੁਰ ਗਲਬਾ ਰੱਖਣ ਦੀ ਕੋਸ਼ਿਸ਼ ਕਰਦੇ ਸਨ। ਹੁਣ ਹਾਲਤ ਬਦਲ ਗਈ ਹੈ। ਸਰਕਾਰ ਦੀ ਸਹਾਇਤਾ ਨਾਲ ਮੁਸਲਮਾਨਾਂ ਦੀ ਪੋਜ਼ੀਸਨ ਵਧੇਰੀ ਮਜ਼ਬੂਤ ਹੋ ਗਈ ਹੈ ਤੇ ਉਹ ਹਿੰਦੂਆਂ 'ਤੇ ਸਿੱਖਾਂ ਦੋਹਾਂ ਪੁਰ ਗਲਬਾ ਪਾਉਣ ਦਾ ਯਤਨ ਕਰ ਰਹੇ ਹਨ। ਮੁਸਲਮਾਨਾਂ ਦੀ ਇਸ ਪਾਲਿਸੀ ਨੇ ਸਿੱਖਾਂ ਤੇ ਹਿੰਦੂਆਂ ਨੂੰ ਰਾਜਸੀ ਤੌਰ ਪੁਰ ਇਕੱਠਿਆਂ ਕਰ ਦਿੱਤਾ ਹੈ, ਪਰੰਤੂ ਰਾਜਸੀ ਏਕੇ ਦਾ ਭਾਵ ਕਦਾਚਿਤ ਮਜ਼ਹਬੀ ਏਕਾ ਨਹੀਂ ਹੋ ਸਕਦਾ। ਸਿੱਖ ਮਜ਼ਹਬੀ ਤੌਰ 'ਤੇ ਮੁਸਲਮਾਨਾਂ ਤੇ ਹਿੰਦੂਆਂ ਤੋਂ ਅੱਡ ਹਨ ਤੇ ਉਹਨਾਂ ਦਾ ਜੋ ਮੌਜੂਦਾ ਇਤਫ਼ਾਕ ਹਿੰਦੂਆਂ ਨਾਲ ਹੈ, ਉਹ ਅਜੇਹਾ ਹੀ ਆਰਜ਼ੀ ਹੈ, ਜਿਹਾ ਆਰਜ਼ੀ ਕਿ ਉਹਨਾਂ ਦਾ ਮੁਸਲਮਾਨਾਂ ਨਾਲ ਸੀ। ਸਿੱਖਾਂ ਦੀ ਪੱਕੇ ਤੌਰ ਪੁਰ ਰੱਖਿਆ ਤਦੋਂ ਹੀ ਹੋ ਸਕਦੀ ਹੈ ਕਿ ਇਹ ਆਪਣੇ ਪੈਰਾਂ ਪੁਰ ਖੜ੍ਹੇ ਹੋ ਜਾਣ। ਅਰਥਾਤ ਇਹਨਾਂ ਨੂੰ ਅਜੇਹੇ ਰਾਜਸੀ ਹੱਕ ਮਿਲ ਜਾਣ ਕਿ ਕੋਈ ਕੌਮ ਇਹਨਾਂ ਨੂੰ ਕੁਚਲ ਨਾ ਸਕੇ। ਅੱਜ ਮੁਸਲਮਾਨ ਆਪਣੀ ਪੱਕੀ ਬਹੁ-ਸੰਮਤੀ ਦੀ ਮੰਗ ਕਰ ਕੇ ਸਿੱਖਾਂ ਨੂੰ ਐਵੇਂ ਆਪਣੇ ਨਾਲੋਂ ਅੱਡ ਕਰ ਰਹੇ ਹਨ। ਇਥੇ ਅੰਗਰੇਜ਼ਾਂ ਨੇ ਨਹੀਂ ਰਹਿਣਾ ਤੇ ਅੰਗਰੇਜ਼ਾਂ ਦੀ ਸਹਾਇਤਾ ਨਾਲ ਕਾਇਮ ਹੋਈ ਹਕੂਮਤ ਨੂੰ ਹੀ ਸਵਰਾਜ ਕਿਹਾ ਜਾ ਸਕਦਾ ਹੈ ਜਿਸ ਪੁਰ ਹਰ ਇਕ ਕੌਮ ਨੂੰ ਭਰੋਸਾ ਹੋਵੇ। ਜੇ ਮੁਸਲਮਾਨ ਆਪਣੀ ਬਹੁ-ਸੰਮਤੀ ਕਾਇਮ ਕਰ ਲੈਣ ਤਾਂ ਉਸ ਹਕੂਮਤ ਤੇ ਸਿੱਖਾਂ, ਹਿੰਦੂਆਂ ਤੇ ਈਸਾਈਆਂ ਆਦਿ ਨੂੰ ਕਦੇ ਭਰੋਸਾ ਨਹੀਂ ਹੋ ਸਕਦਾ। ਅਜੇਹੀ ਹਕੂਮਤ ਜ਼ਰੂਰ ਕਮਜ਼ੋਰ ਹੋਵੇਗੀ ਤੇ ਬਹੁਤ ਛੇਤੀ ਤਬਾਹ ਹੋਵੇਗੀ। ਇਸ ਵਾਸਤੇ ਅਸੀਂ ਆਪਣੇ ਮੁਸਲਮਾਨ ਭਰਾਵਾਂ ਪਾਸ ਦਰਖਾਸਤ ਕਰਾਂਗੇ ਕਿ ਉਹ ਲਫ਼ਜ਼ਾਂ ਨਾਲ ਸਿੱਖਾਂ ਨੂੰ ਪਰਚਾਣ ਦੀ ਕੋਸ਼ਿਸ਼ ਨਾ ਕਰਨ। ਸਿੱਖਾਂ ਦੀ ਇਕ ਅੱਡਰੀ ਜਮਾਤ ਹੈ ਤੇ ਉਹ ਅੱਡਰੀ ਹੀ ਰਹੇਗੀ। ਇਹ ਆਪਣੀ ਰੱਖਿਆ ਆਪ ਕਰੇਗੀ ਤੇ ਆਪਣੀ ਰੱਖਿਆ ਲਈ ਹਿੰਦੂਆਂ ਦੇ ਸਹਾਰੇ ਪੁਰ ਨਹੀਂ ਰਹੇਗੀ। ਇਹਨਾਂ ਨੂੰ ਹਿੰਦੂਆਂ ਦੇ ਹੱਥਾਂ ਵਿਚ ਨਾ ਧੱਕੋ। ਇਹ ਕੁਝ ਪਾਲਿਸੀ ਦੇ ਤੌਰ ਪੁਰ ਭੀ ਤੁਹਾਨੂੰ ਲਾਭਦਾਇਕ ਸਾਬਤ ਨਹੀਂ ਹੋਵੇਗਾ।

✲ ✲ ✲

"ਸਵਰਾਜ ਜਾਂ ਬੇਰਾਜ"

ਇਸ ਵੇਲੇ ਹਿੰਦੁਸਤਾਨ ਵਿਚ ਹਾਲਾਤ ਵਿਗੜ ਰਹੇ ਹਨ। ਸਵਰਾਜ ਦੀ ਲਹਿਰ ਦੇ ਨਾਲ-ਨਾਲ ਦੂਜੀਆਂ ਕਈ ਲਹਿਰਾਂ ਭੀ ਚੱਲ ਪਈਆਂ ਹਨ। ਫਿਰ ਕੁਝ ਕੁਦਰਤੀ ਕਾਰਨ ਭੀ ਅਜਿਹੇ ਪੈਦਾ ਹੋ ਗਏ ਹਨ, ਜਿਹਨਾਂ ਤੋਂ ਖ਼ਤਰਾ ਹੋ ਰਿਹਾ ਹੈ ਕਿ ਕਿਧਰੇ ਬਦਅਮਨੀ ਨਾ ਫੈਲ ਜਾਵੇ। ਇਸ ਵੇਲੇ ਹਿੰਦੁਸਤਾਨ ਵਿਚ ਅਜੇਹੇ ਸੱਜਣ ਭੀ ਬਹੁਤ ਪੈਦਾ ਹੋ ਗਏ ਹਨ ਜੋ ਚਾਹੁੰਦੇ ਹਨ ਕਿ ਅੰਗਰੇਜ਼ੀ ਰਾਜ ਇਥੋਂ ਦੂਰ ਹੋਵੇ, ਭਾਵੇਂ ਉਸ ਦੇ ਪਿੱਛੇ ਕੁਝ ਹੀ ਹੋਵੇ। ਇਹ ਹਾਲਤ ਦੂਸਰੇ ਦੇਸਾਂ ਵਿਚ ਭੀ ਹੁੰਦੀ ਰਹੀ ਹੈ ਤੇ ਇਹ ਹਾਲਾਤ ਸਰਕਾਰ ਦੇ ਵਾਸਤੇ ਸਖ਼ਤ ਖ਼ਤਰਨਾਕ ਹੋਇਆ ਕਰਦੀ ਹੈ, ਪਰੰਤੂ ਜਦੋਂ ਇਹ ਦਿਮਾਗ਼ੀ ਹਾਲਤ ਹੋ ਜਾਵੇ ਤਾਂ ਦੇਸ ਲਈ ਬਹੁਤ ਖ਼ਤਰਾ ਹੋ ਜਾਂਦਾ ਹੈ। ਇਸ ਤਰ੍ਹਾਂ ਦਾ ਗੁੱਸਾ ਕਿਸੇ ਲਈ ਲਾਭਦਾਇਕ ਸਾਬਤ ਨਹੀਂ ਹੋ ਸਕਦਾ। "ਵੈਰੀ ਦੀ ਕੰਧ ਢਹੇ, ਭਾਵੇਂ ਆਪਣਾ ਸਿਰ ਹੇਠਾਂ ਹੀ ਆ ਜਾਵੇ" ਇਹ ਪਾਲਿਸੀ ਚੰਗੀ ਨਹੀਂ ਹੋਇਆ ਕਰਦੀ। ਸਾਡਾ ਕੰਮ ਬਦਲਾ ਲੈਣਾ ਨਹੀਂ ਹੈ। ਬਦਲਾ ਲੈਣਾ ਧਰਮ ਦੇ ਵਿਰੁੱਧ ਹੈ ਤੇ ਇਸ ਤਰ੍ਹਾਂ ਬਦਲੇ ਨੇ ਸੰਸਾਰ ਵਿਚ ਬਹੁਤ ਦੁਖ ਪੈਦਾ ਕੀਤੇ ਹਨ। ਇਸ ਵਾਸਤੇ ਇਸ ਖ਼ਤਰੇ ਨੂੰ ਰੋਕਣ ਲਈ ਸਾਨੂੰ ਤੇਜ਼-ਤਬੀਅਤਾਂ ਵਾਲੇ ਸੱਜਣਾਂ ਨੂੰ ਸਮਝਾਉਣ ਦੀ ਲੋੜ ਹੈ।

ਪਰੰਤੂ ਇਸ ਤੋਂ ਛੁਟ ਇਸ ਵੇਲੇ ਦੇਸ਼ ਵਿਚ ਹੋਰ ਭੀ ਕਾਰਨ ਮੌਜੂਦ ਹਨ, ਜੋ ਬਦਅਮਨੀ ਦਾ ਕਾਰਨ ਬਣ ਸਕਦੇ ਹਨ। ਦੇਸ ਵਿਚ ਗਰੀਬੀ ਬਹੁਤ ਵਧ ਗਈ ਹੈ। ਲੋਕ ਵੇਹਲੇ ਹੋ ਰਹੇ ਹਨ। ਜਿੰਮੀਦਾਰ ਤਾਂ ਮਾਲੀਆਂ ਭੀ ਨਹੀਂ ਤਾਰ ਸਕਦੇ ਹਨ। ਵਪਾਰੀਆਂ ਦਾ ਵਪਾਰ ਬੰਦ ਹੈ। ਮਜ਼ੂਰਾਂ ਨੂੰ ਮਜ਼ੂਰੀ ਨਹੀਂ ਮਿਲਦੀ। ਕਲਰਕ ਦਫ਼ਤਰਾਂ ਵਿੱਚੋਂ ਕੱਢੇ ਜਾ ਰਹੇ ਹਨ। ਗੱਲ ਕੀ, ਹਰ ਪਾਸੇ ਮਾਲੀ ਔਕੜਾਂ ਵਧ ਰਹੀਆਂ ਹਨ। ਮੌਜੂਦਾ ਹਾਲਤ ਵਧੇਰੀ ਦੇਰ ਤਕ ਲੋਕ ਬਰਦਾਸ਼ਤ ਨਹੀਂ ਕਰਨਗੇ। ਇਸ ਵੇਲੇ ਔਕੜਾਂ ਦੇ ਕਾਰਨ ਯੂ. ਪੀ. ਵਿਚ ਤਾਂ ਬਹੁਤ ਬੇਚੈਨੀ ਫੈਲ ਰਹੀ ਹੈ ਤੇ ਸੰਭਵ ਹੈ ਕਿ ਛੇਤੀ ਹੀ ਪੰਜਾਬ ਵਿਚ ਫੈਲ ਜਾਵੇ। ਸਾਨੂੰ ਤਾਂ ਖ਼ਿਆਲ ਹੈ ਕਿ ਸਾਵਣੀ ਦੀ ਫ਼ਸਲ ਦੇ ਮਾਲੀਏ ਵੇਲੇ ਇਥੇ ਭੀ ਬਹੁਤ ਬੇਚੈਨੀ ਹੋਵੇਗੀ। ਲੋਕ ਤੰਗ ਹਨ ਤੇ ਉਹਨਾਂ ਦੀ ਤੰਗੀ ਰੋਕਣੀ ਜ਼ਰੂਰੀ ਹੈ। ਅੰਤ ਨੂੰ ਗਵਰਨਮੈਂਟ ਲੋਕਾਂ ਲਈ ਹੈ ਨਾ ਕਿ ਲੋਕ ਗਵਰਨਮੈਂਟ ਲਈ। ਇਸ ਵਾਸਤੇ ਜੋ ਰਵੱਯਾ ਗਵਰਨਮੈਂਟ ਨੇ ਧਾਰਨ ਕੀਤਾ ਹੋਇਆ ਹੈ, ਉਹ ਨਾ ਯੋਗ ਹੈ ਤੇ ਨਾ ਹੀ ਕਾਮਯਾਬ ਹੋਵੇਗਾ। ਦੇਸ਼ ਪੁਰ ਗਰੀਬੀ ਦੇ ਜ਼ਮਾਨੇ ਵਿਚ ਸਾਰੇ ਲੋਕੀਂ ਭਰਾਵਾਂ ਦੀ ਤਰ੍ਹਾਂ ਇਕ ਦੂਜੇ ਦੀ ਸਹਾਇਤਾ

ਕਰਨ, ਤਾਂ ਇਹ ਗਰੀਬੀ ਵੀ ਸਵਾਦਲੀ ਬਣ ਜਾਂਦੀ ਹੈ, ਪਰੰਤੂ ਇਸ ਵੇਲੇ ਸਰਕਾਰ ਦਾ ਵਤੀਰਾ ਠੀਕ ਨਹੀਂ ਹੈ। ਜ਼ਿਮੀਦਾਰ, ਵਪਾਰੀ ਤੇ ਮਜ਼ੂਰ ਆਦਿ ਸਭ ਮੁਸੀਬਤ ਵਿਚ ਫਸੇ ਹਨ ਪਰੰਤੂ ਸਰਕਾਰੀ ਨੌਕਰਾਂ ਦੀ ਤਨਖ਼ਾਹ ਵਿਚ ਕੋਈ ਕਮੀ ਨਹੀਂ ਹੋਈ। ਜੇ ਸਰਕਾਰ ਨੇ ਕੁਝ ਆਪਣੇ ਖ਼ਰਚਾਂ ਵਿਚ ਕਮੀ ਭੀ ਕੀਤੀ ਹੈ ਤੇ ਇਸ ਤਰ੍ਹਾਂ ਦੀ ਕੀਤੀ ਹੈ ਕਿ ਗਰੀਬ ਮੁਲਾਜ਼ਮਾਂ ਤੇ ਮਜ਼ੂਰਾਂ ਨੂੰ ਕੱਢ ਦਿੱਤਾ ਹੈ। ਕੀ ਇਸ ਤਰ੍ਹਾਂ ਨਾਲ ਗਰੀਬੀ ਦਾ ਬੋਝ ਸਾਰੇ ਭਰਾਵਾਂ ਪੁਰ ਇਕੋ ਜਿਹਾ ਪਵੇਗਾ ? ਮੌਜੂਦਾ ਗਰੀਬੀ ਦਾ ਮੁਕਾਬਲਾ ਕੇਵਲ ਇਸੇ ਤਰ੍ਹਾਂ ਹੋ ਸਕਦਾ ਹੈ ਕਿ ਹਰ ਇਕ ਹਿੰਦੁਸਤਾਨੀ ਮਹਿਸੂਸ ਕਰੇ ਕਿ ਦੂਜੇ ਭਰਾ ਉਸ ਦੇ ਨਾਲ ਹਮਦਰਦੀ ਰੱਖਦੇ ਹਨ ਤੇ ਉਸ ਦੀ ਗਰੀਬੀ ਤੋਂ ਕੋਈ ਲਾਭ ਨਹੀਂ ਉਠਾਉਣਾ ਚਾਹੀਦਾ। ਇਸ ਵਾਸਤੇ ਸਰਕਾਰੀ ਨੌਕਰਾਂ ਤੋਂ ਵੱਡੇ-ਵੱਡੇ ਅੰਗਰੇਜ਼ਾਂ ਦੀਆਂ ਤਨਖ਼ਾਹਾਂ ਵਿਚ ਤੁਰੰਤ ਕਮੀਂ ਕਰ ਦੇਣੀ ਚਾਹੀਦੀ ਹੈ। ਜੇ ਇਸ ਵੇਲੇ ਇਹ ਕਦਮ ਨਾ ਉਠਾਇਆ ਗਿਆ ਤਾਂ ਕੁਝ ਮਹੀਨਿਆਂ ਮਗਰੋਂ ਤਾਂ ਉਠਾਉਣਾ ਹੀ ਪਵੇਗਾ ਪਰੰਤੂ ਜਦੋਂ ਮਜਬੂਰ ਹੋ ਕੇ ਇਹ ਕੰਮ ਕਰਨਾ ਪਵੇਗਾ, ਤਾਂ ਇਸ ਦਾ ਇਖ਼ਲਾਕੀ ਅਸਰ ਲੋਕਾਂ ਦੇ ਦਿਲਾਂ ਪੁਰ ਨਹੀਂ ਪਵੇਗਾ।

ਇਧਰ ਫ਼ਿਰਕੇਦਾਰਾਨਾਂ ਹਾਲਾਤ ਵਿਗੜ ਰਹੇ ਸਨ ਤੇ ਉਹਨਾਂ ਦੀ ਜ਼ਿੰਮੇਵਾਰ ਬਹੁਤੀ ਸਰਕਾਰ ਆਪ ਹੈ। ਇਸ ਵੇਲੇ ਤਾਂ ਸਰਕਾਰ ਦੇ ਕੁਝ ਜ਼ਿੰਮੇਵਾਰ ਸੱਜਣ ਖ਼ੁਸ਼ ਹੋਣਗੇ ਕਿ ਹਿੰਦੁਸਤਾਨ ਵਿਚ ਫ਼ਿਰਕੇਦਾਰਨਾਂ ਖਿੱਚੋਤਾਣ ਵੱਧ ਰਹੀ ਹੈ, ਜਿਸ ਦੇ ਨਾਲ ਉਹਨਾਂ ਦੇ ਪੈਰ ਪੱਕੇ ਹੋ ਰਹੇ ਹਨ। ਅਜੇ ਤਕ ਤਾਂ ਫ਼ਿਰਕੇਦਾਰਨਾਂ ਖਿੱਚੋਤਾਣ ਨੂੰ ਵਧਾਉਣ-ਘਟਾਉਣ ਵਿਚ ਗਵਰਨਮੈਂਟ ਦਾ ਅਸਰ ਭੀ ਪੈ ਸਕਦਾ ਹੈ, ਪਰੰਤੂ ਕੁਝ ਹੋਰ ਸਮਾਂ ਗੁਜ਼ਰ ਜਾਣ ਮਗਰੋਂ ਹਾਲਾਤ ਅਜਿਹੇ ਗੁੰਝਲਦਾਰ ਹੋ ਜਾਣਗੇ ਕਿ ਇਸ ਦੀ ਮੁਸੀਬਤ ਗਵਰਨਮੈਂਟ ਦੇ ਸਿਰ ਪਵੇਗੀ। ਜਿਸ ਦੇਸ਼ ਵਿਚ ਬੇਅਮਨੀ ਹੈ ਉਹ ਭਾਵੇਂ ਕਿਸੇ ਕਾਰਨ ਕਰ ਕੇ ਭੀ ਹੈ, ਉਸ ਦੇਸ਼ ਦੀ ਗਵਰਨਮੈਂਟ ਨਵਾਨ ਨਹੀਂ ਹੋ ਸਕਦੀ। ਸੰਭਵ ਹੈ ਕਿ ਜੇ ਇਸ ਸਰਕਾਰ ਤੇ ਯੂਰਪੀਨ ਇਸ ਵੇਲੇ ਮੁਸਲਮਾਨਾਂ ਦੀ ਪਿੱਛੇ ਨੌਕਰੀ ਛੱਡ ਦੇਣ, ਤਾਂ ਫ਼ਿਰਕੇਦਾਰਨਾਂ ਸਵਾਲ ਹਲ ਹੋ ਜਾਵੇ। ਅਸੀਂ ਤਾਂ ਸਾਫ਼ ਕਹਿੰਦੇ ਹਾਂ ਕਿ ਜ਼ੇ ਸਰਕਾਰ ਪੰਜਾਬ ਤੇ ਸਰਕਾਰ ਹਿੰਦ ਆਪਣੀਆਂ ਸਿਫ਼ਾਰਸ਼ਾਂ ਵਿਚ ਪੰਜਾਬ ਵਿਚ ਮੁਸਲਮਾਨਾਂ ਦੀ ਪੱਕੀ ਬਹੁ-ਸੰਮਤੀ ਕਾਇਮ ਨਾ ਕਰ ਦੇਂਦੀਆਂ, ਤਾਂ ਇਹ ਖਿੱਚੋਤਾਣ ਇਥੋਂ ਤਕ ਭੀ ਨਾ ਪਹੁੰਚਦੀ ਤੇ ਆਪੋ ਵਿਚ ਫ਼ੈਸਲਾ ਹੋ ਜਾਂਦਾ। ਇਸ ਵੇਲੇ ਫ਼ੈਸਲੇ ਵਿਚ ਸਭ ਤੋਂ ਵੱਡੀ ਰੁਕਾਵਟ ਇਹੋ ਹੀ ਹੈ।

ਤੀਜਾ ਕਾਰਨ ਦੇਸ਼ੀ ਰਿਆਸਤਾਂ ਹਨ। ਲੱਗਭਗ ਹਰ ਇਕ ਰਿਆਸਤ ਵਿਚ ਸਖ਼ਤ ਜ਼ੁਲਮ ਹੋ ਰਿਹਾ ਹੈ। ਜਿਵੇਂ-ਜਿਵੇਂ ਸਵਰਾਜ ਨੇੜੇ ਆਉਂਦਾ ਜਾਪਦਾ ਹੈ, ਤਿਵੇਂ-ਤਿਵੇਂ ਇਹਨਾਂ ਰਾਜਿਆਂ ਨੂੰ ਖ਼ਤਰਾ ਵਧਦਾ ਜਾਂਦਾ ਹੈ। ਆਖ਼ਿਰ ਇਕ ਪੁਰਸ਼ੀ ਰਾਜ ਤੇ ਲੋਕ ਰਾਜ ਦਾ ਮੁਕਾਬਲਾ ਹੀ ਤਾਂ ਇਹ ਹੋ ਰਿਹਾ ਹੈ। ਇਕ ਪੁਰਖੀ ਰਾਜ ਦੇ ਦਾਵੇਦਾਰਾਂ ਨੂੰ ਨੁਕਸਾਨ ਹੋਣਾ ਜ਼ਰੂਰੀ ਹੈ। ਚੰਗੀ ਗੱਲ ਤਾਂ ਇਹ ਹੈ ਕਿ ਉਹ ਹਾਲਾਤ ਨੂੰ ਸਮਝਣ ਤੇ ਆਪਣੀ ਪਰਜਾ ਨੂੰ ਆਪ ਜ਼ਿੰਮੇਵਾਰ ਹਕੂਮਤ ਦੇ ਦੇਣ।

ਜੇ ਉਹ ਜਲਦੀ ਅਜੇਹਾ ਨਾ ਕਰਨਗੇ, ਤਾਂ ਉਹਨਾਂ ਨੂੰ ਬਹੁਤ ਖ਼ਤਰਾ ਹੈ। ਜਦੋਂ ਭੀ ਬਦਅਮਨੀ ਸ਼ੁਰੂ ਹੋਈ, ਉਸ ਦਾ ਪਹਿਲਾਂ ਸ਼ਿਕਾਰ ਇਹ ਮਹਾਰਾਜੇ ਹੀ ਹੋਣਗੇ। ਕਈ ਸੱਜਣਾਂ ਦੀ ਤਾਂ ਇਹ ਰਾਇ ਹੈ ਕਿ ਇਹ ਮਹਾਰਾਜੇ ਕਦੇ ਭੀ ਠੀਕ ਨਹੀਂ ਹੋਣਗੇ। ਉਹਨਾਂ ਦਾ ਇਕੋ ਹੀ ਇਲਾਜ ਹੈ ਕਿ ਉਹਨਾਂ ਤੋਂ ਰਾਜ ਅੱਡ ਕਰ ਦਿੱਤਾ ਜਾਵੇ। ਅਸੀਂ ਇਸ ਵਿਚ ਇਹ ਨੁਕਸ ਸਮਝਦੇ ਹਾਂ ਕਿ ਰਾਜ ਤੋਂ ਅੱਡ ਹੋ ਕੇ ਇਹ ਲੋਕ, ਸਾਨੂੰ ਬਹੁਤ ਤੰਗ ਕਰਨਗੇ। ਉਹਨਾਂ ਦੇ ਪਾਸ ਕਾਫ਼ੀ ਰੁਪਯਾ ਹੈ ਤੇ ਆਖ਼ਿਰ ਇਹ ਰੁਪਿਆ ਬਹੁਤ ਅਸਰ ਰੱਖਦਾ ਹੈ। ਇਸ ਦਾ ਜਵਾਬ ਕੁਝ ਲੋਕ ਦੇਣਗੇ ਕਿ ਉਹਨਾਂ ਦਾ ਰੁਪਿਆ ਭੀ ਖੋਹ ਲੈਣਾ ਚਾਹੀਦਾ ਹੈ, ਪਰੰਤੂ ਅਜੇਹਾ ਸੰਭਵ ਨਹੀਂ ਹੈ। ਉਹਨਾਂ ਨੇ ਆਪਣਾ ਰੁਪਿਆ ਕਈ ਢੰਗਾਂ ਨਾਲ ਖੁਫ਼ੀਆਂ ਰੱਖਿਆ ਹੋਇਆ ਹੈ ਤੇ ਜਦੋਂ ਇਹਨਾਂ ਨੂੰ ਖ਼ਤਰਾ ਨੇੜੇ ਦਿਸੇਗਾ, ਤਾਂ ਇਹ ਹੋਰ ਭੀ ਰੁਪਿਆ ਆਪਣੇ ਕਬਜ਼ੇ ਵਿਚ ਕਰ ਲੈਣਗੇ। ਚੁਨਾਂਚਿ ਰੂਸ ਵਿਚ ਵੱਡੇ ਵੱਡੇ ਰਈਸਾਂ ਨੇ ਅਜੇਹਾ ਹੀ ਕੀਤਾ ਸੀ। ਇਸ ਪੁਰ ਬਾਲਸ਼ੇਵਿਕਾਂ ਨੇ ਇਹਨਾਂ ਲੋਕਾਂ ਨੂੰ ਕਤਲ ਕਰ ਦਿੱਤਾ ਤੇ ਆਪਣੇ ਰਸਤਿਓਂ ਰੁਕਾਵਟ ਹਟਾ ਲਈ, ਪਰੰਤੂ ਇਸ ਤਰ੍ਹਾਂ ਕਤਲ ਕਰ ਦੇਣ ਦਾ ਅਸਰ ਇਕ ਪਾਸੇ ਬਹੁਤ ਬੁਰਾ ਪੈਂਦਾ ਹੈ ਤੇ ਇਖ਼ਲਾਕੀ ਤੌਰ ਪੁਰ ਭੀ ਇਹ ਬਹੁਤ ਬੁਰਾ ਹੈ। ਸਾਨੂੰ ਜ਼ੁਲਮ ਦੇ ਮੁਕਾਬਲੇ ਵਿਚ ਜ਼ੁਲਮ ਨਹੀਂ ਕਰਨਾ ਚਾਹੀਦਾ। ਰਾਜ ਤੇ ਰੁਪਿਆ ਲੈ ਲੈਣਾ ਬੁਰਾ ਨਹੀਂ ਕਿਉਂਕਿ ਇਹ ਤਾਂ ਲੋਕਾਂ ਦੀ ਮਲਕੀਅਤ ਹੀ ਸੀ ਪਰੰਤੂ ਆਦਮੀ ਦਾ ਸਰੀਰ ਉਸ ਦੀ ਆਪਣੀ ਮਲਕੀਅਤ ਹੈ ਤੇ ਆਪਣੇ ਰਸਤਿਓਂ ਰੁਕਾਵਟ ਦੂਰ ਕਰਨ ਦੀ ਖ਼ਾਤਰ ਕਿਸੇ ਨੂੰ ਕਤਲ ਕਰ ਦੇਣਾ ਯੋਗ ਨਹੀਂ ਹੋ ਸਕਦਾ। ਹਰ ਸੂਰਤ ਵਿਚ ਮਹਾਰਾਜਿਆਂ ਦੀ ਮੌਜੂਦਗੀ ਭੀ ਹਿੰਦੁਸਤਾਨ ਦੇ ਅਮਨ ਨੂੰ ਖ਼ਤਰੇ ਵਿਚ ਪਾਉਣ ਦਾ ਕਾਰਨ ਬਣ ਸਕਦੀ ਹੈ।

ਹੁਣ ਸਮਾਂ ਹੈ ਕਿ ਸਰਕਾਰ ਤੇ ਕਾਂਗਰਸ ਇਕੱਠੇ ਹੋ ਕੇ ਹਿੰਦੁਸਤਾਨ ਨੂੰ ਅਜ਼ਾਦ ਕਰਨ ਦੀ ਸਕੀਮ ਬਨਾਉਣ ਤੇ ਨਾਲ ਹੀ ਮਿਲ ਕੇ ਬਦਅਮਨੀ ਦੇ ਰੋਕਣ ਦਾ ਭੀ ਪ੍ਰਬੰਧ ਕਰਨ। ਜੇ ਇਸ ਵੇਲੇ ਘੁਮੰਡੀ ਨੌਕਰਸ਼ਾਹੀ ਇਸ ਸਮਝੌਤੇ ਦੇ ਰਾਹ ਵਿਚ ਰੁਕਾਵਟ ਪਾਵੇਗੀ ਤਾਂ ਨਤੀਜੇ ਵਧੇਰੇ ਭਿਆਨਕ ਨਿਕਲਣਗੇ। ਅਸੀਂ ਸਵਰਾਜ ਚਾਹੁੰਦੇ ਹਾਂ ਤੇ ਸਵਰਾਜ ਦੀ ਖ਼ਾਤਰ ਹੀ ਕੋਸ਼ਿਸ਼ ਕਰ ਰਹੇ ਹਾਂ, ਪਰੰਤੂ ਸੰਭਵ ਹੈ ਕਿ ਅਮਨ ਦੇ ਦੁਸ਼ਮਣ ਕਾਮਯਾਬ ਹੋ ਜਾਣ ਤੇ ਇਥੋਂ ਸਵਰਾਜ ਦੀ ਥਾਵੇਂ ਬੇਰਾਜ਼ੀ ਹੀ ਫੈਲ ਜਾਵੇ। ਸਾਨੂੰ ਚੀਨ ਦੀ ਹਾਲਤ ਵੇਖ ਕੇ ਡਰ ਲਗਦਾ ਹੈ। ਜੇ ਉਹ ਹਾਲਤ ਹਿੰਦੁਸਤਾਨ ਵਿਚ ਭੀ ਹੋ ਗਈ ਤਾਂ ਲਾਜ਼ਮੀ ਹੈ ਕਿ ਸਾਰੀ ਦੁਨੀਆਂ ਵਿਚ ਬੇਅਮਨੀ ਫੈਲ ਜਾਵੇ ਤੇ ਇਸ ਸੱਭਿਅਤਾ ਦਾ ਕੀਰਤਨ ਸੋਹਿਲਾ ਪੜ੍ਹਿਆ ਜਾਵੇ।

✡ ✡ ✡

ਸ੍ਰ: ਬਹਾਦਰ ਮਹਿਤਾਬ ਸਿੰਘ ਦੇ ਨਾਮ ਖੁਲ੍ਹੀ ਚਿੱਠੀ :

ਸ੍ਰੀ ਮਾਨ ਜੀ,

ਆਪ ਨੇ ਮੇਰੇ ਵਿਰੁੱਧ ਇਹ ਝੂਠੀ ਅਫ਼ਵਾਹ ਉਡਾਈ ਸੀ ਕਿ ਮੈਂ ਗਵਰਨਰ ਸਾਹਿਬ ਨੂੰ ਚਿੱਠੀ ਲਿਖੀ ਸੀ, ਜਿਸ ਵਿਚ ਸੈਂਟਰਲ ਸਿੱਖ ਲੀਗ ਦੇ ਖੁਲ੍ਹੇ ਸਮਾਗਮ ਵਿਚ ਭਾਈ ਸੱਜਣ ਸਿੰਘ ਜੀ ਸਬੰਧੀ ਪਾਸ ਹੋਏ ਮਤੇ ਬਾਬਤ ਆਪਣੀ ਪੋਜ਼ੀਸਨ ਸਾਫ਼ ਕੀਤੀ ਸੀ। ਜਦ ਮੈਂ ਆਪ ਨੂੰ ਪਹਿਲਾਂ ਇੱਕਲਿਆਂ ਤੇ ਫਿਰ ਸਰਦਾਰ ਅਮਰ ਸਿੰਘ ਜੀ ਮਾਲਕ ਸੇਰਿ ਪੰਜਾਬ ਤੇ ਗਿਆਨੀ ਹੀਰਾ ਸਿੰਘ ਜੀ ਦਰਦ ਦੇ ਸਾਹਮਣੇ ਪੁੱਛਿਆ, ਤਾਂ ਆਪ ਨੇ ਬੜੇ ਜ਼ੋਰ ਨਾਲ ਕਿਹਾ ਕਿ ਇਹ ਗੱਲ ਗਵਰਨਰ ਸਾਹਿਬ ਨੇ ਆਪ, ਆਪ ਨੂੰ ਕਹੀ ਹੈ। ਅਸਾਂ ਬਥੇਰਾ ਪੱਕਾ ਕਰ ਕੇ ਪੁੱਛਿਆ, ਪਰ ਆਪ ਨੇ ਪੂਰੀ ਤਸੱਲੀ ਦਿੱਤੀ ਕਿ ਆਪ ਨੂੰ ਕੋਈ ਗ਼ਲਤ-ਫ਼ਹਿਮੀ ਨਹੀਂ ਹੋ ਸਕਦੀ ਤੇ ਇਹ ਗੱਲ ਗਵਰਨਰ ਸਾਹਿਬ ਨੇ ਆਪ ਨੂੰ ਕਹੀ ਹੈ। (ਮੈਂ ਕਿਸੇ ਕਿਸਮ ਦੀ ਭੀ ਕੋਈ ਚਿੱਠੀ ਗਵਰਨਰ ਸਾਹਿਬ ਨੂੰ ਅੱਜ ਤਕ ਨਹੀਂ ਲਿਖੀ ਹੈ; ਗਵਰਨਰ ਸਾਹਿਬ ਨੂੰ ਮੈਂ ਭਾਈ ਸੱਜਣ ਸਿੰਘ ਜੀ ਦੇ ਫਾਂਸੀ ਮਿਲਣ ਤੋਂ ਭੀ ਪਹਿਲਾਂ ਮਿਲਿਆ ਸੀ। ਇਸ ਕਰ ਕੇ ਇਹ ਭੀ ਸ਼ੱਕ ਨਹੀਂ ਪੈ ਸਕਦਾ ਕਿ ਇਸ ਸਬੰਧੀ ਮੈਂ ਕੋਈ ਜਬਾਨੀ ਗੱਲਬਾਤ ਹੀ ਕੀਤੀ ਹੋਵੇ)

ਇਹ ਨਿਰੋਲ ਝੂਠ ਸੁਣ ਕੇ ਸਾਨੂੰ ਤਿੰਨਾਂ ਨੂੰ ਸ਼ੱਕ ਪੈ ਗਿਆ ਕਿ ਸ਼ਾਇਦ ਕੋਈ ਜਾਹਲੀ ਚਿੱਠੀ ਗਵਰਨਰ ਸਾਹਿਬ ਪਾਸ ਪੁੱਜੀ ਹੋਵੇ, ਕਿਉਂਕਿ ਆਪ ਨੇ ਇਹ ਭੀ ਮੰਨ ਲਿਆ ਸੀ ਕਿ ਜੇ ਮੈਂ ਚਿੱਠੀ ਲਿਖ ਕੇ ਆਪ ਪਾਸੋਂ ਪੁੱਛ ਕਰਾਂਗਾਂ, ਤਾਂ ਇਹ ਗੱਲ ਆਪ ਮੈਨੂੰ ਲਿਖ ਭੀ ਘੱਲੋਗੇ।

ਮੈਂ ਇਸ ਚਿੱਠੀ ਦੀ ਅਫ਼ਵਾਹ ਦੀ ਤਰਦੀਦ ਲਈ ਦੂਰ ਤਕ ਪੁੱਜਣ ਉੱਤੇ ਤੁਲਿਆ ਹੋਇਆ ਸੀ। ਇਸ ਕਰ ਕੇ ਮੈਂ ਆਪ ਨੂੰ ਦੋ ਚਿੱਠੀਆਂ ਲਿਖੀਆਂ। ਆਪ ਨੇ ਦੋਹਾਂ ਦੇ ਉੱਤਰ ਦਿੱਤੇ, ਜਿਹੜੀ ਗੱਲ ਮੈਂ ਪੁੱਛੀ ਸੀ, ਉਸ ਦਾ ਉੱਤਰ ਆਪ ਨੇ ਕਿਸੀ ਚਿੱਠੀ ਵਿਚ ਭੀ ਨਹੀਂ ਦਿੱਤਾ। ਮੈਂ ਪੁੱਛਦਾ ਹਾਂ ਕਿ ਕੀ ਗਵਰਨਰ ਸਾਹਿਬ ਨੇ ਆਪ ਨਾਲ ਮੇਰੀ ਚਿੱਠੀ ਦਾ ਜ਼ਿਕਰ ਕੀਤਾ ਸੀ ? ਆਪ ਇਹ ਲਿਖਦੇ ਹੋ ਕਿ "ਗਵਰਨਰ ਸਾਹਿਬ ਨੇ ਕਿਹਾ ਸੀ ਕਿ ਮੈਂ (ਤਾਰਾ ਸਿੰਘ) ਨੇ ਸਿੱਖ ਲੀਗ ਦੇ ਸਮਾਗਮ ਵਿਚ ਆਪਣੀ ਪੋਜ਼ੀਸ਼ਨ ਸਾਫ਼ ਕਰ ਦਿੱਤੀ ਸੀ, ਅਕਾਲੀ ਦਲ ਚੰਗਾ ਬਣ ਰਿਹਾ ਹੈ, ਸ਼੍ਰੋਮਣੀ ਕਮੇਟੀ ਕੋਈ ਇਤਰਾਜ਼ ਵਾਲੀ ਕਾਰਵਾਈ ਨਹੀਂ ਕਰ ਰਹੀ ਇਤਆਦਿਕ.........।" ਇਹੋ ਜਿਹੀਆਂ ਹੋਰ ਗੱਲਾਂ ਤੇ ਕਹਾਣੀਆਂ ਨਾਲ ਹੀ ਆਪ

ਆਪਣੀ ਚਿੱਠੀ ਭਰ ਦੇਂਦੇ ਹੋ ਤੇ ਮੇਰੀ ਪੁੱਛੀ ਗੱਲ ਦਾ ਉੱਤਰ ਹੀ ਨਹੀਂ ਲਿਖਦੇ, ਜਿਸ ਦੇ ਲਿਖਣ ਦਾ ਇਕਰਾਰ ਭੀ ਤੁਸਾਂ ਦੋ ਸੱਜਣਾਂ ਦੇ ਸਾਹਮਣੇ ਕੀਤਾ ਸੀ। ਇਸ ਟਾਲ-ਮਟੋਲ ਤੋਂ ਮੈਨੂੰ ਸਮਝ ਪੈ ਗਈ ਕਿ ਆਪ ਨੇ ਕਿਸ ਤਰ੍ਹਾਂ ਦੀ ਬੇਸ਼ਰਮੀ ਤੇ ਬੇਹੱਯਾ ਦਲੇਰੀ ਨਾਲ ਝੂਠ ਬੋਲਿਆ ਹੈ। ਕਈ ਗ਼ੈਰ ਜਿੰਮੇਂਵਾਰ ਅਖ਼ਬਾਰਾਂ ਨੇ ਆਪ ਦੇ ਘੜੇ ਝੂਠ ਦੀ ਪੜਤਾਲ ਨਾ ਕੀਤੀ ਤੇ ਬਜਾਰੋਂ ਗੱਪ ਸੁਣਾ ਕੇ ਹੀ ਇਸ ਅਫ਼ਵਾਹ ਨੂੰ ਉਡਾ ਦਿੱਤਾ। ਗਵਰਨਰ ਸਾਹਿਬ ਨੂੰ ਚਿੱਠੀ ਲਿਖਣ ਵਾਲੀ ਗੱਲ ਤੋਂ ਤਾਂ ਹੁਣ ਆਪ ਟਲ ਗਏ ਹੋ। ਹੁਣ ਇਹੋ ਹੀ ਦੱਸੋ ਕਿ ਮੈਂ ਕਿਸੇ ਸਰਕਾਰੀ ਅਫ਼ਸਰ ਨਾਲ ਭਾਈ ਸੱਜਣ ਸਿੰਘ ਜੀ ਸਬੰਧੀ ਪਾਸ ਹੋਏ ਮਤੇ ਬਾਬਤ ਕਦੀ ਭੀ ਕੋਈ ਗੱਲਬਾਤ ਕੀਤੀ ਹੋਵੇ। ਇਹ ਝੂਠੀਆਂ ਅਫ਼ਵਾਹਾਂ ਉਡਣ ਦੇ ਆਪ ਜਿੰਮੇਂਵਾਰ ਹੋ। ਦੂਰ ਬੈਠੇ ਲੋਕੀਂ ਆਪ ਨੂੰ ਨਹੀਂ ਸਮਝਦੇ ਤੇ ਕਈ ਸੱਜਣ ਮੇਰੇ ਇਸ ਲਿਖਣ ਨੂੰ ਭੀ ਸ਼ਾਇਦ ਪਾਰਟੀਬਾਜ਼ੀ ਹੀ ਸਮਝ ਲੈਣ। ਇਸ ਕਰ ਕੇ ਮੈਂ ਆਪ ਨੂੰ ਇਸ ਖੁੱਲ੍ਹੀ ਚਿੱਠੀ ਦੀ ਰਾਹੀਂ ਲਿਖਦਾ ਹਾਂ ਕਿ ਆਪ ਕੋਈ ਮੁਨਸਫ਼ ਮੰਨ ਲਵੋ, ਜੋ ਹੇਠਾਂ ਲਿਖੀਆਂ ਗੱਲਾਂ ਦਾ ਫ਼ੈਸਲਾ ਕਰੇ। ਮੈਂ ਸਾਲਸ ਤੋਂ ਪੜਤਾਲ ਇਸ ਲਈ ਕਰਵਾਣਾ ਚਾਹੁੰਦਾ ਹਾਂ ਕਿ ਪੰਥ ਨੂੰ ਆਪ ਦੀ ਖਸਲਤ ਦਾ ਪਤਾ ਲੱਗ ਜਾਏ। ਅਖ਼ਬਾਰਾਂ ਵਿੱਚੋਂ ਮੁੜ-ਮੁੜ ਲਿਖਣਾ ਚੰਗਾ ਨਹੀਂ ਲਗਦਾ ਤੇ ਹੁਣ ਜਦ ਆਪ ਦਾ ਇਸ ਤਰ੍ਹਾਂ ਨਾਲ ਬੇਹਯਾਈ ਤੇ ਬੇਸ਼ਰਮੀ ਨਾਲ ਬੋਲਿਆ ਝੂਠ ਫੜਿਆ ਗਿਆ ਹੈ, ਤਾਂ ਮੈਂ ਇਹ, ਭੀ ਇੱਛਾ ਰੱਖਦਾ ਹਾਂ ਕਿ ਪੰਥ ਨੂੰ ਪਤਾ ਲੱਗ ਜਾਏ ਤਾਂ ਕਿ ਆਪ ਵਿਚ ਮੁੜ ਫੁੱਟ ਪਾਉਣ ਦੀ ਤਾਕਤ ਨਾ ਰਹੇ। ਮੇਰੇ ਦਿਲ ਵਿਚ ਨਿਸਚਾ ਹੈ ਕਿ ਆਪ ਪੰਥ ਵਿਚ ਫੁੱਟ ਪਾਈ ਰੱਖਣ ਵਾਲੇ ਹੋ ਤੇ ਜੇ ਇਹੋ ਨਿਸਚਾ ਸਭ ਨੂੰ ਹੋ ਜਾਵੇ ਤਾਂ ਖਲਾਸੀ ਹੋ ਜਾਂਦੀ ਹੈ। ਮੈਂ ਮੁਨਸਫ਼ ਭੀ ਉਹਨਾਂ ਸੱਜਣਾਂ ਵਿੱਚੋਂ ਤਜਵੀਜ਼ ਕਰਦਾ ਹਾਂ ਜੋ ਆਪ ਦੀ ਪਾਰਟੀ ਵਿਚ ਰਹੇ ਹਨ, ਜਿਨ੍ਹਾਂ 'ਚੋਂ ਬਾਵਾ ਹਰ ਕ੍ਰਿਸ਼ਨ ਸਿੰਘ ਜੀ, ਸ: ਮਹਿੰਦਰ ਸਿੰਘ ਜੀ ਸਿਧਵਾਂ ਤੇ ਮਾਸਟਰ ਦੌਲਤ ਸਿੰਘ ਜੀ ਵਿੱਚੋਂ ਕੋਈ ਮੁਨਸਫ ਮੰਨ ਲਵੋ। ਜੇ ਇਹਨਾਂ ਵਿੱਚੋਂ ਕੋਈ ਮਨਜ਼ੂਰ ਨਾ ਹੋਵੇ ਤਾਂ ਤੁਸੀਂ ਹੀ ਕਿਸੇ ਹੋਰ ਦਾ ਨਾਮ ਤਜਵੀਜ਼ ਕਰ ਦੇਵੋ।

ਇਹ ਨਾ ਆਸ ਰੱਖਣਾ ਕਿ ਆਪ ਚੁੱਪ ਕਰ ਕੇ ਚਾਰ ਦਿਨ ਲੰਘਾ ਲਵੋ ਤੇ ਮੈਂ ਆਪੇ ਲਿਖ-ਲਿਖ ਕੇ ਚੁੱਪ ਕਰ ਜਾਵਾਂਗਾ। ਇਸ ਤਰ੍ਹਾਂ ਨਾਲ ਬੇਹਯਾਈ ਨਾਲ ਬੋਲੇ ਝੂਠ ਨੂੰ ਪ੍ਰਗਟ ਕਰਨਾ ਮੈਂ ਸਦਾ ਹੀ ਆਪਣਾ ਫ਼ਰਜ ਸਮਝਾਂਗਾ। ਸਾਲਸ ਤੋਂ ਹੇਠ ਲਿਖੀਆਂ ਗੱਲਾਂ ਦਾ ਫ਼ੈਸਲਾ ਕਰਵਾਇਆ ਜਾਵੇ :-

(1) ਕੀ ਤਾਰਾ ਸਿੰਘ ਨੇ ਭਾਈ ਸੱਜਣ ਸਿੰਘ ਜੀ ਸਬੰਧੀ ਪਾਸ ਹੋਏ ਮਤੇ ਬਾਬਤ ਕੋਈ ਚਿੱਠੀ ਗਵਰਨਰ ਸਾਹਿਬ ਜਾਂ ਕਿਸੇ ਹੋਰ ਸਰਕਾਰੀ ਅਫ਼ਸਰ ਨੂੰ ਲਿਖੀ ਹੈ ?

(2) ਕੀ ਤਾਰਾ ਸਿੰਘ ਨੇ ਇਸ ਮਤੇ ਸਬੰਧੀ ਕਦੀ ਭੀ ਕੋਈ ਗੱਲਬਾਤ ਕਿਸੇ ਭੀ ਸਰਕਾਰੀ ਅਫ਼ਸਰ ਨਾਲ ਕੀਤੀ ਹੈ ?

(3) ਕੀ ਤਾਰਾ ਸਿੰਘ ਦੇ ਵਿਰੁੱਧ ਇਸ ਮਤੇ ਸਬੰਧੀ ਜੋ ਅਫ਼ਵਾਹ ਉਡਾਈ ਗਈ

ਹੈ, ਉਸ ਵਿਚ ਕੋਈ ਰਤੀ ਭਰ ਭੀ ਸੱਚ ਹੈ?

(4) ਕੀ ਤਾਰਾ ਸਿੰਘ ਨੇ ਇਸ ਸਬੰਧੀ ਕੋਈ ਭੀ ਗੁਪਤ ਜਾਂ ਪ੍ਰਗਟ ਤੌਰ 'ਤੇ ਕੋਈ ਜਰਾ ਜਿਨ੍ਹੀ ਭੀ ਅਯੋਗ ਕਾਰਵਾਈ ਕੀਤੀ ਹੈ?

(5) ਕੀ ਤਾਰਾ ਸਿੰਘ ਨੇ ਗੋਲਮੇਜ਼ ਕਾਨਫ਼ਰੰਸ ਉੱਤੇ ਜਾਣ ਦੇ ਲਾਲਚ ਵਿਚ ਕਿਸੇ ਭੀ ਸਰਕਾਰੀ ਅਫ਼ਸਰ ਨੂੰ ਕੋਈ ਗੱਲ ਕਹੀ ਜਾਂ ਲਿਖੀ ਹੈ। ਜਾਂ ਕੀ ਤਾਰਾ ਸਿੰਘ ਉੱਤੇ ਇਸ ਲਾਲਚ ਵਿਚ ਫਸਣ ਦਾ ਕੋਈ ਜਰਾ ਜਿੰਨਾ ਇਲਜਾਮ ਭੀ ਆ ਸਕਦਾ ਹੈ।

(6) ਕੀ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ ਨੇ ਜਾਣ ਬੁਝ ਕੇ ਤਾਰਾ ਸਿੰਘ ਨੂੰ ਬਦਨਾਮ ਕਰਨ ਲਈ ਝੂਠੀ ਅਫ਼ਵਾਹ ਨਹੀਂ ਉਡਾਈ ਹੈ?

(7) ਜੇ ਇਸ ਤਾਕੀਕਾਤ ਵਿਚ ਮੇਰੀ ਜਰਾ ਜਿਨੀ ਭੀ ਕੋਈ ਬੇਜਾ ਕਾਰਵਾਈ ਸਾਬਤ ਹੋਵੇ ਤਾਂ ਮੇਰਾ ਮੂੰਹ ਕਾਲਾ ਕਰ ਕੇ ਮੈਨੂੰ ਪੰਥ ਵਿੱਚੋਂ ਕੱਢ ਦਿੱਤਾ ਜਾਵੇ ਤੇ ਜੇ ਇਹ ਸਾਬਤ ਹੋ ਜਾਵੇ ਕਿ ਆਪ ਨੇ (ਸਰਦਾਰ ਬਹਾਦਰ ਮਹਿਤਾਬ ਸਿੰਘ ਨੇ) ਜਾਣ-ਬੁਝ ਕੇ ਝੂਠ ਬੋਲਿਆ ਹੈ ਤੇ ਮੈਨੂੰ ਬਦਨਾਮ ਕਰਨ ਲਈ ਝੂਠੀ ਘਾੜਤ ਘੜੀ ਹੈ ਤਾਂ ਆਪ ਨਾਲ ਉਹ ਸਲੂਕ ਕੀਤਾ ਜਾਵੇ, ਜੋ ਸਾਲਸ ਯੋਗ ਸਮਝੇ।

ਹੁਣ ਆਪ ਚੁੱਪ ਕਰ ਕੇ ਇਸ ਗੱਲ ਨੂੰ ਟਾਲ ਨਹੀਂ ਸਕੋਗੇ। ਆਪ ਦੇ ਘੜੇ ਝੂਠ ਨੇ ਕਈ ਅਖ਼ਬਾਰਾਂ ਨੂੰ ਟਪਲਾ ਦਿੱਤਾ ਹੈ। ਜਿਹਨਾਂ ਅਖ਼ਬਾਰਾਂ ਨੇ ਕੇਵਲ ਟਪਲਾ ਹੀ ਖਾਧਾ ਹੈ, ਉਨ੍ਹਾਂ ਅੱਗੇ ਮੇਰੀ ਇਹ ਚਿੱਠੀ ਆਪਣੇ ਅਖ਼ਬਾਰਾਂ ਵਿਚ ਛਾਪ ਕੇ ਗ਼ਲਤ-ਫਹਿਮੀ ਦੂਰ ਕਰ ਦੇਣ।

☆ ☆ ☆

ਢਾਈ ਵਰ੍ਹਿਆਂ ਦੀ ਕਹਾਣੀ ਜੰਗ ਸਮਝੌਤਾ ਤੇ ਖਾਤਮਾ

ਪੁੱਠੀ ਸਮਝ ਵਾਲੇ ਮਹਾਰਾਜਾ ਪਟਿਆਲਾ ਨੇ ਸਰਦਾਰ ਸੇਵਾ ਸਿੰਘ ਜੀ ਨੂੰ ਇਸ ਲਈ ਬਿਨਾਂ ਕੋਈ ਕਾਰਨ ਦੱਸੇ ਜੇਲ੍ਹ ਵਿਚ ਸੁੱਟ ਦਿੱਤਾ ਸੀ ਕਿ ਉਹ ਸਰਦਾਰ ਸੇਵਾ ਸਿੰਘ ਜੀ ਨੂੰ ਨਿਵਾਂ ਕੇ ਕਾਬੂ ਰੱਖਣਾ ਚਾਹੁੰਦੇ ਸੀ। ਉਸ ਨੂੰ ਇਤਨੀ ਸਮਝ ਨਹੀਂ ਸੀ ਕਿ ਇਸ ਤਰ੍ਹਾਂ ਧਕੇ ਅੱਗੇ ਬਹਾਦਰ ਨਹੀਂ ਨਿੰਵਿਆਂ ਕਰਦੇ ਤੇ ਜੋ ਧਕੇ ਅੱਗੇ ਨਿੰਵਦੇ ਹਨ, ਉਹ ਕਿਸੇ ਕੰਮ ਦੇ ਨਹੀਂ ਹੁੰਦੇ।

ਇਸ ਤਰ੍ਹਾਂ ਜੇਲ੍ਹ ਵਿਚ ਪਿਆਂ ਸਮਾਂ ਸੇਵਾ ਸਿੰਘ ਜੀ ਨੂੰ ਕਈ ਸਾਲ ਲੰਘ ਗਏ ਤੇ ਇਹ ਜ਼ਾਲਮ ਉਹਨਾਂ ਨੂੰ ਛੱਡਣ ਵਿਚ ਹੀ ਨਾ ਆਵੇ। ਇਸ ਹਾਲਤ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਫ਼ੈਸਲਾ ਕੀਤਾ ਹੈ ਕਿ ਪਟਿਆਲਾ ਰਿਆਸਤ ਵਿੱਚੋਂ ਦੀਵਾਨ ਕੀਤੇ ਜਾਣ ਤੇ ਇਸ ਜ਼ੁਲਮ ਵਿਰੁੱਧ ਐਜੀਟੇਸ਼ਨ ਕੀਤੀ ਜਾਵੇ। ਇਕ ਡੈਪੂਟੇਸ਼ਨ ਸ: ਖੜਕ ਸਿੰਘ ਜੀ ਦੀ ਜਥੇਦਾਰੀ ਹੇਠਾਂ ਪਟਿਆਲਾ ਰਿਆਸਤ ਵਿਚ ਘਲਿਆ ਗਿਆ। ਪਟਿਆਲਾ ਰਿਆਸਤ ਨੇ ਬਹੁਤ ਜ਼ੁਲਮ ਕੀਤਾ। ਦੀਵਾਨਾਂ ਵਿਚ ਆਉਣ ਵਾਲੇ ਲੋਕਾਂ ਦੀਆਂ ਜਾਇਦਾਦਾਂ ਜਬਤ ਕਰ ਲਈਆਂ ਤੇ ਕਈਆਂ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ। ਸ: ਰਿਧਾ ਸਿੰਘ ਜੀ ਨਾਲ ਜੋ ਬੀਤੀ ਸੀ, ਉਹ ਚੇਤਾ ਕਰ ਕੇ ਸਰੀਰ ਕੰਬ ਉਠਦਾ ਹੈ।

ਦੂਜੇ ਪਾਸੇ ਸਿੱਖਾਂ ਵਿਚ ਪਟਿਆਲਾ ਦੇ ਏਜੰਟਾਂ ਨੇ ਇਤਨਾ ਪ੍ਰਚਾਰ ਕੀਤਾ ਕਿ ਸਾਡੇ ਆਪਣੇ ਸੱਜਣਾਂ ਵਿੱਚੋਂ ਭੀ ਕਈ ਕਹਿਣ ਲੱਗ ਪਏ ਕਿ ਇਕ ਵੇਰਾਂ ਮਹਾਰਾਜਾ ਪਟਿਆਲਾ ਨੂੰ ਸਫ਼ਾਈ ਕਰਨ ਦਾ ਮੌਕਾ ਦਿੱਤਾ ਜਾਵੇ। ਇਸ ਉੱਤੇ ਫ਼ਰਵਰੀ 1929 ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੰਤਰੀ ਭਾਵ ਦਾ ਐਲਾਨ ਕੀਤਾ ਗਿਆ। ਮਹਾਰਾਜਾ ਪਟਿਆਲਾ ਦੀ ਖਸਲਤ ਨੂੰ ਜਾਨਣ ਵਾਲੇ ਕਹਿੰਦੇ ਸਨ ਕਿ ਇਸ ਦਾ ਨਤੀਜਾ ਇਹ ਹੋਵੇਗਾ ਕਿ ਉਹ ਵਧੇਰੇ ਸਖ਼ਤੀ ਕਰੇਗਾ। ਇਹੋ ਹੀ ਗੱਲ ਹੋਈ ਪਰ ਆਮ ਸੰਗਤਾਂ ਨੂੰ ਆਪਣੀ ਖੁਲ੍ਹ ਦਿਲੀ ਦਾ ਸਬੂਤ ਦੇਣਾ ਭੀ ਸ਼੍ਰੋਮਣੀ ਅਕਾਲੀ ਦਲ ਲਈ ਜ਼ਰੂਰੀ ਸੀ।

ਪਟਿਆਲੇ ਵੱਲੋਂ ਉਥੇ ਦੇ ਸਿੰਘਾਂ ਉੱਤੇ ਸਖ਼ਤੀ ਵੱਧ ਗਈ। ਇਸ ਕਰ ਕੇ ਫਿਰ ਅਖ਼ਬਾਰੀ ਐਜੀਟੇਸ਼ਨ ਸ਼ੁਰੂ ਕੀਤਾ ਗਿਆ। ਇਸ ਐਜੀਟੇਸ਼ਨ ਦਾ ਬਹੁਤ ਅਸਰ ਹੋਇਆ ਕਿਉਂਕਿ ਮਹਾਰਾਜਾ ਪਟਿਆਲਾ ਵਿਚ ਬਹੁਤ ਸਾਰੇ ਨੁਕਸ ਫੜੇ ਗਏ, ਜੋ ਪ੍ਰਗਟ ਹੋਣ ਉੱਤੇ ਉਹ ਬਹੁਤ ਘਬਰਾਇਆ ਦੋ ਤਿੰਨ ਮਹੀਨੇ ਭੀ ਨਹੀਂ ਲੰਘੇ ਸਨ ਕਿ ਰਿਆਸਤ ਪਟਿਆਲਾ ਦਾ ਇਕ ਜ਼ਿੰਮੇਂਵਾਰ ਅਫ਼ਸਰ ਭਾਗ ਸਿੰਘ ਜੀ ਤੇ ਸਰਦਾਰ

ਤੇਜਾ ਸਿੰਘ ਜੀ ਦੀ ਰਾਹੀਂ ਮੈਨੂੰ ਮਿਲਿਆ। ਇਸ ਅਫ਼ਸਰ ਨੇ ਇੱਛਾ ਪ੍ਰਗਟ ਕੀਤੀ ਕਿ ਪੰਥ ਤੇ ਮਹਾਰਾਜਾ ਪਟਿਆਲਾ ਵਿਚ ਸੁਲਾਹ ਹੋ ਜਾਵੇ। ਮੈਂ ਜਵਾਬ ਦਿੱਤਾ ਕਿ ਮੈਂ ਤਾਂ ਹਰ ਗੱਲ ਵਿਚ ਹਰ ਵੇਲੇ ਸੁਲਾਹ ਲਈ ਤਿਆਰ ਹਾਂ, ਪਰ ਹੁਣ ਅਕਾਲੀ ਕੈਦੀਆਂ ਤੋਂ ਛੁੱਟ ਮਹਾਰਾਜਾ ਪਟਿਆਲਾ ਨੂੰ ਸਰਦਾਰ ਅਮਰ ਸਿੰਘ ਜੀ ਰੁੜਕੀ, ਸ: ਨਾਨਕ ਸਿੰਘ ਜੀ ਤੇ ਡਾਕਟਰ ਬਖਸ਼ੀਸ਼ ਸਿੰਘ ਜੀ ਦਾ ਮਾਮਲਾ ਭੀ ਯੋਗ ਢੰਗ ਨਾਲ ਨਜਿੱਠਣਾ ਪਵੇਗਾ, ਕਿਉਂਕਿ ਇਸ ਐਜੀਟੇਸ਼ਨ ਵਿਚ ਹੁਣ ਅਸੀਂ ਉਹਨਾਂ ਨਾਲ ਭਾਈਵਾਲੀ ਪਾ ਬੈਠੇ ਹਾਂ। ਨਾਲ ਹੀ ਮਹਾਰਾਜਾ ਪਟਿਆਲਾ ਨੂੰ ਆਪਣਾ ਚਾਲ-ਚਲਨ ਸੁਧਾਰਨਾ ਪਵੇਗਾ। ਜੇ ਉਹ ਚਾਲ-ਚਲਨ ਨਹੀਂ ਸੁਧੇਰਗਾ, ਤਾਂ ਹੋਇਆ ਸਮਝੌਤਾ ਭੀ ਟੁੱਟ ਜਾਵੇਗਾ। ਇਸ ਅਫ਼ਸਰ ਨੇ ਬਹੁਤ ਤੱਸਲੀ ਦਿੱਤੀ ਕਿ ਮਾਮਲਾ ਨਜਿੱਠਿਆ ਜਾ ਸਕਦਾ ਹੈ, ਪਰ ਉਸ ਦੇ ਥੋੜ੍ਹੇ ਦਿਨ ਮਗਰੋਂ ਹੀ ਇਕ ਸਿੰਘਾਂ ਦਾ ਡੈਪੂਟੇਸ਼ਨ (ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਉੱਕਾ ਸ਼ਾਮਲ ਨਹੀਂ ਸੀ) ਮਹਾਰਾਜਾ ਪਟਿਆਲਾ ਪਾਸ ਪੁੱਜਾ ਤੇ ਸਰਦਾਰ ਹਰਚੰਦ ਸਿੰਘ ਜੀ ਜੇਜੀ ਤੋਂ ਬਿਨਾਂ ਸਾਰੇ ਅਕਾਲੀ ਕੈਦੀ ਰਿਹਾ ਕਰ ਦਿੱਤੇ ਗਏ ਤੇ ਉਹਨਾਂ ਦੀਆਂ ਜਾਇਦਾਦਾਂ ਵਾਪਸ ਕੀਤੀਆਂ ਗਈਆਂ, ਪਰ ਬਾਕੀ ਮਾਮਲੇ ਵਿਚੇ ਹੀ ਰਹੇ। ਇਸ ਕਰ ਕੇ ਐਜੀਟੇਸ਼ਨ ਜਾਰੀ ਰਿਹਾ। ਇਸ ਐਜੀਟੇਸ਼ਨ ਦੇ ਵਿਚ ਫਿਰ ਪਟਿਆਲੇ ਵੱਲੋਂ ਘੱਲੇ ਹੋਏ ਆਦਮੀ ਮੈਨੂੰ ਕਈ ਵੇਰਾਂ ਮਿਲੇ ਤੇ ਕਈ ਕਿਸਮਾਂ ਦੇ ਮਿਲੇ। ਇਕ ਵੇਰਾਂ ਫਿਰ ਉਹੋ ਹੀ ਜ਼ਿੰਮੇਂਵਾਰ ਅਫ਼ਸਰ ਮੈਨੂੰ ਮਿਲਿਆ ਪਰ ਕਈ ਵੇਰਾਂ ਇਤਬਾਰ ਯੋਗ ਸੱਜਣ ਤੇ ਕਈ ਬੇਇਤਬਾਰ ਲੋਕ ਮੈਨੂੰ ਮਿਲਦੇ ਰਹੇ ਤੇ ਇਹੋ ਕਹਿੰਦੇ ਰਹੇ ਕਿ ਸਮਝੌਤਾ ਕਰ ਲਵੋ, ਪਰ ਸਮਝੌਤੇ ਦੀ ਵਿਉਂਤ ਕੋਈ ਨਾ ਬਣੀ।

ਢਾਈ ਵਰ੍ਹਿਆਂ ਦੀ ਕਹਾਣੀ ਜੰਗ, ਸਮਝੌਤਾ ਤੇ ਖਾਤਮਾ

ਅੱਜ ਮੈਂ ਜੇਲ੍ਹ ਵਿਚ ਹੀ ਸਾਂ ਕਿ ਇਹ ਗੱਲ ਚੁੱਕੀ ਗਈ ਕਿ ਪੰਥ ਵਿਚ ਏਕਤਾ ਹੋਣੀ ਜ਼ਰੂਰੀ ਹੈ ਤੇ ਇਸ ਲਈ ਪਟਿਆਲਾ ਵਿਰੁੱਧ ਐਜੀਟੇਸ਼ਨ ਛੱਡਣੀ ਚਾਹੀਦੀ ਹੈ। ਇਸ ਮਤਲਬ ਲਈ ਇਕ ਸੱਜਣ ਮੇਰੀ ਸਲਾਹ ਲੈਣ ਜੇਹਲ ਵਿਚ ਪੁੱਜਾ ਕਿ ਮਹਾਰਾਜਾ ਸਾਹਿਬ ਦੇ ਵਲਾਇਤੋਂ ਆਵਣ ਸਮੇਂ ਉੱਤੇ ਜੋ ਜਲੂਸ ਬੰਬਈ ਨਿਕਲਨਾ ਹੈ, ਉਹ ਰੋਕ ਦਿੱਤਾ ਜਾਵੇ। ਮੈਂ ਉੱਤਰ ਦਿੱਤਾ ਕਿ ਜਲੂਸ ਵਧੇਰੇ ਜ਼ੋਰ ਨਾਲ ਕੱਢਿਆ ਜਾਵੇ।

ਮਗਰੋਂ ਇਹ ਸਮਝੌਤਾ ਹੋ ਗਿਆ ਕਿ ਬੰਬਈ ਜਲੂਸ ਨਾ ਕੱਢਿਆ ਜਾਵੇ ਤੇ ਮਹਾਰਾਜਾ ਪਟਿਆਲਾ ਘਰ ਪੁੱਜਦਿਆਂ ਸਾਰ ਸਾਰੇ ਅਕਾਲੀ ਕੈਦੀ ਛੱਡ ਦੇਣਗੇ। ਪਟਿਆਲਾ ਇਸ ਵੇਰਾਂ ਆਪਣੇ ਬਚਨ ਉੱਤੇ ਕਾਇਮ ਰਿਹਾ ਤੇ ਉਸ ਨੇ ਸਾਰੇ ਅਕਾਲੀ ਕੈਦੀ ਛੱਡ ਦਿੱਤੇ। ਇਸ ਦੇ ਮਗਰੋਂ ਆਪੋ ਵਿਚ ਸਮਝੌਤਾ ਹੋਣ ਦਾ ਯਤਨ ਪਟਿਆਲੇ ਵੱਲੋਂ ਕੀਤਾ ਗਿਆ। ਇਸ ਦੇ ਇਕ ਹਿੱਸੇ ਨੂੰ ਤਾਂ ਅੱਗੇ ਪਰਜਾ-ਮੰਡਲ ਨੇ ਪ੍ਰਗਟ ਕਰ ਦਿੱਤਾ ਹੈ। ਜੋ ਗੱਲਬਾਤ ਮੇਰੇ ਨਾਲ ਹੋਈ ਤੇ ਜਿਸ ਹਿੱਸੇ ਨੂੰ ਗੁਪਤ ਰੱਖਣ

ਲਈ ਮੈਂ ਆਪਣੇ ਆਪ ਨੂੰ ਹੁਣ ਬੱਧਾ ਹੋਇਆ ਨਹੀਂ ਸਮਝਦਾ, ਉਹ ਇਉਂ ਹੈ :-

ਸਰਦਾਰ ਸੰਤ ਸਿੰਘ ਜੀ ਸੁਪਰਟੈਂਡੈਂਟ ਸੀ. ਆਈ. ਡੀ. ਨੇ ਮੇਰੇ ਕੋਲ ਇਕ ਸੱਜਣ ਨੂੰ ਘੱਲਿਆ ਕਿ ਪਟਿਆਲੇ ਨਾਲ ਸਮਝੌਤਾ ਕਰ ਲੈਣਾ ਚਾਹੀਦਾ ਹੈ ਤੇ ਪਟਿਆਲਾ ਤਿਆਰ ਹੈ। ਮੈਂ ਉੱਤਰ ਘੱਲਿਆ ਕਿ ਮੈਂ ਹਰ ਵੇਲੇ ਸਮਝੌਤੇ ਲਈ ਤਿਆਰ ਹਾਂ ਜੇ ਪਟਿਆਲਾ ਆਪਣਾ ਵਤੀਰਾ ਛੱਡ ਦੇਵੇ, ਪਰ ਮੈਂ ਸੀ. ਆਈ. ਡੀ. ਦੇ ਅਫ਼ਸਰ ਦੀ ਰਾਹੀਂ ਕੋਈ ਗੱਲਬਾਤ ਕਰਨ ਨੂੰ ਤਿਆਰ ਨਹੀਂ ਹਾਂ। ਇਸ ਉੱਤਰ ਤੋਂ ਨਰਾਜ਼ ਹੋ ਕੇ ਜੋ ਸਰਦਾਰ ਸੰਤ ਸਿੰਘ ਜੀ ਨੇ ਕੀਤਾ ਹੈ, ਉਹ ਅੱਡਰੀ ਕਹਾਣੀ ਹੈ ਤੇ ਇਥੇ ਦੱਸਣ ਦੀ ਲੋੜ ਨਹੀਂ ਭਾਸਦੀ।

ਇਸ ਦੇ ਮਗਰੋਂ ਪਟਿਆਲੇ ਵੱਲੋਂ ਕਈ ਆਦਮੀ ਸਿੱਧੇ ਮੇਰੇ ਕੋਲ ਪੁੱਜੇ ਤੇ ਮਗਰੋਂ ਪਟਿਆਲੇ ਦੇ ਜ਼ਿੰਮੇਂਵਾਰ ਅਫ਼ਸਰ ਭੀ ਮੇਰੇ ਕੋਲ ਆਏ। ਉਹਨਾਂ ਨੇ ਮੈਨੂੰ ਤਸੱਲੀ ਦਿੱਤੀ ਕਿ ਮਹਾਰਾਜਾ ਪਟਿਆਲਾ ਸੱਚੇ ਦਿਲੋਂ ਸਮਝੌਤਾ ਕਰਨਾ ਚਾਹੁੰਦਾ ਹੈ ਤੇ ਪਿਛਲਾ ਵਤੀਰਾ ਬਦਲ ਲੈਣਾ ਚਾਹੁੰਦਾ ਹੈ। ਮੈਂ ਹਰ ਵੇਲੇ ਇਹ ਗੱਲ ਸਾਫ਼ ਕਹਿੰਦਾ ਰਿਹਾ ਹਾਂ ਕਿ ਜਦ ਤਕ ਮਹਾਰਾਜਾ ਪਟਿਆਲਾ ਸਿਗਰਟ ਨਹੀਂ ਛੱਡਦਾ ਬਦਚਲਨੀ ਨਹੀਂ ਛੱਡਦਾ ਤੇ ਸਿੱਖੀ ਵਿਚ ਪੱਕਾ ਨਹੀਂ ਹੁੰਦਾ, ਉਦੋਂ ਤਕ ਮੇਰਾ ਕੋਈ ਸਮਝੌਤਾ ਨਹੀਂ ਹੋ ਸਕਦਾ ਤੇ ਜੇਕਰ ਕੋਈ ਸਮਝੌਤਾ ਹੋਣ ਮਗਰੋਂ ਭੀ ਇਹ ਪਾਪ ਮਹਾਰਾਜਾ ਵਿਚ ਰਹਿਣਗੇ, ਤਾਂ ਹੋ ਚੁੱਕਾ ਸਮਝੌਤਾ ਭੀ ਟੁੱਟ ਜਾਵੇਗਾ। ਚੂੰਕਿ ਮੈਨੂੰ ਮਹਾਰਾਜਾ ਪਟਿਆਲਾ ਦੀ ਜ਼ਬਾਨ ਉੱਤੇ ਭਰੋਸਾ ਨਹੀਂ ਸੀ, ਇਸ ਕਰ ਕੇ ਮੈਂ ਇਕ ਅਜਿਹੀ ਸ਼ਰਤ ਲਾਈ ਜਿਸ ਤੋਂ ਨੀਅਤ ਚੰਗੀ ਤਰ੍ਹਾਂ ਪੜਤਾਲੀ ਜਾ ਸਕੇ। ਮੈਂ ਕਿਹਾ ਕਿ ਟਿਕਾ ਸਾਹਿਬ ਦੀ ਮੰਗਣੀ ਰਾਜਪੂਤ ਘਰਾਣੇ ਵਿੱਚੋਂ ਤੋੜ ਦਿੱਤੀ ਜਾਵੇ ਤੇ ਸਿੱਖ ਘਰਾਣੇ ਵਿਚ ਕੀਤੀ ਜਾਵੇ। ਬੱਸ ਜਦ ਇਹ ਨਿਸ਼ਾਨੀ ਪੂਰੀ ਹੋ ਜਾਵੇ ਤਾਂ ਮੈਂ ਸਮਝਾਂਗਾ ਕਿ ਮਹਾਰਾਜਾ ਪਟਿਆਲਾ ਦੀ ਨੀਅਤ ਸਾਫ਼ ਹੋ ਗਈ ਹੈ। ਇਥੇ ਮੈਂ ਇਹ ਭੀ ਦੱਸ ਦੇਵਾਂ ਕਿ ਪਟਿਆਲਾ ਦੇ ਖ਼ਾਸ ਜ਼ਿੰਮੇਂਵਾਰ ਇਕ ਅਫ਼ਸਰ ਇਕ ਹੋਰ ਸੱਜਣ ਨੂੰ ਮੇਰੇ ਸਾਹਮਣੇ ਕਰ ਗਏ ਸਨ ਕਿ ਉਹ ਸੱਜਣ ਇਤਬਾਰੀ ਸਮਝਿਆ ਜਾਵੇ। ਜੋ ਸੁਨੇਹਾ ਉਹੋ ਲੈ ਕੇ ਜਾਵੇਗਾ ਉਹ ਉਹਨਾਂ ਵੱਲੋਂ ਹੋਵੇਗਾ। ਜਦ ਕਦੀ ਪਟਿਆਲਾ ਦੇ ਖ਼ਾਸ ਅਹਿਲਕਾਰਾਂ ਵਿਚ ਕੋਈ ਨਹੀਂ ਆਉਂਦਾ ਸੀ ਤਾਂ ਇਹੋ ਸੱਜਣ ਮੇਰੇ ਵੱਲ ਘੱਲਿਆ ਜਾਂਦਾ ਸੀ। ਦੂਜੇ ਪਾਸੇ ਮੈਂ ਕਈ ਸੱਜਣੀ ਮਿੱਤਰਾਂ ਤੋਂ ਹੋਰ ਪੰਥ ਦਰਦੀਆਂ ਦੀ ਸਲਾਹ ਪੁੱਛਦਾ ਰਿਹਾ। ਸਾਰੇ ਇਸ ਗੱਲ ਦੇ ਹੱਕ ਵਿਚ ਸਨ ਕਿ ਜੇ ਪਟਿਆਲਾ ਠੀਕ ਹੋ ਜਾਵੇ ਤਾਂ ਸਮਝੌਤਾ ਕਰ ਲੈਣਾ ਚਾਹੀਦਾ ਹੈ।

ਇਨ੍ਹਾਂ ਗੱਲਾਂ ਬਾਤਾਂ ਦੇ ਵਿਚ ਹੀ ਸਰਦਾਰ ਨਾਨਕ ਸਿੰਘ ਜੀ (ਜੋ ਸਰਦਾਰ ਲਾਲ ਸਿੰਘ ਜੀ ਦੇ ਕਤਲ ਦੇ ਇਲਜ਼ਾਮ ਵਿਚ ਪਟਿਆਲੇ ਕੈਦ ਸਨ ਤੇ ਕਿਹਾ ਜਾਂਦਾ ਸੀ ਕਿ ਪਟਿਆਲਾ ਜੇਲ੍ਹ ਵਿੱਚੋਂ ਭੱਜ ਗਏ ਹਨ)। ਮੈਨੂੰ ਮਿਲੇ ਉਹਨਾਂ ਨੇ ਮੈਨੂੰ ਆਪਣੀ ਕਹਾਣੀ ਸੁਣਾਈ ਕਿ ਕਿਸ ਤਰ੍ਹਾਂ ਫਿਰ ਉਹਨਾਂ ਨੇ ਫ਼ਿਟਜ਼ਪੈਟ੍ਰਕ ਦੇ ਸਾਹਮਣੇ ਝੂਠੀ ਗਵਾਹੀ ਦੇਣੋਂ ਇਨਕਾਰ ਕੀਤਾ ਤੇ ਕਿਸ ਤਰ੍ਹਾਂ ਫਿਰ ਉਹਨਾਂ ਨੂੰ

ਉਥੋਂ ਰੁਪਿਆ ਦੇ ਕੇ ਭਜਾਇਆ ਗਿਆ। ਇਸ ਗੱਲ ਦੇ ਸਬੂਤ ਲਈ ਉਹਨਾਂ ਕੋਲ ਇਕ ਚਿੱਠੀ ਭੀ ਸੀ, ਜੋ ਮਗਰੋਂ ਮੇਰੇ ਹਵਾਲੇ ਕੀਤੀ ਗਈ। ਸਰਦਾਰ ਨਾਨਕ ਸਿੰਘ ਜੀ ਨੇ ਮੈਨੂੰ ਇਹ ਭੀ ਦੱਸਿਆ ਕਿ ਉਹ ਪਟਿਆਲੇ ਦੇ ਨਾਲ ਇਕ ਮਦਰਾਸੀ ਦੇ ਰਾਹੀਂ ਆਪਣੀ ਰਿਹਾਈ ਲਈ ਗੱਲਬਾਤ ਕਰਦੇ ਰਹੇ ਹਨ। ਇਸ ਗੱਲ ਦਾ ਸਬੂਤ ਵੀ ਉਹਨਾਂ ਨੇ ਮੇਰੇ ਹਵਾਲੇ ਕੀਤਾ। ਆਖ਼ਰ ਪਟਿਆਲੇ ਦੇ ਨਾਲ ਸਰਦਾਰ ਨਾਨਕ ਸਿੰਘ ਜੀ ਦਾ ਸਮਝੌਤਾ ਹੋ ਗਿਆ। ਸਰਦਾਰ ਨਾਨਕ ਸਿੰਘ ਜੀ ਨੇ ਦਰਖਾਸਤ ਕੀਤੀ ਕਿ ਉਹਨਾਂ ਨੂੰ ਰਿਹਾ ਕੀਤਾ ਜਾਵੇ ਤੇ ਪਟਿਆਲੇ ਨੇ ਰਿਹਾਈ ਦਾ ਹੁਕਮ ਦੇ ਦਿੱਤਾ। ਇਸ ਡਰਾਮੇ ਦਾ ਭੀ ਮੈਨੂੰ ਇਲਮ ਹੈ, ਪਰ ਅਜੇ ਉਹ ਮੈਂ ਦੱਸਣਾ ਮੁਨਾਸਬ ਨਹੀਂ ਸਮਝਦਾ।

ਸਰਦਾਰ ਨਾਨਕ ਸਿੰਘ ਜੀ ਦੀ ਰਿਹਾਈ ਮਗਰੋਂ ਮੈਨੂੰ ਭਰੋਸਾ ਹੋ ਗਿਆ ਕਿ ਹੁਣ ਪਟਿਆਲਾ ਸਿੱਧੇ ਰਾਹ ਆ ਜਾਵੇਗਾ ਕਿਉਂਕਿ ਹੁਣ ਮੇਰੇ ਹੱਥ ਹੋਰ ਭੀ ਪੱਕੇ ਸਬੂਤ ਹੋ ਗਏ ਸਨ ਕਿ ਸਰਦਾਰ ਲਾਲ ਸਿੰਘ ਜੀ ਨੂੰ ਕਤਲ ਕਰਨ ਵਾਲਾ ਮਹਾਰਾਜਾ ਪਟਿਆਲਾ ਆਪ ਹੈ।

ਮੈਂ ਬੰਬਈ ਸਾਂ ਤਾਂ ਮੈਨੂੰ ਸ਼੍ਰੋਮਣੀ ਕਮੇਟੀ ਵੱਲੋਂ ਤਾਰ ਮਿਲੀ ਕਿ ਮੈਂ ਸ਼ਿਮਲੇ ਪੁੱਜਾ ਕਿਉਂਕਿ ਗੁਰਦੁਆਰਾ ਐਕਟ ਦੀਆਂ ਤਰਮੀਮਾਂ ਲਈ ਸਰਕਾਰ ਨਾਲ ਗੱਲਬਾਤ ਕਰਨੀ ਹੈ। ਮੈਂ ਉਥੇ ਪੁੱਜਾ ਤੇ ਉਥੇ ਮੈਨੂੰ ਪਟਿਆਲੇ ਦਾ ਇਤਬਾਰੀ ਆਦਮੀ ਮਿਲਿਆ ਜੋ ਥੋੜ੍ਹੇ ਦਿਨ ਪਹਿਲਾਂ ਮੈਨੂੰ ਅੰਮ੍ਰਿਤਸਰ ਮਿਲ ਕੇ ਗਿਆ ਸੀ ਤੇ ਜਿਸ ਨੇ ਮੈਨੂੰ ਚੰਗੀ ਤਰ੍ਹਾਂ ਕਿਹਾ ਸੀ ਕਿ ਜਦ ਤਕ ਟਿੱਕਾ ਸਾਹਿਬ ਜੀ ਸ਼ਾਦੀ ਸਿੱਖ ਘਰਾਣੇ ਵਿਚ ਕਰਨੀ ਮਨਜ਼ੂਰ ਨਾ ਕੀਤੀ ਜਾਵੇ, ਹੋਰ ਕੋਈ ਗੱਲ ਮੈਂ ਕਰਨ ਨੂੰ ਤਿਆਰ ਨਹੀਂ ਹਾਂ। ਇਹ ਗੱਲ ਮਨਜ਼ੂਰ ਕਰ ਲਈ ਜਾਵੇ ਤਾਂ ਫਿਰ ਪਰਜਾ ਦੀਆਂ ਮੰਗਾਂ ਤੇ ਹੋਰ ਕਈ ਛੋਟੇ-ਛੋਟੇ ਮਾਮਲੇ ਨਜਿੱਠੇ ਜਾਣਗੇ। ਉਸ ਨੇ ਮੈਨੂੰ ਦੱਸਿਆ ਕਿ ਮਹਾਰਾਜਾ ਪਟਿਆਲਾ ਨੇ ਟਿੱਕਾ ਸਾਹਿਬ ਦੀ ਸ਼ਾਦੀ ਵਾਲੀ ਮੰਗ ਮੰਨ ਲਈ ਹੈ ਤੇ ਸ਼ਿਮਲੇ ਬਾਕਾਇਦਾ ਸਮਝੌਤਾ ਹੋ ਜਾਵੇ। ਮਹਾਰਾਜਾ ਸਾਹਿਬ ਭੀ ਚਹਿਲ ਤੋਂ ਆ ਜਾਣਗੇ ਤੇ ਅਕਾਲੀ ਦਲ ਦੇ ਸੱਜਣ ਭੀ ਸ਼ਿਮਲੇ ਆ ਜਾਣ, ਪਰ ਮੈਂ ਉਸ ਇਤਬਾਰੀ ਸੱਜਣ ਨੂੰ ਕਿਹਾ ਕਿ ਉਹ ਫਿਰ ਮਹਾਰਾਜਾ ਸਾਹਿਬ ਨੂੰ ਮਿਲ ਕੇ ਮੈਨੂੰ ਅੰਮ੍ਰਿਤਸਰ ਤਾਰ ਦੇਵੇ। ਉਸ ਦੀ ਚਹਿਲ ਤੋਂ ਤਾਰ ਪੁੱਜੀ। (ਸਭ ਕੁਝ ਠੀਕ ਹੈ ਮੈਂ 17 ਤਰੀਕ ਨੂੰ ਪੁੱਜ ਰਿਹਾ ਹਾਂ) ਇਸ ਤਾਰ ਦੇ ਪੁੱਜਣ ਉੱਤੇ ਸਾਰੇ ਜ਼ਿਲ੍ਹਿਆਂ ਦੇ ਜ਼ਿੰਮੇਂਵਾਰ ਸੱਜਣਾਂ ਨੂੰ 17 ਤਾਰੀਖ਼ ਨੂੰ ਸੱਦਣ ਦਾ ਉਪਰਾਲਾ ਕੀਤਾ ਗਿਆ। ਸਾਰੇ ਸੱਜਣਾਂ ਦੀ ਸਲਾਹ ਲੈਣ ਮਗਰੋਂ ਫਿਰ ਮੈਂ ਉਸ ਸੱਜਣ ਨੂੰ ਕਿਹਾ ਕਿ ਉਹ ਪਟਿਆਲੇ ਜਾਂ ਚਹਿਲ ਪੁੱਜ ਕੇ ਫਿਰ ਸਾਨੂੰ ਤਾਰ ਦੇਵੇ। ਉਸ ਸੱਜਣ ਨੇ ਪਟਿਆਲੇ ਪੁੱਜ ਕੇ ਮੈਨੂੰ ਫਿਰ ਫੋਨ ਕੀਤੀ ਕਿ ਉਸ ਨੇ ਉਥੋਂ ਨਵਾਬ ਲਿਆਕਤ ਹਯਾਤ ਨਾਲ ਫੋਨ ਕਰ ਲਈ ਹੈ ਤੇ ਸਾਨੂੰ ਵੇਲੇ ਸਿਰ ਸ਼ਿਮਲੇ ਪੁੱਜ ਜਾਣਾ ਚਾਹੀਦਾ ਹੈ।

ਅਸੀਂ ਸ਼ਿਮਲੇ ਪੁੱਜੇ ਤੇ ਉਥੇ ਸਾਨੂੰ ਕਿਹਾ ਗਿਆ ਕਿ ਪਟਿਆਲੇ ਦੇ ਇਤਬਾਰੀ

ਆਦਮੀ ਨੇ ਬੇਇਤਬਾਰੀ ਕੀਤੀ ਹੈ ਤੇ ਮਹਾਰਾਜਾ ਸਾਹਿਬ ਨੂੰ ਪੰਥ ਦਾ ਲੀਡਰ ਮੰਨਿਆ ਜਾਵੇ ਤਾਂ ਉਹ ਫਿਰ ਗੱਲਾਂ ਨੂੰ ਮੰਨਣਗੇ। ਇਹ ਸੁਣ ਕੇ ਮੈਂ ਉਹਨਾਂ ਨੂੰ ਕਿਹਾ ਕਿ ਅਸੀਂ ਮੰਨਣ ਕੁਝ ਨਹੀਂ ਆਏ, ਅਸੀਂ ਤਾਂ ਮੰਨਵਾਣ ਆਏ ਹਾਂ, ਮਗਰੋਂ ਇਹ ਗੱਲ ਪਟਿਆਲੇ ਵਾਲਿਆਂ ਛੱਡ ਦਿੱਤੀ ਪਰ ਉਹ ਆਪਣੇ ਸ਼ਹਿਜ਼ਾਦਿਆਂ ਤੇ ਸ਼ਹਿਜ਼ਾਦੀਆਂ ਦੀਆਂ ਸ਼ਾਦੀਆਂ ਸਿੱਖ ਘਰਾਣਿਆਂ ਵਿਚ ਕਰਨਾ ਨਾ ਮੰਨੇ। ਇਸ ਕਰ ਕੇ ਸਾਡੀਆਂ ਲਿਖ ਘੱਲੀਆਂ ਸ਼ਰਤਾਂ ਦਾ ਬਾਕਾਇਦਾ ਉੱਤਰ ਉਨ੍ਹਾਂ ਨੇ ਕੋਈ ਨਾ ਦਿੱਤਾ। ਵਿੰਗੇ ਟੇਢੇ ਢੰਗਾਂ ਨਾਲ ਉਨ੍ਹਾਂ ਨੇ ਸਾਨੂੰ ਪਰਚਾਣਾ ਚਾਹਿਆ, ਪਰ ਅਸਲ ਗੱਲ ਨਾ ਮੰਨੀ। ਜਿਸ ਕਰ ਕੇ ਪਟਿਆਲਾ ਸਮਝੌਤਾ ਦਾ ਖਾਤਮਾ ਸਮਝੋ। ਹੁਣ ਅੱਗੋਂ ਜੋ ਵਾਹਿਗੁਰੂ ਕਰੂ।

✲ ✲ ✲

ਮੁਸਲਮਾਨੀ ਖ਼ਤਰਾ

ਇਸ ਵੇਲੇ ਹਾਲਤ ਇਹ ਹੈ ਕਿ ਅੰਗਰੇਜ਼ ਸਮਝਦੇ ਆਏ ਹਨ ਕਿ ਉਹ ਮੁਸਲਮਾਨਾਂ ਦੀ ਮਦਦ ਦੇ ਬਿਨਾਂ ਹਿੰਦੁਸਤਾਨ ਪੁਰ ਹਕੂਮਤ ਨਹੀਂ ਕਰ ਸਕਦੇ। ਇਸ ਗੱਲ ਨੂੰ ਮੁਸਲਮਾਨ ਹੀ ਖ਼ੂਬ ਸਮਝਦੇ ਹਨ। ਅੰਗਰੇਜ਼ ਤਾਂ ਹਰ ਇਕ ਮੁਸਲਮਾਨੀ ਮੰਗ ਨੂੰ ਮੰਨਣ ਲਈ ਤਿਆਰ ਹੋ ਜਾਂਦੇ ਹਨ। ਦੂਜੇ ਪਾਸੇ ਮੁਸਲਮਾਨ ਆਪਣੀਆਂ ਮੰਗਾਂ ਵਧਾਉਂਦੇ ਜਾਂਦੇ ਹਨ, ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਰਕਾਰ ਉਨ੍ਹਾਂ ਨੂੰ ਮੰਨਣ ਤੋਂ ਇਨਕਾਰ ਨਹੀਂ ਕਰ ਸਕਦੀ। ਇਸ ਕਰ ਕੇ ਹੁਣ ਮੁਸਲਮਾਨਾਂ ਵਿਚ ਗਰੂਰ ਵੀ ਵੱਧ ਰਿਹਾ ਹੈ ਤੇ ਇਹ ਇਕ ਭਿਆਨਕ ਗੱਲ ਹੈ। ਕਸ਼ਮੀਰ ਵਿਚ ਜੋ ਕੁਝ ਹੋਇਆ ਹੈ ਜਾਂ ਹੋ ਰਿਹਾ ਹੈ ਇਹ ਮੁਸਲਮਾਨਾਂ ਦੇ ਵਧੇ ਹੋਏ ਹੀ ਗਰੂਰ ਦਾ ਨਤੀਜਾ ਹੈ।

ਇਸ ਵੇਲੇ ਹਾਲਤ ਇਹ ਹੈ ਕਿ ਹਕੂਮਤ ਦੀ ਜ਼ਿੰਮੇਂਵਾਰੀ ਤਾਂ ਅੰਗਰੇਜ਼ਾਂ ਪੁਰ ਹੈ, ਪਰੰਤੂ ਹਕੂਮਤ ਮੁਸਲਮਾਨਾਂ ਦੀ ਮਰਜ਼ੀ ਅਨੁਸਾਰ ਕਰ ਰਹੀ ਹੈ। ਇਹ ਹਾਲਤ ਦਿਨ-ਬ-ਦਿਨ ਤਰੱਕੀ ਕਰ ਰਹੀ ਹੈ। ਇਸ ਦਾ ਖਤਰਾ ਅੰਗਰੇਜ਼ਾਂ ਨੂੰ ਵਧੇਰੇ ਨਹੀਂ ਹੈ ਕਿਉਂਕਿ ਉਹ ਤਾਂ ਇਥੋਂ ਦੇ ਵਸਨੀਕ ਹੀ ਨਹੀਂ ਹਨ। ਖ਼ਤਰਾ ਤਾਂ ਸਾਨੂੰ ਹੈ। ਰਾਵਲਪਿੰਡੀ ਤੇ ਮੁਲਤਾਨ ਆਦਿ ਥਾਵਾਂ ਤੋਂ ਇਤਲਾਹਾਂ ਪੁੱਜ ਰਹੀਆਂ ਹਨ ਕਿ ਉਥੇ ਹਿੰਦੂ ਮੁਸਲਮਾਨ ਫਸਾਦ ਹੋ ਜਾਣ ਦਾ ਡਰ ਹੈ। ਇਹ ਡਰ ਉਸ ਤੋਂ ਵੀ ਵਧੇਰੇ ਵਧ ਸਕਦਾ ਹੈ ਤੇ ਅਸੀਂ ਮਹਿਸੂਸ ਕਰ ਰਹੇ ਹਾਂ ਕਿ ਬਹੁਤ ਛੇਤੀ ਦੇਸ਼ ਵਿਚ ਬਦਅਮਨੀ ਹੋ ਜਾਣ ਦਾ ਖਤਰਾ ਨੇੜੇ ਆ ਰਿਹਾ ਹੈ। ਸਾਡੀ ਇਸ ਗੱਲ ਪੁਰ ਸ਼ਾਇਦ ਇਸ ਵੇਲੇ ਵਧੇਰਾ ਗਹੁ ਨਾ ਕੀਤਾ ਜਾਵੇ, ਪਰੰਤੂ ਯਾਦ ਰਹੇ ਕਿ ਬਦਅਮਨੀ ਸਦਾ ਅਚਾਨਕ ਹੀ ਸ਼ੁਰੂ ਹੋਇਆ ਕਰਦੀ ਹੈ। ਅਜਿਹੇ ਹਾਲਤ ਪੈਦਾ ਹੋ ਗਏ, ਜਿਨ੍ਹਾਂ ਨੂੰ ਬਦਅਮਨੀ ਦੀਆਂ ਨਿਸ਼ਾਨੀਆਂ ਕਹਿਣਾ ਚਾਹੀਦਾ ਹੈ ਤੇ ਸਰਕਾਰ ਦੀ ਮੁਸਲਿਮ ਨਿਵਾਜ਼ ਪਾਲਿਸੀ ਬਰਾਬਰ ਜਾਰੀ ਹੈ। ਇਸ ਲਈ ਸਾਨੂੰ ਆਪਣਾ ਫਿਕਰ ਕਰਨਾ ਚਾਹੀਦਾ ਹੈ।

ਸਿੱਖਾਂ ਦੀ ਇਸ ਵੇਲੇ ਦੀ ਹਾਲਤ ਬਹੁਤ ਖਰਾਬ ਹੈ। ਕਿਸੇ ਕੌਮ ਵਿਚ ਇਸ ਤਰ੍ਹਾਂ ਦੀ ਬੁਰਛਾ ਗਰਦੀ ਨਹੀਂ ਹੈ। ਜਿਸ ਤਰ੍ਹਾਂ ਦੀ ਕਿ ਸਿੱਖਾਂ ਵਿਚ ਹੈ। ਇਸ ਦਾ ਇਕ ਕਾਰਨ ਤਾਂ ਮਹਾਰਾਜਿਆਂ ਦਾ ਰੁਪਿਆ ਹੈ, ਜਿਸ ਨੂੰ ਲੈਣ ਵਾਲੇ ਸਦਾ ਬੁਰੇ ਆਦਮੀ ਹੀ ਹੋਇਆ ਕਰਦੇ ਹਨ। ਸੱਚ ਪੁੱਛੋ ਤਾਂ ਅਸੀਂ ਕਹਾਂਗੇ ਕਿ ਮਹਾਰਾਜਿਆਂ ਦੇ ਰੁਪਏ ਨੇ ਹੀ ਪੰਥ ਦੀ ਜਥੇਬੰਦੀ ਕਮਜ਼ੋਰ ਕਰ ਦਿੱਤੀ ਹੈ। ਨਾਭਾ ਪਟਿਆਲਾ

ਦੀ ਫੁੱਟ ਕਦਾਚਿਤ ਪੰਥ ਵਿਚ ਅਮਨ ਨਹੀਂ ਹੋਣ ਦੇਵੇਗੀ। ਪਰੰਤੂ ਜੋ ਖਤਰਾ ਸਾਡੇ ਨੇੜੇ ਆ ਪੁੱਜਾ ਹੈ, ਉਸ ਦਾ ਇਲਾਜ ਭੀ ਤਾਂ ਲਾਜ਼ਮੀ ਹੈ। ਜੇ ਸਾਡੇ ਲੋਕ ਸਿਆਣੇ ਹੋਣ ਤੇ ਝੂਠ ਸੱਚ ਦੀ ਪਛਾਣ ਕਰ ਸਕਣ, ਤਾਂ ਝੂਠਾ ਪ੍ਰਚਾਰ ਕਦੀ ਹੋ ਹੀ ਨਾ ਸਕੇ। ਇਹ ਸਾਡੀ ਹੀ ਨਾਲਾਇਕੀ ਹੈ ਕਿ ਮਹਾਰਾਜਿਆਂ ਦੇ ਰੁਪਏ ਨਾਲ ਝੂਠਾ ਪ੍ਰਚਾਰ ਹੋ ਰਿਹਾ ਹੈ, ਜੋ ਲੋਕਾਂ ਵਿਚ ਬੇਦਿਲੀ ਫੈਲਾ ਦੇਂਦਾ ਹੈ ਪਰੰਤੂ ਇਹ ਹਾਲਤ ਉਸੇ ਤਰ੍ਹਾਂ ਹੈ। ਇਸ ਦੇ ਬਾਵਜੂਦ ਸਾਨੂੰ ਇਕਮੁੱਠ ਹੋ ਕੇ ਆਉਣ ਵਾਲੇ ਖ਼ਤਰੇ ਤੋਂ ਬਚਾਉ ਲਈ ਤਿਆਰ ਰਹਿਣਾ ਚਾਹੀਦਾ ਹੈ। ਅਸਾਂ ਬਥੇਰਾ ਸੋਚਿਆ ਹੈ ਤੇ ਬਹੁਤ ਤਜਵੀਜ਼ਾਂ ਪੁਰ ਵਿਚਾਰ ਕੀਤਾ ਹੈ ਪਰੰਤੂ ਇਸ ਵੇਲੇ ਤਕ ਸਾਨੂੰ ਕੋਈ ਅਜੇਹੀ ਤਜਵੀਜ਼ ਨਹੀਂ ਸੁੱਝੀ ਜਿਸ ਨਾਲ ਕਾਮਯਾਬੀ ਸਾਹਮਣੇ ਦਿੱਸਣ ਲੱਗ ਪਵੇ। ਜਦੋਂ ਕਦੇ ਇਸ ਗੱਲ ਉਪਰ ਵਿਚਾਰ ਕਰਦੇ ਹਾਂ, ਸਾਨੂੰ ਪਹਿਲਾ ਨੁਕਸ ਹੀ ਦਿਸਦਾ ਹੈ ਕਿ ਸਾਡੇ ਵਿਚ ਸਿੱਖੀ ਜੀਵਨ ਤੇ ਸਿੱਖੀ ਪਿਆਰ ਘੱਟ ਰਿਹਾ ਹੈ। ਧਰਮ ਹੀ ਹਰ ਇਕ ਜਥੇਬੰਦੀ ਦੀ ਬੁਨਿਆਦ ਬਣ ਸਕਦਾ ਹੈ। ਜੇ ਧਰਮ ਦੁਆਰਾ ਸਾਡੇ ਵਿਚ ਕਾਫੀ ਪੰਥਕ ਪਿਆਰ ਤੇ ਕੁਰਬਾਨੀ ਪੈਦਾ ਹੋ ਜਾਵੇ, ਤਾਂ ਆਪਸ ਦੇ ਝਗੜੇ ਰਹਿ ਨਹੀਂ ਸਕਦੇ ਤੇ ਨਾ ਹੀ ਮਹਾਰਾਜਿਆਂ ਦਾ ਰੁਪਿਆ ਪੰਥ ਨੂੰ ਖ਼ਰਾਬ ਕਰ ਸਕਦਾ ਹੈ। ਸੰਨ 1920-21 ਵਿਚ ਮਹਾਰਾਜੇ ਆਪਣਾ ਰੁਪਿਆ ਪੰਥ ਵਿਚ ਪਾਣੀ ਦੀ ਤਰ੍ਹਾਂ ਵਹਾ ਰਹੇ ਸਨ, ਪਰੰਤੂ ਉਸ ਵੇਲੇ ਦੀ ਧਾਰਮਿਕ ਲਹਿਰ ਪੁਰ ਇਹ ਰੁਪਿਆ ਭੀ ਕੁਝ ਅਸਰ ਨਹੀਂ ਕਰ ਸਕਿਆ ਸੀ। ਅਸਾਂ ਧਾਰਮਿਕ ਭਾਉ ਉਤਪੰਨ ਕਰਣ ਦੀਆਂ ਕਈ ਤਜਵੀਜ਼ਾਂ ਲਿਖੀਆਂ ਹਨ, ਪਰੰਤੂ ਜ਼ਮਾਨੇ ਦੀ ਹਵਾ ਕੁਝ ਅਜਿਹੀ ਬਦਲੀ ਹੈ ਕਿ ਸਾਡੀ ਕਿਸੇ ਤਜਵੀਜ਼ ਪੁਰ ਭੀ ਲੋਕਾਂ ਨੇ ਗਹੁ ਨਹੀਂ ਕੀਤਾ ਹੈ। ਇਸ ਹਾਲਤ ਨੂੰ ਵੇਖ ਕੇ ਕਈ ਸੱਜਣ ਨਿਰਾਸ ਹੋ ਰਹੇ ਹਨ, ਪਰੰਤੂ ਸਾਨੂੰ ਉਸ ਪੰਥ ਦੇ ਵਾਲੀ ਪੁਰ ਭਰੋਸਾ ਹੈ ਤੇ ਅਸੀਂ ਜਿਉਂ-ਜਿਉਂ ਪੰਥ ਦੀ ਖ਼ਰਾਬ ਹਾਲਤ ਦੇਖਦੇ ਹਾਂ, ਤਿਉਂ-ਤਿਉਂ ਹੀ ਇਹ ਆਸ ਕਰਦੇ ਹਾਂ ਕਿ ਹੁਣ ਤੇ ਛੇਤੀ ਰੁਖ ਬਦਲਣ ਵਾਲਾ ਹੈ। ਇਸ ਵੇਲੇ ਤਕ ਸਿੱਖ ਆਪਣੇ ਝਗੜਿਆਂ ਵਿਚ ਹੀ ਰੁੱਝੇ ਹੋਏ ਹਨ, ਪਰੰਤੂ ਜੋ ਖ਼ਤਰਾ ਆ ਰਿਹਾ ਹੈ, ਉਸ ਨੂੰ ਉਹ ਜਦੋਂ ਭੀ ਮਹਿਸੂਸ ਕਰਨਗੇ ਆਪਣੇ ਸਾਰੇ ਝਗੜੇ ਮੁੱਕ ਜਾਣਗੇ। ਅਸੀਂ ਤਾਂ ਖ਼ਤਰਾ ਬਹੁਤ ਨੇੜੇ ਸਮਝ ਰਹੇ ਹਾਂ ਤੇ ਇਸ ਵਾਸਤੇ ਚਾਹੁੰਦੇ ਹਾਂ ਕਿ ਬਹੁਤ ਛੇਤੀ ਜਥੇਬੰਦੀ ਬਿਨਾਂ ਸਾਡਾ ਕੋਈ ਬਚਾ ਨਹੀਂ ਹੈ ਤੇ ਇਸ ਗੱਲ ਨੂੰ ਅਸੀਂ ਜਿਤਨਾ ਛੇਤੀ ਸਮਝ ਲਈਏ ਉਤਨਾ ਹੀ ਲਾਭ ਹੋਵੇਗਾ। ਸਮੇਂ ਨੂੰ ਸੰਭਾਲਣਾ ਤੇ ਪਛਾਨਣਾ ਸਿਆਣਿਆਂ ਦਾ ਕੰਮ ਹੋਇਆ ਕਰਦਾ ਹੈ। ਜੇ ਇਹ ਨਾ ਹੋ ਸਕਿਆ ਤਾਂ ਆਪਣੇ ਆਪ ਨੂੰ ਸਿਆਣੇ ਕਹਿਣ ਵਾਲੇ ਸੱਜਣ ਵਧੇਰੇ ਬੇਵਕੂਫ ਸਾਬਤ ਹੋਣਗੇ। ਆਓ, ਖਤਰਾ ਮਹਿਸੂਸ ਕਰੋ ਤੇ ਆਪਣੇ ਗਰੂਰ ਤੋਂ ਬਚ ਕੇ ਦੂਸਰਿਆਂ ਦੇ ਪਿੱਛੇ ਚੱਲਣ ਦੀ ਠਾਨ ਲਓ। ਬੱਸ, ਝਗੜਾ ਮੁੱਕ ਜਾਵੇਗਾ ਤੇ ਖ਼ਤਰੇ ਦਾ ਕੋਈ ਖ਼ਤਰਾ ਨਹੀਂ ਰਹੇਗਾ।

✡ ✡ ✡

"ਨਿਰੋਲ ਧਾਰਮਿਕ ਹੀ ਧਰਮ ਦੀ ਜੜ੍ਹ ਕੱਟ ਰਹੇ ਹਨ"

ਗੁਰਦੁਆਰਾ ਤਰਨ ਤਾਰਨ ਸਾਹਿਬ ਦੇ ਇਕ ਕਲਰਕ ਨੇ ਇਕ ਚਿੱਠੀ ਵਿਚ "ਵਾਹਿਗੁਰੂ ਜੀ ਕੀ ਫ਼ਤਹ" ਦੀ ਥਾਂ ਬੰਦੇ ਮਾਤਰਮ ਲਿਖਿਆ ਸੀ। ਇਸ ਭੁੱਲ ਨੂੰ ਅਸੀਂ ਕੇਵਲ ਭੁੱਲ ਨਹੀਂ ਸਕਦੇ। ਸਗੋਂ ਧਾਰਮਿਕ ਭਾਵਾਂ ਦੇ ਘਾਟੇ ਦਾ ਹੀ ਨਤੀਜਾ ਸਮਝਦੇ ਹਾਂ। "ਵਾਹਿਗੁਰੂ ਜੀ ਕੀ ਫ਼ਤਹ" "ਸਤਿ ਸ੍ਰੀ, ਅਕਾਲ", "ਅਲਾ ਹੂ ਅਕਬਰ" ਉਸ ਸੱਚੇ ਪਰਮਾਤਮਾਂ ਦੀਆਂ ਸਿਫ਼ਤਾਂ ਹਨ ਤੇ ਕੇਵਲ ਸੱਚੇ ਤੇ ਮੁਢੱਲੇ ਧਾਰਮਿਕ ਭਾਵਾਂ ਦੀ ਨਿਸ਼ਾਨੀ ਹਨ। ਜੇ ਇਨ੍ਹਾਂ ਨੂੰ ਫ਼ਿਰਕੇਦਾਰ ਲੋਕਾਂ ਨੇ ਫ਼ਿਰਕੇਦਾਰੀ ਦੀ ਰੰਗਤ ਦੇ ਦਿੱਤੀ ਹੈ ਤਾਂ ਸੱਚੇ ਧਰਮੀ ਇਸ ਅਸਲ ਧਾਰਮਿਕ ਭਾਵ ਨੂੰ ਛੱਡ ਨਹੀਂ ਸਕਦੇ। ਅਸੀਂ ਬੰਦੇ ਮਾਤਰਮ ਕਹਿਣ ਦੇ ਵਿਰੋਧ ਨਹੀਂ ਹਾਂ, ਵਾਹਿਗੁਰੂ ਜੀ ਕੀ ਫ਼ਤਹ ਛੱਡਣ ਦੇ ਵਿਰੋਧ ਹਾਂ, ਬੰਦੇ ਮਾਤਰਮ ਇਕ ਪੋਲੀਟੀਕਲ ਨਾਹਰਾ ਹੈ ਜੋ ਸੱਚੇ ਧਾਰਮਿਕ ਭਾਵਾਂ ਦੇ ਨਾਹਰੇ ਦੀ ਨਾ ਥਾਂ ਲੈ ਸਕਦਾ ਹੈ ਤੇ ਨਾ ਬਰਾਬਰੀ ਦਾ ਬਣ ਸਕਦਾ ਹੈ। ਪੋਲੀਟੀਕਲ ਜ਼ਜਬਾਤ ਨੂੰ ਜ਼ਾਹਿਰ ਕਰਨ ਦੇ ਸਮੇਂ ਬੇਸ਼ੱਕ "ਬੰਦੇ ਮਾਤਰਮ" ਬੁਲਾਓ, ਪਰ ਹਰ ਵੇਲੇ ਯਾਦ ਤਾਂ ਕੇਵਲ ਉਸ ਵਾਹਿਗੁਰੂ ਨੂੰ ਹੀ ਕਰਨਾ ਚਾਹੀਦਾ ਹੈ।

ਪਰ ਅਸੀਂ ਹੈਰਾਨ ਹਾਂ ਕਿ ਕਿਸ ਤਰ੍ਹਾਂ ਕੋਈ ਜ਼ਿੰਮੇਂਵਾਰ ਅਖ਼ਬਾਰ ਇਸ ਗੱਲ ਨੂੰ ਲੈ ਕੇ ਇਹ ਲਿਖਣ ਲੱਗ ਜਾਂਦਾ ਹੈ ਕਿ ਚੂੰਕਿ ਇਕ ਗੁਰਦੁਆਰੇ ਦੇ ਕਲਰਕ ਨੇ ਇਹ ਗ਼ਲਤੀ ਕੀਤੀ ਹੈ, ਇਸੇ ਵਾਸਤੇ ਉਸ ਗੁਰਦੁਆਰੇ ਦੇ ਪ੍ਰਬੰਧਕ ਤੇ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕ ਧਾਰਮਿਕ ਭਾਵਾਂ ਤੋਂ ਖ਼ਾਲੀ ਹਨ। ਇਸ ਤਰ੍ਹਾਂ ਦਾ ਇਕ ਲੇਖ ਅਸਾਂ "ਖਾਲਸਾ ਸਮਾਚਾਰ" ਵਿਚ ਪੜ੍ਹਿਆ ਹੈ ਜੋ ਇਕ ਜ਼ਿੰਮੇਂਵਾਰ ਅਖ਼ਬਾਰ ਹੈ। ਥੋੜ੍ਹੇ ਦਿਨ ਹੋਏ ਹਨ ਕਿ ਖਾਲਸਾ ਕਾਲਜ ਵਿਚ ਇਕ ਪ੍ਰੋਫ਼ੈਸਰ ਨੇ ਅਜੇਹੀ ਕਰਤੂਤ ਕੀਤੀ ਸੀ, ਜੋ ਸਾਨੂੰ ਲਿਖਣੋਂ ਭੀ ਸ਼ਰਮ ਆਉਂਦੀ ਹੈ। ਇਸ ਗੱਲ ਦਾ ਪ੍ਰਿੰਸੀਪਲ ਤੇ ਹੋਰ ਪ੍ਰਬੰਧਕਾਂ ਨੂੰ ਪਤਾ ਭੀ ਲੱਗ ਗਿਆ ਹੈ ਪਰ ਕਿਸੇ ਉਸ ਪ੍ਰੋਫ਼ੈਸਰ ਨੂੰ ਪੁੱਛਿਆ ਤਕ ਨਹੀਂ ਹੈ। ਕੀ ਇਸ ਦਾ ਭਾਵ ਇਹ ਹੈ ਕਿ ਪ੍ਰਿੰਸੀਪਲ ਤੇ ਮੈਨੇਜਿੰਗ ਕਮੇਟੀ ਦੇ ਸਾਰੇ ਮੈਂਬਰ ਹੀ ਖ਼ਰਾਬ ਹਨ ? ਇਸ ਮੰਤਕ ਦਵਾਰਾ ਤਾਂ ਦੁਨੀਆਂ ਵਿਚ ਕੋਈ ਭੀ ਥਾਂ ਅਜੇਹੀ ਨਹੀਂ ਲੱਭਦੀ ਜਿਸ ਦੇ ਪ੍ਰਬੰਧਕ ਨਾਲਾਇਕ ਨਾ ਪ੍ਰਗਟ ਹੋਣ।

ਪਰ ਅਸਲ ਗੱਲ ਜਿਸ ਉੱਤੇ ਸਾਡਾ ਸਮਕਾਲੀ ਆਉਂਦਾ ਹੈ ਇਹ ਹੈ ਕਿ ਗੁਰਦੁਆਰਿਆਂ ਦਾ ਪ੍ਰਬੰਧ "ਨਿਰੋਲ ਧਾਰਮਿਕ" ਆਦਮੀਆਂ ਦੇ ਹੱਥ ਹੋਣਾ ਚਾਹੀਦਾ ਹੈ। ਸਾਨੂੰ ਪਤਾ ਨਹੀਂ ਕਿ ਇਹ "ਨਿਰੋਲ ਧਾਰਮਿਕ" ਕੇਹੜੇ ਹਨ, ਜਿਨ੍ਹਾਂ ਨੂੰ ਲੋਕੀਂ

ਚੁਣਦੇ ਨਹੀਂ ਹਨ ਤੇ ਇਸ ਤਰ੍ਹਾਂ ਵੱਖੀਂ ਵਿੱਚੋਂ ਵਾਰ ਕਰ ਕੇ ਗੁਰਦੁਆਰਿਆਂ ਦੇ ਪ੍ਰਬੰਧ ਦੇ ਠੇਕੇਦਾਰ ਬਣਨਾ ਚਾਹੁੰਦੇ ਹਨ। ਜੇ ਤਾਂ "ਨਿਰੋਲ ਧਾਰਮਿਕ" ਤੋਂ ਭਾਵ ਉਹ ਲੋਕੀਂ ਹਨ ਜੋ ਕਿਸੇ ਤਰ੍ਹਾਂ ਨਾਲ ਦੁਨਿਆਵੀ ਕੰਮ ਵਿਚ ਦਖ਼ਲ ਨਹੀਂ ਦਿੰਦੇ ਤਾਂ ਇਸ ਦਲੀਲ ਵਿਚ ਕੁਝ ਵਜ਼ਨ ਹੋ ਸਕਦਾ ਹੈ। ਭਾਵੇਂ ਅਸਲੀ ਸ਼ਕਲ ਵਿਚ ਇਸ ਦਾ ਆਉਣਾ ਸੰਭਵ ਨਹੀਂ ਹੈ ਪਰ ਜੇ "ਨਿਰੋਲ ਧਾਰਮਿਕ" ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜੋ ਮੂੰਹੋਂ ਧਰਮ-ਧਰਮ ਕੂਕਣ ਤੇ ਅਮਲ ਵਿਚ ਧਰਮ ਦੇ ਲਾਗੇ ਨਾ ਲੱਗਣ ਤਾਂ ਇਹੋ ਜਿਹੇ ਪਖੰਡੀਆਂ ਨੇ ਹੀ ਤਾਂ ਧਰਮ ਨੂੰ ਡੋਬਿਆ ਹੈ। ਅਸੀਂ ਕਈ ਵਾਰੀ ਲਿਖ ਚੁੱਕੇ ਹਾਂ ਕਿ ਪੋਲੀਟੀਕਲ ਖ਼ਿਆਲਾਂ ਨੇ ਧਾਰਮਿਕ ਖ਼ਿਆਲਾਂ ਨੂੰ ਘਟਾ ਦਿੱਤਾ ਹੈ ਤੇ ਧਰਮ ਵੱਲ ਵਧੇਰੇ ਰੁਚੀ ਹੋਣ ਦੀ ਲੋੜ ਹੈ, ਪਰ ਨਾਲ ਹੀ ਅਸੀਂ ਇਹ ਭੀ ਕਈ ਵਾਰੀ ਲਿਖਿਆ ਹੈ ਕਿ "ਨਿਰੋਲ ਧਾਰਮਿਕ" ਅਖਵਾਣ ਵਾਲੇ ਭੀ ਬਹੁਤ ਹੱਦ ਤਕ ਧਰਮ ਨੂੰ ਬਦਨਾਮ ਕਰਨ ਦੇ ਜ਼ਿੰਮੇਂਵਾਰ ਹਨ। ਇਹ ਲੋਕੀਂ ਕਹਿੰਦੇ ਹਨ ਕਿ ਸ਼ਬਦ ਖ਼ੂਬ ਅੱਖਾਂ ਮੀਟ ਕੇ ਪੜ੍ਹੋ, ਪਰ ਜੋ ਸ਼ਬਦਾਂ ਵਿਚ ਉਪਦੇਸ਼ ਹੈ ਉਸ ਨੂੰ ਗ੍ਰਹਿਣ ਨਾ ਕਰੋ। ਗੁਰਦੁਆਰੇ ਵਿਚ ਬਹਿ ਕੇ ਇਹ ਪੜ੍ਹਨਗੇ "ਧਿਗੁ ਤਿਨਾ ਦਾ ਜੀਵਿਆ ਜਿਨਾ ਵਿਡਾਣੀ ਆਸ" ਪਰ ਫਿਰ ਅਜ਼ਾਦੀ ਲਈ ਯਤਨ ਕਰਨਗੇ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਦੋਹਿਰਾ ਪੜ੍ਹਨਗੇ ਕਿ "ਠੀਕਰ ਫੋਰਿ ਦਿਲੀਸਿ ਸਿਰੁ ਪ੍ਰਭੁ ਪੁਰ ਕੀਯਾ ਪਯਾਨ॥ ਤੇਗ਼ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ"॥ ਇਹ ਦੋਹਿਰਾ ਪੜ੍ਹ ਕੇ ਫਿਰ ਉਸੇ ਤਰ੍ਹਾਂ ਦੇ ਦਿਲੀਸ ਦੇ ਸਿਰ ਠੀਕਰ ਭੰਨਣ ਵਾਲਿਆਂ ਨੂੰ ਚੰਗਾ ਨਹੀਂ ਕਹਿਣਗੇ।

ਜੇ ਕਾਂਗਰਸ ਦੀ ਸਹਾਇਤਾ ਕਰਨੀ ਜਾਂ ਕਾਂਗਰਸ ਵਿਚ ਹਿੱਸਾ ਲੈਣ ਨਾਲ "ਨਿਰੋਲ ਧਾਰਮਿਕਤਾ" ਵਿਚ ਫ਼ਰਕ ਆਉਂਦਾ ਹੈ ਤਾਂ ਕੀ ਸਰਕਾਰ ਦੀ ਸਹਾਇਤਾ ਕਰਨੀ ਜਾਂ ਸਰਕਾਰੀ ਕੰਮਾਂ ਵਿਚ ਹਿੱਸਾ ਲੈਣ ਨਾਲ "ਨਿਰੋਲ ਧਾਰਮਿਕਤਾ" ਵਿਚ ਕੋਈ ਫ਼ਰਕ ਨਹੀਂ ਆਉਂਦਾ ? ਕਾਂਗਰਸ ਵਿਚ ਹਿੱਸਾ ਲੈਣ ਵਾਲੇ ਜਾਂ ਕਾਂਗਰਸ ਦੀ ਵਿਰੋਧਤਾ ਕਰਨ ਵਾਲੇ ਜਾਂ ਸਰਕਾਰ ਦੀ ਸਹਾਇਤਾ ਕਰਨ ਵਾਲੇ ਸਭ ਪੋਲੀਟੀਕਲ ਹਨ। ਫ਼ਰਕ ਕੇਵਲ ਉਹਨਾਂ ਦੀ ਪਾਲਿਸੀ ਜਾਂ ਖ਼ੁਦਗਰਜ਼ੀ ਦਾ ਹੈ।

ਅਸੀਂ ਤਾਂ ਕਹਾਂਗੇ ਕਿ ਧਰਮ ਨੂੰ ਹਾਨੀ ਪੁਚਾਉਣ ਵਾਲੇ ਜਾਂ ਤਾਂ ਨਾਸਤਿਕ ਹਨ ਜਾਂ ਉਹ "ਨਿਰੋਲ ਧਾਰਮਿਕ" ਹਨ ਜੋ ਮਜ਼ਲੂਮ ਤੇ ਨਿੱਹਥੇ ਦੇਸ਼ ਜਾਂ ਲੋਕਾਂ ਲਈ ਕੁਰਬਾਨੀ ਕਰਨ ਨੂੰ ਤਿਆਰ ਨਹੀਂ ਹਨ। ਇਹ ਭੀ ਅਸਲ ਵਿਚ ਨਾਸਤਕ ਹੀ ਹਨ। ਉਹ ਗੁਰੂ ਸਾਹਿਬ ਦੇ ਬਚਨ ਤੇ ਨਿਸ਼ਚਾ ਨਹੀਂ ਰੱਖਦੇ। ਉਹ ਤਾਂ ਗੁਰੂ ਸਾਹਿਬ ਦੇ ਬਚਨ ਤੇ ਗੁਰੂ ਸਾਹਿਬ ਦੀਆਂ ਕਥਾ ਕੇਵਲ ਲੋਕਾਂ ਨੂੰ ਠੱਗਣ ਲਈ ਹੀ ਸੁਣਾਉਂਦੇ ਹਨ। ਇਹਨਾਂ ਦੀਆਂ ਕਰਤੂਤਾਂ ਵੇਖ ਕੇ ਬਹੁਤ ਲੋਕੀਂ ਸਿੱਖੀਓਂ ਪਰ੍ਹੇ ਹੋ ਜਾਂਦੇ ਹਨ। ਜੇਕਰ ਇਹ ਪ੍ਰਚਾਰਕ ਜਾਂ ਰਾਗੀ ਜਾਂ ਗ੍ਰੰਥੀ ਗੁਰਦੁਆਰੇ ਬਹਿ ਕੇ ਕਥਾ ਕਰੇ ਤੇ ਰੋ ਰੋ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਦੀ ਵਿਆਖਿਆ ਕਰੇ ਤੇ ਫਿਰ ਬਾਹਰ ਜਾ ਕੇ ਜਦ ਇਸ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਦਾ ਜ਼ਿਕਰ

ਆਵੇ ਤਾਂ ਇਹ ਕਹਿਣ ਲੱਗ ਜਾਵੇ ਕਿ "ਨਮਕ ਹਲਾਲ ਨਾਥ ਕਾ ਕਰੀਏ", ਤਾਂ ਦੱਸੋ ਲੋਕੀਂ ਉਸ ਨੂੰ ਪਖੰਡੀ ਤੇ ਅਜੇਹੇ ਧਰਮ ਨੂੰ ਪੰਖਡ ਦੀ ਆੜ ਨਾ ਸਮਝਣ ਤਾਂ ਹੋਰ ਕੀ ਸਮਝਣ। ਇਹੋ ਜਿਹੇ ਲੋਕਾਂ ਨੇ ਹੀ ਤਾਂ ਧਰਮ ਦਾ ਨਾਸ ਕੀਤਾ ਹੈ ਜੋ ਧਰਮ ਨੂੰ ਕੇਵਲ ਇਕ ਆੜ ਬਣਾ ਕੇ ਆਪਣੇ ਮਤਲਬ ਕੱਢਦੇ ਹਨ ਤੇ ਧਰਮ ਦੇ ਉਪਦੇਸ਼ ਦੇ ਐਨ ਉਲਟ ਚਲਦੇ ਹਨ।

ਸੱਚੇ ਧਰਮੀਓਂ, ਅਸੀਂ ਆਪ ਅੱਗੇ ਬੇਨਤੀ ਕਰਾਂਗੇ ਕਿ ਇਸ ਤਰ੍ਹਾਂ ਦੇ ਪਖੰਡੀ "ਨਿਰੋਲ ਧਰਮੀਆਂ" ਦੀ ਪ੍ਰਵਾਹ ਨਾ ਕਰੋ ਤੇ ਇਨ੍ਹਾਂ ਦੀਆਂ ਕਰਤੂਤਾਂ ਵੇਖ ਕੇ ਧਰਮ ਵੱਲੋਂ ਮੂੰਹ ਨਾ ਮੋੜੋ। ਠੱਗਾਂ ਨੇ ਭੀ ਆਖ਼ਰ ਉਹੋ ਸ਼ਕਲ ਬਣਾ ਕੇ ਹੀ ਠੱਗੀ ਕਰਨੀ ਹੈ ਜੋ ਸੱਚੇ ਧਰਮੀਆਂ ਦੀ ਹੋਵੇ। ਇਹ ਪਖੰਡੀ ਸਦਾ ਹੀ ਧਰਮ ਦੀ ਆੜ ਲੈਂਦੇ ਰਹੇ ਹਨ ਤੇ ਸਦਾ ਲੈਂਦੇ ਰਹਿਣਗੇ। ਇਹਨਾਂ ਨੂੰ ਵੇਖ ਕੇ ਧਰਮ ਵੱਲੋਂ ਮੂੰਹ ਮੋੜ ਕੇ ਆਪਣੀ ਪੈਰੀਂ ਕੁਹਾੜਾ ਨਾ ਮਾਰੋ ਤੇ ਕੁਰਾਹੇ ਨਾ ਜਾਓ। ਧਰਮ ਹੀ ਇਕ ਵਸਤੂ ਹੈ। ਜੋ ਲੋਕ ਪ੍ਰਲੋਕ ਵਿਚ ਮਨੁੱਖ ਦਾ ਸਾਥ ਦੇਂਦੀ ਹੈ।

ਅਸੀਂ "ਖਾਲਸਾ ਸਮਾਚਾਰ" ਨੂੰ ਕਹਾਂਗੇ ਕਿ ਜੇ ਉਸ ਦਾ ਭਾਵ ਅਜੇਹੇ ਧਾਰਮਿਕ ਲੋਕਾਂ ਨੂੰ "ਨਿਰੋਲ ਧਾਰਮਿਕ" ਕਹਿਣ ਦਾ ਹੈ ਜੋ ਸਰਕਾਰ ਨਾਲ ਨਾ ਤਾਂ ਮਿਲਵਰਤਣ ਕਰਦੇ ਹਨ ਸਗੋਂ ਬਿਲਕੁਲ ਅੱਡਰੇ ਬੈਠੇ ਸੱਚੇ ਧਾਰਮਿਕ ਕੰਮਾਂ ਵਿਚ ਲੀਣ ਹਨ, ਜਿਸ ਤਰ੍ਹਾਂ ਕਿ ਤਰਨ ਤਾਰਨ ਸਾਹਿਬ ਦੀ ਕਾਰ-ਸੇਵਾ ਕਰਨ ਵਾਲੇ ਸੰਤ ਹਨ, ਤਾਂ ਜਿਸ ਵੇਲੇ ਕੋਈ ਅਮਲੀ ਸ਼ਕਲ ਆਪਣੀ ਤਜਵੀਜ ਨੂੰ ਦਿਓਗੇ ਤਾਂ ਔਕੜ ਆ ਜਾਵੇਗੀ। ਇਸ ਤਰ੍ਹਾਂ ਦੇ ਸੱਚੇ ਧਰਮਾਂ 'ਤੇ ਜਦ ਭੀ ਦੇਸ਼ ਜਾਂ ਲੋਕਾਂ ਉੱਤੇ ਭੀੜ ਬਣੀ ਤਾਂ ਵਿਚ ਆ ਡੱਟਣਗੇ। ਹਰ ਇਕ ਤਜਵੀਜ਼ ਦੀ ਅਮਲੀ ਸ਼ਕਲ ਤਾਂ ਆਦਮੀ ਹੀ ਬਣਾਂਦੇ ਹਨ। ਜੋ "ਨਿਰੋਲ ਧਾਰਮਿਕ" ਲੱਭਦੇ ਨਹੀਂ ਹਨ, ਤਾਂ ਆਪ ਦੀ ਤਜਵੀਜ਼ ਬੇਮਤਲਬ ਹੀ ਹੈ। ਇਸ ਤਰ੍ਹਾਂ ਨਾਲ ਜੋ ਕੇਵਲ ਲਫ਼ਜ਼ੀ ਤਜਵੀਜ਼ ਹੀ ਕਰਨੀ ਹੈ ਤਾਂ ਅਸੀਂ ਕਹਿ ਦੇਵਾਂਗੇ ਕਿ ਗੁਰਦੁਆਰਿਆਂ ਦਾ ਪ੍ਰਬੰਧ ਕੇਵਲ ਗੁਰੂ ਜੀ ਦੇ ਹੱਥ ਹੋਣਾ ਚਾਹੀਦਾ ਹੈ। ਹੁਣ ਇਸ ਤਜਵੀਜ਼ ਦਾ ਕੀ ਮਤਲਬ ਨਿਕਲਿਆ? ਜਿਸ ਤਰ੍ਹਾਂ "ਨਿਰੋਲ ਧਾਰਮਿਕ" ਦੇ ਹੱਥ ਪ੍ਰਬੰਧ ਦੇਣਾ ਕੀ ਬੇਮਤਲਬ ਜੇਹੀ ਗੱਲ ਹੈ ਇਸੇ ਤਰ੍ਹਾਂ ਸਾਡੀ ਦੱਸੀ ਤਜਵੀਜ਼ ਭੀ ਬੇਮਤਲਬ ਹੋਵੇਗੀ ਹਾਂ ਜੇ ਆਪ ਦਾ ਭਾਵ ਨਿਰੋਲ ਧਾਰਮਿਕ ਤੋਂ ਉਹ ਲੋਕੀਂ ਹਨ, ਜੋ ਸਰਕਾਰ ਦੀ ਵਿਰੋਧਤਾ ਕਰਨ ਦਾ ਹੌਂਸਲਾ ਨਹੀਂ ਕਰਦੇ, ਤਾਂ ਆਪ ਸਖ਼ਤ ਗਲਤੀ ਉੱਤੇ ਹੋ। ਉਹਨਾਂ ਨੂੰ "ਨਿਰੋਲ ਧਾਰਮਿਕ" ਕਹਿਣਾ ਆਪਣੇ ਧਰਮ ਨੂੰ ਉੱਚਾ ਕਰਨਾ ਨਹੀਂ ਹੈ।

✲ ✲ ✲

ਪਟਿਆਲਾ ਨਾਲ ਗੱਲਬਾਤ ਦਾ ਸਿਲਸਿਲਾ ਕੀਕੂੰ ਟੁੱਟਾ ?

ਪਿਛਲੇ ਦੋ ਸਾਲਾਂ ਜਾਂ ਇਸ ਤੋਂ ਵਧੀਕ ਸਮੇਂ ਤੋਂ ਪਟਿਆਲਾ ਮੇਰੀ ਰਾਹੀਂ ਜੋ ਗੱਲਬਾਤ ਸ਼੍ਰੋਮਣੀ ਅਕਾਲੀ ਦਲ ਨਾਲ ਕਰਦਾ ਰਿਹਾ ਸੀ, ਉਸ ਨੂੰ ਚਾਨਣੇ ਵਿਚ ਲਿਆਉਣੋਂ ਮੈਂ ਸੰਕੋਚ ਕਰ ਰਿਹਾ ਸਾਂ। ਮੈਂ ਸੋਚਦਾ ਸਾਂ ਕਿ ਗੁਪਤ ਤੌਰ 'ਤੇ ਹੁੰਦੀ ਰਹੀ ਗੱਲਬਾਤ ਨੂੰ ਬਾਹਰ ਕੱਢਣ ਵਿਚ ਮੈਂ ਸ਼ਾਇਦ ਇਖਲਾਕੀ ਤੌਰ ਪੁਰ ਹੱਕ ਬਜਾਨਬ ਨਾ ਹੋਵਾਂ, ਪਰ ਮਹਾਰਾਜਾ ਪਟਿਆਲਾ ਦੇ ਗਲਤ ਤੇ ਤੋੜਵੇਂ ਮੋੜਵੇਂ ਬਿਆਨ ਨੇ ਜੋ ਕਿ ਪ੍ਰੈਸ ਵਿਚ ਪ੍ਰਕਾਸ਼ਤ ਹੋਇਆ ਹੈ ਅਜੇਹੇ ਕਿਸੇ ਇਖਲਾਕੀ ਬੰਧਨ ਤੋਂ ਮੇਰਾ ਛੁਟਕਾਰਾ ਕਰ ਦਿੱਤਾ ਹੈ, ਇਸ ਲਈ ਮੈਂ ਸੰਖੇਪ ਤੌਰ ਪੁਰ ਹੇਠਾਂ ਸਾਰਾ ਬਿਰਤਾਂਤ ਲਿਖਦਾ ਹਾਂ :-

ਦੋ ਸਾਲਾਂ ਤੋਂ ਵਧੀਕ ਦੀ ਗੱਲ ਹੈ ਕਿ ਪਟਿਆਲਾ ਨੇ ਸ: ਭਾਗ ਸਿੰਘ ਜੀ ਤੇ ਜਥੇਦਾਰ ਤੇਜਾ ਸਿੰਘ ਜੀ ਗੁਰਦਾਸਪੁਰ ਦੀ ਰਾਹੀਂ ਪੰਥ ਨਾਲ ਸਮਝੌਤੇ ਬਾਰੇ ਮੇਰੇ ਨਾਲ ਵਿਚਾਰ ਕਰਨ ਦਾ ਪ੍ਰਬੰਧ ਕੀਤਾ। ਮੈਂ ਇਹ ਗੱਲ ਮੰਨ ਗਿਆ ਅਰ ਇਕ ਰਾਤ ਨੂੰ ਪਟਿਆਲਾ ਪੁਲੀਸ ਦਾ ਇੰਸਪੈਕਟਰ ਜਨਰਲ ਸ: ਰਘਬੀਰ ਸਿੰਘ, ਸ: ਪ੍ਰਿਥੀਪਾਲ ਸਿੰਘ ਭਾਗੋਵਾਲੀਆ ਨਾਲ, ਮੇਰੇ ਨਿਵਾਸ ਅਸਥਾਨ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਪੁੱਜਾ। ਅਸੀਂ ਕਾਲਜ ਦੇ ਬਾਹਰਵਾਰ ਨਾਲ ਹੀ ਇਕ ਖੂਹ ਪੁਰ ਗੱਲਾਂ-ਬਾਤਾਂ ਕਰਦੇ ਰਹੇ।

ਇਸ ਦੇ ਮਗਰੋਂ ਕਦੇ ਕਦੇ ਪਟਿਆਲਾ ਵੱਲੋਂ ਮੈਨੂੰ ਚਿੱਠੀ-ਪੱਤਰ ਤੇ ਸੱਜਣ ਮਿਲਦੇ ਰਹੇ, ਪਰ ਕੋਈ ਸਮਝੌਤਾ ਨਾ ਹੋ ਸਕਿਆ। ਇਥੋਂ ਤਕ ਕਿ ਪਟਿਆਲੇ ਦਾ ਇਕ ਸੱਜਣ ਮੈਨੂੰ ਪਿਛਲੀ ਸਿਵਲ ਨਾ-ਫੁਰਮਾਨੀ ਦੀ ਲਹਿਰ ਦੇ ਦਿਨੀਂ ਉਸ ਦਿਨ ਭੀ ਮਿਲਿਆ, ਜਦੋਂ ਕਿ ਮੈਂ ਜਥਾ ਲੈ ਕੇ ਪਿਸ਼ਾਵਰ ਨੂੰ ਰਵਾਨਾ ਹੋ ਰਿਹਾ ਸਾਂ।

ਇਸ ਦੇ ਪਿੱਛੋਂ ਕੁਝ ਦਿਨ, ਮਗਰੋਂ ਮੈਂ ਪਿਛਲੇ ਫਰਵਰੀ ਦੇ ਮਹੀਨੇ ਜੇਲ੍ਹੋਂ ਬਾਹਰ ਆਇਆ ਤਾਂ ਪੰਜਾਬ ਦਾ ਖੁਫੀਆ ਪੁਲੀਸ ਦੇ ਸੁਪ੍ਰਿੰਟੈਨਡੰਟ ਸ: ਸੰਤ ਸਿੰਘ ਨੇ ਮੇਰੇ ਵਲੇ ਇਕ ਸੱਜਣ ਭੇਜਿਆ ਕਿ ਪਟਿਆਲਾ ਨਾਲ ਕੋਈ ਸਮਝੌਤਾ ਕੀਤਾ ਜਾਵੇ। ਮੈਂ ਆਖਿਆ ਕਿ ਮੈਂ ਯੋਗ ਸਮਝੌਤੇ ਲਈ ਤਿਆਰ ਹਾਂ ਪਰ ਮੈਂ ਨਹੀਂ ਚਾਹੁੰਦਾ ਕਿ ਇਹ ਸਮਝੌਤਾ ਪੰਜਾਬ ਦੀ ਖੁਫੀਆ ਪੁਲੀਸ ਦੇ ਅਫ਼ਸਰ ਰਾਹੀਂ ਹੋਵੇ। (ਮੈਂ ਜਾਣਦਾ ਹਾਂ ਕਿ ਮੇਰੇ ਇਸ ਉੱਤਰ ਨੂੰ ਸ: ਸੰਤ ਸਿੰਘ ਨੇ ਨਾ ਪੰਸਦ ਕੀਤਾ) ਇਸ ਦੇ ਮਗਰੋਂ ਸ: ਰਘਬੀਰ ਸਿੰਘ, ਸ: ਪ੍ਰਿਥੀਪਾਲ ਸਿੰਘ ਨਾਲ ਆਇਆ ਤੇ ਮੇਰੇ ਨਾਲ ਗੱਲਬਾਤ

ਕੀਤੀ। ਸ: ਰਘਬੀਰ ਸਿੰਘ ਮੈਨੂੰ ਕਈ ਵੇਰਾਂ ਅੰਮ੍ਰਿਤਸਰ ਮਿਲਿਆ ਤੇ ਹਰ ਮੌਕੇ ਸ: ਪ੍ਰਿਥੀਪਾਲ ਸਿੰਘ ਉਸ ਦੇ ਨਾਲ ਹੁੰਦਾ ਸੀ। ਮੈਂ ਇਕ ਵੇਰਾਂ ਸ: ਰਘਬੀਰ ਸਿੰਘ ਨੂੰ ਕਿਹਾ ਕਿ ਮੁਖਤਲਿਫ਼ ਆਦਮੀ ਪਟਿਆਲਾ ਤੋਂ ਆ ਰਹੇ ਹਨ ਤੇ ਮੈਨੂੰ ਪਤਾ ਨਹੀਂ ਲੱਗਦਾ ਕਿ ਮੈਂ ਕਿਸ ਪੁਰ ਭਰੋਸਾ ਕਰਾਂ। ਇਸ ਪੁਰ ਸ: ਰਘਬੀਰ ਸਿੰਘ ਨੇ ਕਿਹਾ ਕਿ ਸ: ਪ੍ਰਿਥੀਪਾਲ ਸਿੰਘ ਮੇਰਾ ਭਰੋਸੇਯੋਗ ਆਦਮੀ ਹੈ। ਇਥੋਂ ਤਕ ਕਿ ਜਦੋਂ ਸ: ਰਘਬੀਰ ਸਿੰਘ ਤੇ ਨਵਾਬ ਲਿਆਕਤ ਹਯਾਤ ਅੰਮ੍ਰਿਤਸਰ ਵਿਚ ਖ਼ਾਲਸਾ ਕਾਲਜ ਦੇ ਲਾਗੇ ਇਕ ਛੋਟੇ ਜਿਹੇ ਬਾਗ਼ ਵਿਚ ਮੇਰੇ ਨਾਲ ਗੱਲਬਾਤ ਕਰਨ ਲਈ ਪੁੱਜੇ ਤਾਂ ਸ: ਪ੍ਰਿਥੀਪਾਲ ਸਿੰਘ ਭੀ ਉਨ੍ਹਾਂ ਦੇ ਨਾਲ ਸੀ। ਨਾਲੇ ਸ: ਪ੍ਰਿਥੀਪਾਲ ਸਿੰਘ, ਸ: ਰਘਬੀਰ ਸਿੰਘ ਦਾ ਰਿਸ਼ਤੇਦਾਰ ਭੀ ਸੀ। ਹੁਣ ਪਟਿਆਲਾ ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਸ: ਪ੍ਰਿਥੀਪਾਲ ਸਿੰਘ ਦਾ ਪਟਿਆਲਾ ਨਾਲ ਕੋਈ ਸਬੰਧ ਨਹੀਂ ਹੈ।

ਮਹੀਨਾ ਕੁ ਹੋਇਆ ਕਿ ਸ: ਪ੍ਰਿਥੀਪਾਲ ਸਿੰਘ ਮੇਰੇ ਪਾਸ ਆਇਆ ਤੇ ਉਸ ਨੇ ਮੈਨੂੰ ਦਸਿਆ ਕਿ ਮਹਾਰਾਜਾ ਪਟਿਆਲਾ ਨੇ ਮੈਨੂੰ (ਸ: ਪ੍ਰਿਥੀਪਾਲ ਸਿੰਘ ਨੂੰ) ਖ਼ਾਸ ਤੌਰ ਪੁਰ ਮਸੂਰੀਓਂ ਬੁਲਾ ਭੇਜਿਆ ਹੈ ਕਿ ਪੰਥ ਨਾਲ ਕਿਸੇ ਸਮਝੌਤੇ ਪੁਰ ਪੁੱਜਣ ਲਈ ਉਸ ਦੀ ਸਹਾਇਤਾ ਕਰਾਂ। ਮੈਂ ਉਸ ਨੂੰ ਕਿਹਾ ਕਿ ਮੈਂ ਇਸ ਲੰਮੀ ਪਾਈ ਜਾ ਰਹੀ ਗੱਲਬਾਤ ਵਿਚ ਹਿੱਸਾ ਨਹੀਂ ਲੈ ਸਕਦਾ। ਇਸ ਗੱਲਬਾਤ ਦੀ ਕੋਈ ਇਕ ਇਕੜੀ ਹੋ ਜਾਣੀ ਚਾਹੀਦੀ ਹੈ, ਕਿਉਂਕਿ ਇਕ ਤਰ੍ਹਾਂ ਦੀਆਂ ਝੂਠੀਆਂ ਅਫ਼ਵਾਹਾਂ ਉਡ ਰਹੀਆਂ ਹਨ। ਉਸ ਦੇ ਪੁੱਛਣ ਪੁਰ ਮੈਂ ਉਹੋ ਸ਼ਰਤਾਂ ਦੁਹਰਾਈਆਂ ਜੋ ਇਸ ਤੋਂ ਪਹਿਲਾਂ ਮੈਂ ਕਈ ਵੇਰੀ ਪਟਿਆਲਾ ਦੇ ਆਦਮੀਆਂ ਨੂੰ ਕਹਿ ਚੁੱਕਾ ਸਾਂ। ਮੈਂ ਕਿਹਾ ਕਿ ਉਤਨਾ ਚਿਰ ਕੋਈ ਸਮਝੌਤਾ ਹੋਣਾ ਅਸੰਭਵ ਹੈ, ਜਿਤਨਾ ਚਿਰ ਕਿ **ਮਹਾਰਾਜਾ ਪਟਿਆਲਾ ਪਹਿਲਾਂ ਆਪਣੇ ਪਿਛਲੇ ਚਾਲ-ਚਲਨ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੁਆਫ਼ੀ ਮੰਗਣ ਲਈ ਹਾਜ਼ਰ ਹੋਣਾ ਨਹੀਂ ਮੰਨਦਾ। ਅਥਵਾ ਜਿਤਨਾ ਚਿਰ ਉਹ ਸੰਗਤ ਵਿਚ ਇਸ ਗੱਲ ਦਾ ਪੱਕਾ ਇਕਰਾਰ ਨਹੀਂ ਕਰਦਾ ਕਿ ਉਹ ਅੱਗੇ ਨੂੰ ਆਪਣਾ ਵਤੀਰਾ ਠੀਕ ਰਖੇਗਾ ਅਰ ਟਿੱਕਾ ਸਾਹਿਬ, ਜਾਂ ਹੋਰ ਸ਼ਾਹਜਾਦਿਆਂ ਤੇ ਸ਼ਾਹਜਾਦੀਆਂ ਦੀਆਂ ਸ਼ਾਦੀਆਂ ਸਿੱਖ ਘਰਾਣਿਆਂ ਵਿਚ ਕਰੇਗਾ।**

ਕੁਝ ਦਿਨਾਂ ਦੀ ਗੱਲ ਹੈ ਕਿ ਮੈਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਫੋਂ ਗੁਰਦੁਆਰਾ ਐਕਟ ਵਿਚ ਤਰਮੀਮਾਂ ਦੇ ਸਿਲਸਿਲੇ ਵਿਚ ਸ਼ਿਮਲੇ ਭੇਜਿਆ ਗਿਆ ਸੀ। ਸ: ਪ੍ਰਿਥੀਪਾਲ ਸਿੰਘ ਉਥੇ ਸੀ ਤੇ ਉਸ ਨੇ ਪਹਿਲਾਂ ਹੀ ਸ: ਹਰੀ ਸਿੰਘ ਜੀ ਜਲੰਧਰੀ ਨਾਲ ਪਟਿਆਲਾ ਦੇ ਸਮਝੌਤੇ ਬਾਰੇ ਗੱਲਬਾਤ ਕੀਤੀ ਸੀ। ਪਟਿਆਲਾ ਦੇ ਭਰੋਸੇਯੋਗ ਆਦਮੀ ਸ: ਪ੍ਰਿਥੀਪਾਲ ਸਿੰਘ ਨੇ ਮੈਨੂੰ ਕਿਹਾ ਕਿ **ਮਹਾਰਾਜਾ ਪਟਿਆਲਾ ਨੇ ਤੁਹਾਡੀਆਂ ਸ਼ਰਤਾਂ ਮੰਨ ਲਈਆਂ ਹਨ ਤੇ ਜੇ ਸੰਗਤ ਜੋੜੇ ਝਾੜਨ ਦੀ ਤਨਖ਼ਾਹ ਲਗਾਵੇ ਤਾਂ ਉਹ ਸੰਗਤਾਂ ਦੇ ਜੋੜੇ ਝਾੜਨ ਲਈ ਭੀ ਤਿਆਰ**

ਹੈ। ਉਸ ਨੇ ਮੈਨੂੰ ਨਵਾਬ ਲਿਆਕਤ ਹਯਾਤ ਨਾਲ ਮੁਲਾਕਾਤ ਕਰਨ ਲਈ ਕਿਹਾ ਜੋ ਕਿ ਉਥੇ ਸ਼ਿਮਲੇ ਹੀ ਸੀ ਪਰ ਮੈਂ ਮੁਲਾਕਾਤ ਕਰਨੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਇਸ ਨਾਲ ਕਿਤੇ ਪਬਲਿਕ ਵਿਚ ਗਲਤ ਫਹਿਮੀਆਂ ਨਾ ਪੈ ਜਾਣ। ਸ: ਪ੍ਰਿਥੀਪਾਲ ਸਿੰਘ ਨੇ ਕਿਹਾ ਕਿ ਮਹਾਰਾਜਾ ਪਟਿਆਲਾ ਦੀ ਚਾਹ ਹੈ ਕਿ 19 ਜੁਲਾਈ ਨੂੰ ਹੀ ਪੰਥ ਨਾਲ ਸਮਝੌਤਾ ਹੋ ਜਾਵੇ, ਕਿਉਂਕਿ ਉਸ ਲਈ ਉਹ ਸੁੰਦਰ ਮੌਕਾ ਹੈ ਜਦੋਂ ਕਿ ਪੰਥ ਦੀਆਂ ਅੰਦਰੂਨੀ ਤਰੇੜਾਂ ਮਿਟਣ ਵਾਲੀਆਂ ਹਨ। ਮੈਂ ਇਹ ਗੱਲ ਮੰਨ ਗਿਆ ਕਿ ਮਹਾਰਾਜਾ ਪਟਿਆਲਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਤੀਨਿਧਾਂ ਦਾ 19 ਜੁਲਾਈ ਨੂੰ ਸ਼ਿਮਲੇ ਵਿਚ ਇਕੱਠ ਹੋਵੇ ਪਰੰਤੂ ਇਹਤਯਾਤੀ ਤਦਬੀਰ ਦੇ ਤੌਰ ਪੁਰ ਮੈਂ ਸ: ਪ੍ਰਿਥੀਪਾਲ ਸਿੰਘ ਨੂੰ ਕਿਹਾ ਕਿ ਤੁਸੀਂ ਮਹਾਰਾਜੇ ਨਾਲ ਮੁਲਾਕਾਤ ਕਰ ਕੇ ਇਸ ਸਮਝੌਤੇ ਨੂੰ ਇਕੇਰਾਂ ਫਿਰ ਪੱਕਾ ਕਰ ਛੱਡੋ। ਸ: ਪ੍ਰਿਥੀਪਾਲ ਸਿੰਘ ਚਾਹਿਲ ਗਿਆ ਤਾਂ ਉਸ ਨੇ ਮੈਨੂੰ ਅੰਮ੍ਰਿਤਸਰ ਤਾਰ ਭੇਜੀ ਕਿ "ਸਭ ਕੁਝ ਠੀਕ ਠਾਕ ਹੋ ਗਿਆ ਹੈ।" 17 ਜੁਲਾਈ ਨੂੰ ਅੰਮ੍ਰਿਤਸਰ ਪੁੱਜ ਗਿਆ, ਜਦੋਂ ਕਿ ਅੱਡ-ਅੱਡ ਜ਼ਿਲ੍ਹਿਆਂ ਤੋਂ ਪੁੱਜੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਤੀਨਿਧਾਂ ਨਾਲ ਸਲਾਹ-ਵਲਾਹ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਦੇ ਫ਼ੈਸਲੇ ਮਗਰੋਂ ਮੈਂ ਫਿਰ ਪਟਿਆਲਾ ਦੇ ਇਤਬਾਰੀ ਆਦਮੀ ਸ: ਪ੍ਰਿਥੀਪਾਲ ਸਿੰਘ ਨੂੰ ਕਿਹਾ ਕਿ ਤੁਸੀਂ ਮਹਾਰਾਜੇ ਜਾਂ ਨਵਾਬ ਲਿਆਕਤ ਹਯਾਤ ਨਾਲ ਮਿਲ ਕੇ ਫਿਰ ਪੱਕੀ ਕਰ ਛੱਡੋ। ਉਹ ਸਿੱਧਾ ਪਟਿਆਲੇ ਗਿਆ ਤੇ ਉਸ ਨੇ ਉਥੋਂ ਮੈਨੂੰ ਫੋਨ ਕੀਤੀ ਕਿ "ਮੈਂ ਨਵਾਬ ਲਿਆਕਤ ਹਯਾਤ ਨਾਲ ਫੋਨ ਪੁਰ ਗੱਲ ਬਾਤ ਕਰ ਲਈ ਹੈ ਤੇ ਤੁਸੀਂ ਨੀਯਤ ਕੀਤੀ ਗਈ ਤਰੀਖ਼ ਪੁਰ ਜ਼ਰੂਰ ਸ਼ਿਮਲੇ ਪੁੱਜ ਜਾਓ।"

ਅਸੀਂ ਸ਼ਿਮਲੇ ਪੁੱਜੇ ਤੇ ਪਹਿਲੀ ਇਕਤ੍ਰਤਾ ਵਿਚ ਜਿਸ ਵਿਚ ਮੈਂ ਹਾਜ਼ਰ ਸਾਂ, ਨਵਾਬ ਲਿਆਕਤ ਹਯਾਤ ਨੇ ਮੈਨੂੰ ਕਿਹਾ ਕਿ ਪਟਿਆਲੇ ਦਾ ਇਤਬਾਰੀ ਆਦਮੀ ਸ: ਪ੍ਰਿਥੀਪਾਲ ਸਿੰਘ ਦੋਹੀਂ ਪਾਸੀਂ ਗਲਤ ਇਤਲਾਹਾਂ ਦੇਂਦਾ ਰਿਹਾ ਹੈ ਤੇ ਮਹਾਰਾਜੇ ਨੇ ਕਦਾਚਿਤ ਤੁਹਾਡੀਆਂ ਸ਼ਰਤਾਂ ਨਹੀਂ ਮੰਨੀਆਂ। ਇਨ੍ਹਾਂ ਪੈਦਾ ਕੀਤੇ ਗਏ ਹਾਲਾਤ ਪੁਰ, ਇਹ ਸਲਾਹ ਠਹਿਰੀ ਕਿ ਜੇ ਹੁਣ ਸੰਭਵ ਹੋਵੇ ਤਾਂ ਕਿਸੇ ਸਮਝੌਤੇ ਪੁਰ ਪੁੱਜਿਆ ਜਾਵੇ। ਪਟਿਆਲੇ ਵੱਲੋਂ ਇਹ ਤਜਵੀਜ਼ ਹੋਈ ਕਿ ਮਹਾਰਾਜਾ ਪਟਿਆਲਾ ਨੂੰ ਪੰਥ ਦਾ ਲੀਡਰ ਮੰਨਿਆ ਜਾਵੇ। ਇਸ ਗੱਲ ਦੇ ਮੰਨਣ ਤੋਂ ਉੱਕਾ ਇਨਕਾਰ ਕਰ ਦਿੱਤਾ ਗਿਆ ਤੇ ਇਸੇ ਨੁਕਤੇ ਪੁਰ ਸਾਰੀ ਗੱਲ-ਬਾਤ ਟੁੱਟ ਗਈ। ਰਾਤ ਨੂੰ ਫਿਰ ਸ: ਰਘਬੀਰ ਸਿੰਘ, ਪੰਜਾਬ ਹੋਟਲ ਵਿਚ ਆਇਆ ਜਿਥੇ ਕਿ ਸ਼੍ਰੋਮਣੀ ਅਕਾਲੀ ਦਲਾਂ ਦੇ ਪ੍ਰਤੀਨਿਧਾਂ ਦੀ ਰਿਹਾਇਸ਼ ਸੀ। ਉਸ ਨੇ ਉਨ੍ਹਾਂ ਨੂੰ ਕਿਹਾ ਕਿ ਮਹਾਰਾਜਾ ਲੀਡਰ ਤਸਲੀਮ ਕੀਤੇ ਜਾਣ ਪੁਰ ਜ਼ੋਰ ਨਹੀਂ ਦਿੰਦਾ ਤੇ ਸਮਝੌਤੇ ਪੁਰ ਪੁੱਜਣ ਲਈ ਹੋਰ ਯਤਨ ਕੀਤਾ ਜਾਵੇ। ਇਸ ਪੁਰ ਵਿਸਥਾਰ ਪੂਰਬਕ ਲਿਖਤੀ ਸ਼ਰਤਾਂ ਸ: ਰਘਬੀਰ ਸਿੰਘ ਨੂੰ ਦਿੱਤੀਆਂ ਗਈਆਂ।

ਸ: ਰਘਬੀਰ ਸਿੰਘ ਨੇ ਕਿਹਾ ਕਿ ਸ਼ਾਇਦ ਮਹਾਰਾਜਾ, ਅੱਗੇ ਨੂੰ ਸਿੱਖ ਘਰਾਣਿਆਂ

ਵਿਚ ਸ਼ਾਦੀਆਂ ਕਰਨ ਵਾਲੀ ਗੱਲ ਬਾਰੇ ਪੱਕਾ ਬਚਨ ਦੇਣਾ ਨਾ ਮੰਨੇ ਤੇ ਨਾਲ ਹੀ ਸ਼ਾਇਦ ਉਹ ਸੰਗਤਾਂ ਦੇ ਜੋੜੇ ਝਾੜਨ ਤੋਂ ਵੀ ਸੰਕੋਚ ਕਰੇ ਪਰੰਤੂ ਇਸ ਦੇ ਮਗਰੋਂ ਕੋਈ ਬਾਕਾਇਦਾ ਉੱਤਰ ਪਟਿਆਲਾ ਦੀ ਤਰਫੋਂ ਨਾ ਪੁੱਜਾ ।

ਮਹਾਰਾਜਾ ਪਟਿਆਲਾ ਦੇ ਬਿਆਨ ਨਾਲ ਸ਼ਾਇਦ ਕੁਝ ਗਲਤ ਫਹਿਮੀਆਂ ਪੈਦਾ ਹੋਈਆਂ ਹੋਣ । ਉਹਨਾਂ ਨੂੰ ਦੂਰ ਕਰਨ ਲਈ ਮੈਂ ਇਹ ਗੱਲ ਜ਼ਰੂਰ ਆਖਾਂਗਾ ਕਿ ਮਹਾਰਾਜਾ ਪਟਿਆਲਾ ਦੇ ਮਾਮਲੇ ਬਾਰੇ ਕਿਸੇ ਨੁਕਤੇ ਪੁਰ, ਸ: ਖੜਕ ਸਿੰਘ ਜੀ ਤੇ ਮੇਰੇ ਵਿਚਕਾਹੇ, ਕਦਾਚਿਤ, ਰਤਾ ਭਰ ਭੀ ਸੰਮਤੀ-ਭੇਦ ਨਹੀਂ ਸੀ ਤੇ ਨਾ ਹੈ। ਪਟਿਆਲਾ ਪਿਛਲੇ ਸਾਲ ਤੋਂ ਮੇਰੇ ਨਾਲ ਗੱਲਬਾਤ ਕਰ ਰਿਹਾ ਸੀ ਤੇ ਪਿਛਲੇ ਕੁਝ ਮਹੀਨਿਆਂ ਤੋਂ ਤਾਂ ਉਹ ਆਸਧਾਰਨ ਚਾਹ ਪ੍ਰਗਟ ਕਰ ਰਿਹਾ ਸੀ ਸਮਝੌਤੇ ਦਾ ਪ੍ਰਬੰਧ ਕੇਵਲ ਸ਼੍ਰੋਮਣੀ ਅਕਾਲੀ ਦਲ ਨਾਲ ਕੀਤਾ ਗਿਆ ਸੀ ਅਰ ਸ਼੍ਰੋਮਣੀ ਅਕਾਲੀ ਦਲ ਨੇ (ਗਿਆਨੀ ਸ਼ੇਰ ਸਿੰਘ ਤੇ ਹੋਰ ਸੱਜਣਾਂ ਨੂੰ ਇਸ ਮੌਕੇ ਪੁੱਜਣ ਲਈ ਸੱਦਾ ਦਿੱਤਾ ਸੀ) ।

ਮੈਂ ਇਹ ਗੱਲ ਭੀ ਦੱਸ ਦੇਵਾਂ ਕਿ ਸ: ਲਾਲ ਸਿੰਘ ਦੇ ਕਤਲ ਦੇ ਸਿਲਸਿਲੇ ਵਿਚ ਸਜ਼ਾਯਾਬ ਹੋਏ ਸ: ਨਾਨਕ ਸਿੰਘ ਜੀ ਦੇ ਜੇਹਲੋਂ ਖਿਸਕ ਜਾਣ ਤੇ ਰਿਹਾਈ ਪਾਣ ਵਾਲੀ ਕਹਾਣੀ ਮੈਂ ਜਾਣ-ਬੁਝ ਕੇ ਛੱਡ ਗਿਆ ਹਾਂ ਪਰ ਮੈਂ ਇਸ ਸਾਰੇ ਮਾਮਲੇ ਪੁਰ ਚਾਨਣਾ ਪਾਉਣ ਦੇ ਹੱਕ ਨੂੰ ਉਦੋਂ ਤਕ ਰਾਖਵਾਂ ਰੱਖਦਾ ਹਾਂ, ਜਦੋਂ ਤਕ ਕਿ ਮੈਨੂੰ ਚੰਗੀ ਤਰ੍ਹਾਂ ਯਕੀਨ ਨਹੀਂ ਹੋ ਜਾਂਦਾ ਕਿ ਮੈਂ ਇਸ ਨੂੰ ਗੁਪਤ ਰੱਖਣ ਲਈ ਇਖਲਾਕੀ ਤੌਰ ਪੁਰ ਕਿਸੇ ਤਰ੍ਹਾਂ ਬੰਧੂਆਂ ਨਹੀਂ ਹਾਂ ।

✲ ✲ ✲

ਨਿਰੋਲ ਧਾਰਮਿਕ ਕਿ ਨਾਸਤਿਕਤਾ ਦੇ ਪ੍ਰਚਾਰਕ

ਇਕ ਵੇਰਾਂ ਇਕ ਮਸ਼ਹੂਰ ਰਾਗੀਆਂ ਦਾ ਜਥਾ ਸੱਖਰ ਗਿਆ। ਉਥੇ ਉਨ੍ਹਾਂ ਨੇ ਪ੍ਰੇਮ ਨਾਲ ਕੀਰਤਨ ਕੀਤਾ ਤੇ ਮਗਰੋਂ ਇਕ ਸ਼ਰਧਾਵਾਨ ਮਿਸਤਰੀ ਸਿੰਘ ਤੋਂ ਘਰ ਦਾ ਫਰਨੀਚਰ ਲਿਆ। ਉਹ ਸਿੰਘ ਸਮਝਦਾ ਸੀ ਕਿ ਉਹ ਫਰਨੀਚਰ ਮੁਲ ਵੇਚ ਰਿਹਾ ਹੈ, ਪਰ ਸਾਡੇ ਉਸਤਾਦ ਰਾਗੀਆਂ ਨੇ ਅਜੇਹੀ ਹੱਥਫੇਰੀ ਦੀਆਂ ਗੱਲਾਂ ਕੀਤੀਆਂ ਕਿ ਉਸ ਸਿੰਘ ਨੂੰ ਮੁੱਲ ਮੰਗਣ ਦਾ ਹੌਂਸਲਾ ਨਾ ਪਿਆ ਪਰ ਇਸ ਗੱਲ ਨੇ ਉਸ ਸਿੰਘ ਦੀਆਂ ਅੱਖਾਂ ਇਹਨਾਂ "ਨਿਰੋਲ ਧਾਰਮਿਕ" ਰਾਗੀਆਂ ਦੇ ਵਤੀਰੇ ਵੱਲ ਖੋਲ੍ਹ ਦਿੱਤੀਆਂ। ਉਹ ਇਹਨਾਂ ਦਾ ਲਾਲਚ ਤੇ ਇਹਨਾਂ ਦੀ ਠੱਗੀ ਵੇਖ ਕੇ ਉਸ ਦਿਨ ਤੋਂ ਸਿੱਖੀ ਵੱਲੋਂ ਅਸ਼ਰਧਕ ਹੋ ਗਿਆ।

ਇਹ ਹੈ ਕਰਤੂਤ ਉਨ੍ਹਾਂ ਲੋਕਾਂ ਦੀ ਜੋ ਸਮਝਦੇ ਹਨ ਕਿ ਧਰਮ ਕੇਵਲ ਸੋਹਣੀਆਂ ਗੱਲਾਂ ਕਰਨ ਦਾ ਹੀ ਨਾਮ ਹੈ ਨਾ ਕਿ ਅਮਲ ਕਰਨ ਦਾ, ਇਹੋ ਜਿਹੇ ਲੋਕਾਂ ਨੇ ਆਪਣਾ ਨਾਮ "ਨਿਰੋਲ ਧਾਰਮਿਕ" ਰੱਖ ਲਿਆ ਹੈ। "ਨਿਰੋਲ ਧਾਰਮਿਕ" ਦਾ ਭਾਵ ਇਹ ਹੈ ਕਿ ਜੋ ਗੁਰੂ ਸਾਹਿਬਾਨ ਤੇ ਹੋਰ ਸ਼ਹੀਦਾਂ ਦੀਆਂ ਕੁਰਬਾਨੀਆਂ ਸੁਣਾ-ਸੁਣਾ ਕੇ ਕੀਰਨੇ ਪਾਣ, ਪਰ ਆਪ ਦੂਰੋਂ ਸਿਪਾਹੀ ਵੇਖ ਕੇ ਹੀ ਦਬਕ ਜਾਣ। ਸਿੱਖੀ ਨਾਮ ਤਾਂ ਸੇਵਾ ਤੇ ਪ੍ਰੇਮ ਦਾ ਹੈ। ਅਜਿਹਾ ਪ੍ਰੇਮੀ ਸੇਵਕ ਦੁਖੀ ਤੇ ਮਜਲੂਮ ਦੀ ਖ਼ਾਤਰ ਹਰ ਤਰ੍ਹਾਂ ਦੀ ਕੁਰਬਾਨੀ ਕਰੇਗਾ। ਸਾਡੇ ਨਿਰੋਲ ਧਾਰਮਿਕ ਭੀ ਇਹੋ ਹੀ ਕਹਿਣਗੇ ਜੋ ਅਸੀਂ ਕਹਿ ਰਹੇ ਹਾਂ। ਸਗੋਂ ਸਾਥੀ ਭੀ ਚੰਗੀ ਗੱਲ ਬਣਾ ਕੇ ਕਹਿਣਗੇ ਪਰ ਜਦ ਮਜਲੂਮਾਂ ਤੇ ਦੁਖੀਆਂ ਦੀ ਸੇਵਾ ਲਈ ਕੁਰਬਾਨੀ ਕਰਨ ਲਈ ਉਹਨਾਂ ਤੋਂ ਮੰਗ ਕੀਤੀ ਜਾਵੇਗੀ ਤਾਂ ਉਹ ਕਹਿ ਦੇਣਗੇ ਕਿ ਅਸੀਂ "ਨਿਰੋਲ ਧਾਰਮਿਕ" ਹਾਂ। ਸਾਡਾ ਪੋਲਿਟਿਕਸ ਨਾਲ ਕੋਈ ਵਾਸਤਾ ਨਹੀਂ ਹੈ। ਉਸ ਵੇਲੇ ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਰਨਾਮੇਂ ਉਹਨਾਂ ਦੀਆਂ ਅੱਖਾਂ ਤੋਂ ਓਹਲੇ ਹੋ ਜਾਣਗੇ।

ਇਸੇ ਤਰ੍ਹਾਂ ਦੇ ਨਿਰੋਲ ਧਾਰਮਿਕ ਸਾਡੇ ਗੁਰਦੁਆਰਿਆਂ ਵਿਚ ਬੈਠ ਕੇ ਤੇ ਦੀਵਾਨਾਂ ਵਿਚ ਖੜ੍ਹੇ ਹੋ ਕੇ ਕਥਾ ਕਰਨਗੇ ਤੇ ਲੈਕਚਰ ਦੇਣਗੇ ਕਿ "ਮਾਇਆ ਤਿਆਗੋ, ਸੇਵਾ ਕਰੋ, ਕੁਰਬਾਨੀ ਕਰੋ, ਗੁਰਮੁਖ ਬਣੋ, ਆਦਿਕ ਪਰ ਆਪ ਪਰਲੇ ਦਰਜੇ ਦੇ ਲਾਲਚੀ ਤੇ ਕਮੀਨੇ ਹੋਣਗੇ। ਕਥਾ ਕਰਦੇ-ਕਰਦੇ ਵੇਖਦੇ ਰਹਿਣਗੇ ਕਿ ਕਿਤਨੇ ਕੁਝ ਪੈਸੇ ਚੜ੍ਹੇ ਹਨ। ਅਜਿਹੇ ਲੋਕੀਂ ਅਸਲ ਵਿਚ ਵਾਹਿਗੁਰੂ ਨੂੰ ਨਹੀਂ ਮੰਨਦੇ ਤੇ ਨਾਸਤਿਕ ਹਨ। ਉਹਨਾਂ ਨੇ ਵਾਹਿਗੁਰੂ ਨੂੰ ਤਾਂ ਇਕ ਠੱਗੀ ਦਾ ਸਾਧਨ ਹੀ ਬਣਾਇਆ ਹੋਇਆ ਹੈ। ਇਹਨਾਂ ਤੋਂ ਉਹ ਲੋਕ ਬਹੁਤ ਚੰਗੇ ਹਨ ਜੋ ਆਪਣੇ ਆਪ ਨੂੰ ਨਾਸਤਿਕ ਕਹਿੰਦੇ ਹਨ ਕਿਉਂਕਿ ਨਾਸਤਿਕ ਲੋਕੀਂ ਦੂਜਿਆਂ ਦਾ ਨਿਸਚਾ ਅਜਿਹਾ ਨਹੀਂ ਡੁਲਾ ਸਕਦੇ ਜਿਹਾ ਕਿ ਇਹ ਪਖੰਡੀ ਅਥਵਾ ਨਿਰੋਲ ਧਾਰਮਿਕ ਡੁਲਾ ਸਕਦੇ

ਹਨ। ਨਾਸਤਿਕਾਂ ਤੇ "ਨਿਰੋਲ ਧਾਰਮਿਕਾਂ" ਵਿਚ ਕੇਵਲ ਇਤਨਾ ਹੀ ਫ਼ਰਕ ਹੈ ਕਿ **ਨਾਸਤਿਕ ਦਿਆਨਤਦਾਰ ਹਨ ਤੇ ਮੂਹੋਂ ਆਪਣੇ ਆਪ ਨੂੰ ਨਾਸਤਿਕ ਮੰਨਦੇ ਹਨ ਪਰ ਇਹ "ਨਿਰੋਲ ਧਾਰਮਿਕ" ਪਖੰਡੀ ਹਨ ਤੇ ਨਾਸਤਿਕ ਹੁੰਦੇ ਹੋਏ ਆਪਣੇ ਆਪ ਨੂੰ ਪੱਕਾ ਧਾਰਮਿਕ ਕਹੀ ਜਾਂਦੇ ਹਨ।** ਬੱਸ ਇਉਂ ਸਮਝੋ ਕਿ **ਪਖੰਡੀ ਨਾਸਤਿਕ ਦਾ ਨਾਮ "ਨਿਰੋਲ ਧਾਰਮਿਕ" ਹੈ।**

ਨਾਸਤ੍ਰਿਕ ਇਤਨਾ ਨੁਕਸਾਨ ਨਹੀਂ ਕਰ ਸਕਦੇ, ਕਿਉਂਕਿ ਉਹ ਤਾਂ ਕੇਵਲ ਲਫ਼ਜ਼ਾਂ ਦੁਆਰਾ ਹੀ ਪਰਮੇਸ਼ਰ ਦੇ ਵਿਰੁੱਧ ਪ੍ਰਚਾਰ ਕਰਦੇ ਹਨ, ਪਰ ਇਹ "ਨਿਰੋਲ ਧਾਰਮਿਕ" ਤਾਂ ਆਪਣੇ ਅਮਲ ਨਾਲ ਸਿੱਧ ਕਰਦੇ ਹਨ ਕਿ ਵਾਹਿਗੁਰੂ ਕੋਈ ਨਹੀਂ ਹੈ ਤੇ ਵਾਹਿਗੁਰੂ ਦਾ ਨਾਮ ਕੇਵਲ ਠੱਗੀ ਲਈ ਵਰਤਿਆ ਜਾਂਦਾ ਹੈ।

ਇਸ ਕਰ ਕੇ ਗੁਰਮੁਖ ਸਿੱਖੋ ਇਹਨਾਂ ਨਾਸਤਿਕਤਾ ਤੇ ਪ੍ਰਚਾਰਕਾਂ "ਨਿਰੋਲ ਧਰਮੀਆਂ" ਤੋਂ ਬਚੋ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਸਬਕ ਲੈਂਦੇ ਹੋਏ ਅਨਾਥਾਂ, ਮਜਲੂਮਾਂ ਤੇ ਦੁਖੀਆਂ ਲਈ ਸਰਬੰਸ ਕੁਰਬਾਨ ਕਰ ਦਿਉ। ਜੇ ਸਿੱਖੀ ਦਾ ਪ੍ਰਚਾਰ ਕਰਨਾ ਚਾਹੁੰਦੇ ਹੋ ਤਾਂ ਆਪਣੇ ਅਮਲਾਂ ਨਾਲ ਸਿੱਖੀ ਜੀਵਨ ਦੇ ਚਮਤਕਾਰੇ ਲੋਕਾਂ ਨੂੰ ਦੱਸੋ। ਗੱਲਾਂ ਸੋਹਣੀਆਂ ਬਣਾ ਕੇ ਮਗਰੋਂ ਅਮਲ ਭੈੜੇ ਕਰਨ ਤਾਂ ਤੁਸੀਂ ਲੋਕਾਂ ਨੂੰ ਕੇਵਲ ਇਹੋ ਹੀ ਸਿੱਧ ਕਰੋਗੇ ਕਿ ਸਿੱਖ ਪਖੰਡੀ ਹੁੰਦੇ ਹਨ, ਕਹਿੰਦੇ ਕੁਝ ਹਨ ਤੇ ਕਰਦੇ ਕੁਝ ਹਨ। ਕੀ ਇਸ ਤਰ੍ਹਾਂ ਸਿੱਖੀ ਦਾ ਪ੍ਰਚਾਰ ਹੋ ਸਕਦਾ ਹੈ?

✲ ✲ ✲

ਮੰਤਕੀ ਟੋਟਕੇ

ਜੋ ਆਦਮੀ ਜਿੱਤ ਵੇਲੇ ਸੁਲਾਹ ਨਹੀਂ ਕਰਦਾ, ਉਸ ਨੂੰ ਆਖ਼ਰ ਹਾਰ ਕੇ ਸੁਲਾਹ ਕਰਨੀ ਪੈਂਦੀ ਹੈ।

ਦੁਨੀਆਂ ਵਿਚ ਬਥੇਰੇ ਲੋਕੀਂ ਹਨ ਜੋ ਜੰਗ ਵਿਚ ਜਿੱਤ ਕੇ ਸੁਲਾਹ ਵਿਚ ਹਾਰ ਜਾਂਦੇ ਹਨ (ਅਕਾਲੀ ਲਹਿਰ ਵਿਚ ਹੋਰ ਕੀ ਹੋਇਆ ਸੀ ?) ....

ਜੇ ਇਕ ਗੁਣ ਵਧ ਜਾਵੇ ਤਾਂ ਉਹ ਸਾਰੇ ਔਗੁਣਾਂ ਨੂੰ ਢੱਕ ਲੈਂਦਾ ਹੈ। ਇਸੇ ਤਰ੍ਹਾਂ ਜੇ ਇਕ ਔਗੁਣ ਵੱਧ ਜਾਵੇ ਤਾਂ ਉਹ ਸਾਰੇ ਗੁਣਾਂ ਦਾ ਖਾਤਮਾ ਕਰ ਦੇਂਦਾ ਹੈ। ....

ਹੰਕਾਰ ਨਾਮ ਹਾਰ ਦਾ ਹੈ। ਜੇ ਹੰਕਾਰ ਇਕ ਵੇਰਾਂ ਜਿੱਤੇਗਾ ਤਾਂ ਉਹ ਹੋਰ ਵਧੇਗਾ ਤੇ ਵਧੇਰੀ ਔਕੜ ਨਾਲ ਟਾਕਰਾ ਕਰੇਗਾ। ਜੇ ਫਿਰ ਜਿੱਤੇਗਾ ਤਾਂ ਹੋਰ ਵੱਧ ਕੇ ਹੋਰ ਵੱਡੀ ਔਕੜ ਨਾਲ ਮੱਥਾ ਮਾਰੇਗਾ। ਇਸ ਤਰ੍ਹਾਂ ਨਾਲ ਵੱਡੀ ਤੋਂ ਵੱਡੀ ਔਕੜ ਨਾਲ ਮੱਥਾ ਮਾਰਦਾ ਹੀ ਚੱਲੇਗਾ ਜਦ ਤਕ ਕਿ ਉਸ ਦਾ ਮੱਥਾ ਫੁੱਟ ਕੇ ਹੰਕਾਰ ਨਿਕਲ ਨਹੀਂ ਜਾਂਦਾ। ਸੋ ਹੰਕਾਰ ਦੀ ਅੰਤਮ ਪਉੜੀ ਜ਼ਰੂਰ ਹੀ ਹਾਰ ਹੈ। ....

ਅਹੰਕਾਰ ਕੇਵਲ ਉਹੋ ਕਰਦਾ ਹੈ ਜੋ ਵਾਹਿਗੁਰੂ ਦੀ ਅਜਬ ਕੁਦਰਤ ਨੂੰ ਨਹੀਂ ਵੇਖਦਾ ਤੇ ਨਾ ਆਦਮੀ ਦੀ ਬੇਬੱਸੀ ਨੂੰ ਸਮਝਦਾ ਹੈ। ....

ਅਹੰਕਾਰ ਦੇ ਆਸਰੇ ਕੀਤੀ ਹੋਈ ਕੁਰਬਾਨੀ ਅਹੰਕਾਰ ਵਧਾਂਦੀ ਹੈ। ਪ੍ਰੇਮ ਦੇ ਹੁਲਾਰੇ ਵਿਚ ਕੀਤੀ ਕੁਰਬਾਨੀ ਹੀ ਪਰਮੇਸ਼ਰ ਵੱਲ ਲੈ ਜਾਂਦੀ ਹੈ। ....

ਅਹੰਕਾਰੀ ਉਹੋ ਹੀ ਹੋ ਸਕਦਾ ਹੈ ਜੋ ਵਡਿਆਈ ਨੂੰ ਸਮਾ ਨਾ ਸਕੇ ਤੇ ਇਸ ਕਰ ਕੇ ਹੋਛਾ ਹੋਵੇ।

ਗੁਰਦੁਆਰਾ ਡਸਕਾ ਤੇ ਮੇਰੀ ਪੋਜ਼ੀਸ਼ਨ

ਕਈ ਐਲਾਨਾਂ ਤੇ ਇਸ਼ਤਿਹਾਰਾਂ ਵਿਚ ਇਹ ਗੱਲ ਗਲਤ ਦੱਸੀ ਗਈ ਹੈ ਕਿ ਮੈਂ ਡਸਕੇ ਦੇ ਮੋਰਚੇ ਦੇ ਹੱਕ ਵਿਚ ਤਕਰੀਰ ਕੀਤੀ ਸੀ। ਮੈਂ ਇਹ ਤਰਦੀਦ ਛਾਪਣਾ ਨਹੀਂ ਚਾਹੁੰਦਾ ਸਾਂ ਤੇ ਸਰਦਾਰ ਇੰਦਰ ਸਿੰਘ ਜੀ ਮਿਰਜਾ ਨੂੰ ਮੈਂ ਕਹਿ ਦਿੱਤਾ ਸੀ ਕਿ ਮੁੜ-ਮੁੜ ਇਸ ਗੱਲ ਨੂੰ ਨਾ ਦੁਹਰਾਓ। ਉਨ੍ਹਾਂ ਇਕਰਾਰ ਵੀ ਕੀਤਾ ਸੀ ਪਰ ਹੁਣ ਫਿਰ ਉਹੋ ਗੱਲ ਲਿਖੀ ਜਾ ਰਹੀ ਹੈ। ਇਸ ਕਰ ਕੇ ਮੈਂ ਇਹ ਕਹਿਣਾ ਜ਼ਰੂਰੀ ਸਮਝਦਾ ਹਾਂ ਕਿ ਮੈਂ ਕਦੀ ਭੀ ਮੌਜੂਦਾ ਮੋਰਚੇ ਨਾਲ ਸੰਮਤੀ ਪ੍ਰਗਟ ਨਹੀਂ ਕੀਤੀ। ਮੈਂ ਗੁਰਦੁਆਰਾ ਬਾਬਾ ਵਰਿਆਮ ਸਿੰਘ ਨੂੰ ਸਿੱਖਾਂ ਦਾ ਗੁਰਦੁਆਰਾ ਸਮਝਦਾ ਹਾਂ ਤੇ ਦੁਕਾਨਾਂ ਭੀ ਗੁਰਦੁਆਰੇ ਦੀਆਂ ਹਨ। ਇਹ ਗੁਰਦੁਆਰਾ ਸਿੱਖਾਂ ਦੇ ਹੱਥੋਂ ਜਾਣਾ ਭੀ ਸਿੱਖਾਂ ਦੀ ਹੱਤਕ ਹੈ ਪਰ ਇਸ ਕਿਸਮ ਦੇ ਮੋਰਚੇ ਦੀ ਥਾਂ ਮੇਰੇ ਨਾਲ ਇਕ ਹੋਰ ਤਰ੍ਹਾਂ ਦੀ ਤਜਵੀਜ਼ ਹੋਈ ਸੀ ਜੋ ਸ਼ੋਕ ਹੈ ਕਿ ਤੋੜ ਨਾ ਚੜ੍ਹ ਸਕੀ। ਇਸ ਕਿਸਮ ਦੇ ਮੋਰਚੇ ਬਾਬਤ ਨਾ ਕਦੀ ਮੇਰੇ ਨਾਲ ਸਲਾਹ ਹੋਈ ਤੇ ਨਾ ਕਦੀ ਮੈਂ ਇਸ ਦੇ ਹੱਕ ਵਿਚ ਰਾਏ ਦਿੱਤੀ।

ਮੌਜੂਦਾ ਰਾਏ ਮੈਂ ਸ਼੍ਰੋਮਣੀ ਅਕਾਲੀ ਦਲ ਦੀ ਇਕਤ੍ਰਤਾ ਵਿਚ ਤੇ ਮਗਰੋਂ ਹੀ ਦਿਆਂਗਾ ਪਰ ਇਤਨਾ ਹੁਣ ਹੀ ਕਹਿ ਦਿੰਦਾ ਹਾਂ ਕਿ ਭਾਵੇਂ ਮੇਰੀ ਜਾਤੀ ਰਾਏ ਕੋਈ ਭੀ ਹੋਵੇ, ਜਿਸ ਮੋਰਚੇ ਲਈ ਸ਼੍ਰੋਮਣੀ ਅਕਾਲੀ ਦਲ ਜਾਂ ਕੋਈ ਹੋਰ ਸੈਂਟਰਲ ਸਿੱਖ ਜਥਾ ਮੈਨੂੰ ਘੱਲੇਗਾ, ਮੈਂ ਜਾਣ ਨੂੰ ਤਿਆਰ ਹਾਂ। ਜੇ ਮੈਨੂੰ ਮਤ-ਭੇਦ ਭੀ ਹੋਵੇਗਾ ਤਾਂ ਸਾਂਝੇ ਪੰਥਕ ਜਥੇ ਦਾ ਹੁਕਮ ਇਕ ਸਿਪਾਹੀ ਵਾਂਗੂੰ ਮੰਨਣ ਨੂੰ ਮੈਂ ਤਿਆਰ ਹਾਂ।

ਡਸਕੇ ਦੇ ਮੋਰਚੇ ਵਿਚ ਜਾਣਾ ਹੀ ਇਤਫ਼ਾਕ ਹੈ

ਅਸੀਂ ਤਾਂ ਇਹ ਚਾਹੁੰਦੇ ਸਾਂ ਕਿ ਇਸ ਵਕਤ ਕਿਸੇ ਬਹਿਸ ਨੂੰ ਨਾ ਹਿਲਾਇਆ ਜਾਂਦਾ ਤੇ ਸਾਂਝੇ ਬਲ ਨਾਲ ਹੰਭਲਾ ਮਾਰ ਕੇ ਇਹ ਮੋਰਚਾ ਫ਼ਤਹ ਕੀਤਾ ਜਾਂਦਾ ਤੇ ਪਿਛਲੇ ਖੇਰੂੰ-ਖੇਰੂੰ ਹੋਈ ਪੰਥਕ ਜਥੇਬੰਦੀ ਨੂੰ ਫਿਰ ਨਵੇਂ ਸਿਰਿਓਂ ਰੂਹ ਦੇ ਕੇ ਪੰਥ ਦੀ ਬਿਖਰੀ ਹੋਈ ਹਾਲਤ ਨੂੰ ਸੁਧਾਰਿਆ ਜਾਂਦਾ ਪਰੰਤੂ ਸਾਡੇ ਮਿੱਤਰ ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ ਸਾਡੇ ਰਸਤੇ ਵਿਚ ਬੜੇ ਕੋਝੇ ਤਰੀਕੇ ਨਾਲ ਰੁਕਾਵਟਾਂ ਪਾ ਰਹੇ ਹਨ। ਇਸ ਤੋਂ ਪਹਿਲੇ ਭੀ ਆਪ ਨੇ ਇਕ ਲੇਖ ਲਿਖਿਆ ਸੀ, ਜਿਸ ਦੇ ਜ਼ਵਾਬ ਵਿਚ ਮੈਂ ਮਾਸਟਰ ਜੀ ਨੂੰ ਪ੍ਰਾਈਵੇਟ ਚਿੱਠੀ ਲਿਖ ਕੇ ਬੇਨਤੀ ਕੀਤੀ ਸੀ, ਕਿ ਮਾਸਟਰ ਜੀ ਆਪ ਇਸ ਵਕਤ ਵਾਧੂ ਬਹਿਸ ਨਾ ਛੇੜੋ, ਸਗੋਂ ਪੰਥਕ ਭਲਾਈ ਨੂੰ ਮੁੱਖ ਰੱਖਦਿਆਂ ਹੋਇਆਂ ਇਸ ਵਕਤ ਵਾਸਤੇ ਗੁਰੂ ਦੇ ਆਪਣੇ ਤਮਾਮ ਸੰਮਤੀ ਭੇਦਾਂ ਨੂੰ ਭੁਲ ਜਾਓ ਤੇ ਇਸ ਮੋਰਚੇ ਵਿਚ ਡਟ ਕੇ ਪੰਥ ਦੀ ਗਈ ਗੁਜ਼ਰੀ ਸ਼ਾਨ ਨੂੰ ਫੇਰ ਚੜ੍ਹਦੀਆਂ ਕਲਾਂ ਵਿਚ ਕਰ ਲਵੋ, ਪਰੰਤੂ ਮੇਰੀ ਉਸ ਪਤ੍ਰਕਾ ਦਾ ਮਾਲੂਮ

ਹੁੰਦਾ ਹੈ। ਥਿੰਧੇ ਘੜੇ 'ਤੇ ਪਾਣੀ ਵਾਲਾ ਅਸਰ ਹੋਇਆ ਹੈ ਤੇ ਇਸ ਵਕਤ ਆਪ ਦੇ ਸਬ ਐਡੀਟਰ ਗਿਆਨੀ ਕਰਤਾਰ ਸਿੰਘ ਜੀ ਨੇ ਇਕ ਹੋਰ ਲੇਖ ਲਿਖ ਮਾਰਿਆ ਹੈ ਕਿ ਡਸਕੇ ਦੇ ਮੋਰਚੇ ਵਿਚ ਜਾਣ ਤੋਂ ਪਹਿਲਾਂ ਪੰਥ ਵਿਚ ਇਤਫ਼ਾਕ ਪੈਦਾ ਕਰੋ। ਇਸ ਵਿਚ ਆਪ ਨੇ ਹੋਰ ਮੋਰਚੇ ਦਾ ਪ੍ਰੋਗਰਾਮ ਬਨਾਉਣ ਸਬੰਧੀ ਹੁਕਮ ਕੀਤਾ ਹੈ। ਇਸ ਸਮੇਂ ਤੋਂ ਪਹਿਲਾਂ ਅਨੇਕਾਂ ਵਾਰੀ ਪੰਥਕ ਸੁਲਾਹ ਵਾਸਤੇ ਉਦਮ ਕੀਤੇ ਗਏ ਹਨ ਪਰੰਤੂ ਸਾਰੇ ਅਸਫਲ ਹੀ ਸਾਬਤ ਹੋਏ ਹਨ। ਸਾਡੇ ਖ਼ਿਆਲ ਵਿਚ ਤਾਂ ਅੱਗੇ ਹੀ ਪੰਥਕ ਸੁਲਾਹ ਵਾਸਤੇ ਇਹ ਖ਼ਿਆਲ ਸਨ ਕਿ ਜਿਤਨਾ ਚਿਰ ਪੰਥ ਦੀ ਗੈਰਤ ਨੂੰ ਗਵਰਨਮੈਂਟ ਹੱਥ ਨਾ ਪਾਏਗੀ ਤੇ ਸਿੱਖਾਂ ਉੱਤੇ ਜਿਤਨਾ ਚਿਰ ਕੋਈ ਕਰੜੀ ਮੁਸੀਬਤ ਨਾ ਟੁੱਟੇਗੀ, ਉਤਨਾ ਚਿਰ ਪੰਥਕ ਸੁਲਾਹ ਹੋ ਹੀ ਨਹੀਂ ਸਕਦੀ ? ਕਿਉਂਕਿ ਖਾਲਸਾ ਕੌਮ ਦੀ ਤਾਂ ਦਸ਼ਾ ਉਸ ਪੰਜਾਬੀ ਅਖੌਤ ਅਨੁਸਾਰ ਹੈ ਕਿ ਜ਼ਾਤ ਹਮਾਰੀ ਚੱਠੇ। ਖਾਣ ਪੀਣ ਨੂੰ ਅੱਡੋ-ਅੱਡ ਲੜਨ ਭਿੜਨ ਨੂੰ ਕੱਠੇ। ਗਿਆਨੀ ਜੀ ਮੰਨਦੇ ਹਨ ਕਿ ਇਸ ਵਕਤ ਆਪਸ ਵਿਚ ਸਖ਼ਤ ਮਤਭੇਦ ਹੈ ਤੇ ਇਕ ਦੂਸਰੇ ਉੱਤੇ ਇਕ ਦੂਜੇ ਨੂੰ ਬੜੇ ਸਖ਼ਤ ਇਤਰਾਜ ਤੇ ਸ਼ਿਕਾਇਤਾਂ ਹਨ। ਹਾਂ, ਇਤਨੀਆਂ ਸਖ਼ਤ ਸ਼ਿਕਾਇਤਾਂ ਤੇ ਇਤਰਾਜ ਉੱਤੇ ਬਹਿਸ ਹੋ ਕੇ ਜੇਕਰ ਸੁਲਾਹ ਹੋਣੀ ਹੋਵੇ ਤਾਂ ਮੇਰਾ ਖ਼ਿਆਲ ਹੈ ਕਿ ਘੱਟੋ-ਘੱਟ ਦੋ ਹਫ਼ਤੇ ਚਾਹੀਦੇ ਹਨ, ਪਰੰਤੂ ਸਰਦਾਰ ਸਾਹਿਬ ਆਪਣੀ ਗ੍ਰਿਫ਼ਤਾਰੀ ਵਾਸਤੇ 17 ਅਗਸਤ ਨੀਯਤ ਕਰ ਚੁੱਕੇ ਹਨ। ਉਸ ਸਬੰਧੀ ਅਖ਼ਬਾਰਾਂ ਤੇ ਇਸ਼ਤਿਹਾਰਾਂ ਰਾਹੀਂ ਸਰਬੱਤ ਸੰਗਤਾਂ ਨੂੰ ਪਤਾ ਲੱਗਾ ਹੋਇਆ ਹੈ। ਇਸ ਕਰ ਕੇ ਇਹ ਤਾਰੀਖ਼ਾਂ ਮੁਲਤਵੀ ਹੋਣੀਆਂ ਅਤੀ ਹੀ ਕਠਿਨ ਮਾਲੂਮ ਹੁੰਦੀਆਂ ਹਨ ਨਾਲੇ ਬਾਬਾ ਜੀ ਦੀ ਨਿਸਬਤ ਸਰਬੱਤ ਖਾਲਸਾ ਜੀ ਨੂੰ ਪਤਾ ਹੀ ਹੈ ਕਿ ਆਪ ਐਲਾਨ ਕਰ ਕੇ ਪਿਛਾਂਹ ਹਟਣ ਵਾਲੇ ਸੱਜਣਾਂ ਵਿੱਚੋਂ ਨਹੀਂ। ਹਾਂ, ਐਸੀ ਹਾਲਤ ਵਿਚ ਤੇ ਇਤਨੇ ਥੋੜ੍ਹੇ ਸਮੇਂ ਵਿਚ ਮੇਰੇ ਖ਼ਿਆਲ ਅਨੁਸਾਰ ਤਾਂ ਵਿਚਾਰ ਹੋ ਕੇ ਸੁਲਹ ਹੋਣੀ ਤਾਂ ਬੜੀ ਕਠਿਨ ਹੈ। ਇਸ ਵਕਤ ਸੁਲਾਹ ਦਾ ਕੇਵਲ ਇਕੋ ਹੀ ਰਸਤਾ ਹੈ। ਤਮਾਮ ਪੰਥ ਇਸ ਮੋਰਚੇ ਵਿਚ ਇਕ ਜਾਨ ਹੋ ਕੇ ਜੁੱਟ ਜਾਵੇ, ਇਸੇ ਗੱਲ ਵਿਚ ਸੁਲਾਹ ਹੈ ਜੇਕਰ ਮਾਸਟਰ ਜੀ ਜਾਂ ਸ਼੍ਰੋਮਣੀ ਅਕਾਲੀ ਦਲ ਸਮੁੱਚੇ ਬਲ ਨਾਲ ਇਸ ਮੋਰਚੇ ਵਿਚ ਜੁੱਟ ਜਾਵਣ ਤਾਂ ਮੇਰਾ ਨਿਸਚਾ ਹੈ ਜੋ ਬਾਬਾ ਜੀ ਵੱਲੋਂ ਉਨ੍ਹਾਂ ਸੱਜਣਾਂ ਨਾਲ ਪੂਰਨ ਸੁਲਾਹ ਹੀ ਸੁਲਾਹ ਹੈ। ਗਿਆਨੀ ਜੀ ਨੂੰ ਜਾਂ ਮਾਸਟਰ ਤਾਰਾ ਸਿੰਘ ਜੀ ਨੂੰ ਇਹ ਖ਼ਿਆਲ ਨਹੀਂ ਕਰਨਾ ਚਾਹੀਦਾ ਕਿ ਅਸੀਂ ਬਾਬੇ ਦੇ ਬਣਾਏ ਹੋਏ ਪ੍ਰੋਗਰਾਮ ਤੇ ਲਗਾਏ ਹੋਏ ਮੋਰਚੇ ਵਿਚ ਆਪਣੇ ਆਪ ਕਿਉਂ ਜਾਵੀਏ ਤਾਂ ਮੈਂ ਉਨ੍ਹਾਂ ਸੱਜਣਾਂ ਦੀ ਸੇਵਾ ਵਿਚ ਇਹ ਅਰਜ਼ ਕਰ ਦੇਣੀ ਯੋਗ ਸਮਝਦਾ ਹਾਂ ਕਿ ਆਪ ਨੇ ਬਾਬਾ ਜੀ ਦੇ ਮਗਰ ਨਹੀਂ ਆਉਣਾ ਸਗੋਂ ਹਕੀਕਤ ਇਹ ਹੈ ਕਿ ਬਾਬਾ ਜੀ ਆਪ ਦੇ ਸਾਂਝੇ ਹੁਕਮ ਅਨੁਸਾਰ ਹੀ ਇਥੇ ਅਜੇ ਤਕ ਡਟੇ ਹੋਏ ਹਨ ਤੇ ਅੱਗੋਂ ਭੀ ਡਟਣੇ ਵਾਸਤੇ ਐਲਾਨ ਕਰ ਰਹੇ ਹਨ। ਆਪ ਨੂੰ ਚਾਹੀਦਾ ਤਾਂ ਇਹ ਹੈ ਕਿ ਆਪ ਆਪਣੇ ਬਣਾਏ ਹੋਏ ਜਰਨੈਲ ਦੀ ਖ਼ੁਦ ਬਖ਼ੁਦ ਹੀ ਸਾਰ ਲਵੋ ਨਾ ਕਿ ਇਸ ਥੋੜ੍ਹੇ ਸਮੇਂ ਵਿਚ

ਹੋਰ ਹੀ ਬਹਿਸਾਂ ਛੋੜ ਕੇ ਇਸ ਅਤਿ ਜ਼ਰੂਰੀ ਕਾਰਜ ਨੂੰ ਖਟੇ ਪਾਉ। ਨਾਲੇ ਮੇਰੇ ਖ਼ਿਆਲ ਵਿਚ, ਫੜ-ਫੜ ਕੇ ਤੇ ਬੰਨ੍ਹ-ਬੰਨ੍ਹ ਕੇ ਕਰਾਈ ਹੋਈ ਸੁਲਾਹ ਕੋਈ ਅਰਥ ਨਹੀਂ ਰੱਖੇਗੀ ਤੇ ਉਹ ਥੋੜ੍ਹੇ ਚਿਰ ਵਾਸਤੇ ਹੀ ਹੋਵੇਗੀ, ਹਕੀਕੀ ਸੁਲਾਹ ਜੇ ਕਰ ਆਪ ਚਾਹੁੰਦੇ ਹੋ ਤਾਂ ਆਪ ਕਿਰਪਾ ਕਰ ਕੇ ਛਾਲਾਂ ਮਾਰ ਕੇ ਮੈਦਾਨਿ ਜੰਗ ਵਿਚ ਕੁੱਦ ਪਵੋ ਪਰੰਤੂ ਜੇ ਕਰ ਆਪ ਕਿਸੇ ਕਾਰਨ ਕਰ ਕੇ ਮੇਰੀ ਇਹ ਤਜਵੀਜ਼ ਨਾ ਮੰਨੋ ਤੇ ਇਸ ਵਕਤ ਭੀ ਪਿੱਛਾਂ ਹੀ ਖਿੱਚਣ ਦੀ ਕੋਸ਼ਿਸ਼ ਕਰੋ ਤਾਂ ਇਹ ਆਪ ਦੇ ਸਿਰ ਪੰਥਕ ਔਕੜਾਂ ਨੂੰ ਕਲੰਕ ਲਗਾਉਣ ਦਾ ਇਕ ਬੜਾ ਬਦਨੁਮਾ ਧੱਬਾ ਹਮੇਸ਼ਾਂ ਵਾਸਤੇ ਰਹਿ ਜਾਵੇਗਾ। ਬਾਕੀ ਰਹੀ ਗੱਲ ਬਾਬਾ ਜੀ ਦੀ। ਉਹਨਾਂ ਨੇ ਸੱਚੇ ਦਿਲੋਂ ਪ੍ਰਣ ਕਰ ਲਿਆ ਹੈ ਕਿ ਮੈਂ ਡਸਕੇ ਦੇ ਮੋਰਚੇ ਨੂੰ ਜ਼ਰੂਰ ਫ਼ਤਹ ਕਰਨਾ ਹੈ। ਜੇਕਰ ਪੰਥ ਨੇ ਮੇਰੀ ਕੋਈ ਸਹਾਇਤਾ ਨਾ ਕੀਤੀ ਤਾਂ ਸੂਰਮੇ ਦੀ ਕੇਵਲ ਆਪਣੇ ਸਿਰ ਨਾਲ ਬਾਜ਼ੀ ਹੁੰਦੀ ਹੈ। ਸੂਰਮੇ ਦੀ ਮੌਤ ਵੀ ਬਹੁਤ ਹੱਦ ਤਕ ਜਿੱਤ ਹੀ ਗਿਣੀ ਜਾਂਦੀ ਹੈ। ਆਪ ਨੇ ਇਹ ਕਹਿ ਦਿੱਤਾ ਹੈ ਕਿ "ਜੇ ਕਰ ਪੰਥ ਇਥੇ ਆ ਗਿਆ ਤਾਂ ਇਸ ਮੋਰਚੇ 'ਤੇ ਜ਼ੋਰ ਪਾ ਕੇ ਪੰਥ ਨੇ ਇਸ ਨੂੰ ਫ਼ਤਹ ਕਰ ਲਿਆ ਤਾਂ ਚੰਗਾ, ਨਹੀਂ ਤਾਂ ਖੜਕ ਸਿੰਘ ਆਪਣੀ ਇਸ ਦਫ਼ਾ ਦੀ ਕੈਦ ਕੱਟ ਕੇ ਫੇਰ ਜਦੋਂ ਰਿਹਾ ਹੋਵੇਗਾ। ਫੇਰ ਭੀ ਡਸਕੇ ਹੀ ਪਹੁੰਚੇਗਾ ਤੇ ਡਸਕੇ ਦੀ ਜੰਗ ਹੀ ਅੰਤ ਸਵਾਸਾਂ ਤਕ ਲੜਦਾ ਰਹੇਗਾ। ਮੈਂ ਏਥੇ ਉਦੋਂ ਤਕ ਲੜਾਂਗਾ ਜਿਤਨਾ ਚਿਰ ਮੇਰੇ ਸਰੀਰ ਵਿਚ ਪ੍ਰਾਣ ਹਨ।

ਇਸ ਕਰ ਕੇ ਪਿਆਰੇ ਮਾਸਟਰ ਜੀ ਤੇ ਗਿਆਨੀ ਜੀ, ਮੈਂ ਆਪ ਦੇ ਚਰਨਾਂ ਵਿਚ ਅਖ਼ੀਰੀ ਬੇਨਤੀ ਕਰਦਾ ਹਾਂ ਕਿ ਆਪ ਜੇਕਰ ਸੱਚੇ ਦਿਲੋਂ ਸੁਲਾਹ ਚਾਹੁੰਦੇ ਹੋ ਤਾਂ ਸੱਚੀ ਸੁਲਾਹ ਏਸੇ ਤਰ੍ਹਾਂ ਹੋ ਸਕੇਗੀ, ਜਿਸ ਤਰ੍ਹਾਂ ਕਿ ਮੈਂ ਉਪਰ ਵਰਣਨ ਕਰ ਚੁੱਕਾ ਹਾਂ ਪਰੰਤੂ ਜੇਕਰ ਏਸ ਨਾਲੋਂ ਕੋਈ ਹੋਰ ਅੱਛੀ ਤਜਵੀਜ਼ ਇਤਨੇ ਥੋੜ੍ਹੇ ਸਮੇਂ ਵਿਚ ਪੂਰਨ ਸੁਲਾਹ ਹੋ ਜਾਣ ਵਾਲੀ ਹੋਵੇ ਤਾਂ ਆਪ ਸ਼ੀਘਰ ਹੀ ਹੁਕਮ ਕਰ ਭੇਜੋ, ਤਾਂ ਕਿ ਉਸ 'ਤੇ ਵੀਚਾਰ ਕੀਤੀ ਜਾਵੇ ਪਰ ਮੈਂ ਤਾਂ ਫਿਰ ਭੀ ਇਹੋ ਹੀ ਬੇਨਤੀ ਕਰਾਂਗਾ ਕਿ ਇਸ ਵਕਤ ਬਹਿਸ ਦਾ ਸਮਾਂ ਨਹੀਂ। ਇਸ ਕਰ ਕੇ ਆਪ ਬਹਿਸਾਂ ਨੂੰ ਛੱਡੋ ਤੇ ਇਸ ਅਤਿ ਲੋੜ ਦੇ ਕਾਰਜ ਵਿਚ ਜਾਨਾਂ ਮਾਰ ਕੇ ਕੁੱਦ ਪਵੋ। ਏਸੇ ਵਿਚ ਪੰਥ ਦੀ ਭਲਾਈ ਹੈ। ਮੈਨੂੰ ਪੂਰਨ ਭਰੋਸਾ ਹੈ ਜੋ ਆਪ ਹੁਣ ਬਹਿਸ ਨੂੰ ਖ਼ਤਮ ਕਰੋਗੇ ਤੇ ਹੁਣ ਕੋਈ ਅਮਲੀ ਕਦਮ ਉਠਾਓਗੇ।

✡ ✡ ✡

ਨੋਟ:-ਸ਼ੋਕ ਹੈ ਕਿ ਮੇਰੇ ਮੁਤਅੱਲਕ ਕਈ ਗੱਲਾਂ ਕੀਤੀਆਂ ਗਈਆਂ ਹਨ ਤੇ ਫਿਰ ਬਹਿਸ ਬੰਦ ਕਰਨ ਲਈ ਭੀ ਕਿਹਾ ਗਿਆ ਹੈ। ਜਦ ਤਕ ਸ਼੍ਰੋਮਣੀ ਅਕਾਲੀ ਦਲ ਆਖ਼ਰੀ ਫ਼ੈਸਲਾ ਨਾ ਕਰ ਲਵੇ ਮੈਂ ਆਪਣੀ ਕੋਈ ਰਾਇ ਅਖ਼ਬਾਰ ਵਿਚ ਨਹੀਂ ਦੇਣੀ ਚਾਹੁੰਦਾ, ਪਰ ਇਹ ਕਹਿ ਦੇਂਦਾ ਹਾਂ ਕਿ ਮੇਰੀ ਬਾਬਤ ਮੁੜ-ਮੁੜ ਕੇ ਜੋ ਕਿਹਾ ਜਾ ਰਿਹਾ ਹਾਂ ਕਿ ਮੈਂ ਇਸ ਮੋਰਚੇ ਦੇ ਸ਼ੁਰੂ ਕਰਨ ਦੇ ਹੱਕ ਵਿਚ ਹਾਂ ਇਹ ਗੱਲ ਉੱਕੀ ਹੀ ਗਲਤ ਹੈ, ਆਸ ਹੈ ਹੋਰ ਵਧੇਰੇ ਇਸ ਗੱਲ ਉੱਤੇ ਲਿਖਣ ਲਈ ਮੈਨੂੰ ਮਜਬੂਰ ਨਹੀਂ ਕੀਤਾ ਜਾਵੇਗਾ।

ਦੁਨੀਆਂ ਇਸ ਤਰ੍ਹਾਂ ਬਚ ਸਕਦੀ ਹੈ ?

ਇਸ ਵੇਲੇ ਇਹ ਖ਼ਤਰਾ ਹੋ ਰਿਹਾ ਹੈ ਕਿ ਦੁਨੀਆਂ ਦੀ ਤਹਿਜੀਬ ਆਪੋ ਵਿਚ ਜੰਗ ਨਾਲ ਤਬਾਹ ਹੋ ਜਾਵੇਗੀ। ਇਸ ਦਾ ਇਲਾਜ ਕਈ ਸਿਆਣੇ ਤਾਂ ਇਹ ਦੱਸਦੇ ਹਨ ਕਿ ਸਭ ਨਵੀਆਂ ਮਸ਼ੀਨਾਂ 'ਤੇ ਕਾਢਾਂ ਭੰਨ ਸੁੱਟੋ, ਤਾਂ ਜੋ ਲੋਕੀਂ ਸੁਖੀ ਵੱਸਣ। ਇਸ ਇਲਾਜ ਵਿਚ ਅਸਲ ਨੁਕਸ ਰਹਿ ਜਾਂਦਾ ਹੈ। ਭਾਵੇਂ ਆਪੋ ਵਿਚ ਕਤਲ ਖ਼ੂਨ ਤਾਂ ਬਚ ਜਾਂਦਾ ਹੈ, ਪਰ ਤਹਿਜੀਬ ਤਾਂ ਖਤਮ ਹੋ ਜਾਂਦੀ ਹੈ। ਇਸ ਦਾ ਉੱਤਰ ਸਾਡੇ ਸਿਆਣੇ ਇਹ ਦਿੰਦੇ ਹਨ ਕਿ ਇਸ ਤਹਿਜੀਬ ਦਾ ਲਾਭ ਹੀ ਕੀ ਜਦ ਇਸ ਵਿੱਚੋਂ ਦੁੱਖ ਹੀ ਨਿਕਲਣਾ ਹੈ ?

ਇਸ ਸਾਰੀ ਗੱਲ ਉੱਤੇ ਅਸੀਂ ਬਹਿਸ ਨਹੀਂ ਕਰਨਾ ਚਾਹੁੰਦੇ ਕਿ ਇਸ ਤਹਿਜੀਬ ਦੇ ਕੀ ਲਾਭ ਹਨ ਤੇ ਕੀ ਨੁਕਸਾਨ ਕਿਉਂਕਿ ਅਸੀਂ ਜਾਣਦੇ ਹਾਂ ਕਿ ਸਲਾਹਾਂ ਤੇ ਦਲੀਲਾਂ ਨਾਲ ਇਹ ਤਹਿਜੀਬ ਹਟ ਨਹੀਂ ਚੱਲੀ। ਜੇ ਇਹ ਤਹਿਜੀਬ ਹਟੇਗੀ ਤਾਂ ਉਸੇ ਵੇਲੇ ਹਟੇਗੀ ਜਦ ਅੰਦਰਲੀਆਂ ਕਮਜ਼ੋਰੀਆਂ ਕਰ ਕੇ ਇਹ ਸਿਲਸਿਲਾ ਹੀ ਪਲਟ ਜਾਏਗਾ। ਹਾਲਾਂ ਤਾਂ ਯਤਨ ਇਹੋ ਚਾਹੀਦਾ ਹੈ ਕਿ ਇਸ ਤਹਿਜੀਬ ਨੂੰ ਬਚਾਇਆ ਜਾਵੇ।

ਇਸ ਤਹਿਜੀਬ ਦਾ ਵੱਡਾ ਔਗੁਣ ਤੇ ਇਸ ਨੂੰ ਵੱਡਾ ਖਤਰਾ ਸਰਮਾਇਦਾਰਾਂ ਵੱਲੋਂ ਆ ਰਿਹਾ ਹੈ। ਹੁਣ ਗਰੀਬ ਅਮੀਰ ਦਾ ਇਤਨਾ ਫ਼ਰਕ ਵੱਧ ਗਿਆ ਹੈ ਕਿ ਇਸ ਨੂੰ ਗਰੀਬ ਝਲ ਨਹੀਂ ਸਕਦੇ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਾਂ ਤਾਂ ਇਸ ਨੁਕਸ ਨੂੰ ਹਟਾਇਆ ਜਾਵੇ ਨਹੀਂ ਤਾਂ ਜੰਗ ਦਾ ਖਤਰਾ ਹੈ, ਜੋ ਸਾਰੀ ਬਰਬਾਦੀ ਦਾ ਕਾਰਨ ਬਣੇਗਾ।

ਰੂਸ ਨੇ ਇਹ ਫ਼ਰਕ ਮਿਟਾ ਦਿੱਤਾ ਹੈ ਤੇ ਲੋਕਾਂ ਵਿਚ ਆਪੋ ਵਿਚ ਦੀ ਹਮਦਰਦੀ ਤੇ ਸਹਾਇਤਾ ਦੇ ਖ਼ਿਆਲ ਅਜੇਹੇ ਭਰ ਦਿੱਤੇ ਹਨ ਕਿ ਉਥੇ ਹਰ ਕੰਮ ਸਾਂਝਾ ਹੋ ਰਿਹਾ ਹੈ। ਕਾਰਖ਼ਾਨੇ, ਵਾਹੀ ਤੇ ਹੋਰ ਸਾਰੇ ਕੰਮ ਸਾਂਝੀ ਬਰਾਦਰੀ ਦੇ ਹਨ। ਨਤੀਜਾ ਇਹ ਹੈ ਕਿ ਉਥੇ ਦੀ ਜ਼ਮੀਨ ਵਿਚ ਪੈਦਾਵਾਰ ਬਾਹਲੀ ਹੋ ਰਹੀ ਹੈ। ਇਸ ਗੱਲ ਨੇ ਰੂਸ ਵਿਚ ਸਸਤਾਈ ਕਰ ਦਿੱਤੀ ਹੈ। ਜਿਸ ਦਾ ਅਸਰ ਸਾਰੀ ਦੁਨੀਆਂ ਉੱਤੇ ਪੈ ਰਿਹਾ ਹੈ। ਸਾਰੀ ਦੁਨੀਆਂ ਵਿਚ ਭਾਅ ਇਤਨੇ ਗਿਰ ਗਏ ਹਨ ਕਿ ਦੁਨੀਆਂ ਉੱਖੜ ਗਈ ਹੈ। ਇਸ ਵੇਲੇ ਬਾਕੀ ਦੁਨੀਆਂ ਵਿਚ ਅਮਨ ਤਦ ਹੀ ਰਹਿ ਸਕਦਾ ਹੈ ਜੇ ਹਰ ਥਾਂ ਰੂਸ ਵਰਗੀ ਪੈਦਾਵਾਰ ਤੇ ਰੂਸ ਵਰਗਾ ਕੰਮ ਹੋਣ ਲੱਗ ਪਏ। ਜੇ ਜਿਨਸਾਂ ਸਸਤੀਆਂ ਹੋਣ ਦੇ ਨਾਲ ਹੀ ਪੈਦਾਵਾਰ ਵੱਧ ਜਾਵੇ ਤਾਂ ਜਿੰਮੀਂਦਾਰ ਬਚ

ਸਕਦੇ ਹਨ। ਇਸੇ ਤਰ੍ਹਾਂ ਜੇ ਕਾਰਖ਼ਾਨਿਆਂ ਦਾ ਮਾਲ ਸਸਤਾ ਹੋਣ ਦੇ ਨਾਲ ਹੀ ਕਾਰਖਾਨਿਆਂ ਵਿਚ ਮਾਲ ਬਾਹਲਾ ਬਣਨ ਲੱਗ ਜਾਵੇ, ਤਾਂ ਕਾਰਖਾਨਿਆਂ ਵਾਲੇ ਬਚ ਸਕਦੇ ਹਨ। ਕਿਹਾ ਜਾ ਸਕਦਾ ਹੈ ਕਿ ਵਾਧੂ ਪੈਦਾਵਾਰ ਨੂੰ ਕੀ ਕੀਤਾ ਜਾਵੇਗਾ ? ਸਾਡਾ ਉੱਤਰ ਇਹ ਹੈ ਕਿ ਜੇ ਇਕ ਵੇਰ ਪੈਦਾਵਾਰ ਵਾਧੂ ਹੋ ਭੀ ਜਾਵੇਗੀ, ਤਾਂ ਅੱਗੋਂ ਇਸ ਦੀ ਲੋੜ ਨਹੀਂ ਰਹੇਗੀ ਤੇ ਲੋਕੀਂ ਹੋਰ ਕੰਮ ਲੱਗ ਪੈਣਗੇ ਜਾਂ ਨਵੇਂ ਕੰਮ ਨਿਕਲ ਪੈਣਗੇ।

ਇਸ ਵੇਲੇ ਜੇ ਬਾਕੀ ਦੀ ਦੁਨੀਆਂ ਨੇ ਬਚਣਾ ਹੈ, ਤਾਂ ਉਹਨਾਂ ਨੂੰ ਰੂਸ ਦਾ ਮੁਕਾਬਲਾ ਕਰਨਾ ਪਏਗਾ। ਜਿਹੜਾ ਮੁਲਕ ਇਸ ਮੁਕਾਬਲੇ ਵਿਚ ਪੈਦਾਵਾਰ ਦਾ ਵਾਧਾ ਕਰੇਗਾ ਤੇ ਅੱਗੇ ਵਧੇਗਾ ਕੰਮ ਕਰਨ ਵਿਚ ਤਦ ਹੀ ਕਾਮਯਾਬੀ ਹੋ ਸਕਦੀ ਹੈ। ਰੂਸ ਦੇ ਤਰੀਕੇ ਵਰਤਣ ਲਈ ਸਰਮਾਇਦਾਰੀ ਨੂੰ ਉਡਾਣਾ ਜ਼ਰੂਰੀ ਹੈ ਤੇ ਦੇਸ਼ ਦੀ ਹਕੂਮਤ ਰੂਸ ਵਰਗੀ ਕਰਨੀ ਪਵੇਗੀ। ਇਸ ਕਰ ਕੇ ਅਸੀਂ ਅਕਲਮੰਦੀ ਦੀ ਹਮਦਰਦੀ ਜੇ ਇਸ ਵਿਚ ਨਹੀਂ ਭੀ ਹੈ, ਤਾਂ ਆਪਣਾ ਲਾਭ ਹੀ ਸੋਚੋ। ਤੁਸੀਂ ਭੀ ਹੁਣ ਤਦ ਹੀ ਬਚ ਸਕਦੇ ਹੋ। ਜੇ ਰੂਸ ਦੇ ਤਰੀਕੇ ਵਰਤ ਕੇ ਰੂਸ ਦੀ ਪੈਦਾਵਾਰ ਦਾ ਮੁਕਾਬਲਾ ਕਰੋਗੇ।

ਅਸੀਂ ਕਹਿ ਨਹੀਂ ਸਕਦੇ ਕਿ ਰੂਸੀ ਤਰੀਕੇ ਵਿੱਚ ਭੀ ਕੋਈ ਕਮਜ਼ੋਰੀ ਹੋਵੇ ਪਰ ਇਤਨਾ ਹੁਣ ਸਪੱਸ਼ਟ ਹੈ ਕਿ ਜੇ ਅੱਜ-ਕਲ੍ਹ ਦੀ ਨਾਜ਼ਕ ਹਾਲਤ ਵਿੱਚੋਂ ਮੌਜੂਦਾ ਤਹਿਜੀਬ ਬਚ ਕੇ ਨਿਕਲ ਸਕਦੀ ਹੈ ਤਾਂ ਕੇਵਲ ਰੂਸੀ ਤਰੀਕੇ ਵਰਤ ਕੇ ਹੀ ਨਿਕਲ ਸਕਦੀ ਹੈ। ਵੇਲੇ ਸਿਰ ਸਮਝ ਬਾਨ੍ਹਣੂ ਬੰਨ੍ਹ ਲਵੋ। ਅਜੇਹਾ ਨਾ ਹੋਵੇ ਕਿ ਕਿਧਰੇ ਅਚਾਨਕ ਹੀ ਹਨੇਰੀ ਝੁੱਲ ਪਵੇ।

* * *

ਮੰਤਕੀ ਟੋਟਕੇ

(1) ਦੁਨੀਆਂ ਵਿਚ ਸਭ ਤੋਂ ਔਖੀ ਸਮਝ ਆਵਣ ਵਾਲੀ ਵਸਤੂ ਕਿਹੜੀ ਹੈ ? ਇਹ ਭੇਦ ਕਿ ਸਮਝਣ ਵਾਲੀ ਵਸਤੂ ਕਿਹੜੀ ਹੈ ?

(2) ਜੇ ਤੂੰ ਮਾਯੂਸੀ ਤੋਂ ਬਚਣਾ ਹੈ, ਤਾਂ ਦੂਜੇ ਦੀ ਆਸ ਛੱਡ ਦੇਹ।

(3) ਜੇ ਤੂੰ ਹਾਰ ਤੋਂ ਬਚਣਾ ਹੈ, ਤਾਂ ਜਿੱਤ ਦਾ ਯਤਨ ਛੱਡ ਦੇਹ।

